ਆਇਓਵਾ ਸਟੇਟ ਵਿਚ ਚੰਗੀਆਂ ਲੋਕੇਸ਼ਨਾਂ 'ਤੇ ਸਥਿਤ ਤੇ ਚੰਗੀ ਕਮਾਈ ਕਰਦੇ ਦੋ ਗੈਸ ਸਟੇਸ਼ਨ ਵਿਕਾਊ ਹਨ

**Two Gas Stations Are For Sale in State of IOWA with Property.**
**Both Stores have Liquor, Beer and Wine License.**
**Real Estate Included In Sale Price.**
*Owner is retiring after 30 years in this Business.*
**For More Information, Please Call, Ph: (916) 254-9231**

**Indianapolis, Indiana** ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

*One of the Fastest Growing City in America and Best School System...*
- ਨਵੇਂ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ ■4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ

**For the Best advice for BUYING-SELLING-RENTING**

Ben Singh Bashal (Realtor/Broker) Kamaljeet Kaur (Realtor/Broker)
**Ph: 317-809-1818** **Ph: 317-909-9295**
midlandrealtygroup@yahoo.com kahlonkamaljeet@gmail.com
**Midland Realty Group-Company You Trust**


*Kamaljeet Kaur*

*Mortgage rates available from 2.1% to 3%*



**Twenty-Second Year of Publication** ਨਿਊ ਯਾਰਕ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 22, Issue 26, June 26th, 2021 20451 N. Plum Grove Rd., Palatine, IL 60074 Ph:847-359-0746, Fax:847-705-9388


## ਪੰਜਾਬ ਦਾ ਸਿਆਸੀ ਪਿੜ ਭਖਿਆ

### ਅਸਲ ਮੁੱਦਿਆਂ ਬਾਰੇ ਫਿਲਹਾਲ ਕੋਈ ਚਰਚਾ ਨਹੀਂ; ਜੋੜ-ਤੋੜ ਭਾਰੂ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਤੋਂ ਤਕਰੀਬਨ 8 ਮਹੀਨੇ ਪਹਿਲਾਂ ਪੰਜਾਬ ਵਿਚ ਸਿਆਸੀ ਪਾਰਾ ਸਿਖਰਾਂ ਉਤੇ ਜਾ ਪੁੱਜਾ ਹੈ। ਸ਼੍ਰੋਮਣੀ ਅਕਾਲੀ ਦਲ ਬਾਦਲ ਅਤੇ ਕਾਂਗਰਸ ਤੋਂ ਬਾਅਦ ਸੂਬੇ ਵਿਚ ਆਮ ਆਦਮੀ ਪਾਰਟੀ (ਆਪ) ਨੇ ਆਪਣੇ ਹੱਕ ਵਿਚ ਸਿਆਸੀ ਮਾਹੌਲ ਬਣਾਉਣ ਲਈ ਟਿੱਲ ਲਾ ਦਿੱਤਾ ਹੈ। ਕਾਂਗਰਸ ਜਿਥੇ ਆਪਣੇ ਅੰਦਰੂਨੀ ਕਲੇਸ਼ ਦੇ ਨਿਬੇੜੇ ਲਈ ਕਾਹਲੀ ਪੈ ਗਈ ਹੈ, ਉਥੇ ਅਕਾਲੀ ਦਲ ਬਾਦਲ ਸਿਆਸੀ ਭਾਈਵਾਲਾਂ ਦੀ ਭਾਲ ਵਿਚ ਜੁਟਿਆ ਹੋਇਆ ਹੈ। ਚਰਚਾ ਹੈ ਕਿ ਬਹੁਜਨ ਸਮਾਜ ਪਾਰਟੀ ਨਾਲ ਗੱਠਜੋੜ ਪਿੱਛੋਂ ਪਾਰਟੀ ਵੱਲੋਂ ਪੱਖੀਆਂ ਧਿਰਾਂ ਨਾਲ ਸਾਂਝ ਪਾਉਣ ਲਈ ਟਿੱਲ ਲਾਇਆ ਹੋਇਆ ਹੈ। ਉਂਜ, ਇਸ ਸਾਰੀ ਸਰਗਰਮੀ ਦੌਰਾਨ ਪੰਜਾਬ ਦੇ ਅਸਲ ਮੁੱਦਿਆਂ ਬਾਰੇ ਕਿਤੇ ਗੱਲ ਨਹੀਂ ਹੋ ਰਹੀ ਅਤੇ ਨਾ ਹੀ ਕੋਈ ਸਿਆਸੀ ਧਿਰ ਚੋਣਾਂ ਦੇ ਮੱਦੇਨਜ਼ਰ ਆਪਣਾ ਏਜੰਡਾ ਹੀ ਸਪਸ਼ਟ ਕਰ ਰਹੀ ਹੈ। ਫਿਲਹਾਲ ਜੋੜ-ਤੋੜ ਦੀ ਸਿਆਸਤ ਭਾਰੂ ਹੈ।

ਇਧਰ, ਦਿੱਲੀ ਦੇ ਮੁੱਖ ਮੰਤਰੀ ਤੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਅੰਮ੍ਰਿਤਸਰ ਫੇਰੀ ਮੌਕੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਲਈ ਬਣਾਈ ਵਿਸ਼ੇਸ਼ ਜਾਂਚ ਟੀਮ ਦੇ ਮੁੱਖ ਮੈਂਬਰ ਕੁੰਵਰ ਵਿਜੇ ਪ੍ਰਤਾਪ ਨੂੰ ਪਾਰਟੀ ਵਿਚ ਸ਼ਾਮਲ ਕਰਕੇ ਆਪ ਨੇ ਆਪਣੇ ਇਰਾਦੇ ਸਪਸ਼ਟ ਕਰ ਦਿੱਤੇ ਹਨ। 'ਆਪ' ਵੱਲੋਂ ਮੁੱਖ ਮੰਤਰੀ ਉਮੀਦਵਾਰ ਵਜੋਂ ਸਿੱਖ ਹਸਤੀ ਨੂੰ ਖੜ੍ਹੇ ਕਰਨ ਦੇ ਐਲਾਨ ਨੇ ਵੀ ਸਿਆਸਤ ਭਖਾ ਦਿੱਤੀ ਹੈ।

ਚੋਣਾਂ ਤੋਂ ਇੰਨਾ ਸਮਾਂ ਪਹਿਲਾਂ ਸਿਆਸੀ ਧਿਰਾਂ ਦੀਆਂ ਇਕਦਮ ਸਰਗਰਮੀਆਂ ਤੋਂ ਸਿਆਸੀ ਮਾਹਿਰ ਵੀ ਹੈਰਾਨ ਹਨ। ਦਰਅਸਲ, ਇਸ ਵਾਰ ਇਕ ਤਾਂ ਕਿਸਾਨ ਅੰਦੋਲਨ ਕਾਰਨ ਬਣੇ ਮਾਹੌਲ



ਅਤੇ ਮੌਜੂਦਾ ਕੈਪਟਨ ਸਰਕਾਰ ਦੀਆਂ ਵਾਅਦਾਖਿਲਾਫੀਆਂ ਤੇ ਆਪਸੀ ਕਲੇਸ਼ ਕਾਰਨ ਸੂਬੇ ਦੀ ਸਿਆਸਤ ਵਿਚ ਭੰਬਲਭੂਸੇ ਵਾਲੇ ਹਾਲਾਤ ਬਣੇ ਹੋਏ ਹਨ। ਕੈਪਟਨ ਨੂੰ ਮੁੜ ਮੁੱਖ ਮੰਤਰੀ ਉਮੀਦਵਾਰ ਵਜੋਂ ਖੜ੍ਹੇ ਕਰਨ ਪਿੱਛੋਂ ਪਾਰਟੀ ਵਿਚ ਬਗਾਵਤੀ ਸੁਰਾਂ ਉਠ ਰਹੀਆਂ ਹਨ। ਇਧਰ, ਭਾਜਪਾ ਨਾਲੋਂ ਗੱਠਜੋੜ ਟੁੱਟਣ ਕਾਰਨ ਇਕੱਲਾ ਪਿਆ ਅਕਾਲੀ ਦਲ ਸਿਆਸੀ ਸਾਂਝ ਪਾਉਣ ਲਈ ਹੱਥ ਪੈਰ ਮਾਰ ਰਿਹਾ ਹੈ। ਅੰਦਰੂਨੀ ਖਿੱਚੋਤਾਣ ਤੇ ਲੀਡਰਸ਼ਿਪ ਦੀ ਘਾਟ ਕਾਰਨ ਆਮ ਆਦਮੀ ਪਾਰਟੀ ਵੀ ਇਸ ਵਾਰ ਔਖੇ ਸਾਹ ਲੈ ਰਹੀ ਹੈ। ਤੀਜੇ ਮੋਰਚੇ ਦੀਆਂ ਗੱਲਾਂ ਅਜੇ ਹਵਾ ਵਿਚ ਹਨ।

ਅਕਾਲੀ ਦਲ-ਬਸਪਾ ਗੱਠਜੋੜ ਨੇ ਸੂਬੇ ਦੀ ਸਿਆਸਤ ਵਿਚ ਨਵੀਆਂ ਸੰਭਾਵਨਾਵਾਂ ਪੇਸ਼ ਕੀਤੀਆਂ ਹਨ। ਇਸ ਗੱਠਜੋੜ ਵਿਚ ਸੀ.ਪੀ.ਆਈ. ਅਤੇ ਸੀ.ਪੀ.ਐਮ. ਦੇ ਸ਼ਾਮਲ ਹੋਣ ਦੀ ਚਰਚਾ ਵੀ ਹੈ। ਅਕਾਲੀ ਦਲ ਭਾਵੇਂ ਆਪਣੇ ਅਕਸ ਵਿਚ ਜਿਆਦਾ ਸੁਧਾਰ ਨਹੀਂ ਕਰ ਸਕਿਆ ਪਰ ਉਸ ਕੋਲ ਹਰ ਪੱਧਰ ਦਾ ਕਾਡਰ ਮੌਜੂਦ ਹੈ। 2017 ਵਿਚ ਅਕਾਲੀ ਦਲ ਨੂੰ ਸੀਟਾਂ ਆਮ ਆਦਮੀ ਪਾਰਟੀ ਨਾਲੋਂ ਘੱਟ ਮਿਲੀਆਂ ਸਨ ਪਰ ਕੁਲ ਵੋਟਾਂ ਵਿਚ ਉਹ ਦੂਸਰੇ ਨੰਬਰ 'ਤੇ ਸੀ। ਕਾਂਗਰਸ ਨੂੰ 38 ਫੀਸਦੀ ਵੋਟਾਂ ਮਿਲੀਆਂ ਸਨ, ਅਕਾਲੀ ਦਲ ਨੂੰ 30 ਫੀਸਦੀ ਅਤੇ 'ਆਪ' ਨੂੰ 23 ਫੀਸਦੀ।

ਅਕਾਲੀ ਦਲ ਦੇ ਕਈ ਟਕਸਾਲੀ ਆਗੂਆਂ ਨੇ ਪਾਰਟੀ ਤੋਂ ਵੱਖ ਹੋ ਕੇ ਆਪਣਾ ਨਵਾਂ ਅਕਾਲੀ ਦਲ ਬਣਾਇਆ ਹੈ ਜਿਹੜਾ ਕੁਝ ਸੀਟਾਂ 'ਤੇ ਪਾਰਟੀ ਲਈ ਸਮੱਸਿਆਵਾਂ ਪੈਦਾ ਕਰੇਗਾ। ਸਿਆਸੀ ਧਿਰਾਂ ਲਈ ਇਸ ਵਾਰ ਸਭ ਤੋਂ ਵੱਡੀ ਚੁਣੌਤੀ ਕਿਸਾਨ ਅੰਦੋਲਨ ਹੈ। ਅੰਦੋਲਨ ਦੀ ਹਮਾਇਤ ਪੱਖੋਂ ਕੈਪਟਨ ਸਰਕਾਰ ਦੀ ਹੁਣ ਤੱਕ ਦੁਚਿੱਤੀ ਵਾਲੀ ਹਾਲਤ ਰਹੀ ਹੈ। ਅਕਾਲੀ ਦਲ ਖੇਤੀ ਕਾਨੂੰਨ ਬਣਾਉਣ ਵੇਲੇ ਕੇਂਦਰ ਦੀ ਭਾਜਪਾ ਸਰਕਾਰ ਦਾ ਹਿੱਸਾ ਹੋਣ ਕਾਰਨ ਰੋਹ ਦਾ ਸਾਹਮਣਾ ਕਰ ਰਿਹਾ ਹੈ। ਆਮ ਆਦਮੀ ਪਾਰਟੀ ਬਾਰੇ ਕਿਸਾਨ ਜਥੇਬੰਦੀਆਂ ਥੋੜ੍ਹੀਆਂ ਨਰਮ ਜ਼ਰੂਰ ਹਨ ਪਰ ਅਜਿਹਾ ਕਹਿਣਾ ਕਾਹਲੀ ਹੋਵੇਗੀ ਕਿ ਪਾਰਟੀ ਕਿਸਾਨੀ ਹਮਾਇਤ

(ਬਾਕੀ ਸਫਾ 6 ਉਤੇ)

## ਭਾਜਪਾ ਦੇ ਟਾਕਰੇ ਲਈ ਸਾਂਝਾ ਪਿੜ ਬੰਨ੍ਹਣ ਦੀ ਕਵਾਇਦ

**ਨਵੀਂ ਦਿੱਲੀ:** ਕੇਂਦਰੀ ਸਿਆਸਤ ਵਿਚ ਹਿਲਜੁਲ ਦੇ ਸੰਕੇਤ ਮਿਲੇ ਹਨ। ਲੋਕ ਸਭਾ ਚੋਣਾਂ ਤੋਂ ਤਕਰੀਬਨ ਤਿੰਨ ਸਾਲ ਪਹਿਲਾਂ ਹੀ ਭਾਜਪਾ ਦੇ ਟਾਕਰੇ ਲਈ ਸਿਆਸੀ ਮਾਹੌਲ ਬਣਨ ਲੱਗਾ ਹੈ। ਭਾਜਪਾ ਨੂੰ ਸਾਂਝੇ ਮੰਚ ਰਾਹੀਂ ਟੱਕਰ ਦੇਣ ਲਈ ਪਿੜ ਬੱਝਣ ਲੱਗਾ ਹੈ।

ਨੈਸ਼ਨਲਿਸਟ ਕਾਂਗਰਸ ਪਾਰਟੀ (ਐਨ. ਸੀ. ਪੀ.) ਦੇ ਆਗੂ ਸ਼ਰਦ ਪਵਾਰ ਦੇ ਘਰ ਹੋਈ ਰਾਸ਼ਟਰ ਮੰਚ ਦੀ ਮੀਟਿੰਗ ਨੂੰ ਇਸੇ ਰਣਨੀਤੀ ਦਾ ਅਹਿਮ ਹਿੱਸਾ ਮੰਨਿਆ ਜਾ ਰਿਹਾ ਹੈ। ਇਹ ਮੰਚ ਸਾਬਕਾ ਕੇਂਦਰੀ ਵਿੱਤ ਮੰਤਰੀ ਯਸ਼ਵੰਤ ਸਿਨਹਾ ਜੋ ਭਾਰਤੀ ਜਨਤਾ ਪਾਰਟੀ ਛੱਡ ਕੇ ਤ੍ਰਿਣਮੂਲ ਕਾਂਗਰਸ ਵਿਚ ਸ਼ਾਮਲ ਹੋ ਚੁੱਕਾ ਹੈ, ਨੇ 2018 ਵਿਚ ਬਣਾਇਆ ਸੀ ਅਤੇ ਸਾਬਕਾ ਉੱਚ ਅਧਿਕਾਰੀ, ਨਾਮੀ ਵਕੀਲ ਤੇ ਉਘੇ ਬੁੱਧੀਜੀਵੀ ਇਸ ਮੰਚ ਦੀਆਂ ਮੀਟਿੰਗਾਂ ਵਿਚ ਹਿੱਸਾ ਲੈਂਦੇ ਰਹੇ ਹਨ।

ਰਾਸ਼ਟਰ ਮੰਚ ਨੇ ਭਾਵੇਂ ਆਖਿਆ ਹੈ ਕਿ ਇਹ ਮੀਟਿੰਗ ਭਾਜਪਾ ਖਿਲਾਫ ਮੁਹਾਜ਼ ਖੜ੍ਹਾ ਦਾ ਹਿੱਸਾ ਨਹੀਂ ਸੀ ਪਰ ਉਨ੍ਹਾਂ ਨੇ ਸਮਾਜਿਕ ਕਾਰਕੁਨਾਂ, ਬੁੱਧੀਜੀਵੀਆਂ ਤੇ ਚੰਗੀ ਸਿਆਸੀ ਸੋਚ ਵਾਲੀਆਂ ਧਿਰਾਂ ਨੂੰ ਇਕ ਮੰਚ ਉਤੇ ਆਉਣ ਦਾ ਸੱਦਾ ਇਹੀ ਇਸ਼ਾਰਾ ਕਰਦਾ ਹੈ ਕਿ ਇਹ 2024 ਲਈ ਸਿਆਸੀ ਮਾਹੌਲ ਉਸਾਰਨ ਦੀ ਰਣਨੀਤੀ ਹੈ। ਇਸ ਮੀਟਿੰਗ ਤੋਂ ਪਹਿਲਾਂ ਐਨ.ਸੀ.ਪੀ. ਦੇ ਬੁਲਾਰੇ ਨਵਾਬ ਮਲਿਕ ਨੇ ਮੰਨਿਆ ਸੀ ਕਿ ਪਾਰਟੀ ਮੁਖੀ ਸ਼ਰਦ ਪਵਾਰ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਇਕਜੁੱਟ ਕਰਨ ਦਾ ਕੰਮ ਕਰ ਰਹੇ ਹਨ।

ਇਸ ਮੀਟਿੰਗ ਨੂੰ ਕੁਝ ਦਿਨ ਪਹਿਲਾਂ ਉਘੇ ਰਣਨੀਤੀ ਘਾੜੇ ਪ੍ਰਸ਼ਾਂਤ ਕਿਸ਼ੋਰ ਦੀ ਸ਼ਰਦ ਪਵਾਰ ਨਾਲ ਦੋ ਮੁਲਾਕਾਤਾਂ ਦਾ ਹਿੱਸਾ ਮੰਨਿਆ ਜਾ ਰਿਹਾ ਹੈ। ਅੱਠ ਵਿਰੋਧੀ ਪਾਰਟੀਆਂ ਦੇ ਆਗੂ ਇਸ ਮੀਟਿੰਗ ਵਿਚ ਸ਼ਾਮਲ ਹੋਏ। ਅਸਲ ਵਿਚ, ਇਹ ਗੱਲ ਪੱਛਮੀ ਬੰਗਾਲ ਵਿਚ ਭਾਜਪਾ ਦੀ ਹਾਰ ਅਤੇ ਤ੍ਰਿਣਮੂਲ ਕਾਂਗਰਸ ਸੁਪਰੀਮੋ ਮਮਤਾ ਬੈਨਰਜੀ

(ਬਾਕੀ ਸਫਾ 6 ਉਤੇ)

## ਜੰਮੂ ਕਸ਼ਮੀਰ ਮਸਲੇ ਬਾਰੇ ਹਿਲਜੁਲ

**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਜੰਮੂ ਕਸ਼ਮੀਰ ਮਸਲੇ ਦੇ ਹੱਲ ਲਈ ਮੁੜ ਸਰਗਰਮੀਆਂ ਵਿੱਢੀਆਂ ਹਨ। ਜੰਮੂ ਕਸ਼ਮੀਰ ਦੀਆਂ ਸਿਆਸੀ ਪਾਰਟੀਆਂ ਨਾਲ ਮੀਟਿੰਗ ਤੋਂ ਇਹ ਸੰਕੇਤ ਮਿਲੇ ਹਨ ਕਿ ਕੇਂਦਰ ਸਰਕਾਰ 5 ਅਗਸਤ 2019 ਨੂੰ ਸੰਵਿਧਾਨ ਦੀ ਧਾਰਾ 370 ਨੂੰ ਰੱਦ ਕਰ ਕੇ ਜੰਮੂ ਕਸ਼ਮੀਰ ਨੂੰ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ ਵੰਡਣ ਤੋਂ ਬਾਅਦ ਬਣੇ ਹਾਲਾਤ ਨੂੰ ਕਿਸੇ ਤਣ-ਪੱਤਣ ਲਾਉਣ ਵਿਚ ਦਿਲਚਸਪੀ ਦਿਖਾਉਣ ਲੱਗੀ ਹੈ।

ਮੰਨਿਆ ਜਾ ਰਿਹਾ ਹੈ ਕਿ ਇਹ ਮੀਟਿੰਗ ਅਮਰੀਕਾ ਦੇ ਰਾਸ਼ਟਰਪਤੀ ਦੇ ਦਬਾਅ ਕਾਰਨ ਬੁਲਾਈ ਜਾ ਰਹੀ ਹੈ। ਚੁਫੇਰਿਉਂ ਅਲੋਚਨਾ ਤੋਂ ਬਾਅਦ ਭਾਜਪਾ ਸਰਕਾਰ ਜੰਮੂ ਕਸ਼ਮੀਰ ਵਿਚ ਜਮਹੂਰੀ ਪ੍ਰਕਿਰਿਆ ਵੱਲ ਵਾਪਸ ਮੁੜਨ ਦਾ ਮਨ ਬਣਾ ਰਹੀ ਹੈ। 5 ਅਗਸਤ 2019 ਨੂੰ ਸੰਵਿਧਾਨ ਦੀ ਧਾਰਾ 370 ਨੂੰ ਰੱਦ ਕਰ ਕੇ ਜੰਮੂ ਕਸ਼ਮੀਰ ਨੂੰ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ ਵੰਡਿਆ ਗਿਆ। ਜੰਮੂ ਕਸ਼ਮੀਰ ਦੀਆਂ

(ਬਾਕੀ ਸਫਾ 6 ਉਤੇ)


ਤੰਦੂਰੀਏ ਹੈਲਪਰ, ਡਿਸ਼ਵਾਸ਼ਰ, ਵੇਟਰ ਤੇ ਮੀਟ ਕੱਟਣ ਵਾਲੇ ਦੀ

ਲੋੜ ਹੈ

ਇੰਡੀਅਨਐਪੋਲਿਸ, ਇੰਡੀਆਨਾ ਵਿਚ ਭਾਰਤੀ ਰੈਸਟੋਰੈਂਟ ਲਈ ਤੰਦੂਰੀਏ ਹੈਲਪਰ, ਡਿਸ਼ਵਾਸ਼ਰ, ਵੇਟਰ ਅਤੇ ਮੀਟ ਕੱਟਣ ਵਾਲੇ ਦੀ ਲੋੜ ਹੈ।
ਰਿਹਾਇਸ਼ ਤੇ ਖਾਣਾ ਮੁਫਤ, ਚੰਗੀ ਤਨਖਾਹ
ਸੰਪਰਕ ਕਰੋ, ਫੋਨ: 317-406-9924

Blue Diamond BANQUET HALL & CATERING
ਬਲੂ ਡਾਇਮੰਡ ਬੈਂਕੁਇਟ ਹਾਲ ਵਿਚ ਆਪਣੀਆਂ ਖੁਸ਼ੀਆਂ ਨੂੰ ਹੋਰ ਯਾਦਗਾਰੀ ਬਣਾਓ
Ph: 317-406-9924

Mela INDIAN RESTAURANT • PUB
ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ
Baljinder S. Ben
Ph: 317-869-2400

BIG BAZAAR
Grocery, Sweets & Catering
*Fresh Vegetables Every Thursday
*Book your catering now.
5425 E. Thompson Rd., Indianapolis IN 46237


ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ

120-20 101 Ave. S. Richmond Hill, New York 11419

# ਸਬਰੀਨਾ ਸਿੰਘ ਅਮਰੀਕੀ ਫੌਜ 'ਚ ਕੈਮੀਕਲ ਅਫਸਰ ਨਿਯੁਕਤ



**ਫਰਿਜ਼ਨੋ:** ਕੈਲੀਫੋਰਨੀਆ ਦੀ ਐਪਲਵੈਲੀ ਤੋਂ ਪੰਜਾਬ ਦੀ ਧੀ ਸਬਰੀਨਾ ਸਿੰਘ ਦੀ ਅਮਰੀਕੀ ਫੌਜ ਵਿਚ ਬਤੌਰ ਕੈਮੀਕਲ ਅਫਸਰ ਨਿਯੁਕਤੀ ਹੋਈ ਹੈ। ਸਬਰੀਨਾ ਹੋਣਹਾਰ ਅਤੇ ਅਗਾਂਹਵਧੂ ਖਿਆਲਾਂ ਦੀ ਮਾਲਕ ਹੈ। ਇਸ ਨਿਯੁਕਤੀ 'ਤੇ ਉਸ ਦੇ ਪਿਤਾ ਸ. ਕੇਵਲ ਸਿੰਘ ਗਿੱਲ ਅਤੇ ਮਾਤਾ ਲੌਰਡਸ ਸਿੰਘ ਮਾਣ ਮਹਿਸੂਸ ਕਰਦੇ ਹਨ। ਪਰਿਵਾਰ ਨੂੰ ਦੋਸਤਾਂ, ਰਿਸ਼ਤੇਦਾਰਾਂ ਅਤੇ ਭਾਈਚਾਰੇ ਤੋਂ ਵਧਾਈਆਂ ਮਿਲ ਰਹੀਆਂ ਹਨ।

ਸ. ਕੇਵਲ ਸਿੰਘ ਗਿੱਲ ਪੰਜਾਬ ਦੇ ਪਿੰਡ ਦੇਸਲਪੁਰ, ਜਿਲਾ ਜਲੰਧਰ ਤੋਂ ਹਨ। ਵਿਦੇਸ਼ ਆ ਕੇ ਜਿੱਥੇ ਪੰਜਾਬੀ ਭਾਈਚਾਰੇ ਨੇ ਵੱਖ-ਵੱਖ ਵਪਾਰਕ ਅਤੇ ਹੋਰ ਖੇਤਰਾਂ ਵਿਚ ਮੱਲਾਂ ਮਾਰੀਆਂ, ਉੱਥੇ ਬੱਚਿਆਂ ਨੇ ਉੱਚ ਵਿੱਦਿਆ ਪ੍ਰਾਪਤ ਕਰਕੇ ਸਰਕਾਰੀ ਅਤੇ ਗੈਰ-ਸਰਕਾਰੀ ਅਦਾਰਿਆਂ ਵਿਚ ਚੰਗੀਆਂ ਨੌਕਰੀਆਂ ਕਰ ਕੇ ਨਾਮ ਰੌਸ਼ਨ ਕੀਤੇ। ਇਸ ਦੀ ਮਿਸਾਲ ਸਬਰੀਨਾ ਸਿੰਘ ਅਤੇ ਸਾਡੇ ਹੋਰ ਬਹੁਤ ਸਾਰੇ ਬੱਚੇ ਹਨ, ਜੋ ਵਿਦੇਸ਼ਾਂ ਵਿਚ ਆਪਣੇ ਮਾਂ-ਬਾਪ ਤੋਂ ਇਲਾਵਾ ਪੰਜਾਬ ਅਤੇ ਪੰਜਾਬੀਅਤ ਦਾ ਮਾਣ ਵਧਾ ਰਹੇ ਹਨ।

# ਓਲੰਪਿਕ 'ਚ ਸੋਨ ਤਮਗਾ ਜੇਤੂ ਨੂੰ ਮਿਲਣਗੇ ਸਵਾ ਦੋ ਕਰੋੜ

**ਚੰਡੀਗੜ੍ਹ:** ਪੰਜਾਬ ਦੇ ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੇ ਓਲੰਪਿਕ ਖੇਡਾਂ 'ਚ ਜਾਣ ਵਾਲੇ ਖਿਡਾਰੀਆਂ ਨੂੰ ਸ਼ੁਭ ਕਾਮਨਾਵਾਂ ਦਿੰਦਿਆਂ ਐਲਾਨ ਕੀਤਾ ਕਿ ਓਲੰਪਿਕ 'ਚ ਸੋਨ ਤਮਗਾ ਜਿੱਤਣ ਵਾਲੇ ਸੂਬੇ ਦੇ ਖਿਡਾਰੀ ਨੂੰ ਸਵਾ ਦੋ ਕਰੋੜ ਰੁਪਏ ਦਾ ਇਨਾਮ ਤੇ ਸਰਕਾਰੀ ਨੌਕਰੀ ਦਿੱਤੀ ਜਾਵੇਗੀ। ਚਾਂਦੀ ਦਾ ਤਮਗਾ ਜਿੱਤਣ ਵਾਲੇ ਨੂੰ 1.5 ਕਰੋੜ ਰੁਪਏ ਤੇ ਕਾਂਸੀ ਦਾ ਤਮਗਾ ਜੇਤੂ ਨੂੰ 1 ਕਰੋੜ ਤੇ ਸਰਕਾਰੀ ਨੌਕਰੀ ਦਿੱਤੀ ਜਾਵੇਗੀ।

ਰਾਣਾ ਸੋਢੀ ਨੇ ਉਮੀਦ ਜਤਾਈ ਕਿ ਪੰਜਾਬ ਦੇ ਖਿਡਾਰੀ ਟੋਕੀਓ ਤੋਂ ਵੱਡੀ ਗਿਣਤੀ ਵਿਚ ਤਮਗੇ ਜਿੱਤ ਕੇ ਘਰ ਪਰਤਣਗੇ। ਇਥੇ ਪੰਜਾਬ ਦੇ ਖਿਡਾਰੀਆਂ ਨਾਲ ਵੀਡੀਓ ਕਾਨਫਰੰਸਿੰਗ ਰਾਹੀਂ ਗੱਲਬਾਤ ਕਰਦਿਆਂ ਸ਼ੂਟਿੰਗ ਦੇ ਉੱਘੇ ਖਿਡਾਰੀ ਰਹੇ ਰਾਣਾ ਸੋਢੀ ਨੇ ਟੋਕੀਓ ਜਾ ਰਹੇ ਪੰਜਾਬ ਦੇ ਖਿਡਾਰੀਆਂ ਨੂੰ ਪੰਜ-ਪੰਜ ਲੱਖ ਰੁਪਏ ਵੀ ਸੌਂਪੇ। ਇਨ੍ਹਾਂ ਖਿਡਾਰੀਆਂ ਨੂੰ ਕੁੱਲ 1 ਕਰੋੜ 30 ਲੱਖ ਰੁਪਏ ਦੀ ਸਹਾਇਤਾ ਤਕਸੀਮ ਕੀਤੀ ਗਈ ਹੈ।


ਤੰਦੂਰੀਏ, ਸ਼ੈਫ ਤੇ ਕਿਚਨ ਹੈਲਪਰ ਦੀ ਲੋੜ ਹੈ

ਐਟਲਾਂਟਾ, ਜਾਰਜੀਆ ਵਿਚ ਤੰਦੂਰੀਏ, ਸ਼ੈਫ ਤੇ ਕਿਚਨ ਹੈਲਪਰ ਦੀ ਲੋੜ ਹੈ
ਰਿਹਾਇਸ਼ ਅਤੇ ਖਾਣਾ ਫਰੀ
ਸੰਪਰਕ ਕਰੋ: ਜਸਵੀਰ ਸਿੰਘ ਢੀਂਡਸਾ
ਫੋਨ: 757-240-9348
24-28

ਡਿਸ਼ਵਾਸ਼ਰ, ਕੁੱਕ ਹੈਲਪਰ, ਵੇਟਰ ਅਤੇ ਤੰਦੂਰੀਏ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ ਲਈ ਡਿਸ਼ਵਾਸ਼ਰ, ਕੁੱਕ ਹੈਲਪਰ, ਵੇਟਰ ਅਤੇ ਤੰਦੂਰੀਏ ਦੀ ਲੋੜ ਹੈ।
ਚੰਗੀ ਤਨਖਾਹ ਅਤੇ ਰਹਿਣ ਦਾ ਪ੍ਰਬੰਧ
ਸੰਪਰਕ ਕਰੋ, ਮਿਸਟਰ ਸਿੰਘ
ਫੋਨ: 608-886-2500
24-28

A & I
WATSONVILLE, CA


A & I Transport Inc.
123 E Lee Rd Watsonville, CA Ph: 831-763-7805


ਓਨਰ ਆਪਰੇਟਰਾਂ ਅਤੇ ਕੰਪਨੀ ਟਰੱਕ ਡਰਾਈਵਰਾਂ ਦੀ ਫੌਰੀ ਲੋੜ ਹੈ

ਕਲਾਸ 'ਏ' ਡਰਾਈਵਰ; 6 ਮਹੀਨੇ ਦਾ ਤਜਰਬਾ ਜਰੂਰੀ; ਕੈਲੀਫੋਰਨੀਆ ਅਤੇ ਟੈਕਸਸ ਰੂਟ
ਸੋਲੋ ਡਰਾਈਵਰ 55 ਸੈਂਟ ਪ੍ਰਤੀ ਮੀਲ ਅਤੇ ਟੀਮ ਡਰਾਈਵਰ 70 ਸੈਂਟ ਪ੍ਰਤੀ ਮੀਲ

*ਸਾਫ-ਸੁਥਰਾ ਡਰਾਈਵਿੰਗ ਰਿਕਾਰਡ
*DOT ਡਰੱਗ ਟੈਸਟ ਪਾਸ ਹੋਵੇ ਜਾਂ ਕਰ ਸਕਦਾ ਹੋਵੇ
*ਨਵੇਂ ਉਪਰਕਣ (2019-2021)
*$3000 ਸਾਈਨਿੰਗ ਬੋਨਸ (11 ਵੈਸਟਰਨ ਸਟੇਟਾਂ ਲਈ)
*$1000 ਸਾਈਨਿੰਗ ਬੋਨਸ (ਖੇਤਰੀ ਡਰਾਈਵਰਾਂ ਲਈ)
*ਅਸੀਂ 34 ਘੰਟਿਆਂ ਦੀ ਰੀਸੈਟ ਲਈ $75 ਤੋਂ $150 ਤੱਕ ਅਦਾ ਕਰਦੇ ਹਾਂ *ਮੈਡੀਕਲ, ਵਿਜ਼ਨ ਅਤੇ ਡੈਂਟਲ ਲਾਭ
*ਹਫਤਾਵਾਰੀ ਤਨਖਾਹ *ਸਾਲਾਨਾ ਮਾਈਲਜ਼ ਬੋਨਸ
*ਸਾਡੀ ਪੇਸ਼ਕਸ਼ 3500 ਤੋਂ 3800+ ਮੀਲ


ਅਮੋਲਕ ਸਿੰਘ ਗਾਖਲ


ਪਲਵਿੰਦਰ ਸਿੰਘ ਗਾਖਲ


ਇਕਬਾਲ ਸਿੰਘ ਗਾਖਲ

NOW HIRING

Owner Operators and Company TRUCK DRIVERS WITH 6 MONTHS EXPERIENCE FOR 11 WESTERN STATES, AND REGIONAL. CALIFORNIA & TEXAS ROUTES.
We pay Solo 55 cents per mile and Teams 70 cents per mile.

*Job Requirements:*

• Class A Driver. • Clean driving record • Ability to pass DOT drug test.

*We offer the following benefits of employment*

• 55 Cents Per Mile or loaded-Solo • 70 Cents Per Mile-Teams.
• Newer equipment for Driver comfort (2019-2021).
• *$3,000 Signing Bonus For Drivers for 11 western states.
• *$1,000 Signing Bonus For Regional Drivers.
• We pay $75 to $150 for 34 hours reset. • Weekly pay.
• Yearly mileage bonus. • We offer 3,500-3,800+ miles
• Medical, Vision, and Dental Benefits. • Stop Pay & Bonus Layover Pay.
• Referral-Bonus for referring other Class A Drivers. • 401k Plan.

**Signing bonus subject to terms and conditions.*

For More Information Call (24 hours) Armando or Vicente, Ph: (831) 763-7805

# ਸਵਿੱਸ ਬੈਂਕਾਂ 'ਚ ਕਾਲਾ ਧਨ ਮਾਮਲੇ 'ਤੇ ਮੋਦੀ ਸਰਕਾਰ ਘਿਰੀ

**ਜਿਊਰਿਖ:** ਸਵਿਟਜ਼ਰਲੈਂਡ ਦੀ ਕੌਮੀ ਬੈਂਕ ਐਸ.ਐਨ.ਬੀ. ਨੇ ਅੰਕੜੇ ਜਾਰੀ ਕੀਤੇ ਹਨ, ਜਿਸ ਅਨੁਸਾਰ, ਸਵਿੱਸ ਬੈਂਕਾਂ ਵਿਚ ਭਾਰਤੀਆਂ ਦਾ ਨਿੱਜੀ ਅਤੇ ਕੰਪਨੀਆਂ ਦਾ ਪੈਸਾ 2020 ਵਿਚ ਵਧ ਕੇ 2.55 ਅਰਬ ਸਵਿੱਸ ਫਰੈਂਕ (20,706 ਕਰੋੜ ਰੁਪਏ) 'ਤੇ ਪਹੁੰਚ ਗਿਆ ਹੈ।

ਤਾਜ਼ਾ ਅੰਕੜਾ 13 ਸਾਲ 'ਚ ਸਭ ਤੋਂ ਵੱਧ ਹੈ। ਇਹ ਵਾਧਾ ਨਕਦੀ ਜਮ੍ਹਾਂ ਵਜੋਂ ਨਹੀਂ, ਸਗੋਂ ਸਕਿਉਰਿਟੀਜ, ਬਾਂਡ ਸਣੇ ਹੋਰ ਵਿੱਤੀ ਉਤਪਾਦਾਂ ਰਾਹੀਂ ਰੱਖੀ ਗਈ ਹੋਲਡਿੰਗ ਤੋਂ ਹੋਇਆ ਹੈ। ਭਾਰਤੀ ਗਾਹਕਾਂ ਦੇ ਸਵਿੱਸ ਬੈਂਕਾਂ ਵਿਚ ਸਾਲ 2019 ਦੇ ਅਖੀਰ ਤੱਕ ਕੁੱਲ 89.9 ਕਰੋੜ ਸਵਿੱਸ ਫਰੈਂਕ (6,625 ਕਰੋੜ ਰੁਪਏ) ਜਮ੍ਹਾਂ ਸਨ। ਸਵਿੱਸ ਬੈਂਕਾਂ ਵਿਚ ਜਮ੍ਹਾਂ ਰਾਸ਼ੀ ਦੇ ਮਾਮਲੇ ਵਿਚ ਭਾਰਤ 51ਵੇਂ ਸਥਾਨ 'ਤੇ ਹੈ। ਉਧਰ, ਕਾਂਗਰਸ ਨੇ ਕੇਂਦਰ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਮੰਗ ਕੀਤੀ ਕਿ ਵਿਦੇਸ਼ਾਂ ਵਿਚ ਜਮ੍ਹਾਂ ਕਾਲੇ ਧਨ ਬਾਰੇ ਖੁਲਾਸਾ ਕੀਤਾ ਜਾਵੇ ਅਤੇ ਸਵਿੱਸ ਬੈਂਕਾਂ ਵਿਚ ਧਨ ਜਮ੍ਹਾਂ ਕਰਵਾਉਣ ਵਾਲੇ ਵਿਅਕਤੀਆਂ ਦੇ ਨਾਮ ਉਜਾਗਰ ਕੀਤੇ ਜਾਣ। ਕਾਂਗਰਸ ਨੇ ਨਾਲ ਹੀ ਕਿਹਾ ਕਿ ਵ੍ਹਾਈਟ ਪੇਪਰ ਲਿਆ ਕੇ ਦੇਸ਼ਵਾਸੀਆਂ ਨੂੰ ਦੱਸਿਆ ਜਾਵੇ ਕਿ ਇਹ ਪੈਸਾ ਕਿਸਦਾ ਹੈ ਅਤੇ ਵਿਦੇਸ਼ੀ ਬੈਂਕਾਂ ਵਿਚ ਜਮ੍ਹਾਂ ਕਾਲੇ ਧਨ ਨੂੰ ਵਾਪਸ ਲਿਆਉਣ ਲਈ ਕੀ ਕੀ ਕਦਮ ਚੁੱਕੇ ਜਾ ਰਹੇ ਹਨ। ਕਾਂਗਰਸ ਦੇ ਬੁਲਾਰੇ ਗੌਰਵ ਵੱਲਭ ਨੇ ਕਿਹਾ ਕਿ ਸਰਕਾਰ ਨੂੰ ਵਿਦੇਸ਼ੀ ਬੈਂਕਾਂ ਵਿਚ ਜਮ੍ਹਾਂ ਕਾਲੇ ਧਨ ਬਾਰੇ ਪੂਰੀ ਸੂਚੀ ਜਾਰੀ ਕਰਨੀ ਚਾਹੀਦੀ ਹੈ। ਸਵਿਟਜ਼ਰਲੈਂਡ ਦੀ ਸਵਿੱਸ ਨੈਸ਼ਨਲ ਬੈਂਕ ਨੇ ਹਾਲ ਹੀ ਵਿਚ ਸਵਿੱਸ ਬੈਂਕਾਂ ਵਿਚ ਜਮ੍ਹਾਂ ਧਨ ਬਾਰੇ ਅੰਕੜੇ ਜਾਰੀ ਕੀਤੇ ਹਨ, ਜੋ ਵਿਖਾਉਂਦੇ ਹਨ ਕਿ ਸਾਲ 2020 ਦੌਰਾਨ 286 ਫੀਸਦੀ ਭਾਰਤੀਆਂ ਵੱਲੋਂ ਧਨ ਜਮ੍ਹਾਂ ਕਰਵਾਇਆ ਗਿਆ, ਜੋ ਪਿਛਲੇ 13 ਸਾਲਾਂ ਵਿੱਚ ਸਭ ਤੋਂ ਵੱਧ ਹੈ।

ਕਾਂਗਰਸ ਦੇ ਮੁੱਖ ਬੁਲਾਰੇ ਰਣਦੀਪ ਸੁਰਜੇਵਾਲਾ ਨੇ ਸੱਤਾ ਸੰਭਾਲਣ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਵਿਦੇਸ਼ਾਂ ਤੋਂ ਕਾਲਾ ਧਨ ਵਾਪਸ ਲਿਆਉਣ ਸਬੰਧੀ ਕੀਤੇ ਵਾਅਦਿਆਂ ਦੀ ਵੀਡੀਓ ਸਾਂਝੀ ਕਰਦਿਆਂ ਪੁੱਛਿਆ, "ਸਵਿੱਸ ਬੈਂਕਾਂ ਵਿਚ 20700 ਕਰੋੜ ਰੁਪਏ ਧਨ ਜਮ੍ਹਾਂ ਹੈ। ਸਾਲ 2020 ਵਿਚ ਸਵਿੱਸ ਬੈਂਕਾਂ ਵਿਚ ਕੁੱਲ ਜਮ੍ਹਾਂ ਰਾਸ਼ੀ ਸਾਲ 2019 ਦੇ ਮੁਕਾਬਲੇ ਵਧ ਕੇ 286 ਫੀਸਦੀ ਹੋ ਗਈ ਹੈ। ਕੁੱਲ ਜਮ੍ਹਾਂ ਰਾਸ਼ੀ 13 ਸਾਲ ਵਿਚ ਸਭ ਤੋਂ ਵੱਧ ਹੈ।"

## ਸਰਕਾਰ ਨੇ ਸਵਿਟਜ਼ਰਲੈਂਡ ਤੋਂ ਤਫ਼ਸੀਲ ਮੰਗੀ

**ਨਵੀਂ ਦਿੱਲੀ:** ਵਿੱਤ ਮੰਤਰਾਲੇ ਨੇ ਜ਼ੋਰ ਦੇ ਕੇ ਆਖਿਆ ਕਿ ਸਾਲ 2019 ਮਗਰੋਂ ਸਵਿੱਸ ਬੈਂਕਾਂ ਵਿਚ ਭਾਰਤੀ ਗਾਹਕਾਂ ਦੇ ਖਾਤਿਆਂ ਵਿਚ ਕਮੀ ਆਈ ਹੈ। ਸਰਕਾਰ ਨੇ ਹਾਲਾਂਕਿ ਭਾਰਤੀਆਂ ਵੱਲੋਂ ਸਵਿਸ ਬੈਂਕਾਂ ਵਿਚ ਜਮ੍ਹਾਂ ਕੀਤਾ ਪੈਸਾ ਵਧਣ ਦੀਆਂ ਰਿਪੋਰਟਾਂ ਦਰਮਿਆਨ ਸਵਿਟਜ਼ਰਲੈਂਡ ਸਰਕਾਰ ਤੋਂ ਤਫ਼ਸੀਲ ਮੰਗ ਲਈ ਹੈ। ਸਰਕਾਰ ਨੇ ਕਿਹਾ ਕਿ ਉਸ ਨੇ ਸਵਿਸ ਅਥਾਰਿਟੀਜ ਤੋਂ ਸਾਲ 2020 ਵਿਚ ਵਿਅਕਤੀ ਵਿਸ਼ੇਸ਼ ਤੇ ਕੰਪਨੀਆਂ ਵੱਲੋਂ ਸਵਿੱਸ ਬੈਂਕਾਂ ਵਿਚ ਰੱਖੇ ਫੰਡਾਂ 'ਚ ਬਦਲਾਅ ਦੇ ਸੰਭਾਵੀ ਕਾਰਨਾਂ ਤੇ ਹੋਰ ਸਬੰਧਤ ਤੱਥਾਂ ਬਾਰੇ ਤਫ਼ਸੀਲ ਮੰਗ ਲਈ ਹੈ।

## ਆਇਓਵਾ ਸਟੇਟ 'ਚ ਚੰਗੀਆਂ ਲੋਕੇਸ਼ਨਾਂ 'ਤੇ ਸਥਿਤ ਅਤੇ ਚੰਗੀ ਕਮਾਈ ਕਰਦੇ

## ਦੋ ਗੈਸ ਸਟੇਸ਼ਨ ਵਿਕਾਊ ਹਨ

**ਦੋਹਾਂ ਗੈਸ ਸਟੇਸ਼ਨਾਂ 'ਤੇ ਲਿੱਕਰ, ਬੀਅਰ ਤੇ ਵਾਈਨ ਵੇਚਣ ਦਾ ਲਾਈਸੈਂਸ ਵੀ ਹੈ। ਵਿਕਰੀ ਦੀ ਰਕਮ 'ਚ ਜਾਇਦਾਦ ਵੀ ਸ਼ਾਮਲ ਹੈ।**

**Two Gas Stations Located at Prime Locations with High Profit Margin Are For Sale in State of IOWA with Property.**

**Both Stores have Liquor, Beer and Wine License.**

**Real Estate Included In Sale Price.**

***Owner is retiring after 30 years in this Business.***

**For More Info.,**

**Call: (916) 254-9231**

# Matrimonials

### ਲੜਕੀ ਦੀ ਲੋੜ ਹੈ

"Reputed Jatt Sikh family looking for a beautiful, tall (min. 5'-4") and slim girl for Canadian PR boy. Masters in engineering, 26 years, fair complexion, 5'-11". Working in M.N.C. Contact: 412-628-1644 or 91-98146-21221

26-29

Looking for a suitable girl for Sikh Professional Engineer, 27 Years, 5'-9", BS & MS (USA) working in Top MNC in Silicon Valley, San Jose (CA). Boy is clean shaven/Ramgarhia. NO CASTE BAR. Contact, Ph: 408-398-4644; Email: jrksnn@gmail.com

20-23

Looking for a suitable match for a MS Computer Science professional working in MNC in California, 27 years, 5'-8" Clean Shaven handsome Kamboj Sikh boy from a well established business family. Contact, Ph: +1-858-205-9624

***To Advertise with Punjab Times Call: 847-359-0746***

### ਲੜਕੇ ਦੀ ਲੋੜ ਹੈ

Reputed Jatt Sikh family that is well settled in the Midwest invite a matrimonial alliance for their beautiful and accomplished daughter: 28 years old, 5'-5", US citizen, never married, has great family values, educated (Masters in Communications and Juris Doctorate) and employed as an attorney at a law firm. We invite serious responses from a suitable, modern Jatt Sikh gentleman (ages 28-33) who is also a US permanent resident or citizen, compatible in education/professional levels and also has excellent family values. Please respond with recent photographs and detailed bio-data to: kjs939798@gmail.com or call, Ph: 317-670-7665

### ਲੜਕੀ ਦੀ ਲੋੜ ਹੈ

Wanted Suitable girl for US Citizen Khatri Gursikh boy, 36 years, height 5'-10', BS & MS (USA), working as a Pharmaceutical Engineer in Chicago area. Serious inquiries only. Contact, Ph: 630-290-1375 or neenakr2016@gmail.com

14-18

*Visit us on the web:* ***www.punjabtimesusa.com***

LAW OFFICES OF VIVEK MALIK

Follow us on :



**ACCOMPLISHED IMMIGRATION** Attorneys help FAMILIES REUNITE in the

**UNITED STATES**

**Our Global & Nationwide Services in the field of U.S. Immigration & Nationality Law**

- **Business** Immigration & **Worksite Compliance** ਬਿੰਜਨੈਸ ਇੱਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ
- **Family** & General Immigration ਫੈਮਿਲੀ ਐਂਡ ਜਨਰਲ ਇੱਮੀਗਰੇਸ਼ਨ
- Naturalization & **Citizenship** ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ
- Removal **Defense** & Waivers ਰੀਮੂਵਲ ਡਿਫੈਂਸੀ ਐਂਡ ਵੈਵੇਰਸ

Come talk to an **experienced immigration attorney**

Toll Free No.

**866-424-4000**

OUR OFFICES

- 432 S Emerson Ave, Suite 220, Greenwood, IN 46143 Phone: 317.560.4777
- 1067 N Mason Rd., Suite 4, St Louis, Missouri 63141 Phone: 314.416.8000
- 2440 W Shaw Ave., Suite 205, Fresno, California 93711 Phone: 559.578.4344

www.usa-immigrationlaw.com

**Languages SPOKEN** Punjabi | Hindi | Urdu | Spanish & English

## ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ



**ਸੇਂਟ ਪੌਲ, ਮਿਨੀਸੋਟਾ ਵਿਚ ਭਾਰਤੀ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ।**

*ਚੰਗੀ ਤਨਖਾਹ, ਰਿਹਾਇਸ਼ ਦਾ ਪ੍ਰਬੰਧ*

**ਸੰਪਰਕ ਕਰੋ: ਫੋਨ: 651-353-9584**

25-28

## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

**ਫੋਨ (408) 687-1899**

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email: Homeomedicine@yahoo.com

# ਭਾਰਤ ਵਿਚ ਹੁਣ ਕਰੋਨਾ ਵਾਇਰਸ ਦੇ ਤੀਜੇ ਹੱਲੇ ਦਾ ਖਤਰਾ

**ਨਵੀਂ ਦਿੱਲੀ:** ਭਾਰਤ ਵਿਚ ਕਰੋਨਾ ਦੀ ਦੂਜੀ ਲਹਿਰ ਦਾ ਕਹਿਰ ਹੁਣ ਘਟਣ ਲੱਗਾ ਹੈ। ਕਰੋਨਾ ਪਾਬੰਦੀਆਂ ਵਿਚ ਲਗਾਤਾਰ ਢਿੱਲ ਦਿੱਤੀ ਜਾ ਰਹੀ ਹੈ ਪਰ ਖਤਰਾ ਅਜੇ ਟਲਿਆ ਨਹੀਂ ਹੈ। ਸਿਹਤ ਮਾਹਰਾਂ ਵੱਲੋਂ ਕਰੋਨਾ ਦੀ ਤੀਜੀ ਲਹਿਰ ਦੀ ਛੇਤੀ ਹੀ ਦਸਤਕ ਦੇਣ ਦੀ ਚਿਤਾਵਨੀ ਦੇ ਦਿੱਤੀ ਹੈ।

ਏਮਸ ਦੇ ਡਾਇਰੈਕਟਰ ਰਣਦੀਪ ਗੁਲੇਰੀਆ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਕੋਵਿਡ ਨੇਮਾਂ ਦਾ ਪਾਲਣ ਨਾ ਕੀਤਾ ਗਿਆ ਅਤੇ ਭੀੜ ਨੂੰ ਨਾ ਰੋਕਿਆ ਗਿਆ ਤਾਂ ਲਾਗ ਦੀ ਤੀਜੀ ਲਹਿਰ ਅਗਲੇ ਛੇ ਤੋਂ ਅੱਠ ਹਫਤਿਆਂ 'ਚ ਆ ਸਕਦੀ ਹੈ। ਉਨ੍ਹਾਂ ਕਿਹਾ ਕਿ ਜਦੋਂ ਤੱਕ ਵੱਡੀ ਗਿਣਤੀ 'ਚ ਲੋਕਾਂ ਨੂੰ ਵੈਕਸੀਨ ਨਹੀਂ ਲੱਗ ਜਾਂਦੀ, ਉਦੋਂ ਤੱਕ ਕੋਵਿਡ ਨੇਮਾਂ ਦਾ ਸਖਤੀ ਨਾਲ ਪਾਲਣ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਜੇਕਰ ਕਰੋਨਾ ਦੇ ਕੇਸ ਵਧਦੇ ਹਨ ਤਾਂ ਉਨ੍ਹਾਂ ਇਲਾਕਿਆਂ 'ਚ ਲੌਕਡਾਊਨ ਅਤੇ ਸਖਤੀ ਨਾਲ ਨਿਗਰਾਨੀ ਦੀ ਲੋੜ ਹੈ।

ਯਾਦ ਰਹੇ ਕਿ ਪਿਛਲੇ ਸਾਲ ਦੇ ਪਹਿਲੇ ਮਹੀਨਿਆਂ ਵਿਚ ਭਾਰਤ 'ਤੇ ਕਰੋਨਾ ਮਹਾਂਮਾਰੀ ਨੇ ਹਮਲਾ ਬੋਲਿਆ ਸੀ। ਚੀਨ ਤੋਂ ਸ਼ੁਰੂ ਹੋਈ ਇਸ ਬਿਮਾਰੀ ਨੇ ਅਮਰੀਕਾ ਅਤੇ ਬਹੁਤੇ ਯੂਰਪੀਨ ਦੇਸ਼ਾਂ ਨੂੰ ਪੂਰੀ ਤਰ੍ਹਾਂ ਜਕੜ ਲਿਆ ਸੀ। ਭਾਰਤ ਵਿਚ ਪਹਿਲਾਂ ਇਸ ਦਾ ਅਸਰ ਘੱਟ ਸੀ। ਮਰੀਜ਼ਾਂ ਅਤੇ ਮੌਤਾਂ ਦੇ ਮਾਮਲੇ ਵਿਚ ਇਹ ਹੋਰ ਬਹੁਤੇ ਦੇਸ਼ਾਂ ਤੋਂ ਪਿੱਛੇ ਸੀ ਪਰ ਹੌਲੀ-ਹੌਲੀ ਇਹ ਦੁਨੀਆਂ ਦੇ ਉਨ੍ਹਾਂ 4 ਵੱਡੇ ਦੇਸ਼ਾਂ ਵਿਚ ਸ਼ਾਮਲ ਹੋ ਗਿਆ ਜਿਨ੍ਹਾਂ 'ਤੇ ਇਸ ਮਹਾਂਮਾਰੀ ਦਾ ਵਧੇਰੇ ਅਸਰ ਹੋਇਆ ਸੀ। ਇਸ ਦੇ ਵਧਣ ਨਾਲ ਦੇਸ਼ ਵਿਚ ਤਾਲਾਬੰਦੀਆਂ ਦੇ ਐਲਾਨ ਸ਼ੁਰੂ ਹੋ ਗਏ ਸਨ। 24 ਮਾਰਚ, 2020 ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਭਰ ਵਿਚ 21 ਦਿਨਾਂ ਤਾਲਾਬੰਦੀ ਦਾ ਐਲਾਨ ਕਰ ਦਿੱਤਾ ਸੀ। ਉਸ ਤੋਂ ਅਗਲੇ ਹੀ ਦਿਨ ਪਰਵਾਸੀ ਮਜ਼ਦੂਰਾਂ ਦੀ ਆਪਣੇ ਘਰਾਂ ਨੂੰ ਜਾਣ ਦੀ ਹੋੜ ਲੱਗ ਗਈ ਸੀ। ਦੇਸ਼ ਭਰ ਵਿਚ ਪਹਿਲਾਂ ਅਜਿਹਾ ਵਰਤਾਰਾ ਨਹੀਂ ਸੀ ਦੇਖਿਆ ਗਿਆ। ਕਰੋੜਾਂ ਹੀ ਲੋਕ ਬੇਰੁਜ਼ਗਾਰ ਹੋ ਗਏ। ਦੇਸ਼ ਦੀ ਆਰਥਿਕਤਾ ਨੂੰ ਵੱਡਾ ਧੱਕਾ ਲੱਗਾ।

ਚਾਹੇ ਕੇਂਦਰ ਸਰਕਾਰ ਵੱਲੋਂ ਗਰੀਬ ਵਰਗ ਦੀ ਸਹਾਇਤਾ ਲਈ ਮੁਫਤ ਰਾਸ਼ਨ ਦੇ ਕੇ ਜਾਂ ਹੋਰ ਢੰਗਾਂ ਨਾਲ ਯਤਨ ਕੀਤੇ ਗਏ ਪਰ ਵਾਪਰਦੇ ਵੱਡੇ ਦੁਖਾਂਤ ਸਾਹਮਣੇ ਇਹ ਯਤਨ ਨਿਗੂਣੇ ਹੀ ਬਣੇ ਰਹੇ। ਮਹਾਂਮਾਰੀ ਨਾ ਰੁਕਣ ਕਾਰਨ ਬਹੁਤੀਆਂ ਥਾਵਾਂ 'ਤੇ ਤਾਲਾਬੰਦੀਆਂ ਨੂੰ ਹੋਰ ਵਧਾ ਦਿੱਤਾ ਗਿਆ। ਦੇਸ਼ ਦੇ ਵੱਡੇ ਸ਼ਹਿਰਾਂ ਮੁੰਬਈ, ਜੈਪੁਰ, ਪੂਨੇ ਤੇ ਕੋਲਕਾਤਾ ਉਤੇ ਬਿਮਾਰੀ ਦਾ ਵੱਡਾ ਅਸਰ ਵੇਖਿਆ ਗਿਆ, ਜਿਸ ਨੇ ਆਮ ਲੋਕਾਂ ਦੀਆਂ ਪਰੇਸ਼ਾਨੀਆਂ ਨੂੰ ਹੋਰ ਵੀ ਵਧਾ ਦਿੱਤਾ।

ਰਾਜ ਸਰਕਾਰਾਂ ਨੇ ਵੀ ਆਪੋ-ਆਪਣੀ ਸਥਿਤੀ ਮੁਤਾਬਕ ਸਮੇਂ-ਸਮੇਂ ਤਾਲਾਬੰਦੀਆਂ ਦੇ ਐਲਾਨ ਕੀਤੇ। ਇਨ੍ਹਾਂ ਦਿਨਾਂ ਵਿਚ ਜਿੰਨੀਆਂ ਤਕਲੀਫਾਂ 'ਚੋਂ ਲੋਕਾਂ ਨੂੰ ਗੁਜ਼ਰਨਾ ਪਿਆ, ਉਨ੍ਹਾਂ ਦੀ ਥਾਹ ਪਾਈ ਜਾਣੀ ਬੇਹੱਦ ਮੁਸ਼ਕਲ ਹੈ, ਪਰ ਇਸ ਦੀ ਜ਼ੱਦ ਵਿਚ ਆਮ ਲੋਕ ਵਧੇਰੇ ਆਏ। ਮਜ਼ਦੂਰ, ਕਾਰੀਗਰ, ਰੇਹੜੀਆਂ ਵਾਲੇ ਅਤੇ ਨਿੱਤ ਦਿਨ ਦੀ ਕਮਾਈ ਕਰਨ ਵਾਲੇ ਲੋਕਾਂ ਦੀ ਪਰੇਸ਼ਾਨੀ ਦਾ ਅੰਤ ਨਾ ਰਿਹਾ। ਜ਼ਿੰਦਗੀ ਇਕ ਤਰ੍ਹਾਂ ਨਾਲ ਠਹਿਰ ਗਈ। ਸਕੂਲ, ਕਾਲਜ ਬੰਦ ਹੋ ਗਏ, ਹਰ ਤਰ੍ਹਾਂ ਦੇ ਅਦਾਰਿਆਂ ਵਿਚ ਕੰਮ ਕਰਨ ਵਾਲੇ ਮੁਲਾਜ਼ਮ ਵੀ ਬੇਰੁਜ਼ਗਾਰ ਹੋ ਗਏ। ਹਰ ਤਰ੍ਹਾਂ ਦੇ ਸਮਾਜਿਕ ਸਮਾਗਮ ਤਾਂ ਇਕ ਤਰ੍ਹਾਂ ਨਾਲ ਬੰਦ ਹੀ ਹੋ ਗਏ। ਦੂਜੀ ਲਹਿਰ ਨੇ ਦੇਸ਼ ਨੂੰ ਹੋਰ ਵੀ ਵਧੇਰੇ ਹਿਲਾ ਕੇ ਰੱਖ ਦਿੱਤਾ ਸੀ। ਪਰ ਹੁਣ ਜਦੋਂ ਦੇਸ਼ ਭਰ ਵਿਚ ਬਹੁਤੀਆਂ ਥਾਵਾਂ 'ਤੇ ਇਸ ਬਿਮਾਰੀ ਦਾ ਪ੍ਰਭਾਵ ਮੁੜ ਘਟਣ ਲੱਗਾ ਹੈ ਤਾਂ ਪੰਜਾਬ ਉਤੇ ਵੀ ਇਸ ਦਾ ਪ੍ਰਤੱਖ ਪ੍ਰਭਾਵ ਦੇਖਿਆ ਜਾ ਸਕਦਾ ਹੈ।

ਪਿਛਲੇ ਦਿਨਾਂ ਤੋਂ ਪ੍ਰਸ਼ਾਸਨ ਵਲੋਂ ਪੜਾਅਵਾਰ ਪਾਬੰਦੀਆਂ ਨੂੰ ਘਟਾਇਆ ਜਾਂਦਾ ਰਿਹਾ ਹੈ ਅਤੇ ਸੂਬੇ ਵਿਚ ਟੀਕਾਕਰਨ ਦੀ ਮੁਹਿੰਮ ਵੀ ਤੇਜ਼ ਕੀਤੀ ਗਈ ਹੈ। ਇਹ ਖਬਰ ਰਾਹਤ ਦੇਣ ਵਾਲੀ ਹੈ ਕਿ ਨਵੇਂ ਮਰੀਜ਼ਾਂ ਦੀ ਦਰ ਹੁਣ 2 ਫੀਸਦੀ ਤੋਂ ਹੇਠਾਂ ਆ ਗਈ ਹੈ, ਜਿਸ ਨੂੰ ਦੇਖਦਿਆਂ ਸਰਕਾਰ ਵਲੋਂ ਬਹੁਤੇ ਕਾਰੋਬਾਰਾਂ ਨੂੰ ਮੁੜ ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ ਗਿਆ ਹੈ। ਚਾਹੇ ਸਕੂਲਾਂ ਅਤੇ ਹੋਰ ਵਿੱਦਿਅਕ ਅਦਾਰਿਆਂ ਨੂੰ ਤਾਂ ਹਾਲੇ ਵੀ ਬੰਦ ਰੱਖਿਆ ਜਾ ਰਿਹਾ ਹੈ ਪਰ ਰੈਸਟੋਰੈਂਟਾਂ, ਢਾਬਿਆਂ, ਸਿਨੇਮਾ ਅਤੇ ਜਿੰਮ ਆਦਿ ਨੂੰ ਖੋਲ੍ਹ ਸਕਣ ਦਾ ਐਲਾਨ ਕਰ ਦਿੱਤਾ ਗਿਆ ਹੈ।

ਬੱਸਾਂ ਦੀ ਆਵਾਜਾਈ ਨੂੰ ਵੀ ਵਧਾ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਦੁਕਾਨਾਂ ਤੇ ਹੋਰ ਅਦਾਰੇ ਖੁੱਲ੍ਹਣ ਦੇ ਸਮੇਂ ਵਿਚ ਵੀ ਵਾਧਾ ਕਰ ਦਿੱਤਾ ਗਿਆ ਹੈ ਪਰ ਇਸ ਦੇ ਨਾਲ-ਨਾਲ ਇਹ ਵੀ ਜ਼ਰੂਰੀ ਬਣ ਜਾਂਦਾ ਹੈ ਕਿ ਲੋਕ ਇਸ ਬਿਮਾਰੀ ਪ੍ਰਤੀ ਸੁਚੇਤ ਰਹਿਣ ਅਤੇ ਉਨ੍ਹਾਂ ਨਿਯਮਾਂ ਦੀ ਪਾਲਣਾ ਜ਼ਰੂਰ ਕਰਨ, ਜਿਨ੍ਹਾਂ ਨਾਲ ਇਸ ਬਿਮਾਰੀ ਤੋਂ ਬਚਿਆ ਜਾ ਸਕਦਾ ਹੈ।

## ਡਬਲਿਊ.ਐਚ.ਓ. ਵੱਲੋਂ ਸਿਹਤ ਢਾਂਚੇ ਦੀ ਮਜ਼ਬੂਤੀ ਦਾ ਸੱਦਾ

**ਨਵੀਂ ਦਿੱਲੀ:** ਡਬਲਿਊ.ਐਚ.ਓ. ਦੱਖਣ-ਪੂਰਬੀ ਏਸ਼ੀਆ ਦੀ ਖੇਤਰੀ ਡਾਇਰੈਕਟਰ ਪੂਨਮ ਖੇਤਰਪਾਲ ਸਿੰਘ ਨੇ ਕਿਹਾ, 'ਸਾਨੂੰ ਜਾਂਚ, ਪੀੜਤਾਂ ਦਾ ਪਤਾ ਲਾਉਣ ਤੇ ਇਕਾਂਤਵਾਸ ਸਬੰਧੀ ਆਪਣੇ ਯਤਨਾਂ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਸਮਾਜਿਕ ਦੂਰੀ ਯਕੀਨੀ ਬਣਾਉਣ, ਹੱਥ ਧੋਣ ਤੇ ਸਹੀ ਤਰੀਕੇ ਨਾਲ ਮਾਸਕ ਪਹਿਨਣ ਸਬੰਧੀ ਹਦਾਇਤਾਂ ਨੂੰ ਸਖਤੀ ਨਾਲ ਲਾਗੂ ਕਰਨਾ ਚਾਹੀਦਾ ਹੈ। ਜਿਨ੍ਹਾਂ ਖੇਤਰਾਂ ਵਿਚ ਵਾਇਰਸ ਦੇ ਖਤਰਨਾਕ ਰੂਪਾਂ ਦੇ ਵਧੇਰੇ ਮਾਮਲੇ ਸਾਹਮਣੇ ਆ ਰਹੇ ਹਨ, ਉਥੇ ਇਨ੍ਹਾਂ ਹਦਾਇਤਾਂ ਦੀ ਲੰਮੇ ਸਮੇਂ ਲਈ ਸਖਤੀ ਨਾਲ ਪਾਲਣਾ ਕੀਤੀ ਜਾਣੀ ਚਾਹੀਦੀ ਹੈ।'

## ਪੰਜਾਬ ਵਿਚ ਤੀਜੀ ਲਹਿਰ ਦੇ ਟਾਕਰੇ ਲਈ ਤਿਆਰੀਆਂ

**ਚੰਡੀਗੜ੍ਹ:** ਮੁੱਖ ਸਕੱਤਰ ਵਿਨੀ ਮਹਾਜਨ ਨੇ ਕੋਵਿਡ ਮਹਾਮਾਰੀ ਖਿਲਾਫ ਲੜਾਈ ਜਿੱਤਣ ਅਤੇ ਵਾਇਰਸ ਦੀ ਸੰਭਾਵਿਤ ਤੀਜੀ ਲਹਿਰ ਦੀ ਰੋਕਥਾਮ ਦੇ ਮੱਦੇਨਜਰ ਸਮੂਹ ਡਿਪਟੀ ਕਮਿਸ਼ਨਰਾਂ ਨੂੰ 18 ਸਾਲਾਂ ਤੋਂ ਵੱਧ ਉਮਰ ਵਰਗ ਲਈ ਚਲਾਈ ਜਾ ਰਹੀ ਟੀਕਾਕਰਨ ਮੁਹਿੰਮ ਨੂੰ ਹੋਰ ਤੇਜੀ ਨਾਲ ਅੱਗੇ ਵਧਾਉਣ ਅਤੇ ਸੂਬੇ ਵਿੱਚ ਵੱਧ ਇਨਫੈਕਸ਼ਨ ਫੈਲਾਉਣ ਦੀ ਸੰਭਾਵਨਾ ਵਾਲੇ, ਕਮਜ਼ੋਰ ਅਤੇ ਸਹਿ-ਰੋਗਾਂ ਵਾਲੇ ਵਿਅਕਤੀਆਂ ਨੂੰ ਤਰਜੀਹੀ ਆਧਾਰ 'ਤੇ ਟੀਕਾ ਲਾਉਣ ਲਈ ਆਖਿਆ। ਸੂਬੇ ਵਿਚ ਚੱਲ ਰਹੀ ਟੀਕਾਕਰਨ ਮੁਹਿੰਮ ਦਾ ਜਾਇਜ਼ਾ ਲੈਣ ਲਈ ਰਾਜ ਦੇ ਸਿਹਤ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਅਤੇ ਡਿਪਟੀ ਕਮਿਸ਼ਨਰਾਂ ਨਾਲ ਆਨਲਾਈਨ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਸਕੱਤਰ ਨੇ ਡਿਪਟੀ ਕਮਿਸ਼ਨਰਾਂ ਨੂੰ ਆਉਂਦੇ ਦਿਨਾਂ ਵਿਚ ਵੱਧ ਤੋਂ ਵੱਧ ਲੋਕਾਂ ਨੂੰ ਟੀਕਾ ਲਗਾਉਣ ਲਈ ਪ੍ਰਭਾਵੀ ਰਣਨੀਤੀਆਂ ਦੀ ਯੋਜਨਾ ਤਿਆਰ ਕਰਨ ਨੂੰ ਕਿਹਾ।

## 'ਘੱਟੋ-ਘੱਟ ਉਜਰਤ ਤੈਅ ਕਰਨ 'ਚ ਦੇਰੀ ਨਹੀਂ'

**ਨਵੀਂ ਦਿੱਲੀ:** ਕੇਂਦਰੀ ਕਿਰਤ ਮੰਤਰਾਲੇ ਨੇ ਕਿਹਾ ਹੈ ਕਿ ਸਰਕਾਰ ਦਾ ਘੱਟੋ-ਘੱਟ ਉਜਰਤ ਅਤੇ ਕੌਮੀ ਘੱਟੋ ਘੱਟ ਉਜਰਤ ਤੈਅ ਕਰਨ ਵਿਚ ਦੇਰੀ ਕਰਨ ਦਾ ਕੋਈ ਇਰਾਦਾ ਨਹੀਂ ਹੈ।

ਅਜਿਹੀਆਂ ਖਬਰਾਂ ਆਈਆਂ ਹਨ ਕਿ ਇਸ ਮਾਮਲੇ 'ਤੇ ਤਿੰਨ ਸਾਲਾਂ ਦੇ ਕਾਰਜਕਾਲ ਦੇ ਨਾਲ ਮਾਹਿਰ ਸਮੂਹ ਦੀ ਸਥਾਪਨਾ ਦਾ ਉਦੇਸ਼ ਘੱਟੋ-ਘੱਟ ਉਜਰਤ ਅਤੇ ਰਾਸ਼ਟਰੀ ਘੱਟੋ ਘੱਟ ਉਜਰਤ ਨਿਰਧਾਰਤ ਕਰਨ ਵਿਚ ਦੇਰੀ ਕਰਨਾ ਹੈ। ਇਨ੍ਹਾਂ ਰਿਪੋਰਟਾਂ ਤੋਂ ਬਾਅਦ ਮੰਤਰਾਲੇ ਨੇ ਇਹ ਸਪਸ਼ਟੀਕਰਨ ਦਿੱਤਾ ਹੈ।

# ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਸ਼ਰਧਾ ਨਾਲ ਮਨਾਇਆ

**ਨਿਊ ਯਾਰਕ (ਬਲਦੇਵ ਸਿੰਘ):** ਗੁਰਦੁਆਰਾ ਬਾਬਾ ਮੱਖਣ ਲੁਬਾਣਾ ਸਿੱਖ ਸੈਂਟਰ ਦੀ ਪ੍ਰਬੰਧਕ ਕਮੇਟੀ ਤੇ ਸੰਗਤ ਵਲੋਂ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ।

ਸਮੁੱਚੇ ਸਮਾਗਮ ਦੇ ਪ੍ਰਬੰਧ ਪ੍ਰਧਾਨ ਬਲਦੇਵ ਸਿੰਘ ਗਿਲਜ਼ੀਆਂ, ਜਨਰਲ ਸਕੱਤਰ ਸੁਖਜਿੰਦਰ ਸਿੰਘ ਸੁਭਾਨਪੁਰ, ਚੇਅਰਮੈਨ ਦਿਲਬਾਗ ਸਿੰਘ ਤੇ ਗੁਰਨਾਮ ਸਿੰਘ ਦੀ ਅਗਵਾਈ ਵਿਚ ਕੀਤੇ ਗਏ। ਅਖੰਡ ਪਾਠ ਦੇ ਭੋਗ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ, ਜਿਸ ਵਿਚ ਭਾਈ ਗੁਰਪ੍ਰੀਤ ਸਿੰਘ ਬੱਲੜਵਾਲ ਤੇ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਗੁਰਵਿੰਦਰ ਸਿੰਘ ਦੇ ਕੀਰਤਨੀ ਜਥਿਆਂ ਨੇ ਸੰਗਤਾਂ ਨੂੰ ਇਲਾਹੀ ਬਾਣੀ ਸਰਵਣ ਕਰਵਾਈ। ਵੱਡੀ ਗਿਣਤੀ 'ਚ ਆਈ ਸੰਗਤ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜੀਵਨ ਇਤਿਹਾਸ ਸਰਵਣ ਕੀਤਾ।







ਇਸ ਮੌਕੇ ਗੁਰੂਘਰ ਦੀ ਲੰਮਾ ਸਮਾਂ ਸੇਵਾ ਕਰਨ ਵਾਲੇ ਸੇਵਾਦਾਰ ਜਸਬੀਰ ਸਿੰਘ ਪਠਾਨਕੋਟੀਆ ਵਿਸ਼ੇਸ਼ ਤੌਰ 'ਤੇ ਸਮਾਗਮ 'ਚ ਪਹੁੰਚੇ ਅਤੇ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੋ ਕੇ ਸਿਹਤਯਾਬ ਹੋਣ ਲਈ ਸ਼ੁਕਰਾਨਾ ਕੀਤਾ। ਸਮੁੱਚੇ ਸਮਾਗਮ ਦੌਰਾਨ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ ਅਤੇ ਸੰਗਤਾਂ ਨੇ ਸੇਵਾ ਕਰਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

# ਸਿਆਟਲ ਵਿਚ ਬੱਚਿਆਂ ਦਾ ਖੇਡ ਕੈਂਪ 3 ਜੁਲਾਈ ਤੋਂ ਸ਼ੁਰੂ ਕਰਨ ਦਾ ਫੈਸਲਾ

**ਸਿਆਟਲ (ਗੁਰਚਰਨ ਸਿੰਘ ਢਿੱਲੋਂ):** ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਪਿਛਲੇ 10 ਸਾਲ ਤੋਂ ਹਰੇਕ ਸਾਲ ਗਰਮੀਆਂ ਦੀਆ ਛੁੱਟੀਆਂ ਦੌਰਾਨ ਜੂਨ, ਜੁਲਾਈ ਤੇ ਅਗਸਤ-ਤਿੰਨ ਮਹੀਨੇ ਲਗਾਤਾਰ ਵਾਲੰਟੀਅਰ ਸੇਵਾਦਾਰਾਂ ਵਲੋਂ ਵਲੋਂ ਵਿਚਾਰ ਵਟਾਂਦਰਾ ਕਰ ਕੇ 3 ਜੁਲਾਈ ਤੋਂ ਸ਼ਾਮ 5 ਵਜੇ ਬੱਚਿਆਂ ਦੀ ਸਿਹਤਯਾਬੀ ਵਾਸਤੇ ਅਰਦਾਸ ਕਰ ਕੇ ਬੱਚਿਆਂ ਦਾ ਖੇਡ ਕੈਂਪ ਸ਼ੁਰੂ ਕੀਤਾ ਜਾ ਰਿਹਾ ਹੈ।

ਜੁਲਾਈ ਤੇ ਅਗਸਤ ਮਹੀਨੇ ਹਰੇਕ ਜਾਵੇਗੀ, ਸਗੋਂ ਪੰਜਾਬੀ ਭਾਈਚਾਰੇ ਦੇ ਦਾਨੀ ਸੱਜਣਾਂ ਵਲੋਂ ਖੇਡ ਕਿੱਟਾਂ ਤੇ ਰਿਫਰੈਸ਼ਮੈਂਟ ਦੀ ਮੁਫਤ ਸੇਵਾ ਕੀਤੀ ਜਾਵੇਗੀ।

ਬੱਚਿਆਂ, ਨੌਜਵਾਨਾਂ ਤੇ ਖੇਡ ਪ੍ਰੇਮੀਆਂ ਨੂੰ ਸ਼ਾਮਲ ਹੋਣ ਲਈ ਖੁੱਲ੍ਹਾ ਸੱਦਾ ਦਿੱਤਾ ਗਿਆ ਹੈ।



ਬੱਚਿਆਂ ਦਾ ਖੇਡ ਕੈਂਪ ਲਾਇਆ ਜਾਂਦਾ ਰਿਹਾ ਹੈ। ਪਿਛਲੇ ਸਾਲ ਕਰੋਨਾ ਮਹਾਮਾਰੀ ਕਰਕੇ ਕੈਂਪ ਨਹੀਂ ਸੀ ਲਾਇਆ ਜਾ ਸਕਿਆ।

ਅਮਰੀਕਾ ਦੇ ਸਿਹਤ ਵਿਭਾਗ ਅਨੁਸਾਰ ਵੈਕਸੀਨ ਦੇ ਟੀਕੇ ਲੱਗਣ ਕਾਰਨ ਪਹਿਲੀ ਜੁਲਾਈ ਤੋਂ ਆਮ ਵਰਗੇ ਹਾਲਾਤ ਹੋਣਗੇ ਅਤੇ ਸਭ ਕੁਝ ਖੁੱਲ੍ਹ ਜਾਵੇਗਾ, ਜਿਸ ਕਰ ਕੇ ਪ੍ਰਬੰਧਕਾਂ ਤੇ ਮਾਪਿਆਂ ਸਨਿਚਰਵਾਰ ਤੇ ਐਤਵਾਰ ਸ਼ਾਮ 5 ਤੋਂ 7 ਵਜੇ ਤੱਕ ਬੱਚਿਆਂ ਦੀ ਸਰੀਰਕ ਤੰਦਰੁਸਤੀ ਅਤੇ ਬੱਚਿਆਂ ਨੂੰ ਪੰਜਾਬੀ ਸਭਿਆਚਾਰ ਤੇ ਪੰਜਾਬੀ ਵਿਰਸੇ ਨਾਲ ਜੋੜਨ ਲਈ ਖੇਡ ਕੈਂਪ ਚੱਲੇਗਾ। ਬੱਚਿਆਂ ਨੂੰ ਸਰੀਰਕ ਫਿਟਨੈਸ ਤੇ ਵੱਖ ਵੱਖ ਖੇਡਾਂ 'ਚ ਕੋਚਿੰਗ ਮੁਹੱਈਆ ਕੀਤੀ ਜਾਵੇਗੀ, ਜਿਸ ਵਾਸਤੇ ਬੱਚਿਆਂ ਤੋਂ ਕੋਈ ਫੀਸ ਨਹੀਂ ਲਈ ਇਸ ਸਾਲ ਤੋਂ ਲਾਨ ਟੈਨਿਸ, ਬੈਡਮਿੰਟਨ, ਜਿਮਨਾਸਟਿਕ ਤੇ ਵਾਲੀਬਾਲ ਦੀ ਸਿਖਲਾਈ ਦਾ ਵਿਸ਼ੇਸ਼ ਇੰਤਜਾਮ ਕੀਤਾ ਜਾ ਰਿਹਾ ਹੈ। ਬਜ਼ੁਰਗਾਂ ਨੂੰ ਯੋਗ ਦੀਆਂ ਕਲਾਸਾਂ ਦਾ ਇੰਤਜਾਮ ਹੋਵੇਗਾ। ਹੋਰ ਜਾਣਕਾਰੀ ਲਈ ਗੁਰਚਰਨ ਸਿੰਘ ਢਿੱਲੋਂ ਨਾਲ ਫੋਨ: 206-412-1559 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦੇ ਸੰਚਾਲਕ ਤੇ ਖੇਡ ਪ੍ਰੋਮੋਟਰ ਹੈਪੀ ਹੀਰ ਦਾ ਸਨਮਾਨ

**ਸਿਆਟਲ (ਗੁਰਚਰਨ ਸਿੰਘ ਢਿੱਲੋਂ):** ਮਹਾਰਾਜਾ ਰੈਸਟੋਰੈਂਟ, ਕੈਂਟ ਵਿਚ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦੇ ਟੂਰਨਾਮੈਂਟ ਦੇ ਮੁੱਖ ਪ੍ਰਬੰਧਕ ਮੁਖਤਿਆਰ ਸਿੰਘ ਹੈਪੀ ਹੀਰ ਦਾ ਨਿੱਘਾ ਸਵਾਗਤ ਅਤੇ ਸਨਮਾਨ ਕੀਤਾ ਗਿਆ। ਮੁੱਖ ਪ੍ਰਬੰਧਕ ਲਖਵਿੰਦਰ ਸਿੰਘ ਸਰਾਂ ਨੇ ਦੱਸਿਆ ਕਿ ਹੈਪੀ ਹੀਰ ਨੇ ਸ਼ਿਕਾਗੋ ਵਿਚ ਵੱਡੇ ਵਡੇ ਕਬੱਡੀ ਟੂਰਨਾਮੈਂਟ ਅਤੇ ਪੰਜਾਬੀ ਸਭਿਆਚਾਰਕ ਸਮਾਗਮ ਕਰਵਾ ਕੇ ਵਡਮੁੱਲਾ ਯੋਗਦਾਨ ਪਾਇਆ ਹੈ।

ਇਸ ਮੌਕੇ ਸਿਆਟਲ ਦੀਆਂ ਪ੍ਰਮੁੱਖ ਸ਼ਖਸੀਅਤਾਂ ਸੇਮ ਵਿਰਕ, ਉਂਕਾਰ ਸਿੰਘ ਭੰਡਾਲ, ਚੰਨਾ ਆਲਮਗੀਰ, ਸਰਬਜੀਤ ਸੰਧੂ, ਕੁਲਵੰਤ ਸ਼ਾਹ, ਗਾਇਕ ਬਿੱਲਾ ਤੋਂ ਇਲਾਵਾ ਮਨਜੀਤ ਸਿੰਘ ਥਿੰਦ, ਰਵਿੰਦਰ ਸਿੰਘ ਛੀਨਾ, ਸੁਖਜਿੰਦਰ ਸਿੰਘ ਥਿੰਦ ਅਤੇ ਗਿੱਲ ਸਾਹਿਬ ਨੇ ਪਹੁੰਚ ਕੇ ਸਮਾਰੋਹ ਦੀ ਸ਼ੋਭਾ ਵਧਾਈ ਤੇ ਹੈਪੀ ਹੀਰ ਦਾ ਸਵਾਗਤ ਕੀਤਾ।

ਧੰਨਵਾਦੀ ਭਾਸ਼ਣ ਵਿਚ ਮੁਖਤਿਆਰ ਸਿੰਘ ਹੈਪੀ ਹੀਰ ਨੇ ਸਿਆਟਲ ਦੇ ਖੇਡ ਪ੍ਰੇਮੀਆਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਇਸ ਸਾਲ ਵੀ ਸ਼ਿਕਾਗੋ ਵਿਚ ਕਬੱਡੀ ਦਾ ਟੂਰਨਾਮੈਂਟ ਮੁਲਤਵੀ ਕਰ ਦਿੱਤਾ ਗਿਆ ਹੈ।



*ਸਿਆਟਲ ਦੇ ਪੰਜਾਬੀ ਭਾਈਚਾਰੇ ਦੇ ਖੇਡ ਪ੍ਰੇਮੀ ਮੁਖਤਿਆਰ ਸਿੰਘ ਹੈਪੀ ਹੀਰ ਦਾ ਮਾਣ-ਸਨਮਾਨ ਕਰਦੇ ਹੋਏ*

# ਕਿਸਾਨਾਂ ਵੱਲੋਂ ਭਾਜਪਾ ਤੇ ਸਹਿਯੋਗੀਆਂ ਦੀ ਘੇਰਾਬੰਦੀ ਦਾ ਅਹਿਦ

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ ਨੇ ਸਪੱਸ਼ਟ ਕੀਤਾ ਹੈ ਕਿ ਕਿਸਾਨ ਸਿਰਫ ਭਾਜਪਾ ਅਤੇ ਉਸ ਦੀਆਂ ਸਹਿਯੋਗੀ ਪਾਰਟੀਆਂ ਦੇ ਆਗੂਆਂ ਵਿਰੁੱਧ ਸਮਾਜਿਕ ਬਾਈਕਾਟ ਤੇ ਵਿਰੋਧ ਪ੍ਰਦਰਸ਼ਨ ਜਾਰੀ ਰੱਖਣਗੇ। ਕਿਸਾਨ ਆਗੂ ਡਾ. ਦਰਸ਼ਨ ਪਾਲ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਦੀ ਜਨਰਲ ਬਾਡੀ ਮੀਟਿੰਗ 'ਚ ਸਰਬਸੰਮਤੀ ਨਾਲ ਇਹ ਮਤਾ ਪਾਸ ਕੀਤਾ ਗਿਆ ਕਿ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ਸਾਰੀਆਂ ਪਾਰਟੀਆਂ ਖਿਲਾਫ ਨਹੀਂ ਹੋਣਗੇ। ਇਕ ਹੋਰ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਮੋਰਚਾ ਪਹਿਲਾਂ ਹੀ ਸਪੱਸ਼ਟ ਕਰ ਚੁੱਕਿਆ ਹੈ ਕਿ ਲਾਲ ਕਿਲੇ 'ਤੇ ਵਾਪਰੀਆਂ ਘਟਨਾਵਾਂ ਭਾਜਪਾ ਸਰਕਾਰ ਵੱਲੋਂ ਕਿਸਾਨਾਂ ਦੀ ਲਹਿਰ ਨੂੰ ਬਦਨਾਮ ਕਰਨ ਦੀ ਸਾਜਿਸ਼ ਦਾ ਹਿੱਸਾ ਸਨ। ਉਨ੍ਹਾਂ ਕਿਹਾ ਕਿ ਦਿੱਲੀ ਦੀ ਅਦਾਲਤ ਵੱਲੋਂ ਪੂਰਕ ਚਾਰਜਸ਼ੀਟ 'ਤੇ ਲਏ ਗਏ ਨੋਟਿਸ ਤੋਂ ਇਸ ਦਾ ਖੁਲਾਸਾ ਹੁੰਦਾ ਹੈ। ਸ਼ਿਵ ਕੁਮਾਰ ਕੱਕਾ ਨੇ ਕਿਹਾ ਕਿ ਮੋਰਚੇ ਨੂੰ ਵਿਸ਼ਵਾਸ ਹੈ ਕਿ ਕਿਸਾਨਾਂ ਦੇ ਸ਼ਾਂਤਮਈ, ਲੋਕਤੰਤਰੀ ਵਿਰੋਧ ਪ੍ਰਦਰਸ਼ਨ ਦੇ ਅਧਿਕਾਰ ਨੂੰ ਅਦਾਲਤ ਦੁਆਰਾ ਮਾਨਤਾ ਦਿੱਤੀ ਜਾਵੇਗੀ ਤੇ ਅਸਹਿਮਤੀ ਨੂੰ ਗੁਨਾਹ ਦਾ ਰੂਪ ਦੇਣ ਦੀ ਸਾਜ਼ਿਸ਼ ਦਾ ਪਰਦਾਫਾਸ਼ ਕੀਤਾ ਜਾਵੇਗਾ।



ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਨੇ ਕਿਹਾ ਕਿ ਹਰਿਆਣਾ ਵਿਚ ਭਾਜਪਾ ਅਤੇ ਜੇ.ਜੇ.ਪੀ. ਆਗੂ ਸਥਾਨਕ ਕਿਸਾਨਾਂ ਦੇ ਵਿਰੋਧ ਅਤੇ ਸਮਾਜਿਕ ਬਾਈਕਾਟ ਦਾ ਲਗਾਤਾਰ ਸਾਹਮਣਾ ਕਰ ਰਹੇ ਹਨ। ਬਲਬੀਰ ਸਿੰਘ ਰਾਜੇਵਾਲ ਨੇ ਕੇਂਦਰੀ ਖੇਤੀ ਮੰਤਰੀ ਨਰੇਂਦਰ ਸਿੰਘ ਤੋਮਰ ਵੱਲੋਂ ਤਿੰਨ ਕਾਲੇ ਕਾਨੂੰਨਾਂ ਦਾ ਲਗਾਤਾਰ ਬਚਾਅ ਕਰਨ ਦੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਸਰਕਾਰ ਦੇਸ਼ ਦੇ ਅੰਨਦਾਤਾ ਪ੍ਰਤੀ ਆਪਣੀ ਜ਼ਿੰਮੇਵਾਰੀ ਤੋਂ ਮੁੱਕਰ ਰਹੀ ਹੈ। ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਸਰਕਾਰ ਆਪਣੀ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਹੇ ਕਿਸਾਨਾਂ ਨੂੰ ਕਾਨੂੰਨ ਰੱਦ ਕਰਨ ਤੋਂ ਇਲਾਵਾ ਹੋਰ ਬਦਲ ਪੇਸ਼ ਕਰਨ ਲਈ ਆਖ ਰਹੀ ਹੈ ਜੋ ਚੰਗੇ ਲੋਕਤੰਤਰ ਦੀ ਨਿਸ਼ਾਨੀ ਨਹੀਂ ਹੈ।

## ਕੇਂਦਰ ਕਿਸਾਨਾਂ ਨਾਲ ਗੱਲਬਾਤ ਕਰੇ: ਦਮਦਮੀ ਟਕਸਾਲ

**ਅੰਮ੍ਰਿਤਸਰ:** ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਹਰਨਾਮ ਸਿੰਘ ਖਾਲਸਾ ਨੇ ਕਿਹਾ ਕਿ ਮੋਦੀ ਸਰਕਾਰ ਕਿਸਾਨਾਂ ਪ੍ਰਤੀ ਅੜੀਅਲ ਵਤੀਰਾ ਛੱਡ ਕੇ ਕਿਸਾਨ ਮਸਲਿਆਂ ਦੇ ਸਥਾਈ ਹੱਲ ਲਈ ਕਿਸਾਨ ਆਗੂਆਂ ਦੀ ਤੁਰਤ ਮੀਟਿੰਗ ਸੱਦੇ। ਦਮਦਮੀ ਟਕਸਾਲ ਦੇ ਮੁਖੀ ਨੇ ਬਾਬਾ ਜਸਪਾਲ ਸਿੰਘ ਅਤੇ ਸਿੱਖ ਆਗੂ ਇਕਬਾਲ ਸਿੰਘ ਤੁੰਗ ਨਾਲ ਗੱਲਬਾਤ ਕਰਦਿਆਂ ਕਿਸਾਨੀ ਸੰਘਰਸ਼ ਦੀ ਫਤਿਹਯਾਬੀ ਲਈ ਗੁਰੂ ਗ੍ਰੰਥ ਸਾਹਿਬ ਦੀ ਸਹਿਜ ਪਾਠਾਂ ਦੀ ਲੜੀ ਆਰੰਭ ਕਰਨ ਦੀ ਸ਼ਲਾਘਾ ਕੀਤੀ। ਉਨ੍ਹਾਂ ਅਫਸੋਸ ਪ੍ਰਗਟ ਕਰਦਿਆਂ ਕਿਹਾ ਕਿ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਪ੍ਰਤੀ ਕਿਸਾਨਾਂ ਦੀ ਮੰਗ 'ਤੇ ਕੇਂਦਰ ਸਰਕਾਰ ਵੱਲੋਂ ਸਾਰਥਕ ਹੁੰਗਾਰਾ ਨਹੀਂ ਭਰਿਆ ਜਾ ਰਿਹਾ।

## ਭਾਜਪਾ ਦੇ ਘਿਰਾਓ ਤੋਂ ਹੋਰ ਪਾਰਟੀਆਂ ਬਾਗੋ-ਬਾਗ

**ਪਟਿਆਲਾ:** ਸੰਯੁਕਤ ਕਿਸਾਨ ਮੋਰਚੇ ਵੱਲੋਂ ਹੋਰਨਾਂ ਸਿਆਸੀ ਪਾਰਟੀਆਂ ਨੂੰ ਛੱਡ ਸਿਰਫ ਭਾਜਪਾ ਅਤੇ ਇਸ ਦੀਆਂ ਸਹਿਯੋਗੀ ਪਾਰਟੀਆਂ ਦਾ ਹੀ ਘਿਰਾਓ ਕਰਨ ਦੇ ਕੀਤੇ ਐਲਾਨ ਨਾਲ ਇਨ੍ਹਾਂ ਸਿਆਸੀ ਧਿਰਾਂ ਦੇ ਆਗੂਆਂ ਨੇ ਸੁੱਖ ਦਾ ਸਾਹ ਲਿਆ ਹੈ। ਇਸ ਤਹਿਤ ਕਈ ਸਿਆਸੀ ਆਗੂਆਂ ਨੇ ਖੁੱਲ੍ਹ ਕੇ ਮੀਟਿੰਗਾਂ ਕੀਤੀਆਂ। ਕਾਂਗਰਸ, ਅਕਾਲੀ ਦਲ, ਬਸਪਾ ਅਤੇ 'ਆਪ' ਦੇ ਕਾਰਕੁਨਾਂ ਨੇ ਜਿਥੇ ਕਿਸਾਨ ਮੋਰਚੇ ਦੇ ਇਸ ਫੈਸਲੇ ਸਬੰਧੀ ਛਪੀ ਖਬਰ ਸੋਸ਼ਲ ਮੀਡੀਆ 'ਤੇ ਘੁਮਾਈ, ਉਥੇ ਹੀ ਕੁਝ ਥਾਈਂ ਇਸ ਖਬਰ ਦੀਆਂ ਫੋਟੋ ਕਾਪੀਆਂ ਕਰਵਾ ਕੇ ਵੀ ਵੰਡੀਆਂ ਗਈਆਂ।

# ਕੇਂਦਰ ਵੱਲੋਂ ਖੇਤੀ ਕਾਨੂੰਨ ਰੱਦ ਕਰਨ ਤੋਂ ਕੋਰੀ ਨਾਂਹ

**ਨਵੀਂ ਦਿੱਲੀ:** ਕੇਂਦਰੀ ਖੇਤੀਬਾੜੀ ਮੰਤਰੀ ਨਰੇਂਦਰ ਸਿੰਘ ਤੋਮਰ ਨੇ ਕਿਹਾ ਕਿ ਸਰਕਾਰ ਪ੍ਰਦਰਸ਼ਨਕਾਰੀ ਕਿਸਾਨਾਂ ਨਾਲ ਅੱਧੀ ਰਾਤ ਨੂੰ ਵੀ ਗੱਲ ਕਰਨ ਲਈ ਤਿਆਰ ਹੈ ਪਰ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਸਬੰਧੀ ਕੋਈ ਗੱਲਬਾਤ ਨਹੀਂ ਕੀਤੀ ਜਾਵੇਗੀ। ਜਿਕਰਯੋਗ ਹੈ ਕਿ ਹਜ਼ਾਰਾਂ ਕਿਸਾਨ ਪਿਛਲੇ ਸਾਲ ਨਵੰਬਰ ਤੋਂ ਨਵੇਂ ਖੇਤੀ ਕਾਨੂੰਨ ਰੱਦ ਕਰਨ ਦੀ ਮੰਗ ਨੂੰ ਲੈ ਕੇ ਦਿੱਲੀ ਦੀਆਂ ਹੱਦਾਂ 'ਤੇ ਸੰਘਰਸ਼ ਕਰ ਰਹੇ ਹਨ। ਕੇਂਦਰੀ ਮੰਤਰੀ ਨੇ ਕਿਹਾ, ''ਕਿਸਾਨ ਯੂਨੀਅਨਾਂ ਨਾਲ ਗੱਲਬਾਤ ਕਰਨ ਲਈ ਸਰਕਾਰ ਹਮੇਸ਼ਾ ਤਿਆਰ ਹੈ। ਜੇਕਰ ਉਹ ਅੱਧੀ ਰਾਤ ਵੀ ਆਉਣ ਤਾਂ ਮੈਂ ਉਨ੍ਹਾਂ ਦਾ ਸਵਾਗਤ ਕਰਾਂਗਾ। ਸਰਕਾਰ ਕਿਸੇ ਵੀ ਸਮੇਂ ਗੱਲਬਾਤ ਲਈ ਤਿਆਰ ਹੈ ਪਰ ਕਾਨੂੰਨ ਰੱਦ ਕਰਨ ਲਈ ਤਿਆਰ ਨਹੀਂ ਹੈ।'' ਕੋਵਿਡ-19 ਤੋਂ ਬਚਾਅ ਲਈ ਟੀਕਾਕਰਨ ਸਬੰਧੀ ਪੁੱਛੇ ਗਏ ਇਕ ਸਵਾਲ ਦੇ ਜਵਾਬ ਵਿਚ ਸ੍ਰੀ ਤੋਮਰ ਨੇ ਕਿਹਾ ਕਿ ਅਗਸਤ ਮਹੀਨੇ ਤੱਕ ਵੈਕਸੀਨ ਲੋੜੀਂਦੀ ਮਾਤਰਾ ਵਿਚ ਉਪਲਬਧ ਹੋਵੇਗੀ। ਕਾਂਗਰਸੀ ਆਗੂ ਦਿਗਵਿਜੈ ਸਿੰਘ ਦੇ ਬਿਆਨ ਕਿ ਜੇਕਰ ਉਨ੍ਹਾਂ ਦੀ ਪਾਰਟੀ ਸੱਤਾ ਵਿਚ ਆਉਂਦੀ ਹੈ ਤਾਂ ਧਾਰਾ 370 ਬਹਾਲ ਕਰਨ ਸਬੰਧੀ ਮੁੜ ਵਿਚਾਰ ਕੀਤਾ ਜਾਵੇਗਾ, ਬਾਰੇ ਸ੍ਰੀ ਤੋਮਰ ਨੇ ਕਿਹਾ ਕਿ ਸਾਰਾ ਦੇਸ਼ ਧਾਰਾ 370 ਬਹਾਲ ਕਰਨ ਦੇ ਖਿਲਾਫ ਹੈ।

**ਤੋਮਰ ਦਾ ਬਿਆਨ ਭੜਕਾਹਟ ਪੈਦਾ ਕਰਨ ਵਾਲਾ ਕਰਾਰ:** ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਤੇ ਹੋਰ ਮੰਗਾਂ ਨੂੰ ਮਨਾਉਣ ਲਈ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਲੱਡਾ ਟੌਲ ਪਲਾਜਾ ਕੋਲ ਲੱਗਾ ਰਾਮ ਸਿੰਘ ਕੱਕੜਵਾਲ ਤੇ ਦਰਸ਼ਨ ਸਿੰਘ ਕਿਲ੍ਹਾ ਹਕੀਮਾਂ ਦੀ ਅਗਵਾਈ ਵਿਚ ਧਰਨਾ ਜਾਰੀ ਹੈ। ਕਿਸਾਨਾਂ ਵੱਲੋਂ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਤੱਕ ਧਰਨੇ ਜਾਰੀ ਰੱਖਣ ਦਾ ਐਲਾਨ ਕੀਤਾ ਹੋਇਆ। ਉਨ੍ਹਾਂ ਕਿਹਾ ਕੇਂਦਰੀ ਖੇਤੀ ਮੰਤਰੀ ਨਰਿੰਦਰ ਤੋਮਰ ਖੇਤੀ ਕਾਨੂੰਨਾਂ ਨੂੰ ਰੱਦ ਨਾ ਕਰਨ ਦੀ ਗੱਲ ਕਹਿ ਕੇ ਕਿਸਾਨਾਂ ਨੂੰ ਹੋਰ ਉਕਸਾ ਰਹੇ ਹਨ। ਉਨ੍ਹਾਂ ਕਿਹਾ ਕੇਂਦਰ ਸਰਕਾਰ ਨੂੰ ਇਹ ਖੇਤੀ ਕਾਨੂੰਨ ਰੱਦ ਹੀ ਕਰਨੇ ਪੈਣੇ ਹਨ।

## ਸਰਕਾਰ ਬਿਨਾਂ ਸ਼ਰਤ ਗੱਲਬਾਤ ਲਈ ਤਿਆਰ: ਸੋਮ ਪ੍ਰਕਾਸ਼

**ਚੰਡੀਗੜ੍ਹ:** ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਨੇ ਆਖਿਆ ਹੈ ਕਿ ਕੇਂਦਰ ਸਰਕਾਰ ਕਿਸਾਨਾਂ ਦੇ ਮਸਲੇ ਹੱਲ ਕਰਨ ਲਈ ਪੂਰੀ ਤਰ੍ਹਾਂ ਯਤਨਸ਼ੀਲ ਹੈ, ਪਰ ਉਨ੍ਹਾਂ ਨੂੰ ਵੀ ਗੱਲਬਾਤ ਲਈ ਹਾਂ-ਪੱਖੀ ਵਤੀਰਾ ਅਪਣਾਉਣਾ ਚਾਹੀਦਾ ਹੈ ਤਾਂ ਜੋ ਇਸ ਮਾਮਲੇ ਦਾ ਹੱਲ ਨਿਕਲ ਸਕੇ।' ਉਨ੍ਹਾਂ ਕਿਹਾ ਕਿ ਕਿਸਾਨ, ਪਹਿਲੀ ਮੰਗ ਹੀ ਕਾਨੂੰਨ ਰੱਦ ਕਰਨਾ ਆਖਦੇ ਹਨ ਜਿਸ ਕਾਰਨ ਇਹ ਮਾਮਲਾ ਹੱਲ ਨਹੀਂ ਹੋ ਰਿਹਾ। ਉਨ੍ਹਾਂ ਕਿਹਾ ਕਿ ਉਨ੍ਹਾਂ ਨਿੰਜੀ ਤੌਰ 'ਤੇ ਵੀ ਕਿਸਾਨ ਆਗੂਆਂ ਨੂੰ ਇਸ ਸਬੰਧੀ ਰਾਜ਼ੀ ਕਰਨ ਲਈ ਯਤਨ ਕੀਤੇ ਹਨ ਤੇ ਉਨ੍ਹਾਂ ਨੂੰ ਆਸ ਹੈ ਕਿ ਇਹ ਮਾਮਲਾ ਜਲਦੀ ਹੱਲ ਹੋ ਜਾਵੇਗਾ।

# ਖੇਤੀ ਕਾਨੂੰਨਾਂ ਦੀ ਵਾਪਸੀ ਤੱਕ ਡਟੇ ਰਹਿਣ ਦਾ ਅਹਿਦ

**ਚੰਡੀਗੜ੍ਹ:** ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਵੱਲੋਂ ਪਿਛਲੇ ਅੱਠਾਂ ਮਹੀਨਿਆਂ ਦੌਰਾਨ ਸਵਾ ਸੌ ਤੋਂ ਵੱਧ ਥਾਵਾਂ 'ਤੇ ਚੱਲ ਰਹੇ ਧਰਨਿਆਂ ਵਿਚ ਕਿਸਾਨਾਂ ਨੇ ਸੰਘਰਸ਼ੀ ਮੋਰਚਿਆਂ ਤੋਂ ਪਿੱਛੇ ਨਾ ਹਟਣ ਦਾ ਅਹਿਦ ਲਿਆ ਹੈ। ਟੌਲ ਪਲਾਜ਼ਿਆਂ, ਰਿਲਾਇੰਸ ਪੰਪਾਂ, ਕਾਰਪੋਰੇਟ ਮਾਲਜ਼, ਰੇਲਵੇ ਪਾਰਕਾਂ ਤੇ ਭਾਜਪਾ ਆਗੂਆਂ ਦੇ ਘਰਾਂ ਸਾਹਮਣੇ ਜਾਰੀ ਧਰਨਿਆਂ 'ਚ ਗਿਣਤੀ ਬਰਕਰਾਰ ਰੱਖਦਿਆਂ ਕਿਸਾਨਾਂ ਨੇ ਕੇਂਦਰ ਸਰਕਾਰ ਨੂੰ ਸੰਦੇਸ਼ ਦਿੱਤਾ ਹੈ ਕਿ ਕਿਸੇ ਵੀ ਤਰ੍ਹਾਂ ਉਹ ਕਾਨੂੰਨ ਰੱਦ ਕਰਵਾਏ ਬਿਨਾਂ ਪਿੱਛੇ ਨਹੀਂ ਹਟਣਗੇ।

ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ 32 ਕਿਸਾਨ ਜਥੇਬੰਦੀਆਂ ਵੱਲੋਂ ਜਾਰੀ ਕਿਸਾਨੀ ਧਰਨਿਆਂ ਦੌਰਾਨ ਸੰਬੋਧਨ ਕਰਦਿਆਂ ਕਿਸਾਨ ਆਗੂਆਂ ਨੇ ਕਿਹਾ ਹੁਣ ਸਰਕਾਰ ਦੀ ਹੱਠਧਰਮੀ ਦੀ ਹੱਦ ਹੋ ਚੁੱਕੀ ਹੈ ਤੇ ਵੱਡੇ ਜਨ ਅੰਦੋਲਨ ਦੇ ਬਾਵਜੂਦ ਮੋਦੀ ਸਰਕਾਰ ਖੇਤੀ ਨੂੰ ਖੁੱਲ੍ਹੀ ਮੰਡੀ ਦੇ ਹਵਾਲੇ ਕਰਨ 'ਤੇ ਬਾਜਿੱਦ ਹੈ। ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਕਿਹਾ ਕਿ ਸਾਡੇ ਕੋਲ ਇਸ ਹੱਠਧਰਮੀ ਵਿਰੁੱਧ ਲੜਨ ਤੋਂ ਸਿਵਾਏ ਹੋਰ ਕੋਈ ਚਾਰਾ ਨਹੀਂ ਹੈ। ਕਿਸਾਨ ਆਗੂਆਂ ਨੇ ਦੱਸਿਆ ਕਿ 26 ਜੂਨ ਨੂੰ 11 ਵਜੇ ਗੁਰਦੁਆਰਾ ਅੰਬ ਸਾਹਿਬ, ਮੁਹਾਲੀ ਵਿਚ ਸਾਰੇ ਕਿਸਾਨ ਜਥੇਬੰਦੀਆਂ ਦੇ ਆਗੂ ਪਹੁੰਚਣਗੇ ਤੇ ਚੰਡੀਗੜ੍ਹ 'ਚ ਗਵਰਨਰ ਹਾਊਸ ਵੱਲ ਨੂੰ ਰੋਸ-ਮਾਰਚ ਕੱਢਿਆ ਜਾਵੇਗਾ ਤੇ ਗਵਰਨਰ ਨੂੰ ਰੋਸ ਪੱਤਰ ਦਿੱਤਾ ਜਾਵੇਗਾ। ਇਹ ਰੋਸ ਮਾਰਚ ਗੁਰਦੁਆਰਾ ਅੰਬ ਸਾਹਿਬ ਤੋਂ ਆਪੋ ਆਪਣੇ ਸਾਧਨਾਂ ਰਾਹੀਂ ਗਵਰਨਰ ਹਾਊਸ ਨੂੰ ਕੂਚ ਕਰੇਗਾ।



ਪੰਜਾਬ 'ਚ ਚੱਲ ਰਹੇ ਧਰਨਿਆਂ ਨੂੰ ਸੰਬੋਧਨ ਕਰਨ ਵਾਲੇ ਕਿਸਾਨ ਬੁਲਾਰਿਆਂ ਨੇ ਦੋਸ਼ ਲਾਇਆ ਕਿ ਭਾਜਪਾ ਸਰਕਾਰ ਸਿਰਫ ਅਡਾਨੀ, ਅੰਬਾਨੀ ਤੇ ਹੋਰ ਦੇਸੀ-ਵਿਦੇਸ਼ੀ ਸਾਮਰਾਜੀ ਕੰਪਨੀਆਂ ਦੇ ਸੁਪਰ ਮੁਨਾਫਿਆਂ ਦੀ ਗਾਰੰਟੀ ਖਾਤਰ ਕਿਸਾਨ-ਮਜਦੂਰ ਮਾਰੂ ਖੇਤੀ ਕਾਨੂੰਨ ਰੱਦ ਨਾ ਕਰਨ ਦੀ ਅੜੀ ਫੜੀ ਬੈਠੀ ਹੈ। ਪੂੰਜੀਪਤੀਆਂ ਨਾਲ ਕੀਤੇ ਵਾਅਦਿਆਂ ਦੀ ਅੜੀ ਪੁਗਾਉਣ ਲਈ ਕਿਸਾਨਾਂ ਅਤੇ ਕਿਸਾਨ ਅੰਦੋਲਨ ਦੀ ਹਮਾਇਤ ਕਰਨ ਵਾਲੇ ਵਿਅਕਤੀਆਂ ਉਤੇ ਦੇਸ਼ ਧ੍ਰੋਹ ਦੇ ਝੂਠੇ ਮੁਕੱਦਮੇ ਮੜ੍ਹੇ ਜਾ ਰਹੇ ਹਨ ਅਤੇ ਜੇਲ੍ਹੀਂ ਡੱਕਿਆ ਜਾ ਰਿਹਾ ਹੈ। ਬੁਲਾਰਿਆਂ ਨੇ ਕਿਹਾ ਕਿ ਫਿਰਕੂ ਅਤੇ ਜਾਤਪਾਤੀ ਜਨੂੰਨ ਭੜਕਾਉਣ ਦੀਆਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਫਾਸ਼ੀ ਕਿਰਦਾਰ ਦਾ ਭਾਂਡਾ ਚੌਰਾਹੇ ਭੰਨਿਆ ਜਾਵੇਗਾ।

# ਘੱਟੋ-ਘੱਟ ਸਮਰਥਨ ਮੁੱਲ ਮਹਿਜ਼ ਜੁਮਲਾ ਕਰਾਰ

**ਨਵੀਂ ਦਿੱਲੀ:** ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਡੀਜ਼ਲ ਦੀਆਂ ਕੀਮਤਾਂ ਸਮੇਤ ਵੱਖ-ਵੱਖ ਖਰਚੇ ਲਗਾਤਾਰ ਵਧ ਰਹੇ ਹਨ ਪਰ ਬਾਜ਼ਾਰ ਵਿਚ ਫਸਲਾਂ ਦੀ ਪੂਰੀ ਕੀਮਤ ਨਾ ਮਿਲਣ ਕਾਰਨ ਕਿਸਾਨਾਂ ਦਾ ਸ਼ੋਸ਼ਣ ਹੋ ਰਿਹਾ ਹੈ। ਸਰਕਾਰ ਵੱਲੋਂ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕੀਤੇ ਬਿਨਾਂ ਜਾਂ ਰਮੇਸ਼ ਚੰਦ ਕਮੇਟੀ ਅਨੁਸਾਰ ਲਾਗਤ ਅਨੁਮਾਨਾਂ ਵਿਚ ਸੁਧਾਰ ਲਿਆਏ ਬਿਨਾਂ ਸਰਕਾਰ ਦਾ ਘੱਟੋ-ਘੱਟ ਸਮਰਥਨ ਮੁੱਲ ਮਹਿਜ਼ ਜੁਮਲਾ ਹੈ। ਕਿਸਾਨ ਆਗੂ ਡਾ. ਦਰਸ਼ਨ ਪਾਲ ਨੇ ਕਿਹਾ ਕਿ ਲੱਖਾਂ ਕਿਸਾਨਾਂ ਦੇ ਸੰਘਰਸ਼ ਦੀਆਂ ਮੰਗਾਂ 'ਚੋਂ ਇਸ ਅਹਿਮ ਮੰਗ ਨੂੰ ਪੂਰਾ ਕਰਨ ਲਈ ਵੀ ਸਰਕਾਰ ਨੇ ਕੋਈ ਕਦਮ ਨਹੀਂ ਚੁੱਕਿਆ। ਭਾਰਤ ਸਰਕਾਰ ਦੀ ਆਰਥਿਕ ਮਾਮਲਿਆਂ ਦੀ ਕੈਬਨਿਟ ਕਮੇਟੀ ਨੇ ਕਿਹਾ ਕਿ ਖਾਦ ਦੀ ਲਾਗਤ ਦੇ ਵਾਧੇ ਦੀ ਭਰਪਾਈ ਲਈ ਸਰਕਾਰ ਨੇ ਸਬਸਿਡੀ ਦਿੱਤੀ ਹੈ ਜੋ ਸਿਰਫ ਇਕ ਸੀਜ਼ਨ ਲਈ ਹੈ ਤੇ ਖਰੀਫ 2021 ਲਈ ਲਾਗੂ ਹੈ। ਇਸ ਤੋਂ ਜਾਪਦਾ ਹੈ ਕਿ ਆਗਾਮੀ ਸੀਜ਼ਨ ਵਿਚ ਕਿਸਾਨਾਂ ਨੂੰ ਖਾਦਾਂ ਦੀ ਵਧੀ ਹੋਈ ਲਾਗਤ ਦੀ ਖੁਦ ਭਰਪਾਈ ਲਈ ਕਿਹਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਦੀ ਮੁੜ ਮੰਗ ਹੈ ਕਿ ਕਿਸਾਨਾਂ ਨੂੰ ਫਸਲਾਂ ਦੇ ਪੂਰੇ ਭਾਅ ਦੇਣ ਲਈ ਐਮ.ਐਸ.ਪੀ. ਦੀ ਗਾਰੰਟੀ ਦਿੱਤੀ ਜਾਵੇ ਕਿਉਂਕਿ ਭਾਜਪਾ ਨੇ ਤਾਂ ਚੋਣਾਂ ਵੀ ਇਨ੍ਹਾਂ ਮੁੱਦਿਆਂ 'ਤੇ ਲੜੀਆਂ ਅਤੇ ਜਿੱਤੀਆਂ ਸਨ।

ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਨੇ ਕਿਹਾ ਕਿ ਹਰਿਆਣਾ ਦੀ ਭਾਜਪਾ ਸਰਕਾਰ ਦੇ ਕਿਸਾਨ ਵਿਰੋਧੀ ਵਤੀਰੇ ਕਾਰਨ ਕਿਸਾਨਾਂ ਵੱਲੋਂ ਭਾਜਪਾ-ਜਜਪਾ ਆਗੂਆਂ ਦਾ ਵਿਰੋਧ ਜਾਰੀ ਹੈ। ਜੀਂਦ ਦੇ ਪਿੰਡ ਕੰਡੇਲਾ ਦਾ ਨੌਜਵਾਨ ਬਜਿੰਦਰ ਸਿੰਘ 26 ਜਨਵਰੀ ਦੀ ਟਰੈਕਟਰ ਪਰੇਡ ਤੋਂ ਲਾਪਤਾ ਹੈ ਤੇ ਪਰਿਵਾਰ ਅਤੇ ਪਿੰਡ ਵਾਸੀਆਂ ਵੱਲੋਂ ਉਸ ਨੂੰ ਲੱਭਣ ਲਈ ਕੀਤੀਆਂ ਅਪੀਲਾਂ ਦਾ ਪ੍ਰਸ਼ਾਸਨ ਵੱਲੋਂ ਕੋਈ ਜਵਾਬ ਨਹੀਂ ਦਿੱਤਾ ਜਾ ਰਿਹਾ। ਕਿਸਾਨ ਆਗੂ ਅਭਿਮੰਨਿਊ ਕੋਹਾੜ ਨੇ ਕਿਹਾ ਕਿ ਝੱਜਰ ਵਿਚ ਭਾਜਪਾ ਦਫਤਰ ਦਾ ਨੀਂਹ ਪੱਥਰ ਰੱਖਣ ਦੇ ਵਿਰੋਧ ਵਿਚ ਪ੍ਰਸ਼ਾਸਨ ਨੇ ਪ੍ਰਦਰਸ਼ਨਕਾਰੀਆਂ ਖਿਲਾਫ ਕੇਸ ਦਰਜ ਕੀਤੇ ਹਨ।


## ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

ਚੰਗੀ ਤਨਖਾਹ; ਖਾਣਾ ਅਤੇ ਰਿਹਾਇਸ਼ ਫਰੀ

ਕਾਲ ਕਰੋ: ਮਿ. ਸਿੰਘ

ਫੋਨ: 515-291-1961

18-21


# ਕਿਸਾਨਾਂ ਬਾਰੇ ਭਾਜਪਾ ਦੇ ਭੰਡੀ ਪ੍ਰਚਾਰ 'ਤੇ ਭੜਕੇ ਕਿਸਾਨ

**ਨਵੀਂ ਦਿੱਲੀ:** ਟਿਕਰੀ ਹੱਦ ਦੇ ਮੋਰਚੇ ਨੇੜੇ ਘਰੇਲੂ ਕਲੇਸ਼ ਕਾਰਨ ਇਕ ਵਿਅਕਤੀ ਵੱਲੋਂ ਖੁਦਕੁਸ਼ੀ ਕੀਤੇ ਜਾਣ ਦੇ ਮਾਮਲੇ ਵਿਚ ਮੀਡੀਆ ਦੇ ਇਕ ਹਿੱਸੇ 'ਤੇ ਭੰਡੀ ਪ੍ਰਚਾਰ ਕਰਨ ਦਾ ਦੋਸ਼ ਲਾਉਂਦਿਆਂ ਸੰਯੁਕਤ ਕਿਸਾਨ ਮੋਰਚੇ ਨੇ ਕਿਹਾ ਕਿ ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਦੀ ਹਰ ਚਾਲ ਨਾਕਾਮ ਕੀਤੀ ਜਾਵੇਗੀ।

ਕਿਸਾਨ ਆਗੂ ਜਗਮੋਹਨ ਸਿੰਘ ਨੇ ਕਿਹਾ ਕਿ ਜਿਵੇਂ ਕਿ ਸੰਯੁਕਤ ਕਿਸਾਨ ਮੋਰਚੇ ਦੇ ਇਕ ਵਿਸ਼ੇਸ਼ ਬੁਲੇਟਿਨ ਨੇ ਦੱਸਿਆ ਕਿ ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਲਈ ਭਾਜਪਾ ਤੇ ਉਸ ਦੇ ਸਮਰਥਕਾਂ ਦੀਆਂ ਕੋਸ਼ਿਸ਼ਾਂ ਤੇਜ਼ ਹੋ ਰਹੀਆਂ ਹਨ, ਉਹ ਸੱਚ ਹੈ। ਉਨ੍ਹਾਂ ਕਿਹਾ ਕਿ ਪ੍ਰਦਰਸ਼ਨਕਾਰੀਆਂ ਨੂੰ ਬਦਨਾਮ ਕਰਨ ਲਈ ਹਰ ਮੌਕੇ ਦੀ ਵਰਤੋਂ ਕੀਤੀ ਜਾ ਰਹੀ ਹੈ, ਜਦਕਿ ਇਹ ਸਾਰੇ ਯਤਨ ਲਗਾਤਾਰ ਅਸਫਲ ਹੋ ਰਹੇ ਹਨ।



ਡਾ. ਦਰਸ਼ਨ ਪਾਲ ਨੇ ਕਿਹਾ ਕਿ ਕਾਸਰ ਪਿੰਡ ਦੇ ਮੁਕੇਸ਼ ਵੱਲੋਂ ਕੀਤੀ ਗਈ ਖੁਦਕੁਸ਼ੀ ਦੇ ਮਾਮਲੇ ਨੂੰ ਭਾਜਪਾ ਸਰਕਾਰ ਤੇ ਮੀਡੀਆ ਦੇ ਇਕ ਹਿੱਸੇ ਨੇ ਇਕ-ਦੂਜੇ ਨਾਲ ਮੜ੍ਹਿਆ ਹੋਇਆ ਹੈ ਅਤੇ ਇਸ ਕੇਸ ਵਿਚ ਦਰਜ ਐਫ.ਆਈ.ਆਰ. ਤੋਂ ਵੀ ਇਹੀ ਝਲਕਦਾ ਹੈ। ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕੇਂਦਰੀ ਗ੍ਰਹਿ ਮੰਤਰੀ ਨਾਲ ਮੁਲਾਕਾਤ ਕੀਤੀ ਸੀ ਅਤੇ ਵਿਰੋਧ ਪ੍ਰਦਰਸ਼ਨ ਵਾਲੀਆਂ ਥਾਵਾਂ 'ਤੇ ਅਨਉਚਿਤ ਘਟਨਾਵਾਂ ਅਤੇ ਵਿਗੜਦੀ ਕਾਨੂੰਨ ਵਿਵਸਥਾ ਦੇ ਆਧਾਰ 'ਤੇ ਕੋਈ ਸਖਤ ਕਾਰਵਾਈ ਕਰਨ ਦੀ ਯੋਜਨਾ ਬਣਾਈ ਜਾ ਰਹੀ ਹੈ। ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ, 'ਸੰਯੁਕਤ ਕਿਸਾਨ ਮੋਰਚੇ ਨੇ ਅਜਿਹੀਆਂ ਸਾਜ਼ਸ਼ਾਂ ਦੀਆਂ ਕੋਸ਼ਿਸ਼ਾਂ ਖਿਲਾਫ ਚਿਤਾਵਨੀ ਦਿੱਤੀ ਸੀ। ਉਹ ਪਹਿਲਾਂ ਵੀ ਵਾਰ-ਵਾਰ ਅਸਫਲ ਰਹੇ ਹਨ ਤੇ ਹੁਣ ਵੀ ਅਸਫਲ ਹੋਣਗੇ।

ਸ਼ਿਵ ਕੁਮਾਰ ਕੱਕਾ ਨੇ ਕਿਹਾ ਕਿ ਸਰਕਾਰ ਦੇ ਐਮ.ਐਸ.ਪੀ. ਜੁਮਲਿਆਂ ਵਿਚ ਕੋਈ ਸੱਚ ਨਹੀਂ ਹੈ। ਕਿਸਾਨ ਮੰਗ ਕਰ ਰਹੇ ਹਨ ਐਮ.ਐਸ.ਪੀ. ਨੂੰ ਸਾਰੇ ਭਾਰਤ ਵਿਚ ਇਕ ਕਾਨੂੰਨੀ ਗਰੰਟੀ ਬਣਾਇਆ ਜਾਵੇ। ਗੁਰਨਾਮ ਸਿੰਘ ਚੜੂਨੀ ਨੇ ਕਿਹਾ ਕਿ ਤਾਮਿਲਨਾਡੂ ਦੇ ਮੁੱਖ ਮੰਤਰੀ ਰਾਹੀਂ ਪ੍ਰਧਾਨ ਮੰਤਰੀ ਨੂੰ ਦਿੱਤੇ ਗਏ ਤਾਜ਼ਾ ਮੰਗ ਪੱਤਰ ਵਿਚ ਮੁੱਖ ਮੰਤਰੀ ਵੱਲੋਂ ਤਿੰਨੋਂ ਖੇਤੀ ਕਾਨੂੰਨ ਰੱਦ ਕਰਨ ਦਾ ਮੁੱਦਾ ਚੁੱਕਿਆ ਗਿਆ ਹੈ। ਯੁੱਧਵੀਰ ਨੇ ਕਿਹਾ ਕਿ ਕੁਝ ਹੋਰ ਰਾਜਾਂ ਵਿਚ ਹੋਰ ਪਾਰਟੀਆਂ ਦੀ ਅਗਵਾਈ ਵਾਲੀਆਂ ਸਰਕਾਰਾਂ ਕਿਸਾਨਾਂ ਦੇ ਨਾਲ ਖੜ੍ਹੀਆਂ ਹਨ ਤੇ ਦੇਸ਼ ਵਿਆਪੀ ਪ੍ਰਦਰਸ਼ਨ ਸਬੰਧੀ ਉਨ੍ਹਾਂ ਦੇ ਸੱਦੇ ਵਿਚ ਸ਼ਾਮਲ ਹੋ ਗਈਆਂ ਹਨ।

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕੈਪਟਨ ਵੱਲੋਂ ਸਿੱਧੂ ਨੂੰ ਉਪ ਮੁੱਖ ਮੰਤਰੀ ਬਣਾਉਣ ਤੋਂ ਕੋਰੀ ਨਾਂਹ

**ਨਵੀਂ ਦਿੱਲੀ:** ਪੰਜਾਬ ਕਾਂਗਰਸ ਵਿਚਲੇ ਸੰਕਟ ਕਾਰਨ ਪਾਰਟੀ ਹਾਈ ਕਮਾਂਡ ਵੱਲੋਂ ਕਾਇਮ ਕੀਤੇ ਖੜਗੇ ਪੈਨਲ ਦੀ ਮੀਟਿੰਗ ਵਿਚ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਸਪੱਸ਼ਟ ਕੀਤਾ ਹੈ ਕਿ ਉਹ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ ਡਿਪਟੀ ਸੀ.ਐਮ. ਬਣਾਉਣ ਲਈ ਤਿਆਰ ਨਹੀਂ ਹਨ ਪਰ ਸਿੱਧੂ ਨੂੰ ਮੰਤਰੀ ਬਣਾਉਣ 'ਤੇ ਕੋਈ ਇਤਰਾਜ਼ ਨਹੀਂ ਹੈ। ਸੂਤਰਾਂ ਅਨੁਸਾਰ ਮੀਟਿੰਗ ਵਿਚ ਅਮਰਿੰਦਰ ਨੇ ਸਿੱਧੂ ਵੱਲੋਂ ਮੀਡੀਆ ਵਿਚ ਦਿੱਤੇ ਗਏ ਬਿਆਨਾਂ 'ਤੇ ਆਪਣੀ ਨਾਰਾਜ਼ਗੀ ਜ਼ਾਹਰ ਕੀਤੀ।

ਹਾਲ ਦੀ ਘੜੀ ਸਿੱਧੂ ਕੋਈ ਪਾਸਾ ਸਿੱਧਾ ਪੈਂਦਾ ਨਜ਼ਰ ਨਹੀਂ ਆ ਰਿਹਾ। ਉਧਰ, ਸਿੱਧੂ ਵੱਲੋਂ ਤਿੰਨ ਮੈਂਬਰੀ ਖੜਗੇ ਪੈਨਲ ਸਾਹਮਣੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਸਾਂਝੀ ਬੈਠਕ 'ਚ ਸ਼ਾਮਲ ਹੋਣ ਤੋਂ ਸਾਫ ਇਨਕਾਰ ਕਰ ਦਿੱਤਾ। ਇਸ ਤੋਂ ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨਾਲ ਪੰਜਾਬ ਦੇ ਪਾਰਟੀ ਨਾਲ ਜੁੜੇ ਮਸਲਿਆਂ ਬਾਰੇ ਦਿੱਲੀ ਵਿਖੇ ਮੀਟਿੰਗ ਕੀਤੀ ਗਈ।

ਇਸੇ ਦੌਰਾਨ ਪਾਰਟੀ ਨੇਤਾ ਮਲਿਕਾਰੁਜਨ ਖੜਗੇ ਨੇ ਕਿਹਾ ਕਿ ਕਾਂਗਰਸ ਪੰਜਾਬ ਵਿਧਾਨ ਸਭਾ ਚੋਣਾਂ ਸ੍ਰੀਮਤੀ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਦੀ ਅਗਵਾਈ ਹੇਠ ਲੜੇਗੀ। ਉਨ੍ਹਾਂ ਕਿਹਾ ਕਿ ਪਾਰਟੀ ਦੀ ਪੰਜਾਬ ਇਕਾਈ ਦੇ ਅੰਦਰੂਨੀ ਮਾਮਲੇ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

# ਕੇਜਰੀਵਾਲ ਵੱਲੋਂ ਪੰਜਾਬ 'ਚ ਸਿੱਖ ਹਸਤੀ ਨੂੰ ਮੁੱਖ ਮੰਤਰੀ ਉਮੀਦਵਾਰ ਦਾ ਐਲਾਨ

**ਅੰਮ੍ਰਿਤਸਰ:** ਆਮ ਆਦਮੀ ਪਾਰਟੀ ਦੇ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਇਥੇ ਕਿਹਾ ਕਿ ਆਉਂਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ 'ਆਪ' ਵੱਲੋਂ ਮੁੱਖ ਮੰਤਰੀ ਦੇ ਅਹੁਦੇ ਲਈ ਕਿਸੇ ਸਿੱਖ ਸ਼ਖਸੀਅਤ ਨੂੰ ਹੀ ਉਮੀਦਵਾਰ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਸੂਬੇ ਵਿਚ 'ਆਪ' ਦੀ ਸਰਕਾਰ ਬਣਨ ਮਗਰੋਂ ਬਰਗਾੜੀ ਕਾਂਡ ਦੇ ਦੋਸ਼ੀਆਂ ਨੂੰ ਕਚਹਿਰੀ ਵਿਚ ਖੜ੍ਹਾ ਕਰਕੇ ਸੂਬੇ ਦੇ ਲੋਕਾਂ ਨੂੰ ਇਨਸਾਫ ਦਿੱਤਾ ਜਾਵੇਗਾ। ਉਨ੍ਹਾਂ ਇਥੇ ਸਾਬਕਾ ਆਈ.ਜੀ. ਕੁੰਵਰ ਵਿਜੈ ਪ੍ਰਤਾਪ ਸਿੰਘ ਨੂੰ 'ਆਪ' ਵਿਚ ਰਸਮੀ ਤੌਰ 'ਤੇ ਸ਼ਾਮਲ ਕਰਦਿਆਂ 'ਜੀ ਆਇਆਂ' ਆਖਿਆ।

ਇਥੇ ਸਰਕਟ ਹਾਊਸ 'ਚ ਸੰਖੇਪ ਸਮਾਗਮ ਨੂੰ ਸੰਬੋਧਨ ਕਰਦਿਆਂ ਕੇਜਰੀਵਾਲ ਨੇ ਵਾਅਦਾ ਕੀਤਾ ਕਿ 2022 'ਚ ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ 'ਤੇ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਅਤੇ ਗੋਲੀ ਕਾਂਡ ਦੇ ਸਾਜਿਸ਼ਘਾੜਿਆਂ ਤੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾ ਕੇ ਪੰਜਾਬ ਦੇ ਲੋਕਾਂ ਨੂੰ ਇਨਸਾਫ ਦਿੱਤਾ ਜਾਵੇਗਾ। ਮੀਡੀਆ ਵੱਲੋਂ ਕੀਤੇ ਸਵਾਲ ਦੇ ਜਵਾਬ ਵਿਚ ਉਨ੍ਹਾਂ ਸਪੱਸ਼ਟ ਕੀਤਾ ਕਿ ਵਿਧਾਨ ਸਭਾ ਚੋਣਾਂ ਵੇਲੇ 'ਆਪ' ਵੱਲੋਂ ਸੂਬੇ ਦੇ ਮੁੱਖ ਮੰਤਰੀ ਲਈ ਆਪਣਾ ਉਮੀਦਵਾਰ ਸਿੱਖ ਭਾਈਚਾਰੇ ਵਿਚੋਂ ਹੀ ਬਣਾਇਆ ਜਾਵੇਗਾ ਅਤੇ ਇਹ ਪੰਜਾਬ ਦਾ ਵਾਸੀ ਹੋਵੇਗਾ ਤੇ ਇਹ ਪੰਜਾਬੀਆਂ ਦਾ ਹੱਕ ਵੀ ਬਣਦਾ ਹੈ। ਉਨ੍ਹਾਂ ਕਿਹਾ ਕਿ 'ਆਪ' ਵੱਲੋਂ ਜਲਦੀ ਇਸ ਵਾਸਤੇ ਆਪਣੇ ਉਮੀਦਵਾਰ ਦੇ ਨਾਂ ਦਾ ਐਲਾਨ ਵੀ ਕਰ ਦਿੱਤਾ ਜਾਵੇਗਾ। ਉਨ੍ਹਾਂ ਦੇ ਇਸ ਐਲਾਨ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਕੁੰਵਰ ਵਿਜੈ ਪ੍ਰਤਾਪ ਸਿੰਘ ਇਸ ਅਹੁਦੇ ਲਈ ਉਮੀਦਵਾਰ ਨਹੀਂ ਹੋਣਗੇ।

ਕੁੰਵਰ ਵਿਜੈ ਪ੍ਰਤਾਪ ਸਿੰਘ ਦਾ ਪਾਰਟੀ ਵਿਚ ਸਵਾਗਤ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਰਾਜਨੀਤੀ ਕਰਨ ਨਹੀਂ ਆਏ, ਸਗੋਂ ਪੰਜਾਬ ਦੇ ਲੋਕਾਂ ਨੂੰ ਬਾਕੀ ਸਫਾ ਇਨਸਾਫ ਦਿਵਾਉਣ ਤੇ ਲੋਕਾਂ ਦੀ ਸੇਵਾ ਕਰਨ ਲਈ ਆਏ ਹਨ। ਉਨ੍ਹਾਂ ਕਿਹਾ ਕਿ ਇਸ ਅਧਿਕਾਰੀ ਦੀ ਇਮਾਨਦਾਰੀ ਅਤੇ ਸੇਵਾ ਭਾਵਨਾ ਨੂੰ ਪੰਜਾਬ ਵਾਸੀ ਚੰਗੀ ਤਰ੍ਹਾਂ ਜਾਣਦੇ ਹਨ।

ਉਨ੍ਹਾਂ ਨੂੰ ਬਰਗਾੜੀ ਕਾਂਡ ਦੀ ਜਾਂਚ ਕਾਰਨ ਆਪਣੀ ਨੌਕਰੀ ਤੋਂ ਅਸਤੀਫਾ ਦੇਣਾ ਪਿਆ। ਉਨ੍ਹਾਂ ਕਿਹਾ ਕਿ ਇਸ ਸਮੇਂ ਪੰਜਾਬ ਬਹੁਤ ਬੁਰੇ ਦੌਰ ਵਿਚੋਂ ਲੰਘ ਰਿਹਾ ਹੈ ਕਿਉਂਕਿ ਕਰੋਨਾ ਦੇ ਦੌਰ 'ਚ ਸੱਤਾਧਾਰੀ ਆਪੋ ਆਪਣੀਆਂ ਕੁਰਸੀਆਂ ਬਚਾਉਣ ਲਈ ਲੜ ਰਹੇ ਹਨ ਅਤੇ ਇਨ੍ਹਾਂ ਨੂੰ ਪੰਜਾਬ ਵਾਸੀਆਂ ਦੀ ਕੋਈ ਚਿੰਤਾ ਨਹੀਂ ਹੈ।

# ਕੋਟਕਪੂਰਾ ਗੋਲੀ ਕਾਂਡ: ਸਿੱਟ ਵੱਲੋਂ ਬਾਦਲ ਪਾਸੋਂ ਤਿੰਨ ਘੰਟਿਆਂ ਤੱਕ ਪੁੱਛਗਿੱਛ

**ਚੰਡੀਗੜ੍ਹ:** ਕੋਟਕਪੂਰਾ ਪੁਲਿਸ ਗੋਲੀਬਾਰੀ ਦੀ ਘਟਨਾ ਦੀ ਜਾਂਚ ਲਈ ਕਾਇਮ ਕੀਤੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਚੰਡੀਗੜ੍ਹ ਵਿਖੇ ਉਨ੍ਹਾਂ ਦੀ ਰਿਹਾਇਸ਼ 'ਤੇ ਪੁੱਛ ਪੜਤਾਲ ਕੀਤੀ।

ਪ੍ਰਾਪਤ ਜਾਣਕਾਰੀ ਮੁਤਾਬਕ ਟੀਮ ਨੇ ਸਾਬਕਾ ਮੁੱਖ ਮੰਤਰੀ ਤੋਂ ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ 1 ਵਜੇ ਤੱਕ ਪੁੱਛ ਪੜਤਾਲ ਕੀਤੀ। ਏ.ਡੀ.ਜੀ.ਪੀ. ਐਲ.ਕੇ. ਯਾਦਵ ਦੀ ਅਗਵਾਈ ਵਾਲੀ ਐਸ.ਆਈ.ਟੀ. ਟੀਮ ਸਾਬਕਾ ਮੁੱਖ ਮੰਤਰੀ ਤੋਂ ਉਨ੍ਹਾਂ ਦੀ ਸਰਕਾਰੀ ਰਿਹਾਇਸ਼ ਐਮ.ਐਲ.ਏ. ਫਲੈਟ ਵਿਚ ਪੁੱਜੀ ਸੀ।

ਇਸ ਤੋਂ ਪਹਿਲਾਂ ਐਸ.ਆਈ.ਟੀ. ਨੇ 16 ਜੂਨ ਨੂੰ ਮੁਹਾਲੀ ਦੇ ਰੈਸਟ ਹਾਊਸ ਵਿਚ ਪੈਨਲ ਸਾਹਮਣੇ ਪੇਸ਼ ਹੋਣ ਵਿਚ ਅਸਮਰੱਥਾ ਜ਼ਾਹਰ ਕੀਤੀ ਸੀ। ਖਰਾਬ ਸਿਹਤ ਅਤੇ ਆਪਣੀ ਉਮਰ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਐਸ.ਆਈ.ਟੀ. ਨੂੰ ਆਪਣੇ ਚੰਡੀਗੜ੍ਹ ਦੀ ਸਰਕਾਰੀ ਰਿਹਾਇਸ਼ 'ਤੇ ਆਉਣ ਲਈ ਕਿਹਾ ਸੀ।

# ਗੁਟੇਰੇਜ ਮੁੜ ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਬਣੇ

**ਸੰਯੁਕਤ ਰਾਸ਼ਟਰ:** ਯੂ.ਐਨ. ਜਨਰਲ ਅਸੈਂਬਲੀ ਨੇ ਅੰਤੋਨੀਓ ਗੁਟੇਰੇਜ ਨੂੰ ਦੂਜੀ ਵਾਰ ਸੰਯੁਕਤ ਰਾਸ਼ਟਰ ਦਾ ਜਨਰਲ ਸਕੱਤਰ ਚੁਣ ਲਿਆ ਹੈ। ਸਲਾਮਤੀ ਕੌਂਸਲ ਨੇ 193 ਮੈਂਬਰ ਮੁਲਕਾਂ ਵਾਲੀ ਸੰਸਥਾ ਦੇ ਮੁਖੀ ਵਜੋਂ ਗੁਟੇਰੇਜ ਦੇ ਨਾਂ 'ਤੇ ਸਰਬਸੰਮਤੀ ਨਾਲ ਮੋਹਰ ਲਾਈ। ਗੁਟੇਰੇਜ ਦਾ ਦੂਜਾ ਕਾਰਜਕਾਲ 1 ਜਨਵਰੀ 2022 ਤੋਂ 31 ਦਸੰਬਰ 2026 ਤੱਕ ਹੋਵੇਗਾ। ਯੂ.ਐਨ. ਜਨਰਲ ਅਸੈਂਬਲੀ ਦੇ 75ਵੇਂ ਇਜਲਾਸ ਦੇ ਮੁਖੀ ਵੋਲਕਨ ਬੋਜਕੀਰ ਨੇ ਗੁਟੇਰੇਜ ਦੀ ਨਿਯੁਕਤੀ ਸਬੰਧੀ ਐਲਾਨ ਕੀਤਾ। ਬੋਜਕੀਰ ਨੇ ਮਗਰੋਂ 72 ਸਾਲਾ ਗੁਟੇਰੇਜ ਨੂੰ ਯੂ.ਐਨ. ਜਨਰਲ ਅਸੈਂਬਲੀ ਹਾਲ ਦੇ ਮੰਚ 'ਤੇ ਅਹੁਦੇ ਦਾ ਹਲਫ਼ ਦਿਵਾਇਆ।

# ਪੰਜਾਬ ਦਾ ਸਿਆਸੀ ਪਿੜ ਭਖਿਆ

*(ਸਫਾ ਇਕ ਦੀ ਬਾਕੀ)*

ਲੈਣ ਵਿਚ ਸਫਲ ਹੋਵੇਗੀ।

'ਆਪ' ਨੂੰ ਪਿਛਲੀ ਵਾਰ ਪਰਵਾਸੀ ਪੰਜਾਬੀਆਂ ਤੋਂ ਖਾਸੀ ਹਮਾਇਤ ਮਿਲੀ ਸੀ ਪਰ ਇਸ ਵਾਰ ਉਨ੍ਹਾਂ ਦੀਆਂ ਨਜ਼ਰਾਂ ਕਿਸਾਨ ਅੰਦੋਲਨ ਵੱਲ ਹਨ। ਇਸ ਲਈ ਤੈਅ ਹੈ ਕਿ ਕਿਸਾਨ ਅੰਦੋਲਨ ਸਿਆਸੀ ਧਿਰਾਂ ਦਾ ਭਵਿੱਖ ਤੈਅ ਕਰਨ ਵਿਚ ਵੱਡੀ ਭੂਮਿਕਾ ਨਿਭਾਏਗਾ। ਇਹ ਕਿਸਾਨ ਅੰਦੋਲਨ ਦਾ ਸਿੱਟਾ ਹੈ ਕਿ ਅਕਾਲੀ ਦਲ ਨਾਲ ਮਿਲ ਕੇ ਆਪਣੇ ਆਪ ਨੂੰ ਵੱਡੀ ਦਾਅਵੇਦਾਰ ਮੰਨਣ ਵਾਲੀ ਭਾਜਪਾ ਇਸ ਵੇਲੇ ਚੋਣ ਪਿੜ੍ਹ ਤੋਂ ਬਾਹਰ ਜਾਪ ਰਹੀ ਹੈ।

ਪੰਜਾਬ ਦੇ ਲੋਕਾਂ ਦੀਆਂ ਉਮੀਦਾਂ ਕਿਸਾਨ ਅੰਦੋਲਨ 'ਤੇ ਕੇਂਦ੍ਰਿਤ ਹਨ ਅਤੇ ਪੰਜਾਬੀਆਂ ਨੂੰ ਲੱਗਦਾ ਹੈ ਕਿ ਆਉਣ ਵਾਲੀਆਂ ਚੋਣਾਂ ਵਿਚ ਕਿਸਾਨ ਜਥੇਬੰਦੀਆਂ ਅਤੇ ਉਨ੍ਹਾਂ ਦੇ ਆਗੂ ਵੱਡੀ ਭੂਮਿਕਾ ਨਿਭਾ ਸਕਦੇ ਹਨ। ਪੰਜਾਬ ਦੇ ਲੋਕ ਭਾਵੇਂ ਰਵਾਇਤੀ ਸਿਆਸੀ ਪਾਰਟੀਆਂ ਤੋਂ ਨਿਰਾਸ਼ ਹਨ ਪਰ ਮੌਜੂਦਾ ਹਾਲਤ ਵਿਚ ਉਨ੍ਹਾਂ ਕੋਲ ਕੋਈ ਰਾਹ ਵੀ ਨਹੀਂ ਹੈ। ਪੰਜਾਬ ਵਿਚ ਤੀਜੇ ਮੋਰਚੇ ਦਾ ਦਾਅਵਾ ਠੁੱਸ ਨਜ਼ਰ ਆ ਰਹੇ ਹਨ। ਪਿਛਲੀਆਂ ਚੋਣਾਂ ਵਿਚ ਇਸ ਪਾਸੇ ਹੰਭਲਾ ਮਾਰਨ ਵਾਲੇ ਸਿਆਸੀ ਆਗੂ ਆਪਣੀ ਹੋਂਦ ਬਚਾਉਣ ਲਈ ਸਥਾਪਤ ਧਿਰਾਂ ਦੇ ਸ਼ਰਨ ਵਿਚ ਜਾ ਰਹੇ ਹਨ।

ਅਕਾਲੀ ਦਲ ਨਾਲੋਂ ਵੱਖ ਹੋ ਕੇ ਬਣਿਆ ਅਕਾਲੀ ਦਲ (ਸੰਯੁਕਤ) ਅਜੇ ਤੱਕ ਅਜਿਹੀ ਕੋਈ ਰਣਨੀਤੀ ਨਹੀਂ ਬਣਾ ਸਕਿਆ ਜੋ ਹਮਖਿਆਲੀ ਧਿਰਾਂ ਨੂੰ ਇਕ ਮੰਚ ਉਤੇ ਲਿਆ ਸਕੇ। ਇਸ ਦੇ ਸਿੱਟੇ ਵਜੋਂ ਹੀ ਅਕਾਲੀ-ਬਸਪਾ ਗੱਠਜੋੜ ਪ੍ਰਵਾਨ ਚੜ੍ਹਿਆ ਹੈ ਤੇ ਹੋਰ ਧਿਰਾਂ ਇਸ ਭਾਈਵਾਲੀ ਦਾ ਹਿੱਸਾ ਬਣਨ ਲਈ ਤਿਆਰ ਜਾਪ ਰਹੀਆਂ ਹਨ। ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਆਉਂਦੇ ਦਿਨਾਂ ਵਿਚ ਕਾਂਗਰਸ ਆਪਣੇ ਅੰਦਰੂਨੀ ਕਲੇਸ਼ ਨੂੰ ਕਿਸ ਹੱਦ ਤੱਕ ਠੱਲ੍ਹ ਪਾਉਂਦੀ ਹੈ, ਅਕਾਲੀ ਦਲ ਦੀ ਭਾਈਵਾਲ ਲੱਭਣ ਦੀ ਰਣਨੀਤੀ ਕਿਸ ਹੱਦ ਤੱਕ ਜਾਂਦੀ ਹੈ ਤੇ ਕਿਸਾਨ ਅੰਦੋਲਨ ਕਿਸ ਰਾਹ ਮੁੜਦਾ ਹੈ, ਇਹ ਪੰਜਾਬ ਦੀ ਸਿਆਸਤ ਦਾ ਰੁਖ ਤੈਅ ਕਰਨਗੇ।

# ਚੀਫ ਖਾਲਸਾ ਦੀਵਾਨ ਵੱਲੋਂ ਭਾਜਪਾ 'ਚ ਸ਼ਾਮਲ ਹੋਇਆ ਜਸਵਿੰਦਰ ਸਿੰਘ ਢਿੱਲੋਂ ਬਰਖਾਸਤ

**ਅੰਮ੍ਰਿਤਸਰ:** ਸਿੱਖ ਸੰਸਥਾ ਚੀਫ ਖਾਲਸਾ ਦੀਵਾਨ ਨੇ 'ਚੀਫ ਖਾਲਸਾ ਦੀਵਾਨ ਐਜੂਕੇਸ਼ਨਲ ਕਮੇਟੀ' ਦੇ ਜਨਰਲ ਸਕੱਤਰ ਡਾ. ਜਸਵਿੰਦਰ ਸਿੰਘ ਢਿੱਲੋਂ ਨੂੰ ਭਾਜਪਾ ਵਿਚ ਸ਼ਾਮਲ ਹੋਣ ਕਾਰਨ ਵਿੱਦਿਅਕ ਕਮੇਟੀ ਦੇ ਇਸ ਅਹੁਦੇ ਤੋਂ ਹਟਾ ਦਿੱਤਾ ਹੈ। ਦੀਵਾਨ ਦੇ ਪ੍ਰਧਾਨ ਨਿਰਮਲ ਸਿੰਘ ਨੇ ਦੱਸਿਆ ਕਿ ਚੀਫ ਖਾਲਸਾ ਦੀਵਾਨ ਐਜੂਕੇਸ਼ਨਲ ਕਮੇਟੀ ਦੇ ਮੈਂਬਰਾਂ ਦੀ ਮੀਟਿੰਗ ਦੌਰਾਨ ਸਰਬਸੰਮਤੀ ਨਾਲ ਲਏ ਫੈਸਲੇ ਅਨੁਸਾਰ ਡਾ. ਜਸਵਿੰਦਰ ਸਿੰਘ ਢਿੱਲੋਂ ਨੂੰ ਆਨਰੇਰੀ ਸਕੱਤਰ ਦੇ ਅਹੁਦੇ ਤੋਂ ਬਰਖਾਸਤ ਕਰ ਦਿੱਤਾ ਗਿਆ ਹੈ।

ਮੀਟਿੰਗ ਦੌਰਾਨ ਐਜੂਕੇਸ਼ਨਲ ਕਮੇਟੀ ਮੈਂਬਰਾਂ ਨੇ ਉਸ ਦੇ ਭਾਜਪਾ ਵਿਚ ਸ਼ਾਮਲ ਹੋਣ 'ਤੇ ਇਤਰਾਜ਼ ਕਰਦਿਆਂ ਕਿਹਾ ਕਿ ਦੀਵਾਨ ਦੀ ਐਜੂਕੇਸ਼ਨਲ ਕਮੇਟੀ ਦੇ ਆਨਰੇਰੀ ਸਕੱਤਰ ਦੇ ਜਿੰਮੇਵਾਰ ਅਹੁਦੇ 'ਤੇ ਰਹਿੰਦਿਆਂ ਪੰਥ ਅਤੇ ਕਿਸਾਨ ਵਿਰੋਧੀ ਪਾਰਟੀ ਵਿਚ ਸ਼ਾਮਲ ਹੋਣਾ ਨਿੰਦਣਯੋਗ ਹੈ। ਪ੍ਰਧਾਨ ਨਿਰਮਲ ਸਿੰਘ, ਆਨਰੇਰੀ ਸਕੱਤਰ ਸਵਿੰਦਰ ਸਿੰਘ ਕੱਥੂਨੰਗਲ ਅਤੇ ਅਜੀਤ ਸਿੰਘ ਬਸਰਾ ਨੇ ਕਿਹਾ ਕਿ ਕਿਸਾਨੀ ਪਿਛੋਕੜ ਨਾਲ ਸਬੰਧਤ ਡਾ. ਜਸਵਿੰਦਰ ਸਿੰਘ ਢਿੱਲੋਂ ਦਾ ਸੰਸਥਾ ਦੀ ਐਜੂਕੇਸ਼ਨਲ ਕਮੇਟੀ ਦੇ ਆਨਰੇਰੀ ਸਕੱਤਰ ਹੋਣ ਦੇ ਬਾਵਜੂਦ ਕਿਸਾਨ ਵਿਰੋਧੀ ਸਿਆਸੀ ਪਾਰਟੀ 'ਚ ਸ਼ਾਮਲ ਹੋਣਾ ਦੀਵਾਨ ਦੀਆਂ ਨੀਤੀਆਂ ਨੂੰ ਢਾਹ ਲਾਉਣ ਵਾਲਾ ਫੈਸਲਾ ਹੈ।

# ਜੰਮੂ ਕਸ਼ਮੀਰ ਮਸਲੇ ਬਾਰੇ ਹਿਲਜੁਲ

*(ਸਫਾ ਇਕ ਦੀ ਬਾਕੀ)*

ਸਿਆਸੀ ਪਾਰਟੀਆਂ ਦੇ ਮੁੱਖ ਆਗੂਆਂ ਨੂੰ ਨਜ਼ਰਬੰਦ ਕਰ ਕੇ ਇਹ ਪ੍ਰਚਾਰ ਕੀਤਾ ਗਿਆ ਕਿ ਇਨ੍ਹਾਂ ਆਗੂਆਂ ਦੀਆਂ ਸਰਗਰਮੀਆਂ ਅਮਨ-ਕਾਨੂੰਨ ਲਈ ਖਤਰਾ ਹਨ। ਇਸ ਤੋਂ ਸਾਫ ਹੋ ਗਿਆ ਸੀ ਕਿ ਭਾਜਪਾ ਇਨ੍ਹਾਂ ਬੰਦਸ਼ਾਂ ਨੂੰ ਲੰਮਾ ਖਿੱਚੇਗੀ। ਜੰਮੂ ਕਸ਼ਮੀਰ ਦੀਆਂ ਸਿਆਸੀ ਪਾਰਟੀਆਂ ਨਾਲ ਮੀਟਿੰਗ ਦੀ ਸੱਦੇ ਪਿੱਛੋਂ ਚਰਚਾ ਹੈ ਕਿ ਸਰਕਾਰ ਜੰਮੂ ਕਸ਼ਮੀਰ ਦਾ ਰਾਜ ਦਾ ਦਰਜਾ ਬਹਾਲ ਕਰ ਸਕਦੀ ਹੈ। ਇਸ ਲਈ ਇਥੇ ਛੇਤੀ ਹੀ ਚੋਣਾਂ ਬਾਰੇ ਵੀ ਐਲਾਨ ਹੋ ਸਕਦਾ ਹੈ।

ਯਾਦ ਰਹੇ, ਕੁਝ ਦਿਨ ਪਹਿਲਾਂ ਅਮਰੀਕਨ ਸਰਕਾਰ ਦੇ ਮੁੱਖ ਅਧਿਕਾਰੀ ਡੀਨ ਥਾਪਸਨ ਨੇ ਕਿਹਾ ਸੀ ਕਿ "ਭਾਰਤ ਸਰਕਾਰ ਦੀਆਂ ਕੁਝ ਕਾਰਵਾਈਆਂ ਜਮਹੂਰੀ ਕਦਰਾਂ-ਕੀਮਤਾਂ ਅਨੁਸਾਰ ਨਹੀਂ ਹਨ।" ਇਹ ਬਿਆਨ ਅਮਰੀਕੀ ਸੰਸਦ (ਕਾਂਗਰਸ) ਦੀ ਮੀਟਿੰਗ ਦੌਰਾਨ ਦਿੱਤਾ ਗਿਆ ਜਿਸ ਵਿਚ ਕੁਝ ਮੈਂਬਰਾਂ ਨੇ ਕਸ਼ਮੀਰ ਦੇ ਹਾਲਾਤ ਬਾਰੇ ਚਿੰਤਾ ਪ੍ਰਗਟਾਈ। ਡੀਨ ਥਾਪਸਨ ਨੇ ਕਿਹਾ ਕਿ ਅਮਰੀਕਨ ਸਰਕਾਰ ਨੇ ਭਾਰਤ ਨੂੰ ਕਸ਼ਮੀਰ ਵਿਚ ਚੋਣਾਂ ਸਬੰਧੀ ਕੁਝ ਕਦਮ ਪੁੱਟਣ ਲਈ ਕਿਹਾ ਗਿਆ ਹੈ। ਕੁਝ ਹੋਰ ਸਿਆਸੀ ਮਾਹਿਰਾਂ ਅਨੁਸਾਰ ਭਾਰਤ ਆਪਣੇ ਅੰਦਰੂਨੀ ਮਾਮਲਿਆਂ ਵਿਚ ਦੂਸਰੇ ਦੇਸ਼ਾਂ ਦਾ ਦਖਲ ਪਸੰਦ ਨਹੀਂ ਕਰਦਾ ਅਤੇ ਨਾ ਹੀ ਅਜਿਹੇ ਬਿਆਨਾਂ ਤੋਂ ਪ੍ਰਭਾਵਿਤ ਹੁੰਦਾ ਹੈ।

# ਸ਼੍ਰੋਮਣੀ ਕਮੇਟੀ ਵੱਲੋਂ ਵੈੱਬ ਸੀਰੀਜ਼ 'ਗ੍ਰਹਿਣ' 'ਤੇ ਰੋਕ ਲਾਉਣ ਦੀ ਮੰਗ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਭਾਰਤ ਸਰਕਾਰ ਦੇ ਸੂਚਨਾ ਪ੍ਰਸਾਰਨ ਮੰਤਰਾਲੇ ਤੋਂ ਮੰਗ ਕੀਤੀ ਹੈ ਕਿ 24 ਜੂਨ ਨੂੰ ਡਿਜਨੀ ਪਲੱਸ ਹੌਟਸਟਾਰ ਮੰਚ 'ਤੇ ਰਿਲੀਜ ਹੋ ਰਹੀ 1984 ਸਿੱਖ ਨਸਲਕੁਸ਼ੀ ਦੀਆਂ ਘਟਨਾਵਾਂ 'ਤੇ ਅਧਾਰਿਤ ਵੈੱਬ ਸੀਰੀਜ਼ 'ਗ੍ਰਹਿਣ' ਉਤੇ ਤੁਰਤ ਰੋਕ ਲਗਾਈ ਜਾਵੇ।

ਬੀਬੀ ਜਗੀਰ ਕੌਰ ਨੇ ਦੋਸ਼ ਲਾਇਆ ਕਿ 'ਗ੍ਰਹਿਣ' ਨਾਂ ਦੀ ਵੈੱਬ ਸੀਰੀਜ਼ ਵਿਚ ਇਕ ਸਿੱਖ ਕਿਰਦਾਰ ਨੂੰ ਇਤਰਾਜ਼ਯੋਗ ਢੰਗ ਨਾਲ ਦਿਖਾਇਆ ਗਿਆ ਹੈ। ਉਨ੍ਹਾਂ ਕਿਹਾ ਕਿ 'ਗ੍ਰਹਿਣ' ਵੈੱਬ ਸੀਰੀਜ਼ ਦੇ ਨਿਰਮਾਤਾ ਅਜੈ ਜੀ ਰਾਏ ਅਤੇ ਡਿਜਨੀ ਪਲੱਸ ਹੌਟਸਟਾਰ ਦੇ ਮੁਖੀ ਸੁਨੀਲ ਰਿਆਨ ਨੂੰ ਬੀਬੀ ਨਿਰਪ੍ਰੀਤ ਕੌਰ ਵੱਲੋਂ ਕਾਨੂੰਨੀ ਨੋਟਿਸ ਭੇਜਿਆ ਗਿਆ ਹੈ, ਜਿਸ ਦੀ ਸ਼੍ਰੋਮਣੀ ਕਮੇਟੀ ਵੀ ਹਮਾਇਤ ਕਰਦੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਇਸ ਵੈੱਬ ਸੀਰੀਜ਼ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਪੁੱਜੇਗੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਸੈਂਸਰ ਬੋਰਡ ਵਿਚ ਸਿੱਖ ਨੁਮਾਇੰਦਿਆਂ ਨੂੰ ਸ਼ਾਮਲ ਕਰਨਾ ਚਾਹੀਦਾ ਹੈ, ਤਾਂ ਜੋ ਕਿਸੇ ਵੀ ਫਿਲਮ ਵਿਚ ਸਿੱਖ ਧਰਮ ਨਾਲ ਸਬੰਧਤ ਵਿਵਾਦਤ ਸੀਨ ਨੂੰ ਕੱਟਿਆ ਜਾ ਸਕੇ।

# ਭਾਜਪਾ ਦੇ ਟਾਕਰੇ ਲਈ ਸਾਂਝਾ ਪਿੜ ਬੰਨ੍ਹਣ ਦੀ ਕਵਾਇਦ

*(ਸਫਾ ਇਕ ਦੀ ਬਾਕੀ)*

ਦੇ ਤਾਕਤਵਰ ਆਗੂ ਵਜੋਂ ਉਭਾਰ ਪਿੱਛੋਂ ਤੁਰੀ ਸੀ। ਭਾਵੇਂ ਭਾਜਪਾ ਵਿਰੋਧੀ ਧਿਰਾਂ ਆਪਣੇ ਸਾਰੇ ਪੱਤੇ ਖੋਲ੍ਹਣ ਤੋਂ ਝਿਜਕ ਰਹੀਆਂ ਹਨ ਪਰ ਉਹ ਇਹ ਜ਼ਰੂਰ ਮੰਨ ਰਹੇ ਹਨ ਕਿ ਭਗਵਾ ਧਿਰ ਦੇ ਟਾਕਰੇ ਲਈ ਸਾਂਝੇ ਮੰਚ ਤੋਂ ਇਲਾਵਾ ਹੋਰ ਕੋਈ ਰਾਹ ਨਹੀਂ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ

# ਕੈਪਟਨ ਵੱਲੋਂ ਮੁਲਾਜ਼ਮਾਂ ਦੇ ਸਾਰੇ ਉਲਾਂਭੇ ਲਾਹੁਣ ਦੀ ਰਣਨੀਤੀ

## *6ਵੇਂ ਤਨਖਾਹ ਕਮਿਸ਼ਨ ਸਣੇ ਲਏ ਕਈ ਅਹਿਮ ਫੈਸਲੇ*

**ਚੰਡੀਗੜ੍ਹ:** ਪੰਜਾਬ ਮੰਤਰੀ ਮੰਡਲ ਨੇ ਮੁਲਾਜ਼ਮਾਂ ਨੂੰ ਖੁਸ਼ ਕਰਨ ਲਈ 6ਵੇਂ ਪੇਅ ਕਮਿਸ਼ਨ ਦੀਆਂ ਕਾਫੀ ਸਿਫਾਰਸ਼ਾਂ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਪੰਜਾਬ ਸਰਕਾਰ ਨੇ ਅਗਲੀਆਂ ਚੋਣਾਂ ਦੇ ਮੱਦੇਨਜਰ ਮੁਲਾਜ਼ਮਾਂ ਨੂੰ ਵੱਡੀ ਰਾਹਤ ਦੇਣ ਲਈ ਇਨ੍ਹਾਂ ਸਿਫਾਰਸ਼ਾਂ ਨੂੰ ਪਹਿਲੀ ਜੁਲਾਈ, 2021 ਤੋਂ ਲਾਗੂ ਕਰਨ ਅਤੇ ਪਹਿਲੀ ਜਨਵਰੀ 2016 ਤੋਂ ਅਮਲ ਵਿਚ ਲਿਆਉਣ ਦਾ ਫੈਸਲਾ ਕੀਤਾ ਹੈ। ਕੈਪਟਨ ਸਰਕਾਰ ਦੇ ਇਸ ਫੈਸਲੇ ਨਾਲ ਸੂਬੇ ਦੇ 5.40 ਲੱਖ ਸਰਕਾਰੀ ਮੁਲਾਜ਼ਮਾਂ ਅਤੇ ਸੇਵਾਮੁਕਤ ਮੁਲਾਜ਼ਮਾਂ ਨੂੰ ਫਾਇਦਾ ਮਿਲੇਗਾ। ਇਸ ਨਾਲ ਸਰਕਾਰੀ ਖਜ਼ਾਨੇ ਉਤੇ ਸਾਲਾਨਾ 8637 ਕਰੋੜ ਰੁਪਏ ਦਾ ਵਾਧੂ ਬੋਝ ਪਵੇਗਾ ਅਤੇ ਸੰਭਾਵੀ ਵਾਧੂ ਕੁੱਲ ਖਰਚਾ ਪ੍ਰਤੀ ਸਾਲ ਕਰੀਬ 4700 ਕਰੋੜ ਰੁਪਏ ਹੋਵੇਗਾ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਦੀ ਪ੍ਰਧਾਨਗੀ ਹੇਠ ਕੈਬਨਿਟ ਦੀ ਹੋਈ ਵਰਚੁਅਲ ਮੀਟਿੰਗ ਵਿਚ ਸ਼ਹਿਰਾਂ ਵਿਚ ਕੰਮ ਕਰਦੇ ਸਫਾਈ ਕਾਮਿਆਂ ਨੂੰ ਰੈਗੂਲਰ ਕਰਨ, ਮਕਾਨ ਤੇ ਸ਼ਹਿਰੀ ਵਿਕਾਸ ਵਿਭਾਗ ਦੀ ਮਨਜ਼ੂਰੀ ਤੋਂ ਬਿਨਾਂ ਮਿਉਂਸਪਲ ਹੱਦ ਤੋਂ ਬਾਹਰ ਉਸਾਰੀਆਂ ਇਕਹਿਰੀਆਂ ਇਮਾਰਤਾਂ ਨੂੰ ਰੈਗੂਲਰ ਕਰਨ, ਨਵੀਆਂ ਅਸਾਮੀਆਂ ਦੀ ਰਚਨਾ ਅਤੇ ਮਿੰਨੀ ਬੱਸ ਅਪਰੇਟਰਾਂ ਨੂੰ ਰਾਹਤ ਦੇਣ ਆਦਿ ਦੇ ਫੈਸਲੇ ਵੀ ਲਏ ਗਏ।

ਕੈਬਨਿਟ ਮੀਟਿੰਗ ਮਗਰੋਂ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਨਵੇਂ ਮੁਲਾਜ਼ਮਾਂ ਨੂੰ ਕੇਂਦਰ ਸਰਕਾਰ ਦੇ ਤਨਖਾਹ ਸਕੇਲਾਂ ਅਨੁਸਾਰ ਹੀ ਅਦਾਇਗੀ ਕੀਤੀ ਜਾਵੇਗੀ ਜੋ ਸਾਰੀਆਂ ਨਵੀਆਂ ਭਰਤੀਆਂ ਉਤੇ ਵੀ ਲਾਗੂ ਹੋਵੇਗੀ। ਛੇਵੇਂ ਤਨਖਾਹ ਕਮਿਸ਼ਨ ਦੇ ਲਾਗੂ ਹੋਣ ਨਾਲ ਸੋਧੇ ਹੋਏ ਢਾਂਚੇ ਮੁਤਾਬਕ ਘੱਟੋ-ਘੱਟ ਪੈਨਸ਼ਨ 3500 ਰੁਪਏ ਪ੍ਰਤੀ ਮਹੀਨਾ ਤੋਂ ਵਧ ਕੇ 9000 ਰੁਪਏ ਪ੍ਰਤੀ ਮਹੀਨਾ ਹੋ ਜਾਵੇਗੀ ਅਤੇ ਘੱਟੋ-ਘੱਟ ਫੈਮਿਲੀ ਪੈਨਸ਼ਨ ਵਧ ਕੇ 9000 ਰੁਪਏ ਪ੍ਰਤੀ ਮਹੀਨਾ ਹੋ ਜਾਵੇਗੀ। ਤਲਾਕਸ਼ੁਦਾ/ਵਿਧਵਾ ਧੀ ਵੀ ਫੈਮਿਲੀ ਪੈਨਸ਼ਨ ਦੇ ਯੋਗ ਹੋਵੇਗੀ। ਹੁਣ ਸਰਕਾਰੀ ਮੁਲਾਜ਼ਮਾਂ ਦੀ ਘੱਟੋ-ਘੱਟ ਤਨਖਾਹ 6950 ਰੁਪਏ ਤੋਂ ਵਧ ਕੇ 18000 ਰੁਪਏ ਪ੍ਰਤੀ ਮਹੀਨਾ ਹੋ ਜਾਵੇਗੀ। ਤਨਖਾਹਾਂ ਤੇ ਪੈਨਸ਼ਨਾਂ ਪਿਛਲੇ ਤਨਖਾਹ



ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਮੁਕਾਬਲੇ ਇਸ ਵਾਰ 2.59 ਗੁਣਾ ਵਧ ਜਾਣਗੀਆਂ ਅਤੇ ਸਾਲਾਨਾ ਇੰਕਰੀਮੈਂਟ 3 ਫੀਸਦੀ ਮਿਲੇਗਾ। ਇਸ ਨਾਲ ਸਾਰੇ ਮੌਜੂਦਾ ਮੁਲਾਜ਼ਮਾਂ ਦੇ ਤਨਖਾਹ ਸਕੇਲ ਗੁਆਂਢੀ ਸੂਬੇ ਹਰਿਆਣਾ ਤੋਂ ਵੱਧ ਹੋ ਜਾਣਗੇ।

ਪਹਿਲੀ ਜਨਵਰੀ, 2016 ਤੋਂ 30 ਜੂਨ, 2021 ਤੱਕ ਦੇ ਮੂਲ ਬਕਾਏ (ਨੈੱਟ ਏਰੀਅਰ) ਦੀ ਅਨੁਮਾਨਿਤ ਰਕਮ ਕਰੀਬ 13800 ਕਰੋੜ ਰੁਪਏ ਬਣਦੀ ਹੈ। ਸਾਲ 2016 ਲਈ ਕਰਮਚਾਰੀਆਂ ਤੇ ਪੈਨਸ਼ਨਰਾਂ ਦੇ ਮੂਲ ਬਕਾਏ ਦੀ ਅਨੁਮਾਨਿਤ ਰਕਮ 2572 ਕਰੋੜ ਰੁਪਏ ਬਣਦੀ ਹੈ ਜੋ ਦੋ ਬਰਾਬਰ ਕਿਸ਼ਤਾਂ ਵਿਚ ਅਕਤੂਬਰ 2021 ਤੇ ਜਨਵਰੀ 2022 ਵਿਚ ਦਿੱਤੀ ਜਾਵੇਗੀ।

ਪੰਜਾਬ ਸਰਕਾਰ ਨੇ ਪਹਿਲੀ ਜੁਲਾਈ, 2021 ਤੋਂ ਪੈਨਸ਼ਨ ਦੀ ਕਮਿਊਟੇਸ਼ਨ 40 ਫੀਸਦੀ ਤੱਕ ਬਹਾਲ ਕਰਨ ਨੂੰ ਵੀ ਮਨਜ਼ੂਰੀ ਦੇ ਦਿੱਤੀ ਹੈ। ਮੌਤ ਕਮ ਰਿਟਾਇਰਮੈਂਟ ਗਰੈਚੁਟੀ (ਡੀ.ਸੀ.ਆਰ.ਜੀ.) ਨੂੰ 10 ਲੱਖ ਰੁਪਏ ਤੋਂ ਵਧਾ ਕੇ 20 ਲੱਖ ਰੁਪਏ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਐਕਸ-ਗ੍ਰੇਸ਼ੀਆ ਗਰਾਂਟ ਦੀਆਂ ਮੌਜੂਦਾ ਦਰਾਂ ਦੁੱਗਣੀਆਂ ਕਰ ਦਿੱਤੀਆਂ ਗਈਆਂ ਹਨ। ਮੌਤ-ਕਮ-ਰਿਟਾਇਰਮੈਂਟ ਗਰੈਚੁਟੀ ਤੇ ਐਕਸ-ਗ੍ਰੇਸ਼ੀਆ ਨੂੰ ਨਵੀਂ ਪੈਨਸ਼ਨ ਸਕੀਮ ਤਹਿਤ ਆਉਂਦੇ ਮੁਲਾਜ਼ਮਾਂ ਨੂੰ ਵੀ ਪ੍ਰਦਾਨ ਕਰਨ ਦਾ ਫੈਸਲਾ ਕੀਤਾ ਗਿਆ ਹੈ। ਫੀਸਦੀ ਆਧਾਰਿਤ ਭੱਤੇ ਜਿਵੇਂ ਕਿ ਮਕਾਨ ਕਿਰਾਇਆ ਭੱਤਾ (ਐਚ.ਆਰ.ਏ.), ਐਨ.ਪੀ.ਏ. ਆਦਿ ਨਵੇਂ ਢਾਂਚੇ ਅਨੁਸਾਰ ਤਰਕਸੰਗਤ ਕੀਤੇ ਜਾਣਗੇ ਜਦੋਂ ਕਿ ਡਿਜ਼ਾਈਨ ਭੱਤਾ, ਚੌਕੀਦਾਰਾਂ ਤੇ ਡਰਾਈਵਰਾਂ ਲਈ ਵਿਸ਼ੇਸ਼ ਭੱਤੇ ਨੂੰ ਦੁੱਗਣਾ ਕਰ ਦਿੱਤਾ ਗਿਆ ਹੈ।

ਇਸੇ ਤਰ੍ਹਾਂ ਨਵਾਂ ਭੱਤਾ ਉਚੇਰੀ ਸਿੱਖਿਆ ਭੱਤਾ ਸ਼ੁਰੂ ਕੀਤਾ ਗਿਆ ਹੈ ਜੋ ਕਿ ਯਕਮੁਸ਼ਤ ਲਾਭ ਦੇ ਰੂਪ ਵਿਚ ਸਮੂਹ ਮੁਲਾਜ਼ਮਾਂ ਨੂੰ ਦਿੱਤਾ ਜਾਵੇਗਾ। ਕੈਬਨਿਟ ਮੀਟਿੰਗ ਵਿਚ ਪੰਜਾਬ ਦੀਆਂ ਵੱਖ-ਵੱਖ ਮਿਊਂਸਪੈਲਟੀਆਂ ਨਾਲ ਠੇਕੇ 'ਤੇ ਕੰਮ ਕਰ ਰਹੇ ਸ਼ਹਿਰੀ ਸਥਾਨਕ ਸਰਕਾਰਾਂ ਦੇ ਸਮੂਹ ਸਫਾਈ ਕਰਮਚਾਰੀਆਂ ਅਤੇ ਸੀਵਰਮੈਨਾਂ ਨੂੰ ਰੈਗੂਲਰ ਕਰਨ ਦਾ ਫੈਸਲਾ ਕੀਤਾ ਗਿਆ ਹੈ ਜਿਸ ਨਾਲ ਕਰੀਬ 15 ਹਜ਼ਾਰ ਕਾਮਿਆਂ ਨੂੰ ਲਾਭ ਮਿਲਣ ਦੀ ਸੰਭਾਵਨਾ ਹੈ। ਇਨ੍ਹਾਂ ਕਾਮਿਆਂ ਨੂੰ ਪ੍ਰਸਤਾਵਿਤ ਕਾਨੂੰਨ ਅਨੁਸਾਰ ਰੈਗੂਲਰ ਕੀਤਾ ਜਾਵੇਗਾ। ਮੰਤਰੀ ਮੰਡਲ ਨੇ ਹੋਰ ਕਰਮਚਾਰੀਆਂ ਅਤੇ ਸੀਵਰਮੈਨਾਂ ਨੂੰ ਠੇਕੇ 'ਤੇ ਭਰਤੀ ਕਰਨ ਸਬੰਧੀ ਮਨਜ਼ੂਰੀ ਦੇਣ ਦਾ ਫੈਸਲਾ ਵੀ ਕੀਤਾ।

ਮੰਤਰੀ ਮੰਡਲ ਨੇ ਮਕਾਨ ਤੇ ਸ਼ਹਿਰੀ ਵਿਕਾਸ ਵਿਭਾਗ ਦੀ ਮਨਜ਼ੂਰੀ ਤੋਂ ਬਿਨਾਂ ਮਿਊਂਸਪਲ ਹੱਦ ਤੋਂ ਬਾਹਰ ਉਸਾਰੀਆਂ ਇਕਹਿਰੀਆਂ ਇਮਾਰਤਾਂ ਨੂੰ ਬਿਲਡਿੰਗ ਉਪ ਨਿਯਮਾਂ ਦੀ ਸਖਤ ਪਾਲਣਾ ਨਾਲ ਰੈਗੂਲਰ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ ਅਤੇ ਯਕਮੁਸ਼ਤ ਨਿਪਟਾਰਾ ਨੀਤੀ ਲਈ ਅਰਜ਼ੀਆਂ 31 ਮਾਰਚ, 2022 ਤੱਕ ਪ੍ਰਵਾਨ ਕੀਤੀਆਂ ਜਾਣਗੀਆਂ।

ਮੰਤਰੀ ਮੰਡਲ ਨੇ ਐਸਸੀ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਵਜ਼ੀਫਾ ਸਕੀਮ ਦੇ ਵਰ੍ਹੇ 2017-18 ਤੋਂ 2019-20 ਤੱਕ ਦੇ ਸਮੇਂ ਲਈ ਨਿੱਜੀ ਸਿੱਖਿਆ ਸੰਸਥਾਵਾਂ ਦੇ 200 ਕਰੋੜ ਰੁਪਏ ਦੇ ਬਕਾਏ ਦਾ 40 ਫੀਸਦੀ ਹਿੱਸਾ ਅਦਾ ਕਰਨ ਦਾ ਫੈਸਲਾ ਵੀ ਕੀਤਾ ਹੈ। ਸਰਕਾਰ ਵੱਲੋਂ ਇਹ ਬਕਾਏ ਨਿੱਜੀ ਸੰਸਥਾਵਾਂ ਨੂੰ ਸਾਲ 2021-22 ਲਈ ਤਿੰਨ ਇਕ ਸਮਾਨ ਤਿਮਾਹੀ ਕਿਸ਼ਤਾਂ ਵਿਚ ਅਦਾ ਕੀਤੇ ਜਾਣਗੇ। ਕੈਬਨਿਟ ਨੇ ਰੇਤ ਮਾਫੀਆ ਨਾਲ ਨਜਿੱਠਣ ਲਈ ਪੰਜਾਬ ਮਾਈਨਰ ਮਿਨਰਲ ਰੂਲਜ਼, 2013 ਅਤੇ ਪੰਜਾਬ ਰਾਜ ਵਿਚ ਸਟੋਨ ਕਰੱਸ਼ਰਾਂ ਦੀ ਰਜਿਸਟ੍ਰੇਸ਼ਨ ਅਤੇ ਕਾਰਜ ਲਈ ਨੀਤੀਗਤ ਦਿਸ਼ਾ ਨਿਰਦੇਸ਼, 2015 ਵਿਚ ਸੋਧ ਕਰਨ ਨੂੰ ਹਰੀ ਝੰਡੀ ਦੇ ਦਿੱਤੀ ਹੈ।

ਇਵੇਂ ਹੀ ਪੰਜਾਬ ਮਿਊਂਸਪਲ ਸੇਵਾਵਾਂ ਸੁਧਾਰ ਪ੍ਰੋਜੈਕਟ ਤਹਿਤ ਅੰਮ੍ਰਿਤਸਰ ਅਤੇ ਲੁਧਿਆਣਾ ਲਈ ਨਹਿਰੀ ਪਾਣੀ ਆਧਾਰਿਤ ਜਲ ਸਪਲਾਈ ਪ੍ਰੋਜੈਕਟ ਲਈ ਵਿਸ਼ਵ ਬੈਂਕ/ਏਸ਼ੀਅਨ ਇਨਫਰਾਸਟ੍ਰੱਕਚਰ ਇਨਵੈਸਟਮੈਂਟ ਬੈਂਕ ਤੋਂ 210 ਮਿਲੀਅਨ ਅਮਰੀਕੀ ਡਾਲਰ ਦਾ ਕਰਜ਼ਾ ਲੈਣ ਦਾ ਫੈਸਲਾ ਕੀਤਾ ਗਿਆ ਹੈ। ਸੂਬੇ ਦੇ ਹਰੇਕ ਜ਼ਿਲ੍ਹੇ ਵਿਚ ਇਕ ਜ਼ਿਲ੍ਹਾ ਉਦਯੋਗ ਤੇ ਨਿਵੇਸ਼ ਪ੍ਰੋਤਸਾਹਨ ਬਿਊਰੋ ਸਥਾਪਤ ਕੀਤਾ ਜਾਵੇਗਾ। ਕਲੀਨੀਕਲ ਅਸਾਮੀਆਂ 'ਤੇ ਕੰਮ ਕਰ ਰਹੇ ਸਪੈਸ਼ਲਿਸਟ ਡਾਕਟਰਾਂ ਨੂੰ 58 ਸਾਲ ਦੀ ਉਮਰ 'ਤੇ ਸੇਵਾਮੁਕਤੀ ਹੋਣ ਤੋਂ ਬਾਅਦ ਵੀ 31 ਮਾਰਚ, 2022 ਤੱਕ ਆਪਣੀਆਂ ਸੇਵਾਵਾਂ ਜਾਰੀ ਰੱਖਣ ਦੀ ਪ੍ਰਵਾਨਗੀ ਦਿੱਤੀ ਗਈ ਹੈ। ਕੈਬਨਿਟ ਨੇ ਪੋਸ਼ਣ ਅਭਿਆਨ (ਕੌਮੀ ਪੋਸ਼ਣ ਮਿਸ਼ਨ) ਤਹਿਤ 184 ਅਸਾਮੀਆਂ ਵਿਚ ਵਾਧਾ ਕੀਤੇ ਜਾਣ ਨੂੰ ਵੀ ਮਨਜ਼ੂਰੀ ਦੇ ਦਿੱਤੀ ਹੈ।

### ਅਸਾਮੀਆਂ ਦੀ ਸਿਰਜਣਾ ਨੂੰ ਹਰੀ ਝੰਡੀ

ਕੈਬਨਿਟ ਨੇ ਪੰਜਾਬ ਬਿਊਰੋ ਆਫ ਇਨਵੈਸਟੀਗੇਸ਼ਨ ਵਿਚ ਜਾਂਚ ਦੀ ਸਮੁੱਚੀ ਕਾਰਜ ਪ੍ਰਣਾਲੀ ਵਿਚ ਸੁਧਾਰ ਲਈ ਸਿਵਲੀਅਨ ਸਹਿਯੋਗੀ ਸਟਾਫ (ਮਾਹਿਰ ਸਹਿਯੋਗੀ ਸਟਾਫ) ਦੀਆਂ 798 ਅਸਾਮੀਆਂ ਦੀ ਸਿਰਜਣਾ ਨੂੰ ਹਰੀ ਝੰਡੀ ਦੇ ਦਿੱਤੀ ਹੈ। ਪੰਜਾਬ ਊਰਜਾ ਵਿਕਾਸ ਏਜੰਸੀ ਵਿਚ 29 ਅਤੇ ਚੀਫ ਇਲੈਕਟ੍ਰੀਕਲ ਵਿਭਾਗ ਵਿਚ 38 ਅਸਾਮੀਆਂ ਨੂੰ ਤਿਆਗਦਿਆਂ 21 ਖਾਲੀ ਅਸਾਮੀਆਂ ਭਰਨ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ। ਮੰਤਰੀ ਮੰਡਲ ਨੇ ਪੰਜ ਮੌਜੂਦਾ ਅਤੇ ਨਵੀਆਂ 20 ਆਈ.ਟੀ.ਆਈਜ਼. ਲਈ 653 ਅਸਾਮੀਆਂ ਦੀ ਸਿਰਜਣਾ ਨੂੰ ਵੀ ਹਰੀ ਝੰਡੀ ਦੇ ਦਿੱਤੀ ਹੈ। 16 ਸਰਕਾਰੀ ਕਾਲਜਾਂ ਵਿਚ ਟੀਚਿੰਗ ਅਤੇ ਨਾਨ-ਟੀਚਿੰਗ ਦੀਆਂ ਅਸਾਮੀਆਂ ਸਿਰਜਣ ਲਈ ਪ੍ਰਵਾਨਗੀ ਦੇ ਦਿੱਤੀ ਹੈ। ਗੁਰੂ ਗੋਬਿੰਦ ਸਿੰਘ ਗੌਰਮਿੰਟ ਕਾਲਜ, ਜਲੰਧਰ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਹੱਥਾਂ ਵਿਚ ਸੌਂਪਿਆ ਜਾਵੇਗਾ। ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ, ਪਟਿਆਲਾ ਵਿਖੇ 76 ਅਸਾਮੀਆਂ ਦੀ ਰਚਨਾ ਨੂੰ ਮਨਜ਼ੂਰੀ ਦਿੱਤੀ ਗਈ ਹੈ।

# ਅਦਾਲਤ ਵੱਲੋਂ ਦੀਪ ਸਿੱਧੂ ਅਤੇ ਹੋਰ ਮੁਲਜ਼ਮਾਂ ਨੂੰ 29 ਨੂੰ ਪੇਸ਼ ਹੋਣ ਦੇ ਹੁਕਮ

**ਨਵੀਂ ਦਿੱਲੀ:** ਗਣਤੰਤਰ ਦਿਵਸ 'ਤੇ ਹੋਈ ਹਿੰਸਾ ਦੇ ਕੇਸ 'ਚ ਅਦਾਕਾਰ ਦੀਪ ਸਿੱਧੂ ਅਤੇ ਹੋਰਾਂ ਖਿਲਾਫ ਦਾਖਲ ਪੂਰਕ ਚਾਰਜਸ਼ੀਟ ਦਾ ਨੋਟਿਸ ਲੈਂਦਿਆਂ ਇਥੋਂ ਦੀ ਇਕ ਅਦਾਲਤ ਨੇ ਉਨ੍ਹਾਂ ਨੂੰ 29 ਜੂਨ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਹੋਣ ਦੇ ਹੁਕਮ ਦਿੱਤੇ ਹਨ।

ਜੁਡੀਸ਼ਲ ਹਿਰਾਸਤ 'ਚ ਮਨਿੰਦਰ ਸਿੰਘ ਅਤੇ ਖੇਮਪ੍ਰੀਤ ਸਿੰਘ ਖਿਲਾਫ ਪ੍ਰੋਡਕਸ਼ਨ ਵਾਰੰਟ ਜਾਰੀ ਕੀਤੇ ਗਏ ਹਨ। ਦੋਹਾਂ ਨੂੰ ਛੱਡ ਕੇ ਬਾਕੀ ਦੇ ਹੋਰ ਮੁਲਜ਼ਮ ਜ਼ਮਾਨਤ 'ਤੇ ਹਨ। ਜੱਜ ਨੇ ਕਿਹਾ ਕਿ ਅਦਾਲਤ ਆਈ.ਪੀ.ਸੀ. ਦੀਆਂ ਵੱਖ-ਵੱਖ ਧਾਰਾਵਾਂ ਨਾਲ ਸਬੰਧਤ ਚਾਰਜਸ਼ੀਟ ਦਾ ਨੋਟਿਸ ਲੈ ਰਹੀ ਹੈ। ਮਹਾਮਾਰੀ ਰੋਗ ਐਕਟ, ਆਫਤ ਪ੍ਰਬੰਧਨ ਐਕਟ ਅਤੇ ਆਰਮਜ਼ ਐਕਟ ਤਹਿਤ ਕੇਸ ਚਲਾਉਣ ਲਈ ਸਬੰਧਤ ਅਧਿਕਾਰੀਆਂ ਤੋਂ ਪ੍ਰਵਾਨਗੀ ਦੀ ਉਡੀਕ ਕੀਤੀ ਜਾ ਰਹੀ ਹੈ। ਪੁਲਿਸ



ਨੇ 17 ਜੂਨ ਨੂੰ ਪੂਰਕ ਚਾਰਜਸ਼ੀਟ ਦਾਖਲ ਕੀਤੀ ਸੀ। ਆਪਣੀ ਅੰਤਿਮ ਰਿਪੋਰਟ 'ਚ ਜਾਂਚ ਅਧਿਕਾਰੀ ਨੇ ਗੰਭੀਰ ਤੌਰ 'ਤੇ ਜ਼ਖਮੀ ਹੋਏ ਗਵਾਹਾਂ ਜਾਂ ਜਿਨ੍ਹਾਂ ਦੇ ਹਥਿਆਰ ਖੋਹੇ ਗਏ ਸਨ, ਦੇ ਨਾਮ ਸ਼ਾਮਲ ਕੀਤੇ ਹਨ। ਦਿੱਲੀ ਪੁਲਿਸ ਦੀ ਅਪਰਾਧ ਸ਼ਾਖਾ ਨੇ ਸਿੱਧੂ ਅਤੇ 15 ਹੋਰਾਂ ਖਿਲਾਫ 17 ਮਈ ਨੂੰ 3,224 ਪੰਨਿਆਂ ਦੀ ਚਾਰਜਸ਼ੀਟ ਦਾਖਲ ਕੀਤੀ ਸੀ।

# ਉਡਣਾ ਸਿੱਖ ਵਜੋਂ ਮਸ਼ਹੂਰ ਮਿਲਖਾ ਸਿੰਘ ਦਾ ਦੇਹਾਂਤ

**ਚੰਡੀਗੜ੍ਹ:** ਭਾਰਤੀ ਅਥਲੀਟ ਤੇ 'ਉਡਣੇ ਸਿੱਖ' ਵਜੋਂ ਮਕਬੂਲ ਮਿਲਖਾ ਸਿੰਘ ਦੀ ਕਰੋਨਾ ਵਾਇਰਸ ਕਰਕੇ ਮੌਤ ਹੋ ਗਈ। ਉਹ ਪਿਛਲੇ ਇਕ ਮਹੀਨੇ ਤੋਂ ਕਰੋਨਾ ਦੀ ਲਾਗ ਨਾਲ ਜੂਝ ਰਹੇ ਸਨ। ਦੱਸਣਾ ਬਣਦਾ ਹੈ ਕਿ ਮਿਲਖਾ ਸਿੰਘ ਦੀ ਪਤਨੀ ਤੇ ਭਾਰਤੀ ਵਾਲੀਬਾਲ ਟੀਮ ਦੀ ਸਾਬਕਾ ਕਪਤਾਨ ਨਿਰਮਲ ਕੌਰ ਦੀ ਵੀ ਕੁਝ ਦਿਨ ਪਹਿਲਾਂ ਕਰੋਨਾ ਕਰਕੇ ਮੌਤ ਹੋ ਗਈ ਸੀ। ਉਨ੍ਹਾਂ ਦੇ ਪਰਿਵਾਰ ਵਿਚ ਪਿੱਛੇ ਹੁਣ ਗੌਲਫਰ ਪੁੱਤ ਜੀਵ ਮਿਲਖਾ ਸਿੰਘ ਤੇ ਤਿੰਨ ਧੀਆਂ ਹਨ। ਮਿਲਖਾ ਸਿੰਘ ਪਿਛਲੇ ਕੁਝ ਦਿਨਾਂ ਤੋਂ ਇਥੇ ਪੀ.ਜੀ.ਆਈ. ਵਿਚ ਜੇਰੇ ਇਲਾਜ ਸਨ। ਉਨ੍ਹਾਂ ਨੂੰ ਪਿਛਲੇ ਮਹੀਨੇ ਕਰੋਨਾ ਦੀ ਲਾਗ ਚਿੰਬੜ ਗਈ ਸੀ। ਮਿਲਖਾ ਸਿੰਘ ਨੂੰ ਆਕਸਜੀਨ ਦਾ ਪੱਧਰ ਘਟਣ ਮਗਰੋਂ 3 ਜੂਨ ਨੂੰ ਪੀ.ਜੀ.ਆਈ. ਦਾਖਲ ਕਰਵਾਇਆ ਗਿਆ ਸੀ। ਇਸ ਤੋਂ ਪਹਿਲਾਂ ਉਹ ਇਕ ਹਫਤੇ ਲਈ ਫੋਰਟਿਸ ਹਸਪਤਾਲ ਵਿਚ ਵੀ ਦਾਖਲ ਰਹੇ। ਉੱਡਣੇ ਸਿੱਖ ਨੇ ਏਸ਼ਿਆਈ ਖੇਡਾਂ ਵਿਚ ਚਾਰ ਵਾਰ ਤੇ 1958 ਦੀਆਂ ਰਾਸ਼ਟਰਮੰਡਲ ਖੇਡਾਂ ਵਿਚ ਸੋਨ ਤਗਮਾ ਜਿੱਤਿਆ ਸੀ। ਉਨ੍ਹਾਂ 1956 ਤੇ 1964 ਓਲੰਪਿਕਸ ਵਿਚ ਭਾਰਤ ਦੀ ਨੁਮਾਇੰਦਗੀ ਕੀਤੀ। ਉਨ੍ਹਾਂ ਨੂੰ ਸਾਲ 1959 ਵਿਚ ਪਦਮਸ੍ਰੀ ਨਾਲ ਨਿਵਾਜਿਆ ਗਿਆ ਸੀ।

1929 ਨੂੰ ਗੋਵਿੰਦਪੁਰਾ (ਹੁਣ ਪਾਕਿਸਤਾਨ 'ਚ) ਇਕ ਸਿੱਖ ਪਰਿਵਾਰ 'ਚ ਮਿਲਖਾ ਸਿੰਘ ਦਾ ਜਨਮ ਹੋਇਆ ਸੀ। ਬਟਵਾਰੇ ਦੌਰਾਨ ਉਹ ਅਨਾਥ ਹੋ ਗਏ ਅਤੇ ਬਾਅਦ 'ਚ ਭਾਰਤੀ ਸੈਨਾ 'ਚ ਸ਼ਾਮਲ ਹੋਏ। ਚਾਰ ਵਾਰ ਏਸ਼ਿਆਈ ਖੇਡਾਂ 'ਚ ਸੋਨ ਤਗਮਾ ਜਿੱਤਣ ਵਾਲੇ ਤੇ 1958 ਰਾਸ਼ਟਰਮੰਡਲ ਖੇਡਾਂ ਦੇ ਚੈਂਪੀਅਨ ਮਿਲਖਾ ਸਿੰਘ ਨੂੰ ਪਹਿਲੀ ਵਾਰ 1960 'ਚ 'ਉੱਡਣਾ ਸਿੱਖ' ਕਿਹਾ ਗਿਆ। ਉਨ੍ਹਾਂ ਨੂੰ ਇਹ ਨਾਂ ਪਾਕਿਸਤਾਨ ਦੇ ਉਸ ਸਮੇਂ ਦੇ ਰਾਸ਼ਟਰਪਤੀ



ਆਯੂਬ ਖਾਨ ਨੇ ਦਿੱਤਾ ਸੀ। 1960 'ਚ ਆਯੂਬ ਖਾਨ ਨੇ 'ਇੰਡੋ-ਪਾਕਿ ਸਪੋਰਟਸ ਮੀਟ' ਲਈ ਮਿਲਖਾ ਸਿੰਘ ਨੂੰ ਪਾਕਿਸਤਾਨ ਆਉਣ ਦਾ ਸੱਦਾ ਦਿੱਤਾ ਸੀ। ਹਾਲਾਂਕਿ ਮਿਲਖਾ ਸਿੰਘ ਬਚਪਨ 'ਚ ਬਟਵਾਰੇ ਕਰਕੇ ਜਿਸ ਦੇਸ਼ ਨੂੰ ਛੱਡ ਆਏ ਸੀ, ਉਥੇ ਨਹੀਂ ਜਾਣਾ ਚਾਹੁੰਦੇ ਸੀ ਪਰ ਤਤਕਾਲੀਨ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੇ ਜ਼ੋਰ ਦੇਣ ਉਤੇ ਉਹ ਭਾਰਤੀ ਟੀਮ ਦੇ ਝੰਡਾਬਰਦਾਰ ਦੇ ਤੌਰ 'ਤੇ ਪਾਕਿਸਤਾਨ ਗਏ। ਇਥੇ ਮਿਲਖਾ ਸਿੰਘ ਨੇ 200 ਮੀਟਰ ਦੀ ਦੌੜ 'ਚ ਪਾਕਿਸਤਾਨ ਦੇ ਸੁਪਰ ਸਟਾਰ ਤੇ ਕੌਮੀ ਚੈਂਪੀਅਨ ਅਬਦੁਲ ਖਲੀਕ ਨੂੰ ਆਸਾਨੀ ਨਾਲ ਹਰਾ ਕੇ ਸੋਨ ਤਗਮਾ ਜਿੱਤਿਆ। ਇਨਾਮ ਵੰਡ ਸਮਾਰੋਹ ਦੌਰਾਨ ਆਯੂਬ ਖਾਨ ਨੇ ਮਿਲਖਾ ਸਿੰਘ ਨੂੰ ਪਹਿਲੀ ਵਾਰ 'ਉੱਡਣਾ ਸਿੱਖ' ਨਾਂ ਦਿੱਤਾ। ਮਿਲਖਾ ਸਿੰਘ ਨੇ 1958 ਰਾਸ਼ਟਰ ਮੰਡਲ ਖੇਡਾਂ 'ਚ ਟ੍ਰੈਕ ਐਂਡ ਫੀਲਡ ਮੁਕਾਬਲੇ 'ਚ ਭਾਰਤ ਲਈ ਪਹਿਲਾ ਸੋਨ ਤਗਮਾ ਜਿੱਤਿਆ ਸੀ। 56 ਸਾਲ ਤੱਕ ਇਹ ਰਿਕਾਰਡ ਕੋਈ ਨਹੀਂ ਤੋੜ ਸਕਿਆ ਸੀ। ਮਿਲਖਾ ਸਿੰਘ ਨੇ 1962 ਦੀਆਂ ਜਕਾਰਤਾ ਏਸ਼ਿਆਈ ਖੇਡਾਂ 'ਚ ਲਗਾਤਾਰ ਦੋ ਸੋਨ ਤਗਮੇ ਜਿੱਤੇ, ਉਨ੍ਹਾਂ ਨੇ 400 ਮੀਟਰ ਅਤੇ 400 ਮੀਟਰ ਰਿਲੇਅ ਦੌੜ 'ਚ ਸੋਨ ਤਗਮਾ ਜਿੱਤਿਆ। ਇਸ ਤੋਂ ਪਹਿਲਾਂ ਉਨ੍ਹਾਂ 1958 ਏਸ਼ਿਆਈ ਖੇਡਾਂ 'ਚ 200 ਤੇ 400 ਮੀਟਰ ਦੌੜ 'ਚ ਸੋਨ ਤਗਮੇ ਜਿੱਤੇ ਸਨ, ਹਾਲਾਂਕਿ ਮਿਲਖਾ ਸਿੰਘ ਦਾ ਸਰਬੋਤਮ ਪ੍ਰਦਰਸ਼ਨ 1960 ਦੀਆਂ ਰੋਮ ਓਲੰਪਿਕ 'ਚ ਰਿਹਾ ਭਾਵੇਂ ਉਹ ਕੋਈ ਤਗਮਾ ਨਹੀਂ ਜਿੱਤ ਸਕੇ ਪਰ ਉਨ੍ਹਾਂ ਨੇ 400 ਮੀਟਰ ਦੌੜ 45.6 ਸੈਕਿੰਡ 'ਚ ਪੂਰੀ ਕਰਕੇ ਚੌਥਾ ਸਥਾਨ ਹਾਸਲ ਕੀਤਾ ਸੀ। ਉਨ੍ਹਾਂ ਦੇ ਨਾਂ ਇਹ ਕੌਮੀ ਰਿਕਾਰਡ 38 ਸਾਲ ਤੱਕ ਰਿਹਾ।

ਮਿਲਖਾ ਸਿੰਘ ਨੂੰ 1959 'ਚ ਪਦਮਸ੍ਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। 2001 'ਚ ਉਨ੍ਹਾਂ ਨੂੰ ਅਰਜੁਨ ਪੁਰਸਕਾਰ ਦਿੱਤੇ ਜਾਣ ਦਾ ਐਲਾਨ ਕੀਤਾ ਗਿਆ ਸੀ ਪਰ ਉਨ੍ਹਾਂ ਨੇ ਇਸ ਨੂੰ ਲੈਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਬਾਅਦ 'ਚ ਉਨ੍ਹਾਂ ਇਸ ਦੀ ਵਜ੍ਹਾ ਦੱਸਦਿਆਂ ਕਿਹਾ ਸੀ ਕਿ ਅੱਜ-ਕੱਲ੍ਹ ਪੁਰਸਕਾਰ ਮੰਦਰ 'ਚ ਪ੍ਰਸ਼ਾਦ ਦੀ ਤਰ੍ਹਾਂ ਵੰਡੇ ਜਾਂਦੇ ਹਨ। ਮੈਨੂੰ ਪਦਮਸ੍ਰੀ ਦੇ ਬਾਅਦ ਅਰਜੁਨ ਪੁਰਸਕਾਰ ਲਈ ਚੁਣਿਆ ਗਿਆ। 2018 'ਚ 4 ਮਾਰਚ ਨੂੰ ਪੰਜਾਬ ਯੂਨੀਵਰਸਿਟੀ 'ਚ ਹੋਏ ਇਕ ਸਮਾਰੋਹ ਦੌਰਾਨ ਮਿਲਖਾ ਸਿੰਘ ਨੂੰ ਖੇਲ ਰਤਨ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ।

### ਕੈਪਟਨ ਵੱਲੋਂ ਮਿਲਖਾ ਸਿੰਘ ਚੇਅਰ ਬਣਾਉਣ ਦਾ ਐਲਾਨ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਐਲਾਨ ਕੀਤਾ ਕਿ ਖੇਡ ਯੂਨੀਵਰਸਿਟੀ ਪਟਿਆਲਾ ਵਿਖੇ ਮਹਾਨ ਅਥਲੀਟ ਮਿਲਖਾ ਸਿੰਘ ਦੇ ਨਾਮ 'ਤੇ ਚੇਅਰ ਸਥਾਪਤ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਸੈਕਟਰ-8 ਸਥਿਤ ਮਿਲਖਾ ਸਿੰਘ ਦੀ ਰਿਹਾਇਸ਼ ਦੇ ਬਾਹਰ ਪੱਤਰਕਾਰਾਂ ਨੂੰ ਕਿਹਾ, "ਅਸੀਂ ਮਿਲਖਾ ਸਿੰਘ ਚੇਅਰ ਨੂੰ ਸਪੋਰਟਸ ਯੂਨੀਵਰਸਿਟੀ ਪਟਿਆਲਾ ਵਿਖੇ ਸਥਾਪਤ ਕਰ ਰਹੇ ਹਾਂ।" ਇਸ ਮੌਕੇ ਪੰਜਾਬ ਦੇ ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਵੀ ਹਾਜ਼ਰ ਸਨ।

### ਸ਼੍ਰੋਮਣੀ ਕਮੇਟੀ ਵੱਲੋਂ ਦੁੱਖ ਦਾ ਪ੍ਰਗਟਾਵਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਮਿਲਖਾ ਸਿੰਘ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਬੀਬੀ ਜਗੀਰ ਕੌਰ ਨੇ ਕਿਹਾ ਕਿ ਮਿਲਖਾ ਸਿੰਘ ਨੇ ਸਖਤ ਮਿਹਨਤ ਨਾਲ ਦੁਨੀਆਂ ਭਰ ਵਿਚ ਆਪਣੀ ਵੱਖਰੀ ਪਛਾਣ ਬਣਾਈ ਅਤੇ ਸਿੱਖ ਦੌੜਾਕ ਵਜੋਂ ਵੱਡੀਆਂ ਪ੍ਰਾਪਤੀਆਂ ਹਾਸਲ ਕੀਤੀਆਂ। ਉਨ੍ਹਾਂ ਦੇ ਚਲਾਣੇ ਨਾਲ ਖੇਡ ਜਗਤ ਦਾ ਇਕ ਪ੍ਰੇਰਨਾ ਸਰੋਤ ਸਦਾ ਲਈ ਰੁਖਸਤ ਹੋ ਗਿਆ ਹੈ। ਉਨ੍ਹਾਂ ਦੀਆਂ ਪ੍ਰਾਪਤੀਆਂ ਭਵਿੱਖ ਦੇ ਖਿਡਾਰੀਆਂ ਲਈ ਮਾਰਗ ਦਰਸ਼ਨ ਹਨ, ਜੋ ਉਨ੍ਹਾਂ ਨੂੰ ਆਪਣੇ ਟੀਚੇ ਦੀ ਪ੍ਰਾਪਤੀ ਲਈ ਹਮੇਸ਼ਾ ਪ੍ਰੇਰਣਾ ਦਿੰਦੀਆਂ ਰਹਿਣਗੀਆਂ।

### ਮਿਲਖਾ ਸਿੰਘ ਦੀ ਮੌਤ ਮਗਰੋਂ ਖੇਡ ਜਗਤ ਵਿਚ ਸੋਗ

**ਨਵੀਂ ਦਿੱਲੀ:** ਭਾਰਤੀ ਅਥਲੀਟ ਤੇ 'ਉਡਣੇ ਸਿੱਖ' ਵਜੋਂ ਜਾਣੇ ਜਾਂਦੇ ਮਿਲਖਾ ਸਿੰਘ ਦੀ ਮੌਤ ਮਗਰੋਂ ਖੇਡ ਸੰਸਾਰ ਸੋਗ ਵਿਚ ਡੁੱਬ ਗਿਆ ਹੈ। ਭਾਰਤ ਦੇ ਸਾਬਕਾ ਕ੍ਰਿਕਟ ਕਪਤਾਨ ਸੌਰਵ ਗਾਂਗੁਲੀ ਤੋਂ ਲੈ ਕੇ ਦੌੜਾਕ ਪੀਟੀ ਊਸ਼ਾ ਤੱਕ ਸਾਰੇ ਖਿਡਾਰੀ ਅਤੇ ਅਥਲੀਟ ਉਨ੍ਹਾਂ ਨੂੰ ਸੋਸ਼ਲ ਮੀਡੀਆ ਰਾਹੀਂ ਸ਼ਰਧਾਂਜਲੀ ਦੇ ਰਹੇ ਹਨ। ਪੀਟੀ ਊਸ਼ਾ ਨੇ ਮਿਲਖਾ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ, ''ਮੇਰੇ ਆਦਰਸ਼ ਮਿਲਖਾ ਸਿੰਘ ਦੇ ਦੇਹਾਂਤ ਤੋਂ ਬਾਅਦ ਦੁੱਖਾਂ ਦੇ ਕਾਲੇ ਬੱਦਲ ਛਾ ਗਏ ਹਨ। ਉਨ੍ਹਾਂ ਦੀ ਜੁਝਾਰੂਪਨ ਅਤੇ ਸਖਤ ਮਿਹਨਤ ਦੀ ਕਹਾਣੀ ਨੇ ਲੱਖਾਂ ਲੋਕਾਂ ਨੂੰ ਪ੍ਰੇਰਿਆ ਅਤੇ ਅੱਗੇ ਵੀ ਇਸੇ ਤਰ੍ਹਾਂ ਪ੍ਰੇਰਦੀ ਰਹੇਗੀ।''

# ਕਰੋੜਪਤੀ ਵਿਧਾਇਕਾਂ ਦੇ ਪੁੱਤਰਾਂ ਨੂੰ ਨੌਕਰੀ ਦੇ ਕੇ ਬੁਰੇ ਫਸੇ ਕੈਪਟਨ

**ਚੰਡੀਗੜ੍ਹ:** ਕੈਪਟਨ ਸਰਕਾਰ ਨੂੰ ਵਿਧਾਇਕਾਂ ਦੇ ਪੁੱਤਰਾਂ ਨੂੰ ਅਫਸਰ ਲਾਉਣਾ ਸਿਆਸੀ ਤੌਰ 'ਤੇ ਮਹਿੰਗਾ ਪੈ ਸਕਦਾ ਹੈ। ਇਨ੍ਹਾਂ ਨਿਯੁਕਤੀਆਂ ਤੋਂ ਸਿਆਸੀ ਕਲੇਸ਼ ਛਿੜ ਗਿਆ ਹੈ ਜੋ ਕਿ ਸਰਕਾਰ ਲਈ ਕਿਸੇ ਸਿਆਸੀ ਸੰਕਟ ਤੋਂ ਘੱਟ ਨਹੀਂ ਜਾਪਦਾ ਹੈ। ਪੰਜਾਬ ਮੰਤਰੀ ਮੰਡਲ ਵੱਲੋਂ ਕਾਂਗਰਸ ਦੇ ਦੋ ਵਿਧਾਇਕਾਂ ਫਤਹਿਜੰਗ ਸਿੰਘ ਬਾਜਵਾ ਅਤੇ ਰਾਕੇਸ਼ ਪਾਂਡੇ ਦੇ ਪੁੱਤਰਾਂ ਨੂੰ ਤਰਸ ਦੇ ਆਧਾਰ 'ਤੇ ਕ੍ਰਮਵਾਰ ਪੁਲਿਸ ਇੰਸਪੈਕਟਰ ਤੇ ਨਾਇਬ ਤਹਿਸੀਲਦਾਰ ਦੀ ਨੌਕਰੀ ਦੇਣ ਦੇ ਫੈਸਲੇ ਦਾ ਹਾਕਮ ਧਿਰ ਦੇ ਵਿਧਾਇਕਾਂ ਵੱਲੋਂ ਸ਼ਰੇਆਮ ਵਿਰੋਧ ਕਰਨ ਨਾਲ ਮਾਮਲਾ ਭਖ ਗਿਆ ਹੈ। ਸਾਬਕਾ ਓਲੰਪੀਅਨ ਤੇ ਜਲੰਧਰ ਤੋਂ ਵਿਧਾਇਕ ਪਰਗਟ ਸਿੰਘ, ਹਲਕਾ ਜ਼ੀਰਾ ਦੇ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਤੇ ਮੋਗਾ ਦੇ ਕਾਂਗਰਸੀ ਵਿਧਾਇਕ ਡਾ. ਹਰਜੋਤ ਕਮਲ ਨੇ ਪੰਜਾਬ ਸਰਕਾਰ ਨੂੰ ਇਹ ਫੈਸਲਾ ਵਾਪਸ ਲੈਣ ਦੀ ਅਪੀਲ ਕੀਤੀ ਹੈ।

ਵਿਧਾਇਕ ਪਰਗਟ ਸਿੰਘ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਉਨ੍ਹਾਂ ਨੇ ਇਨ੍ਹਾਂ ਦੋ ਵਿਧਾਇਕਾਂ ਨੂੰ ਆਪਣੇ ਧੜੇ ਨਾਲ ਗੰਢੀ ਰੱਖਣ ਵਾਸਤੇ ਅਜਿਹਾ ਕੀਤਾ ਹੈ। ਪਰਗਟ ਸਿੰਘ ਨੇ ਸਵਾਲ ਕੀਤਾ ਕਿ ਕੀ ਇਹ ਵਿਧਾਇਕਾਂ ਦੀ ਖਰੀਦੋ-ਫਰੋਖਤ ਨਹੀਂ ਹੈ? ਉਨ੍ਹਾਂ ਮੰਗ ਕੀਤੀ ਕਿ ਇਸ ਫੈਸਲੇ ਨੂੰ ਵਾਪਸ ਲਿਆ ਜਾਵੇ। ਉਨ੍ਹਾਂ ਕਿਹਾ ਕਿ ਕਾਂਗਰਸ ਅੰਦਰਲੀ ਲੜਾਈ ਨੂੰ ਕੈਪਟਨ ਬਨਾਮ ਨਵਜੋਤ ਸਿੱਧੂ ਦੱਸ ਕੇ ਪ੍ਰਚਾਰਿਆ ਜਾ ਰਿਹਾ ਹੈ ਜਦਕਿ ਇਹ ਮੁੱਦਿਆਂ ਦੀ ਲੜਾਈ ਹੈ ਨਾ ਕਿ ਧੜਿਆਂ ਦੀ।

ਪਰਗਟ ਸਿੰਘ ਨੇ ਕਿਹਾ ਕਿ ਕਿਸਾਨਾਂ ਦੇ




ਸੰਘਰਸ਼ ਵਿਚ 450 ਤੋਂ ਵੱਧ ਕਿਸਾਨ ਆਪਣੀਆਂ ਜਾਨਾਂ ਗੁਆ ਚੁੱਕੇ ਹਨ, ਜਿਨ੍ਹਾਂ ਦੇ ਪਰਿਵਾਰਾਂ ਨੂੰ ਨੌਕਰੀਆਂ ਦਿੱਤੀਆਂ ਜਾ ਸਕਦੀਆਂ ਸਨ। ਪੁਲਿਸ ਦੀ 10 ਹਜ਼ਾਰ ਭਰਤੀ ਹੋ ਰਹੀ ਹੈ, ਜਿਸ ਵਿਚ 450 ਨੌਕਰੀਆਂ ਕਿਸਾਨਾਂ ਲਈ ਰਾਖਵੀਆਂ ਰੱਖੀਆਂ ਜਾ ਸਕਦੀਆਂ ਹਨ। ਜਿਹੜੇ ਜਵਾਨ ਸਰਹੱਦਾਂ 'ਤੇ ਲੜਦੇ ਹਨ, ਉਨ੍ਹਾਂ ਦੇ ਪਰਿਵਾਰਾਂ ਨੂੰ ਨੌਕਰੀਆਂ ਦਿੱਤੀਆਂ ਜਾ ਸਕਦੀਆਂ ਹਨ। ਬੇਰੁਜ਼ਗਾਰ ਨੌਜਵਾਨ ਕਿੱਧਰ ਜਾਣਗੇ। ਉਨ੍ਹਾਂ ਨੇ ਹੈਰਾਨੀ ਪ੍ਰਗਟਾਈ ਕਿ ਪੰਜਾਬ ਕਾਂਗਰਸ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਅਤੇ ਪੰਜ ਮੰਤਰੀਆਂ ਵੱਲੋਂ ਇਸ ਫੈਸਲੇ ਦਾ ਵਿਰੋਧ ਕੀਤੇ ਜਾਣ ਦੇ ਬਾਵਜੂਦ ਵਿਧਾਇਕਾਂ ਦੇ ਪੁੱਤਰਾਂ ਨੂੰ ਨੌਕਰੀਆਂ ਦਿੱਤੀਆਂ ਗਈਆਂ ਹਨ। ਇਸ ਫੈਸਲੇ ਨਾਲ ਕਾਂਗਰਸ ਪਾਰਟੀ ਅਤੇ ਸੂਬਾ ਸਰਕਾਰ ਨੂੰ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਸਿਆਸੀ ਨੁਕਸਾਨ ਝੱਲਣਾ ਪੈ ਸਕਦਾ ਹੈ।

ਕਾਂਗਰਸ ਦੇ ਵਿਧਾਇਕ ਡਾ. ਹਰਜੋਤ ਕਮਲ ਨੇ ਲਾਈਵ ਵੀਡੀਓ ਰਾਹੀਂ ਵਿਰੋਧ ਕੀਤਾ ਹੈ। ਸੂਬੇ ਦੇ ਬੇਰੁਜ਼ਗਾਰ ਨੌਜਵਾਨਾਂ ਦੇ ਹੱਕ ਵਿੱਚ 'ਹਾਅ ਦਾ ਨਾਅਰਾ' ਮਾਰਦਿਆਂ ਉਨ੍ਹਾਂ ਆਖਿਆ, 'ਕਈ ਵਾਰ ਵਿਧਾਇਕ ਤੇ ਉਚ ਅਹੁਦਿਆਂ ਉਤੇ ਰਹਿਣ ਵਾਲੇ ਮੇਰੇ ਸੀਨੀਅਰ ਸਾਥੀ ਵਿਧਾਇਕਾਂ ਦੇ ਬੱਚਿਆਂ ਨੂੰ ਤਰਸ ਦੇ ਆਧਾਰ ਉਤੇ ਨੌਕਰੀ ਦੇਣ ਦੇ ਫੈਸਲੇ ਨੂੰ ਤਰਕਸੰਗਤ ਨਹੀਂ ਕਿਹਾ ਜਾ ਸਕਦਾ।' ਉਨ੍ਹਾਂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਤਰਸ ਦੇ ਆਧਾਰ ਉਤੇ ਲਏ ਗਏ ਇਸ ਫੈਸਲੇ 'ਤੇ ਪੁਨਰ ਵਿਚਾਰ ਕਰ ਕੇ ਇਨ੍ਹਾਂ ਨਿਯੁਕਤੀਆਂ ਨੂੰ ਰੱਦ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਇਹ ਨੌਕਰੀਆਂ ਹੱਕਦਾਰਾਂ ਨੂੰ ਦੇਣ ਦੀ ਵਕਾਲਤ ਕਰਦਿਆਂ ਕਿਹਾ ਕਿ ਕੈਬਨਿਟ ਵੱਲੋਂ ਲਏ ਇਸ ਫੈਸਲੇ ਨੂੰ ਉਹ ਨਿੱਜੀ ਤੌਰ 'ਤੇ ਠੀਕ ਨਹੀਂ ਮੰਨਦੇ। ਇਹ ਫੈਸਲਾ ਪੰਜਾਬ ਤੇ ਨੌਜਵਾਨ ਪੀੜ੍ਹੀ ਲਈ ਘਾਤਕ ਹੈ ਅਤੇ ਕੈਬਨਿਟ ਦੀ ਮੀਟਿੰਗ ਸੱਦ ਕੇ ਇਸ ਨੂੰ ਤੁਰਤ ਰੱਦ ਕਰਨਾ ਚਾਹੀਦਾ ਹੈ।

ਕਾਂਗਰਸ ਦੇ ਹਲਕਾ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਨੇ ਕਿਹਾ ਕਿ ਕੈਬਨਿਟ ਨੇ ਜੋ ਕਰੋੜਪਤੀ ਵਿਧਾਇਕਾਂ ਦੇ ਪੁੱਤਰਾਂ ਨੂੰ ਸਰਕਾਰੀ ਨੌਕਰੀਆਂ ਦੇਣ ਦਾ ਜੋ ਫੈਸਲਾ ਲਿਆ ਹੈ, ਉਹ ਉਸ ਫੈਸਲੇ ਦਾ ਵਿਰੋਧ ਕਰਦੇ ਹਨ। ਉਨ੍ਹਾਂ ਪੰਜਾਬ ਸਰਕਾਰ ਨੂੰ ਇਹ ਫੈਸਲਾ ਵਾਪਸ ਲੈਣ ਦੀ ਅਪੀਲ ਕੀਤੀ। ਸ੍ਰੀ ਜ਼ੀਰਾ ਨੇ ਕਿਹਾ ਕਿ ਜ਼ੀਰਾ ਦੇ ਪਿੰਡ ਰਟੌਲ ਬੇਟ ਦੀ ਸਾਫਟਬਾਲ ਖਿਡਾਰਨ ਪੂਨਮਜੀਤ ਕੌਰ ਅਤੇ ਹੀਰਾ ਸਿੰਘ ਸੰਧੂ (ਵਿਕਲਾਂਗ ਬਾਡੀ ਬਿਲਡਰ) ਨੂੰ ਸਰਕਾਰ ਬਣਦਿਆਂ ਹੀ ਯੋਗ ਨੌਕਰੀ ਦੇਣ ਦਾ ਵਾਅਦਾ ਕੀਤਾ ਸੀ, ਜੋ ਵਫਾ ਨਹੀਂ ਹੋਇਆ।

## ਪਰਿਵਾਰਾਂ ਦੀ ਕੁਰਬਾਨੀ ਦਾ ਮੁੱਲ ਪਾਇਆ: ਕੈਪਟਨ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦੋ ਵਿਧਾਇਕਾਂ ਦੇ ਪੁੱਤਰਾਂ ਨੂੰ ਨੌਕਰੀਆਂ ਦੇਣ ਦੇ ਮਾਮਲੇ 'ਤੇ ਮੁੜ ਸਟੈਂਡ ਲੈਂਦਿਆਂ ਕਿਹਾ ਕਿ ਇਨ੍ਹਾਂ ਪਰਿਵਾਰਾਂ ਦੀ ਕੁਰਬਾਨੀ ਦਾ ਮੁੱਲ ਪਾਇਆ ਗਿਆ ਹੈ। ਮੁੱਖ ਮੰਤਰੀ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੀ ਆਲੋਚਨਾ ਕਰਦਿਆਂ ਕਿਹਾ ਕਿ ਇਨ੍ਹਾਂ ਦੋਵੇਂ ਵਿਰੋਧੀ ਪਾਰਟੀਆਂ ਵਿਚ ਵੀ ਅਜਿਹੇ ਵਿਅਕਤੀ ਲੱਭਣ ਦੀ ਕੋਸ਼ਿਸ਼ ਕੀਤੀ ਗਈ ਸੀ ਜਿਨ੍ਹਾਂ ਦੇ ਪਿਉ ਜਾਂ ਦਾਦੇ ਨੇ ਮੁਲਕ ਲਈ ਕੁਰਬਾਨੀ ਕੀਤੀ ਹੋਵੇ ਪ੍ਰੰਤੂ ਦੋਹਾਂ ਪਾਰਟੀਆਂ 'ਚ ਅਜਿਹਾ ਕੋਈ ਨਹੀਂ ਮਿਲਿਆ। ਕੈਪਟਨ ਅਮਰਿੰਦਰ ਨੇ ਸਪਸ਼ਟ ਕੀਤਾ ਕਿ ਅਜਿਹੀਆਂ ਕੁਰਬਾਨੀਆਂ ਦੇਣ ਵਾਲੇ ਪਰਿਵਾਰ ਵਿਚੋਂ ਆਉਣ ਵਾਲੇ ਕਿਸੇ ਵੀ ਵਿਅਕਤੀ ਨੂੰ ਨੌਕਰੀ ਦਿੱਤੀ ਜਾਵੇਗੀ।

## ਵਿਰੋਧੀ ਧਿਰਾਂ ਨੇ ਪਾਇਆ ਘੇਰਾ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕਾਂਗਰਸੀ ਵਿਧਾਇਕਾਂ ਦੇ ਪੁੱਤਰਾਂ ਨੂੰ ਨੌਕਰੀ ਦੇਣ ਦੀ ਨਿਖੇਧੀ ਕੀਤੀ ਹੈ। ਚੀਮਾ ਨੇ ਕਿਹਾ ਕਿ ਪੰਜਾਬ ਦੇ ਨੌਜਵਾਨ ਨੌਕਰੀਆਂ ਲੈਣ ਲਈ ਧਰਨੇ ਦੇ ਰਹੇ ਹਨ ਅਤੇ ਦੇਸ਼ ਦੀ ਆਜ਼ਾਦੀ ਲਈ ਸ਼ਹੀਦ ਹੋਣ ਵਾਲਿਆਂ ਦੇ ਬੱਚੇ ਦਿਹਾੜੀਆਂ ਕਰਨ ਲਈ ਮਜਬੂਰ ਹਨ ਪਰ ਕਾਂਗਰਸੀਆਂ ਦੇ ਧੀਆਂ-ਪੁੱਤਾਂ ਨੂੰ ਇੰਸਪੈਕਟਰ ਅਤੇ ਨਾਇਬ ਤਹਿਸੀਲਦਾਰ ਦੀਆਂ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਨੇ ਆਪਣੀ ਕੁਰਸੀ ਬਚਾਉਣ ਵਾਸਤੇ ਕਾਂਗਰਸੀ ਵਿਧਾਇਕਾਂ ਦੇ ਪੁੱਤਰਾਂ ਨੂੰ ਪੁਲਿਸ ਤੇ ਮਾਲ ਵਿਭਾਗ ਵਿਚ ਨੌਕਰੀ ਦੇ ਦਿੱਤੀ ਹੈ।

# ਅਕਾਲੀ ਦਲ ਵੱਲੋਂ ਹੁਣ ਖੱਬੇ ਪੱਖੀਆਂ ਨਾਲ ਸਾਂਝ ਪਾਉਣ ਦੀ ਤਿਆਰੀ

**ਪਟਿਆਲਾ:** ਬਸਪਾ ਮਗਰੋਂ ਸ਼੍ਰੋਮਣੀ ਅਕਾਲੀ ਦਲ ਹੁਣ ਖੱਬੇ ਪੱਖੀ ਮੁਹਾਜ਼ ਨਾਲ ਵੀ ਸਾਂਝ ਪਾਉਣ ਦੀ ਤਿਆਰੀ ਵਿਚ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਅਕਾਲੀ ਦਲ ਵੱਲੋਂ ਆਉਂਦੇ ਦਿਨੀਂ ਸੀ.ਪੀ.ਆਈ. ਤੇ ਸੀ.ਪੀ.ਐਮ. ਨਾਲ ਗੱਠਜੋੜ ਦਾ ਐਲਾਨ ਕੀਤਾ ਜਾ ਸਕਦਾ ਹੈ। ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਅਕਾਲੀ ਦਲ ਨੇ 20 ਸੀਟਾਂ ਬਸਪਾ ਹਵਾਲੇ ਕਰ ਦਿੱਤੀਆਂ ਹਨ। ਭਾਵੇਂ ਸਮਝਿਆ ਜਾ ਰਿਹਾ ਹੈ ਕਿ ਅਕਾਲੀ ਦਲ ਵੱਲੋਂ ਭਾਜਪਾ ਦੀ ਭਰਪਾਈ ਕੀਤੀ ਜਾ ਰਹੀ ਹੈ ਪਰ ਮਾਹਿਰਾਂ ਦਾ ਕਹਿਣਾ ਹੈ ਕਿ ਅਕਾਲੀ ਸਿਆਸੀ ਸੁਰੱਖਿਆ ਲਈ ਦੌੜ-ਭੱਜ ਕਰ ਰਹੇ ਹਨ। ਸੂਤਰਾਂ ਅਨੁਸਾਰ ਬਸਪਾ ਮਗਰੋਂ ਹੁਣ ਅਕਾਲੀ ਦਲ ਦੀ ਸੀ.ਪੀ.ਆਈ. ਅਤੇ ਸੀ.ਪੀ.ਐਮ. ਨਾਲ ਗੱਠਜੋੜ ਦੀ ਗੱਲ ਲਗਭਗ ਸਿਰੇ ਲੱਗ ਗਈ ਹੈ। ਦੋਹਾਂ ਧਿਰਾਂ ਵੱਲੋਂ ਸਿਰਫ ਐਲਾਨ ਹੋਣਾ ਹੀ ਬਾਕੀ ਹੈ। ਉਂਜ ਹਾਲੇ ਇਹ ਸਾਫ ਨਹੀਂ ਕਿ ਖੱਬੇ ਪੱਖੀਆਂ ਨੂੰ ਅਕਾਲੀ ਦਲ ਕਿੰਨੀਆਂ ਸੀਟਾਂ ਛੱਡੇਗਾ। ਬਸਪਾ ਦੀ ਵੰਡ ਮਗਰੋਂ



ਅਕਾਲੀ ਦਲ ਕੋਲ 97 ਸੀਟਾਂ ਬਾਕੀ ਹਨ। ਸੂਤਰਾਂ ਦਾ ਕਹਿਣਾ ਹੈ ਕਿ ਪੰਜ ਸੀਟਾਂ ਤੱਕ ਇਹ ਸਮਝੌਤਾ ਹੋ ਸਕਦਾ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਚਰਨਜੀਤ ਸਿੰਘ ਬਰਾੜ ਨੇ ਵੀ ਮੰਨਿਆ ਕਿ ਅਕਾਲੀ ਦਲ ਦੀ ਖੱਬੇ ਪੱਖੀ ਪਾਰਟੀਆਂ ਨਾਲ ਗੱਠਜੋੜ ਦੀ ਗੱਲਬਾਤ ਜਾਰੀ ਹੈ। ਇਸ ਸਬੰਧੀ ਅਗਲੇ ਦਿਨਾਂ 'ਚ ਹਾਂ ਪੱਖੀ ਫੈਸਲਾ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਮੁਤਾਬਕ ਖੱਬੇ ਪੱਖੀ ਦੋਵੇਂ ਧਿਰਾਂ ਨੂੰ ਤਿੰਨ ਤੋਂ ਪੰਜ ਸੀਟਾਂ ਦਿੱਤੀਆਂ ਜਾ ਸਕਦੀਆਂ ਹਨ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਆਖਰੀ ਫੈਸਲਾ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਲਿਆ ਜਾਵੇਗਾ।

# ਸਿੱਧੂ ਤੇ ਕੈਪਟਨ ਦੇ ਪੋਸਟਰਾਂ ਨੇ ਸਿਆਸੀ ਮਾਹੌਲ ਭਖਾਇਆ

**ਅੰਮ੍ਰਿਤਸਰ:** ਪੰਜਾਬ ਕਾਂਗਰਸ ਵਿਚ ਕੈਪਟਨ ਅਮਰਿੰਦਰ ਸਿੰਘ ਅਤੇ ਨਵਜੋਤ ਸਿੰਘ ਸਿੱਧੂ ਵਿਚਾਲੇ ਚੱਲ ਰਹੀ ਖਿੱਚੋਤਾਣ ਬਾਰੇ ਕਾਂਗਰਸ ਹਾਈ ਕਮਾਨ ਦਾ ਹਾਲੇ ਕੋਈ ਫੈਸਲਾ ਨਹੀਂ ਆਇਆ ਹੈ ਪਰ ਇਥੇ ਨਵਜੋਤ ਸਿੰਘ ਸਿੱਧੂ ਦੇ ਸਮਰਥਨ ਵਿਚ ਅਜਿਹੇ ਪੋਸਟਰ ਲਾਏ ਜਾ ਰਹੇ ਹਨ, ਜਿਨ੍ਹਾਂ ਵਿਚ ਉਸ ਨੂੰ 2022 ਦਾ ਕੈਪਟਨ ਆਖਿਆ ਜਾ ਰਿਹਾ।

ਇਥੇ ਵਾਰਡ ਨੰਬਰ 21 ਦੇ ਇਲਾਕੇ ਵਿਚ ਕੌਂਸਲਰ ਪਰਮਿੰਦਰ ਕੌਰ ਹੁੰਦਲ ਦੇ ਨਾਂ ਹੇਠ ਅਜਿਹੇ ਪੋਸਟਰ ਲਾਏ ਗਏ ਹਨ। ਇਨ੍ਹਾਂ 'ਤੇ ਲਿਖਿਆ ਹੋਇਆ ਹੈ ਕਿ 'ਫਤਿਹ ਕਰਕੇ ਬਣਾਵਾਂਗੇ ਸਰਕਾਰ, 2022 ਦਾ ਹੋਵੇਗਾ ਸਿੱਧੂ ਸਿਰ ਤਾਜ' , ਪੰਜਾਬ ਦਾ ਕੈਪਟਨ ਸਿੱਧੂ' ਨਾਮੀ ਹੋਰਡਿੰਗ ਲਾਏ ਗਏ ਹਨ। ਇਸ ਤੋਂ ਪਹਿਲਾਂ ਨਗਰ ਨਿਗਮ ਦੇ ਮੇਅਰ ਕਰਮਜੀਤ ਸਿੰਘ ਰਿੰਟੂ ਵੱਲੋਂ ਕੈਪਟਨ ਅਮਰਿੰਦਰ ਸਿੰਘ ਦੇ ਹੱਕ ਵਿਚ ਹੋਰਡਿੰਗ ਲਾਏ ਗਏ ਸਨ, ਜਿਨ੍ਹਾਂ ਵਿਚ ਲਿਖਿਆ ਗਿਆ ਸੀ ਕਿ ਪੰਜਾਬ ਦਾ ਇਕ ਹੀ ਕੈਪਟਨ, ਕੈਪਟਨ ਫਾਰ 2022 ਅਤੇ ਕੈਪਟਨ ਇਕ ਹੀ ਹੁੰਦਾ ਹੈ। ਦੋਵਾਂ ਆਗੂਆਂ ਦੇ ਇਹ ਪੋਸਟਰ ਇਥੇ ਕਈ ਥਾਵਾਂ 'ਤੇ ਇਕੱਠੇ ਵੀ ਲੱਗੇ ਹੋਏ ਹਨ।




ਹੋਰਡਿੰਗ ਲਾਉਣ ਵਾਲੇ ਜਾਟ ਮਹਾ ਸਭਾ ਦੇ ਆਗੂ ਮਾਸਟਰ ਹਰਪਾਲ ਸਿੰਘ ਨੇ ਆਖਿਆ ਕਿ ਇਹ ਪੋਸਟਰ ਸ੍ਰੀ ਸਿੱਧੂ ਨਾਲ ਉਨ੍ਹਾਂ ਦੇ ਪਿਆਰ, ਸਤਿਕਾਰ ਅਤੇ ਨੇੜਤਾ ਦਾ ਪ੍ਰਗਟਾਵਾ ਹੈ। ਉਨ੍ਹਾਂ ਆਖਿਆ ਕਿ ਜਿਵੇਂ ਮੇਅਰ ਵੱਲੋਂ ਕੈਪਟਨ ਅਮਰਿੰਦਰ ਸਿੰਘ ਨਾਲ ਆਪਸੀ ਨੇੜਤਾ ਕਰਕੇ ਉਨ੍ਹਾਂ ਦੇ ਹੱਕ ਵਿਚ ਹੋਰਡਿੰਗ ਲਾਏ ਸਨ, ਇਸੇ ਤਰ੍ਹਾਂ ਉਸ ਨੇ ਵੀ ਸ੍ਰੀ ਸਿੱਧੂ ਨਾਲ ਨੇੜਤਾ ਦਿਖਾਉਣ ਲਈ ਇਹ ਹੋਰਡਿੰਗ ਲਾਏ ਹਨ। ਨਵਜੋਤ ਸਿੰਘ ਸਿੱਧੂ ਦੀ ਗੁੰਮਸ਼ੁਦਗੀ ਸਬੰਧੀ ਲੱਗੇ ਪੋਸਟਰਾਂ ਬਾਰੇ ਉਨ੍ਹਾਂ ਆਖਿਆ ਕਿ ਸ੍ਰੀ ਸਿੱਧੂ ਠੀਕ ਨਹੀਂ ਹਨ ਅਤੇ ਇਸ ਲਈ ਆਪਣੇ ਪਟਿਆਲਾ ਸਥਿਤ ਘਰ ਵਿਚ ਰਹਿ ਕੇ ਆਪਣਾ ਇਲਾਜ ਕਰਵਾ ਰਹੇ ਹਨ। ਉਹ ਜਲਦੀ ਪਰਤ ਆਉਣਗੇ। ਉਨ੍ਹਾਂ ਆਖਿਆ ਕਿ ਅਜਿਹੇ ਪੋਸਟਰ ਲਾਉਣ ਵਿਚ ਕੋਈ ਬੁਰਾਈ ਨਹੀਂ ਹੈ। ਸਿੱਧੂ ਨੂੰ ਕੈਪਟਨ ਲਿਖਣ ਬਾਰੇ ਆਪਣਾ ਤਰਕ ਦਿੰਦਿਆਂ ਉਸ ਨੇ ਆਖਿਆ ਕਿ ਜਿਵੇਂ ਫੌਜ ਦੀ ਨੌਕਰੀ ਵੇਲੇ ਅਮਰਿੰਦਰ ਸਿੰਘ ਕੈਪਟਨ ਸਨ, ਉਸੇ ਤਰ੍ਹਾਂ ਕ੍ਰਿਕਟ ਟੀਮ ਵਿਚ ਸਿੱਧੂ ਵੀ ਕੈਪਟਨ ਰਹੇ ਹਨ। ਉਨ੍ਹਾਂ ਆਖਿਆ ਕਿ ਸਿੱਧੂ ਆਪਣੇ ਰੁਤਬੇ ਮੁਤਾਬਕ ਕਾਂਗਰਸ ਵਿਚ ਵੱਡਾ ਅਹੁਦਾ ਪ੍ਰਾਪਤ ਕਰਨ ਦਾ ਹੱਕ ਰੱਖਦੇ ਹਨ।

ਇਥੇ ਚੱਲ ਰਹੀ ਪੋਸਟਰ ਜੰਗ ਨੇ ਸਾਬਤ ਕਰ ਦਿੱਤਾ ਹੈ ਕਿ ਕਾਂਗਰਸ ਦਾ ਅੰਦਰੂਨੀ ਕਲੇਸ਼ ਫਿਲਹਾਲ ਜਾਰੀ ਹੈ। ਦੱਸਣਯੋਗ ਹੈ ਕਿ ਕਾਂਗਰਸ ਹਾਈ ਕਮਾਂਡ ਵੱਲੋਂ ਇਨ੍ਹਾਂ ਦੋਵਾਂ ਦੀ ਆਪਸੀ ਅੰਦਰੂਨੀ ਜੰਗ ਨੂੰ ਖਤਮ ਕਰਨ ਲਈ ਇਕ ਤਿੰਨ ਮੈਂਬਰੀ ਕਮੇਟੀ ਬਣਾਈ ਹੈ। ਇਹ ਕਮੇਟੀ ਦੋਵਾਂ ਧਿਰਾਂ ਦੇ ਸਮਰਥਕਾਂ ਸਮੇਤ ਸ੍ਰੀ ਸਿੱਧੂ ਅਤੇ ਕੈਪਟਨ ਅਮਰਿੰਦਰ ਸਿੰਘ ਨਾਲ ਗੱਲ ਕਰ ਚੁੱਕੀ ਹੈ। ਇਸ ਕਮੇਟੀ ਆਪਣੀ ਰਿਪੋਰਟ ਕਾਂਗਰਸ ਹਾਈ ਕਮਾਨ ਨੂੰ ਸੌਂਪ ਚੁੱਕੀ ਹੈ ਅਤੇ ਹੁਣ ਫੈਸਲੇ ਦੀ ਉਡੀਕ ਕੀਤੀ ਜਾ ਰਹੀ ਹੈ।

# ਮਿਸ਼ਨ-2022 ਦੀ ਤਿਆਰੀ ਵਿਚ ਜੁਟੇ ਕੈਪਟਨ ਅਮਰਿੰਦਰ ਸਿੰਘ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ 'ਮਿਸ਼ਨ-2022' ਦੀ ਤਿਆਰੀ ਲਈ ਸੱਦੀ ਅਹਿਮ ਮੀਟਿੰਗ 'ਚ ਸਮੁੱਚੀ ਵਜ਼ਾਰਤ ਦੀ ਸ਼ਮੂਲੀਅਤ ਨੇ ਪਾਰਟੀ ਅੰਦਰਲੇ ਬਾਗੀ ਸੁਰਾਂ ਦੇ ਮੱਠਾ ਪੈਣ ਵੱਲ ਇਸ਼ਾਰਾ ਕੀਤਾ ਹੈ। ਮੁੱਖ ਮੰਤਰੀ ਨੇ ਇਥੇ ਆਪਣੀ ਸਰਕਾਰੀ ਰਿਹਾਇਸ਼ 'ਤੇ ਵਜ਼ੀਰਾਂ ਨੂੰ ਵਿਚਾਰ-ਵਟਾਂਦਰੇ ਲਈ ਸੱਦਿਆ ਸੀ। ਉਨ੍ਹਾਂ ਦੋ ਸ਼ਿਫਟਾਂ 'ਚ ਮੰਤਰੀਆਂ ਨਾਲ ਮੀਟਿੰਗ ਕੀਤੀ। ਮੁੱਖ ਮੰਤਰੀ ਨੇ ਹੁਣ ਸਿਸਵਾਂ ਫਾਰਮ ਹਾਊਸ ਦੀ ਥਾਂ ਆਪਣੀ ਸੈਕਟਰ 2 ਵਿਚਲੀ ਸਰਕਾਰੀ ਰਿਹਾਇਸ਼ ਤੋਂ ਕੰਮ ਕਰਨਾ ਸ਼ੁਰੂ ਕੀਤਾ ਹੈ। ਸੂਤਰਾਂ ਅਨੁਸਾਰ ਮੁੱਖ ਮੰਤਰੀ ਨਾਲ ਹੋਈ ਪਹਿਲੀ ਮੀਟਿੰਗ ਵਿਚ ਮਨਪ੍ਰੀਤ ਬਾਦਲ, ਬ੍ਰਹਮ ਮਹਿੰਦਰਾ, ਸੁਖਜਿੰਦਰ ਸਿੰਘ ਰੰਧਾਵਾ, ਬਲਬੀਰ ਸਿੰਘ ਸਿੱਧੂ, ਸੁਖਬਿੰਦਰ ਸਿੰਘ ਸੁਖਸਰਕਾਰੀਆ, ਚਰਨਜੀਤ ਸਿੰਘ ਚੰਨੀ, ਗੁਰਪ੍ਰੀਤ ਸਿੰਘ ਕਾਂਗੜ ਆਦਿ ਸ਼ਾਮਲ ਸਨ। ਇਨ੍ਹਾਂ ਮੀਟਿੰਗਾਂ ਤੋਂ ਸੰਕੇਤ ਮਿਲੇ ਹਨ ਕਿ ਅਕਾਲੀ-ਬਸਪਾ ਗੱਠਜੋੜ ਬਣਨ ਮਗਰੋਂ ਕਾਂਗਰਸ ਸਰਕਾਰ ਨੇ ਅਗਲੀਆਂ ਚੋਣਾਂ ਦੀ ਤਿਆਰੀ ਲਈ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਅਮਲੀ ਰੂਪ ਦੇਣ ਲਈ ਤਿਆਰੀ ਵਿੱਢ ਦਿੱਤੀ ਹੈ।

ਉਧਰ, ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਦੀ ਗੁਪਤ ਮਿਲਣੀ ਨੂੰ ਲੈ ਕੇ ਭੇਤ ਬਣ ਗਿਆ ਹੈ। ਬੇਸ਼ੱਕ ਪ੍ਰਤਾਪ ਸਿੰਘ ਬਾਜਵਾ ਨੇ ਮੀਟਿੰਗ ਹੋਣ ਤੋਂ ਪੂਰੀ ਤਰ੍ਹਾਂ ਇਨਕਾਰ ਕਰ ਦਿੱਤਾ ਹੈ ਪਰ ਅਮਰਿੰਦਰ ਅਤੇ ਬਾਜਵਾ ਸਿਆਸੀ ਤੌਰ 'ਤੇ ਇਕ-ਦੂਜੇ ਦੇ ਨੇੜੇ ਆਉਣ ਲੱਗ ਪਏ ਹਨ। ਬੀਤੇ ਦਿਨੀਂ ਤੋਂ ਚਰਚਾ ਛਿੜੀ ਹੋਈ ਸੀ ਕਿ ਮੁੱਖ ਮੰਤਰੀ ਨੇ ਬਾਜਵਾ ਦੇ ਘਰ ਜਾ ਕੇ ਮੀਟਿੰਗ ਕੀਤੀ ਹੈ। ਸਿਆਸੀ ਆਗੂ ਭਾਵੇਂ ਨਾਂਹ-ਨਾਂਹ ਕਰ ਰਹੇ ਹਨ ਪਰ ਅੰਦਰੋਂ ਅੰਦਰੀਂ ਜ਼ਰੂਰ ਕੁਝ ਰਿੱਝ ਰਿਹਾ ਹੈ।

ਸਿਆਸੀ ਹਲਕਿਆਂ ਮੁਤਾਬਕ ਬਾਜਵਾ ਦੀ ਸੁਰ 'ਚ ਹੁਣ ਅਮਰਿੰਦਰ ਪ੍ਰਤੀ ਮੋਹ ਦਿਸਣ ਲੱਗ ਪਿਆ ਹੈ ਅਤੇ ਫਤਹਿਜੰਗ ਸਿੰਘ ਬਾਜਵਾ ਆਖ ਰਹੇ ਹਨ ਕਿ ਅਮਰਿੰਦਰ ਵਰਗਾ ਕਿਸੇ



ਪਾਰਟੀ ਕੋਲ ਨੇਤਾ ਨਹੀਂ ਹੈ। ਸੰਭਵ ਹੈ ਕਿ ਕਾਂਗਰਸ ਹਾਈਕਮਾਨ ਨੇ ਸਾਰਿਆਂ ਨੂੰ ਮੱਤਭੇਦ ਭੁਲਾ ਕੇ ਨੇੜਤਾ ਬਣਾਏ ਜਾਣ ਲਈ ਆਖਿਆ ਗਿਆ ਹੋਵੇਗਾ। ਖੇਡ ਮੰਤਰੀ ਰਾਣਾ ਸੋਢੀ ਮੁਤਾਬਕ ਦੋਵੇਂ ਆਗੂਆਂ 'ਚ ਨਿੱਜੀ ਦੂਰੀ ਕਦੇ ਨਹੀਂ ਰਹੀ, ਸਿਰਫ ਵਿਚਾਰਾਂ ਦੇ ਮੱਤਭੇਦ ਰਹੇ ਹਨ। ਦੇਖਿਆ ਜਾਵੇ ਤਾਂ ਪਿਛਲੇ ਕੁਝ ਦਿਨਾਂ ਤੋਂ ਮਾਝੇ ਦੀ ਸਿਆਸਤ ਨੂੰ ਲੈ ਕੇ ਨਵੀਂ ਕਤਾਰਬੰਦੀ ਹੋਣ ਲੱਗੀ ਹੈ। ਹੁਣ ਤੱਕ ਮਾਝੇ 'ਚ ਕਾਂਗਰਸੀ ਜਰਨੈਲ ਵਜੋਂ ਸੁਖਜਿੰਦਰ ਸਿੰਘ ਰੰਧਾਵਾ, ਸੁਖਬਿੰਦਰ ਸਿੰਘ ਸੁਖਸਰਕਾਰੀਆ ਅਤੇ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਵਿਚਰਦੇ ਰਹੇ ਹਨ।

ਮਾਝੇ ਦੇ ਤਿੰਨੋਂ ਆਗੂਆਂ ਵੱਲੋਂ ਹਾਈਕਮਾਨ ਕੋਲ ਮੁੱਖ ਮੰਤਰੀ ਦੀ ਕਾਰਜਸ਼ੈਲੀ 'ਤੇ ਸੁਆਲ ਚੁੱਕੇ ਜਾਣ ਮਗਰੋਂ ਅਮਰਿੰਦਰ ਨੇ ਮਾਝੇ ਵਿਚ ਨਵੀਂ ਸਿਆਸੀ ਬ੍ਰਿਗੇਡ ਨੂੰ ਵੀ ਨਾਲੋਂ-ਨਾਲ ਥਾਪੜਾ ਦੇਣਾ ਸ਼ੁਰੂ ਕਰ ਦਿੱਤਾ ਹੈ। ਮਾਝੇ ਦੇ ਤਿੰਨੋਂ ਕੈਬਨਿਟ ਵਜ਼ੀਰਾਂ ਨੂੰ ਨਜ਼ਰਅੰਦਾਜ਼ ਕਰਨਾ ਅਮਰਿੰਦਰ ਲਈ ਕੋਈ ਛੋਟਾ ਖਤਰਾ ਨਹੀਂ ਹੋਵੇਗਾ। ਹਾਈਕਮਾਨ ਕੋਲ ਵੀ ਇਨ੍ਹਾਂ ਦੀ ਚੰਗੀ ਪੈਠ ਬਣੀ ਹੋਈ ਹੈ ਅਤੇ ਮੁੱਖ ਮੰਤਰੀ ਨੂੰ ਸਿਆਸੀ ਸੰਤੁਲਨ ਬਣਾ ਕੇ ਚੱਲਣਾ ਪਵੇਗਾ। ਜੇਕਰ ਹਫਤੇ ਭਰ ਦੇ ਘਟਨਾਕ੍ਰਮ ਨੂੰ ਦੇਖੀਏ ਤਾਂ ਮਾਝੇ ਤੋਂ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਅਤੇ ਜਸਬੀਰ ਸਿੰਘ ਡਿੰਪਾ ਬਾਕੀ ਆਗੂਆਂ ਨਾਲ ਮੁੱਖ ਮੰਤਰੀ ਨੂੰ ਕਈ ਦਫਾ ਮਿਲ ਚੁੱਕੇ ਹਨ। ਰਵਨੀਤ ਬਿੱਟੂ ਸਮੇਤ ਇਹ ਤਿੰਨੋਂ ਸੰਸਦ ਮੈਂਬਰ ਹੁਣ ਇਕੱਠੇ ਵਿਚਰਦੇ ਹਨ। ਹੁਣ ਜੋ ਚਰਚੇ ਹਨ, ਉਨ੍ਹਾਂ ਮੁਤਾਬਕ ਜਸਬੀਰ ਸਿੰਘ ਡਿੰਪਾ ਨੇ ਹੀ ਅਮਰਿੰਦਰ ਅਤੇ ਬਾਜਵਾ ਦਰਮਿਆਨ ਕੜੀ ਦਾ ਕੰਮ ਕੀਤਾ ਹੈ। ਮੁੱਖ ਮੰਤਰੀ ਨੇ ਫਤਹਿਜੰਗ ਸਿੰਘ ਬਾਜਵਾ ਦੇ ਲੜਕੇ ਨੂੰ ਨੌਕਰੀ ਦੇ ਕੇ ਇਕ ਤੀਰ ਨਾਲ ਕਈ ਨਿਸ਼ਾਨੇ ਵੀ ਵਿੰਨ੍ਹ ਦਿੱਤੇ ਹਨ।

ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਮੀਡੀਆ ਕੋਲ ਇਸ ਗੱਲੋਂ ਇਨਕਾਰ ਕੀਤਾ ਕਿ ਉਨ੍ਹਾਂ ਦੀ ਮੁੱਖ ਮੰਤਰੀ ਨਾਲ ਕੋਈ ਮੀਟਿੰਗ ਹੋਈ ਹੈ। ਉਨ੍ਹਾਂ ਇਹ ਵੀ ਸਾਫ ਕੀਤਾ ਕਿ ਉਹ ਮੁੱਖ ਮੰਤਰੀ ਜਾਂ ਕਾਂਗਰਸ ਪ੍ਰਧਾਨ ਬਣਨ ਦੀ ਦੌੜ ਵਿਚ ਨਹੀਂ ਹਨ। ਉਨ੍ਹਾਂ ਕਿਹਾ ਕਿ ਅਮਰਿੰਦਰ ਨਾਲ ਕੋਈ ਨਿੱਜੀ ਵਿਰੋਧ ਨਹੀਂ ਹੈ ਅਤੇ ਮੁੱਖ ਮੰਤਰੀ ਜੇਕਰ ਉਨ੍ਹਾਂ ਦੀ ਰਿਹਾਇਸ਼ 'ਤੇ ਆਉਣਾ ਚਾਹੁਣ ਤਾਂ ਉਹ ਸਵਾਗਤ ਕਰਨਗੇ। ਬਾਜਵਾ ਨੇ ਨਵਜੋਤ ਸਿੱਧੂ ਦੀ ਤਾਰੀਫ ਕਰਦਿਆਂ ਆਖਿਆ ਕਿ ਪਾਰਟੀ ਅੰਦਰ ਸੀਨੀਆਰਤਾ ਅਤੇ ਵਫਾਦਾਰੀ ਨੂੰ ਧਿਆਨ ਵਿਚ ਰੱਖ ਕੇ ਫੈਸਲੇ ਲਏ ਜਾਣੇ ਹਨ ਅਤੇ ਨਵਜੋਤ ਸਿੱਧੂ ਨੂੰ ਵੀ ਅਹਿਮ ਰੋਲ ਦਿੱਤਾ ਜਾਵੇ।

# ਅਨੈਤਿਕ ਕੰਮ ਕਰਨ ਵਾਲੇ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਦੀ ਛੁੱਟੀ ਹੋਵੇਗੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਅਨੈਤਿਕ ਕਾਰਵਾਈ ਅਤੇ ਨਸ਼ਾਖੋਰੀ ਆਦਿ ਵਿਚ ਦੋਸ਼ੀ ਪਾਏ ਗਏ ਸੰਸਥਾ ਦੇ ਕਰਮਚਾਰੀਆਂ ਨੂੰ ਤੁਰਤ ਨੌਕਰੀ ਤੋਂ ਫਾਰਗ ਕਰਨ ਦੇ ਨਿਯਮ 'ਤੇ ਵੀ ਮੋਹਰ ਲਾਈ ਗਈ ਹੈ। ਇਸ ਤੋਂ ਇਲਾਵਾ ਕਰੋਨਾ ਦੌਰਾਨ ਪੀੜਤ ਮਨੁੱਖਤਾ ਲਈ ਅਹਿਮ ਸੇਵਾਦਾਰ ਰਹੀ ਸਿੱਖ ਸੰਸਥਾ ਨੇ ਹੁਣ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਸੂਚਨਾ ਕੇਂਦਰ ਨੇੜੇ ਜੈਨਰਿਕ ਦਵਾਈਆਂ ਦਾ ਸਟੋਰ ਖੋਲ੍ਹਣ ਦਾ ਫੈਸਲਾ ਕੀਤਾ ਹੈ ਤਾਂ ਜੋ ਲੋੜਵੰਦ ਲੋਕ ਲਾਗਤ ਮੁੱਲ 'ਤੇ ਹੀ ਦਵਾਈਆਂ ਪ੍ਰਾਪਤ ਕਰ ਸਕਣ। ਇਹ ਫੈਸਲਾ ਇਥੇ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਦੌਰਾਨ ਕੀਤਾ ਗਿਆ। ਸ੍ਰੀ ਦਰਬਾਰ ਸਾਹਿਬ ਦੇ ਤੋਸ਼ਾਖਾਨਾ ਦੀਆਂ ਬੇਸ਼ਕੀਮਤੀ ਇਤਿਹਾਸਕ ਵਸਤਾਂ ਦੀ ਵੀਡੀਓਗ੍ਰਾਫੀ ਤੇ ਫੋਟੋਗ੍ਰਾਫੀ ਕਰਕੇ ਸੰਭਾਲਣ ਦਾ ਫੈਸਲਾ ਕੀਤਾ ਗਿਆ ਹੈ।

ਬੀਬੀ ਜਗੀਰ ਕੌਰ ਨੇ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਹੋਏ ਫੈਸਲਿਆਂ ਬਾਰੇ ਆਖਿਆ ਕਿ ਜਲਦੀ ਹੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਜੈਨਰਿਕ ਦਵਾਈਆਂ ਦਾ ਸਟੋਰ ਖੋਲ੍ਹਿਆ ਜਾਵੇਗਾ, ਤਾਂ ਜੋ ਲੋੜਵੰਦ ਅਤੇ ਗਰੀਬ ਲੋਕ ਲਾਗਤ ਕੀਮਤ 'ਤੇ ਦਵਾਈਆਂ ਪ੍ਰਾਪਤ ਕਰ ਸਕਣ। ਬਾਅਦ ਵਿਚ ਇਹ ਸਟੋਰ ਹੋਰ ਤਖਤ ਸਾਹਿਬਾਨ ਤੇ ਹੋਰ ਗੁਰੂ ਘਰਾਂ ਵਿਚ ਵੀ ਖੋਲ੍ਹੇ ਜਾਣਗੇ। ਜ਼ਿੰਮੇਵਾਰ ਅਹੁਦਿਆਂ 'ਤੇ ਬੈਠੇ ਅਧਿਕਾਰੀ ਤੇ ਕਰਮਚਾਰੀ ਜਿਨ੍ਹਾਂ ਦਾ ਸਮਾਂ ਇਕ ਥਾਂ 'ਤੇ ਦੋ ਸਾਲ ਤੋਂ ਵੱਧ ਹੋ ਗਿਆ ਹੈ, ਉਨ੍ਹਾਂ ਦੀਆਂ ਤਬਦੀਲੀਆਂ ਕੀਤੀਆਂ ਜਾਣਗੀਆਂ।



ਉਨ੍ਹਾਂ ਦੱਸਿਆ ਕਿ ਗੁਰਪੁਰਬਾਂ ਮੌਕੇ ਸ੍ਰੀ ਦਰਬਾਰ ਸਾਹਿਬ ਵਿਖੇ ਸਜਾਏ ਜਾਂਦੇ ਜਲੌਅ ਦੀਆਂ ਇਤਿਹਾਸਕ ਵਸਤਾਂ ਜੋ ਤੋਸ਼ਾਖਾਨਾ ਵਿਚ ਹਨ, ਦੀ ਵੀਡੀਓਗ੍ਰਾਫੀ ਅਤੇ ਫੋਟੋਗ੍ਰਾਫੀ ਕਰ ਕੇ ਸੰਭਾਲੀਆਂ ਜਾਣਗੀਆਂ। ਇਸ ਤੋਂ ਇਲਾਵਾ ਤੋਸ਼ਾਖਾਨਾ ਨੂੰ ਵੀ ਆਧੁਨਿਕ ਤਕਨੀਕ ਨਾਲ ਨਵਿਆਇਆ ਜਾਵੇਗਾ।

ਅੰਤ੍ਰਿੰਗ ਕਮੇਟੀ ਨੇ ਐਸ.ਐਸ. ਕੋਹਲੀ ਐਸੋਸੀਏਟ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦਾ ਵੀ ਫੈਸਲਾ ਲਿਆ ਹੈ। ਉਸ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦੇ ਨਾਲ-ਨਾਲ ਉਸ ਦਾ ਲਾਇਸੈਂਸ ਰੱਦ ਕਰਵਾਉਣ ਲਈ ਕਾਰਵਾਈ ਕੀਤੀ ਜਾਵੇਗੀ। ਸ਼੍ਰੋਮਣੀ ਕਮੇਟੀ ਵੱਲੋਂ ਸੈਕਸ਼ਨ 87 ਦੇ 35 ਗੁਰਦੁਆਰੇ ਸੈਕਸ਼ਨ-85 ਵਿਚ ਲਿਆਉਣ ਲਈ ਭਾਰਤ ਸਰਕਾਰ ਨੂੰ ਪੱਤਰ ਲਿਖਿਆ ਗਿਆ, ਪਰ ਸਰਕਾਰ ਵੱਲੋਂ ਹੁਣ ਤੱਕ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ। ਗੁਰਦੁਆਰਾ ਗੰਗਸਰ ਸਾਹਿਬ ਜੈਤੋ ਦੇ ਇਤਿਹਾਸਕ ਖੂਹ ਦੀ ਸਾਫ ਸਫਾਈ ਅਤੇ ਲੋੜ ਅਨੁਸਾਰ ਮੁਰੰਮਤ ਕਰਵਾਉਣ ਦਾ ਵੀ ਫੈਸਲਾ ਕੀਤਾ ਗਿਆ ਹੈ।

### ਜਗੀਰ ਕੌਰ ਮੁਆਫੀ ਮੰਗੇ ਜਾਂ ਪ੍ਰਧਾਨਗੀ ਛੱਡੇ: ਮੰਡ

**ਜੈਤੋ:** ਅਕਾਲ ਤਖਤ ਦੇ ਕਾਰਜਕਾਰੀ ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਇਥੇ ਇਤਿਹਾਸਕ ਗੁਰਦੁਆਰਾ ਗੰਗਸਰ ਸਾਹਿਬ (10ਵੀਂ ਪਾਤਸ਼ਾਹੀ) ਵਿਚ ਸਥਿਤ ਉਹ ਵਿਰਾਸਤੀ ਖੂਹ ਵੇਖਣ ਪਹੁੰਚੇ, ਜਿਸ ਵਿਚੋਂ 15 ਜੂਨ ਨੂੰ ਇਤਰਾਜ਼ਯੋਗ ਸਮੱਗਰੀ ਬਰਾਮਦ ਹੋਈ ਸੀ। ਇਥੇ ਪ੍ਰੈੱਸ ਕਾਨਫਰੰਸ ਦੌਰਾਨ ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬਾਦਲਾਂ ਦੀ ਕਠਪੁਤਲੀ ਦੱਸਦਿਆਂ ਕਿਹਾ ਕਿ ਲਗਾਤਾਰ ਵਾਪਰ ਰਹੀਆਂ ਬੇਅਦਬੀ ਦੀਆਂ ਘਟਨਾਵਾਂ ਸਾਜ਼ਿਸ਼ ਤਹਿਤ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਬੀਬੀ ਜਗੀਰ ਕੌਰ ਨੂੰ ਇਸ ਮਾਮਲੇ ਸਬੰਧੀ ਸਿੱਖ ਸੰਗਤ ਤੋਂ ਮੁਆਫੀ ਮੰਗਣੀ ਚਾਹੀਦੀ ਹੈ ਜਾਂ ਫਿਰ ਅਸਤੀਫਾ ਦੇ ਕੇ ਪ੍ਰਧਾਨਗੀ ਤੋਂ ਪਾਸੇ ਹੋ ਜਾਣਾ ਚਾਹੀਦਾ ਹੈ।

## ਤਖਤ ਕੇਸਗੜ੍ਹ ਸਾਹਿਬ ਵਿਖੇ ਕਰੋਨਾ ਟੀਕਾਕਰਨ ਕੈਂਪ ਸ਼ੁਰੂ



**ਸ੍ਰੀ ਆਨੰਦਪੁਰ ਸਾਹਿਬ:** ਸ਼੍ਰੋਮਣੀ ਕਮੇਟੀ ਵੱਲੋਂ ਤਖਤ ਕੇਸਗੜ੍ਹ ਸਾਹਿਬ ਵਿਚ ਕਰੋਨਾ ਟੀਕਾਕਰਨ ਕੈਂਪ ਦੀ ਸ਼ੁਰੂਆਤ ਕੀਤੀ ਗਈ, ਜਿਸ ਦਾ ਉਦਘਾਟਨ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਤੇ ਤਖਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸਾਂਝੇ ਤੌਰ 'ਤੇ ਕੀਤਾ।

ਇਸ ਮੌਕੇ ਬੀਬੀ ਜਗੀਰ ਕੌਰ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖ ਪੰਥ ਦੀ ਨੁਮਾਇੰਦਾ ਧਾਰਮਿਕ ਜਥੇਬੰਦੀ ਹੈ, ਜਿਸ ਨੇ ਕਰੋਨਾ ਮਹਾਮਾਰੀ ਦੌਰਾਨ ਗੁਰੂ ਸਾਹਿਬਾਨ ਦੇ ਸਿਧਾਂਤਾਂ ਦੀ ਰੌਸ਼ਨੀ ਵਿਚ ਮਾਨਵ ਭਲਾਈ ਦੇ ਕਾਰਜ ਕੀਤੇ ਹਨ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਗੁਰੂ ਰਾਮਦਾਸ ਹਸਪਤਾਲ ਸ੍ਰੀ ਅੰਮ੍ਰਿਤਸਰ ਨੂੰ ਕਰੋਨਾ ਮਰੀਜ਼ਾਂ ਲਈ ਰਾਖਵਾਂ ਕਰਕੇ ਸੇਵਾਵਾਂ ਦੇਣ ਦੇ ਨਾਲ-ਨਾਲ ਪੰਜਾਬ ਭਰ ਵਿਚ ਵੱਖ-ਵੱਖ ਥਾਵਾਂ 'ਤੇ ਕਰੋਨਾ ਕੇਅਰ ਕੇਂਦਰ ਵੀ ਸਥਾਪਤ ਕੀਤੇ ਗਏ। ਬੀਬੀ ਜਗੀਰ ਕੌਰ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਮਾਨਵਤਾ ਦੀ ਭਲਾਈ ਲਈ ਵਚਨਬੱਧ ਹੈ ਤੇ ਸੰਗਤ ਦੇ ਸਹਿਯੋਗ ਨਾਲ ਲੋੜਵੰਦਾਂ ਦੀ ਮਦਦ ਕਰਦੀ ਰਹੇਗੀ। ਇਸ ਮੌਕੇ ਗਿਆਨੀ ਰਘਬੀਰ ਸਿੰਘ ਨੇ ਸ਼੍ਰੋਮਣੀ ਕਮੇਟੀ ਦੇ ਇਸ ਕਾਰਜ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਇਹ ਕਾਰਜ ਮਨੁੱਖਤਾ ਨੂੰ ਧਰਵਾਸ ਦੇਣ ਵਾਲਾ ਹੈ। ਉਨ੍ਹਾਂ ਸਿੱਖ ਜਗਤ ਨੂੰ ਅਪੀਲ ਕੀਤੀ ਕਿ ਸ਼੍ਰੋਮਣੀ ਕਮੇਟੀ ਦੇ ਸੇਵਾ ਕਾਰਜਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਪਾਉਣ।

ਇਸੇ ਦੌਰਾਨ ਗੁਰਦੁਆਰਾ ਗੁਰੂ ਕੇ ਮਹਿਲ ਭੋਰਾ ਸਾਹਿਬ ਵਿਚ ਸ੍ਰੀ ਆਨੰਦਪੁਰ ਸਾਹਿਬ ਦੇ ਸਥਾਪਨਾ ਦਿਵਸ ਮੌਕੇ ਕਰਵਾਏ ਸਮਾਗਮ ਵਿਚ ਬੀਬੀ ਜਗੀਰ ਕੌਰ ਤੇ ਗਿਆਨੀ ਰਘਬੀਰ ਸਿੰਘ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ।

### ਨਾਂਦੇੜ ਗੁਰਦੁਆਰੇ ਨੇ ਹਸਪਤਾਲ ਬਣਾਉਣ ਦਾ ਐਲਾਨ ਕੀਤਾ

**ਔਰੰਗਾਬਾਦ:** ਮਹਾਰਾਸ਼ਟਰ ਦੇ ਨਾਂਦੇੜ ਸਥਿਤ ਗੁਰਦੁਆਰਾ ਹਜ਼ੂਰ ਸਾਹਿਬ ਦੇ ਪ੍ਰਬੰਧਕੀ ਬੋਰਡ ਨੇ 135 ਬਿਸਤਰਿਆਂ ਦਾ ਹਸਪਤਾਲ ਬਣਾਉਣ ਦਾ ਐਲਾਨ ਕੀਤਾ ਹੈ। ਗੁਰਦੁਆਰਾ ਬੋਰਡ ਦੇ ਪ੍ਰਬੰਧਕਾਂ ਵੱਲੋਂ ਜਾਰੀ ਪ੍ਰੈੱਸ ਰਿਲੀਜ਼ ਅਨੁਸਾਰ ਹਸਪਤਾਲ ਬਣਾਉਣ ਲਈ 13 ਮੈਂਬਰੀ ਕਮੇਟੀ ਕਾਇਮ ਕੀਤੀ ਗਈ ਹੈ। ਗੁਰਦੁਆਰਾ ਬੋਰਡ ਕੋਲ ਢੁਕਵੀਂ ਜਮੀਨ ਪਹਿਲਾਂ ਹੀ ਹੈ ਅਤੇ ਥਾਂ ਦੀ ਚੋਣ ਕੀਤੀ ਜਾਣੀ ਬਾਕੀ ਹੈ। ਪ੍ਰਬੰਧਕਾਂ ਅਨੁਸਾਰ ਇਸ ਪ੍ਰੋਜੈਕਟ ਨੂੰ ਦੋ ਤੋਂ ਤਿੰਨ ਸਾਲ ਵਿਚ ਨੇਪਰੇ ਚਾੜ੍ਹਿਆ ਜਾਵੇਗਾ।13 ਮੈਂਬਰੀ ਕਮੇਟੀ ਪਦਮ ਸ੍ਰੀ ਵਿਕਰਮਜੀਤ ਸਿੰਘ ਸਾਹਨੀ ਦੀ ਅਗਵਾਈ ਹੇਠ ਕੰਮ ਕਰੇਗੀ।

## ਸਿੱਖ ਪਰਿਵਾਰਾਂ ਨੇ ਮਸਜਿਦ ਬਣਾਉਣ ਲਈ ਦਿੱਤੀ ਜ਼ਮੀਨ

**ਕੁੱਪ ਕਲਾਂ:** ਪਿੰਡ ਭਲੂਰ ਵਿਚ ਜਿਥੇ ਸਿੱਖ-ਮੁਸਲਿਮ ਭਾਈਚਾਰਕ ਸਾਂਝ ਦੀ ਅਨੋਖੀ ਮਿਸਾਲ ਵੇਖਣ ਨੂੰ ਮਿਲੀ, ਉਥੇ ਹੀ ਨਵੇਂ ਬਣੇ ਜ਼ਿਲ੍ਹਾ ਮਾਲੇਰਕੋਟਲਾ ਵਿਚ ਪਹਿਲਾਂ ਹੀ ਬਰਕਰਾਰ ਇਸ ਸਾਂਝ ਨੂੰ ਹੋਰ ਮਜ਼ਬੂਤ ਕਰਦਿਆਂ ਪਿੰਡ ਜਿੱਤਵਾਲ ਕਲਾਂ ਦੇ ਸਿੱਖ ਪਰਿਵਾਰਾਂ ਨੇ ਆਪਣੀ ਸਾਢੇ ਸੱਤ ਵਿਸਵੇ ਜਗ੍ਹਾ ਮਸਜਿਦ ਬਣਾਉਣ ਲਈ ਮੁਸਲਿਮ ਭਾਈਚਾਰੇ ਨੂੰ ਦਿੱਤੀ ਹੈ।

ਜਾਣਕਾਰੀ ਅਨੁਸਾਰ ਜਗਮੇਲ ਸਿੰਘ, ਇਕਬਾਲ ਸਿੰਘ, ਗੁਰਪ੍ਰੀਤ ਸਿੰਘ, ਜਸਕਰਨ ਸਿੰਘ ਅਤੇ ਸਵਰਨ ਸਿੰਘ ਦੇ ਪਰਿਵਾਰ ਨੇ ਮੁਸਲਿਮ ਭਾਈਚਾਰੇ ਨੂੰ ਨਮਾਜ਼ ਅਦਾ ਕਰਨ ਲਈ ਦੂਰ-ਦੁਰਾਡੇ ਜਾਣ ਦੀ ਆ ਰਹੀ ਸਮੱਸਿਆ ਦੇ ਮੱਦੇਨਜਰ ਆਪਣੀ ਛੇ ਵਿਸਵੇ ਜਗ੍ਹਾ ਮਸਜਿਦ ਬਣਾਉਣ ਲਈ ਦਾਨ ਵਜੋਂ ਦਿੱਤੀ। ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਵੀ ਸੋਸ਼ਲ ਮੀਡੀਆ 'ਤੇ ਇਸ ਨੇਕ ਕਾਰਜ ਦੀ ਸ਼ਲਾਘਾ ਕੀਤੀ ਹੈ। ਇਸ ਪਰਿਵਾਰ ਤੋਂ ਪ੍ਰਭਾਵਿਤ ਹੋ ਕੇ ਪਿੰਡ ਦੇ ਹੀ ਨੌਜਵਾਨ ਪ੍ਰਦੀਪ ਸਿੰਘ ਪੁੱਤਰ ਗੁਰਨਾਮ ਸਿੰਘ ਨੇ ਵੀ ਆਪਣੀ ਡੇਢ ਵਿਸਵਾ ਨਾਲ ਲੱਗਦੀ ਜਗ੍ਹਾ ਮਸਜਿਦ ਲਈ ਦੇ ਦਿੱਤੀ ਹੈ।



ਉਧਰ, ਜਗਮੇਲ ਸਿੰਘ ਦੀ ਦਸ ਸਾਲਾ ਧੀ ਰਸਲੀਨ ਕੌਰ, ਜੋ ਪਿਛਲੇ ਕਰੀਬ ਤਿੰਨ ਸਾਲਾਂ ਤੋਂ ਆਪਣੀ ਬੁਗਨੀ ਵਿਚ ਧਨ ਰਾਸ਼ੀ ਜਮ੍ਹਾਂ ਕਰ ਰਹੀ ਸੀ, ਨੇ ਜਮ੍ਹਾਂ ਹੋਈ ਇਹ ਰਾਸ਼ੀ ਮਸਜਿਦ ਉਸਾਰੀ ਲਈ ਪ੍ਰਬੰਧਕਾਂ ਨੂੰ ਸੌਂਪ ਦਿੱਤੀ। ਇਸ 'ਤੇ ਸ਼ਾਹੀ ਇਮਾਮ ਨੇ ਸਿੱਖ ਪਰਿਵਾਰ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਦਾ ਸਨਮਾਨ ਵੀ ਕੀਤਾ।

## ਮਲੋਟ 'ਚ ਰਾਮਦੇਵ ਖਿਲਾਫ ਕੇਸ ਦਰਜ

**ਮਲੋਟ:** ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈ.ਐਮ.ਏ.) ਨੇ ਡਾਕਟਰਾਂ ਅਤੇ ਕਰੋਨਾ ਵੈਕਸੀਨ ਸਬੰਧੀ ਟਿੱਪਣੀ ਕਰਨ 'ਤੇ ਯੋਗ ਗੁਰੂ ਅਤੇ ਕਾਰੋਬਾਰੀ ਬਾਬਾ ਰਾਮਦੇਵ ਖਿਲਾਫ ਮਲੋਟ ਦੀ ਅਦਾਲਤ ਵਿਚ ਸ਼ਿਕਾਇਤ ਦਰਜ ਕਰਵਾਈ ਹੈ। ਆਈ.ਐਮ.ਏ. ਨੇ ਸ਼ਿਕਾਇਤ ਵਿਚ ਕਿਹਾ ਕਿ ਰਾਮਦੇਵ ਆਪਣੇ ਕਾਰੋਬਾਰ ਨੂੰ ਚਮਕਾਉਣ ਲਈ ਕਰੋਨਾ ਵੈਕਸੀਨ ਸਬੰਧੀ ਗੁਮਰਾਹਕੁਨ ਪ੍ਰਚਾਰ ਕਰ ਰਿਹਾ ਹੈ ਕਿ ਕਰੋਨਾ ਵੈਕਸੀਨ ਕਾਰਨ ਲੱਖਾਂ ਲੋਕਾਂ ਦੀ ਮੌਤ ਹੋਈ ਹੈ। ਉਨ੍ਹਾਂ ਕਿਹਾ ਕਿ ਮਹਾਮਾਰੀ ਦੌਰਾਨ ਮੂਹਰਲੀ ਕਤਾਰ ਵਿਚ ਸੇਵਾਵਾਂ ਨਿਭਾਉਣ ਵਾਲੇ ਡਾਕਟਰਾਂ ਖਿਲਾਫ ਟਿੱਪਣੀ ਕਰਕੇ ਕਾਰੋਬਾਰੀ ਰਾਮਦੇਵ ਨੇ ਇਸ ਕਿੱਤੇ ਨਾਲ ਜੁੜੇ ਡਾਕਟਰਾਂ ਦਾ ਅਪਮਾਨ ਕੀਤਾ ਹੈ। ਆਈ.ਐਮ.ਏ. ਦੇ ਵਕੀਲ ਮੰਨੂ ਕਾਇਤ ਨੇ ਦੱਸਿਆ ਕਿ ਅਦਾਲਤ ਵੱਲੋਂ ਮਾਮਲੇ ਦੀ ਸੁਣਵਾਈ ਲਈ 13 ਅਕਤੂਬਰ ਦਾ ਦਿਨ ਨਿਰਧਾਰਤ ਕੀਤਾ ਗਿਆ ਹੈ।

# ਕੇਂਦਰ ਵੱਲੋਂ ਕਰੋਨਾ ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਤੋਂ ਕੋਰੀ ਨਾਂਹ

**ਨਵੀਂ ਦਿੱਲੀ:** ਕਰੋਨਾ ਕਾਰਨ ਜਾਨਾਂ ਗਵਾਉਣ ਵਾਲਿਆਂ ਦੇ ਪਰਿਵਾਰਾਂ ਨੂੰ ਮੁਆਵਜ਼ੇ ਬਾਰੇ ਸੁਪਰੀਮ ਕੋਰਟ ਵਿਚ ਦਾਇਰ ਪਟੀਸ਼ਨ ਉਤੇ ਕੇਂਦਰ ਸਰਕਾਰ ਨੇ ਕਿਹਾ ਹੈ ਕਿ ਪ੍ਰਭਾਵਿਤ ਪਰਿਵਾਰਾਂ ਨੂੰ 4 ਲੱਖ ਦਾ ਮੁਆਵਜ਼ਾ ਨਹੀਂ ਦਿੱਤਾ ਜਾ ਸਕਦਾ। ਕੇਂਦਰ ਸਰਕਾਰ ਨੇ ਇਹ ਵੀ ਕਿਹਾ ਕਿ ਸਾਰੇ ਪੀੜਤ ਪਰਿਵਾਰਾਂ ਨੂੰ ਮੁਆਵਜ਼ੇ ਦੀ ਅਦਾਇਗੀ ਕੇਂਦਰ ਤੇ ਰਾਜਾਂ ਦੀ ਸਮਰੱਥਾ ਤੋਂ ਬਾਹਰ ਹੈ ਕਿਉਂਕਿ ਕੇਂਦਰ ਤੇ ਰਾਜਾਂ ਦੀ ਵਿੱਤੀ ਹਾਲਤ ਠੀਕ ਨਹੀਂ ਹੈ।

ਮਹਾਮਾਰੀ ਕਾਰਨ 3,85,000 ਤੋਂ ਵੱਧ ਤੋਂ ਮੌਤਾਂ ਹੋ ਚੁੱਕੀਆਂ ਹਨ ਤੇ ਇਹ ਹਾਲੇ ਹੋਰ ਵੱਧ ਰਹੀਆਂ ਹਨ। ਕੇਂਦਰੀ ਗ੍ਰਹਿ ਮੰਤਰਾਲੇ ਨੇ ਸਿਖਰਲੀ ਅਦਾਲਤ 'ਚ ਦਾਇਰ ਹਲਫਨਾਮੇ 'ਚ ਕਿਹਾ ਕਿ ਆਫਤ ਪ੍ਰਬੰਧਨ ਐਕਟ ਤਹਿਤ ਲਾਜ਼ਮੀ ਮੁਆਵਜ਼ਾ ਸਿਰਫ ਕੁਦਰਤੀ ਆਫਤਾਂ ਜਿਵੇਂ ਭੂਚਾਲ, ਹੜ੍ਹਾਂ 'ਤੇ ਲਾਗੂ ਹੁੰਦਾ ਹੈ ਅਤੇ ਹਰ ਨਾਗਰਿਕ ਨੂੰ ਸਿਹਤ ਸਹੂਲਤਾਂ ਦੇਣ ਅਤੇ ਖੁਰਾਕ ਸੁਰੱਖਿਆ ਯਕੀਨੀ ਬਣਾਉਣ ਲਈ ਹਰ ਤਰ੍ਹਾਂ ਦੇ ਜਰੂਰੀ ਕਦਮ ਚੁੱਕੇ ਜਾ ਰਹੇ ਹਨ। ਕੇਂਦਰ ਨੇ ਕਿਹਾ ਕਿ ਕਰੋਨਾ ਵਾਇਰਸ ਕਾਰਨ ਜਾਨਾਂ ਗੁਆਉਣ ਵਾਲਿਆਂ ਦੇ ਹਰ ਪਰਿਵਾਰ ਨੂੰ ਮੁਆਵਜ਼ਾ ਦੇਣਾ ਸਰਕਾਰਾਂ ਦੇ ਵਿੱਤ ਤੋਂ ਬਾਹਰ ਹੈ। ਉਨ੍ਹਾਂ ਕਿਹਾ ਕਿ ਕਰੋਨਾ ਮਹਾਮਾਰੀ ਕਾਰਨ ਟੈਕਸ ਮਾਲੀਆ ਘਟਣ ਦੇ ਸਿਹਤ ਢਾਂਚੇ 'ਤੇ ਖਰਚ ਵਧਣ ਕਾਰਨ ਰਾਜਾਂ ਤੇ ਕੇਂਦਰ ਸਰਕਾਰ ਦੀ ਵਿੱਤੀ ਹਾਲਤ ਖਰਾਬ ਹੋ ਚੁੱਕੀ ਹੈ। ਕੇਂਦਰ ਨੇ ਆਪਣੇ ਹਲਫਨਾਮੇ 'ਚ ਕਿਹਾ, 'ਅਜਿਹੇ ਹਾਲਾਤ 'ਚ ਪੀੜਤ ਪਰਿਵਾਰ ਨੂੰ ਮੁਆਵਜ਼ਾ ਦੇਣ ਨਾਲ ਮਹਾਮਾਰੀ ਨਾਲ ਨਜਿੱਠਣ ਦੀਆਂ ਕੋਸ਼ਿਸ਼ਾਂ ਤੇ ਸਿਹਤ ਢਾਂਚੇ ਦੇ ਹੋਰ ਪੱਖ ਅਸਰਅੰਦਾਜ਼ ਹੋਣਗੇ। ਇਸ ਦੇ ਨਤੀਜੇ ਚੰਗੇ ਘੱਟ ਤੇ ਬੁਰੇ ਵੱਧ ਹੋਣਗੇ।



ਇਹ ਮੰਦਭਾਗੀ ਗੱਲ ਹੈ ਪਰ ਮਹੱਤਵਪੂਰਨ ਤੱਥ ਇਹ ਹੈ ਕਿ ਸਰਕਾਰ ਦੇ ਸਰੋਤ ਸੀਮਤ ਹਨ ਤੇ ਮੁਆਵਜ਼ੇ ਦਾ ਵਾਧੂ ਬੋਝ ਪੈਣ ਨਾਲ ਸਿਹਤ ਤੇ ਲੋਕ ਭਲਾਈ ਦੀਆਂ ਯੋਜਨਾਵਾਂ ਲਈ ਮੌਜੂਦ ਫੰਡ ਘੱਟ ਜਾਣਗੇ।' ਉਨ੍ਹਾਂ ਕਿਹਾ ਕਿ ਆਫਤ ਪ੍ਰਬੰਧਨ ਐਕਟ 2015 ਦੇ ਸੈਕਸ਼ਨ 12 ਤਹਿਤ ਸੰਸਦ ਵੱਲੋਂ ਪਾਸ ਕੀਤੇ ਕਾਨੂੰਨ ਮੁਤਾਬਕ ਕੋਈ ਸਮਰੱਥ ਕੌਮੀ ਅਥਾਰਿਟੀ ਹੀ ਮੁਆਵਜ਼ੇ ਸਮੇਤ ਘੱਟੋ-ਘੱਟ ਰਾਹਤ ਦੇਣ ਸਬੰਧੀ ਦਿਸ਼ਾ ਨਿਰਦੇਸ਼ ਜਾਰੀ ਕਰ ਸਕਦੀ ਹੈ।

ਉਨ੍ਹਾਂ ਹਲਫਨਾਮੇ 'ਚ ਕਿਹਾ ਕਿ ਸੁਪਰੀਮ ਕੋਰਟ ਨੇ ਆਪਣੇ ਕਈ ਫੈਸਲਿਆਂ 'ਚ ਕਿਹਾ ਹੈ ਕਿ ਇਹ ਅਜਿਹਾ ਮਾਮਲਾ ਹੈ ਜਿਸ ਨੂੰ ਉਸ ਅਥਾਰਿਟੀ ਵੱਲੋਂ ਹੱਲ ਕੀਤਾ ਜਾਣਾ ਚਾਹੀਦਾ ਹੈ ਜਿਸ ਨੂੰ ਇਹ ਸੌਂਪਿਆ ਗਿਆ ਹੋਵੇ। ਸਰਕਾਰ ਨੇ ਕਿਹਾ ਕਿ ਇਹ ਗਲਤ ਹੈ ਕਿ ਪੀੜਤ ਪਰਿਵਾਰਾਂ ਦੀ ਮਦਦ ਸਿਰਫ ਮੁਆਵਜ਼ੇ ਰਾਹੀਂ ਕੀਤੀ ਜਾ ਸਕਦੀ ਹੈ। ਇਹ ਬਹੁਤ ਹੀ ਰੂੜ੍ਹੀਵਾਦੀ ਤੇ ਤੰਗ ਨਜ਼ਰੀਆ ਹੋਵੇਗਾ। ਉਨ੍ਹਾਂ ਕਿਹਾ ਕਿ ਪੀੜਤ ਭਾਈਚਾਰਿਆਂ ਨੂੰ ਸਿਹਤ ਸਹੂਲਤਾਂ ਦੇਣਾ, ਸਮਾਜਿਕ ਤੇ ਆਰਥਿਕ ਸੁਰੱਖਿਆ ਦੇਣਾ ਚੰਗੀ ਸੋਚ ਹੋਵੇਗੀ। ਉਨ੍ਹਾਂ ਕਿਹਾ ਕਿ ਦੁਨੀਆਂ ਭਰ ਦੀਆਂ ਸਰਕਾਰਾਂ ਇਸ ਪਹੁੰਚ ਅਨੁਸਾਰ ਕੰਮ ਕਰ ਰਹੀਆਂ ਹਨ ਤੇ ਭਾਰਤ ਸਰਕਾਰ ਨੂੰ ਇਸੇ ਪਹੁੰਚ ਨੂੰ ਅਪਣਾਏਗੀ।

### ਰਾਹੁਲ ਵੱਲੋਂ ਕੇਂਦਰ ਸਰਕਾਰ ਦੀ ਆਲੋਚਨਾ

**ਨਵੀਂ ਦਿੱਲੀ:** ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਕੋਵਿਡ-19 ਮਹਾਮਾਰੀ ਦੌਰਾਨ ਜਾਨ ਗੁਆਉਣ ਵਾਲੇ ਲੋਕਾਂ ਦੇ ਪਰਿਵਾਰਾਂ ਨੂੰ ਚਾਰ-ਚਾਰ ਲੱਖ ਰੁਪਏ ਦਾ ਮੁਆਵਜ਼ਾ ਦੇਣ ਵਿਚ ਕੇਂਦਰ ਵੱਲੋਂ ਅਸਮਰੱਥਾ ਜਤਾਉਣ 'ਤੇ ਨਰਿੰਦਰ ਮੋਦੀ ਸਰਕਾਰ 'ਤੇ ਨਿਸ਼ਾਨਾ ਸੇਧਿਆ ਅਤੇ ਦੋਸ਼ ਲਾਇਆ ਕਿ ਇਹ ਸਰਕਾਰ ਦੀ ਕਰੂਰਤਾ ਹੈ। ਉਨ੍ਹਾਂ ਟਵੀਟ ਕੀਤਾ, "ਜ਼ਿੰਦਗੀ ਦੀ ਕੀਮਤ ਲਾਉਣਾ ਅਸੰਭਵ ਹੈ-ਸਰਕਾਰੀ ਮੁਆਵਜ਼ਾ ਸਿਰਫ ਇਕ ਛੋਟੀ ਜਿਹੀ ਮਦਦ ਹੁੰਦੀ ਹੈ ਪਰ ਸਰਕਾਰ ਇਹ ਵੀ ਕਰਨ ਨੂੰ ਤਿਆਰ ਨਹੀਂ।" ਕਾਂਗਰਸੀ ਆਗੂ ਨੇ ਦੋਸ਼ ਲਗਾਇਆ, 'ਕੋਵਿਡ ਮਹਾਮਾਰੀ ਦੌਰਾਨ ਪਹਿਲਾਂ ਇਲਾਜ ਦੀ ਘਾਟ, ਫਿਰ ਝੂਠੇ ਅੰਕੜੇ ਅਤੇ ਹੁਣ ਸਰਕਾਰ ਦੀ ਇਹ ਕਰੂਰਤਾ......।"

### ਮੋਦੀ ਵੱਲੋਂ ਯੋਗ ਆਸਰੇ ਜੰਗ ਜਿੱਤਣ ਦਾ ਸੱਦਾ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਕੋਵਿਡ-19 ਮਹਾਮਾਰੀ ਦੌਰਾਨ 'ਯੋਗ' ਵਿਸ਼ਵ ਲਈ 'ਉਮੀਦ ਦੀ ਕਿਰਨ' ਅਤੇ ਇਸ ਮੁਸ਼ਕਲ ਦੀ ਘੜੀ ਵਿਚ ਤਾਕਤ ਦਾ ਸੋਮਾ ਬਣਿਆ ਹੋਇਆ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਮੂਹਰਲੇ ਮੋਰਚਿਆਂ 'ਤੇ ਤਾਇਨਾਤ ਮੁਲਾਜ਼ਮਾਂ ਅਤੇ ਡਾਕਟਰਾਂ ਨੇ ਉਨ੍ਹਾਂ ਨੂੰ ਦੱਸਿਆ ਕਿ ਮਹਾਮਾਰੀ ਨੂੰ ਹਰਾਉਣ ਲਈ ਉਨ੍ਹਾਂ ਯੋਗ ਨੂੰ ਆਪਣੀ ਢਾਲ ਬਣਾਇਆ। ਮੋਦੀ ਨੇ ਸੱਤਵੇਂ ਕੌਮਾਂਤਰੀ ਯੋਗ ਦਿਵਸ ਦੇ ਮੌਕੇ 'ਤੇ ਆਪਣੇ ਸੰਬੋਧਨ ਵਿਚ ਕਿਹਾ ਕਿ ਵਿਸ਼ਵ ਸਿਹਤ ਸੰਸਥਾ (ਡਬਲਿਊ.ਐਚ.ਓ.) ਨਾਲ ਮਿਲ ਕੇ ਭਾਰਤ ਨੇ ਇਕ ਮਹੱਤਵਪੂਰਨ ਪਹਿਲ ਕੀਤੀ ਹੈ ਅਤੇ ਹੁਣ ਦੁਨੀਆਂ ਨੂੰ 'ਐਮ- ਯੋਗ' ਐਪ ਦੀ ਤਾਕਤ ਮਿਲਣ ਜਾ ਰਹੀ ਹੈ ਜਿਸ 'ਤੇ ਆਮ ਨਿਯਮਾਂ 'ਤੇ ਅਧਾਰਤ ਯੋਗ ਟਰੇਨਿੰਗ ਦੇ ਕਈ ਵੀਡੀਓ ਦੁਨੀਆਂ ਦੀਆਂ ਵੱਖ-ਵੱਖ ਭਾਸ਼ਾਵਾਂ ਵਿਚ ਉਪਲਬਧ ਹੋਣਗੇ।

# ਸਾਂਪਲਾ ਵੱਲੋਂ ਅਕਾਲ ਤਖਤ ਦੇ ਜਥੇਦਾਰ ਨਾਲ ਮੁਲਾਕਾਤ

**ਅੰਮ੍ਰਿਤਸਰ:** ਭਾਜਪਾ ਆਗੂ ਅਤੇ ਕੌਮੀ ਐਸ.ਸੀ. ਕਮਿਸ਼ਨ ਦੇ ਚੇਅਰਮੈਨ ਵਿਜੇ ਸਾਂਪਲਾ ਨੇ ਇਥੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਮੁਲਾਕਾਤ ਕੀਤੀ ਤੇ ਦਲਿਤ ਭਾਈਚਾਰੇ ਦੀਆਂ ਸਮੱਸਿਆਵਾਂ ਦੇ ਹੱਲ ਬਾਰੇ ਵਿਚਾਰ ਵਟਾਂਦਰਾ ਕੀਤਾ।

ਲਗਭਗ ਇਕ ਘੰਟਾ ਤੋਂ ਵੱਧ ਸਮਾਂ ਚੱਲੀ ਇਸ ਮੁਲਾਕਾਤ ਤੋਂ ਬਾਅਦ ਸ੍ਰੀ ਸਾਂਪਲਾ ਨੇ ਮੀਟਿੰਗ ਸਬੰਧੀ ਵੇਰਵੇ ਦੇਣ ਤੋਂ ਟਾਲਾ ਵੱਟਿਆ ਤੇ ਕਿਹਾ ਕਿ ਇਸ ਮੁਲਾਕਾਤ ਦੌਰਾਨ ਸਿਰਫ ਦਲਿਤ ਭਾਈਚਾਰੇ ਦੀਆਂ ਸਮੱਸਿਆਵਾਂ ਬਾਰੇ ਚਰਚਾ ਕੀਤੀ ਗਈ ਹੈ। ਉਨ੍ਹਾਂ ਮੀਟਿੰਗ ਦੌਰਾਨ ਕਿਸੇ ਸਿਆਸੀ ਮੁੱਦੇ ਤੇ ਕਿਸਾਨ ਮੋਰਚੇ ਬਾਰੇ ਗੱਲਬਾਤ ਕੀਤੇ ਜਾਣ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਉਹ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਆਏ ਸਨ ਅਤੇ ਇਸ ਦੌਰਾਨ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਮੁਲਾਕਾਤ ਕੀਤੀ ਹੈ। ਦੂਜੇ ਪਾਸੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਵੀ ਇਸ ਦੀ ਪੁਸ਼ਟੀ ਕੀਤੀ ਹੈ ਅਤੇ ਆਖਿਆ ਕਿ ਮੀਟਿੰਗ ਦੌਰਾਨ ਦਲਿਤ ਭਾਈਚਾਰੇ ਦੀਆਂ ਸਮੱਸਿਆਵਾਂ 'ਤੇ ਵਿਚਾਰ ਚਰਚਾ ਕੀਤੀ ਗਈ ਹੈ।



ਇਥੇ ਦੱਸਣਯੋਗ ਹੈ ਕਿ ਬਠਿੰਡਾ ਦੇ ਇਕ ਗੁਰਦੁਆਰੇ ਵਿਚ ਸਿੱਖ ਗ੍ਰੰਥੀ ਨੇ ਬੀਤੇ ਦਿਨੀਂ ਡੇਰਾ ਸਿਰਸਾ ਦੇ ਮੁਖੀ ਦੀ ਰਿਹਾਈ ਸਬੰਧੀ ਅਰਦਾਸ ਕੀਤੀ ਸੀ, ਜਿਸ ਦਾ ਸਿੱਖ ਭਾਈਚਾਰੇ ਨੇ ਸਖਤ ਵਿਰੋਧ ਕੀਤਾ ਸੀ ਅਤੇ ਇਸ ਵਿਅਕਤੀ ਖਿਲਾਫ ਪੁਲਿਸ ਨੇ ਕੇਸ ਵੀ ਦਰਜ ਕੀਤਾ ਸੀ। ਕੌਮੀ ਐਸ.ਸੀ. ਕਮਿਸ਼ਨ ਨੇ ਇਸ ਮਾਮਲੇ ਵਿਚ ਦਖਲ ਦਿੰਦਿਆਂ ਪੁਲਿਸ ਕੇਸ ਦੀ ਸਥਿਤੀ ਰਿਪੋਰਟ ਮੰਗੀ ਸੀ।

# ਜਥੇਦਾਰ ਮੰਡ ਨੇ ਬਰਗਾੜੀ ਮੋਰਚਾ ਖਤਮ ਕਰਨ ਨੂੰ ਵੱਡੀ ਭੁੱਲ ਦੱਸਿਆ

**ਅੰਮ੍ਰਿਤਸਰ:** ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਬਰਗਾੜੀ ਮੋਰਚਾ ਖਤਮ ਕਰਨ ਦੇ ਫੈਸਲੇ ਨੂੰ ਵੱਡੀ ਭੁੱਲ ਆਖਦਿਆਂ ਅਕਾਲ ਤਖਤ 'ਤੇ ਖਿਮਾ ਯਾਚਨਾ ਲਈ ਅਰਦਾਸ ਕੀਤੀ। ਆਪਣੇ ਸਾਥੀਆਂ ਨਾਲ ਅਕਾਲ ਤਖਤ ਪੁੱਜੇ ਜਥੇਦਾਰ ਮੰਡ ਨੇ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਪੰਥ ਕੋਲੋਂ ਮੁਆਫੀ ਮੰਗੀ ਅਤੇ ਕਿਹਾ ਕਿ ਮੌਜੂਦਾ ਸਰਕਾਰ ਵੱਲੋਂ ਦਿੱਤੇ ਗਏ ਭਰੋਸੇ ਦੇ ਝਾਂਸੇ ਵਿਚ ਆ ਕੇ ਉਨ੍ਹਾਂ ਕੋਲੋਂ ਇਹ ਭੁੱਲ ਹੋਈ ਸੀ। ਹੁਣ ਸੰਗਤ ਦੇ ਸਹਿਯੋਗ ਨਾਲ ਮੁੜ ਸੰਘਰਸ਼ ਸ਼ੁਰੂ ਕੀਤਾ ਜਾਵੇਗਾ।

ਜਥੇਦਾਰ ਮੰਡ ਨੇ ਆਖਿਆ ਕਿ ਸਰਕਾਰ ਨੇ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਸੰਗਤ ਦੀਆਂ ਮੰਗਾਂ ਮੰਨਣ ਦਾ ਭਰੋਸਾ ਦਿੱਤਾ ਸੀ। ਇਸੇ ਭਰੋਸੇ ਦੇ ਆਧਾਰ 'ਤੇ ਉਨ੍ਹਾਂ ਸਿੱਖ ਸ਼ਖਸੀਅਤਾਂ ਅਤੇ ਸੰਗਤ ਨਾਲ ਗੱਲਬਾਤ ਕਰ ਕੇ ਮੋਰਚਾ ਖਤਮ ਕਰ ਦਿੱਤਾ ਪਰ ਇਹ ਉਨ੍ਹਾਂ ਦੀ ਭੁੱਲ ਸਾਬਤ ਹੋਈ। ਉਨ੍ਹਾਂ ਨੂੰ ਬਾਅਦ ਵਿਚ ਪਤਾ ਲੱਗਾ ਕਿ ਸਰਕਾਰ ਮੁਲਜ਼ਮਾਂ ਨੂੰ ਬਚਾਉਣ ਵਾਲਿਆਂ ਨਾਲ ਰਲੀ ਹੋਈ ਸੀ। ਇਸ ਫੈਸਲੇ ਨਾਲ ਭਾਵੇਂ ਕੌਮ ਦਾ ਕੋਈ ਜਾਨੀ ਜਾ ਮਾਲੀ ਨੁਕਸਾਨ ਨਹੀਂ ਹੋਇਆ ਪਰ ਸਿੱਖ ਸੰਗਤ ਕਾਫੀ ਨਿਰਾਸ਼ ਹੋਈ। ਉਨ੍ਹਾਂ ਕਿਹਾ ਕਿ ਨਿਆਂ ਪ੍ਰਾਪਤੀ ਅਤੇ ਮੁਲਜ਼ਮਾਂ ਨੂੰ ਸਜਾ ਦਿਵਾਉਣ ਲਈ ਮੋਰਚਾ ਸ਼ੁਰੂ ਕਰਨ ਦਾ ਫੈਸਲਾ ਉਨ੍ਹਾਂ ਦਾ ਸੀ, ਇਸ ਕਰਕੇ ਸਾਰੇ ਘਟਨਾਕ੍ਰਮ ਲਈ ਉਹ ਆਪਣੇ ਆਪ ਨੂੰ ਜਿੰਮੇਵਾਰ ਸਮਝਦੇ ਹਨ।




ਉਨ੍ਹਾਂ ਦੱਸਿਆ ਕਿ ਮੋਰਚਾ ਮੁੜ ਸ਼ੁਰੂ ਕਰਨ ਦੀ ਵੀ ਅਰਦਾਸ ਕੀਤੀ ਹੈ। ਸਿੱਖ ਸੰਗਤ ਨਾਲ ਸਲਾਹ ਮਸ਼ਵਰਾ ਕਰਨ ਮਗਰੋਂ ਉਹ ਇਸ ਸਬੰਧੀ ਅਗਲਾ ਫੈਸਲਾ ਕਰਨਗੇ। ਇਹ ਮੋਰਚਾ ਸ਼ਾਂਤਮਈ ਢੰਗ ਨਾਲ ਲਾਇਆ ਜਾਵੇਗਾ। ਜਥੇਦਾਰ ਮੰਡ ਨੇ ਆਖਿਆ ਕਿ ਉਹ ਕਿਸੇ ਧੜੇ ਨਾਲ ਨਹੀਂ ਜੁੜੇ ਅਤੇ ਨਾ ਹੀ ਕਿਸੇ ਨਾਲ ਵਿਤਕਰਾ ਕੀਤਾ ਹੈ। ਸਾਰਾ ਪੰਥ ਹੀ ਉਨ੍ਹਾਂ ਦਾ ਧੜਾ ਹੈ। ਉਹ ਇਸ ਮਾਮਲੇ ਨੂੰ ਮੁੜ ਸੰਗਤ ਦੀ ਕਚਹਿਰੀ ਵਿਚ ਲੈ ਕੇ ਜਾਣਗੇ। ਹੋਰਨਾਂ ਮੁਤਵਾਜ਼ੀ ਜਥੇਦਾਰਾਂ ਵੱਲੋਂ ਧਰਨਾ ਚੁੱਕਣ ਦੇ ਫੈਸਲੇ ਦੇ ਵਿਰੋਧ ਬਾਰੇ ਉਨ੍ਹਾਂ ਕਿਹਾ ਕਿ ਉਨ੍ਹਾਂ ਇਕ ਸਿੱਖ ਵਜੋਂ ਗੁਰੂ ਸ਼ਰਨ ਵਿਚ ਆਈ ਸਰਕਾਰ 'ਤੇ ਭਰੋਸਾ ਕੀਤਾ ਸੀ। ਇਹ ਫੈਸਲਾ ਉਸ ਵੇਲੇ ਸਿੱਖ ਸਿਧਾਂਤਾਂ ਦੀ ਰੌਸ਼ਨੀ ਵਿਚ ਕੀਤਾ ਗਿਆ ਸੀ।

# ਭਾਰਤ 'ਚ ਰਿਕਾਰਡ ਉਚਾਈ 'ਤੇ ਪਹੁੰਚੀਆਂ ਤੇਲ ਕੀਮਤਾਂ

**ਨਵੀਂ ਦਿੱਲੀ:** ਸੱਤ ਹਫਤਿਆਂ ਵਿਚ 27ਵੇਂ ਵਾਰ ਹੋਏ ਵਾਧੇ ਨਾਲ ਦੇਸ਼ ਭਰ ਵਿਚ ਤੇਲ ਦੀਆਂ ਕੀਮਤਾਂ ਇਕ ਨਵੀਂ ਇਤਿਹਾਸਕ ਉਚਾਈ 'ਤੇ ਪਹੁੰਚ ਗਈਆਂ ਹਨ। ਇਸ ਵਾਧੇ ਨਾਲ ਕੌਮੀ ਰਾਜਧਾਨੀ ਦਿੱਲੀ ਵਿਚ ਜਿਥੇ ਪੈਟਰੋਲ 97 ਰੁਪਏ ਪ੍ਰਤੀ ਲਿਟਰ ਤੋਂ ਪਾਰ ਪਹੁੰਚ ਗਿਆ ਹੈ ਉਥੇ ਹੀ ਡੀਜ਼ਲ 88 ਰੁਪਏ ਲਿਟਰ ਨੂੰ ਢੁੱਕ ਗਿਆ ਹੈ। ਮਿਲੀ ਜਾਣਕਾਰੀ ਅਨੁਸਾਰ ਹੁਣ ਦਿੱਲੀ ਵਿਚ ਪੈਟਰੋਲ ਹੁਣ ਤੱਕ ਦੀ ਸਭ ਤੋਂ ਵੱਧ ਉਚਾਈ 97.22 ਰੁਪਏ ਪ੍ਰਤੀ ਲਿਟਰ ਜਦਕਿ ਡੀਜ਼ਲ ਦੀ ਕੀਮਤ 87.97 ਰੁਪਏ ਪ੍ਰਤੀ ਲਿਟਰ 'ਤੇ ਪਹੁੰਚ ਗਈ ਹੈ। ਸਥਾਨਕ ਟੈਕਸਾਂ ਅਤੇ ਢੋਆ-ਢੁਆਈ ਦੇ ਕਿਰਾਏ ਮੁਤਾਬਕ ਹਰੇਕ ਸੂਬੇ ਵਿਚ ਤੇਲ ਦੀਆਂ ਕੀਮਤਾਂ ਵੱਖ ਹਨ।

ਇਸ ਕਰ ਕੇ ਅੱਠ ਸੂਬਿਆਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਰਾਜਸਥਾਨ, ਮੱਧ ਪ੍ਰਦੇਸ਼, ਮਹਾਰਾਸ਼ਟਰ, ਆਂਧਰਾ ਪ੍ਰਦੇਸ਼, ਤਿਲੰਗਾਨਾ,



ਕਰਨਾਟਕ, ਜੰਮੂ ਕਸ਼ਮੀਰ ਤੇ ਲੱਦਾਖ ਵਿਚ ਪੈਟਰੋਲ ਦਾ ਪ੍ਰਚੂਨ ਵਿਕਰੀ ਮੁੱਲ 100 ਰੁਪਏ ਪ੍ਰਤੀ ਲਿਟਰ ਤੋਂ ਵੱਧ ਹੈ। ਇਸੇ ਤਰ੍ਹਾਂ ਮਹਾਨਗਰਾਂ ਵਿਚੋਂ ਮੁੰਬਈ, ਹੈਦਰਾਬਾਦ ਤੇ ਬੰਗਲੌਰ ਵਿਚ ਪਹਿਲਾਂ ਹੀ ਪੈਟਰੋਲ ਦਾ ਮੁੱਲ 100 ਰੁਪਏ ਲਿਟਰ ਤੋਂ ਵੱਧ ਹੈ। ਮੁੰਬਈ ਵਿਚ ਪੈਟਰੋਲ ਇਸ ਵੇਲੇ 103.36 ਰੁਪਏ ਪ੍ਰਤੀ ਲਿਟਰ ਅਤੇ ਡੀਜ਼ਲ 95.44 ਰੁਪਏ ਲਿਟਰ ਹੈ। ਭਾਰਤ-ਪਾਕਿ ਸਰਹੱਦ ਨੇੜਲਾ ਰਾਜਸਥਾਨ ਦਾ ਜ਼ਿਲ੍ਹਾ ਸ੍ਰੀਗੰਗਾਨਗਰ ਵਿਚ ਪਹਿਲੀ ਅਜਿਹੀ ਜਗ੍ਹਾ ਸੀ ਜਿੱਥੇ ਪੈਟਰੋਲ ਸਭ ਤੋਂ ਪਹਿਲਾਂ ਫਰਵਰੀ ਦੇ ਅੱਧ ਵਿਚ 100 ਰੁਪਏ ਪ੍ਰਤੀ ਲਿਟਰ 'ਤੇ ਪਹੁੰਚਿਆ ਸੀ। ਇਥੇ ਡੀਜ਼ਲ ਵੀ 100 ਰੁਪਏ ਤੋਂ ਪਾਰ ਪਹੁੰਚ ਚੁੱਕਿਆ ਹੈ। ਸ੍ਰੀਗੰਗਾਨਗਰ ਸ਼ਹਿਰ ਵਿਚ ਪੈਟਰੋਲ ਇਸ ਵੇਲੇ ਦੇਸ਼ ਭਰ 'ਚ ਸਭ ਤੋਂ ਮਹਿੰਗਾ 108.37 ਰੁਪਏ ਲਿਟਰ ਅਤੇ ਡੀਜ਼ਲ 101.12 ਰੁਪਏ ਪ੍ਰਤੀ ਲਿਟਰ ਹੈ। ਦੇਸ਼ ਭਰ ਵਿਚੋਂ ਪੈਟਰੋਲ ਤੇ ਡੀਜ਼ਲ 'ਤੇ ਸਭ ਤੋਂ ਵੱਧ ਵੈਟ ਰਾਜਸਥਾਨ ਲਾਉਂਦਾ ਹੈ। ਉਸ ਤੋਂ ਬਾਅਦ ਮੱਧ ਪ੍ਰਦੇਸ਼, ਮਹਾਰਾਸ਼ਟਰ, ਆਂਧਰਾ ਪ੍ਰਦੇਸ਼ ਤੇ ਤਿਲੰਗਾਨਾ ਹਨ। ਤੇਲ ਕੀਮਤਾਂ ਵਿਚ ਹੋਇਆ ਵਾਧਾ 4 ਮਈ ਤੋਂ ਲੈ ਕੇ 27ਵਾਂ ਵਾਧਾ ਸੀ। ਤੇਲ ਕੀਮਤਾਂ ਵਿਚ 27 ਵਾਰ ਹੋਏ ਵਾਧੇ ਦੌਰਾਨ ਪੈਟਰੋਲ ਦੀ ਕੀਮਤ 6.82 ਰੁਪਏ ਲਿਟਰ ਤੇ ਡੀਜ਼ਲ ਦੀ ਕੀਮਤ 7.24 ਰੁਪਏ ਲਿਟਰ ਵਧੀ ਹੈ।

# ਸਿੱਖ ਚਿੰਤਨ ਡਾ. ਜੋਧ ਸਿੰਘ ਦਾ ਦੇਹਾਂਤ

**ਪਟਿਆਲਾ:** ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਪ੍ਰੋਫੈਸਰ ਅਤੇ ਸਿੱਖ ਵਿਸ਼ਵਕੋਸ਼ ਦੇ ਮੁੱਖ ਸੰਪਾਦਕ ਪ੍ਰੋਫੈਸਰ ਆਫ ਸਿੱਖਇਜ਼ਮ ਡਾ. ਜੋਧ ਸਿੰਘ (79) ਦਾ ਸੰਖੇਪ ਬਿਮਾਰੀ ਪਿੱਛੋਂ ਦੇਹਾਂਤ ਹੋ ਗਿਆ। ਉਨ੍ਹਾਂ ਦੇ ਤੁਰ ਜਾਣ ਨਾਲ ਪੰਜਾਬੀ ਭਾਸ਼ਾ ਅਤੇ ਸਿੱਖ ਚਿੰਤਨ ਦੇ ਸਾਂਝੇ ਰੂਪ 'ਚ ਕੰਮ ਕਰਨ ਵਾਲੇ ਯੁੱਗ ਦਾ ਅੰਤ ਹੋ ਗਿਆ ਹੈ। ਡਾ. ਜੋਧ ਸਿੰਘ ਨੇ ਆਪਣਾ ਅਕਾਦਮਿਕ ਸਫਰ ਬਨਾਰਸ ਹਿੰਦੂ ਯੂਨੀਵਰਸਿਟੀ ਤੋਂ ਦਰਸ਼ਨ ਸ਼ਾਸਤਰ ਅਤੇ ਅੰਗਰੇਜ਼ੀ ਵਿਚ ਮਾਸਟਰ ਡਿਗਰੀ ਪ੍ਰਾਪਤ ਕਰ ਕੇ ਸ਼ੁਰੂ ਕੀਤਾ। ਉਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਿੱਖ ਵਿਸ਼ਵਕੋਸ਼ ਵਿਭਾਗ ਵਿਚ ਬਤੌਰ ਪ੍ਰੋਫੈਸਰ ਆਏ। ਉਨ੍ਹਾਂ ਨੇ ਸਿੱਖ ਚਿੰਤਨ ਦਰਸ਼ਨ ਅਤੇ ਗੁਰਬਾਣੀ 'ਤੇ



ਵਿਸਥਾਰਪੂਰਵਕ ਕੰਮ ਕੀਤਾ। ਉਨ੍ਹਾਂ ਭਾਈ ਗੁਰਦਾਸ ਦੀਆਂ ਵਾਰਾਂ ਦਾ ਅੰਗਰੇਜ਼ੀ ਵਿਚ ਤਰਜਮਾ ਅਤੇ ਗੁਰੂ ਗ੍ਰੰਥ ਸਾਹਿਬ ਦਾ ਹਿੰਦੀ ਵਿਚ ਤਰਜਮਾ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਦਸਮ ਗ੍ਰੰਥ ਦੀਆਂ ਬਾਣੀਆਂ 'ਤੇ ਕਾਰਜ ਕਰਨ ਦੇ ਨਾਲ ਨਾਲ ਅੱਧੀ ਦਰਜਨ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ। ਡਾ. ਜੋਧ ਸਿੰਘ ਦੇ ਅਕਾਲ ਚਲਾਣੇ 'ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦੁੱਖ ਪ੍ਰਗਟਾਇਆ ਕੀਤਾ ਹੈ। ਆਪਣੇ ਸੋਗ ਸੰਦੇਸ਼ 'ਚ ਉਨ੍ਹਾਂ ਕਿਹਾ ਕਿ ਡਾ. ਜੋਧ ਸਿੰਘ ਆਪਣੇ ਆਪ ਵਿਚ ਸੰਸਥਾ ਸਨ।

## ਸਾਬਕਾ ਮੰਤਰੀ ਅੰਬਿਕਾ ਚੌਧਰੀ ਦਾ ਬਸਪਾ ਤੋਂ ਅਸਤੀਫਾ

**ਲਖਨਊ:** ਉਤਰ ਪ੍ਰਦੇਸ਼ ਵਿਚ ਬਸਪਾ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਅੰਬਿਕਾ ਚੌਧਰੀ ਨੇ ਪਾਰਟੀ ਤੋਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਅਨੁਸਾਰ, ਉਨ੍ਹਾਂ ਪਾਰਟੀ ਤੋਂ ਅਸਤੀਫਾ ਨੈਤਿਕ ਆਧਾਰ 'ਤੇ ਦਿੱਤਾ ਹੈ। ਯਾਦ ਰਹੇ ਕਿ ਸਮਾਜਵਾਦੀ ਪਾਰਟੀ ਨੇ ਅੰਬਿਕਾ ਚੌਧਰੀ ਦੇ ਪੁੱਤਰ ਆਨੰਦ ਚੌਧਰੀ ਨੂੰ ਬਲੀਆ ਜ਼ਿਲ੍ਹਾ ਪੰਚਾਇਤ ਦੇ ਚੇਅਰਮੈਨ ਦੇ ਅਹੁਦੇ ਲਈ ਪਾਰਟੀ ਦਾ ਉਮੀਦਵਾਰ ਐਲਾਨਿਆ ਸੀ। ਅੰਬਿਕਾ ਚੌਧਰੀ ਨੇ ਕਿਹਾ ਕਿ ਹਾਲਾਂਕਿ ਉਹ ਸਮਾਜਵਾਦੀ ਪਾਰਟੀ ਵਿਚ ਸ਼ਾਮਲ ਨਹੀਂ ਹੋਏ ਹਨ ਪਰ ਉਹ ਮਹਿਸੂਸ ਕਰਦੇ ਹਨ ਕਿ ਹੁਣ ਬਸਪਾ ਵਿਚ ਰਹਿਣਾ ਨੈਤਿਕ ਤੌਰ 'ਤੇ ਉਨ੍ਹਾਂ ਲਈ ਠੀਕ ਨਹੀਂ ਹੈ। ਮੁਲਾਇਮ ਸਿੰਘ ਯਾਦਵ ਅਤੇ ਅਖਿਲੇਸ਼ ਯਾਦਵ ਦੀ ਸਰਕਾਰ ਵਿਚ ਅੰਬਿਕਾ ਚੌਧਰੀ ਕੈਬਨਿਟ ਮੰਤਰੀ ਸਨ। ਉਹ ਸਮਾਜਵਾਦੀ ਪਾਰਟੀ ਦੇ ਮੁਖੀ ਨਾਲ ਨੇੜਲਾ ਲਈ ਜਾਣੇ ਜਾਂਦੇ ਸਨ। ਸਮਾਜਵਾਦੀ ਪਾਰਟੀ ਦੇ ਘਰੇਲੂ ਕਲੇਸ਼ ਤੋਂ ਬਾਅਦ ਉਹ 2017 ਵਿਚ ਬਸਪਾ 'ਚ ਸ਼ਾਮਲ ਹੋ ਗਏ ਸਨ।

# ਰਵਨੀਤ ਬਿੱਟੂ ਨੇ 'ਧਾਰਮਿਕ ਸੀਟਾਂ' ਬਾਰੇ ਟਿੱਪਣੀ ਲਈ ਮੁਆਫੀ ਮੰਗੀ

**ਚੰਡੀਗੜ੍ਹ:** ਕਾਂਗਰਸ ਦੇ ਲੁਧਿਆਣਾ ਤੋਂ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੇ 'ਧਾਰਮਿਕ ਸੀਟਾਂ' ਬਾਰੇ ਕੀਤੀਆਂ ਟਿੱਪਣੀਆਂ ਲਈ ਬਿਨਾਂ ਸ਼ਰਤ ਮੁਆਫੀ ਮੰਗ ਲਈ ਹੈ। ਬਿੱਟੂ ਨੇ ਕਿਹਾ ਕਿ ਉਨ੍ਹਾਂ ਦਾ ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨ ਦਾ ਕੋਈ ਇਰਾਦਾ ਨਹੀਂ ਸੀ।

ਚੇਤੇ ਰਹੇ ਕਿ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਨੇ ਬਿੱਟੂ ਨੂੰ ਤਲਬ ਕਰਕੇ ਵਿਵਾਦਿਤ ਟਿੱਪਣੀਆਂ ਬਾਰੇ ਸਪਸ਼ਟੀਕਰਨ ਮੰਗਿਆ ਸੀ। ਵਿਧਾਇਕ ਪਵਨ ਕੁਮਾਰ ਟੀਨੂੰ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ ਦੇ ਵਫਦ ਨੇ ਕਮਿਸ਼ਨ ਕੋਲ ਬਿੱਟੂ ਵੱਲੋਂ ਦਲਿਤਾਂ ਖਿਲਾਫ ਕੀਤੀਆਂ ਕਥਿਤ 'ਜਾਤੀਗਤ' ਟਿੱਪਣੀਆਂ ਲਈ ਸ਼ਿਕਾਇਤ ਕੀਤੀ ਸੀ। ਬਿੱਟੂ ਨੇ ਕਮਿਸ਼ਨ ਅੱਗੇ ਪੇਸ਼ ਹੁੰਦਿਆਂ 'ਗੈਰਸੰਸਦੀ ਟਿੱਪਣੀਆਂ' ਲਈ ਆਪਣਾ ਪੱਖ ਰੱਖਿਆ। ਇਕ ਅਧਿਕਾਰਤ ਬਿਆਨ ਵਿਚ ਕਮਿਸ਼ਨ ਦੀ ਚੇਅਰਪਰਸਨ ਤੇਜਿੰਦਰ ਕੌਰ ਦੇ ਹਵਾਲੇ ਨਾਲ ਕਿਹਾ ਗਿਆ ਕਿ ਸੁਣਵਾਈ ਦੌਰਾਨ ਬਿੱਟੂ ਨੇ ਕਿਹਾ ਕਿ ਉਨ੍ਹਾਂ ਦਾ ਅਨੁਸੂਚਿਤ ਜਾਤੀ ਭਾਈਚਾਰੇ ਖਿਲਾਫ ਟਿੱਪਣੀਆਂ ਕਰਨ ਦਾ ਕੋਈ ਇਰਾਦਾ ਨਹੀਂ ਸੀ। ਬਿੱਟੂ ਨੇ ਕਿਹਾ ਕਿ ਫਿਰ ਵੀ ਜੇ ਕਿਸੇ ਨੂੰ ਇਸ ਨਾਲ ਸੱਟ ਵੱਜੀ ਹੋਵੇ ਤਾਂ ਉਹ ਇਸ ਲਈ ਬਿਨਾਂ ਸ਼ਰਤ ਮੁਆਫੀ ਮੰਗਦੇ ਹਨ। ਚੇਤੇ ਰਹੇ ਕਿ ਸ੍ਰੀ ਬਿੱਟੂ ਨੇ ਪੰਜਾਬ ਵਿਚ ਅਗਾਮੀ ਵਿਧਾਨ ਸਭਾ ਚੋਣਾਂ ਦੇ ਮੱਦੇਨਜਰ ਸ਼੍ਰੋਮਣੀ ਅਕਾਲੀ ਦਲ ਤੇ ਬਹੁਜਨ ਸਮਾਜ ਪਾਰਟੀ ਵਿਚ ਗੱਠਜੋੜ ਵੱਲੋਂ ਕੀਤੀ ਸੀਟਾਂ ਦੀ ਵੰਡ ਨੂੰ ਲੈ ਕੇ ਟਿੱਪਣੀ ਕੀਤੀ ਸੀ।

# ਕਰੋਨਾ ਕਰਕੇ ਅਮਰਨਾਥ ਯਾਤਰਾ ਰੱਦ

**ਸ੍ਰੀਨਗਰ:** ਇਸ ਸਾਲ ਹੋਣ ਵਾਲੀ ਅਮਰਨਾਥ ਯਾਤਰਾ ਨੂੰ ਕਰੋਨਾ ਕਰਕੇ ਰੱਦ ਕਰ ਦਿੱਤਾ ਗਿਆ ਹੈ। ਜੰਮੂ ਤੇ ਕਸ਼ਮੀਰ ਦੇ ਉਪ ਰਾਜਪਾਲ ਮਨੋਜ ਸਿਨਹਾ ਨੇ ਕਿਹਾ ਕਿ ਕੋਵਿਡ-19 ਮਹਾਮਾਰੀ ਦੇ ਮੱਦੇਨਜਰ ਇਸ ਸਾਲ ਅਮਰਨਾਥ ਯਾਤਰਾ ਨੂੰ ਸੰਕੇਤਕ ਹੀ ਰੱਖਿਆ ਜਾਵੇਗਾ।

ਉਪ ਰਾਜਪਾਲ ਨੇ ਕਿਹਾ ਕਿ ਇਹ ਫੈਸਲਾ ਜੰਮੂ ਤੇ ਕਸ਼ਮੀਰ ਪ੍ਰਸ਼ਾਸਨ ਨੇ ਕੀਤਾ ਹੈ। ਉਂਜ ਅਮਰਨਾਥ ਯਾਤਰਾ ਐਤਕੀਂ ਦੋ ਰੂਟਾਂ ਪਹਿਲਗਾਮ ਤੇ ਬਾਲਟਾਲ ਰਾਹੀਂ 28 ਜੂਨ ਤੋਂ ਸ਼ੁਰੂ ਕਰਨ ਦੀ ਤਜਵੀਜ਼ ਸੀ। ਇਹ ਯਾਤਰਾ 22 ਅਗਸਤ ਨੂੰ ਖਤਮ ਹੋਣੀ ਸੀ। ਮਹਾਮਾਰੀ ਕਰਕੇ ਪਿਛਲੇ ਸਾਲ ਵੀ ਯਾਤਰਾ ਨੂੰ ਰੱਦ ਕਰਨਾ ਪਿਆ ਸੀ। ਸਿਨਹਾ ਨੇ ਕਿਹਾ ਕਿ ਅਮਰਨਾਥ ਗੁਫਾ ਵਿਚ ਹੋਣ ਵਾਲੀ ਸਵੇਰੇ ਤੇ ਸ਼ਾਮ ਦੀ ਆਰਤੀ ਵਿਚ ਸ਼ਰਧਾਲੂਆਂ



ਦੀ ਵਰਚੁਅਲ ਹਾਜਰੀ ਨੂੰ ਯਕੀਨੀ ਬਣਾਉਣ ਲਈ ਅਧਿਕਾਰੀਆਂ ਨੂੰ ਲੋੜੀਂਦੇ ਪ੍ਰਬੰਧ ਕਰਨ ਦੀ ਹਦਾਇਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਅਮਰਨਾਥ ਗੁਫਾ ਵਿਚ ਸਾਰੀਆਂ ਰਵਾਇਤੀ ਤੇ ਧਾਰਮਿਕ ਰਸਮਾਂ ਪਹਿਲਾਂ ਵਾਂਗ ਹੀ ਨਿਭਾਈਆਂ ਜਾਣਗੀਆਂ।

# ਅਯੁੱਧਿਆ ਜ਼ਮੀਨੀ ਘੁਟਾਲੇ 'ਤੇ ਭਾਰਤੀ ਜਨਤਾ ਪਾਰਟੀ ਦੀ ਘੇਰਾਬੰਦੀ

**ਨਵੀਂ ਦਿੱਲੀ:** ਅਯੁੱਧਿਆ 'ਚ ਜ਼ਮੀਨੀ ਸੌਦੇ ਦਾ ਇਕ ਹੋਰ ਮਾਮਲਾ ਸਾਹਮਣੇ ਆਉਣ ਮਗਰੋਂ ਕਾਂਗਰਸ ਨੇ ਸਰਕਾਰ 'ਤੇ ਹਮਲਾ ਕਰਦਿਆਂ ਇਸ ਨੂੰ 'ਰਾਮਧ੍ਰੋਹ' ਕਰਾਰ ਦਿੱਤਾ ਅਤੇ ਕਿਹਾ ਕਿ ਅਜਿਹੀ ਲੁੱਟ ਅਤੇ ਮੁਨਾਫਾਖੋਰੀ 'ਚ ਸ਼ਮੂਲੀਅਤ ਵਾਲੇ ਵਿਅਕਤੀ 'ਚੰਦਾਜੀਵੀ' ਹਨ। ਕਾਂਗਰਸ ਦੇ ਜਨਰਲ ਸਕੱਤਰ ਰਣਦੀਪ ਸੁਰਜੇਵਾਲਾ ਨੇ ਕਿਹਾ,"ਇਹ ਜਿੰਮੇਵਾਰੀ ਸੁਪਰੀਮ ਕੋਰਟ ਅਤੇ ਪ੍ਰਧਾਨ ਮੰਤਰੀ ਦੀ ਬਣਦੀ ਹੈ ਕਿ ਉਹ ਜਮੀਨ ਦੀ ਵੇਚ-ਵੱਟ ਅਤੇ ਸ਼ਰਧਾਲੂਆਂ ਵੱਲੋਂ ਦਿੱਤੇ ਗਏ ਦਾਨ ਦੀ ਸਾਰੀ ਪ੍ਰਕਿਰਿਆ ਦਾ ਆਡਿਟ ਕਰਵਾ ਕੇ ਸੱਚ ਦਾ ਪਤਾ ਲਾਉਣ। ਸੁਪਰੀਮ ਕੋਰਟ ਦੇ ਹੁਕਮਾਂ 'ਤੇ ਟਰੱਸਟ ਬਣਾਇਆ ਗਿਆ ਸੀ।"

ਕਾਂਗਰਸ ਨੇ ਦੋਸ਼ ਲਾਇਆ ਕਿ ਦੂਜਾ ਸੌਦਾ ਦੀਪ ਨਾਰਾਇਣ ਅਤੇ ਟਰੱਸਟ ਵਿਚਕਾਰ ਹੋਇਆ। ਦੀਪ ਨਾਰਾਇਣ ਭਾਜਪਾ ਦਾ ਸਾਬਕਾ ਮੈਂਬਰ ਹੈ ਅਤੇ ਉਹ ਅਯੁੱਧਿਆ ਦੇ ਮੇਅਰ ਰਿਸ਼ੀਕੇਸ਼ ਉਪਾਧਿਆਏ ਦਾ ਭਤੀਜਾ ਹੈ ਜਿਸ ਨੇ ਕੌਡੀਆਂ ਦੇ



ਭਾਅ ਜਮੀਨ ਖਰੀਦਣ ਮਗਰੋਂ ਮੋਟੇ ਭਾਅ 'ਤੇ ਅੱਗੇ ਜਮੀਨ ਵੇਚੀ ਹੈ। ਕਾਂਗਰਸ ਨੇ ਇਹ ਵੀ ਦੋਸ਼ ਲਾਇਆ ਕਿ ਇਸ ਮੁੱਦੇ 'ਤੇ ਮਹੰਤ ਨ੍ਰਿਤਿਆ ਗੋਪਾਲ ਦਾਸ ਨਾਲ ਵੀ ਵਿਚਾਰ ਵਟਾਂਦਰਾ ਨਹੀਂ ਕੀਤਾ ਗਿਆ। ਕਾਂਗਰਸ ਆਗੂ ਨੇ ਕਿਹਾ ਕਿ ਰਾਮ ਮੰਦਰ ਦੀ ਉਸਾਰੀ ਦਾ ਕੰਮ ਨਹੀਂ ਰੁਕਣਾ ਚਾਹੀਦਾ ਹੈ ਪਰ ਦੋਸ਼ਾਂ ਦੀ ਜਾਂਚ ਹੋਣੀ ਚਾਹੀਦੀ ਹੈ ਕਿਉਂਕਿ ਇਹ ਕਰੋੜਾਂ ਰਾਮ ਭਗਤਾਂ ਦੀ ਆਸਥਾ ਦਾ ਸਵਾਲ ਹੈ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਆਗੂ ਨੇ ਫਰਵਰੀ 'ਚ ਅਯੁੱਧਿਆ 'ਚ 890 ਵਰਗ ਮੀਟਰ ਜਮੀਨ 20 ਲੱਖ ਰੁਪਏ 'ਚ ਖਰੀਦੀ ਸੀ ਜਿਸ ਨੂੰ ਮੰਦਰ ਟਰੱਸਟ ਨੂੰ ਢਾਈ ਕਰੋੜ ਰੁਪਏ 'ਚ ਅੱਗੇ ਵੇਚਿਆ ਗਿਆ। ਭਾਜਪਾ ਆਗੂ ਨੇ ਮਹਿਜ 79 ਦਿਨਾਂ 'ਚ 1250 ਫੀਸਦ ਮੁਨਾਫਾ ਕਮਾਇਆ। ਇਸ ਤੋਂ ਪਹਿਲਾਂ ਕਾਂਗਰਸ ਨੇ ਦੋਸ਼ ਲਾਇਆ ਸੀ ਕਿ 2 ਕਰੋੜ ਰੁਪਏ 'ਚ ਖਰੀਦੀ ਗਈ ਜਮੀਨ ਕੁਝ ਮਿੰਟਾਂ ਦੇ ਅੰਦਰ ਹੀ ਟਰੱਸਟ ਨੂੰ ਸਾਢੇ 18 ਕਰੋੜ ਰੁਪਏ 'ਚ ਵੇਚੀ ਗਈ ਸੀ। ਉਨ੍ਹਾਂ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਇਸ ਘੁਟਾਲੇ ਦੀ ਜਾਂਚ ਕਰਾਉਣ ਦੀ ਮੰਗ ਕੀਤੀ ਹੈ।

# ਗਦਰ ਹਾਲ ਦੀ ਨਵ-ਉਸਾਰੀ ਲਈ ਵਫਦ ਭਾਰਤੀ ਕੌਂਸਲ ਜਨਰਲ ਨੂੰ ਮਿਲਿਆ

**ਸੈਨ ਫਰਾਂਸਿਸਕੋ:** ਸ਼ਹੀਦ ਊਧਮ ਸਿੰਘ ਫਾਊਂਡੇਸ਼ਨ ਆਫ ਨਾਰਥ ਅਮਰੀਕਾ ਦਾ ਇਕ ਵਫਦ ਸੈਨ ਫਰਾਂਸਿਸਕੋ ਵਿਚ ਭਾਰਤੀ ਕੌਂਸਲ ਜਨਰਲ ਡਾ. ਨਗੇਂਦਰਾ ਪ੍ਰਸਾਦ ਤੇ ਡਿਪਟੀ ਰਾਜੇਸ਼ ਨਾਇਕ ਨੂੰ ਮਿਲਿਆ ਅਤੇ ਗਦਰ ਹਾਲ ਦੀ ਨਵ-ਉਸਾਰੀ ਲਈ ਵਿਚਾਰ ਵਟਾਂਦਰਾ ਕੀਤਾ। ਵਫਦ ਵਿਚ ਸੰਸਥਾ ਦੇ ਪ੍ਰਧਾਨ ਗੁਲਿੰਦਰ ਗਿੱਲ, ਸੈਕਟਰੀ ਜਨਕ ਰਾਜ ਸਿਧਰਾ, ਬਲਵਿੰਦਰ ਡੁਲਕੂ, ਜਸਮੀਤ ਸਿੰਘ ਹੁੰਦਲ, ਸੁਮੀਤ ਸਿੰਘ ਤੇ ਸਲਾਹਕਾਰ ਚਰਨ ਸਿੰਘ ਜੱਜ ਸ਼ਾਮਲ ਸਨ। ਵਫਦ ਨੇ ਗਦਰ ਹਾਲ ਦੀ ਮੁੜ ਉਸਾਰੀ ਦੇ ਵਿਚ ਆ ਰਹੀ ਦੇਰੀ ਬਾਰੇ ਖੁੱਲ੍ਹ ਕੇ ਵਿਚਾਰ ਪ੍ਰਗਟਾਏ।

ਪ੍ਰਧਾਨ ਗੁਲਿੰਦਰ ਗਿੱਲ ਨੇ ਦੱਸਿਆ ਕਿ ਗਦਰ ਹਾਲ ਦੀ ਨਵੀਂ ਉਸਾਰੀ ਲਈ ਜੋ ਫੰਡ ਸੀਤਾਰਾਮ ਯੇਚੁਰੀ ਦੇ ਯਤਨਾਂ ਸਦਕਾ ਉਸ ਸਮੇਂ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕੋਚੀ ਵਿਚ ਪਰਵਾਸੀ ਭਾਰਤੀ ਦਿਵਸ 'ਤੇ 8 ਜਨਵਰੀ 2013 ਨੂੰ $4,000,000 ਗਦਰ ਹਾਲ ਸੈਨ ਫਰਾਂਸਿਸਕੋ ਦੀ ਨਵੀਂ ਉਸਾਰੀ ਲਈ ਭਾਰਤ ਸਰਕਾਰ ਵੱਲੋਂ ਮਨਜ਼ੂਰ ਕਰ ਦਿੱਤੇ ਸਨ, ਪਿਛਲੇ ਅੱਠ ਸਾਲ ਤੋਂ ਭਾਰਤ ਸਰਕਾਰ ਕੋਲ ਪਏ ਹਨ। ਇਸ ਸਮੇਂ 'ਚ ਤਿੰਨ ਭਾਰਤੀ ਦੂਤਾਵਾਸ ਦੇ ਮੁਖੀ ਆਏ ਤੇ ਹਰ ਇਕ ਨੇ ਹਾਲ ਨੂੰ ਜਲਦੀ ਮੁੜ ਉਸਾਰਨ ਦਾ ਪ੍ਰਣ ਕੀਤਾ, ਪਰ ਕਿਸੇ ਨਾ ਕਿਸੇ ਕਾਰਨ ਕੰਮ ਸ਼ੁਰੂ ਨਹੀਂ ਹੋ ਸਕਿਆ।



ਚਰਨ ਸਿੰਘ ਜੱਜ ਨੇ ਦੱਸਿਆ ਕਿ ਉਹ ਤਿੰਨ ਵਾਰ ਇਸ ਮਸਲੇ 'ਚ ਭਾਰਤ ਜਾ ਕੇ ਵਿਦੇਸ਼ ਮੰਤਰਾਲੇ ਦੇ ਉਚ ਅਧਿਕਾਰੀਆਂ ਨੂੰ ਵੀ ਮਿਲੇ ਹਨ, ਜਿਨ੍ਹਾਂ 'ਚ ਵਿਦੇਸ਼ ਮੰਤਰਾਲੇ ਦੇ ਸੈਕਟਰੀ ਮਹੇਸ਼ਵਰੀ ਤੇ ਜੁਆਇੰਟ ਸੈਕਟਰੀ ਬਾਨੀ ਰਾਓ ਨੂੰ ਦਿੱਲੀ ਮਿਲੇ। ਉਨ੍ਹਾਂ ਇਸ ਗੱਲ 'ਤੇ ਦੁੱਖ ਪ੍ਰਗਟਾਇਆ ਕਿ ਹਰ ਇਕ ਨੇ ਜਲਦ ਪੈਸੇ ਭੇਜ ਕੇ ਕੰਮ ਸ਼ੁਰੂ ਕਰਨ ਦਾ ਭਰੋਸਾ ਦਿੱਤਾ ਸੀ, ਪਰ ਕੰਮ ਜਿਉਂ ਦਾ ਤਿਉਂ ਹੀ ਰਿਹਾ। ਇਸ ਸਮੇਂ ਮੁੱਖ ਦੂਤਾਵਾਸ ਡਾ. ਨਗੇਂਦਰਾ ਪ੍ਰਸਾਦ ਨੇ ਇਸ ਮੁੜ ਉਸਾਰੀ ਨੂੰ 2022 ਦੇ ਪਹਿਲੇ ਮਹੀਨੇ 'ਚ ਸ਼ੁਰੂ ਕਰਨ ਦਾ ਭਰੋਸਾ ਦਿੱਤਾ ਹੈ। ਜਿਹੜਾ ਕੰਮ ਦੋ ਸਾਲ ਤੋਂ ਨਕਸ਼ਾਨਵੀਸਾਂ ਨੇ ਕੀਤਾ ਜਾਂ ਕਰ ਰਹੇ ਹਨ, ਉਸ ਬਾਰੇ ਵੀ ਦੱਸਿਆ ਅਤੇ ਕੰਮ ਨੂੰ ਤੇਜ ਰਫਤਾਰ ਨਾਲ ਕਰਨ ਲਈ ਕਮੇਟੀ ਦੀ ਭਾਗੇਦਾਰੀ ਦੀ ਸਲਾਹ ਦਿੱਤੀ।

ਕਰੀਬ ਦੋ ਘੰਟੇ ਚੱਲੀ ਮੀਟਿੰਗ 'ਚ ਜਨਕ ਰਾਜ ਸਿੱਧਰਾ ਨੇ ਫਾਊਂਡੇਸਨ ਦੇ 1999 ਤੋਂ ਗਦਰੀ ਬਾਬਿਆਂ ਦੀ ਯਾਦ ਵਿਚ ਕੀਤੇ ਕੰਮ ਤੇ ਗਦਰੀ ਬਾਬਿਆਂ ਦੀਆਂ ਕੈਲੀਫੋਰਨੀਆ 'ਚ ਲੱਭੀਆਂ ਯਾਦਾਂ, ਜਿਨ੍ਹਾਂ 'ਚ ਕਬਰਾਂ, ਗਦਰੀ ਬਾਬਿਆਂ ਦਾ ਹੋਲਟ ਫਾਰਮ ਤੇ ਪੋਸਟ ਆਫਿਸ 'ਚ ਪਏ ਮਨੀਆਰਡਰਾਂ ਦੇ ਰਜਿਸਟਰ ਲੱਭਣ ਤੱਕ ਦੇ ਕੰਮ 'ਤੇ ਵਿਸਥਾਰ ਨਾਲ ਚਾਨਣਾ ਪਾਇਆ। ਵਫਦ ਦੀ ਗੱਲਬਾਤ ਨੂੰ ਡਾ. ਨਗੇਂਦਰਾ ਪ੍ਰਸਾਦ ਤੇ ਡਿਪਟੀ ਰਾਜੇਸ਼ ਨਾਇਕ ਨੇ ਬਹੁਤ ਧਿਆਨ ਨਾਲ ਸੁਣਿਆ ਤੇ ਗਦਰੀਆਂ ਦੇ ਪਾਏ ਆਜ਼ਾਦੀ ਦੇ ਯੋਗਦਾਨ ਦੀ ਬਹੁਤ ਸ਼ਲਾਘਾ ਵੀ ਕੀਤੀ।

### -ਕੋਵਿਡ-19 ਐਂਟੀ ਵਾਇਰਲ ਗੋਲੀਆਂ-

## ਬਾਈਡਨ ਪ੍ਰਸ਼ਾਸਨ ਕਰੇਗਾ 3.2 ਬਿਲੀਅਨ ਡਾਲਰ ਦਾ ਨਿਵੇਸ਼

**ਫਰਿਜ਼ਨੋ:** ਬਾਈਡਨ ਪ੍ਰਸ਼ਾਸਨ ਨੇ ਕੋਵਿਡ-19 ਅਤੇ ਭਵਿੱਖ ਵਿਚ ਵਾਇਰਸ ਦੇ ਖਤਰਿਆਂ ਦਾ ਇਲਾਜ ਕਰਨ ਲਈ ਦੇਸ਼ ਵਿਚ ਦਵਾਈਆਂ ਦੀ ਸਪਲਾਈ ਵਧਾਉਣ ਲਈ 3.2 ਬਿਲੀਅਨ ਡਾਲਰ ਦੀ ਯੋਜਨਾ ਦਾ ਐਲਾਨ ਕੀਤਾ ਹੈ।

ਹੈਲਥ ਅਤੇ ਹਿਊਮਨ ਸਰਵਿਸ ਵਿਭਾਗ ਅਨੁਸਾਰ ਇਹ ਯੋਜਨਾ, ਜਿਸ ਨੂੰ 'ਐਂਟੀ ਵਾਇਰਲ ਪ੍ਰੋਗਰਾਮ ਫਾਰ ਪੈਨਡੈਮਿਕ (ਮਹਾਮਾਰੀ) ਦਾ ਨਾਮ ਦਿੱਤਾ ਹੈ, ਕਲਿਨਿਕਲ ਅਜਮਾਇਸ਼ਾਂ ਅਤੇ ਕੋਵਿਡ-19 ਲਈ ਇਲਾਜ ਦੇ ਉਤਪਾਦਨ ਨੂੰ ਉਤਸ਼ਾਹਿਤ ਕਰੇਗੀ। ਇਸ ਟੀਚੇ ਨਾਲ ਕੁਝ ਐਂਟੀ ਵਾਇਰਲਜ਼ ਲਈ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ (ਐਫ. ਡੀ. ਏ.) ਤੋਂ ਅਧਿਕਾਰ ਪ੍ਰਾਪਤ ਕੀਤੇ ਜਾਣਗੇ ਅਤੇ ਉਨ੍ਹਾਂ ਨੂੰ ਇੱਕ ਸਾਲ ਦੇ ਅੰਦਰ ਜਨਤਕ ਤੌਰ 'ਤੇ ਉਪਲੱਬਧ ਕਰਵਾਇਆ ਜਾਵੇਗਾ।

ਵਿਭਾਗ ਅਨੁਸਾਰ ਅਸਰਦਾਰ ਐਂਟੀ ਵਾਇਰਲ ਦਵਾਈਆਂ ਘਰ ਵਿਚ ਹੀ ਲਈਆਂ ਜਾ ਸਕਦੀਆਂ ਹਨ, ਇਸ ਨਾਲ ਹਸਪਤਾਲਾਂ ਵਿਚ ਦਾਖਲ ਹੋਣ ਤੋਂ ਬਚਾਅ ਹੁੰਦਾ ਹੈ ਅਤੇ ਘੱਟ ਮੌਤਾਂ ਹੋ ਸਕਦੀਆਂ ਹਨ। ਇਸ ਵਿਚ ਮਹਾਮਾਰੀ ਦੀਆਂ ਸੰਭਾਵਨਾਵਾਂ ਵਾਲੇ ਹੋਰ ਵਾਇਰਸਾਂ ਬਾਰੇ ਵੀ ਖੋਜ ਸ਼ਾਮਲ ਹੋਵੇਗੀ ਅਤੇ ਇਸ ਨੂੰ ਅਮੈਰਿਕਨ ਰੈਸਕਿਊ ਪਲਾਨ ਤਹਿਤ ਫੰਡ ਦਿੱਤਾ ਜਾਵੇਗਾ।

ਡਾ. ਐਂਥਨੀ ਫੌਸੀ ਅਨੁਸਾਰ ਐਂਟੀ ਵਾਇਰਲ ਗੋਲੀਆਂ, ਜੋ ਗੰਭੀਰ ਕੋਵਿਡ-19 ਬਿਮਾਰੀ ਅਤੇ ਮੌਤ ਨੂੰ ਰੋਕਦੀਆਂ ਹਨ, ਵੀ ਬਿਮਾਰੀ ਦੇ ਸ਼ੁਰੂ ਵਿਚ ਘਰ ਵਿਚ ਹੀ ਲਈਆਂ ਜਾ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਟੀਕੇ ਕੋਵਿਡ-19 ਨਾਲ ਲੜਨ ਦੀ ਰਣਨੀਤੀ ਦਾ ਕੇਂਦਰ ਹਨ, ਪਰ ਐਂਟੀ ਵਾਇਰਲ ਦਵਾਈਆਂ ਵੀ ਅਹਿਮ ਹਨ। ਇਸ ਯੋਜਨਾ ਦੁਆਰਾ ਰਿਸਰਚ ਅਤੇ ਲੈਬਾਰਟਰੀ ਸੁਪੋਰਟ ਲਈ 300 ਮਿਲੀਅਨ ਡਾਲਰ, ਪ੍ਰੀ-ਕਲਿਨਿਕਲ ਅਤੇ ਕਲਿਨਿਕਲ ਮੁਲੰਕਣ ਲਈ ਕਰੀਬ ਇਕ ਬਿਲੀਅਨ ਡਾਲਰ, ਡਿਵੈਲਪਮੈਂਟ ਤੇ ਨਿਰਮਾਣ ਲਈ ਲੱਗਭਗ 700 ਮਿਲੀਅਨ ਡਾਲਰ ਅਤੇ ਐਂਟੀ ਵਾਇਰਲ ਡਰੱਗਜ਼ ਦੀ ਸਿਰਜਣਾ ਵਿਚ ਤੇਜ਼ੀ ਲਿਆਉਣ ਲਈ ਮਹਾਮਾਰੀ ਦੇ ਐਂਟੀਵਾਇਰਲ ਡਰੱਗ ਡਿਸਕਵਰੀ ਸੈਂਟਰ ਕਹੇ ਜਾਣ ਵਾਲੇ ਸਮੂਹਾਂ ਨੂੰ ਬਣਾਉਣ ਲਈ ਇਕ ਬਿਲੀਅਨ ਡਾਲਰ ਦਿੱਤੇ ਜਾਣਗੇ।

## ਕਰਮਨ ਨਿਵਾਸੀ ਚਰਨ ਸਿੰਘ ਸਿੱਧੂ ਦਾ ਅਕਾਲ ਚਲਾਣਾ

**ਫਰਿਜ਼ਨੋ:** ਕਰਮਨ ਨਿਵਾਸੀ ਸ. ਚਰਨ ਸਿੰਘ ਸਿੱਧੂ ਆਪਣੀ ਸੰਸਾਰਕ ਯਾਤਰਾ ਪੂਰੀ ਕਰਦਿਆਂ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ। ਉਹ ਪੰਜਾਬ ਦੇ ਪਿੰਡ ਮੱਲ੍ਹਾਂ (ਨੇੜੇ ਜਗਰਾਉਂ) ਦੇ ਰਹਿਣ ਵਾਲੇ ਸਨ। ਉਹ ਪਿਛਲੇ 22 ਸਾਲਾਂ ਤੋਂ ਕਰਮਨ ਵਿਖੇ ਰਹਿ ਰਹੇ ਸਨ। ਉਨ੍ਹਾਂ ਦਾ ਅੰਤਿਮ ਸਸਕਾਰ ਲੰਘੀ 20 ਜੂਨ ਨੂੰ ਕਰ ਦਿੱਤਾ ਗਿਆ ਅਤੇ ਉਨ੍ਹਾਂ ਨਮਿੱਤ ਅੰਤਿਮ ਅਰਦਾਸ 'ਗੁਰਦੁਆਰਾ ਅਨੰਦਗੜ੍ਹ ਸਾਹਿਬ' ਕਰਮਨ ਵਿਖੇ ਹੋਈ।



ਪਰਿਵਾਰ ਨਾਲ ਸੰਪਰਕ ਉਨ੍ਹਾਂ ਦੇ ਸਪੁੱਤਰ ਜਗਰੂਪ ਸਿੰਘ ਨਾਲ ਫੋਨ: 559-567-4566 ਜਾਂ 559-846-7469 ਰਾਹੀਂ ਕੀਤਾ ਜਾ ਸਕਦਾ ਹੈ।

## ਹਰਦੀਪ ਸਿੰਘ ਮੌਜੋਵਾਲ ਸੁਰਗਵਾਸ

**ਯੂਨੀਅਨ ਸਿਟੀ:** ਲੰਮੇ ਸਮੇਂ ਤੋਂ 'ਪੰਜਾਬ ਟਾਈਮਜ਼' ਦੇ ਸਨੇਹੀ ਪਾਠਕ ਕੁਲਦੀਪ ਸਿੰਘ ਯੂਨੀਅਨ ਸਿਟੀ ਨੂੰ ਉਦੋਂ ਵੱਡਾ ਸਦਮਾ ਲੱਗਾ, ਜਦੋਂ ਲੰਘੀ 14 ਜੂਨ ਨੂੰ ਉਨ੍ਹਾਂ ਦੇ ਵੱਡੇ ਭਰਾ ਹਰਦੀਪ ਸਿੰਘ ਮੌਜੋਵਾਲ (ਵੜਾਇਚ) ਅਕਾਲ ਚਲਾਣਾ ਕਰ ਗਏ। ਸਵਰਗੀ ਹਰਦੀਪ ਸਿੰਘ ਕਰੀਬ 68 ਸਾਲ ਦੇ ਸਨ। ਉਨ੍ਹਾਂ ਆਖਰੀ ਸਾਹ ਮੁਹਾਲੀ ਫੋਰਟਰੈਸ ਹਸਪਤਾਲ ਵਿਚ ਲਿਆ।



ਕੁਲਦੀਪ ਸਿੰਘ ਦੇ ਦੱਸਣ ਮੁਤਾਬਕ ਉਨ੍ਹਾਂ ਦੇ ਵੱਡੇ ਭਰਾ ਪਿਛਲੇ 2 ਮਹੀਨਿਆਂ ਤੋਂ ਦਿਲ ਨਾਲ ਸਬੰਧਤ ਬਿਮਾਰੀ ਤੋਂ ਪੀੜਤ ਸਨ। ਉਹ ਪੇਸ਼ੇ ਤੋਂ ਸਕੂਲੀ ਲੈਕਚਰਾਰ ਸਨ। ਸਵਰਗੀ ਹਰਦੀਪ ਸਿੰਘ ਆਪਣੇ ਪਿਛੇ ਧਰਮ ਪਤਨੀ, ਇਕ ਬੇਟੀ ਅਤੇ ਇਕ ਪੋਤੀ ਛੱਡ ਗਏ। ਕੁਲਦੀਪ ਸਿੰਘ ਨਾਲ ਸੰਪਰਕ ਈਮੇਲ: kuldips13@yahoo.com ਰਾਹੀਂ ਕੀਤਾ ਜਾ ਸਕਦਾ ਹੈ।

## ਗੀਤਕਾਰ ਗੁਰਦੇਵ ਸਿੰਘ ਮਾਨ ਨੂੰ ਸਮਰਪਿਤ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਮੀਟਿੰਗ

**ਸਰੀ:** ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਦੀ ਜ਼ੂਮ ਮੀਟਿੰਗ ਪ੍ਰਸਿੱਧ ਲੇਖਕ ਸਵਰਗੀ ਗੁਰਦੇਵ ਸਿੰਘ ਮਾਨ ਦੀ ਯਾਦ ਨੂੰ ਸਮਰਪਿਤ ਰਹੀ। ਮੀਟਿੰਗ ਵਿਚ ਪ੍ਰਸਿੱਧ ਲੇਖਕ ਅਤੇ ਪੱਤਰਕਾਰ ਐੱਸ. ਅਸ਼ੋਕ ਭੌਰਾ ਮੁੱਖ ਬੁਲਾਰੇ ਅਤੇ ਪ੍ਰਸਿੱਧ ਬਹੁਪੱਖੀ ਸਾਹਿਤਕਾਰ ਰਵਿੰਦਰ ਰਵੀ ਮੁੱਖ ਮਹਿਮਾਨ ਸਨ। ਮੀਟਿੰਗ ਦੀ ਪ੍ਰਧਾਨਗੀ ਪ੍ਰਿਤਪਾਲ ਗਿੱਲ ਨੇ ਕੀਤੀ।

ਸ਼ੁਰੂ ਵਿਚ 1984 ਦੇ ਸ਼ਹੀਦਾਂ, ਸਰੀ ਦੇ ਪ੍ਰਸਿੱਧ ਭੰਗੜਾ ਕਲਾਕਾਰ ਜਤਿੰਦਰ ਸਿੰਘ ਰੰਧਾਵਾ ਅਤੇ ਸਾਹਿਤਕਾਰ ਡਾ. ਹਰਚੰਦ ਸਿੰਘ ਬੇਦੀ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਉਪਰੰਤ ਸੁਰਜੀਤ ਮਾਧੋਪੁਰੀ ਅਤੇ ਪਲਵਿੰਦਰ ਸਿੰਘ ਰੰਧਾਵਾ ਨੇ ਸਵਰਗੀ ਗੁਰਦੇਵ ਮਾਨ ਦੀ ਯਾਦ ਨੂੰ ਸਮਰਪਿਤ ਗੀਤ ਤਰੰਨਮ ਵਿਚ ਪੇਸ਼ ਕੀਤੇ। ਰੂਪਿੰਦਰ ਖਹਿਰਾ ਰੂਪੀ ਨੇ ਗੁਰਦੇਵ ਸਿੰਘ ਮਾਨ ਦੀ ਰਚਨਾ "ਰਾਤੀਂ ਸੀ ਉਡੀਕਾਂ ਤੇਰੀਆਂ" ਤਰੰਨਮ ਵਿਚ ਪੇਸ਼ ਕੀਤੀ ਅਤੇ ਹਰਚੰਦ ਸਿੰਘ ਗਿੱਲ ਨੇ ਗੁਰਦੇਵ ਮਾਨ ਦਾ ਗੀਤ ਸੁਣਾਇਆ।

ਕੁਲਦੀਪ ਸਿੰਘ ਗਿੱਲ, ਦਰਸ਼ਨ ਸੰਘਾ ਅਤੇ ਪ੍ਰਿਤਪਾਲ ਗਿੱਲ ਨੇ ਮੁੱਖ ਬੁਲਾਰੇ ਐੱਸ. ਅਸ਼ੋਕ ਭੌਰਾ ਦੇ ਜੀਵਨ, ਸਾਹਿਤਕ ਸਫਰ, ਪ੍ਰਾਪਤੀਆਂ ਅਤੇ ਗੀਤਕਾਰੀ ਦੇ ਵੱਖ ਵੱਖ ਪਹਿਲੂਆਂ ਬਾਰੇ ਵਿਸਥਾਰ ਸਹਿਤ ਰੋਸ਼ਨੀ ਪਾਈ। ਅਸ਼ੋਕ ਭੌਰਾ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਬੇਸ਼ੱਕ ਉਨ੍ਹਾਂ ਇੰਜੀਨੀਅਰ ਦੀ ਡਿਗਰੀ ਹਾਸਲ ਕੀਤੀ, ਪਰ ਛੋਟੀ ਉਮਰ ਵਿਚ ਹੀ ਉਹ ਸਾਹਿਤ ਨਾਲ ਜੁੜ ਗਏ ਸਨ। 43 ਸਾਲ ਤੋਂ ਸਾਹਿਤ ਦੀ ਰਚਨਾ ਕਰਦਿਆਂ ਗੀਤ, ਕਹਾਣੀ, ਲੇਖ, ਅਖਬਾਰੀ ਕਾਲਮ ਅਤੇ ਹੋਰ ਵਿਧਾਵਾਂ ਵਿਚ ਖੂਬ ਲਿਖਿਆ ਹੈ, ਪਰ ਏਨਾ ਲਿਖਣ ਦੇ ਬਾਵਜੂਦ ਲੱਗਦਾ ਹੈ ਕਿ ਹਾਲੇ ਮੇਰੀ ਗੱਲ ਨਹੀਂ ਬਣੀ।

ਅੰਤ ਵਿਚ ਚੱਲੇ ਕਾਵਿਕ ਦੌਰ ਵਿਚ ਮੰਗਤ ਕੁਲਜਿੰਦ (ਸੰਪਾਦਕ ਸ਼ਬਦ ਤ੍ਰਿੰਝਣ), ਕ੍ਰਿਸ਼ਨ ਬੈਕਟਰ, ਹਰਚੰਦ ਬਾਗੜੀ, ਇੰਦਰਜੀਤ ਧਾਮੀ, ਅਮਰੀਕ ਪਲਾਹੀ, ਹਰਸ਼ਰਨ ਕੌਰ, ਹਰਦੇਵ ਅਸ਼ਕ ਸੋਢੀ, ਬਿੱਕਰ ਸਿੰਘ ਖੋਸਾ ਅਤੇ ਹਰਜਿੰਦਰ ਚੀਮਾ ਨੇ ਆਪਣੀਆਂ ਕਾਵਿ ਰਚਨਾਵਾਂ ਪੇਸ਼ ਕੀਤੀਆਂ। ਅਮਰ ਓਛਾਨੀ ਨੇ ਵੱਡਮੁੱਲੇ ਵਿਚਾਰ ਸਾਂਝੇ ਕੀਤੇ। ਮੀਟਿੰਗ ਵਿਚ ਇੰਦਰਪਾਲ ਸੰਧੂ, ਪਰਮਿੰਦਰ ਸਵੈਚ, ਗੁਰਚਰਨ ਸਿੰਘ ਟੱਲੇਵਾਲੀਆ, ਰਾਜਵੰਤ ਚਿਲਾਨਾ, ਦਵਿੰਦਰ ਬਚੜਾ, ਮੋਹਨ ਬਚੜਾ, ਬਲਿਹਾਰ ਸਿੰਘ ਲੇਲ੍ਹ, ਰਣਧੀਰ ਢਿੱਲੋਂ ਨੇ ਵੀ ਹਾਜਰੀ ਲੁਆਈ।

ਸਭਾ ਦੇ ਪ੍ਰਧਾਨ ਪ੍ਰਿਤਪਾਲ ਗਿੱਲ ਨੇ ਆਪਣੀ ਇਕ ਰਚਨਾ ਸਾਂਝੀ ਕੀਤੀ ਅਤੇ ਸਭਨਾਂ ਦਾ ਧੰਨਵਾਦ ਕੀਤਾ। ਮੀਟਿੰਗ ਦਾ ਸੰਚਾਲਨ ਸਭਾ ਦੇ ਸਕੱਤਰ ਪਲਵਿੰਦਰ ਸਿੰਘ ਰੰਧਾਵਾ ਨੇ ਕੀਤਾ।

## 'ਰਾਮਗੜ੍ਹੀਆ ਵਿਰਾਸਤ' ਇੱਕ ਵਿਲੱਖਣ ਅਤੇ ਨਿਵੇਕਲੀ ਪੁਸਤਕ-ਠਾਕੁਰ ਦਲੀਪ ਸਿੰਘ

**ਸਰੀ:** 'ਰਾਮਗੜ੍ਹੀਆ ਵਿਰਾਸਤ' ਪੂਰੇ ਵਿਸ਼ਵ ਵਿਚ ਇੱਕ ਵਿਲੱਖਣ ਅਤੇ ਨਿਵੇਕਲੀ ਪੁਸਤਕ ਆਈ ਹੈ, ਜੋ ਰਾਮਗੜ੍ਹੀਆ ਸ਼ਿਲਪਕਾਰਾਂ ਦੀ ਬਰਾਦਰੀ ਅਤੇ ਉਨ੍ਹਾਂ ਦੇ ਕਿੱਤੇ, ਉਨ੍ਹਾਂ ਦੀਆਂ ਮਹਾਨ ਹਸਤੀਆਂ ਨੂੰ ਉਜਾਗਰ ਕਰਦੀ ਹੈ। ਆਪਣੇ ਵੀਡੀਓ ਸੁਨੇਹੇ ਰਾਹੀਂ ਇਹ ਵਿਚਾਰ ਪ੍ਰਗਟ ਕਰਦਿਆਂ ਨਾਮਧਾਰੀ ਸੰਪਰਦਾ ਦੇ ਮੁਖੀ ਠਾਕੁਰ ਦਲੀਪ ਸਿੰਘ ਨੇ ਕਿਹਾ ਹੈ ਕਿ ਸ. ਜੈਤੇਗ ਸਿੰਘ ਅਨੰਤ ਨੇ ਇਸ ਪੁਸਤਕ ਰਾਹੀਂ ਇਕ ਮੀਲ-ਪੱਥਰ ਗੱਡਿਆ ਹੈ। ਸਚਿੱਤਰ, ਵੱਡ ਆਕਾਰੀ, ਸੁੰਦਰ ਛਪਾਈ ਵਾਲੀ ਇਸ ਪੁਸਤਕ ਦੀ ਸਭ ਤੋਂ ਖਾਸ ਗੱਲ ਇਹ ਹੈ ਕਿ ਰਾਮਗੜ੍ਹੀਆ ਬਰਾਦਰੀ ਦੇ ਦੁਰਲੱਭ ਹੀਰੇ-ਮੋਤੀ, ਜਵਾਹਰਾਤ ਇਸ ਵਿਚ ਇਕੱਤਰ ਕੀਤੇ ਗਏ ਹਨ ਅਤੇ ਇਹ ਇੰਨੀ ਵੱਡੀ ਗਿਣਤੀ ਵਿਚ ਹਨ, ਜਿਨ੍ਹਾਂ ਨੇ ਇੰਨੇ ਵੱਡੇ ਕਾਰਨਾਮੇ ਕੀਤੇ, ਪਰ ਉਨ੍ਹਾਂ ਬਾਰੇ ਕਿਸੇ ਨੂੰ ਪਤਾ ਹੀ ਨਹੀਂ, ਰਾਮਗੜ੍ਹੀਆਂ ਨੂੰ ਵੀ ਨਹੀਂ ਪਤਾ।

ਉਨ੍ਹਾਂ ਕਿਹਾ ਕਿ ਇਹ ਖੋਜ ਭਰਪੂਰ ਪੁਸਤਕ ਹਰੇਕ ਸੱਜਣ ਨੂੰ ਪੜ੍ਹਨੀ ਚਾਹੀਦੀ ਹੈ ਅਤੇ ਹਰ ਲਾਇਬ੍ਰੇਰੀ ਵਿਚ ਹੋਣੀ ਚਾਹੀਦੀ ਹੈ। ਰਾਮਗੜ੍ਹੀਆ ਨਾਮ ਤੋਂ ਅਤੇ ਬਾਹਰੀ ਦਿੱਖ ਤੋਂ ਇਹ ਪੁਸਤਕ ਸਿਰਫ ਸਿੱਖਾਂ ਭਾਵ ਕੇਸਾਧਾਰੀ ਸਿੱਖਾਂ ਨਾਲ ਹੀ ਸੰਬੰਧਿਤ ਜਾਪਦੀ ਹੈ, ਪਰ ਅੰਦਰ ਜਾ ਕੇ ਝਾਤੀ ਮਾਰਨ ਨਾਲ ਇਸ ਵਿਚ ਸਿੱਖਾਂ ਦੇ ਨਾਲ ਕੇਸ ਰਹਿਤ ਸਿੱਖਾਂ ਬਾਰੇ ਵੀ ਬਹੁਤ ਕੁਝ ਪਤਾ ਲਗਦਾ ਹੈ ਕਿ ਕਿਵੇਂ ਕੇਸ ਰਹਿਤ ਸਿੱਖਾਂ ਨੇ ਬਹੁਤ ਮੱਲਾਂ ਮਾਰੀਆਂ ਅਤੇ ਪ੍ਰਾਪਤੀਆਂ ਕੀਤੀਆਂ। ਇਸ ਪੁਸਤਕ ਵਿਚ ਅਮਰੀਕਾ ਦੇ ਰਾਸ਼ਟਰਪਤੀ ਅਬ੍ਰਾਹਮ ਲਿੰਕਨ ਅਤੇ ਹਜ਼ਰਤ ਈਸਾ ਮਸੀਹ ਬਾਰੇ ਵੀ ਜ਼ਿਕਰ ਕੀਤਾ ਹੈ ਕਿ ਉਹ ਵੀ ਤਰਖਾਣਾਂ ਵਿਚੋਂ ਸਨ।

ਸ. ਜੈਤੇਗ ਸਿੰਘ ਅਨੰਤ ਅੰਦਰ ਸਿੱਖੀ ਭਾਵਨਾ ਬੜੀ ਪ੍ਰਬਲ ਭਰੀ ਪਈ ਹੈ ਅਤੇ ਇਸ ਭਾਵਨਾ ਨੂੰ ਉਹ ਆਪਣੇ ਅੰਦਰ ਹੀ ਨਹੀਂ ਰੱਖਦੇ,




ਸਗੋਂ ਪ੍ਰਚੰਡ ਕਰਕੇ ਬਾਹਰ ਲੋਕਾਂ ਤੱਕ ਵੀ ਪਹੁੰਚਾਉਂਦੇ ਹਨ। ਉਹ ਬੜੇ ਪੱਕੇ ਗੁਰਸਿੱਖ ਹਨ ਅਤੇ ਵਧੀਆ ਲੇਖਕ, ਉੱਘੇ ਪੱਤਰਕਾਰ ਤੇ ਫੋਟੋਗ੍ਰਾਫਰ ਵੀ ਹਨ। ਇਸ ਪੁਸਤਕ ਰਾਹੀਂ ਉਨ੍ਹਾਂ ਜਿੱਥੇ ਰਾਮਗੜ੍ਹੀਆਂ ਦਾ ਵਿਰਸਾ ਸੰਭਾਲਿਆ ਹੈ, ਉੱਥੇ ਸਿੱਖੀ ਦਾ ਵਿਰਸਾ ਵੀ ਸੰਭਾਲਿਆ ਹੈ। ਇਸ ਤੋਂ ਪਹਿਲਾਂ ਵੀ ਚੋਖੀਆਂ ਪੁਸਤਕਾਂ ਲਿਖ ਕੇ ਉਨ੍ਹਾਂ ਨੇ ਸਿੱਖ ਪੰਥ ਅਤੇ ਮਾਂ ਬੋਲੀ ਪੰਜਾਬੀ ਦੀ ਸੇਵਾ ਕੀਤੀ ਹੈ ਅਤੇ ਆਪਣੇ ਪੰਥ ਦੀ ਵਿਰਾਸਤ ਸੰਭਾਲੀ ਹੈ।

ਇਸ ਪੁਸਤਕ ਵਿਚ ਸ. ਅਨੰਤ ਨੇ ਸਿੱਖ ਸਿਆਸਤ ਤੋਂ ਉੱਪਰ ਉਠ ਕੇ ਗਿਆਨੀ ਜ਼ੈਲ ਸਿੰਘ ਵਰਗੀ ਮਹਾਨ ਹਸਤੀ ਦਾ ਨਾਮ ਵੀ ਇਸ ਪੁਸਤਕ ਵਿਚ ਦੇ ਕੇ ਬਹੁਤ ਵਧੀਆ ਕਾਰਜ ਕੀਤਾ ਹੈ, ਨਹੀਂ ਤਾਂ ਬਹੁਤ ਸਾਰੇ ਸਿੱਖ ਗਿਆਨੀ ਜ਼ੈਲ ਸਿੰਘ ਨੂੰ ਕਾਂਗਰਸੀ ਹੋਣ ਕਰ ਕੇ ਸਿੱਖ ਹੀ ਨਹੀਂ ਮੰਨਦੇ। ਪੁਸਤਕ ਵਿਚ ਨਾਮਧਾਰੀਆਂ ਨੂੰ ਵੀ ਕਈ ਪੰਨੇ ਦੇ ਕੇ ਮਾਣ ਦਿੱਤਾ ਹੈ। ਸਤਿਗੁਰੂ ਰਾਮ ਸਿੰਘ ਬਾਰੇ ਉਨ੍ਹਾਂ ਨੇ ਸਿੱਖੀ ਵਾਸਤੇ ਜੋ ਪ੍ਰਚਾਰ ਕੀਤਾ ਅਤੇ ਦੇਸ਼ ਵਾਸਤੇ ਜੋ ਕੁਝ ਕੀਤਾ, ਇਹ ਸਾਰੇ ਵੇਰਵੇ ਲਈ ਪੁਸਤਕ ਵਿਚ ਦਰਜ ਕੀਤੇ ਗਏ ਹਨ।

## ਗੈਰ-ਜ਼ਰੂਰੀ ਅੰਤਰਰਾਸ਼ਟਰੀ ਯਾਤਰਾ 'ਤੇ ਪਾਬੰਦੀ 21 ਜੁਲਾਈ ਤੱਕ ਵਧਾਈ

**ਸਰੀ:** ਕੈਨੇਡਾ ਵੱਲੋਂ ਗੈਰ-ਜ਼ਰੂਰੀ ਅੰਤਰਰਾਸ਼ਟਰੀ ਯਾਤਰਾ 'ਤੇ ਆਪਣੀਆਂ ਸਰਹੱਦੀ ਪਾਬੰਦੀਆਂ ਇਕ ਮਹੀਨੇ ਲਈ ਹੋਰ ਵਧਾ ਦਿੱਤੀਆਂ ਹਨ। ਇਹ ਪਾਬੰਦੀਆਂ ਕੈਨੇਡਾ ਅਤੇ ਅਮਰੀਕਾ ਦਰਮਿਆਨ ਯਾਤਰਾ ਉਪਰ ਵੀ ਲਾਗੂ ਹੋਣਗੀਆਂ। ਜ਼ਿਕਰਯੋਗ ਹੈ ਕਿ ਇਨ੍ਹਾਂ ਪਾਬੰਦੀਆਂ ਦੀ ਮਿਆਦ 21 ਜੂਨ ਨੂੰ ਖਤਮ ਹੋ ਜਾਣੀ ਸੀ, ਪਰ ਹੁਣ ਪਾਬੰਦੀਆਂ 21 ਜੁਲਾਈ 2021 ਤੱਕ ਜਾਰੀ ਰਹਿਣਗੀਆਂ।

ਇਹ ਐਲਾਨ ਜਨਤਕ ਸੁਰੱਖਿਆ ਮੰਤਰੀ ਬਿਲ ਬਲੇਅਰ ਨੇ ਆਪਣੇ ਟਵਿੱਟਰ ਅਕਾਊਂਟ 'ਤੇ ਕੀਤਾ ਹੈ। ਬਿਲ ਬਲੇਅਰ ਦਾ ਕਹਿਣਾ ਹੈ ਕਿ ਸਰਕਾਰ ਸਾਰੇ ਕੈਨੇਡੀਅਨਾਂ ਨੂੰ ਵੈਕਸੀਨੇਟ ਕਰਨ ਦੀ ਯੋਜਨਾ ਬਣਾ ਰਹੀ ਹੈ।

# ਟਿਕਾਊ ਵਿਕਾਸ ਪੱਖੋਂ ਭਾਰਤ ਹੋਰ ਪਿੱਛੇ

6 ਜੂਨ 2021 ਨੂੰ ਸੰਯੁਕਤ ਰਾਸ਼ਟਰ ਵੱਲੋਂ ਜਾਰੀ ਕੀਤੀ ਗਈ ਇਕ ਰਿਪੋਰਟ ਅਨੁਸਾਰ ਸੰਯੁਕਤ ਰਾਸ਼ਟਰ ਦੇ ਜਿਹੜੇ 193 ਮੁਲਕਾਂ ਨੇ 2003 ਦੇ ਏਜੰਡੇ ਵਜੋਂ ਟਿਕਾਊ ਵਿਕਾਸ ਦੇ 17 ਟੀਚੇ ਮਿਥੇ ਸਨ, ਉਨ੍ਹਾਂ ਨੂੰ ਹਾਸਲ ਕਰਨ ਦੇ ਸਬੰਧ ਵਿਚ ਭਾਰਤ ਦੀ ਦਰਜਾਬੰਦੀ ਜੋ ਪਿਛਲੇ ਸਾਲ 115ਵੇਂ ਸਥਾਨ ਉੱਤੇ ਸੀ, ਉਹ ਇਸ ਸਾਲ ਹੇਠਾਂ ਵੱਲ ਖਿਸਕ ਕੇ 117ਵੇਂ ਸਥਾਨ ਉੱਪਰ ਆ ਗਈ ਹੈ। ਭਾਰਤ ਦਾ ਦਰਜਾ ਸਿਰਫ ਬ੍ਰਿਕਸ ਮੁਲਕਾਂ-ਬ੍ਰਾਜ਼ੀਲ, ਰਸ਼ੀਅਨ ਫੈਡਰੇਸ਼ਨ, ਭਾਰਤ, ਚੀਨ ਅਤੇ ਦੱਖਣੀ ਅਫਰੀਕਾ ਵਿਚੋਂ ਹੀ ਸਭ ਤੋਂ ਨੀਵਾਂ ਨਹੀਂ ਹੈ, ਸਗੋਂ ਇਹ ਚਾਰ ਦੱਖਣੀ ਏਸ਼ੀਆਈ ਮੁਲਕਾਂ-ਭੂਟਾਨ, ਸ੍ਰੀਲੰਕਾ, ਨੇਪਾਲ ਅਤੇ ਬੰਗਲਾਦੇਸ਼ ਤੋਂ ਵੀ ਹੇਠਾਂ ਹੈ। ਸੰਯੁਕਤ ਰਾਸ਼ਟਰ ਵੱਲੋਂ ਟਿਕਾਊ ਵਿਕਾਸ ਦੀ ਦਰਜਾਬੰਦੀ

**ਡਾ. ਗਿਆਨ ਸਿੰਘ***

ਸੋਸ਼ਲ ਡਿਵੈਲਪਮੈਂਟ ਗੋਲਜ਼ ਦੇ 100 ਅੰਕਾਂ ਵਿਚੋਂ ਕੀਤੀ ਜਾਂਦੀ ਹੈ।

ਭਾਰਤ ਨੇ 100 ਅੰਕਾਂ ਵਿਚੋਂ 61.9 ਅੰਕ, ਜਦੋਂ ਕਿ ਬਾਕੀ ਦੇ ਬ੍ਰਿਕਸ ਮੁਲਕਾਂ-ਚੀਨ, ਬ੍ਰਾਜ਼ੀਲ, ਰਸ਼ੀਅਨ ਫੈਡਰੇਸ਼ਨ ਅਤੇ ਦੱਖਣੀ ਅਫਰੀਕਾ ਨੇ ਕ੍ਰਮਵਾਰ 73.89, 72.67, 71.92, ਅਤੇ 63.41 ਅੰਕ ਪ੍ਰਾਪਤ ਕੀਤੇ ਹਨ। ਇਸ ਸਬੰਧ ਵਿਚ ਭਾਰਤ ਦੇ ਗੁਆਂਢੀ ਚਾਰ ਏਸ਼ੀਆਈ ਛੋਟੇ ਮੁਲਕਾਂ-ਭੂਟਾਨ, ਸ੍ਰੀਲੰਕਾ, ਨੇਪਾਲ ਅਤੇ ਬੰਗਲਾਦੇਸ਼ ਨੇ ਕ੍ਰਮਵਾਰ 69.27, 66.88, 65.93 ਅਤੇ 63.51 ਅੰਕ ਪ੍ਰਾਪਤ ਕੀਤੇ ਹਨ। ਇਸ ਰਿਪੋਰਟ ਵਿਚ ਭਾਰਤ ਦੀ ਟਿਕਾਊ ਵਿਕਾਸ ਦੇ ਸਬੰਧ ਵਿਚ ਦਰਜਾਬੰਦੀ ਦੇ ਹੇਠਾਂ ਵੱਲ ਖਿਸਕਣ ਦਾ ਕਾਰਨ ਭੁੱਖਮਰੀ ਖਤਮ ਕਰਨ ਦੀਆਂ ਚੁਣੌਤੀਆਂ ਅਤੇ ਭੋਜਨ ਸੁਰੱਖਿਆ ਹਾਸਲ ਕਰਨ ਦੇ ਟੀਚਿਆਂ ਵਿਚ ਅੜਿੱਕਾ ਪੈਣਾ ਦੱਸਿਆ ਗਿਆ ਹੈ। ਇਸ ਤੋਂ ਬਿਨਾ ਲਿੰਗ ਸਮਾਨਤਾ, ਠੋਸ ਬੁਨਿਆਦੀ ਢਾਂਚਾ, ਟਿਕਾਊ ਉਦਯੋਗੀਕਰਨ ਅਤੇ ਨਵੀਆਂ ਕਾਢਾਂ ਦੀ ਗੈਰ-ਮੌਜੂਦਗੀ ਵੀ ਅਜਿਹੇ ਕਾਰਨ ਹਨ, ਜਿਨ੍ਹਾਂ ਕਾਰਨ ਭਾਰਤ ਦੀ ਦਰਜਾਬੰਦੀ ਹੇਠਾਂ ਵੱਲ ਖਿਸਕੀ ਹੈ।

'ਵੈਲਟਹੰਗਰਹਾਈਫ' ਅਤੇ 'ਕਨਸਰਨ ਵਰਲਡਵਾਈਡ' ਸੰਸਥਾਵਾਂ ਵੱਲੋਂ 'ਗਲੋਬਲ ਹੰਗਰ ਇੰਡੈਕਸ' ਦੁਨੀਆਂ ਵਿਚ ਭੁੱਖਮਰੀ ਖਿਲਾਫ ਜਾਗਰੂਕਤਾ ਵਧਾਉਣ ਲਈ ਬਣਾਇਆ ਜਾਂਦਾ ਹੈ। ਭੁੱਖਮਰੀ ਦੀ ਬਹੁ-ਦਿਸ਼ਾ ਪ੍ਰਕਿਰਤੀ ਨੂੰ ਸਮਝਣ ਲਈ ਇਸ ਸਬੰਧ ਵਿਚ ਵੱਖ ਵੱਖ ਮੁਲਕਾਂ ਦੀ ਦਰਜਾਬੰਦੀ 4 ਸੂਚਕਾਂ ਦੇ ਆਧਾਰ ਉੱਤੇ ਕੀਤੀ ਜਾਂਦੀ ਹੈ। ਪਹਿਲਾ ਸੂਚਕ ਉਨ੍ਹਾਂ ਲੋਕਾਂ ਨਾਲ ਸਬੰਧਿਤ ਹੈ, ਜਿਨ੍ਹਾਂ ਨੂੰ ਅਪੂਰਨ ਖੁਰਾਕ ਮਿਲਦੀ ਹੈ। ਦੂਜੇ ਸੂਚਕ ਦਾ ਸਬੰਧ 5 ਸਾਲ ਤੋਂ ਘੱਟ ਉਮਰ ਦੇ ਉਨ੍ਹਾਂ ਬੱਚਿਆਂ ਨਾਲ ਹੈ, ਜਿਨ੍ਹਾਂ ਦੀ ਲੰਬਾਈ ਅਨੁਸਾਰ ਉਨ੍ਹਾਂ ਦਾ ਵਜ਼ਨ ਘੱਟ ਹੋਵੇ। ਤੀਜਾ ਸੂਚਕ 5 ਸਾਲ ਤੋਂ ਘੱਟ ਉਮਰ ਦੇ ਉਨ੍ਹਾਂ ਬੱਚਿਆਂ ਸਬੰਧੀ ਹੈ, ਜਿਨ੍ਹਾਂ ਦੀ ਉਮਰ ਅਨੁਸਾਰ ਲੰਬਾਈ ਘੱਟ ਹੋਵੇ। ਚੌਥਾ ਸੂਚਕ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਮੌਤ ਨਾਲ ਸਬੰਧਿਤ ਹੈ। ਹਰੇਕ ਸਾਲ 'ਗਲੋਬਲ ਹੰਗਰ ਇੰਡੈਕਸ' ਦੇ ਨਾਮ ਹੇਠ ਦੁਨੀਆਂ ਦੇ ਵੱਖ ਵੱਖ ਮੁਲਕਾਂ ਵਿਚ ਭੁੱਖਮਰੀ ਸਬੰਧੀ ਆ ਰਹੀਆਂ ਰਿਪੋਰਟਾਂ ਤੋਂ ਇਸ ਸਬੰਧ ਵਿਚ ਭਾਰਤ ਦੀ ਅਕਸਰ ਨਿਘਰਦੀ ਦਰਜਾਬੰਦੀ ਸਾਹਮਣੇ ਆਉਂਦੀ ਹੈ। ਭੁੱਖਮਰੀ ਨੂੰ ਖਤਮ ਕਰਨ ਲਈ ਮੁਲਕ ਦੇ ਸਾਰੇ ਲੋਕਾਂ ਨੂੰ ਭੋਜਨ ਸੁਰੱਖਿਆ ਨੂੰ ਯਕੀਨੀ ਬਣਾਉਣਾ ਜ਼ਰੂਰੀ ਹੈ। ਮੁਲਕ ਵਿਚ 2013 ਵਿਚ ਭੋਜਨ ਸੁਰੱਖਿਆ ਕਾਨੂੰਨ ਬਣਾਇਆ ਗਿਆ, ਜਿਸ ਅਨੁਸਾਰ ਸਰਕਾਰ ਦੁਆਰਾ 67 ਫੀਸਦ ਲੋਕਾਂ ਨੂੰ ਭੋਜਨ ਸੁਰੱਖਿਆ ਦਿੱਤੀ ਗਈ ਹੈ। ਇਸ ਕਾਨੂੰਨ ਅਨੁਸਾਰ ਲਾਭਪਾਤਰੀਆਂ ਨੂੰ ਪ੍ਰਤੀ ਜੀਅ ਪ੍ਰਤੀ ਮਹੀਨਾ 5 ਕਿਲੋਗ੍ਰਾਮ ਅਨਾਜ-ਚੌਲ 3 ਰੁਪਏ, ਕਣਕ 2 ਰੁਪਏ ਅਤੇ ਮੋਟੇ ਅਨਾਜ 1 ਰੁਪਏ ਪ੍ਰਤੀ ਕਿਲੋਗ੍ਰਾਮ ਮਿਲਣ ਬਾਰੇ ਕਿਹਾ ਗਿਆ ਹੈ। ਅਨਾਜਾਂ ਦੀ ਕੀਮਤਾਂ ਨੂੰ ਦੇਖ ਕੇ ਦੋ-ਤਿਆਹੀ ਜਨਸੰਖਿਆ ਨੂੰ ਦਿੱਤੀ ਗਈ ਅਨਾਜ ਸੁਰੱਖਿਆ ਬਹੁਤ ਚੰਗੀ ਲੱਗਦੀ ਹੈ, ਪਰ ਜਦੋਂ ਅਨਾਜ ਦੀ ਮਾਤਰਾ ਵੱਲ ਦੇਖਦੇ ਹਾਂ ਤਾਂ ਕੁਝ ਨਿਰਾਸ਼ਾ ਪੱਲੇ ਪੈਂਦੀ ਹੈ, ਕਿਉਂਕਿ 5 ਕਿਲੋਗ੍ਰਾਮ ਪ੍ਰਤੀ ਜੀਅ ਪ੍ਰਤੀ ਮਹੀਨਾ ਅਨਾਜ ਰੋਜ਼ਾਨਾ 164 ਗ੍ਰਾਮ ਬਣਦਾ ਹੈ, ਜਿਸ ਵਿਚ ਕਿਰਤੀਆਂ ਲਈ ਪੇਟ ਦੀ ਭੁੱਖ ਮਿਟਾਉਣ ਲਈ ਸਿਰਫ ਦੋ ਡੰਗ ਦੀ ਰੋਟੀ ਵੀ ਪੂਰੀ ਨਹੀਂ ਹੁੰਦੀ ਹੈ। ਜਦੋਂ ਦਾ ਇਹ ਕਾਨੂੰਨ ਬਣਿਆ ਹੈ, ਉਸ ਸਮੇਂ ਤੋਂ ਲੈ ਕੇ ਹੁਣ ਤੱਕ ਮੁਲਕ ਦੇ ਵੱਖ ਵੱਖ ਸੂਬਿਆਂ ਤੋਂ ਰਾਸ਼ਨ ਨਾ-ਮਿਲਣ, ਤੋਲ ਵਿਚ ਘੱਟ ਹੋਣ ਅਤੇ ਅਨਾਜਾਂ ਦੇ ਬਹੁਤ ਹੀ ਮਾੜੇ ਮਿਆਰ ਸਬੰਧੀ ਰਿਪੋਰਟਾਂ ਅਖਬਾਰਾਂ/ਟੈਲੀਵਿਜ਼ਨਾਂ ਦੀਆਂ ਖਬਰਾਂ ਦੀਆਂ ਸੁਰਖੀਆਂ ਬਣਦੀਆਂ ਰਹਿੰਦੀਆਂ ਹਨ। ਇਨ੍ਹਾਂ ਤੱਥਾਂ ਤੋਂ ਬਿਨਾ ਬਹੁਤ ਹੀ ਧਿਆਨ ਮੰਗਦਾ ਇਕ ਪੱਖ ਭੋਜਨ ਸੁਰੱਖਿਆ ਦੇ ਠੀਕ ਅਰਥ ਨੂੰ ਸਮਝਣ ਦਾ ਹੈ। ਸੰਯੁਕਤ ਰਾਸ਼ਟਰ ਦੀ 'ਕਮੇਟੀ ਔਨ ਵਰਲਡ ਫੂਡ ਸਿਕਿਉਰਿਟੀ' ਅਨੁਸਾਰ ਭੋਜਨ ਸੁਰੱਖਿਆ ਦਾ ਭਾਵ ਇਹ ਹੈ ਕਿ ਸਾਰੇ ਲੋਕਾਂ ਦੁਆਰਾ ਫੁਰਤੀਲੀ ਅਤੇ ਤੰਦਰੁਸਤੀ ਵਾਲੀ ਜ਼ਿੰਦਗੀ ਜਿਊਣ ਲਈ ਸਾਰਿਆਂ ਸਮਿਆਂ ਉੱਤੇ ਉਨ੍ਹਾਂ ਦੀ ਲੋੜੀਂਦੀ ਮਾਤਰਾ ਵਿਚ ਪੂਰਾ, ਸੁਰੱਖਿਅਤ ਅਤੇ ਪ੍ਰਸ਼ਟ ਭੋਜਨ ਪ੍ਰਾਪਤ ਕਰਨ ਲਈ ਸਮਾਜਿਕ-ਆਰਥਿਕ ਪਹੁੰਚ ਹੋਵੇ। ਜੇ ਇਸ ਪਰਿਭਾਸ਼ਾ ਅਨੁਸਾਰ ਭੁੱਖਮਰੀ ਦੇਖੀ ਜਾਵੇ ਤਾਂ ਹੋਰ ਜ਼ਿਆਦਾ ਨਿਰਾਸ਼ ਸਾਹਮਣੇ ਆਵੇਗੀ।

ਭਾਰਤ ਵਿਚ ਭੁੱਖਮਰੀ ਅਤੇ ਭੋਜਨ ਸੁਰੱਖਿਆ ਦੀ ਅਣਹੋਂਦ ਨੂੰ ਸਮਝਣ ਲਈ ਮੁਲਕ ਵਿਚ ਅਪਨਾਏ ਗਏ ਵਿਕਾਸ ਮਾਡਲ ਦੀ ਸਮੀਖਿਆ ਜ਼ਰੂਰੀ ਹੈ। ਮੁਲਕ ਦੇ ਆਜ਼ਾਦ ਹੋਣ ਤੋਂ ਬਾਅਦ 1950 ਵਿਚ 'ਯੋਜਨਾ ਕਮਿਸ਼ਨ' ਦੀ ਸਥਾਪਤੀ ਕੀਤੀ ਗਈ ਅਤੇ 1951 ਤੋਂ ਪੰਜ ਸਾਲਾ ਯੋਜਨਾਵਾਂ ਦੀ ਸ਼ੁਰੂਆਤ ਹੋਈ। 1951-80 ਤੱਕ ਦੇ ਸਮੇਂ ਨੂੰ ਯੋਜਨਾਬੰਦੀ ਦਾ ਸਮਾਂ ਮੰਨਿਆ ਗਿਆ ਹੈ। ਇਸ ਸਮੇਂ ਦੌਰਾਨ ਮੁਲਕ ਦੇ ਹੁਕਮਰਾਨਾਂ ਨੇ ਮਿਸ਼ਰਤ ਅਰਥ-ਵਿਵਸਥਾ ਵਾਲੇ ਵਿਕਾਸ ਮਾਡਲ ਨੂੰ ਅਪਨਾਇਆ, ਜਿਸ ਅਧੀਨ ਜਨਤਕ ਖੇਤਰ ਦੇ ਅਦਾਰੇ ਸਥਾਪਿਤ ਕੀਤੇ ਗਏ ਅਤੇ ਉਨ੍ਹਾਂ ਦਾ ਵਿਸਥਾਰ ਤੇ ਵਿਕਾਸ ਹੋਇਆ। ਨਿੱਜੀ ਖੇਤਰ ਦੇ ਅਦਾਰਿਆਂ ਉੱਪਰ ਨਿਯੰਤਰਣ ਕਰਨ ਦੇ ਨਾਲ ਨਾਲ ਉਨ੍ਹਾਂ ਦੀ ਨਿਗਰਾਨੀ ਵੀ ਯਕੀਨੀ ਬਣਾਈ ਗਈ। ਮੁਲਕ ਵਿਚ ਕੀਤੇ ਗਏ ਵੱਖ ਵੱਖ ਖੋਜ ਅਧਿਐਨਾਂ ਤੋਂ ਇਹ ਤੱਥ ਚਿੱਟੇ ਦਿਨ ਵਾਂਗ ਸਾਹਮਣੇ ਆਇਆ ਕਿ ਯੋਜਨਾਬੰਦੀ ਦੇ ਸਮੇਂ (1951-80) ਦੌਰਾਨ ਜਨਤਕ ਅਦਾਰਿਆਂ ਵਿਚ ਰੁਜ਼ਗਾਰ ਦੇ ਮੌਕੇ ਵਧੇ, ਪੱਕੀਆਂ ਨੌਕਰੀਆਂ ਦਿੱਤੀਆਂ ਗਈਆਂ, ਜਿਸ ਸਦਕਾ ਆਰਥਿਕ ਅਸਮਾਨਤਾਵਾਂ ਘਟੀਆਂ। 1980 ਤੋਂ ਬਾਅਦ ਯੋਜਨਾਬੰਦੀ ਨੂੰ ਪਿਛਲੇ ਗੇਅਰ ਵਿਚ ਪਾ ਦਿੱਤਾ ਗਿਆ। ਮੁਲਕ ਵਿਚ 1991 ਤੋਂ ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ ਦੀਆਂ 'ਨਵੀਆਂ ਆਰਥਿਕ ਨੀਤੀਆਂ' ਅਪਨਾਉਣ ਕਾਰਨ ਯੋਜਨਾਬੰਦੀ ਲਕਵੇ ਦਾ ਸ਼ਿਕਾਰ ਬਣਾ ਦਿੱਤੀ ਗਈ ਅਤੇ ਐੱਨ. ਡੀ. ਏ. ਹਕੂਮਤ ਨੇ ਇਸ ਦਾ ਭੋਗ ਪਾ ਕੇ 'ਨੀਤੀ ਆਯੋਗ' ਬਣਾ ਦਿੱਤਾ, ਜਿਸ ਵਿਚ ਸਰਮਾਏਦਾਰ/ਕਾਰਪੋਰੇਟ ਜਗਤ ਨੂੰ ਅਹਿਮ ਥਾਂ ਦਿੱਤੀ ਗਈ/ਜਾ ਰਹੀ ਹੈ।

ਮੁਲਕ ਦੀ ਅੱਧੀ ਦੇ ਕਰੀਬ ਜਨਸੰਖਿਆ ਆਪਣੀ ਰੋਜ਼ੀ-ਰੋਟੀ ਲਈ ਖੇਤੀਬਾੜੀ ਖੇਤਰ ਉੱਪਰ ਨਿਰਭਰ ਹੈ। ਖੇਤੀਬਾੜੀ ਖੇਤਰ ਉੱਪਰ ਨਿਰਭਰ ਲੋਕਾਂ ਵਿਚ ਕਿਸਾਨ, ਖੇਤ ਮਜ਼ਦੂਰ, ਅਤੇ ਪੇਂਡੂ ਛੋਟੇ ਕਾਰੀਗਰ ਸ਼ਾਮਲ ਹਨ। ਕਿਸਾਨਾਂ ਦੀਆਂ ਵੱਖ ਵੱਖ ਸ਼੍ਰੇਣੀਆਂ ਵਿਚ ਵੱਡੇ, ਦਰਮਿਆਨੇ, ਅਰਧ-ਦਰਮਿਆਨੇ, ਛੋਟੇ ਅਤੇ ਸੀਮਾਂਤ ਕਿਸਾਨ ਸ਼ਾਮਲ ਹਨ। 2015-16 ਦੀ ਖੇਤੀਬਾੜੀ ਜਨਗਣਨਾ ਅਨੁਸਾਰ ਮੁਲਕ ਵਿਚ ਸੀਮਾਂਤ ਅਤੇ ਛੋਟੇ ਕਿਸਾਨਾਂ (ਜਿਨ੍ਹਾਂ ਕੋਲ 2 ਹੈਕਟੇਅਰ ਤੋਂ ਘੱਟ ਜ਼ਮੀਨ ਹੈ) ਦੀ ਗਿਣਤੀ 86 ਫੀਸਦ ਹੈ। ਇਹ ਉਹ ਕਿਸਾਨ ਹਨ, ਜਿਨ੍ਹਾਂ ਕੋਲ ਆਪਣੀਆਂ ਘਰ ਦੀਆਂ ਲੋੜਾਂ ਪੂਰੀਆਂ ਕਰਨ ਤੋਂ ਬਾਅਦ ਮੰਡੀ ਵਿਚ ਵੇਚਣ ਲਈ ਜਿਨਸਾਂ ਬਹੁਤ ਹੀ ਘੱਟ ਮਾਤਰਾ ਵਿਚ ਹੁੰਦੀਆਂ ਹਨ। ਇਸ ਤੱਥ ਦੇ ਬਾਵਜੂਦ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਜਾਂ ਮੰਡੀ ਦੀਆਂ ਕੀਮਤਾਂ ਦੇ ਬਹੁਤ ਹੀ ਸੁਸਤ ਵਾਧੇ ਅਤੇ ਖੇਤੀਬਾੜੀ ਉਤਪਾਦਨ ਵਿਚ ਵਰਤੇ ਜਾਣ ਵਾਲੇ ਸਾਧਨਾਂ ਦੀਆਂ ਕੀਮਤਾ ਦੇ ਛੜੱਪੇ ਮਾਰ ਕੇ ਵਧਣ ਕਾਰਨ ਸੀਮਾਂਤ ਅਤੇ ਛੋਟੇ ਕਿਸਾਨਾਂ ਦੀ ਆਰਥਿਕ ਹਾਲਤ ਦਿਨੋਂ-ਦਿਨ ਮਾੜੀ ਹੁੰਦੀ ਜਾ ਰਹੀ ਹੈ। ਕੁਝ ਸੂਬਿਆਂ ਵਿਚ ਇਨ੍ਹਾਂ ਕਿਸਾਨਾਂ ਵੱਲੋਂ ਕੱਪੜਿਆਂ, ਦਵਾਈਆਂ ਆਦਿ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਏ-ਗਰੇਡ ਜਿਨਸਾਂ ਨੂੰ ਮੰਡੀ ਵਿਚ ਵੇਚ ਕੇ ਇਨ੍ਹਾਂ ਹੀ ਜਿਨਸਾਂ ਸਬੰਧੀ ਆਪਣੀਆਂ ਲੋੜਾਂ ਨੂੰ ਪੂਰਾ ਕਰਨ ਲਈ ਮੰਡੀ ਵਿਚ ਸਭ ਤੋਂ ਹੇਠਲੇ ਗਰੇਡ ਦੀਆਂ ਜਿਨਸਾਂ ਨੂੰ ਖਰੀਦ ਕੇ ਬੁੱਤਾ ਧੱਕ ਲਿਆ ਜਾਂਦਾ ਹੈ। ਕਿਸਾਨਾਂ ਤੋਂ ਬਿਨਾ ਖੇਤੀਬਾੜੀ ਖੇਤਰ ਨਾਲ ਸਬੰਧਿਤ ਦੋ ਹੋਰ ਵਰਗ-ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ ਜਿਹੜੇ ਆਮ ਤੌਰ ਉੱਤੇ ਦਲਿਤ ਤੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਿਤ ਹੁੰਦੇ ਹਨ, ਤਾਂ ਖੇਤੀਬਾੜੀ ਆਰਥਿਕਤਾ ਦੀ ਪੌੜੀ ਦੇ ਥੱਲੇ ਦੇ ਦੋ ਡੰਡੇ ਹਨ, ਜੋ ਘਸਦੇ ਵੀ ਜ਼ਿਆਦਾ ਹਨ, ਟੁੱਟਦੇ ਵੀ ਜ਼ਿਆਦਾ ਹਨ ਅਤੇ ਜਿਨ੍ਹਾਂ ਨੂੰ ਠੁੱਡੇ ਵੀ




ਜ਼ਿਆਦਾ ਮਾਰੇ ਜਾਂਦੇ ਹਨ। ਇਨ੍ਹਾਂ ਦੋਵੇਂ ਵਰਗਾਂ ਦੇ ਜ਼ਮੀਨ-ਵਿਹੂਣੇ ਹੋਣ ਕਾਰਨ ਇਨ੍ਹਾਂ ਕੋਲ ਆਪਣੀ ਕਿਰਤ ਨੂੰ ਵੇਚਣ ਤੋਂ ਬਿਨਾ ਉਤਪਾਦਨ ਦਾ ਕੋਈ ਵੀ ਹੋਰ ਸਾਧਨ ਨਹੀਂ ਹੁੰਦਾ। ਮੁਲਕ ਦੀਆਂ ਅਨਾਜ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ 'ਖੇਤੀਬਾੜੀ ਦੀ ਨਵੀਂ ਜੁਗਤ' ਦੇ ਪ੍ਰਚਲਣ ਵਿਚੋਂ ਨਦੀਨਨਾਸ਼ਕਾਂ ਅਤੇ ਮਸ਼ੀਨਰੀ ਦੀ ਲਗਾਤਾਰ ਵਧਦੀ ਵਰਤੋਂ ਨੇ ਇਨ੍ਹਾਂ ਦੋਹਾਂ ਵਰਗਾਂ ਦੇ ਖੇਤੀਬਾੜੀ ਖੇਤਰ ਵਿਚ ਰੁਜ਼ਗਾਰ ਦਿਨ ਕਾਫੀ ਘਟਾ ਦਿੱਤੇ ਹਨ। ਸਰਕਾਰੀ ਨੀਤੀਆਂ ਕਾਰਨ ਖੇਤੀਬਾੜੀ ਖੇਤਰ ਨੂੰ ਘਾਟੇ ਵਾਲਾ ਧੰਦਾ ਬਣਾ ਦਿੱਤੇ ਜਾਣ, ਖੇਤੀ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀਆਂ ਕਮਜ਼ੋਰ ਜਥੇਬੰਦੀਆਂ ਅਤੇ ਕੁਝ ਹੋਰ ਕਾਰਨਾਂ ਕਰਕੇ ਇਨ੍ਹਾਂ ਵਰਗਾਂ ਦੀਆਂ ਮਜ਼ਦੂਰੀ ਦਰਾਂ ਵਿਚ ਲੋੜੀਂਦਾ ਵਾਧਾ ਨਹੀਂ ਹੋਇਆ, ਜਿਸ ਕਾਰਨ ਇਨ੍ਹਾਂ ਦੇ ਆਮਦਨ ਅਤੇ ਉਪਭੋਗ ਦੇ ਪੱਧਰ ਨੀਵੇਂ ਹਨ।

ਔਰਤਾਂ ਦੇ ਵਿਕਾਸ ਲਈ ਲਿੰਗ ਸਮਾਨਤਾ ਦਾ ਮੁੱਦਾ ਅਹਿਮ ਮਹੱਤਤਾ ਰੱਖਦਾ ਹੈ। ਮੁਲਕ ਦੇ ਕਾਨੂੰਨਾਂ ਅਨੁਸਾਰ ਲਿੰਗ ਦੇ ਆਧਾਰ ਉੱਤੇ ਔਰਤਾਂ ਨਾਲ ਕਿਸੇ ਵੀ ਕਿਸਮ ਦਾ ਵਿਤਕਰਾ ਗੈਰ-ਕਾਨੂੰਨੀ ਅਤੇ ਸਜ਼ਾਯੋਗ ਹੈ। ਇਸ ਦੇ ਬਾਵਜੂਦ ਮੁਲਕ ਵਿਚ ਔਰਤਾਂ ਨਾਲ ਤਰ੍ਹਾਂ ਤਰ੍ਹਾਂ ਦੇ ਸਮਾਜਿਕ-ਆਰਥਿਕ, ਰਾਜਸੀ ਅਤੇ ਹੋਰ ਵਿਤਕਰੇ ਆਮ ਦੇਖੇ ਜਾਂਦੇ ਹਨ। ਲਿੰਗ ਦੇ ਆਧਾਰ ਉੱਤੇ ਸਮਾਨ ਕੰਮਾਂ ਲਈ ਔਰਤ ਕਿਰਤੀਆਂ ਨਾਲ ਮਜ਼ਦੂਰੀ ਵਿਤਕਰੇ ਦੇ ਨਾਲ ਨਾਲ ਜਦੋਂ ਰੁਜ਼ਗਾਰ ਘਟਣ ਦੀ ਸਮੱਸਿਆ ਆਉਂਦੀ ਹੈ ਤਾਂ ਔਰਤਾਂ ਉੱਪਰ ਛਾਂਟੀ ਦੀ ਤਲਵਾਰ ਜ਼ਿਆਦਾ ਚੱਲਦੀ ਹੈ।

ਬੁਨਿਆਦੀ ਢਾਂਚਾ ਮੁਲਕ ਦੇ ਵਿਕਾਸ ਵਿਚ ਬਹੁਤ ਸ਼ਾਨਦਾਰ ਯੋਗਦਾਨ ਪਾ ਸਕਦਾ ਹੈ। ਦੁਨੀਆਂ ਵਿਚ 1930ਵਿਆਂ ਦੀ ਆਰਥਿਕ ਮਹਾਂਮੰਦੀ ਅਤੇ ਉਸ ਤੋਂ ਬਾਅਦ ਅਨੇਕਾਂ ਘਟਨਾਵਾਂ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਕਿਸੇ ਵੀ ਮੁਲਕ ਦੇ ਟਿਕਾਊ ਵਿਕਾਸ ਲਈ ਜਨਤਕ ਖੇਤਰ ਵਿਚ ਉਸਾਰਿਆ ਬੁਨਿਆਦੀ ਢਾਂਚਾ ਅਹਿਮ ਹੁੰਦਾ ਹੈ, ਕਿਉਂਕਿ ਉਸ ਦਾ ਮਕਸਦ ਨਫਾ ਨਾ ਹੋ ਕੇ ਲੋਕਾਂ ਦਾ ਕਲਿਆਣ ਹੁੰਦਾ ਹੈ। ਮੁਲਕ ਦੇ ਆਜ਼ਾਦ ਹੋਣ ਤੋਂ ਬਾਅਦ ਯੋਜਨਾਬੰਦੀ ਦੇ ਸਮੇਂ ਦੌਰਾਨ ਜਨਤਕ ਖੇਤਰ ਨੇ ਬੁਨਿਆਦੀ ਢਾਂਚੇ ਦੀ ਸਥਾਪਤੀ, ਵਿਕਾਸ ਅਤੇ ਵਿਸਥਾਰ ਵਿਚ ਅਹਿਮ ਭੂਮਿਕਾ ਨਿਭਾਈ ਜਿਸ ਸਦਕਾ ਮੁਲਕ ਦੇ ਟਿਕਾਊ ਵਿਕਾਸ ਵਿਚ ਬਹੁਤ ਮਦਦ ਮਿਲੀ। 1991 ਤੋਂ ਅਪਨਾਈਆਂ ਗਈਆਂ 'ਨਵੀਆਂ ਆਰਥਿਕ ਨੀਤੀਆਂ' ਦੇ ਨਤੀਜੇ ਵਜੋਂ ਬੁਨਿਆਦੀ ਢਾਂਚੇ ਦੀ ਸਥਾਪਤੀ, ਵਿਕਾਸ ਅਤੇ ਵਿਸਥਾਰ ਦੇ ਸਬੰਧ ਵਿਚ ਸ਼ਾਨਦਾਰ ਪ੍ਰਾਪਤੀਆਂ ਦੇ ਦਾਅਵੇ ਅਕਸਰ ਕੀਤੇ ਜਾਂਦੇ ਹਨ। ਇਸ ਸਬੰਧ ਵਿਚ ਜਨਤਕ ਖੇਤਰ ਨੂੰ ਪਿੱਛੇ ਕੀਤਾ ਗਿਆ ਅਤੇ ਨਿੱਜੀ ਖੇਤਰ ਨੂੰ ਅੱਗੇ ਲਿਆਂਦਾ ਗਿਆ। ਨਿੱਜੀ ਖੇਤਰ ਦਾ ਸਭ ਤੋਂ ਵੱਡਾ ਉਦੇਸ਼ ਆਪਣੇ ਨਫਿਆਂ ਨੂੰ ਵਧਾਉਣਾ ਹੁੰਦਾ ਹੈ। ਇਸ ਤਰ੍ਹਾਂ ਇਸ ਸਮੇਂ ਦੌਰਾਨ ਬੁਨਿਆਦੀ ਢਾਂਚੇ ਵਿਚ ਜਿਹੜੀਆਂ ਪ੍ਰਾਪਤੀਆਂ ਹੋਈਆਂ, ਉਨ੍ਹਾਂ ਦਾ ਫਾਇਦਾ ਨਿੱਜੀ ਖੇਤਰ ਨੂੰ ਹੋਇਆ, ਜਦੋਂਕਿ ਆਮ ਲੋਕਾਂ ਨੂੰ ਬੁਨਿਆਦੀ ਢਾਂਚੇ ਦੀਆਂ ਸਹੂਲਤਾਂ ਤੋਂ ਵਾਂਝੇ ਕੀਤਾ ਗਿਆ/ਜਾ ਰਿਹਾ ਹੈ।

ਉਦਯੋਗੀਕਰਨ ਕਿਸੇ ਵੀ ਮੁਲਕ ਦੇ ਵਿਕਾਸ ਵਿਚ ਅਹਿਮ ਯੋਗਦਾਨ ਪਾ ਸਕਦਾ ਹੈ। 1991 ਤੋਂ ਮੁਲਕ ਵਿਚ ਉਦਯੋਗਿਕ ਵਿਕਾਸ ਦੇ ਬਹੁਤ ਜ਼ਿਆਦਾ ਦਾਅਵੇ ਸਾਹਮਣੇ ਆਉਂਦੇ ਰਹਿੰਦੇ ਹਨ। ਅਸਲੀਅਤ ਵਿਚ ਵੱਡੀਆਂ ਉਦਯੋਗਿਕ ਇਕਾਈਆਂ ਦਾ ਵਿਕਾਸ ਬਹੁਤ ਤੇਜ਼ੀ ਨਾਲ ਹੋ ਰਿਹਾ ਹੈ, ਜਿਨ੍ਹਾਂ ਵਿਚ ਮਸ਼ੀਨਾਂ ਅਤੇ ਸਵੈ-ਚਾਲਕ ਮਸ਼ੀਨਾਂ ਦੀ ਵਧਦੀ ਵਰਤੋਂ ਨੇ ਰੁਜ਼ਗਾਰ ਦੇ ਮੌਕੇ ਬਹੁਤ ਘਟਾਏ ਹਨ ਤੇ ਰੁਜ਼ਗਾਰ ਦੀ ਪ੍ਰਕਿਰਤੀ ਨੂੰ ਪੱਕੇ ਤੋਂ ਲੋੜ ਅਨੁਸਾਰ ਕੱਚੇ ਵਿਚ ਬਦਲ ਦਿੱਤਾ ਹੈ। ਘਰੇਲੂ, ਛੋਟੀਆਂ ਅਤੇ ਦਰਮਿਆਨੀਆਂ ਉਦਯੋਗਿਕ ਇਕਾਈਆਂ ਦੀ ਵੱਖ ਵੱਖ ਪੱਖਾਂ ਤੋਂ ਅਣਦੇਖੀ ਕੀਤੀ ਗਈ/ਜਾ ਰਹੀ ਹੈ। ਇਹ ਉਹ ਉਦਯੋਗਿਕ ਇਕਾਈਆਂ ਹਨ, ਜੋ ਕਿਰਤੀਆਂ ਲਈ ਰੁਜ਼ਗਾਰ ਦੇ ਵਧੇਰੇ ਮੌਕੇ ਪ੍ਰਦਾਨ ਕਰਦੀਆਂ ਹਨ। ਇਨ੍ਹਾਂ ਤੱਥਾਂ ਤੋਂ ਇਹ ਸਾਹਮਣੇ ਆਉਂਦਾ ਹੈ ਕਿ ਮੁਲਕ ਵਿਚ ਗੈਰ-ਟਿਕਾਊ ਉਦਯੋਗੀਕਰਨ ਵੱਲ ਅੱਗੇ ਵਧਿਆ ਗਿਆ/ਜਾ ਰਿਹਾ ਹੈ, ਜਿਸ ਕਰਕੇ ਆਰਥਿਕ ਅਸਮਾਨਤਾਵਾਂ ਹੋਰ ਵਧੀਆਂ/ਵਧਣਗੀਆਂ।

ਵਿਗਿਆਨਕ ਸੋਚ ਨੂੰ ਅਪਨਾ ਕੇ ਨਵੀਆਂ ਕਾਢਾਂ ਬਹੁਤ ਸਾਰੀਆਂ ਤਬਦੀਲੀਆਂ ਲਿਆ ਸਕਦੀਆਂ ਹਨ। ਨਵੀਆਂ ਕਾਢਾਂ ਤਾਂ ਹੀ ਸਾਰਥਿਕ ਹੋਣਗੀਆਂ, ਜੇ ਉਨ੍ਹਾਂ ਦਾ ਫਾਇਦਾ ਆਮ ਲੋਕਾਂ ਤੱਕ ਜਾਵੇ। ਅਜਿਹਾ ਕਰਨ ਲਈ ਜਨਤਕ ਖੇਤਰ ਦੇ ਅਦਾਰਿਆਂ ਵਿਚ ਖੋਜ ਅਤੇ ਵਿਕਾਸ ਕਾਰਜਾਂ ਦੀ ਅਹਿਮ ਭੂਮਿਕਾ ਹੁੰਦੀ ਹੈ। ਮੁਲਕ ਵਿਚ ਕੁਝ ਮਹੱਤਵਪੂਰਨ ਕਾਢਾਂ ਕੱਢੀਆਂ ਜਾ ਰਹੀਆਂ ਹਨ, ਪਰ ਅਕਸਰ ਉਹ ਨਿੱਜੀ ਖੇਤਰ ਵਿਚ ਹੋ ਰਿਹਾ ਹੈ, ਜਿਸ ਦਾ ਫਾਇਦਾ ਸਮਾਏਦਾਰ/ਕਾਰਪੋਰੇਟ ਜਗਤ ਨੂੰ ਹੋ ਰਿਹਾ ਹੈ ਅਤੇ ਆਮ ਲੋਕਾਂ ਨੂੰ ਉਨ੍ਹਾਂ ਕਾਢਾਂ ਦੇ ਫਾਇਦਿਆਂ ਤੋਂ ਦੂਰ ਹੀ ਰੱਖਿਆ ਜਾ ਰਿਹਾ ਹੈ। ਅਜਿਹਾ ਵਰਤਾਰਾ ਖੇਤੀਬਾੜੀ, ਉਦਯੋਗਿਕ, ਅਤੇ ਸੇਵਾਵਾਂ ਦੇ ਖੇਤਰਾਂ ਵਿਚ ਮਿਲਦਾ ਹੈ। ਜਨਤਕ ਖੇਤਰ ਦੀਆਂ ਯੂਨੀਵਰਸਿਟੀਆਂ ਅਤੇ ਹੋਰ ਅਦਾਰਿਆਂ ਵਿਚ ਖੋਜ ਤੇ ਵਿਕਾਸ ਕਾਰਜਾਂ ਲਈ ਦਿੱਤੀਆਂ ਜਾਂਦੀਆਂ ਗਰਾਂਟਾਂ ਨੂੰ ਜਾਂ ਤਾਂ ਘਟਾਇਆ ਜਾਂ ਬਿਲਕੁਲ ਹੀ ਖਤਮ ਕੀਤਾ ਜਾ ਰਿਹਾ ਹੈ। ਜਦੋਂ ਇਨ੍ਹਾਂ ਅਦਾਰਿਆਂ ਵਿਚੋਂ ਬਹੁਤਿਆਂ ਵਿਚ ਤਨਖਾਹ ਅਤੇ ਪੈਨਸ਼ਨਾਂ ਵੀ ਸਮੇਂ ਸਿਰ ਨਹੀਂ ਦਿੱਤੀਆਂ ਜਾਂਦੀਆਂ ਤਾਂ ਉੱਥੇ ਕੰਮ ਕਰਨ ਵਾਲੇ ਖੋਜਾਰਥੀ ਕਿਸ ਤਰ੍ਹਾਂ ਨਵੀਆਂ ਕਾਢਾਂ ਕੱਢਣ ਵੱਲ ਆਪਣਾ ਧਿਆਨ ਕੇਂਦਰਿਤ ਕਰ ਸਕਣਗੇ!

ਭਾਰਤ ਦੇ ਹੁਕਮਰਾਨ ਨੇੜਲੇ ਭਵਿੱਖ ਵਿਚ ਮੁਲਕ ਨੂੰ ਕੌਮਾਂਤਰੀ ਆਰਥਿਕ ਮਹਾਸ਼ਕਤੀ ਵਜੋਂ ਦੇਖਦੇ ਅਤੇ ਪ੍ਰਚਾਰਦੇ ਥੱਕਦੇ ਨਹੀਂ ਹਨ। ਉਹ ਮੁਲਕ ਦੇ ਟਿਕਾਊ ਵਿਕਾਸ ਵੱਲ ਧਿਆਨ ਨਾ ਦੇ ਕੇ ਮੁਲਕ ਦੀ ਆਰਥਿਕ ਵਾਧਾ ਦਰ ਬਾਰੇ ਜ਼ਿਆਦਾ ਖਬਤੀ ਹੋ ਗਏ ਹਨ। ਜਦੋਂ ਆਰਥਿਕ ਵਾਧਾ ਦਰ ਤੇਜ਼ੀ ਨਾਲ ਵਧ ਰਹੀ ਹੋਵੇ ਤਾਂ ਉਹ ਆਪਣੀ ਪਿੱਠ ਆਪੇ ਹੀ ਥਪਥਪਾਉਣ ਵੇਲੇ ਕੋਈ ਵੀ ਕਸਰ ਬਾਕੀ ਨਹੀਂ ਛੱਡਦੇ ਹਨ। ਜਦੋਂ ਆਰਥਿਕ ਵਾਧਾ ਦਰ ਵਿਚ ਖੜ੍ਹੋਤ ਆ ਜਾਵੇ ਜਾਂ ਇਹ ਦਰ ਥੱਲੇ ਵੱਲ ਨੂੰ ਜਾਂ ਮਨਫੀ ਹੋ ਜਾਵੇ ਤਾਂ ਸਾਡੇ ਹੁਕਮਰਾਨ ਆਰਥਿਕ ਸੁਧਾਰਾਂ ਦੇ ਨਾਮ ਥੱਲੇ ਸਰਮਾਏਦਾਰ/ਕਾਰਪੋਰੇਟ ਜਗਤ-ਪੱਖੀ ਅਤੇ ਲੋਕ-ਵਿਰੋਧੀ ਫੈਸਲੇ ਤੇਜ਼ੀ ਨਾਲ ਲੈਣ ਲੱਗਦੇ ਹਨ।

ਸਰਕਾਰ ਅਤੇ ਇਸ ਦੇ ਅਦਾਰਿਆਂ ਅਤੇ ਸਮਰਾਏਦਾਰ/ਕਾਰਪੋਰੇਟ ਜਗਤ ਵਿਚ ਆਪਣੇ ਦਾਖਲੇ ਅਤੇ ਇਨ੍ਹਾਂ ਤੋਂ ਨਿੱਕੀਆਂ ਨਿੱਕੀਆਂ ਵਿਅਰਥ ਰਿਆਇਤਾਂ ਲੈਣ ਵਾਲੇ ਅਰਥ-ਵਿਗਿਆਨੀਆਂ ਦੀ ਗਿਣਤੀ ਕਾਫੀ ਜ਼ਿਆਦਾ ਹੈ। ਅਜਿਹੇ ਅਰਥ-ਵਿਗਿਆਨੀ ਸਰਕਾਰ ਅਤੇ ਸਰਮਾਏਦਾਰ/ਕਾਰਪੋਰੇਟ ਜਗਤ ਨੂੰ ਖੁਸ਼ ਕਰਨ ਲਈ ਆਪਣੇ ਕੋਲੋਂ ਅੰਕੜੇ ਬਣਾ ਕੇ ਨਤੀਜਾ-ਪ੍ਰਮੁੱਖ ਅਧਿਐਨ ਅਤੇ ਉਨ੍ਹਾਂ ਦਾ ਪ੍ਰਚਾਰ ਕਰਨ ਵਿਚ ਆਪਣੀ ਸਮਰੱਥਾ ਵੱਧ ਜ਼ੋਰ ਲਾਉਣ ਦੀ ਕੋਸ਼ਿਸ਼ਾਂ ਕਰਦੇ ਰਹਿੰਦੇ ਹਨ ਅਤੇ ਉਹ ਅਜਿਹਾ ਕਰਨ ਨੂੰ ਆਪਣੀ ਪ੍ਰਾਪਤੀ ਸਮਝਣ ਲੱਗ ਜਾਂਦੇ ਹਨ। ਅਵਾਮ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਅਤੇ ਉਨ੍ਹਾਂ ਦਾ ਜੀਵਨ-ਮਿਆਰ ਉੱਚਾ ਚੁੱਕਣ ਲਈ ਲੋੜ ਹੁੰਦੀ ਹੈ ਕਿ ਸਮੱਸਿਆਵਾਂ ਨੂੰ ਠੀਕ ਢੰਗ ਨਾਲ ਸਮਝਦਿਆਂ ਸੰਜੀਦਗੀ ਨਾਲ ਅੰਕੜੇ ਇਕੱਠੇ ਅਤੇ ਉਨ੍ਹਾਂ ਦੇ ਵਿਸ਼ਲੇਸ਼ਣ ਕਰਕੇ ਕਾਰਗਰ ਸੁਝਾਅ ਦਿੱਤੇ ਜਾਣ। ਸਰਕਾਰੀ ਅਰਥ-ਵਿਗਿਆਨੀ ਆਪਣੇ ਨਿੱਜੀ ਵਿਅਰਥ ਹਿੱਤਾਂ ਦੀ ਪੂਰਤੀ ਲਈ ਆਪਣੇ ਕੋਲੋਂ ਬਣਾਏ ਹੋਏ ਅੰਕੜੇ ਅਤੇ ਨਤੀਜਾ-ਪ੍ਰਮੁੱਖ ਅਧਿਐਨ ਅਵਾਮ ਦੇ ਹਿੱਤਾਂ ਦੀ ਪੂਰਤੀ ਦੇ ਸਬੰਧ ਠੀਕ ਉਸ ਤਰ੍ਹਾਂ ਮਾਰੂ ਅਸਰ ਕਰਦੇ ਹਨ, ਜਿਵੇਂ ਸਰਜਨ ਦੇ ਟੇਬਲ ਉੱਤੇ ਮਰੀਜ਼ ਦੀਆਂ ਪਈਆਂ ਗਲਤ ਟੈਸਟ ਰਿਪੋਰਟਾਂ।

ਮੁਲਕ ਦੇ ਟਿਕਾਊ ਵਿਕਾਸ ਲਈ ਜ਼ਰੂਰੀ ਹੈ ਕਿ ਮੁਲਕ ਵਿਚ ਉਸ ਤਰ੍ਹਾਂ ਦਾ ਵਿਕਾਸ ਮਾਡਲ ਅਪਨਾਇਆ ਜਾਵੇ, ਜਿਸ ਵਿਚ ਜਨਤਕ ਖੇਤਰ ਦੇ ਅਦਾਰਿਆਂ ਦੀ ਸਥਾਪਤੀ, ਵਿਸਥਾਰ ਅਤੇ ਵਿਕਾਸ ਦੇ ਨਾਲ ਨਾਲ ਨਿੱਜੀ ਖੇਤਰ ਦੇ ਅਦਾਰਿਆਂ ਉੱਪਰ ਨਿਯੰਤਰਣ ਅਤੇ ਨਿਗਰਾਨੀ ਯਕੀਨੀ ਹੋਵੇ। ਅਜਿਹਾ ਕਰਨ ਲਈ ਸਾਨੂੰ ਮੁੜ ਤੋਂ ਯੋਜਨਾਬੰਦੀ ਵੱਲ ਆਉਣਾ ਪਵੇਗਾ। ਮੁਲਕ ਦੇ ਟਿਕਾਊ ਵਿਕਾਸ ਲਈ ਅਜਿਹਾ ਕਰਨ ਤੋਂ ਬਿਨਾ ਵਾਤਾਵਰਨ ਵੱਲ ਵੀ ਉਚੇਚਾ ਧਿਆਨ ਦੇਣਾ ਬਣਦਾ ਹੈ, ਕਿਉਂਕਿ ਸੰਯੁਕਤ ਰਾਸ਼ਟਰ ਦੀ ਇਸ ਰਿਪੋਰਟ ਵਿਚ 180 ਮੁਲਕਾਂ ਲਈ ਵਾਤਾਵਰਨ ਕਾਰਗੁਜ਼ਾਰੀ ਸਬੰਧੀ ਸੂਚਕ ਵਿਚ ਭਾਰਤ ਦਾ ਦਰਜਾ 168ਵਾਂ ਹੈ।

---

***ਭਾਰਤ ਦੇ ਹੁਕਮਰਾਨ ਨੇੜਲੇ ਭਵਿੱਖ ਵਿਚ ਮੁਲਕ ਨੂੰ ਕੌਮਾਂਤਰੀ ਆਰਥਿਕ ਮਹਾਸ਼ਕਤੀ ਵਜੋਂ ਦੇਖਦੇ ਅਤੇ ਪ੍ਰਚਾਰਦੇ ਥੱਕਦੇ ਨਹੀਂ ਹਨ। ਉਹ ਮੁਲਕ ਦੇ ਟਿਕਾਊ ਵਿਕਾਸ ਵੱਲ ਧਿਆਨ ਨਾ ਦੇ ਕੇ ਮੁਲਕ ਦੀ ਆਰਥਿਕ ਵਾਧਾ ਦਰ ਬਾਰੇ ਜ਼ਿਆਦਾ ਖਬਤੀ ਹੋ ਗਏ ਹਨ। ਜਦੋਂ ਆਰਥਿਕ ਵਾਧਾ ਦਰ ਤੇਜ਼ੀ ਨਾਲ ਵਧ ਰਹੀ ਹੋਵੇ ਤਾਂ ਉਹ ਆਪਣੀ ਪਿੱਠ ਆਪੇ ਹੀ ਥਪਥਪਾਉਣ ਵੇਲੇ ਕੋਈ ਵੀ ਕਸਰ ਬਾਕੀ ਨਹੀਂ ਛੱਡਦੇ ਹਨ। ਜਦੋਂ ਆਰਥਿਕ ਵਾਧਾ ਦਰ ਵਿਚ ਖੜ੍ਹੋਤ ਆ ਜਾਵੇ ਜਾਂ ਇਹ ਦਰ ਥੱਲੇ ਵੱਲ ਨੂੰ ਜਾਂ ਮਨਫੀ ਹੋ ਜਾਵੇ ਤਾਂ ਸਾਡੇ ਹੁਕਮਰਾਨ ਆਰਥਿਕ ਸੁਧਾਰਾਂ ਦੇ ਨਾਮ ਥੱਲੇ ਸਰਮਾਏਦਾਰ/ਕਾਰਪੋਰੇਟ ਜਗਤ-ਪੱਖੀ ਅਤੇ ਲੋਕ-ਵਿਰੋਧੀ ਫੈਸਲੇ ਤੇਜ਼ੀ ਨਾਲ ਲੈਣ ਲੱਗਦੇ ਹਨ।***

*ਸਾਬਕਾ ਪ੍ਰੋਫੈਸਰ, ਅਰਥ-ਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਸਿਆਸੀ ਕੈਦੀ ਨਾਲ ਅਨਿਆਂ




## ਨਵਸ਼ਰਨ ਕੌਰ

ਤਿੰਨ ਸਾਲ ਪਹਿਲਾਂ 6 ਜੂਨ 2018 ਨੂੰ ਭੀਮਾ ਕੋਰੇਗਾਉਂ ਕੇਸ ਵਿਚ ਬੁੱਧੀਜੀਵੀ ਅਤੇ ਮਨੁੱਖੀ ਅਧਿਕਾਰ ਕਾਰਕੁਨਾਂ ਦੀ ਪਹਿਲੀ ਗ੍ਰਿਫਤਾਰੀ ਹੋਈ। ਅੱਜ ਮੁਲਕ ਦੇ 16 ਨਾਗਰਿਕ ਇਸ ਮਨਘੜਤ ਕੇਸ ਵਿਚ ਮੁੰਬਈ ਦੀਆਂ ਜੇਲ੍ਹਾਂ ਅੰਦਰ ਡੱਕੇ ਹੋਏ ਹਨ (ਉਘੇ ਸ਼ਾਇਰ ਵਰਵਰਾ ਰਾਓ ਅੱਜਕੱਲ੍ਹ ਜ਼ਮਾਨਤ 'ਤੇ ਹਨ)। ਇਨ੍ਹਾਂ ਵਿਚ ਪ੍ਰੋਫੈਸਰ, ਵਕੀਲ, ਬੁੱਧੀਜੀਵੀ, ਦਲਿਤ ਸਭਿਆਚਾਰਕ ਕਾਮੇ ਅਤੇ ਦਲਿਤ ਆਦਿਵਾਸੀ ਤੇ ਮਨੁੱਖੀ ਹੱਕਾਂ ਦੇ ਕਾਰਕੁਨ ਸ਼ਾਮਲ ਹਨ ਜਿਨ੍ਹਾਂ ਦੀਆਂ ਲਿਖਤਾਂ ਅਤੇ ਜਮਹੂਰੀ ਹੱਕਾਂ ਲਈ ਲੜਾਈ ਵਿਚ ਸ਼ਾਮਲ ਹੋਣ ਦਾ ਲੰਮਾ ਇਤਿਹਾਸ ਹੈ। ਇਨ੍ਹਾਂ ਵਿਚ 13 ਪੁਰਸ਼ ਤਾਲੋਜਾ ਜੇਲ੍ਹ ਅਤੇ 3 ਔਰਤਾਂ ਬਾਈਕੁਲਾ ਜੇਲ੍ਹ ਵਿਚ ਹਨ। ਇਹ ਸਾਰੇ ਬੁੱਧੀਜੀਵੀ ਕਾਰਕੁਨ (ਬੀ.ਕੇ.-16, ਭਾਵ ਭਮਿਾ ਕੋਰੇਗਾਓ ਨਾਲ ਸਬੰਧਿਤ 16 ਕੈਦੀ) ਪਿਛਲੇ ਤਿੰਨ ਵਰ੍ਹਿਆਂ ਵਿਚ ਗ੍ਰਿਫਤਾਰ ਕੀਤੇ ਗਏ ਅਤੇ ਜੂਨ ਨੂੰ ਇਨ੍ਹਾਂ ਵਿਚੋਂ ਬਹੁਤ ਸਾਰੇ ਕੈਦੀਆਂ ਦੀ ਬਿਨਾ ਮੁਕੱਦਮਾ ਕੈਦ ਦੀ ਤੀਜੀ ਵਰੇਗੰਢ ਸੀ। ਇਤਿਹਾਸ ਵਿਚ ਇਹ ਮੁਕੱਦਮਾ ਉਨ੍ਹਾਂ ਮੁਕੱਦਮਿਆਂ ਵਿਚ ਗਿਣਿਆ ਜਾਵੇਗਾ ਜਿਨ੍ਹਾਂ ਵਿਚ ਸਿਆਸੀ ਕੈਦੀਆਂ ਨੂੰ ਨਿਸ਼ਾਨਾ ਬਣਾਇਆ ਗਿਆ ਅਤੇ ਉਨ੍ਹਾਂ ਉੱਤੇ ਵਿਉਂਤਬੱਧ ਢੰਗ ਨਾਲ ਤਸ਼ੱਦਦ ਢਾਹਿਆ ਗਿਆ।

ਬੀ.ਕੇ.-16 ਵਿਰੁੱਧ ਇਲਜ਼ਾਮ ਹੈ ਕਿ ਉਨ੍ਹਾਂ ਨੇ ਦਲਿਤਾਂ ਨੂੰ ਹਿੰਸਕ ਬਗਾਵਤ ਲਈ ਉਕਸਾਉਣ ਅਤੇ ਪ੍ਰਧਾਨ ਮੰਤਰੀ ਦੀ ਹੱਤਿਆ ਦੀ ਸਾਜ਼ਿਸ਼ ਰਚੀ। ਪੁਲਿਸ ਨੇ ਦਾਅਵਾ ਕੀਤਾ ਕਿ 1 ਜਨਵਰੀ 2018 ਨੂੰ ਪੁਣੇ ਜ਼ਿਲ੍ਹੇ ਦੇ ਛੋਟੇ ਜਿਹੇ ਪਿੰਡ ਕੋਰੇਗਾਉਂ, ਜਿੱਥੇ 200 ਸਾਲ ਪਹਿਲਾ ਲੜੀ ਜੰਗ ਵਿਚ ਦਲਿਤ ਮਹਾਰ ਸਿਪਾਹੀਆਂ ਨੇ ਪੇਸ਼ਵਾਵਾਂ ਦੀ ਫੌਜ ਨੂੰ ਹਰਾਇਆ ਸੀ, ਦੀ ਵਰੇਗੰਢ ਮਨਾਉਣ ਦੌਰਾਨ ਹੋਈ ਹਿੰਸਾ (ਜਿਸ ਵਿਚ ਇਕ ਦੀ ਮੌਤ ਹੋ ਗਈ ਸੀ) ਖੱਬੇ-ਪੱਖੀ ਕਾਰਕੁਨਾਂ ਅਤੇ ਬੁੱਧੀਜੀਵੀਆਂ ਵਲੋਂ ਰਚੀ ਸਾਜ਼ਿਸ਼ ਦਾ ਨਤੀਜਾ ਸੀ। ਇਸ ਦੋਸ਼ ਦਾ ਆਧਾਰ ਕੁਝ ਈ-ਮੇਲਾਂ ਹਨ ਜੋ ਪੁਲਿਸ ਦਾ ਦਾਅਵਾ ਹੈ ਕਿ ਦੋ ਮੁਲਜ਼ਮਾਂ ਦੇ ਕੰਪਿਊਟਰਾਂ ਤੋਂ ਬਰਾਮਦ ਕੀਤੀਆਂ ਹਨ। ਗ੍ਰਿਫਤਾਰ ਕਾਰਕੁਨਾਂ ਨੇ ਇਨ੍ਹਾਂ ਈ-ਮੇਲਾਂ ਦੀ ਹੋਂਦ ਤੋਂ ਇਨਕਾਰ ਕੀਤਾ ਹੈ। ਇਕ ਅਮਰੀਕਨ ਸੁਤੰਤਰ ਪੇਸ਼ੇਵਰ ਫਰਮ ਅਰਸੇਨਲ ਕੰਸਲਟਿੰਗ ਨੇ ਪੁਸ਼ਟੀ ਕੀਤੀ ਹੈ ਕਿ ਇਨ੍ਹਾਂ ਕਾਰਕੁਨਾਂ ਦੇ ਕੰਪਿਊਟਰਾਂ ਨਾਲ ਛੇੜਛਾੜ ਕੀਤੀ ਗਈ ਹੈ ਤੇ ਜਾਅਲੀ ਈ-ਮੇਲਾਂ ਕੰਪਿਊਟਰਾਂ ਵਿਚ ਮਾਲਵੇਅਰ ਰਾਹੀਂ ਦਾਖ਼ਲ ਕੀਤੀਆਂ ਗਈਆਂ। ਇਨ੍ਹਾਂ ਈ-ਮੇਲਾਂ ਨੂੰ ਆਧਾਰ ਬਣਾ ਕੇ ਹੀ ਸਰਕਾਰ ਨੇ ਇਨ੍ਹਾਂ ਖਿਲਾਫ ਸਾਜ਼ਿਸ਼ ਰਚਣ ਦੀ ਚਾਰਜਸ਼ੀਟ ਤਿਆਰ ਕੀਤੀ।

ਇਹ ਗੱਲ ਸਰਕਾਰ ਵੀ ਜਾਣਦੀ ਹੈ ਕਿ ਇਨ੍ਹਾਂ ਇਲਜ਼ਾਮਾਂ ਦਾ ਕੋਈ ਆਧਾਰ ਨਹੀਂ। ਮੁਕੱਦਮੇ ਦੀ ਸੁਣਵਾਈ ਦੌਰਾਨ ਇਹ ਇਲਜ਼ਾਮ ਟਿਕਣੇ ਨਹੀਂ ਪਰ ਤਿੰਨ ਸਾਲ ਬਾਅਦ ਵੀ ਮੁਕੱਦਮੇ ਦੀ ਸੁਣਵਾਈ ਸ਼ੁਰੂ ਨਹੀਂ ਹੋਈ। ਸਰਕਾਰ ਚੰਗੀ ਤਰ੍ਹਾਂ ਜਾਣਦੀ ਹੈ ਕਿ ਇਨ੍ਹਾਂ ਕੇਸਾਂ ਵਿਚ ਪ੍ਰਕਿਰਿਆ (ਸਿਆਸੀ ਕੈਦੀਆਂ ਨੂੰ ਮੁਕੱਦਮੇ ਦੌਰਾਨ ਜੇਲ੍ਹ ਵਿਚ ਰੱਖਣਾ) ਹੀ ਸਜ਼ਾ ਹੈ। ਇਹ ਕੈਦੀ ਸਾਲਾਂਬੱਧੀ ਬਿਨਾ ਮੁਕਦਮੇ ਤੋਂ ਜੇਲ੍ਹਾਂ ਵਿਚ ਡੱਕੇ ਰਹਿ ਸਕਦੇ ਹਨ। ਸਾਡੇ ਮੁਲਕ ਦੀਆਂ ਵੱਖ ਵੱਖ ਸਰਕਾਰਾਂ ਨੇ ਗ਼ੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ (ਯੂਏਪੀਏ) ਜਿਹੇ ਐਸੇ ਅਸਾਧਾਰਨ ਕਾਨੂੰਨ ਪਾਸ ਕੀਤੇ ਹਨ ਜੋ ਰਾਜ ਨੂੰ ਬਗਾਵਤ ਦੇ ਜੁਰਮਾਂ ਦੇ ਦੋਸ਼ੀਆਂ ਨੂੰ ਅਣਮਿਥੇ ਸਮੇਂ ਲਈ ਕੈਦ ਕਰਨ ਦੀ ਤਾਕਤ ਦਿੰਦੇ ਹਨ। ਸਾਡੇ ਸਾਹਮਣੇ ਬਹੁਤ ਸਾਰੇ ਕੇਸ ਹਨ ਜਿੱਥੇ ਇਨ੍ਹਾਂ ਕਾਨੂੰਨਾਂ ਹੇਠ ਬੰਦੀ ਬਣਾਏ ਲੋਕਾਂ ਨੂੰ ਕਈ ਵਾਰ 8, 10, ਜਾਂ 20 ਸਾਲ ਜੇਲ੍ਹ ਵਿਚ ਬਿਤਾਉਣ ਤੋਂ ਬਾਅਦ ਨਿਰਦੋਸ਼ ਕਹਿ ਕੇ ਬਰੀ ਕੀਤਾ ਗਿਆ ਹੈ।

ਮੌਜੂਦਾ ਸਰਕਾਰ ਹੁਣ ਅਜਿਹੇ ਕਾਨੂੰਨਾਂ ਦੀ ਵਰਤੋਂ ਵੱਖ-ਵੱਖ ਲੋਕਾਂ ਤੇ ਦੋਸ਼ ਲਾਉਣ ਲਈ ਵਰਤ ਰਹੀ ਹੈ। ਇਹ ਤਰੀਕਾ 2018 ਵਿਚ ਭੀਮਾ ਕੋਰੇਗਾਉਂ ਕੇਸ ਵਿਚ ਅਤੇ ਫਿਰ 2020 ਦੀ ਦਿੱਲੀ ਵਿਚ ਹੋਈ ਫਿਰਕੂ ਹਿੰਸਾ ਦੇ ਕੇਸਾਂ ਵਿਚ ਵਰਤਿਆ ਗਿਆ। ਨਾਗਰਿਕ ਸੋਧ ਐਕਟ 2019 ਦਾ ਸ਼ਾਂਤਮਈ ਵਿਰੋਧ ਜੋ ਸ਼ਾਹੀਨ ਬਾਗ ਸ਼ੁਰੂ ਹੋਇਆ, ਇਸ ਵਿਚ ਹਿੱਸਾ ਲੈਣ ਵਾਲੇ ਨੌਜਵਾਨ ਆਗੂਆਂ



ਉੱਤੇ ਦੇਸ਼ਧ੍ਰੋਹ ਅਤੇ ਬਗ਼ਾਵਤ ਦੇ ਦੋਸ਼ ਮੜ੍ਹੇ ਗਏ ਅਤੇ ਯੂਏਪੀਏ ਦੀਆਂ ਸੰਗੀਨ ਧਾਰਾਵਾਂ ਲਾ ਕੇ ਜ਼ਮਾਨਤ ਤੱਕ ਦੇ ਅਧਿਕਾਰ ਸੀਮਤ ਕਰ ਦਿੱਤੇ ਗਏ। ਨਾ ਤਾਂ ਜ਼ਮਾਨਤ ਲਈ ਕੋਈ ਮੌਕਾ ਅਤੇ ਨਾ ਹੀ ਖੁਦ ਨੂੰ ਬੇਕਸੂਰ ਸਾਬਿਤ ਕਰਨ ਦਾ ਅਵਸਰ। ਸੱਤਾ ਕਾਨੂੰਨ ਦੀ ਦੁਰਵਰਤੋਂ ਕਰਨ ਵਿਚ ਪੂਰੀ ਤਰ੍ਹਾਂ ਸਫਲ ਰਹੀ ਹੈ ਅਤੇ ਇਸ ਵਿਚ ਨਿਆਂ ਪ੍ਰਣਾਲੀ ਨਾਲ ਸਬੰਧਿਤ ਦੂਜੇ ਅਦਾਰਿਆਂ ਦੀ ਵੀ ਮਿਲੀਭੁਗਤ ਹੈ। ਨਤੀਜੇ ਵਜੋਂ ਇਹ ਸਾਰੇ ਬੁੱਧੀਜੀਵੀ ਬਿਨਾ ਜ਼ਮਾਨਤ, ਬਿਨਾ ਮੁਕੱਦਮੇ, ਅਣਮਿਥੇ ਸਮੇਂ ਲਈ ਕੈਦ ਕੱਟਣ ਲਈ ਮਜਬੂਰ ਹਨ। ਇਨ੍ਹਾਂ ਸਾਜ਼ਿਸ਼ ਕੇਸਾਂ ਵਿਚ ਬੰਦ ਸਿਆਸੀ ਕੈਦੀਆਂ ਦਾ ਤਜਰਬਾ ਸਾਫ ਦੱਸਦਾ ਹੈ ਕਿ ਜਿਹੜਾ ਸ਼ਖਸ ਵੀ ਹੱਕ ਦੀ ਗੱਲ ਕਰਦਾ ਹੈ ਜਾਂ ਸਰਕਾਰ ਨਾਲ ਅਸਹਿਮਤੀ ਰੱਖਦਾ ਹੈ ਤਾਂ ਸਰਕਾਰ ਨੇ ਕਾਨੂੰਨ ਦੀ ਮਦਦ ਨਾਲ ਇਹ ਹੱਕ ਹਾਸਿਲ ਕਰ ਲਿਆ ਹੈ ਕਿ ਉਹ ਉਨ੍ਹਾਂ ਨੂੰ ਵਰ੍ਹਿਆਂ ਬੱਧੀ ਜੇਲ੍ਹ ਵਿਚ ਰੱਖ ਸਕਦੀ ਹੈ। ਇਸ ਦੇ ਨਾਲ ਨਾਲ ਉਹ ਜੇਲ੍ਹ ਅੰਦਰ ਉਨ੍ਹਾਂ ਦੇ ਹਰ ਮਨੁੱਖੀ ਅਧਿਕਾਰ ਨੂੰ ਕੁਚਲ ਸਕਦੀ ਹੈ। ਲੋਕ ਸਭਾ ਵਿਚ ਗ੍ਰਹਿ ਮੰਤਰਾਲੇ ਵਲੋਂ ਮੁਹੱਈਆ ਕਰਵਾਏ ਅੰਕੜਿਆਂ ਦੇ ਅਨੁਸਾਰ 2015 ਤੋਂ 2019 ਵਿਚ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ (ਯੂ.ਏ.ਪੀ.ਏ.) ਤਹਿਤ ਹੋਈਆਂ ਗ੍ਰਿਫਤਾਰੀਆਂ ਦੀ ਗਿਣਤੀ ਵਿਚ 72% ਵਾਧਾ ਹੋਇਆ ਹੈ।

ਕਰੋਨਾ ਮਹਾਮਾਰੀ ਦੌਰਾਨ ਭੀਮਾ ਕੋਰੇਗਾਉਂ ਸਾਜ਼ਿਸ਼ ਵਿਚ ਗ੍ਰਿਫਤਾਰ ਕੈਦੀਆਂ ਵਿਚੋਂ ਪ੍ਰੋਫੈਸਰ ਹੈਨੀ ਬਾਬੂ ਜੋ ਦਿੱਲੀ ਯੂਨੀਵਰਸਿਟੀ ਵਿਚ ਅਧਿਆਪਕ ਹੈ, ਬਿਮਾਰੀ ਦੀ ਹਾਲਤ ਵਿਚ ਜੇਲ੍ਹ ਵਿਚ ਅੱਖ ਦੀ ਬਲੈਕ ਫੰਗਸ ਨਾਲ ਜੂਝਦਾ ਰਿਹਾ ਹੈ। ਉਸ ਦੀ ਪਤਨੀ ਮੁਤਾਬਕ ਉਸ ਨੂੰ ਜੇਲ੍ਹ ਵਿਚ ਪਾਣੀ ਵੀ ਮੁਹੱਈਆ ਨਹੀਂ ਸੀ ਕਿ ਆਪਣੀ ਅੱਖ ਧੋ ਸਕਦਾ। ਐਡਵੋਕੇਟ ਸੁਰੇਂਦਰ ਗਡਲਿੰਗ 40 ਹੋਰ ਮਰੀਜ਼ ਕੈਦੀਆਂ ਨਾਲ ਅਜਿਹੀ ਬੈਰਕ ਵਿਚ ਬੰਦ ਹੈ ਜਿਸ ਦੀ ਛੱਤ ਬੁਰੀ ਤਰ੍ਹਾਂ ਚੋਂਦੀ ਹੈ ਤੇ ਫਰਸ਼ ਨੂੰ ਏਨਾ ਗਿੱਲਾ ਰੱਖਦੀ ਹੈ ਕਿ ਕੈਦ ਨਾਗਰਿਕਾਂ ਨੂੰ ਖਲੋ ਕੇ ਸੌਣਾ ਪੈ ਰਿਹਾ ਹੈ। 84 ਸਾਲਾਂ ਦਾ ਬਜ਼ੁਰਗ ਸਟੇਨ ਸਵਾਮੀ ਜੋ ਪਾਰਕਿਨਸਨ ਦੀ ਖਤਰਨਾਕ ਬਿਮਾਰੀ ਦਾ ਮਰੀਜ਼ ਹੈ, ਨੂੰ ਇਲਾਜ ਵਾਸਤੇ ਜ਼ਮਾਨਤ ਨਹੀਂ ਦਿੱਤੀ ਜਾਂਦੀ। ਬਿਮਾਰੀ ਨਾਲ ਕੰਬਦੇ ਉਸ ਦੇ ਹੱਥ ਪਾਣੀ ਦਾ ਗਲਾਸ ਨਹੀਂ ਫੜ ਸਕਦੇ ਅਤੇ ਉਸ ਨੂੰ ਨਲੀ ਵਾਲੇ ਗਲਾਸ ਲਈ ਵੱਡੀ ਜੱਦੋਜਹਿਦ ਕਰਨੀ ਪਈ। ਸ਼ੋਮਾ ਸੇਨ ਅਤੇ ਸੁਧਾ ਭਰਦਵਾਜ ਜੋੜਾਂ ਦੇ ਦਰਦ ਤੋਂ ਪੀੜਤ ਹਨ ਪਰ ਇਲਾਜ ਤੋਂ ਵਿਰਵੇ ਹਨ।

ਨਿਆਂ ਪ੍ਰਣਾਲੀ ਮੁਤਾਬਿਕ ਕਿਸੇ ਵੀ ਸ਼ਖਸ ਨੂੰ ਉਨ੍ਹਾਂ ਦੇ ਜੁਰਮਾਂ ਲਈ ਸਜ਼ਾ ਦੇਣ ਲਈ ਕੈਦ ਕੀਤਾ ਜਾਂਦਾ ਹੈ ਜੋ ਜੁਰਮ ਉਨ੍ਹਾਂ ਖਿਲਾਫ ਸਾਬਤ ਹੋ ਜਾਂਦੇ ਹਨ। ਕੈਦ ਹੀ ਜੁਰਮ ਦੀ ਸਜ਼ਾ ਹੈ ਜਿਸ ਦੀ ਪ੍ਰਵਾਨਗੀ ਨਿਆਂ ਪ੍ਰਣਾਲੀ ਤੋਂ ਆਉਂਦੀ ਹੈ ਪਰ ਜੇਲ੍ਹਾਂ ਅੰਦਰ ਤਸੀਹੇ ਅਜਿਹੀ ਸਜ਼ਾ ਹੈ ਜਿਨ੍ਹਾਂ ਦੀ ਕੋਈ ਪ੍ਰਵਾਨਗੀ ਨਹੀਂ ਹੈ। ਜੇਲ੍ਹ ਅੰਦਰ ਕੈਦ ਦੀ ਸਜ਼ਾ ਦੀ ਪ੍ਰਵਾਨਗੀ ਹੈ। ਕੈਦ ਮੁਜਰਮ ਦੀ ਤੁਰਨ ਫਿਰਨ ਦੀ ਆਜ਼ਾਦੀ ਵਾਪਸ ਲੈ ਲੈਂਦੀ ਹੈ ਅਤੇ ਕੁਝ ਹੋਰ ਹੱਕ ਵੀ ਖੋਹ ਲੈਂਦੀ ਹੈ, ਜਿਵੇਂ ਅੰਦੋਲਨ ਦੀ ਆਜ਼ਾਦੀ ਪਰ ਜੇਲ੍ਹ ਵਿਚ ਬੰਦ ਕੈਦੀ ਆਪਣੇ ਦੂਜੇ ਮਨੁੱਖੀ ਅਧਿਕਾਰਾਂ ਅਤੇ ਬੁਨਿਆਦੀ ਆਜ਼ਾਦੀਆਂ ਨੂੰ ਬਰਕਰਾਰ ਰੱਖਦੇ ਹਨ। ਉਂਜ, ਸਾਡੇ ਮੁਲਕ ਵਿਚ ਜੇਲ੍ਹ ਵਿਚ ਬੰਦ ਕੈਦੀਆਂ ਨੂੰ ਚੱਲ ਰਹੀ ਕੋਵਿਡ-19 ਮਹਾਮਾਰੀ ਦੌਰਾਨ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਸਭ ਤੋਂ ਭੈੜੇ ਰੂਪ ਨੂੰ ਸਹਿਣਾ ਪੈ ਰਿਹਾ ਹੈ। ਜਿਸ ਤਰ੍ਹਾਂ ਦੀ ਤਰਾਸਦੀ ਦੀਆਂ ਖਬਰਾਂ ਜੇਲ੍ਹ ਤੋਂ ਆ ਰਹੀਆਂ ਹਨ, ਉਸ ਤੋਂ ਸਾਫ ਜ਼ਾਹਿਰ ਹੈ ਕਿ ਸੱਤਾ ਸਿਆਸੀ ਕੈਦੀਆਂ ਤੇ ਜ਼ੁਲਮ ਕਰ ਕੇ ਪੂਰੇ ਮੁਲਕ ਨੂੰ ਖੌਫ ਦਾ ਸੰਦੇਸ਼ ਦੇਣਾ ਚਾਹੁੰਦੀ ਹੈ। ਇਹ ਨਿਆਂ ਨੂੰ ਵੱਡੀ ਢਾਹ ਹੈ।

ਭੀਮਾ ਕੋਰੇਗਾਉਂ ਕੇਸ ਦੁਆਲੇ ਬੁਣਿਆ ਮੁਕੱਦਮਾ 16 ਕਾਰਕੁਨਾਂ ਬਾਰੇ ਨਹੀਂ ਜਿਨ੍ਹਾਂ ਨੂੰ ਤਸ਼ੱਦਦ ਦੇ ਹਾਲਾਤ 'ਚ ਜੇਲ੍ਹ ਵਿਚ ਰੱਖਿਆ ਗਿਆ ਹੈ। ਇਹ ਭਾਰਤ ਵਿਚ ਸੋਚਣ ਸਮਝਣ ਅਤੇ ਬੋਲਣ ਦੀ ਆਜ਼ਾਦੀ ਚਾਹੁਣ ਵਾਲੇ ਹਰ ਸ਼ਖਸ ਲਈ ਸਪੱਸ਼ਟ ਖਤਰਾ ਹੈ। ਇਹ ਬੁੱਧੀਜੀਵੀਆਂ ਲਈ ਖਤਰਾ ਹੈ, ਲੇਖਕ, ਕਲਮਕਾਰਾਂ ਤੇ ਰੰਗਕਰਮੀਆਂ ਲਈ ਖਤਰਾ ਹੈ। ਇਹ ਪੁਰਅਮਨ ਸੰਘਰਸ਼ ਕਰ ਰਹੇ ਕਿਸਾਨਾਂ ਲਈ ਖਤਰਾ ਹੈ ਜੋ ਨਵੇਂ ਬਣੇ ਕਾਨੂੰਨਾਂ ਤਹਿਤ ਆਪਣੀਆਂ ਜ਼ਮੀਨਾਂ ਤੇ ਕਾਰਪੋਰੇਟ ਹਮਲੇ ਨੂੰ ਚੁਣੌਤੀ ਦੇ ਰਹੇ ਹਨ। ਭੀਮਾ ਕੋਰੇਗਾਉਂ ਕੇਸ ਇਕ ਉਦਹਾਰਨ ਹੈ ਕਿ ਕਿਸ ਤਰ੍ਹਾਂ ਰਾਜ ਦੀ ਮਸ਼ੀਨਰੀ ਦੀ ਵਰਤੋਂ ਅਸਹਿਮਤੀ ਦੇ ਹਰ ਸੁਰ ਨੂੰ ਕੁਚਲਣ ਲਈ ਕੀਤੀ ਜਾ ਸਕਦੀ ਹੈ। ਹੌਲੀ-ਹੌਲੀ ਪਰ ਯਕੀਨਨ ਜ਼ੁਲਮ ਕਰਨ ਵਾਲੀ ਰਿਆਸਤ/ਸਟੇਟ ਨੇ ਇਨਸਾਫ ਦੇ ਮਾਇਨੇ ਬਦਲ ਕੇ ਰੱਖ ਦਿੱਤੇ ਹਨ। ਅਸੀਂ ਸਾਰੇ ਦੋਸ਼ੀ ਹਾਂ ਜਦ ਤੱਕ ਅਸੀਂ ਸਾਬਤ ਨਹੀਂ ਕਰਦੇ ਕਿ ਅਸੀਂ ਨਿਰਦੋਸ਼ ਹਾਂ। ਸਾਡੀ ਜ਼ੁਬਾਨ ਸਾਡੇ ਕੋਲੋਂ ਖੋਹ ਲਈ ਗਈ ਹੈ। ਸਾਡੀ ਜ਼ਮੀਰ ਤੇ ਸੰਨ੍ਹ ਲਾਈ ਜਾ ਰਹੀ ਹੈ।

ਤਾਲੋਜਾ ਜੇਲ੍ਹ ਵਿਚ ਡੱਕੇ ਭੀਮਾ ਕੋਰੇਗਾਉਂ ਸਾਜ਼ਿਸ਼ ਕੇਸ ਵਿਚ ਬੰਦ ਸਿਆਸੀ ਕੈਦੀਆਂ ਨੇ 23 ਦਸੰਬਰ ਨੂੰ ਇਕ ਦਿਨ ਦੀ ਭੁੱਖ ਹੜਤਾਲ ਕੀਤੀ ਸੀ। ਇਹ ਭੁੱਖ ਹੜਤਾਲ ਲੋਕ ਵਿਰੋਧੀ ਅਤੇ ਕਿਸਾਨ ਵਿਰੋਧੀ ਤਿੰਨ ਕਾਨੂੰਨਾਂ ਅਤੇ ਖੇਤੀ ਦੇ ਕਾਰਪੋਰੇਟੀਕਰਨ ਦੇ ਖਿਲਾਫ ਕਿਸਾਨਾਂ ਵਲੋਂ ਵਿੱਢੇ ਗਏ ਅੰਦੋਲਨ ਦੇ ਨਾਲ ਇੱਕਮੁੱਠਤਾ ਜ਼ਾਹਿਰ ਕਰਨ ਲਈ ਕੀਤੀ ਗਈ ਸੀ। ਕਿਸਾਨ ਅੰਦੋਲਨ ਤੋਂ ਵੀ ਇਹ ਆਸ ਹੈ ਕਿ ਉਹ ਦਿੱਲੀ ਦੇ ਮੋਰਚਿਆਂ ਤੋਂ ਇਨ੍ਹਾਂ ਕੈਦੀਆਂ ਦੀ ਰਿਹਾਈ ਦੀ ਮੰਗ ਉਠਾਉਣ ਅਤੇ ਇਸ ਦੇਸ਼ ਵਿਚ ਜਮਹੂਰੀ ਹੱਕਾਂ ਦੀ ਬਹਾਲੀ ਲਈ ਉੱਠੀ ਆਵਾਜ਼ ਨੂੰ ਮਜ਼ਬੂਤੀ ਦੇਣ।

# ਚੰਪਾਰਨ ਦਾ ਕਿਸਾਨ ਮੋਰਚਾ

## ਐਡਵੋਕੇਟ ਜੋਗਿੰਦਰ ਸਿੰਘ ਤੂਰ

ਈਸਟ ਇੰਡੀਆ ਕੰਪਨੀ ਨੇ ਦੱਖਣੀ ਭਾਰਤ 'ਤੇ ਆਪਣੀ ਹਕੂਮਤ ਕਾਇਮ ਕਰਕੇ ਬੰਗਾਲ ਅਤੇ ਬਿਹਾਰ ਵਿਚ ਕੰਪਨੀ ਦੇ ਭਾਈਵਾਲਾਂ, ਹਿੱਸੇਦਾਰਾਂ ਤੇ ਅੰਗਰੇਜ਼ ਅਫਸਰਾਂ ਨੇ ਵੱਡੀਆਂ ਜਗੀਰਾਂ ਹਥਿਆ ਲਈਆਂ ਤੇ ਸੈਂਕੜੇ ਏਕੜਾਂ ਦੇ ਵੱਡੇ-ਵੱਡੇ ਫਾਰਮ ਬਣਾ ਲਏ। ਬੰਗਾਲ ਤੇ ਉਸ ਦੇ ਲਾਗਲੇ ਇਲਾਕਿਆਂ ਵਿਚ ਨੀਲ ਦੀ ਖੇਤੀ ਮੁੱਦਤਾਂ ਤੋਂ ਹੋ ਰਹੀ ਸੀ ਤੇ ਨੀਲ ਦਾ ਵਪਾਰ ਕੌਮਾਂਤਰੀ ਸੀ, ਇਸ ਲਈ ਅੰਗਰੇਜ਼ ਮਾਲਕਾਂ ਨੇ ਆਪਣੇ ਫਾਰਮਾਂ ਵਿਚ ਨੀਲ ਦੀ ਖੇਤੀ ਸ਼ੁਰੂ ਕਰਨ ਲਈ, ਵਟਾਈਦਾਰ ਮੁਜ਼ਾਰੇ ਲੱਭੇ ਤੇ ਉਨ੍ਹਾਂ ਨੂੰ ਜ਼ਮੀਨਾਂ ਵਟਾਈ 'ਤੇ ਦੇਣ ਲਈ ਸ਼ਰਤ ਲਾਈ ਕਿ ਵਟਾਈ 'ਤੇ ਦਿੱਤੀ ਗਈ ਜ਼ਮੀਨ ਦੇ 15 ਤੋਂ 20 ਫੀਸਦੀ ਹਿੱਸੇ 'ਤੇ ਨੀਲ ਦੀ ਖੇਤੀ ਕਰਨੀ ਹੋਏਗੀ ਤੇ ਪੈਦਾ ਕੀਤਾ ਗਿਆ ਸਾਰੇ ਦਾ ਸਾਰਾ ਨੀਲ ਮਾਲਕਾਂ ਨੂੰ ਦੇਣਾ ਪਵੇਗਾ।

ਨੀਲ ਦੀ ਖੇਤੀ ਲਈ ਨੀਲ ਦੇ ਬੀਜ ਬੀਜੇ ਜਾਂਦੇ ਸਨ। ਜਦੋਂ ਪੌਦੇ ਪੱਕ ਕੇ ਤਿਆਰ ਹੋ ਜਾਣ ਤਾਂ ਉਨ੍ਹਾਂ ਦੇ ਫਲ ਅਤੇ ਹੋਰ ਹਿੱਸਿਆਂ ਨੂੰ ਕੱਟ ਕੇ, ਮਿੱਧ ਕੇ, ਨਚੋੜ ਕੇ ਉਨ੍ਹਾਂ ਦਾ ਨੀਲਾ ਰਸ ਕੱਢ ਲਿਆ ਜਾਂਦਾ ਸੀ। ਉਸ ਰਸ ਨੂੰ ਸੁਕਾਉਣ ਲਈ ਪੱਕੀਆਂ ਕਿਆਰੀਆਂ, ਜਿਨ੍ਹਾਂ ਨੂੰ ਬੜੇ ਚੰਗੇ ਢੰਗ ਨਾਲ, ਚੂਨੇ ਨਾਲ ਪਲੱਸਤਰ ਕਰਕੇ ਸਾਫ ਤੇ ਸਾਵੀਆਂ ਪੱਧਰੀਆਂ ਬਣਾਈਆਂ ਜਾਂਦੀਆਂ ਸਨ, ਉਨ੍ਹਾਂ ਵਿਚ ਉਸ ਨੀਲੇ ਰੰਗ ਦੇ ਰਸ ਨੂੰ ਸੁੱਕਣ ਵਾਸਤੇ ਛੱਡਿਆ ਜਾਂਦਾ ਸੀ। ਪਾਣੀ ਸੁੱਕ ਜਾਣ 'ਤੇ ਨੀਲ, ਪਾਊਡਰ ਦੀ ਸ਼ਕਲ ਵਿਚ, ਕਿਆਰੀਆਂ ਵਿਚ ਰਹਿ ਜਾਂਦਾ ਸੀ, ਜਿਸ ਨੂੰ ਇਕੱਠਾ ਕਰਕੇ ਪੈਕ ਕਰ ਲਿਆ ਜਾਂਦਾ ਸੀ ਤੇ ਸਾਰੇ ਦਾ ਸਾਰਾ ਨੀਲ ਅੰਗਰੇਜ਼ ਮਾਲਕਾਂ ਨੂੰ ਸੌਂਪਣਾ ਪੈਂਦਾ ਸੀ। ਉਸ ਵਿਚੋਂ ਕਿਸਾਨ ਨੂੰ ਕੁਝ ਨਹੀਂ ਮਿਲਦਾ ਸੀ।

ਜਦੋਂ ਜ਼ਮੀਨ ਮਾਲਕਾਂ ਨੂੰ ਪਤਾ ਲੱਗਾ ਕਿ ਜਰਮਨੀ ਵਿਚ ਸਿੰਥੈਟਿਕ ਨੀਲ ਤਿਆਰ ਕਰ ਲਿਆ ਗਿਆ ਹੈ ਤਾਂ ਉਨ੍ਹਾਂ ਅੰਗਰੇਜ਼ ਮਾਲਕਾਂ ਨੇ ਆਪਣੇ ਨੀਲ ਦੇ ਵਪਾਰ ਨੂੰ ਖਤਰਾ ਭਾਂਪਦਿਆਂ ਕਾਸ਼ਤਕਾਰਾਂ ਨੂੰ 15 ਫੀਸਦੀ ਵਾਲੀ ਧੱਕੇਸ਼ਾਹੀ ਤੋਂ ਆਜ਼ਾਦ ਕਰਨ ਲਈ ਕਿਸਾਨਾਂ 'ਤੇ ਜ਼ੋਰ ਪਾਇਆ ਕਿ ਉਹ ਇਸ 15 ਫੀਸਦੀ ਵਾਲੇ ਬੰਦੋਬਸਤ ਤੋਂ ਆਜ਼ਾਦ ਹੋਣ ਲਈ ਮਾਲਕਾਂ ਨੂੰ ਨਕਦ ਮੁਆਵਜ਼ਾ ਦੇਣ। ਕੁਝ ਕਿਸਾਨਾਂ ਨੇ ਖੁਸ਼ੀ-ਖੁਸ਼ੀ ਦਸਤਖਤ ਕਰ ਦਿੱਤੇ ਤੇ ਮੁਆਵਜ਼ਾ ਵੀ ਦੇ ਦਿੱਤਾ। ਫਿਰ ਜਦੋਂ ਸਾਰਿਆਂ ਨੂੰ ਪਤਾ ਲੱਗ ਗਿਆ ਕਿ ਜਰਮਨੀ ਵਿਚ ਸਿੰਥੈਟਿਕ ਨੀਲ ਤਿਆਰ ਹੋਣ ਦੀ ਗੱਲ ਮਾਲਕਾਂ ਨੇ ਕਿਸਾਨਾਂ ਤੋਂ ਲੁਕੋ ਲਈ ਸੀ ਤਾਂ ਕਾਸ਼ਤਕਾਰਾਂ ਨੇ ਦਿੱਤਾ ਗਿਆ ਮੁਆਵਜ਼ਾ ਵਾਪਸ ਮੰਗਣਾ ਸ਼ੁਰੂ ਕਰ ਦਿੱਤਾ। ਮਾਲਕਾਂ ਨੇ ਵਿਰੋਧ ਕੀਤਾ ਤੇ ਗੁੰਡਾਗਰਦੀ 'ਤੇ ਉਤਰ ਆਏ। ਇਸ ਸਟੇਜ 'ਤੇ ਮਹਾਤਮਾ ਗਾਂਧੀ ਉੱਥੇ ਗਏ। ਗਏ ਤਾਂ ਉਹ ਹਾਲਾਤ ਦਾ ਪਤਾ ਕਰਨ ਸਨ, ਪਰ ਕਿਸਾਨਾਂ ਦੇ ਵਿਦਰੋਹ ਨੇ ਮਹਾਤਮਾ ਗਾਂਧੀ ਦੀ ਅਗਵਾਈ ਵਿਚ ਇਕ ਲਹਿਰ ਖੜ੍ਹੀ ਕਰ ਦਿੱਤੀ ਤੇ ਮਹਾਤਮਾ ਗਾਂਧੀ 7 ਮਹੀਨੇ ਉੱਥੇ ਰਹੇ। ਚੰਪਾਰਨ ਦਾ ਮੋਰਚਾ ਆਜ਼ਾਦੀ ਦੀ ਅੰਗਰੇਜ਼ ਮਾਲਕਾਂ ਤੇ ਸ਼ਾਸਕਾਂ ਖਿਲਾਫ ਮੁਢਲੀ ਲੜਾਈ ਬਣ ਕੇ ਸਾਹਮਣੇ ਆਇਆ ਤੇ ਇਸ ਨੇ ਕਈ ਨਵੇਂ ਲੀਡਰ, ਰਜਿੰਦਰ ਪ੍ਰਸਾਦ ਜੋ ਉਸ ਵੇਲੇ ਵਕਾਲਤ ਕਰ ਰਹੇ ਸਨ ਤੇ ਜੇ.ਬੀ. ਕ੍ਰਿਪਲਾਨੀ ਵਰਗੇ ਪੈਦਾ ਕੀਤੇ। ਇਸ ਸੰਘਰਸ਼ ਕਰਕੇ ਨਾ ਸਿਰਫ ਮਾਲਕਾਂ ਨੂੰ ਵਸੂਲ ਕੀਤੀ ਰਕਮ ਵਾਪਸ ਕਰਨੀ ਪਈ ਸਗੋਂ ਉਨ੍ਹਾਂ ਦਾ ਘੁਮੰਡ ਵੀ ਚਕਨਾਚੂਰ ਹੋ ਗਿਆ। ਲੋਕਾਂ ਵਿਚ ਸੰਘਰਸ਼ ਕਰਨ ਦਾ ਜਜ਼ਬਾ ਪੈਦਾ ਹੋ ਗਿਆ।

ਈ.ਐਮ.ਐਸ. ਨਬੂੰਦਰੀਪਾਦ ਦਾ ਕਹਿਣਾ ਸੀ ਕਿ ਚੰਪਾਰਨ ਦੇ ਸੰਘਰਸ਼ ਦਾ ਮਹੱਤਵ ਇਸ ਲਈ ਹੈ ਕਿ ਇਹ ਯੂਰਪੀ ਜ਼ਿਮੀਂਦਾਰਾਂ ਦੇ ਵਿਰੁੱਧ ਸੀ। ਦੂਸਰਾ ਇਸ ਲਈ ਕਿ ਉਸ ਸਮੇਂ ਦੇ ਕੁਝ ਨਫੀਸ ਤੇ ਜਵਾਨ ਬੁੱਧੀਜੀਵੀ ਇਕ ਝੰਡੇ ਥੱਲੇ ਇਕੱਠੇ ਹੋਏ, ਜਿਨ੍ਹਾਂ ਵਿਚ ਰਾਜਿੰਦਰ ਪ੍ਰਸਾਦ, ਮਜ਼ਹਰੁਲ ਹੱਕ, ਜੇ.ਬੀ. ਕ੍ਰਿਪਲਾਨੀ ਆਦਿ ਸ਼ਾਮਿਲ ਸਨ। ਤੀਸਰਾ ਇਸ ਲਈ ਕਿ ਯੂਰਪੀ ਜ਼ਿਮੀਂਦਾਰਾਂ, ਅਫਸਰਸ਼ਾਹੀ ਅਤੇ ਉਨ੍ਹਾਂ ਦੇ ਰਖਵਾਲਿਆਂ ਦੇ ਸਖਤ ਵਿਰੋਧ ਦੇ ਖਿਲਾਫ ਗਾਂਧੀ ਤੇ ਉਸ ਦੇ ਸਾਥੀ ਸੰਘਰਸ਼ ਨੂੰ ਸਫਲਤਾ ਦੀ ਮੰਜ਼ਿਲ ਤੱਕ ਲੈ ਗਏ। ਮੱਧ ਵਰਗ ਦੇ ਨਿਰਸਵਾਰਥ ਲੋਕਾਂ ਨੇ ਵੀ ਆਪਣੇ ਆਪ ਨੂੰ ਇਸ ਸੰਘਰਸ਼ ਨਾਲ ਜੋੜਿਆ।

ਲੂਈ ਫਿਸ਼ਰ ਅਮਰੀਕਾ ਦੀ ਅਖਬਾਰ 'ਨਿਊਯਾਰਕ ਟਾਈਮਜ਼' ਦੇ ਸਟੈਂਡਰਡ ਰੀਵਿਊ ਦੇ ਪੱਤਰਕਾਰ, ਲੇਖਕ ਤੇ ਕਰਤਾ ਨੇ ਆਪਣੀ ਕਿਤਾਬ 'ਲੈਂਡ ਆਫ ਮਹਾਤਮਾ ਗਾਂਧੀ' ਵਿਚ ਲਿਖਿਆ ਹੈ ਕਿ 'ਜਦੋਂ ਮੈਂ ਪਹਿਲੀ ਵਾਰ ਮਹਾਤਮਾ ਗਾਂਧੀ ਨੂੰ ਉਨ੍ਹਾਂ ਦੇ ਸੇਵਾ ਗ੍ਰਾਮ ਆਸ਼ਰਮ ਵਿਚ ਮਿਲਿਆ ਤਾਂ ਉਨ੍ਹਾਂ ਕਿਹਾ, ਮੈਂ ਤੁਹਾਨੂੰ ਦੱਸਦਾ ਹਾਂ, ਮੈਂ 1917 ਵਿਚ ਪਹਿਲੀ ਵਾਰ ਸੋਚਿਆ ਕਿ ਅੰਗਰੇਜ਼ਾਂ ਨੂੰ ਦੇਸ਼ ਤੋਂ ਬਾਹਰ ਕੱਢਿਆ ਜਾਵੇ।' ਇਸ ਦੀ ਪਿੱਠ ਭੂਮੀ ਇਹ ਸੀ ਕਿ ਜਦੋਂ ਗਾਂਧੀ ਜੀ ਨੂੰ ਚੰਪਾਰਨ ਦਾ ਹੀ ਇਕ ਸਿਰੜੀ ਕਿਸਾਨ, ਰਾਜ ਕੁਮਾਰ ਸ਼ੁਕਲਾ ਚੰਪਾਰਨ ਲੈ ਗਿਆ ਤਾਂ ਉੱਥੋਂ ਦੇ ਕਿਸਾਨ ਦੂਰੋਂ ਦੁਰਾਡਿਉਂ ਗਾਂਧੀ ਦੀ ਆਮਦ ਸੁਣ ਕੇ, ਪੈਦਲ ਜਾਂ ਜੋ ਮਿਲਿਆ ਸਾਧਨਾਂ ਨਾਲ ਉੱਥੇ ਪੁੱਜਣੇ ਸ਼ੁਰੂ ਹੋ ਗਏ। ਗਾਂਧੀ ਜੀ ਨੇ ਚੰਪਾਰਨ ਦੇ ਕਿਸਾਨਾਂ ਦੇ ਜ਼ਮੀਨੀ ਵਿਹਾਰ ਤੇ ਯੂਰਪੀਨ ਮਾਲਕਾਂ ਦੇ ਨਿੰਦਣਯੋਗ ਸਬੰਧਾਂ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਕਰ ਲਈ। ਇਸ ਵਿਚ ਉੱਥੋਂ ਦੇ ਵਕੀਲਾਂ, ਜਿਹੜੇ ਕਿਸਾਨਾਂ ਦੇ ਕੇਸ ਲੜ ਰਹੇ ਸਨ, ਨੇ ਵੀ ਜਾਣਕਾਰੀ ਮੁਹੱਈਆ ਕੀਤੀ।

ਇਹ ਜਾਣ ਕੇ ਗਾਂਧੀ ਜੀ ਨੇ ਜ਼ਮੀਨ ਦੇ ਮਾਲਕਾਂ ਦੀ ਸਭਾ ਦੇ ਸਕੱਤਰ ਨੂੰ ਮਿਲਣ ਦੀ ਕੋਸ਼ਿਸ਼ ਕੀਤੀ ਪਰ ਉਸ ਨੇ ਕਿਸੇ ਬਾਹਰਲੇ ਬੰਦੇ ਨੂੰ ਕੁਝ ਵੀ ਦੱਸਣ ਤੋਂ ਇਨਕਾਰ ਕਰ ਦਿੱਤਾ। ਗਾਂਧੀ ਜੀ ਵੱਡੀ ਗਿਣਤੀ ਵਿਚ ਵਕੀਲਾਂ ਸਣੇ, ਜਿਨ੍ਹਾਂ ਦੀ ਉਨ੍ਹਾਂ ਨੇ ਕਿਸਾਨਾਂ ਤੋਂ ਭਾਰੀ ਫੀਸਾਂ ਲੈਣ 'ਤੇ ਖਿਚਾਈ ਵੀ ਕੀਤੀ ਸੀ, ਚੰਪਾਰਨ ਜ਼ਿਲ੍ਹੇ ਦੇ ਸਦਰਮੁਕਾਮ ਮੋਤੀਹਾਰੀ ਪੁੱਜ ਗਏ। ਉਥੇ ਰੇਲਵੇ ਸਟੇਸ਼ਨ 'ਤੇ ਭਾਰੀ ਜਨਸਮੂਹ ਪੁੱਜਿਆ ਹੋਇਆ ਸੀ। ਉੱਥੇ ਇਕ ਘਰ ਵਿਚ ਆਪਣਾ ਹੈੱਡਕੁਆਰਟਰ ਬਣਾ ਕੇ, ਮਹਾਤਮਾ ਗਾਂਧੀ ਜੀ ਨੇ ਹੋਰ ਸੂਚਨਾ ਹਾਸਲ ਕਰਨ ਦਾ ਕੰਮ ਆਰੰਭ ਕਰ ਦਿੱਤਾ। ਅਗਲੇ ਹੀ ਦਿਨ, ਇਕ ਪਿੰਡ ਵਿਚ ਮਾਲਕਾਂ ਵਲੋਂ ਕਿਸਾਨਾਂ 'ਤੇ ਜ਼ਿਆਦਤੀਆਂ ਕਰਨ ਦੀ ਖਬਰ ਗਾਂਧੀ ਤੱਕ ਪਹੁੰਚ ਗਈ। ਹੋਰ ਸਾਧਨ ਨਾ ਮਿਲਣ ਕਰਕੇ, ਗਾਂਧੀ ਜੀ ਇਕ ਹਾਥੀ 'ਤੇ ਹੀ ਉਸ ਪਿੰਡ ਵੱਲ ਚੱਲ ਪਏ ਤਾਂ ਰਾਹ ਵਿਚ ਹੀ ਇਕ ਪੁਲਿਸ ਵਾਲੇ ਨੇ ਰੋਕ ਲਿਆ। ਗਾਂਧੀ ਜੀ ਨੂੰ ਮੋਤੀਹਾਰੀ ਵਾਪਸ ਚਲੇ ਜਾਣ ਲਈ, ਕਾਰਜਕਾਰੀ ਅਧਿਕਾਰੀ ਦੇ ਫੈਸਲੇ ਬਾਰੇ ਜਾਣਕਾਰੀ ਦਿੱਤੀ ਗਈ। ਗਾਂਧੀ ਜੀ ਵਾਪਸ ਆ ਗਏ। ਵਾਪਸ ਪਹੁੰਚਦਿਆਂ ਅਧਿਕਾਰੀ ਨੇ ਗਾਂਧੀ ਜੀ ਨੂੰ ਸਰਕਾਰੀ ਨੋਟਿਸ ਸੌਂਪਦਿਆਂ ਕਿਹਾ ਕਿ ਉਹ ਸ਼ਹਿਰ ਛੱਡ ਜਾਣ। ਗਾਂਧੀ ਜੀ ਨੇ ਨੋਟਿਸ ਦੀ ਰਸੀਦ ਉਤੇ ਦਸਤਖਤ ਕੀਤੇ ਤੇ ਨਾਲ ਹੀ ਕਿਹਾ ਕਿ ਉਹ ਇਹ ਹੁਕਮ ਨਹੀਂ ਮੰਨਣਗੇ। ਇਸ 'ਤੇ ਅਗਲੇ ਦਿਨ ਗਾਂਧੀ ਨੂੰ ਅਦਾਲਤ ਵਿਚ ਪੇਸ਼ ਹੋਣ ਲਈ ਸੰਮਨ ਆ ਗਏ।

ਗਾਂਧੀ ਜੀ ਨੇ ਸੌਣ ਦੀ ਬਜਾਏ ਰਾਤ ਭਰ, ਆਪਣੇ ਰਸੂਖਦਾਰ ਦੋਸਤਾਂ, ਰਾਜਿੰਦਰ ਪ੍ਰਸਾਦ ਵਗੈਰਾ ਨੂੰ ਪਟਨਾ ਤੋਂ ਮੋਤੀਹਾਰੀ ਪੁੱਜਣ ਲਈ ਤਾਰ ਭੇਜੀ ਤੇ ਵਾਇਸਰਾਏ ਨੂੰ ਵੀ ਰਿਪੋਰਟ ਲਿਖ ਕੇ ਭੇਜੀ। ਅਗਲੇ ਦਿਨ ਮੋਤੀਹਾਰੀ ਕਿਸਾਨਾਂ ਨਾਲ ਭਰਿਆ ਹੋਇਆ ਸੀ ਅਤੇ ਅਦਾਲਤ ਦੇ ਸਾਹਮਣੇ ਕਿਸਾਨਾਂ ਦਾ ਏਡਾ ਵੱਡਾ ਇਕੱਠ, ਸਰਕਾਰ ਦੇ ਅਗਲੇਰੇ ਡਰ ਦਾ ਆਧਾਰ ਬਣ ਗਿਆ।

ਸਰਕਾਰ ਨੇ ਇਹ ਸਮਝ ਲਿਆ ਕਿ ਨਾ ਤਾਂ ਗਾਂਧੀ ਜੀ ਨੂੰ ਇਸ ਸੰਘਰਸ਼ ਤੋਂ ਨਿਖੇੜਿਆ ਜਾ ਸਕਦਾ ਹੈ ਨਾ ਹੀ ਕਿਸਾਨਾਂ ਨੂੰ ਕੁਝ ਦਿੱਤੇ ਬਿਨਾਂ ਸ਼ਾਂਤ ਕੀਤਾ ਜਾ ਸਕਦਾ ਹੈ। ਸਰਕਾਰ ਨੇ ਅਦਾਲਤੀ ਕਾਰਵਾਈ ਲੰਬੀ ਪਾਉਣ ਦੀ ਕੋਸ਼ਿਸ਼ ਕੀਤੀ ਜਿਸ ਦਾ ਗਾਂਧੀ ਨੇ ਵਿਰੋਧ ਕੀਤਾ ਤੇ ਆਪਣੇ 'ਤੇ ਲੱਗੇ ਦੋਸ਼ਾਂ ਦਾ ਲਿਖਤੀ ਜਵਾਬ ਪੜ੍ਹਦਿਆਂ, ਮੈਜਿਸਟ੍ਰੇਟ ਨੂੰ ਕਿਹਾ ਕਿ 'ਉਹ ਜ਼ਿੰਮੇਵਾਰੀਆਂ ਦੇ ਟਕਰਾਅ ਵਿਚ ਸ਼ਾਮਿਲ ਸਨ, ਇਕ ਪਾਸੇ ਉਹ, ਇਕ ਪਾਸੇ ਕਾਨੂੰਨ ਤੋੜਨ ਵਾਲੇ ਵਜੋਂ ਪਿਰਤ ਨਹੀਂ ਪਾਉਣਾ ਚਾਹੁੰਦੇ, ਦੂਜੇ ਪਾਸੇ ਉਹ ਮਨੁੱਖੀ ਤੇ ਕੌਮੀ ਸੇਵਾ ਕਰਨੀ ਚਾਹੁੰਦੇ ਸਨ, ਜਿਸ ਲਈ ਉਹ ਉੱਥੇ ਆਏ ਸਨ। ਇੱਥੋਂ ਚਲੇ ਜਾਣ ਦੇ ਹੁਕਮਾਂ ਦੀ ਅਵੱਗਿਆ, ਕਾਨੂੰਨੀ ਅਥਾਰਟੀ ਲਈ ਤ੍ਰਿਸਕਾਰ ਦੀ ਭਾਵਨਾ ਲਈ ਨਹੀਂ ਕੀਤੀ, ਸਗੋਂ ਅਜਿਹਾ ਆਪਣੇ ਅੰਦਰਲੇ ਕਾਨੂੰਨ, ਭਾਵ ਆਪਣੀ ਜ਼ਮੀਰ ਲਈ ਕੀਤਾ ਹੈ।'

ਮੈਜਿਸਟ੍ਰੇਟ ਨੇ ਕਿਹਾ ਕਿ ਉਹ ਆਪਣਾ ਫੈਸਲਾ ਦੋ ਘੰਟਿਆ ਤੱਕ ਦੇਣਗੇ। ਉਦੋਂ ਤੱਕ ਗਾਂਧੀ ਜੀ ਨੂੰ ਆਪਣੀ ਜ਼ਮਾਨਤ ਭਰਨ ਲਈ ਕਿਹਾ ਗਿਆ। ਗਾਂਧੀ ਨੇ ਜ਼ਮਾਨਤ ਭਰਨ ਤੋਂ ਇਨਕਾਰ ਕਰ ਦਿੱਤਾ। ਮੈਜਿਸਟ੍ਰੇਟ ਨੇ ਫੈਸਲਾ ਅੱਗੇ ਪਾ ਦਿੱਤਾ ਤੇ ਗਾਂਧੀ ਨੂੰ ਉਦੋਂ ਤੱਕ ਆਜ਼ਾਦ ਰਹਿਣ ਦੀ ਆਗਿਆ ਦੇ ਦਿੱਤੀ। ਗਾਂਧੀ ਜੀ ਦੇ ਦੋਸਤ ਪਟਨਾ ਤੋਂ ਆਏ ਵਕੀਲ ਰਾਜਿੰਦਰ ਪ੍ਰਸਾਦ, ਬ੍ਰਿਜਕਿਸ਼ੋਰ ਬਾਬੂ, ਮੌਲਾਨਾ ਮਜ਼ਹਰੁਲ ਹੱਕ ਤੇ ਹੋਰ ਨਾਮੀ ਵਕੀਲ ਗਾਂਧੀ ਕੋਲ ਗਏ। ਗਾਂਧੀ ਨੇ ਪੁੱਛਿਆ, ਜੇ ਮੈਨੂੰ ਸਜ਼ਾ ਸੁਣਾਈ ਗਈ ਤਾਂ ਤੁਸੀਂ ਕੀ ਕਰੋਗੇ। ਉਨ੍ਹਾਂ ਦਾ ਉੱਤਰ ਸੀ ਕਿ ਅਸੀਂ ਤਾਂ ਤੁਹਾਨੂੰ ਸਲਾਹ ਦੇਣ ਆਏ ਹਾਂ। ਜੇ ਤੁਸੀਂ ਜੇਲ੍ਹ ਚਲੇ ਗਏ ਤਾਂ ਅਸੀਂ ਕਿਸ ਦੀ ਮਦਦ ਕਰਾਂਗੇ। ਅਸੀਂ ਵੀ ਆਪਣੇ ਘਰ ਚਲੇ ਜਾਵਾਂਗੇ। ਤਾਂ ਗਾਂਧੀ ਨੇ ਕਿਹਾ ਕਿ ਕਿਸਾਨਾਂ ਦਾ ਕੀ ਬਣੇਗਾ? ਰਾਜਿੰਦਰ ਪ੍ਰਸਾਦ ਤੇ ਦੂਜੇ ਵਕੀਲਾਂ ਨੂੰ ਲੱਗਾ ਕਿ ਗਾਂਧੀ ਜੀ ਬਾਹਰਲਾ ਬੰਦਾ ਹੋਣ ਦੇ ਬਾਵਜੂਦ ਕਿਸਾਨਾਂ ਲਈ ਏਨਾ ਫਿਕਰਮੰਦ ਹੈ ਤੇ ਜੇਲ੍ਹ ਜਾਣ ਨੂੰ ਤਿਆਰ ਹੈ ਪਰ ਅਸੀਂ ਨੇੜੇ ਰਹਿੰਦੇ ਹੋਏ ਵੀ ਕਿਸਾਨਾਂ ਤੇ ਉਨ੍ਹਾਂ ਦੀਆਂ ਤਕਲੀਫਾਂ ਤੋਂ ਦੂਰ ਹਾਂ ਪਰ ਉਨ੍ਹਾਂ ਦੇ ਹਮਾਇਤੀ ਹੋਣ ਦਾ ਦਾਅਵਾ ਕਰਦੇ ਰਹਿੰਦੇ ਹਾਂ। ਸਾਨੂੰ ਵੀ ਗਾਂਧੀ ਜੀ ਨਾਲ ਹੋਣਾ ਚਾਹੀਦਾ ਹੈ। ਉਹ ਸਾਰੇ ਗਾਂਧੀ ਜੀ ਪਾਸ ਗਏ ਤੇ ਕਿਹਾ ਅਸੀਂ ਵੀ ਤੁਹਾਡੇ ਨਾਲ ਜੇਲ੍ਹ ਜਾਣ ਨੂੰ ਤਿਆਰ ਹਾਂ। ਗਾਂਧੀ ਜੀ ਨੇ ਅਜਿਹੇ ਸਾਰਿਆਂ ਦੇ ਨਾਂਅ ਲਿਖ ਕੇ ਉਨ੍ਹਾਂ ਦੇ ਦੋ-ਦੋ ਗਰੁੱਪ ਬਣਾ ਦਿੱਤੇ ਤੇ ਪ੍ਰੋਗਰਾਮ ਤੈਅ ਕਰ ਦਿੱਤਾ ਕਿ ਕੌਣ-ਕੌਣ, ਕਿਹੜੇ-ਕਿਹੜੇ ਦਿਨ ਗ੍ਰਿਫਤਾਰੀ ਦੇਵੇਗਾ। ਗਾਂਧੀ ਨੇ ਖੁਸ਼ ਹੋ ਕੇ ਕਿਹਾ ਕਿ ਹੁਣ ਚੰਪਾਰਨ ਦੀ ਲੜਾਈ ਜਿੱਤੀ ਗਈ ਹੈ।

ਗਾਂਧੀ ਜੀ ਖਿਲਾਫ ਕੇਸ ਵਾਪਸ ਲੈ ਲਿਆ ਗਿਆ, ਬਾਅਦ 'ਚ ਗਾਂਧੀ ਜੀ ਦੀਆਂ ਲੈਫਟੀਨੈਂਟ ਗਵਰਨਰ ਨਾਲ ਚਾਰ ਲੰਬੀਆਂ ਮੀਟਿੰਗਾਂ ਹੋਈਆਂ। ਇਕ ਕਮਿਸ਼ਨ ਨਿਯੁਕਤ ਹੋਇਆ ਤੇ ਸਿੱਟੇ ਵਜੋਂ ਕਿਸਾਨਾਂ ਤੋਂ ਲਏ ਗਏ ਪੈਸਿਆਂ ਦੀ 25 ਪ੍ਰਤੀਸ਼ਤ ਵਾਪਸੀ ਦਾ ਫੈਸਲਾ ਹੋਇਆ ਤੇ ਕਿਸਾਨਾਂ ਨੂੰ 15 ਫੀਸਦੀ ਨੀਲ ਦੀ ਖੇਤੀ ਤੋਂ ਮੁਕਤ ਕੀਤਾ ਗਿਆ।

ਪੰਜਾਬ ਟਾਈਮਜ਼

ਸਨਿਚਰਵਾਰ, 26 ਜੂਨ 2021

# ਸਿਆਸੀ ਪਿੜ ਦੀ ਸਿਆਸਤ

ਪੰਜਾਬ ਵਿਚ ਤਾਂ ਚਲੋ ਵਿਧਾਨ ਸਭਾ ਚੋਣਾਂ ਸਿਰ ‘ਤੇ ਆਉਣ ਕਰਕੇ ਸਿਆਸੀ ਸਰਗਰਮੀ ਵਾਹਵਾ ਭਖੀ ਹੋਈ ਹੈ ਪਰ ਮੁਲਕ ਪੱਧਰ ‘ਤੇ ਜਿਹੜੀ ਸਿਆਸੀ ਸਰਗਰਮੀ ਪਿਛਲੇ ਦਿਨੀਂ ਸਾਹਮਣੇ ਆਈ ਹੈ, ਉਸ ਨੇ ਸਭ ਦਾ ਧਿਆਨ ਖਿੱਚਿਆ ਹੈ। ਇਕ ਤਾਂ ਮੋਦੀ ਸਰਕਾਰ ਨੇ ਜੰਮੂ ਕਸ਼ਮੀਰ ਦੇ ਮੁੱਦੇ ਬਾਰੇ ਮੀਟਿੰਗਾਂ ਦਾ ਸਿਲਸਿਲਾ ਜੋ ਚਿਰਾਂ ਤੋਂ ਬੰਦ ਸੀ, ਸ਼ੁਰੂ ਕੀਤਾ ਹੈ; ਦੂਜੇ, ਮੋਦੀ ਸਰਕਾਰ ਅਤੇ ਭਾਰਤੀ ਜਨਤਾ ਪਾਰਟੀ ਨੂੰ 2024 ਵਿਚ ਹੋਣ ਵਾਲੀਆਂ ਲੋਕ ਸਭਾ ਵਿਚ ਟੱਕਰ ਦੇਣ ਲਈ ਸਾਂਝਾ ਮੰਚ ਉਸਾਰਨ ਦੀ ਕਵਾਇਦ ਸ਼ੁਰੂ ਹੋ ਗਈ ਹੈ। ਬਿਨਾ ਸ਼ੱਕ, ਇਹ ਕਵਾਇਦ ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਦੀ ਹਾਰ ਅਤੇ ਉਥੇ ਤ੍ਰਿਣਮੂਲ ਕਾਂਗਰਸ ਦੀ ਧੜੱਲੇਦਾਰ ਆਗੂ ਮਮਤਾ ਬੈਨਰਜੀ ਦੀ ਜਿੱਤ ਤੋਂ ਬਾਅਦ ਆਰੰਭ ਹੋਈ ਹੈ। ਇਸ ਜਿੱਤ ਤੋਂ ਬਾਅਦ ਮੋਦੀ ਖਿਲਾਫ ਕੀਤੀ ਜਾਣ ਵਾਲੀ ਸਿਆਸਤ ਦਾ ਮੁੱਢ ਬੱਝ ਹੀ ਗਿਆ ਸੀ ਅਤੇ ਹੁਣ ਪੱਛਮੀ ਬੰਗਾਲ ਦੀਆਂ ਚੋਣਾਂ ਦੌਰਾਨ ਮਮਤਾ ਬੈਨਰਜੀ ਦੇ ਚੋਣ ਰਣਨੀਤੀਕਾਰ ਰਹੇ ਪ੍ਰਸ਼ਾਂਤ ਕਿਸ਼ੋਰ ਦੀਆਂ ਸਰਗਰਮੀਆਂ ਨੇ ਸਾਂਝੇ ਮੰਚ ਵਾਲੀ ਗੱਲ ਬਹੁਤ ਅਗਾਂਹ ਵਧਾ ਦਿੱਤੀ ਹੈ। ਅਚਾਨਕ ਹੀ 2018 ਵਿਚ ਹੋਂਦ ਵਿਚ ਆਇਆ ‘ਰਾਸ਼ਟਰ ਮੰਚ’ ਸਰਗਰਮ ਹੋ ਗਿਆ ਹੈ। ਇਹ ਮੰਚ ਭਾਰਤੀ ਜਨਤਾ ਪਾਰਟੀ ਤੋਂ ਵੱਖ ਹੋਏ ਅਤੇ ਹੁਣ ਤ੍ਰਿਣਮੂਲ ਕਾਂਗਰਸ ਦੇ ਆਗੂ ਯਸ਼ਵੰਤ ਸਿਨਹਾ ਨੇ ਬਣਾਇਆ ਸੀ। ਇਸ ਮੰਚ ਦੀ ਸਰਗਰਮੀ ਨਾਲ ਹੁਣ ਸ਼ਰਦ ਪਵਾਰ ਵਰਗਾ ਕੱਦਾਵਰ ਨੇਤਾ ਵੀ ਜੁੜ ਗਿਆ ਹੈ ਅਤੇ ਇਸ ਮੰਚ ਨੇ ਲੋਕ ਸਭਾ ਚੋਣਾਂ ਵਿਚ ਪੈਂਠ ਪਾਉਣ ਲਈ ਤੀਜੇ ਜਾਂ ਚੌਥੇ ਮੋਰਚੇ ਲਈ ਨਹੀਂ ਸਗੋਂ ਦੂਜੇ ਮੋਰਚੇ, ਭਾਵ ਮੁੱਖ ਵਿਰੋਧੀ ਧਿਰ ਵਾਲੀ ਭੂਮਿਕਾ ਵਿਚ ਆਉਣ ਦਾ ਤਹੱਈਆ ਕਰ ਲਿਆ ਜਾਪਦਾ ਹੈ। ਫਿਲਹਾਲ ਜੋ ਖਬਰਾਂ ਹਨ, ਉਸ ਮੁਤਾਬਿਕ ਕਾਂਗਰਸ ਨੂੰ ਛੱਡ ਕੇ ਸਾਰੀਆਂ ਭਾਜਪਾ ਵਿਰੋਧੀ ਸਿਆਸੀ ਧਿਰਾਂ ਨੂੰ ਨਾਲ ਤੋਰਨ ਦਾ ਟੀਚਾ ਮਿਥਿਆ ਗਿਆ ਹੈ। ਜੇ ਇਹ ਮੰਚ ਮੁਲਕ ਦੀਆਂ ਖੇਤਰੀ ਤਾਕਤਾਂ ਨੂੰ ਆਪਣੇ ਨਾਲ ਜੋੜਨ ਵਿਚ ਸਫਲ ਹੋ ਜਾਂਦਾ ਹੈ ਤਾਂ ਸੱਚਮੁੱਚ, ਇਹ ਲੋਕ ਸਭਾ ਚੋਣਾਂ ’ਚ ਭਾਜਪਾ ਨੂੰ ਤਕੜੀ ਟੱਕਰ ਦੇ ਸਕਦਾ ਹੈ।

ਭਾਰਤੀ ਜਨਤਾ ਪਾਰਟੀ ਨੇ ਕੇਂਦਰ ਵਿਚ ਦੂਜੀ ਵਾਰ ਸੱਤਾ ਵਿਚ ਆਉਣ ਤੋਂ ਬਾਅਦ ਜੰਮੂ ਕਸ਼ਮੀਰ ਦੇ ਮਸਲੇ ‘ਤੇ ਮਨਆਈਆਂ ਕੀਤੀਆਂ ਹਨ। ਮੁਲਕ ਵਿਚ ਸਭ ਤੋਂ ਵੱਧ ਅਧਿਕਾਰਾਂ ਵਾਲੇ ਇਕੋ-ਇਕ ਸੂਬੇ ਨੂੰ ਤੋੜ ਕੇ ਕੇਂਦਰ ਸ਼ਾਸਤ ਪ੍ਰਦੇਸ਼ ਬਣਾ ਦਿੱਤਾ ਗਿਆ ਅਤੇ ਉਥੋਂ ਦੇ ਲੀਡਰਾਂ ਨੂੰ ਨਜ਼ਰਬੰਦ ਕਰ ਦਿੱਤਾ ਗਿਆ ਪਰ ਦੋ ਸਾਲ ਬਾਅਦ ਹੁਣ ਭਾਰਤੀ ਜਨਤਾ ਪਾਰਟੀ ਨੂੰ ਮੁੜ ਉਸੇ ਥਾਂ ਤੋਂ ਗੱਲ ਕਰਨੀ ਪੈ ਰਹੀ ਹੈ ਜਿਥੋਂ ਛੁੱਟੀ ਸੀ। ਚੰਗੀ ਗੱਲ ਇਹ ਹੋਈ ਕਿ ਜੰਮੂ ਕਸ਼ਮੀਰ ਦੇ ਮਸਲੇ ‘ਤੇ ਉਥੋਂ ਦੀਆਂ ਤਕਰੀਬਨ ਸਾਰੀਆਂ ਪਾਰਟੀਆਂ ਇਕਮਤ ਹਨ ਹਾਲਾਂਕਿ ਸ਼੍ਰੋਮਣੀ ਅਕਾਲੀ ਦਲ, ਆਮ ਆਦਮੀ ਪਾਰਟੀ, ਬਹੁਜਨ ਸਮਾਜ ਪਾਰਗੀਆਂ ਵਰਗੀਆਂ ਕਈ ਸਿਆਸੀ ਧਿਰਾਂ ਉਸ ਵਕਤ ਭਾਰਤੀ ਜਨਤਾ ਪਾਰਟੀ ਦੇ ਹੱਕ ਵਿਚ ਭੁਗਤੀਆਂ ਸਨ। ਹੁਣ ਦੋ ਸਾਲਾਂ ਬਾਅਦ ਜੰਮੂ ਕਸ਼ਮੀਰ ਵਿਚ ਸਿਆਸੀ ਕਵਾਇਦ ਸ਼ੁਰੂ ਹੋਣ ਦਾ ਮਤਲਬ ਇਹੀ ਹੈ ਕਿ ਇਸ ਮਸਲੇ ਨੂੰ ਲੰਮਾ ਸਮਾਂ ਜਿਉਂ ਦਾ ਤਿਉਂ ਰੱਖਣਾ ਭਾਰਤੀ ਜਨਤਾ ਪਾਰਟੀ ਲਈ ਵੀ ਮੁਸ਼ਕਿਲ ਹੈ। ਉਂਜ, ਹੁਣ ਮੁਲਕ ਦੇ ਸੰਘੀ ਢਾਂਚੇ ਦੀ ਮਜ਼ਬੂਤੀ ਲਈ ਬਿਆਨ ਦਾਗਣ ਵਾਲੀਆਂ ਧਿਰਾਂ ਲਈ ਵੱਡਾ ਮੌਕਾ ਬਣ ਰਿਹਾ ਹੈ। ਪਿਛਲੇ ਸਾਲਾਂ ਦੌਰਾਨ ਮੋਦੀ ਸਰਕਾਰ ਅਤੇ ਭਾਰਤੀ ਜਨਤਾ ਪਾਰਟੀ ਦੀ ਕਾਰਗੁਜ਼ਾਰੀ ਨੇ ਇਹ ਤਾਂ ਸਾਬਤ ਕਰ ਹੀ ਦਿੱਤਾ ਹੈ ਕਿ ਇਹ ਮੁਲਕ ਦੇ ਸੰਘੀ ਢਾਂਚੇ ਨੂੰ ਤਹਿਸ-ਨਹਿਸ ਕਰਕੇ ਕੇਂਦਰੀ ਸੱਤਾ ਚਾਹੁੰਦੀ ਹੈ। ਇਹ ਰਾਜਾਂ ਨੂੰ ਸੰਵਿਧਾਨ ਰਾਹੀਂ ਮਿਲੇ ਹੱਕ ਇਕ-ਇਕ ਕਰਕੇ ਖੋਹ ਰਹੀ ਹੈ। ਤਿੰਨ ਖੇਤੀ ਕਾਨੂੰਨ ਇਸੇ ਕੇਂਦਰਵਾਦੀ ਸੱਤਾ ਦੀ ਇਸ ਲੜੀ ਦਾ ਹੀ ਹਿੱਸਾ ਹਨ। ਇਨ੍ਹਾਂ ਕਾਨੂੰਨਾਂ ਖਿਲਾਫ ਜਿਹੜਾ ਅੰਦੋਲਨ ਪਿਛਲੇ ਸਮੇਂ ਤੋਂ ਉਠ ਖੜ੍ਹਾ ਹੋਇਆ ਹੈ, ਉਸ ਨੇ ਵੀ ਭਾਰਤੀ ਜਨਤਾ ਪਾਰਟੀ ਦੀ ਕੇਂਦਰਵਾਦੀ ਪਹੁੰਚ ਨੂੰ ਲਲਕਾਰਿਆ ਹੈ।

ਹੁਣ ਸਾਫ ਜ਼ਾਹਿਰ ਹੈ ਕਿ ਕਿਸਾਨਾਂ ਦੇ ਅੰਦੋਲਨ ਨੇ ਮੋਦੀ ਸਰਕਾਰ ਦੀਆਂ ਮਨਆਈਆਂ ਡੱਕਣ ਵਿਚ ਵੱਡੀ ਭੂਮਿਕਾ ਨਿਭਾਈ ਹੈ। ਹੁਣ ਮੌਕਾ ਹੈ ਕਿ ਕਿਸਾਨ ਲੀਡਰਸ਼ਿਪ ਆਪਣੇ ਅੰਦੋਲਨ ਤੋਂ ਅਗਾਂਹ ਵਧ ਕੇ ਮੁਲਕ ਪੱਧਰ ‘ਤੇ ਮੋਦੀ ਸਰਕਾਰ ਅਤੇ ਭਾਰਤੀ ਜਨਤਾ ਪਾਰਟੀ ਖਿਲਾਫ ਚੱਲ ਰਹੀ ਸਿਆਸੀ ਕਵਾਇਦ ਵਿਚ ਕਿਸੇ ਨਾ ਕਿਸੇ ਰੂਪ ਵਿਚ ਆਪਣਾ ਯੋਗਦਾਨ ਪਾਵੇ। ਕਿਸਾਨ ਆਗੂ ਲਗਾਤਾਰ ਕਹਿੰਦੇ ਰਹੇ ਹਨ ਕਿ ਉਨ੍ਹਾਂ ਦਾ ਅੰਦੋਲਨ ਸਿਆਸੀ ਨਹੀਂ ਅਤੇ ਨਾ ਹੀ ਉਨ੍ਹਾਂ ਸਿਆਸੀ ਆਗੂਆਂ ਨੂੰ ਇਸ ਅੰਦੋਲਨ ਵਿਚ ਦਖਲ ਦੇਣ ਦਾ ਕੋਈ ਮੌਕਾ ਹੀ ਦਿੱਤਾ ਹੈ ਪਰ ਮੋਦੀ ਸਰਕਾਰ ਅਤੇ ਭਾਰਤੀ ਜਨਤਾ ਪਾਰਟੀ ਖਿਲਾਫ ਜਿਨ੍ਹਾਂ ਮੰਚਾਂ ਤੋਂ ਆਵਾਜ਼ ਉਠ ਰਹੀ ਹੈ, ਉਨ੍ਹਾਂ ਆਵਾਜ਼ਾਂ ਵਿਚ ਆਪਣੀ ਆਵਾਜ਼ ਮਿਲਾਉਣੀ ਹੁਣ ਸਮੇਂ ਦੀ ਲੋੜ ਹੈ ਅਤੇ ਕਿਸਾਨ ਲੀਡਰਸ਼ਿਪ ਇਹ ਕਾਰਜ ਸਿਆਸੀ ਪਿੜ ਵਿਚ ਦਾਖਲ ਹੋਏ ਬਗੈਰ ਵੀ ਕਰ ਸਕਦੀ ਹੈ। ਪੱਛਮੀ ਬੰਗਾਲ ਦੀਆਂ ਚੋਣਾਂ ਦੌਰਾਨ ਭਾਰਤੀ ਜਨਤਾ ਪਾਰਟੀ ਦਾ ਵਿਰੋਧ ਕਰਕੇ ਕਿਸਾਨ ਲੀਡਰਸ਼ਿਪ ਨੇ ਅਜਿਹਾ ਕਰ ਵੀ ਦਿਖਾਇਆ ਹੈ। ਮੋਟੇ ਤੌਰ ‘ਤੇ ਵਿਚਾਰਿਆ ਜਾਵੇ ਤਾਂ ਮੁਲਕ ਪੱਧਰ ‘ਤੇ ਭਾਰਤੀ ਜਨਤਾ ਪਾਰਟੀ ਖਿਲਾਫ ਚੱਲ ਰਹੀ ਕਵਾਇਦ, ਕਿਸਾਨਾਂ ਦਾ ਅੰਦੋਲਨ ਅਤੇ ਜੰਮੂ ਕਸ਼ਮੀਰ ਦਾ ਮਸਲਾ ਇਕੋ ਕਤਾਰ ਵਿਚ ਖੜ੍ਹੇ ਨਜ਼ਰ ਆ ਰਹੇ ਹਨ। ਹੁਣ ਇਹ ਆਗੂਆਂ ‘ਤੇ ਨਿਰਭਰ ਹੈ ਕਿ ਇਸ ਨੇ ਇਸ ਤਿੱਕੜੀ ਨੂੰ ਤਿੱਗਣੀ ਤਾਕਤ ਵਿਚ ਕਿਸ ਤਰ੍ਹਾਂ ਤਬਦੀਲ ਕਰਨਾ ਹੈ। ਇਸ ਤਿੱਕੜੀ ਅੰਦਰ ਮੋਦੀ ਦੀਆਂ ਮਨਆਈਆਂ ਨੂੰ ਡੱਕਣ ਅਤੇ ਮੁਲਕ ਵਿਚ ਸੰਘੀ ਢਾਂਚੇ ਨੂੰ ਮਜ਼ਬੂਤੀ ਵੱਲ ਲਿਜਾਣ ਦੀ ਪੂਰੀ ਤਾਕਤ ਹੈ। ਹੁਣ ਆਉਣ ਵਾਲਾ ਸਮਾਂ ਦੱਸੇਗਾ ਕਿ ਭਾਰਤੀ ਜਨਤਾ ਪਾਰਟੀ ਅਤੇ ਆਰ.ਐਸ.ਐਸ. ਦੀ ਚੜ੍ਹਤ ਵਾਲੇ ਇਸ ਦੌਰ ਵਿਚ ਸਿਆਸਤ ਨੂੰ ਸਹੀ ਮੋੜਾ ਦੇਣ ਵਿਚ ਕਿਸ-ਕਿਸ ਲੀਡਰ ਨੇ ਕੀ-ਕੀ ਭੂਮਿਕਾ ਨਿਭਾਈ। ਇਸ ਮਸਲੇ ‘ਤੇ ਪ੍ਰਸ਼ਾਂਤ ਕਿਸ਼ੋਰ ਵੱਡੀ ਗੱਲ ਕਰ ਗਿਆ ਹੈ। ਸਿਆਸੀ ਲੀਡਰਾਂ ਅਤੇ ਅੰਦੋਲਨਕਾਰੀਆਂ ਨੂੰ ਵੀ ਹੁਣ ਇਸ ਤਰਜ਼ ‘ਤੇ ਸੋਚਣਾ ਚਾਹੀਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼


### ਮਾਇਆਧਾਰੀ ਬਨਾਮ ਮਾਇਆਵਤੀ!

ਗੁਰੂ ਗ੍ਰੰਥ ਜੀ ਨੂੰ ਮੈਨੀਫੈਸਟੋ ਸੀ ਕਹਿੰਦੇ ਹੁੰਦੇ, ਬਾਨੀ ਕਾਂਸ਼ੀਰਾਮ ਜੀ ਦੀ ਯਾਦ ਹੀ ਵਿਸਾਰੀ ਐ।
ਉਸੇ ਪਾਰਟੀ ਨੇ ਆਇਆ ਯੂ. ਪੀ. ਤੋਂ ਹੁਕਮ ਮੰਨ, ਬੇਅਦਬੀ ਦੇ ਗੁਨਾਹਗਾਰਾਂ ਨਾਲ ਪਾਈ ਯਾਰੀ ਐ।
ਸਿੱਖਾਂ ਨਾਲ ਵਾਅਦਾ ਜਿਵੇਂ ਇਕ ਵੀ ਨਾ ਪੂਰਾ ਕੀਤਾ, ਦਲਿਤਾਂ ਭਰਾਵਾਂ ਨਾਲ ਹੋਣੀ ਵੀ ਮੱਕਾਰੀ ਐ।
ਉੱਪ-ਮੁੱਖ ਮੰਤਰੀ ਦਾ ਲਾਰਾ ਸੁਣ ਹੁੱਬੀ ਜਾਂਦੇ, ਕੁਰਸੀ ਦੀ ਲਾਲਸਾ ਨੇ ਐਸੀ ਮੱਤ ਮਾਰੀ ਐ।
ਪਤਨੀ ਰਹੇ ਆ ਪੱਚੀ ਸਾਲ ਮੰਨੂਵਾਦੀਆਂ ਦੀ, ਸਾਂਝ ਪਾਉਣ ਵੇਲੇ ਦਿਲੋਂ ਬਾਤ ਹੀ ਨੱਕਾਰੀ ਐ।
ਹੋਈ ਗਿਟ-ਮਿਟ ਦੋਹਾਂ ਜਣਿਆਂ ਦੇ ਵਿਚ ਜਾਣੋ, ਇਕ ਧਿਰ ਮਾਇਆਵਤੀ ਦੂਜੀ ਮਾਇਆਧਾਰੀ ਐ!

# ਭਾਰਤ ਅੰਦਰ ਖੇਤਰੀ ਵੰਨ-ਸਵੰਨਤਾ ਦੀ ਤਾਕਤ

*ਭਾਰਤ ਵਿਚ ਕੇਂਦਰੀ ਸੱਤਾ ਉਤੇ ਕਾਬਜ਼ ਹੋਣ ਦੇ ਬਾਵਜੂਦ ਭਾਰਤੀ ਜਨਤਾ ਪਾਰਟੀ ਮੁਲਕ ਦੀ ਖੇਤਰੀ ਤਾਕਤ ਨੂੰ ਕਾਬੂ ਕਰਨ ਵਿਚ ਪੂਰੀ ਤਰ੍ਹਾਂ ਕਾਮਯਾਬ ਨਹੀਂ ਹੋਈ ਹੈ। ਅਜੇ ਵੀ ਬਹੁਤ ਸਾਰੇ ਸੂਬਿਆਂ ਅੰਦਰ ਸਰਗਰਮ ਸਿਆਸੀ ਪਾਰਟੀਆਂ ਮੁਲਕ ਦੀ ਸਿਆਸਤ ਵਿਚ ਅਹਿਮ ਭੂਮਿਕਾ ਨਿਭਾਅ ਰਹੀਆਂ ਹਨ। ਸ਼੍ਰੋਮਣੀ ਅਕਾਲੀ ਦਲ ਵਾਂਗ ਭਾਵੇਂ ਸੱਤਾ ਦੇ ਲਾਲਚ ਵਿਚ ਕੁਝ ਖੇਤਰੀ ਤਾਕਤਾਂ ਭਾਰਤੀ ਜਨਤਾ ਪਾਰਟੀ ਨਾਲ ਰਲਦੀਆਂ ਰਹੀਆਂ ਹਨ ਪਰ ਪਿਛਲੇ ਕੁਝ ਸਾਲਾਂ ਤੋਂ ਜਿਹੜੀ ਸਿਆਸੀ ਚਾਲ ਭਾਰਤੀ ਜਨਤਾ ਪਾਰਟੀ ਚੱਲਣ ਦੇ ਯਤਨ ਕਰ ਰਹੀ ਹੈ, ਉਸ ਨੇ ਇਨ੍ਹਾਂ ਖੇਤਰੀ ਤਾਕਤਾਂ ਨੂੰ ਖਬਰਦਾਰ ਕੀਤਾ ਹੈ। ਉਘੇ ਪੱਤਰਕਾਰ ਅਭੈ ਕੁਮਾਰ ਦੂਬੇ ਨੇ ਇਸ ਸਿਆਸਤ ਬਾਰੇ ਚਰਚਾ ਆਪਣੇ ਇਸ ਲੇਖ ਵਿਚ ਕੀਤੀ ਹੈ।*

ਭਾਰਤੀ ਲੋਕਤੰਤਰ ਵਿਚ ਰਾਜਾਂ ਦੀ ਸਿਆਸਤ, ਕੇਂਦਰ ਦੇ ਮੁਕਾਬਲੇ ਕਿਤੇ ਜ਼ਿਆਦਾ ਪੇਚੀਦਾ ਰਹਿੰਦੀ ਹੈ। ਹਰ ਰਾਜ ਦੂਜੇ ਤੋਂ ਵਿਲੱਖਣ ਸਭਿਆਚਾਰ, ਭਾਸ਼ਾ ਅਤੇ ਰਾਜਨੀਤਕ ਮਿਜ਼ਾਜ ਦੀ ਤਰਜਮਾਨੀ ਕਰਦਾ ਹੈ। ਇਸ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲੱਗ ਸਕਦਾ ਹੈ ਕਿ ਜਿਸ ਖੇਤਰ ਨੂੰ ਹਿੰਦੀ ਪੱਟੀ ਕਿਹਾ ਜਾਂਦਾ ਹੈ, ਉਥੇ ਵੀ ਰਾਜ ਇਕੋ ਜਿਹੇ ਨਹੀਂ ਹਨ। ਉੱਤਰ ਪ੍ਰਦੇਸ਼, ਬਿਹਾਰ, ਮੱਧ ਪ੍ਰਦੇਸ਼, ਹਰਿਆਣਾ ਅਤੇ ਰਾਜਸਥਾਨ ਦਰਮਿਆਨ ਥੋੜ੍ਹਾ ਨਹੀਂ ਸਗੋਂ ਵੱਡਾ ਅੰਤਰ ਹੈ। ਉੱਤਰ ਪ੍ਰਦੇਸ਼ ਦਾ ਯਾਦਵ ਆਗੂ ਬਿਹਾਰ ਦੇ ਯਾਦਵ ਵੋਟਰਾਂ ਨੂੰ ਪਸੰਦ ਨਹੀਂ ਆਉਂਦਾ, ਨਾ ਹੀ ਬਿਹਾਰ ਦਾ ਉੱਤਰ ਪ੍ਰਦੇਸ਼ ਦੇ ਯਾਦਵ ਵੋਟਰਾਂ ਨੂੰ। ਉੱਤਰ ਪ੍ਰਦੇਸ਼,



ਅਭੈ ਕੁਮਾਰ ਦੂਬੇ

ਰਾਜਸਥਾਨ ਅਤੇ ਹਰਿਆਣਾ ਦੇ ਜਾਟ ਵੋਟਰਾਂ ਦੀ ਰਾਜਸੀ ਪਹਿਲ ਹਮੇਸ਼ਾ ਵੱਖ-ਵੱਖ ਰਹਿੰਦੀ ਹੈ। ਹਿੰਦੀ ਬੋਲਣ ਦਾ ਲਹਿਜ਼ਾ ਵੀ ਇਕੋ ਜਿਹਾ ਨਹੀਂ ਹੈ। ਕੁਲ ਮਿਲਾ ਕੇ ਇਨ੍ਹਾਂ ਦੋਵਾਂ ਰਾਜਾਂ ਦਾ ਸਮਾਜਿਕ ਢਾਂਚਾ ਕਿਸੇ ਵੀ ਤਰ੍ਹਾਂ ਮੇਲ ਨਹੀਂ ਖਾਂਦਾ।

ਹੁਣ ਸਾਫ ਜ਼ਾਹਿਰ ਹੈ ਕਿ ਇੱਥੋਂ ਦੀ ਸਿਆਸਤ ਵੀ ਵੱਖ ਹੀ ਹੋਵੇਗੀ। ਦੱਖਣ ਵਿਚ ਤਾਂ ਹਰ ਰਾਜ ਦੀ ਭਾਸ਼ਾ ਇਕ ਦੂਜੇ ਤੋਂ ਏਨੀ ਕੁ ਭਿੰਨ ਹੈ ਕਿ ਬਕਾਇਦਾ ਸਿੱਖਣੀ ਪੈਂਦੀ ਹੈ। ਤਾਮਿਲਨਾਡੂ, ਆਂਧਰਾ ਪ੍ਰਦੇਸ਼, ਕੇਰਲ ਅਤੇ ਕਰਨਾਟਕ ਦਰਮਿਆਨ ਕੁਝ ਵੀ ਇਕੋ ਜਿਹਾ ਨਹੀਂ ਹੈ। ਜਿਨ੍ਹਾਂ ਰਾਜਾਂ ਨੂੰ ਆਦਿਵਾਸੀਆਂ ਦੇ ਨਾਂ 'ਤੇ ਬਣਾਇਆ ਗਿਆ, ਅਜਿਹੇ ਰਾਜ ਝਾਰਖੰਡ ਅਤੇ ਛੱਤੀਸਗੜ੍ਹ ਦਰਮਿਆਨ ਸਮਾਨਤਾ ਦੇ ਪਹਿਲੂ ਨੂੰ ਖੋਜਣਾ ਹੀ ਬੇਕਾਰ ਹੈ। ਉੱਤਰ ਪੂਰਬ ਦੇ ਰਾਜਾਂ ਦਰਮਿਆਨ ਭਿੰਨਤਾ ਦਾ ਆਲਮ ਇਹ ਹੈ ਕਿ ਉੜੀਸਾ, ਬੰਗਾਲ, ਅਸਾਮ ਅਤੇ ਤ੍ਰਿਪੁਰਾ ਦੀ ਸਿਆਸਤ ਦੇ ਮਾਡਲ ਕਿਸੇ ਵੀ ਤਰ੍ਹਾਂ ਇਕੋ ਜਿਹੇ ਨਹੀਂ ਹਨ।

ਰਾਜਾਂ ਦੇ ਢਾਂਚੇ ਦੀ ਵਿਲੱਖਣਤਾ ਸਮਾਜਿਕ ਅਤੇ ਸਿਆਸੀ ਪੱਧਰ 'ਤੇ ਪਾਰਟੀਆਂ ਲਈ ਵੱਡੀ ਚੁਣੌਤੀ ਹੈ। ਆਜ਼ਾਦੀ ਤੋਂ ਬਾਅਦ ਦੀ ਕਾਂਗਰਸ ਨੂੰ ਛੱਡ ਕੇ ਅਜਿਹੀ ਕੋਈ ਪਾਰਟੀ ਨਹੀਂ ਹੈ ਜੋ ਇਸ ਚੁਣੌਤੀ ਦਾ ਸਫਲਤਾਪੂਰਵਕ ਸਾਹਮਣਾ ਕਰ ਸਕੀ ਹੋਵੇ। ਕਾਂਗਰਸ ਨੇ ਵੀ 60ਵਿਆਂ ਤੋਂ ਬਾਅਦ ਇਸ ਵਿਲੱਖਣਤਾ ਦੇ ਸਾਹਮਣੇ ਹਾਰ ਮੰਨਣੀ ਸ਼ੁਰੂ ਕਰ ਦਿੱਤੀ। ਖੇਤਰੀ ਸ਼ਕਤੀਆਂ ਦੀ ਲਗਾਤਾਰ ਮੌਜੂਦਗੀ ਇਸ ਗੱਲ ਦਾ ਸਬੂਤ ਹੈ ਕਿ ਜਿਨ੍ਹਾਂ ਪਾਰਟੀਆਂ ਨੂੰ ਅਸੀਂ ਰਾਸ਼ਟਰੀ ਪਾਰਟੀਆਂ ਕਹਿੰਦੇ ਹਾਂ, ਉਹ ਅਸਲ ਵਿਚ ਬਹੁ-ਸੂਬਾਈ ਪਾਰਟੀਆਂ ਹਨ। ਪੂਰੇ ਦੇਸ਼ ਵਿਚ ਕਿਸੇ ਵੀ ਪਾਰਟੀ ਦਾ ਇਕਸਾਰ ਪ੍ਰਭਾਵ ਨਹੀਂ ਹੈ।

ਇਸ ਗੱਲ ਨੂੰ ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਕੋਈ ਇਕ ਪਾਰਟੀ ਹਰ ਰਾਜ ਵਿਚ ਸੱਤਾ ਦੀ ਦਾਅਵੇਦਾਰ ਨਹੀਂ ਹੈ। ਜਿਨ੍ਹਾਂ ਪਾਰਟੀਆਂ ਦੀਆਂ ਇਕ ਤੋਂ ਜ਼ਿਆਦਾ ਰਾਜਾਂ ਵਿਚ ਸਰਕਾਰਾਂ ਹਨ ਵੀ (ਜਿਵੇਂ ਭਾਜਪਾ ਤੇ ਕਾਂਗਰਸ), ਉਨ੍ਹਾਂ ਦੀ ਹਾਈਕਮਾਨ ਆਪਣੀਆਂ ਰਾਜ ਸਰਕਾਰਾਂ ਨੂੰ ਕੰਟਰੋਲ ਵਿਚ ਰੱਖਣ ਲਈ ਬਹੁਤ ਮੁਸ਼ੱਕਤ ਕਰਦੀ ਹੈ। ਇਸ ਸਮੇਂ ਵੀ ਅਜਿਹੇ ਹੀ ਹਾਲਾਤ ਹਨ। ਭਾਜਪਾ ਦੀ ਹਾਈਕਮਾਨ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿਤਿਆਨਾਥ ਤੋਂ ਆਪਣੀ ਗੱਲ ਮਨਵਾਉਣ ਵਿਚ ਨਾਕਾਮ ਹੈ। ਉਹ ਪਾਰਟੀ ਦੇ ਗਲੇ ਦੀ ਹੱਡੀ ਬਣੇ ਹੋਏ ਹਨ।



ਉੱਤਰਾਖੰਡ ਵਿਚ ਉਸ ਦੇ ਵਰਤਮਾਨ ਅਤੇ ਸਾਬਕਾ ਮੁੱਖ ਮੰਤਰੀਆਂ ਦਰਮਿਆਨ ਜੰਗ ਚੱਲ ਰਹੀ ਹੈ। ਮੱਧ ਪ੍ਰਦੇਸ਼ ਵਿਚ ਰੋਜ਼ ਖਬਰ ਉੱਡਦੀ ਹੈ ਕਿ ਸ਼ਿਵਰਾਜ ਸਿੰਘ ਚੌਹਾਨ ਨੂੰ ਬਦਲਣ ਦੀਆਂ ਤਿਆਰੀਆਂ ਹੋ ਰਹੀਆਂ ਹਨ। ਕਰਨਾਟਕ ਦੇ ਬਿਰਧ ਮੁੱਖ ਮੰਤਰੀ ਯੇਦੀਯੁਰੱਪਾ ਨੂੰ ਹਾਈਕਮਾਨ ਬਦਲਣਾ ਚਾਹੁੰਦਾ ਹੈ ਪਰ ਪਿਛਲਾ ਤਜਰਬਾ ਦੱਸਦਾ ਹੈ ਕਿ ਯੇਦੀਯੁਰੱਪਾ ਨਾਰਾਜ਼ ਹੋ ਗਏ ਤਾਂ ਪ੍ਰਦੇਸ਼ ਵਿਚ ਭਾਜਪਾ ਦਾ ਪੂਰੀ ਤਰ੍ਹਾਂ ਕਬਾੜਾ ਕਰ ਸਕਦੇ ਹਨ। ਰਾਜਸਥਾਨ ਵਿਚ ਵੀ ਭਾਜਪਾ ਹਾਈ ਕਮਾਨ ਵਸੁੰਧਰਾ ਰਾਜੇ ਸਿੰਧੀਆ ਤੋਂ ਛੁਟਕਾਰਾ ਪਾਉਣਾ ਚਾਹੁੰਦੀ ਹੈ ਪਰ ਸਾਬਕਾ ਮੁੱਖ ਮੰਤਰੀ ਨੇ ਉਥੇ ਆਪਣੀ ਅਹਿਮੀਅਤ ਬਣਾ ਕੇ ਰੱਖੀ ਹੋਈ ਹੈ।

ਕਾਂਗਰਸ ਵੀ ਆਪਣੇ ਰਾਜਾਂ ਦੀ ਲੀਡਰਸ਼ਿਪ ਨੂੰ ਪੂਰੀ ਤਰ੍ਹਾਂ ਕੰਟਰੋਲ ਕਰਨ ਤੋਂ ਅਸਮਰੱਥ ਹੈ। ਰਾਜਸਥਾਨ ਵਿਚ ਗਹਿਲੋਤ ਸਰਕਾਰ ਸਚਿਨ ਪਾਇਲਟ ਦੀ ਚੁਣੌਤੀ ਨੂੰ ਹਾਸ਼ੀਏ 'ਤੇ ਨਹੀਂ ਧੱਕ ਸਕੀ। ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੂੰ ਲਗਾਤਾਰ ਨਵਜੋਤ ਸਿੱਧੂ ਅਤੇ ਪ੍ਰਤਾਪ ਸਿੰਘ ਬਾਜਵਾ ਦੀਆਂ ਬਾਗੀ ਸਰਗਰਮੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਛੱਤੀਸਗੜ੍ਹ ਵਿਚ ਢਾਈ ਸਾਲ ਪੂਰੇ ਹੋਣ ਤੋਂ ਬਾਅਦ ਜੂਦੇਵ ਵਲੋਂ ਭੂਪੇਸ਼ ਬਘੇਲ ਖਿਲਾਫ ਕਤਾਰਬੰਦੀ ਸ਼ੁਰੂ ਹੋ ਗਈ ਹੈ। ਕਿਹਾ ਇਹ ਵੀ ਕਿਹਾ ਜਾ ਰਿਹਾ ਹੈ ਕਿ ਦੋਵਾਂ ਦਰਮਿਆਨ ਕੋਈ ਢਾਈ-ਢਾਈ ਸਾਲ ਦਾ ਫਾਰਮੂਲਾ ਸੀ ਜਿਸ ਦਾ ਹੁਣ ਪਾਲਣ ਹੋਣਾ ਚਾਹੀਦਾ ਹੈ। ਕਾਂਗਰਸ ਦੀ ਹਾਈਕਮਾਨ ਇਸ ਸਮੇਂ ਦੁਚਿਤੀ ਦੀ ਸ਼ਿਕਾਰ ਹੈ। ਉਹ ਨਾ ਤਾਂ ਪਾਰਟੀ ਨੂੰ ਠੀਕ ਢੰਗ ਨਾਲ ਚਲਾ ਰਹੀ ਹੈ, ਤੇ ਨਾ ਹੀ ਆਪਣੀਆਂ ਰਾਜ ਸਰਕਾਰਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਦੀ ਹਾਲਤ ਵਿਚ ਹੈ। ਇਕ ਪਾਸੇ ਤਾਂ ਉਹ ਫੈਸਲਾ ਕਰਨ ਦੀ ਸਮਰੱਥਾ ਵਿਚ ਨਹੀਂ ਜਾਪਦੀ, ਦੂਜੇ ਪਾਸੇ ਇਹ ਵੀ ਲੱਗ ਰਿਹਾ ਹੈ ਕਿ ਹਾਈਕਮਾਨ ਆਪਣੀਆਂ ਹੀ ਸਰਕਾਰਾਂ ਦੇ ਮੁੱਖ ਮੰਤਰੀਆਂ ਖਿਲਾਫ ਹਵਾ ਬਣਾ ਰਹੀ ਹੈ। ਜੇ ਰਾਹੁਲ ਅਤੇ ਪ੍ਰਿਅੰਕਾ ਚਾਹੁਣ ਤਾਂ ਪੰਜਾਬ ਵਿਚ ਨਵਜੋਤ ਸਿੰਘ ਸਿੱਧੂ ਦੀ ਆਵਾਜ਼ ਨੂੰ ਬੰਦ ਕਰਵਾ ਸਕਦੇ ਹਨ ਪਰ ਉਨ੍ਹਾਂ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਖੁਦਮੁਖਤਾਰੀ ਪਸੰਦ ਨਹੀਂ।

ਕੁਲ ਮਿਲਾ ਕੇ ਹਾਲਤ ਇਹ ਹੈ ਕਿ ਕੇਂਦਰ ਦੀ ਸਰਕਾਰ ਸੁਰੱਖਿਅਤ ਅਤੇ ਮਜ਼ਬੂਤ ਹੈ ਪਰ ਰਾਜਾਂ ਦੀਆਂ ਸਰਕਾਰਾਂ ਅਸੁਰੱਖਿਆ ਅਤੇ ਅਸਥਿਰਤਾ ਵਿਚ ਫਸੀਆਂ ਹੋਈਆਂ ਹਨ। ਖਾਸ ਗੱਲ ਇਹ ਹੈ ਕਿ ਇਸ ਅਸੁਰੱਖਿਆ ਦਾ ਕਾਰਨ ਵਿਧਾਇਕਾਂ ਦੀ ਗਿਣਤੀ ਘੱਟ ਹੋਣ ਨਾਲ ਨਹੀਂ ਹੈ। ਉੱਤਰ ਪ੍ਰਦੇਸ਼ ਵਿਚ ਭਾਜਪਾ ਕੋਲ ਬਹੁਮਤ ਤੋਂ ਕਿਤੇ ਜ਼ਿਆਦਾ ਸਵਾ ਤਿੰਨ ਸੌ ਵਿਧਾਇਕ ਹਨ। ਪੰਜਾਬ ਅਤੇ ਛੱਤੀਸਗੜ੍ਹ ਵਿਚ ਕਾਂਗਰਸ ਕੋਲ ਵੀ ਵਿਧਾਇਕਾਂ ਦੀ ਕਮੀ ਨਹੀਂ ਪਰ ਮੁੱਖ ਮੰਤਰੀਆਂ ਨੂੰ ਜਾਂ ਤਾਂ ਹਾਈਕਮਾਨ ਦਾ ਆਸ਼ੀਰਵਾਦ ਪ੍ਰਾਪਤ ਨਹੀਂ ਹੈ, ਜਾਂ ਪ੍ਰਦੇਸ਼ ਵਿਚ ਮੁੱਖ ਮੰਤਰੀ ਬਣਨ ਦੀਆਂ ਇੱਛੁਕ ਸ਼ਕਤੀਆਂ ਨੂੰ ਕੰਟਰੋਲ ਕਰਨ ਵਿਚ ਹਾਈਕਮਾਨ ਸਫਲ ਨਹੀਂ ਹੈ। ਜਿਨ੍ਹਾਂ ਰਾਜਾਂ ਵਿਚ ਚੋਣਾਂ ਨੇੜੇ ਆ ਰਹੀਆਂ ਹਨ, ਉੱਥੇ ਅਸੰਤੋਖ ਦੀ ਆਵਾਜ਼ ਸਭ ਤੋਂ ਤੀਬਰ ਹੈ। ਪਾਰਟੀ ਦੇ ਬਾਹਰ ਅਤੇ ਅੰਦਰ ਮੋਰਚੇ ਖੁੱਲ੍ਹੇ ਹੋਏ ਹਨ। ਦੋਵੇਂ ਪਾਸੇ ਸੌਦੇਬਾਜ਼ੀ ਚੱਲ ਰਹੀ ਹੈ।

ਰਾਸ਼ਟਰੀ ਪਾਰਟੀਆਂ ਦੀਆਂ ਰਾਜ ਸਰਕਾਰਾਂ ਦੀ ਇਸ ਬੁਰੀ ਹਾਲਤ ਨੂੰ ਦੇਖਿਆ ਜਾਵੇ ਤਾਂ ਖੇਤਰੀ ਸ਼ਕਤੀਆਂ ਦੀਆਂ ਰਾਜ ਸਰਕਾਰਾਂ ਬਿਹਤਰ ਹਾਲਤ ਵਿਚ ਹਨ। ਦਰਅਸਲ, ਖੇਤਰੀ ਤਾਕਤਾਂ ਦਾ ਰਾਜਸੀ ਢਾਂਚਾ ਹੀ ਵੱਖ ਹੈ। ਉੱਥੇ ਹਰ ਮੁੱਖ ਮੰਤਰੀ ਆਪਣੇ ਆਪ ਵਿਚ ਹਾਈਕਮਾਨ ਹੈ ਅਤੇ ਆਪਣੇ ਖਿਲਾਫ ਹੋਣ ਵਾਲੀ ਹਰ ਬਗਾਵਤ ਨੂੰ ਬੁਰੀ ਤਰ੍ਹਾਂ ਕੁਚਲ ਦਿੰਦੇ ਹਨ। ਉੜੀਸਾ ਵਿਚ ਅਸੀਂ ਦੇਖ ਚੁੱਕੇ ਹਾਂ ਕਿ ਨਵੀਨ ਪਟਨਾਇਕ ਖਿਲਾਫ ਹੋਏ ਵਿਦਰੋਹ ਦਾ ਕੀ ਹਸ਼ਰ ਹੋਇਆ? ਖੇਤਰੀ ਤਾਕਤਾਂ ਦੀਆਂ ਸਰਕਾਰਾਂ ਉਸ ਸਮੇਂ ਹਿੱਲਦੀਆਂ ਹਨ, ਜਦੋਂ ਉਨ੍ਹਾਂ ਨੂੰ ਕੰਟਰੋਲ ਕਰਨ ਵਾਲੇ ਪਰਿਵਾਰਾਂ ਦਰਮਿਆਨ ਹੀ ਫੁੱਟ ਪੈ ਜਾਵੇ। ਅਜਿਹਾ ਤੇਲਗੂ ਦੇਸਮ ਪਾਰਟੀ ਵਿਚ ਹੋ ਚੁੱਕਾ ਹੈ। ਐਨ.ਟੀ.ਰਾਮਾਰਾਓ ਨੇ ਆਪਣੀ ਪਤਨੀ ਲਕਸ਼ਮੀ ਪਾਰਵਤੀ ਨੂੰ ਆਪਣਾ ਉੱਤਰਾਧਿਕਾਰੀ ਥਾਪਿਆ ਸੀ ਪਰ ਉਨ੍ਹਾਂ ਖਿਲਾਫ ਉਨ੍ਹਾਂ ਦੇ ਜਵਾਈ ਚੰਦਰਬਾਬੂ ਨਾਇਡੂ ਨੇ ਵਿਦਰੋਹ ਕਰਕੇ ਲੀਡਰਸ਼ਿਪ ਆਪਣੇ ਹੱਥ ਲੈ ਲਈ ਸੀ।

1990 ਵਾਲਾ ਦਹਾਕਾ ਰਾਜਾਂ ਦੀ ਸਿਆਸਤ ਦਾ ਦਹਾਕਾ ਸੀ। ਖੇਤਰੀ ਸ਼ਕਤੀਆਂ ਇੰਨੇ ਸੰਸਦ ਮੈਂਬਰ ਜਿਤਾ ਦਿੰਦੀਆਂ ਸਨ ਕਿ ਉਨ੍ਹਾਂ ਨੂੰ ਕੇਂਦਰ ਵਿਚ ਸੱਤਾਧਾਰੀ ਹੋ ਸਕਣ ਵਾਲੇ ਮੋਰਚੇ ਨੂੰ ਪ੍ਰਭਾਵਿਤ ਕਰਨ ਦਾ ਮੌਕਾ ਮਿਲ ਜਾਂਦਾ ਸੀ ਪਰ ਜਦੋਂ ਤੋਂ ਉੱਤਰ ਪ੍ਰਦੇਸ਼ ਅਤੇ ਬਿਹਾਰ ਦੀਆਂ ਖੇਤਰੀ ਸ਼ਕਤੀਆਂ (ਰਾਸ਼ਟਰੀ ਜਨਤਾ ਦਲ, ਸਮਾਜਵਾਦੀ ਪਾਰਟੀ, ਬਹੁਜਨ ਸਮਾਜ ਪਾਰਟੀ, ਜੇ.ਡੀ.-ਯੂ) ਨੇ ਭਾਜਪਾ ਦੀ ਤਾਕਤ ਸਾਹਮਣੇ ਗੋਡੇ ਟੇਕੇ ਹਨ, ਉਦੋਂ ਤੋਂ ਹੀ ਭਾਜਪਾ ਨੂੰ ਉਸ ਦੇ ਪ੍ਰਭਾਵ ਖੇਤਰ ਵਿਚ ਤਿੰਨ ਚੋਣਾਂ ਤੋਂ ਲਗਾਤਾਰ ਫੈਸਲਾਕੁਨ ਚੜ੍ਹਤ ਮਿਲ ਰਹੀ ਹੈ। ਜਦੋਂ ਤੱਕ ਇਹ ਤਾਕਤਾਂ ਆਪਣਾ ਚੋਣ ਪ੍ਰਦਰਸ਼ਨ ਨਹੀਂ ਸੁਧਾਰਨਗੀਆਂ, ਉਦੋਂ ਤੱਕ ਭਾਰਤੀ ਜਨਤਾ ਪਾਰਟੀ ਦਾ ਰਾਸ਼ਟਰੀ ਸਿਆਸਤ 'ਤੇ ਦਬਦਬਾ ਕਾਇਮ ਰਹੇਗਾ। ਉੜੀਸਾ, ਬੰਗਾਲ, ਆਂਧਰਾ ਪ੍ਰਦੇਸ਼, ਤਾਮਿਲਨਾਡੂ, ਕੇਰਲ ਅਤੇ ਪੰਜਾਬ ਨੇ ਦਿਖਾਇਆ ਹੈ ਕਿ ਉਹ 'ਮੋਦੀ ਡਿਵੀਡੈਂਡ' ਵਿਚ ਕਟੌਤੀ ਕਰ ਸਕਦੇ ਹਨ। 'ਮੋਦੀ ਡਿਵੀਡੈਂਡ' ਦਾ ਮਤਲਬ ਹੈ, ਲੋਕ ਸਭਾ ਵਿਚ ਮੋਦੀ ਦੀ ਸ਼ਖਸੀਅਤ ਕਾਰਨ ਭਾਜਪਾ ਦੀਆਂ ਵੋਟਾਂ ਵਿਚ ਹੋਣ ਵਾਲਾ ਵਾਧਾ। ਛੱਤੀਸਗੜ੍ਹ, ਰਾਜਸਥਾਨ ਅਤੇ ਮੱਧ ਪ੍ਰਦੇਸ਼ ਵਿਚ ਭਾਜਪਾ ਵਿਧਾਨ ਸਭਾ ਵਿਚ ਹਾਰ ਗਈ ਸੀ ਪਰ ਲੋਕ ਸਭਾ ਵਿਚ ਉਸ ਨੇ 'ਮੋਦੀ ਡਿਵੀਡੈਂਡ' ਕਾਰਨ ਜ਼ਬਰਦਸਤ ਕਾਮਯਾਬੀ ਹਾਸਲ ਕੀਤੀ ਸੀ। ਹੁਣ ਅਗਲੀਆਂ ਲੋਕ ਸਭਾ ਚੋਣਾਂ ਵਿਚ ਇਕ ਵਾਰ ਫਿਰ ਇਹ ਪ੍ਰੀਖਿਆ ਹੋਵੇਗੀ ਕਿ 'ਮੋਦੀ ਡਿਵੀਡੈਂਡ' ਦਾ ਦਬਦਬਾ ਕਾਇਮ ਰਹੇਗਾ ਜਾਂ ਰਾਜਾਂ ਦੇ ਕੇਂਦਰ ਵਿਚ ਦਖਲ ਦੀ ਵਾਪਸੀ ਹੋਵੇਗੀ।

# ਆਦਿਵਾਸੀ ਖੇਤਰਾਂ 'ਚ ਰਾਜਕੀ ਦਹਿਸ਼ਤ

ਕਰੋਨਾ ਮਹਾਮਾਰੀ ਦੇ ਦੌਰ ਦੀ ਰਿਪੋਰਟਿੰਗ ਦਾ ਗੌਰਤਲਬ ਪਹਿਲੂ ਇਹ ਹੈ ਕਿ ਮਹੱਤਵਪੂਰਨ ਮੁੱਦੇ ਜੋ ਪਹਿਲਾਂ ਹੀ ਹਾਸ਼ੀਏ 'ਤੇ ਸਨ, ਬਿਲਕੁਲ ਭੁਲਾ ਦਿੱਤੇ ਗਏ ਹਨ। ਕਸ਼ਮੀਰ ਅਤੇ ਮਾਓਵਾਦੀ ਪ੍ਰਭਾਵ ਵਾਲੇ ਕਬਾਇਲੀ ਖੇਤਰ ਦੋ ਖੇਤਰ ਐਸੇ ਹਨ ਜਿੱਥੇ ਅਵਾਮ ਨੂੰ ਲਗਾਤਾਰ ਰਾਜਕੀ ਦਹਿਸ਼ਤਵਾਦ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਦੋਵੇਂ ਖੇਤਰ ਸਿਰਫ ਉਦੋਂ ਹੀ ਚਰਚਾ 'ਚ ਆਉਂਦੇ ਹਨ ਜਦੋਂ ਸਰਕਾਰੀ ਲਸ਼ਕਰ ਕਿਸੇ ਹਥਿਆਰਬੰਦ ਬਾਗੀ ਨੂੰ ਝੂਠੇ-ਸੱਚੇ ਮੁਕਾਬਲੇ 'ਚ ਮਾਰ ਦਿੰਦੇ ਹਨ, ਜਾਂ ਜਦੋਂ ਰਾਜਤੰਤਰ ਨੇ ਕਥਿਤ ਦਹਿਸ਼ਤਵਾਦ ਵਿਰੁੱਧ ਯੁੱਧ 'ਚ ਪੁਲਿਸ ਜਾਂ ਹੋਰ ਸਰਕਾਰੀ ਲਸ਼ਕਰਾਂ ਦੀ ਕਿਸੇ 'ਪ੍ਰਾਪਤੀ' ਲਈ ਆਪਣੀ ਪਿੱਠ ਥਾਪੜਨੀ ਹੁੰਦੀ ਹੈ। ਇਹ ਖੇਤਰ ਸਟੇਟ ਵੱਲੋਂ ਆਪਣੇ ਹੀ ਨਾਗਰਿਕਾਂ ਵਿਰੁੱਧ ਲੜੇ ਜਾ ਰਹੇ ਅਣਐਲਾਨੇ ਯੁੱਧ ਦੇ ਮੈਦਾਨ ਹਨ। ਉਥੋਂ ਦੇ ਆਮ ਲੋਕਾਂ ਨੂੰ ਕਿਨ੍ਹਾਂ ਹਾਲਾਤ 'ਚ ਰਹਿਣਾ ਪੈ

**ਬੂਟਾ ਸਿੰਘ**
ਫੋਨ: +91-94634-74342

ਰਿਹਾ ਹੈ, ਬੇਲਗਾਮ ਤਾਕਤਾਂ ਨਾਲ ਲੈਸ ਪੁਲਿਸ ਤੇ ਸਲਾਮਤੀ ਦਸਤਿਆਂ ਦੀ ਮੌਜੂਦਗੀ ਲੋਕਾਂ ਦੀ ਜ਼ਿੰਦਗੀ ਨੂੰ ਕਿਵੇਂ ਤਹਿਸ-ਨਹਿਸ ਕਰ ਰਹੀ ਹੈ, ਬਿਨਾ ਮੁਕੱਦਮਾ ਚਲਾਏ ਜਾਂ ਬਿਨਾ ਕਾਨੂੰਨੀ ਸਹਾਇਤਾ ਜੇਲ੍ਹਾਂ 'ਚ ਡੱਕੇ ਬੇਕਸੂਰ ਲੋਕਾਂ ਦੀਆਂ ਜ਼ਿੰਦਗੀਆਂ ਕਿਵੇਂ ਬਰਬਾਦ ਹੋ ਰਹੀਆਂ ਹਨ ਅਤੇ ਉਹ ਇਨ੍ਹਾਂ ਹਾਲਾਤ ਦਾ ਟਾਕਰਾ ਕਿਵੇਂ ਰਹੇ ਹਨ, ਇਸ ਦੀ ਚਰਚਾ ਮੀਡੀਆ ਵਿਚ ਵੀ ਨਹੀਂ ਹੁੰਦੀ। ਪਿਛਲੇ ਦਿਨੀਂ ਛੱਤੀਸਗੜ੍ਹ ਦੇ ਸੁਕਮਾ ਜ਼ਿਲ੍ਹੇ 'ਚ ਆਦਿਵਾਸੀਆਂ ਨੇ ਦਹਿ-ਹਜ਼ਾਰਾਂ ਦੀ ਤਾਦਾਦ 'ਚ ਲਗਾਤਾਰ ਮੋਰਚਾ ਲਾਇਆ ਪਰ ਮੁੱਖ ਧਾਰਾ ਮੀਡੀਆ ਲਈ ਇਹ ਕੋਈ ਖਬਰ ਨਹੀਂ ਸੀ। ਪੱਤਰਕਾਰੀ ਦੇ ਅਸੂਲਾਂ ਨੂੰ ਪ੍ਰਨਾਏ ਕੁਝ ਆਨਲਾਈਨ ਨਿਊਜ਼ ਪੋਰਟਲਾਂ ਨੇ ਹੀ ਇਸ ਸੰਘਰਸ਼ ਨੂੰ ਅਹਿਮੀਅਤ ਦਿੱਤੀ।

ਕਾਂਗਰਸ ਦੇ ਰਾਜ ਦੌਰਾਨ ਚਾਹੇ ਸਰਕਾਰੀ ਬਿਰਤਾਂਤ ਹੀ ਦੁਹਰਾਇਆ ਜਾਂਦਾ ਸੀ, ਹਕੂਮਤੀ ਜਬਰ ਦੀ ਕੁਝ ਚਰਚਾ ਮੀਡੀਆ 'ਚ ਹੁੰਦੀ ਸੀ ਅਤੇ ਸਮਾਜ ਦੇ ਮਨੁੱਖੀ ਹੱਕਾਂ ਪ੍ਰਤੀ ਸੰਵੇਦਨਸ਼ੀਲ ਹਿੱਸੇ ਇਸ ਦੇ ਖਿਲਾਫ ਆਵਾਜ਼ ਉਠਾਉਂਦੇ ਸਨ। ਭਗਵੇਂ ਰਾਜ ਵਿਚ ਹਾਲਾਤ ਬਦਲ ਚੁੱਕੇ ਹਨ। ਰਾਜਕੀ ਦਹਿਸ਼ਤਵਾਦ ਦਾ ਘੇਰਾ ਵਧਾ ਕੇ ਇਨ੍ਹਾਂ ਜਾਗਰੂਕ ਅਤੇ ਸੰਵੇਦਨਸ਼ੀਲ ਹਿੱਸਿਆਂ ਨੂੰ ਵੀ ਇਸ ਦੀ ਲਪੇਟ 'ਚ ਲੈ ਲਿਆ ਹੈ। 'ਸ਼ਹਿਰੀ ਨਕਸਲੀ' ਕਰਾਰ ਦੇ ਕੇ ਉਹ ਬਹੁਤ ਸਾਰੇ ਬੁੱਧੀਜੀਵੀ ਅਤੇ ਜਮਹੂਰੀ ਕਾਰਕੁਨ ਜੇਲ੍ਹਾਂ 'ਚ ਬੰਦ ਕੀਤੇ ਹੋਏ ਹਨ ਜੋ ਆਦਿਵਾਸੀਆਂ ਅਤੇ ਹੋਰ ਦੱਬੇ-ਕੁਚਲੇ ਲੋਕਾਂ ਦੇ ਘਾਣ ਦਾ ਡਟ ਕੇ ਵਿਰੋਧ ਕਰਦੇ ਸਨ; ਜੋ ਤੱਥ ਖੋਜ ਰਿਪੋਰਟਾਂ ਤਿਆਰ ਕਰਕੇ ਰਾਜਕੀ ਦਹਿਸ਼ਤਵਾਦ ਦਾ ਪਰਦਾਫਾਸ਼ ਕਰਦੇ ਸਨ; ਜੋ ਜੇਲ੍ਹਾਂ 'ਚ ਡੱਕੇ ਕਾਰਕੁਨਾਂ ਅਤੇ ਬੇਕਸੂਰ ਆਦਿਵਾਸੀਆਂ ਨੂੰ ਕਾਨੂੰਨੀ ਸਹਾਇਤਾ ਦਿੰਦੇ ਸਨ। ਹੁਣ ਇਨ੍ਹਾਂ ਖੇਤਰਾਂ ਉਪਰ ਨੀਮ-ਫੌਜੀ ਸ਼ਿਕੰਜਾ ਕੱਸ ਦਿੱਤਾ ਗਿਆ




ਹੈ, ਵਿਰੋਧ ਕਰਨ ਵਾਲਿਆਂ ਦੀ ਜ਼ਬਾਨਬੰਦੀ ਦਾ ਅਮਲ ਸਿਖਰਾਂ 'ਤੇ ਹੈ ਅਤੇ ਮੀਡੀਆ ਦੇ ਜ਼ਿਆਦਾਤਰ ਹਿੱਸੇ ਨੇ ਹੁਕਮਰਾਨ ਧਿਰ ਦਾ ਪ੍ਰਚਾਰ ਵਿਭਾਗ ਬਣਨਾ ਸਵੀਕਾਰ ਕਰ ਲਿਆ ਹੈ।

12 ਮਈ ਨੂੰ ਸੁਕਮਾ ਜ਼ਿਲ੍ਹੇ ਦੇ ਪਿੰਡ ਸਿਲਗੇਰ ਵਿਚ ਬਣਾਏ ਨਵੇਂ ਪੁਲਿਸ ਕੈਂਪ ਦਾ ਉਦਘਾਟਨ ਕੀਤਾ ਗਿਆ। ਉਦਘਾਟਨ ਤੋਂ ਕੁਝ ਘੰਟੇ ਬਾਅਦ ਹੀ ਸੁਕਮਾ ਅਤੇ ਬੀਜਾਪੁਰ ਜ਼ਿਲ੍ਹਿਆਂ ਦੇ ਪਿੰਡਾਂ 'ਚੋਂ ਆਦਿਵਾਸੀ ਮਰਦ ਅਤੇ ਔਰਤਾਂ ਲੰਮਾ ਪੈਂਡਾ ਗਾਹ ਕੇ ਕੈਂਪ ਦਾ ਵਿਰੋਧ ਕਰਨ ਲਈ ਪਹੁੰਚ ਗਏ। 17 ਮਈ ਨੂੰ ਪੁਲਿਸ ਨੇ ਵਿਰੋਧ ਕਰ ਰਹੇ ਆਦਿਵਾਸੀਆਂ ਉਪਰ ਗੋਲੀ ਚਲਾ ਕੇ ਤਿੰਨ ਆਦਿਵਾਸੀ ਮਾਰ ਦਿੱਤੇ। ਇਕ ਗਰਭਵਤੀ ਔਰਤ ਜ਼ਖਮਾਂ ਦੀ ਤਾਬ ਨਾ ਝੱਲਦਿਆਂ ਬਾਅਦ ਵਿਚ ਦਮ ਤੋੜ ਗਈ। ਪੁਲਿਸ ਨੇ ਇਹ ਕਹਾਣੀ ਘੜੀ ਕਿ ਮਾਰੇ ਗਏ ਵਿਅਕਤੀ ਮਾਓਵਾਦੀ ਸਨ ਅਤੇ ਆਦਿਵਾਸੀ ਮਾਓਵਾਦੀਆਂ ਦੇ ਕਹਿਣ 'ਤੇ ਕੈਂਪ ਦਾ ਵਿਰੋਧ ਕਰ ਰਹੇ ਹਨ।

ਪ੍ਰਦਰਸ਼ਨਕਾਰੀਆਂ ਨੇ ਪੁਲਿਸ ਦੇ ਇਨ੍ਹਾਂ ਦਾਅਵਿਆਂ ਨੂੰ ਰੱਦ ਕਰਦਿਆਂ ਸਾਫ ਕਿਹਾ ਕਿ ਮ੍ਰਿਤਕ ਸਾਧਾਰਨ ਆਦਿਵਾਸੀ ਸਨ। ਉਹ ਕੈਂਪ ਦਾ ਵਿਰੋਧ ਇਸ ਕਰਕੇ ਕਰ ਰਹੇ ਹਨ ਕਿਉਂਕਿ ਉਹ ਆਦਿਵਾਸੀ ਮਰਦਾਂ ਅਤੇ ਔਰਤਾਂ ਨੂੰ ਗ੍ਰਿਫਤਾਰ ਕਰਦੇ ਹਨ ਅਤੇ ਫਿਰ ਜੇਲ੍ਹ 'ਚ ਡੱਕ ਦਿੰਦੇ ਹਨ।

ਸਰਕਾਰ ਦੇ ਇਸ਼ਾਰੇ 'ਤੇ ਪੁਲਿਸ ਨੇ ਇਸ ਆਦਿਵਾਸੀ ਵਿਰੋਧ ਨੂੰ ਦਬਾਉਣ ਲਈ ਹਰ ਹਰਬਾ ਵਰਤਿਆ। ਤੱਥਾਂ ਦੀ ਜਾਣਕਾਰੀ ਲੈਣ ਲਈ ਜਾਣ ਵਾਲੇ ਮਨੁੱਖੀ ਅਧਿਕਾਰ ਕਾਰਕੁਨਾਂ ਨੂੰ ਰੋਕਿਆ ਗਿਆ ਪਰ ਆਦਿਵਾਸੀ ਮਰਦ ਅਤੇ ਔਰਤਾਂ ਰਾਜਕੀ ਦਹਿਸ਼ਤ ਨੂੰ ਚਕਨਾਚੂਰ ਕਰਕੇ ਦਹਿ-ਹਜ਼ਾਰਾਂ ਦੀ ਤਦਾਦ 'ਚ ਲਗਾਤਾਰ ਵਿਰੋਧ ਪ੍ਰਦਰਸ਼ਨ 'ਚ ਡਟੇ ਰਹੇ।

ਆਦਿਵਾਸੀਆਂ ਅੰਦਰ ਦਹਿਸ਼ਤਵਾਦੀ ਭਾਰਤੀ ਸਟੇਟ ਵਿਰੁੱਧ ਵਿਆਪਕ ਗੁੱਸਾ ਹੈ ਜੋ 2005 'ਚ ਸਲਵਾ ਜੁਡਮ ਅਤੇ ਫਿਰ 2009 'ਚ ਅਪਰੇਸ਼ਨ ਗ੍ਰੀਨ ਹੰਟ ਦੇ ਨਾਂ ਹੇਠ ਆਪਣੇ ਹੀ ਨਾਗਰਿਕਾਂ ਵਿਰੁੱਧ ਵਿੱਢੇ ਯੁੱਧ ਦਾ ਭਿਆਨਕ ਸੰਤਾਪ ਝੱਲ ਰਹੇ ਹਨ। ਆਦਿਵਾਸੀਆਂ ਦੇ ਇਸ ਕਤਲੇਆਮ, ਉਜਾੜੇ ਅਤੇ ਜੰਗਲਾਂ ਦੀ ਤਬਾਹੀ ਪਿੱਛੇ ਭਾਰਤੀ ਹੁਕਮਰਾਨਾਂ ਦਾ ਕਾਰਪੋਰੇਟ ਪੱਖੀ ਏਜੰਡਾ ਹੈ। ਛੱਤੀਸਗੜ੍ਹ 'ਚ ਉਦੋਂ ਕੇਂਦਰ ਵਿਚ ਕਾਂਗਰਸ ਦੀ ਅਗਵਾਈ ਹੇਠ ਯੂ.ਪੀ.ਏ. ਦੀ ਸਰਕਾਰ ਸੀ ਅਤੇ ਛੱਤੀਸਗੜ੍ਹ 'ਚ ਭਾਜਪਾ ਦੀ ਸਰਕਾਰ ਸੀ। ਹੁਣ ਸਰਕਾਰਾਂ ਬਦਲ ਚੁੱਕੀਆਂ ਹਨ, ਛੱਤੀਸਗੜ੍ਹ 'ਚ ਕਾਂਗਰਸ ਦੀ ਸਰਕਾਰ ਹੈ ਅਤੇ ਕੇਂਦਰ ਵਿਚ ਆਰ.ਐਸ.ਐਸ.-ਬੀ.ਜੇ.ਪੀ. ਸੱਤਾਧਾਰੀ ਹੈ ਪਰ ਜੰਗਲਾਂ ਦੇ ਬਾਸ਼ਿੰਦਿਆਂ ਨੂੰ ਸਰਕਾਰਾਂ ਬਦਲਣ ਨਾਲ ਸੰਤਾਪ ਤੋਂ ਕੋਈ ਰਾਹਤ ਨਹੀਂ ਮਿਲੀ। ਉਨ੍ਹਾਂ ਵਿਰੁੱਧ ਰਾਜਕੀ ਦਹਿਸ਼ਤਵਾਦ ਨਾ ਸਿਰਫ ਜਾਰੀ ਹੈ ਸਗੋਂ ਇਸ ਨੇ ਹੋਰ ਵੀ ਬੇਕਿਰਕ ਰੂਪ ਅਖਤਿਆਰ ਕਰ ਲਿਆ ਹੈ।

ਸੱਤਾ ਦੇ ਹਮਲੇ ਵਿਰੁੱਧ ਆਦਿਵਾਸੀਆਂ ਅੰਦਰ ਗੁੱਸਾ ਵਧਣਾ ਸੁਭਾਵਿਕ ਹੈ। ਅਖੌਤੀ ਵਿਕਾਸ ਦੇ ਨਾਂ ਹੇਠ ਜੰਗਲ ਤਬਾਹ ਕਰਕੇ ਸੜਕਾਂ ਵਿਛਾਈਆਂ ਜਾ ਰਹੀਆਂ ਹਨ। ਸੜਕਾਂ ਦਰਅਸਲ ਖਣਨ ਕੰਪਨੀਆਂ ਲਈ ਜੰਗਲ ਦਾ ਪ੍ਰਵੇਸ਼ ਦੁਆਰ ਹਨ। ਆਦਿਵਾਸੀ ਇਨ੍ਹਾਂ ਸੜਕਾਂ ਦਾ ਵਿਰੋਧ ਕਰ ਰਹੇ ਹਨ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਇਹ ਸੜਕਾਂ ਆਦਿਵਾਸੀਆਂ ਨੂੰ ਉਜਾੜ ਕੇ ਜੰਗਲ-ਪਹਾੜ ਖਣਨ ਕੰਪਨੀਆਂ ਦੇ ਹਵਾਲੇ ਕਰਨ ਦੇ ਅਮਲ ਨੂੰ ਸੌਖਾ ਬਣਾਉਣ ਲਈ ਹਨ। ਮਾਰਚ 2021 ਛੱਤੀਸਗੜ੍ਹ ਸਰਕਾਰ ਵੱਲੋਂ ਮੱਧ ਛੱਤੀਸਗੜ੍ਹ ਦੇ ਹਸਦਿਓ ਜੰਗਲ ਦੀ 1252 ਹੈਕਟੇਅਰ ਏਕੜ ਜ਼ਮੀਨ ਜਿਸ ਨੂੰ 2007 'ਚ ਹਾਥੀ ਰੱਖ ਬਣਾਉਣ ਦਾ ਵਾਅਦਾ ਕੀਤਾ ਗਿਆ ਸੀ, ਅਡਾਨੀ ਇੰਟਰਪ੍ਰਾਈਜ਼ਿਜ਼ ਲਿਮਟਡ ਨੂੰ ਕੋਲਾ ਖਾਣ ਖੋਦਣ ਲਈ ਦੇ ਦਿੱਤੀ ਗਈ। ਗ੍ਰਾਮ ਸਭਾਵਾਂ ਦੀ ਸਹਿਮਤੀ ਲਏ ਬਗੈਰ ਹੀ ਜੰਗਲਾਤ ਕਾਨੂੰਨ ਦੀਆਂ ਧੱਜੀਆਂ ਉਡਾ ਕੇ ਜੰਗਲ ਦੀ ਜ਼ਮੀਨ ਗੈਰ-ਆਦਿਵਾਸੀਆਂ ਨੂੰ ਦੇ ਦਿੱਤੀ ਗਈ। 2012 ਵਿਚ ਬਸਤਰ ਡਿਵੀਜ਼ਨ ਕਮਿਸ਼ਨ ਨੇ ਗੈਰ-ਆਦਿਵਾਸੀਆਂ ਦੇ ਐਸੇ 73 ਸੌਦਿਆਂ ਉਪਰ ਦਸਤਖਤ ਕੀਤੇ। ਮਾਰਚ 2020 'ਚ ਇਹ ਭੇਤ ਖੁੱਲ੍ਹਿਆ ਕਿ ਜ਼ਮੀਨ ਲੈਣ ਲਈ ਗ੍ਰਾਮ ਸਭਾਵਾਂ ਦੀ ਸਹਿਮਤੀ ਨਹੀਂ ਲਈ ਗਈ। ਖਣਿਜਾਂ ਨਾਲ ਭਰਪੂਰ ਬਸਤਰ ਦੇ ਜੰਗਲਾਂ ਦੀ ਜ਼ਮੀਨ ਖਣਨ ਲਈ ਕਾਰਪੋਰੇਟਾਂ ਦੇ ਹਵਾਲੇ ਕਰਨ ਲਈ ਥਾਂ-ਥਾਂ ਇਹੀ ਹੋ ਰਿਹਾ ਹੈ। ਆਦਿਵਾਸੀਆਂ ਨੂੰ ਬੇਦਖਲ ਕਰਨ ਲਈ ਸਰਕਾਰੀ ਲਸ਼ਕਰਾਂ ਦੀ ਵਿਆਪਕ ਪੱਧਰ 'ਤੇ ਤਾਇਨਾਤੀ ਅਤੇ ਆਵਾਜਾਈ ਨੂੰ ਸੁਖਾਲਾ ਬਣਾਉਣ ਲਈ ਸੜਕਾਂ ਦੀ ਉਸਾਰੀ ਦਾ ਗੂੜ੍ਹਾ ਰਿਸ਼ਤਾ ਹੈ।

ਸੜਕਾਂ ਦੀ ਉਸਾਰੀ ਆਦਿਵਾਸੀਆਂ ਦੇ ਵਿਰੋਧ ਨੂੰ ਪੁਲਿਸ/ਨੀਮ-ਫੌਜੀ ਤਾਕਤਾਂ ਦੀ ਮਦਦ ਨਾਲ ਕੁਚਲ ਕੇ ਹੀ ਸੰਭਵ ਹੈ। ਸੜਕਾਂ ਦੀ ਉਸਾਰੀ ਦੇ ਨਾਲ-ਨਾਲ ਜੰਗਲ ਦੇ ਧੁਰ ਅੰਦਰ ਪਹੁੰਚਣ ਲਈ ਹੋਰ ਕੈਂਪ ਬਣਾਏ ਜਾ ਰਹੇ ਹਨ। ਜੰਗਲ ਦੇ ਅੰਦਰ ਜਿੱਥੋਂ ਤੱਕ ਸੜਕ ਬਣ ਜਾਂਦੀ ਹੈ ਉਸ ਤੋਂ ਅੱਗੇ ਕੈਂਪ ਬਣਾ ਲਿਆ ਜਾਂਦਾ ਹੈ। ਇਹ ਮਾਓਵਾਦੀ ਰਸੂਖ ਵਾਲੇ ਉਹ ਇਲਾਕੇ ਹਨ ਜਿੱਥੇ ਕਈ ਦਹਾਕਿਆਂ ਤੋਂ ਮੁੱਖਧਾਰਾ ਸਿਆਸਤਦਾਨ ਪਹੁੰਚ ਨਹੀਂ ਸਕੇ। ਇਨ੍ਹਾਂ ਇਲਾਕਿਆਂ 'ਚ ਤਾਇਨਾਤ ਨੀਮ-ਫੌਜੀ ਦਸਤਿਆਂ ਲਈ ਰਾਸ਼ਨ ਵੀ ਹੈਲੀਕਾਪਟਰ ਰਾਹੀਂ ਸਪਲਾਈ ਕੀਤਾ ਜਾਂਦਾ ਸੀ। ਹੁਣ 'ਲੋਕਤੰਤਰ' ਇਥੇ ਸੜਕ ਦੇ ਰਸਤੇ ਜਾ ਕੇ ਆਪਣੀ ਹੋਂਦ ਦਿਖਾ ਸਕਦਾ ਹੈ। ਇਹ ਪਹਿਲੀ ਵਾਰ ਹੋਇਆ ਕਿ ਆਦਿਵਾਸੀਆਂ ਦੇ ਕਤਲੇਆਮ ਤੋਂ ਬਾਅਦ ਕਾਂਗਰਸ ਦੇ ਆਗੂ ਸਿਲਗੇਰ ਪਿੰਡ 'ਚ ਗਏ। ਹੁਣ ਕਾਂਗਰਸ ਅਤੇ ਭਾਜਪਾ ਦੋਵਾਂ ਪਾਰਟੀਆਂ ਨੂੰ ਉਮੀਦ ਹੈ ਕਿ ਨਵੇਂ ਪੁਲਿਸ ਕੈਂਪ 2023 ਦੀਆਂ ਸੂਬਾਈ ਚੋਣਾਂ 'ਚ ਇਨ੍ਹਾਂ ਇਲਾਕਿਆਂ 'ਚ ਉਨ੍ਹਾਂ ਨੂੰ ਚੋਣ ਮੁਹਿੰਮ ਲਈ ਜਾਣ ਦਾ ਮੌਕਾ ਮੁਹੱਈਆ ਕਰਨਗੇ।

ਜਦੋਂ ਛੱਤੀਸਗੜ੍ਹ 'ਚ ਕਾਂਗਰਸ ਵਿਰੋਧੀ ਧਿਰ ਵਿਚ ਸੀ ਤਾਂ ਇਹ ਬੀ.ਜੇ.ਪੀ. ਸਰਕਾਰ ਵੱਲੋਂ ਆਦਿਵਾਸੀਆਂ ਉਪਰ ਢਾਹੇ ਜਾ ਰਹੇ ਜ਼ੁਲਮਾਂ ਦਾ ਵਿਰੋਧ ਕਰਨ ਦਾ ਬਾਖੂਬੀ ਨਾਟਕ ਕਰਦੀ ਸੀ। ਮਿਸਾਲ ਵਜੋਂ, ਜਦੋਂ ਜੂਨ 2012 ਵਿਚ ਸੀ.ਆਰ.ਪੀ.ਐਫ. ਵੱਲੋਂ ਬੀਜਾਪੁਰ 'ਚ ਅੰਨ੍ਹੇਵਾਹ ਗੋਲੀਆਂ ਚਲਾ ਕੇ 19 ਆਦਿਵਾਸੀਆਂ ਨੂੰ ਕਤਲ ਕਰ ਦਿੱਤਾ ਗਿਆ ਤਾਂ ਕਾਂਗਰਸ ਨੇ ਇਹ ਮੁੱਦਾ ਵਿਧਾਨ ਸਭਾ 'ਚ ਉਠਾਇਆ ਸੀ। 2018 'ਚ ਕਾਂਗਰਸ ਭਾਜਪਾ ਰਾਜ ਦੇ ਜਬਰ ਵਿਰੁੱਧ ਆਮ ਰਾਇ ਦਾ ਲਾਹਾ ਲੈ ਕੇ ਇਸ ਵਾਅਦੇ ਨਾਲ ਸੱਤਾ ਵਿਚ ਆਈ ਸੀ ਕਿ ਨਕਸਲੀ ਮਸਲੇ ਨੂੰ ਬੰਦੂਕ ਨਾਲ ਨਹੀਂ ਨਜਿੱਠਿਆ ਜਾ ਸਕਦਾ ਅਤੇ ਠੋਸ ਹੱਲ 'ਤੇ ਪਹੁੰਚਣ ਲਈ ਸਭ ਤੋਂ ਮਹੱਤਵਪੂਰਨ ਹੈ ਗੱਲਬਾਤ ਚਲਾਉਣਾ ਅਤੇ ਵਿਕਾਸ ਰਾਹੀਂ ਆਦਿਵਾਸੀਆਂ ਦੇ ਦਿਲ ਜਿੱਤਣਾ। ਬੀ.ਜੇ.ਪੀ. ਸਰਕਾਰ ਸਮੇਂ 2017 'ਚ ਜਦੋਂ ਪੁਲਿਸ ਵੱਲੋਂ ਮਨੁੱਖੀ ਅਧਿਕਾਰ ਕਾਰਕੁਨ ਬੇਲਾ ਭਾਟੀਆ ਨੂੰ ਬਸਤਰ ਵਿਚ ਕੰਮ ਕਰਨ ਤੋਂ ਰੋਕਣ ਲਈ ਧਮਕੀਆਂ ਦਿੱਤੀਆਂ ਜਾ ਰਹੀਆਂ ਸਨ ਤਾਂ ਕਾਂਗਰਸੀ ਆਗੂ ਰਾਹੁਲ ਗਾਂਧੀ ਤੇ ਭੂਪੇਸ਼ ਬਘੇਲ ਉਸ ਦੇ ਹੱਕ 'ਚ ਸਟੈਂਡ ਲੈ ਕੇ ਇਹ ਪ੍ਰਭਾਵ ਦੇਣ ਲਈ ਯਤਨਸ਼ੀਲ ਰਹੇ ਕਿ ਉਹ ਆਦਿਵਾਸੀ ਅਤੇ ਜਮਹੂਰੀ ਹੱਕਾਂ ਦੇ ਹਮਾਇਤੀ ਹਨ। ਹੁਣ ਭੂਪੇਸ ਬਘੇਲ ਦੀ ਸਰਕਾਰ ਹੈ ਅਤੇ ਬੇਲਾ ਭਾਟੀਆ ਤੇ ਜਿਆਂ ਡਰੈਜ਼ ਵਰਗੇ ਉਘੇ ਅਰਥ ਸ਼ਾਸਤਰੀਆਂ ਨੂੰ ਪੁਲਿਸ ਆਦਿਵਾਸੀ ਇਲਾਕਿਆਂ 'ਚ ਜਾਣ ਤੋਂ ਸ਼ਰੇਆਮ ਰੋਕ ਰਹੀ ਹੈ ਤਾਂ ਮੁੱਖ ਮੰਤਰੀ ਬਘੇਲ ਖਾਮੋਸ਼ ਹੈ।

ਕਾਂਗਰਸ ਦੀ ਨਕਸਲੀ ਲਹਿਰ ਨੂੰ ਰਾਜਕੀ ਦਹਿਸ਼ਤਵਾਦ ਨਾਲ ਕੁਚਲਣ ਦੀ ਨੀਤੀ ਨਵੀਂ ਨਹੀਂ ਹੈ। ਜਦੋਂ ਵੀ ਲਹਿਰ ਨੇ ਜ਼ੋਰ ਫੜਿਆ ਹੈ, ਕਾਂਗਰਸ ਅਤੇ ਹੋਰ ਹਾਕਮ ਜਮਾਤੀ ਪਾਰਟੀਆਂ ਇਸ ਨੂੰ ਸਿਆਸੀ ਮਸਲੇ ਦੀ ਬਜਾਏ ਹਮੇਸ਼ਾ ਅਮਨ-ਕਾਨੂੰਨ ਦੇ ਮਸਲੇ ਵਜੋਂ ਹੀ ਲੈਂਦੀਆਂ ਹਨ। ਇਸੇ ਨੀਤੀ ਤਹਿਤ, ਪੰਜ ਦਹਾਕੇ ਪਹਿਲਾਂ ਨਕਸਲੀ ਲਹਿਰ ਦੇ ਉਠਣ ਸਮੇਂ ਕਾਂਗਰਸ ਹਕੂਮਤ ਦੀ ਅਗਵਾਈ ਹੇਠ ਦਹਿ-ਹਜ਼ਾਰਾਂ ਨਕਸਲੀਆਂ ਦਾ ਝੂਠੇ ਮੁਕਾਬਲਿਆਂ, ਪੁਲਿਸ ਹਿਰਾਸਤ ਅਤੇ ਜੇਲ੍ਹਾਂ ਵਿਚ ਤਸ਼ੱਦਦ ਕਰਕੇ ਕਤਲ ਕੀਤਾ ਗਿਆ ਅਤੇ ਬੇਸ਼ੁਮਾਰ ਲੋਕਾਂ ਨੂੰ ਜੇਲ੍ਹਾਂ 'ਚ ਸਾੜਿਆ ਗਿਆ। 2009 'ਚ ਮਨਮੋਹਨ ਸਿੰਘ-ਸੋਨੀਆ ਗਾਂਧੀ ਦੀ ਅਗਵਾਈ ਵਾਲੀ ਸਰਕਾਰ ਨੇ ਨਕਸਲੀ ਲਹਿਰ ਨੂੰ 'ਮੁਲਕ ਦੀ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਬੜਾ ਖਤਰਾ' ਐਲਾਨ ਕੇ ਆਪਣੇ ਹੀ ਲੋਕਾਂ ਵਿਰੁੱਧ ਦੁਬਾਰਾ ਬਾਕਾਇਦਾ ਯੁੱਧ ਛੇੜ ਦਿੱਤਾ ਜੋ ਨਾਗਰਿਕਾਂ ਦੀਆਂ ਨਜ਼ਰਾਂ ਤੋਂ ਓਹਲੇ ਚੁੱਪ-ਚਾਪ ਜਾਰੀ ਹੈ।

ਪਿਛਲੇ ਗਿਆਰਾਂ ਸਾਲ ਤੋਂ ਲੜੇ ਜਾ ਰਹੇ ਇਸ ਯੁੱਧ ਵਿਚ ਨੀਮ-ਫੌਜੀ ਤਾਕਤਾਂ ਵਿਆਪਕ ਪੈਮਾਨੇ 'ਤੇ ਸ਼ਾਮਿਲ ਹਨ ਅਤੇ ਅਸਿੱਧੇ ਤੌਰ 'ਤੇ ਫੌਜ ਦੀ ਮਦਦ ਵੀ ਲਈ ਜਾ ਰਹੀ ਹੈ। ਆਦਿਵਾਸੀਆਂ ਵਿਰੁੱਧ ਹਵਾਈ ਫੌਜ ਦੀ ਮਦਦ ਲੈਣ ਨੂੰ ਹਰੀ ਝੰਡੀ ਤੱਤਕਾਲੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਦਿੱਤੀ ਸੀ। ਇਸ ਵਕਤ ਮਾਓਵਾਦੀ ਗੜ੍ਹ ਬਸਤਰ ਵਿਚ 50000 ਨੀਮ-ਫੌਜੀ ਦਸਤੇ ਤਾਇਨਾਤ ਹਨ। ਤਰ੍ਹਾਂ-ਤਰ੍ਹਾਂ ਦੀ ਪੁਲਿਸ ਅਤੇ ਗੈਰ-ਕਾਨੂੰਨੀ ਖੁਫੀਆ ਅਤੇ ਖੁੱਲ੍ਹੇ ਸਰਕਾਰੀ ਦਸਤੇ ਇਸ ਤੋਂ ਵੱਖਰੇ ਹਨ। ਕਸ਼ਮੀਰ ਤੋਂ ਬਾਅਦ ਇਹ ਸਭ ਤੋਂ ਜ਼ਿਆਦਾ ਫੌਜੀ/ਨੀਮ-ਫੌਜੀ ਤਾਇਨਾਤੀ ਵਾਲਾ ਖੇਤਰ ਹੈ।

ਭਾਰਤੀ ਹੁਕਮਰਾਨ ਅਜੇ ਵੀ ਕੰਧ 'ਤੇ ਲਿਖਿਆ ਪੜ੍ਹਨ ਲਈ ਤਿਆਰ ਨਹੀਂ ਕਿ ਆਦਿਵਾਸੀਆਂ ਨੂੰ ਸਰਕਾਰੀ ਬੰਦੂਕਾਂ ਦੇ ਜ਼ੋਰ ਵਕਤੀ ਤੌਰ 'ਤੇ ਦਬਾਇਆ ਤਾਂ ਜਾ ਸਕਦਾ ਹੈ, ਲੇਕਿਨ ਉਨ੍ਹਾਂ ਨੂੰ ਹਮੇਸ਼ਾ ਲਈ ਦਬਾ ਕੇ ਨਹੀਂ ਰੱਖਿਆ ਜਾ ਸਕਦਾ। ਅੰਗਰੇਜ਼ਾਂ ਦੇ ਬਸਤੀਵਾਦੀ ਰਾਜ ਦੇ ਜ਼ਮਾਨੇ ਤੋਂ ਲੈ ਕੇ 'ਆਜ਼ਾਦ' ਭਾਰਤ ਦੇ ਸੱਤ ਦਹਾਕਿਆਂ ਦਾ ਇਤਿਹਾਸ ਇਹੀ ਦੱਸਦਾ ਹੈ।

# ਪੇਰੂ ਦੇ ਅਧਿਆਪਕ ਦਾ ਕ੍ਰਿਸ਼ਮਾ

ਦੱਖਣੀ ਅਮਰੀਕਾ ਦੇ ਨਿੱਕੇ ਜਿਹੇ ਮੁਲਕ ਪੇਰੂ ਦੇ ਨਿੱਕੇ ਜਿਹੇ ਕਸਬੇ ਪੂਨਾ ਵਿਚ ਅਨਪੜ੍ਹ ਕਿਸਾਨ ਜੋੜੇ ਦੇ ਘਰ ਪੈਦਾ ਹੋਇਆ ਪੇਦਰੋ ਕਾਸਤੀਲੋ ਦੁਨੀਆ ਭਰ ਵਿਚ ਛਾਇਆ ਹੋਇਆ ਹੈ। ਕਾਸਤੀਲੋ ਪ੍ਰਾਇਮਰੀ ਸਕੂਲ ਦਾ ਅਧਿਆਪਕ ਹੈ ਪਰ ਉਸ ਨੇ ਆਪਣੇ ਸੰਘਰਸ਼ ਦੇ ਬਲਬੂਤੇ ਪੇਰੂ ਦੀ ਸਿਆਸਤ ਵਿਚ ਭੂਚਾਲ ਲੈ ਆਂਦਾ ਹੈ।

ਪੇਦਰੋ ਕਾਸਤੀਲੋ 2017 ਵਿਚ ਸਰਕਾਰੀ ਅਧਿਆਪਕਾਂ ਦੀ ਯੂਨੀਅਨ ਦਾ ਆਗੂ ਸੀ ਜਦੋਂ

**ਗੁਰੀ ਕੁਸਲਾ**
ਫੋਨ: +91-94788-80128

ਸਿੱਖਿਆ ਮਹਿਕਮੇ ਨੇ ਸਰਕਾਰੀ ਸਿੱਖਿਆ ਨੂੰ ਖਤਮ ਕਰਨ ਦੇ ਇਰਾਦੇ ਨਾਲ ਕਈ ਨਵੇਂ ਸੁਧਾਰ ਕੀਤੇ। ਇਨ੍ਹਾਂ ਸੁਧਾਰਾਂ ਖਿਲਾਫ ਜੂਨ 2017 ਵਿਚ ਪੂਨਾ ਦੇ ਇਲਾਕੇ ਵਿਚ ਅਧਿਆਪਕਾਂ ਦਾ ਸੰਘਰਸ਼ ਸ਼ੁਰੂ ਹੋਇਆ ਅਤੇ ਕੁਝ ਹੀ ਦਿਨਾਂ ਵਿਚ ਮੁਲਕ ਦੀਆਂ ਹੋਰ ਅਧਿਆਪਕ ਜਥੇਬੰਦੀਆਂ ਇਸ ਸੰਘਰਸ਼ ਦਾ ਹਿੱਸਾ ਬਣ ਗਈਆਂ। ਛੇਤੀ ਹੀ ਇਹ ਸੰਘਰਸ਼ ਦੇਸ਼ਵਿਆਪੀ ਹੋ ਨਿੱਬੜਿਆ। ਅਧਿਆਪਕ ਜਮਾਤਾਂ ਛੱਡ ਕੇ ਸੜਕਾਂ ਉੱਤੇ ਆ ਗਏ ਅਤੇ ਬੱਚਿਆਂ ਦੇ ਮਾਪੇ ਘਰ ਛੱਡ ਕੇ ਅਧਿਆਪਕਾਂ ਦੀ ਹਮਾਇਤ ਲਈ ਧਰਨਿਆਂ ਤੇ ਬੈਠ ਗਏ।

ਸੰਘਰਸ਼ ਦੀ ਮੁੱਖ ਮੰਗ ਸੀ ਕਿ ਸਰਕਾਰ ਦੁਆਰਾ ਲਾਗੂ ਕੀਤਾ ਨਵਾਂ ਕਾਨੂੰਨ ਰੱਦ ਕੀਤਾ ਜਾਵੇ, ਅਧਿਆਪਕਾਂ ਦੀਆਂ ਤਨਖਾਹਾਂ ਵਧਾਈਆਂ ਜਾਣ, ਸਿੱਖਿਆ ਦਾ ਬਜਟ ਵਧਾਇਆ ਜਾਵੇ ਅਤੇ ਵਧ ਰਹੀ ਮਹਿੰਗਾਈ ਕੰਟਰੋਲ ਕੀਤੀ ਜਾਵੇ। ਮੁਲਕ ਦੇ ਕੋਨੇ ਕੋਨੇ ਵਿਚ ਫੈਲੇ ਇਸ ਸੰਘਰਸ਼ ਨੇ ਪੇਰੂ ਦੀ ਸਿਆਸਤ ਵਿਚ ਨਵਾਂ ਮੋੜ ਲੈ ਆਂਦਾ ਅਤੇ ਪੇਰੂ ਦੇ ਰਾਸ਼ਟਰਪਤੀ ਨੇ ਹੜਤਾਲ ਖਤਮ ਕਰਵਾਉਣ ਲਈ ਅਧਿਆਪਕ ਜਥੇਬੰਦੀਆਂ ਨਾਲ ਖੁਦ ਗੱਲਬਾਤ ਕੀਤੀ। ਜੂਨ 2017 ਤੋਂ ਸਤੰਬਰ 2017 ਤੱਕ ਚੱਲੇ ਇਸ ਅੰਦੋਲਨ ਨੇ ਪੇਦਰੋ ਕਾਸਤੀਲੋ ਨੂੰ ਸਿਆਸਤ ਵਿਚ ਸਥਾਪਿਤ ਕਰ ਦਿੱਤਾ। ਪੇਦਰੋ ਕਾਸਤੀਲੋ ਅਤੇ ਉਸ ਦੇ ਵਿਚਾਰਾਂ ਨੇ ਪੇਰੂ ਦੇ ਲੋਕਾਂ ਅੰਦਰ ਨਵਾਂ ਰੋਹ ਭਰਿਆ ਅਤੇ ਪੇਰੂ ਵਿਚ ਸਿਆਸੀ ਤਬਦੀਲੀ ਦਾ ਮੁੱਢ ਬੱਝ ਗਿਆ। ਹਾਲ ਹੀ ਵਿਚ ਹੋਈਆਂ ਰਾਸ਼ਟਰਪਤੀ ਚੋਣਾਂ ਵਿਚ ਪੇਦਰੋ ਕਾਸਤੀਲੋ ਨੂੰ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਐਲਾਨਿਆ ਗਿਆ ਤੇ ਉਸ ਦੀ ਪਾਰਟੀ ਪਹਿਲੇ ਦੌਰ ਦੀਆਂ ਚੋਣਾਂ ਵਿਚ ਮੋਹਰੀ ਪਾਰਟੀ ਵਜੋਂ ਉੱਭਰੀ।

ਜਿਸ ਕਾਨੂੰਨ ਖ਼ਿਲਾਫ਼ ਇਹ ਸੰਘਰਸ਼ ਉਠਿਆ ਸੀ, ਉਸ ਕਾਨੂੰਨ ਦੇ ਲਾਗੂ ਹੋਣ ਵਰਗਾ ਹਾਲ ਪੰਜਾਬ ਵਿਚ ਕਈ ਸਾਲ ਪਹਿਲਾਂ ਹੋਇਆ ਪਿਆ ਹੈ। ਇਸ ਕਾਨੂੰਨ ਅਨੁਸਾਰ ਸਾਰੇ ਅਧਿਆਪਕਾਂ ਦੀ ਭਰਤੀ, ਤਰੱਕੀ ਅਤੇ ਕਰੀਅਰ ਖਾਕਾ ਵੱਖਰਾ ਵੱਖਰਾ ਹੋਵੇਗਾ; ਜਿਵੇਂ ਪੰਜਾਬ ਵਿਚ ਕੋਈ ਰੈਗੂਲਰ ਹੈ, ਕੋਈ ਸੁਸਾਇਟੀ ਅਧੀਨ ਹੈ, ਕੋਈ ਠੇਕੇ ਉੱਤੇ ਭਰਤੀ ਹੈ ਅਤੇ ਕੋਈ ਪਰਖ ਕਾਲ ਤੇ ਹੈ। ਪੇਰੂ ਦੇ ਅਧਿਆਪਕਾਂ ਨੇ ਇਸ ਅਨਿਆਂ ਨੂੰ ਮੰਨਣ ਤੋਂ ਸਾਫ਼ ਇਨਕਾਰ ਕਰ ਦਿੱਤਾ; ਦੂਜੇ ਪਾਸੇ ਪੰਜਾਬ ਦੇ ਅਧਿਆਪਕ ਇਸ ਪ੍ਰਣਾਲੀ ਵਿਚ ਖੁਸ਼ੀ ਖੁਸ਼ੀ ਕੰਮ ਕਰ ਰਹੇ ਹਨ; ਨਾ ਵਿਰੋਧ, ਨਾ ਰੋਸ। ਪੇਰੂ ਦੇ ਅਧਿਆਪਕਾਂ ਨੇ ਤਨਖਾਹਾਂ ਵਧਾਉਣ ਲਈ ਸੰਘਰਸ਼ ਕੀਤਾ ਪਰ ਪੰਜਾਬ ਦੇ ਅਧਿਆਪਕ ਸੰਘਰਸ਼ ਕਰਨ ਨਾਲੋਂ ਘੱਟ ਤਨਖਾਹਾਂ ਲੈਣਾ ਪਸੰਦ ਕਰਦੇ ਹਨ ਜਿਸ ਦੀ ਤਾਜ਼ਾ ਮਿਸਾਲ ਅਸੀਂ ਸਸਅ/ਰਮਸਾ ਅਧਿਆਪਕਾਂ ਨੂੰ ਰੈਗੂਲਰ ਕਰਨ ਦੌਰਾਨ ਦੇਖ ਚੁੱਕੇ ਹਾਂ। ਜਦੋਂ ਵਿਦਿਆਰਥੀਆਂ ਦੇ ਮਾਪੇ ਅਧਿਆਪਕਾਂ ਨਾਲ ਸਕੂਲਾਂ ਦੇ ਦਰਵਾਜ਼ਿਆਂ 'ਤੇ ਬੈਠੇ ਸਨ, ਅਧਿਆਪਕ ਆਗੂਆਂ ਦੀਆਂ ਬਦਲੀਆਂ ਖਿਲਾਫ ਪਿੰਡ ਪਿੰਡ ਮੁਜ਼ਾਹਰੇ ਹੋ ਰਹੇ ਸਨ, ਕਿਸਾਨ ਖੇਤ ਤੇ ਮਜ਼ਦੂਰ ਦਿਹਾੜੀ ਛੱਡ ਕੇ ਅਧਿਆਪਕਾਂ ਦੀ ਹਮਾਇਤ ਵਿਚ ਪਟਿਆਲੇ ਜਾ ਪਹੁੰਚੇ ਸਨ ਪਰ ਹੋਇਆ ਇਹ ਕਿ ਅਧਿਆਪਕ ਖੁਦ ਹੀ ਸੰਘਰਸ਼ ਚੋਂ ਵਿਸ਼ਵਾਸ ਗੁਆ ਬੈਠੇ ਅਤੇ ਤਿੰਨ ਗੁਣਾ ਘੱਟ ਤਨਖਾਹ ਤੇ ਕੰਮ ਕਰਨ ਲਈ ਸਰਕਾਰ ਦੇ ਫੈਸਲੇ ਨਾਲ ਸਹਿਮਤ ਹੋ ਗਏ।

ਪੇਰੂ ਦੇ ਅਧਿਆਪਕਾਂ ਨੇ ਜਿਹੜੀ ਮੁੱਖ ਮੰਗ ਰੱਖੀ ਸੀ, ਉਸ ਵਿਚ ਕਿਹਾ ਗਿਆ ਸੀ ਕਿ ਸਰਕਾਰੀ ਸਿੱਖਿਆ ਲਈ ਬਜਟ ਵਧਾਇਆ ਜਾਵੇ। ਪੰਜਾਬ ਦੇ ਅਧਿਆਪਕ ਸਰਕਾਰ ਨੂੰ ਖੁਦ ਹੀ ਇਸ ਜ਼ਿੰਮੇਵਾਰੀ ਤੋਂ ਮੁਕਤ ਕਰ ਰਹੇ ਹਨ।

ਪੰਜਾਬ ਦੀ ਸਿੱਖਿਆ ਦਾ ਹਾਲ ਅੱਜ ਇਹ ਹੈ ਕਿ ਸਕੂਲਾਂ ਵਿਚ ਕੰਮ ਕਰ ਰਹੇ ਅਧਿਆਪਕ ਦਰਜਨਾਂ ਵਰਗਾਂ ਵਿਚ ਵੰਡੇ ਹੋਏ ਹਨ। ਕੋਈ ਰੈਗੂਲਰ ਹੈ ਤੇ ਕੋਈ ਕੰਟਰੈਕਟ ਤੇ, ਕਿਸੇ ਦਾ ਤਿੰਨ ਸਾਲ ਪਰਖ ਕਾਲ ਹੈ ਤੇ ਕਿਸੇ ਦਾ ਦੋ ਸਾਲ, ਕੋਈ 5 ਹਜ਼ਾਰ ਰੁਪਏ 'ਤੇ ਨੌਕਰੀ ਕਰ ਰਿਹਾ ਹੈ, ਕੋਈ ਦਸ ਹਜ਼ਾਰ 'ਤੇ ਅਤੇ ਕਿਸੇ ਨੂੰ 5 ਹਜ਼ਾਰ ਵਾਧੂ ਭੱਤਾ ਮਿਲਦਾ ਹੈ। ਸਾਰੇ ਅਧਿਆਪਕਾਂ ਲਈ 'ਬਰਾਬਰ ਕੰਮ ਬਰਾਬਰ ਤਨਖਾਹ' ਦੀ ਮੰਗ ਕਿਤੇ ਨਜ਼ਰੀਂ ਨਹੀਂ ਪੈਂਦੀ।

ਹੁਣ ਪੰਜਾਬ ਅੰਦਰ ਜਿਵੇਂ ਜਿਵੇਂ ਸਕੂਲਾਂ ਦੀ ਚਮਕ ਦਮਕ ਵਧ ਰਹੀ ਹੈ, ਉਵੇਂ ਸਿੱਖਿਆ ਦਾ ਮਿਆਰ ਡਿਗ ਰਿਹਾ ਹੈ। ਜਿਹੜਾ ਕੋਈ ਅਧਿਆਪਕ ਹੱਕੀ ਮੰਗਾਂ ਲਈ ਲੜਦਾ ਹੈ, ਉਸ ਨੂੰ ਬਦਲ ਕੇ ਰਾਵੀ ਪਾਰ ਭੇਜ ਦਿੱਤਾ ਜਾਂਦਾ ਹੈ, ਤੇ ਜੋ ਜੀ ਹਜ਼ੂਰੀ ਕਰਦੇ ਹਨ, ਉਨ੍ਹਾਂ ਲਈ ਪ੍ਰਸ਼ੰਸਾ ਪੱਤਰ ਭੇਜੇ ਜਾਂਦੇ ਹਨ। 'ਪੜ੍ਹੋ ਪੰਜਾਬ ਪੜ੍ਹਾਓ ਪੰਜਾਬ' ਵਰਗੇ ਪ੍ਰਾਜੈਕਟਾਂ ਦੇ ਨਾਮ 'ਤੇ ਸੂਬੇ ਭਰ ਵਿਚ ਸੈਂਕੜੇ ਵਿਹਲੇ ਅਫਸਰਾਂ ਦੀ ਫੌਜ ਤਿਆਰ ਕਰ ਲਈ ਹੈ ਜਿਨ੍ਹਾਂ ਦਾ ਕੰਮ ਅਧਿਆਪਕਾਂ ਨੂੰ ਪੜ੍ਹਾਈ ਤੋਂ ਹਟਾ ਕੇ ਅੰਕੜਿਆਂ ਵਿਚ ਉਲਝਾਉਣਾ ਹੈ। ਇਨ੍ਹਾਂ ਨੂੰ ਵਾਧੂ ਦੇ ਭੱਤੇ ਸਿਰਫ ਘੁੰਮਣ ਫਿਰਨ ਲਈ ਦਿੱਤੇ ਜਾ ਰਹੇ ਹਨ ਜਦ ਕਿ ਮਜ਼ਦੂਰਾਂ ਵਾਂਗ ਕੰਮ ਕਰ ਰਹੇ ਈ.ਜੀ.ਐਸ./ ਏ.ਆਈ.ਈ./ਐਸ.ਟੀ.ਆਰ. ਵਲੰਟੀਅਰਾਂ ਅਤੇ ਸਿੱਖਿਆ ਪ੍ਰੋਵਾਈਡਰ ਅਧਿਆਪਕਾਂ ਲਈ ਪੈਸਾ ਖਤਮ ਹੈ।

ਪੇਰੂ ਦੇ ਅਧਿਆਪਕ ਅੰਦੋਲਨ ਤੋਂ ਬਾਅਦ ਜਦੋਂ ਪੇਦਰੋ ਕਾਸਤੀਲੋ ਸਿਆਸਤ ਵਿਚ ਉਭਰਨਾ ਸ਼ੁਰੂ ਹੋਇਆ ਤਾਂ ਉਸ ਦਾ ਨਾਮ 1980ਵਿਆਂ ਵਿਚ ਚੱਲੇ 'ਸ਼ਾਈਨਿੰਗ ਪਾਥ' ਨਾਲ ਜੋੜਿਆ ਗਿਆ ਜਿਹੜਾ ਨਕਸਲਬਾੜੀ ਲਹਿਰ ਵਾਂਗ ਪੇਰੂ ਦੇ ਕਮਿਊਨਿਸਟਾਂ ਦਾ ਹਥਿਆਰਬੰਦ ਸੰਘਰਸ਼ ਸੀ ਪਰ ਪੰਜਾਬ ਦੀ ਸਿਆਸਤ ਵਿਚ ਜਿਨ੍ਹਾਂ ਅਧਿਆਪਕਾਂ ਨੂੰ ਉਭਾਰਿਆ ਜਾ ਰਿਹਾ ਹੈ, ਉਨ੍ਹਾਂ ਵਿਚੋਂ ਕਿਸੇ ਦਾ ਨਾਮ ਵੀ ਲੋਕ ਸੰਘਰਸ਼ਾਂ ਵਿਚ ਨਹੀਂ ਬੋਲਦਾ ਬਲਕਿ ਸਭ ਕਿਸੇ ਨਾ ਕਿਸੇ ਸਮੇਂ ਸੱਤਾ ਦੇ ਸਾਊ ਪੁੱਤ ਰਹੇ ਹਨ।

ਪੰਜਾਬ ਨੂੰ ਪੇਰੂ ਬਣਨ ਲਈ ਲੰਮਾ ਸੰਘਰਸ਼ ਕਰਨਾ ਪਵੇਗਾ ਅਤੇ ਅਗਵਾਈ ਅਧਿਆਪਕਾਂ ਵਰਗੇ ਜਾਗਰੂਕ ਵਰਗ ਹੱਥ ਹੋਣੀ ਚਾਹੀਦੀ ਹੈ ਪਰ ਅੱਜ ਦੀ ਘੜੀ ਇਨ੍ਹਾਂ ਸਫਾ ਅੰਦਰ ਅਜਿਹਾ ਬਹੁਤ ਹੀ ਛੋਟਾ ਹਿੱਸਾ ਸ਼ਾਮਿਲ ਹੈ, ਬਹੁਤਿਆਂ ਦੀ ਦੌੜ ਕਾਗਜ਼ ਦੇ ਇੱਕ ਟੁਕੜੇ ਤੱਕ ਸੀਮਤ ਹੈ ਜਿਸ ਉੱਤੇ ਮੁਹਾਲੀ ਵਿਚ ਬੈਠੇ 'ਲਾਟ ਸਾਬ੍ਹ' ਦੇ ਦਸਤਖ਼ਤ ਹੋਣ। ਫਿਲਹਾਲ ਅਧਿਆਪਕ ਵਰਗ ਨੂੰ ਪੇਦਰੋ ਕਾਸਤੀਲੋ ਜਿਹੇ ਸੂਝਵਾਨ ਆਗੂ ਦੀ ਉਡੀਕ ਹੈ।

# ਫਲਾਇੰਗ ਸਿੱਖ ਮਿਲਖਾ ਸਿੰਘ ਦੀ ਅਲਵਿਦਾ

## ਦੋ ਯਾਦਗਾਰੀ ਦੌੜਾਂ ਦੀ ਕਹਾਣੀ

***ਭਾਰਤ ਦੇ ਉਘੇ ਦੌੜਾਕ ਮਿਲਖਾ ਸਿੰਘ ਦੇ ਦੇਹਾਂਤ ਨਾਲ ਭਾਰਤੀ ਅਥਲੈਟਿਕਸ ਦੇ ਇਕ ਯੁੱਗ ਦਾ ਅੰਤ ਹੋ ਗਿਆ ਹੈ। ਅਜੇ ਕੁਝ ਦਿਨ ਪਹਿਲਾਂ ਹੀ ਉਨ੍ਹਾਂ ਦੀ ਪਤਨੀ ਨਿਰਮਲ ਕੌਰ ਜੋ ਭਾਰਤੀ ਵਾਲੀਬਾਲ ਟੀਮ ਦੀ ਕਪਤਾਨ ਰਹੇ, ਦੀ ਮੌਤ ਹੋ ਗਈ ਸੀ। ਮਿਲਖਾ ਸਿੰਘ ਉਹ ਸ਼ਖਸ ਸੀ ਜਿਸ ਨੇ ਆਪਣੀ ਜ਼ਿੰਦਗੀ ਵਿਚ ਬਹੁਤ ਦੁਸ਼ਵਾਰੀਆਂ ਦਾ ਸਾਹਮਣਾ ਕੀਤਾ ਪਰ ਉਨ੍ਹਾਂ ਹਾਰ ਨਹੀਂ ਮੰਨੀ ਅਤੇ ਆਖਰਕਾਰ ਭਾਰਤੀ ਅਥਲੈਟਿਕਸ ਵਿਚ ਆਪਣਾ ਨਾਂ ਸਦਾ ਸਦਾ ਲਈ ਦਰਜ ਕਰਵਾ ਲਿਆ। ਬੀ.ਬੀ.ਸੀ. ਦੇ ਉਘੇ ਪੱਤਰਕਾਰ ਰੇਹਾਨ ਫਜ਼ਲ ਨੇ ਇਸ ਲੇਖ ਵਿਚ ਉਨ੍ਹਾਂ ਦੀ ਖੇਡ ਅਤੇ ਜ਼ਿੰਦਗੀ ਬਾਰੇ ਕੁਝ ਅਹਿਮ ਗੱਲਾਂ ਕੀਤੀਆਂ ਹਨ।***

ਅਣਵੰਡੇ ਭਾਰਤ ਵਿਚ ਸਾਲ 1932 ਵਿਚ ਜਨਮੇ ਮਿਲਖਾ ਸਿੰਘ ਦੀ ਕਹਾਣੀ ਜੋਸ਼ ਅਤੇ ਦ੍ਰਿੜਤਾ ਨਾਲ ਭਰੀ ਪਈ ਹੈ। ਇਹ ਉਹ ਸ਼ਖਸ ਸੀ ਜੋ ਵੰਡ ਦੇ ਕਤਲੇਆਮ ਦੌਰਾਨ ਮੁਸ਼ਕਿਲ ਨਾਲ ਬਚ ਗਿਆ ਸੀ, ਉਸ ਦੇ ਪਰਿਵਾਰ ਦੇ ਕਈ ਜੀਅ ਉਸ ਦੀਆਂ ਅੱਖਾਂ ਸਾਹਮਣੇ ਕਤਲ ਕਰ ਦਿੱਤੇ ਗਏ ਸਨ; ਇਹ ਉਹ ਸ਼ਖਸ ਸੀ ਜੋ ਟ੍ਰੇਨ ਵਿਚ ਬਿਨਾ ਟਿਕਟ ਦੇ ਸਫਰ ਕਰਦਿਆਂ ਫੜਿਆ ਗਿਆ ਸੀ ਜਿਸ ਕਰਕੇ ਉਸ ਨੂੰ ਜੇਲ੍ਹ ਦੀ ਸਜ਼ਾ ਵੀ ਭੁਗਤਣੀ ਪਈ ਸੀ; ਇਹ ਉਹ ਸ਼ਖਸ ਸੀ ਜਿਸ ਨੇ ਦੁੱਧ ਦੇ ਇੱਕ ਗਿਲਾਸ ਲਈ ਫੌਜ ਦੀ ਦੌੜ ਵਿਚ ਹਿੱਸਾ ਲਿਆ ਸੀ ਅਤੇ ਜੋ ਬਾਅਦ ਵਿਚ ਭਾਰਤ ਦਾ ਸਭ ਤੋਂ ਮਹਾਨ ਅਥਲੀਟ ਬਣ ਕੇ ਉਭਰਿਆ।

1960 ਵਿਚ ਰੋਮ ਓਲੰਪਿਕ ਵਿਚ ਵਿਸ਼ਵ ਰਿਕਾਰਡ ਤੋੜਨ ਦੇ ਬਾਵਜੂਦ ਮਿਲਖਾ ਸਿੰਘ ਭਾਰਤ ਲਈ ਸੋਨ ਤਗਮਾ ਜਿੱਤ ਨਹੀਂ ਸਕੇ ਸਨ ਅਤੇ ਉਨ੍ਹਾਂ ਨੂੰ ਚੌਥੇ ਸਥਾਨ 'ਤੇ ਹੀ ਸਬਰ ਕਰਨਾ ਪਿਆ ਸੀ। ਮਿਲਖਾ ਸਿੰਘ ਨੇ ਵਿਸ਼ਵ ਪੱਧਰ 'ਤੇ ਆਪਣੀ ਪਛਾਣ ਉਸ ਸਮੇਂ ਬਣਾਈ ਸੀ ਜਦੋਂ ਕਾਰਡਿਫ (ਵੇਲਜ਼, ਇੰਗਲੈਂਡ) ਰਾਸ਼ਟਰਮੰਡਲ

ਰੇਹਾਨ ਫਜ਼ਲ

ਖੇਡਾਂ ਵਿਚ ਤਤਕਾਲੀ ਵਿਸ਼ਵ ਰਿਕਾਰਡ ਧਾਰਕ ਮੈਲਕਮ ਸਪੈਂਸ ਨੂੰ 440 ਗਜ਼ ਦੀ ਦੌੜ ਵਿਚ ਹਰਾ ਕੇ ਸੋਨੇ ਦਾ ਤਮਗਾ ਹਾਸਲ ਕੀਤਾ ਸੀ।


ਉਸ ਰਾਤ ਮਿਲਖਾ ਸਿੰਘ ਨੂੰ ਨੀਂਦ ਹੀ ਨਹੀਂ ਆਈ ਸੀ। ਅਗਲੇ ਦਿਨ 440 ਗਜ਼ ਦੀ ਦੌੜ ਦਾ ਫਾਈਨਲ ਸ਼ਾਮ ਨੂੰ ਚਾਰ ਵਜੇ ਸੀ। ਸਵੇਰ ਦੇ ਸਮੇਂ ਉਨ੍ਹਾਂ ਨੇ ਆਪਣੀਆਂ ਨਾੜਾਂ ਨੂੰ ਆਰਾਮ ਦੇਣ ਲਈ ਟੱਬ ਵਿਚ ਗਰਮ ਪਾਣੀ ਨਾਲ ਇਸ਼ਨਾਨ ਕੀਤਾ, ਨਾਸ਼ਤਾ ਕੀਤਾ ਅਤੇ ਫਿਰ ਕੰਬਲ ਲੈ ਕੇ ਸੌਂ ਗਏ। ਦੁਪਹਿਰ ਨੂੰ ਉਨ੍ਹਾਂ ਦੀ ਅੱਖ ਖੁੱਲ੍ਹੀ।

ਉਨ੍ਹਾਂ ਨੇ ਦੁਪਹਿਰ ਦੇ ਖਾਣੇ ਵਿਚ ਸੂਪ ਦੀ ਕੌਲੀ ਅਤੇ ਡਬਲ ਰੋਟੀ ਦੇ ਦੋ ਟੁਕੜੇ ਖਾਧੇ। ਉਨ੍ਹਾਂ ਜਾਣਬੁੱਝ ਕੇ ਹੀ ਘੱਟ ਖਾਣਾ ਖਾਧਾ ਤਾਂ ਜੋ ਉਨ੍ਹਾਂ ਦੀ ਕਾਰਗੁਜ਼ਾਰੀ ਪ੍ਰਭਾਵਿਤ ਨਾ ਹੋਵੇ। ਮਿਲਖਾ ਸਿੰਘ ਉਸ ਦਿਨ ਨੂੰ ਯਾਦ ਕਰਦਿਆਂ ਕਹਿੰਦੇ ਹਨ, "ਕਰੀਬ ਇੱਕ ਵਜੇ ਮੈਂ ਕੰਘੀ ਕੀਤੀ ਅਤੇ ਆਪਣੇ ਲੰਮੇ ਵਾਲਾਂ ਨੂੰ ਚਿੱਟੇ ਰੁਮਾਲ ਨਾਲ ਢਕਿਆ। ਏਅਰ ਇੰਡੀਆ ਦੇ ਆਪਣੇ ਬੈਗ ਵਿਚ ਮੈਂ ਸਪਾਈਕਡ ਜੁੱਤੇ, ਛੋਟਾ ਤੌਲੀਆ, ਕੰਘਾ ਅਤੇ ਗਲੂਕੋਜ਼ ਦਾ ਪੈਕੇਟ ਰੱਖਿਆ। ਫਿਰ ਮੈਂ ਟਰੈਕ ਸੂਟ ਪਾ ਕੇ ਆਪਣੀਆਂ ਅੱਖਾਂ ਬੰਦ ਕੀਤੀਆਂ ਅਤੇ ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ ਅਤੇ ਭਗਵਾਨ ਸ਼ਿਵ ਨੂੰ ਯਾਦ ਕੀਤਾ।"

ਮਿਲਖਾ ਸਿੰਘ ਨੂੰ ਉਸ ਦਿਨ ਦਾ ਹਰ ਪਲ ਯਾਦ ਸੀ।

"ਮੇਰੀ ਟੀਮ ਦੇ ਮੈਂਬਰ ਬੱਸ ਵਿਚ ਮੇਰਾ ਇੰਤਜ਼ਾਰ ਕਰ ਰਹੇ ਸਨ। ਜਦੋਂ ਮੈਂ ਆਪਣੀ ਸੀਟ 'ਤੇ ਬੈਠਾ ਤਾਂ ਉਨ੍ਹਾਂ ਨੇ ਮੈਨੂੰ ਮਜ਼ਾਕ ਵਿਚ ਕਿਹਾ ਕਿ ਮਿਲਖਾ ਸਿੰਘ ਅੱਜ ਆਫ ਕਲਰ ਲੱਗ ਰਿਹਾ ਹੈ। ਇੱਕ ਨੇ ਪੁੱਛਿਆ- ਕੀ ਗੱਲ ਹੈ? ਅੱਜ ਤੁਸੀਂ ਖੁਸ਼ ਕਿਉਂ ਨਹੀਂ ਲੱਗ ਰਹੇ ਹੋ? ਮੈਂ ਉਨ੍ਹਾਂ ਦੇ ਸਵਾਲਾਂ ਦਾ ਕੋਈ ਜਵਾਬ ਨਾ ਦਿੱਤਾ ਪਰ ਮੇਰਾ ਮਨ ਥੋੜ੍ਹਾ ਜਿਹਾ ਹਲਕਾ ਜ਼ਰੂਰ ਹੋ ਗਿਆ।"

ਮਿਲਖਾ ਸਿੰਘ ਮੁਤਾਬਿਕ, ਉਸ ਨੂੰ ਇਸ ਤਰ੍ਹਾਂ ਕੁਝ ਘਬਰਾਇਆ ਦੇਖ ਕੇ ਉਨ੍ਹਾਂ ਦੇ ਕੋਚ ਡਾਕਟਰ ਹਾਵਰਡ ਉਨ੍ਹਾਂ ਦੇ ਨਾਲ ਦੀ ਸੀਟ 'ਤੇ ਆ ਕੇ ਬੈਠ ਗਏ ਅਤੇ ਕਹਿਣ ਲੱਗੇ, "ਅੱਜ ਵਾਲੀ ਦੌੜ ਜਾਂ ਤਾਂ ਤੈਨੂੰ ਬਣਾ ਦੇਵੇਗੀ, ਜਾਂ ਫਿਰ ਬਰਬਾਦ ਕਰ ਦੇਵੇਗੀ। ਜੇ ਤੂੰ ਮੇਰੇ ਸੁਝਾਅ, ਟਿਪਸ ਦਾ ਪਾਲਣ ਕਰੇਗਾ ਤਾਂ ਤੂੰ ਮਾਲਕਮ ਸਪੈਂਸ ਨੂੰ ਹਰਾਉਣ ਵਿਚ ਕਾਮਯਾਬ ਰਹੇਂਗਾ। ਤੇਰੇ ਅੰਦਰ ਅਜਿਹਾ ਕਰਨ ਦੀ ਅਮਰੱਥਾ ਹੈ।"



ਇਸ ਦੌੜ ਵਿਚ ਭਾਰਤ ਦਾ ਮਿਲਖਾ ਸਿੰਘ ਛੇਵੀਂ ਕਤਾਰ ਵਿਚ ਸੀ। ਮਿਲਖਾ ਸਿੰਘ ਦਾ ਕਹਿਣਾ ਸੀ ਕਿ ਹਾਵਰਡ ਦੀਆਂ ਇਨ੍ਹਾਂ ਗੱਲਾਂ ਨਾਲ ਉਨ੍ਹਾਂ ਨੂੰ ਕੁਝ ਹਿੰਮਤ ਮਿਲੀ।

ਸਟੇਡੀਅਮ ਪਹੁੰਚ ਕੇ ਉਹ ਸਿੱਧੇ ਆਪਣੇ ਡ੍ਰੈਸਿੰਗ ਰੂਮ ਵਿਚ ਗਏ ਅਤੇ ਫਿਰ ਲੇਟ ਗਏ। ਇੰਜ ਮਹਿਸੂਸ ਹੋ ਰਿਹਾ ਸੀ ਕਿ ਜਿਵੇਂ ਹਲਕਾ ਜਿਹਾ ਬੁਖਾਰ ਚੜ੍ਹ ਗਿਆ ਹੋਵੇ। ਫਿਰ ਉਨ੍ਹਾਂ ਨੇ ਮਿਲਖਾ ਸਿੰਘ ਦੀ ਪਿੱਠ ਤੇ ਪੈਰਾਂ ਦੀ ਮਾਲਸ਼ ਕੀਤੀ ਅਤੇ ਕਿਹਾ, "ਮੇਰੇ ਬੱਚੇ, ਹੁਣ ਤਿਆਰੀ ਖਿੱਚਣੀ ਸ਼ੁਰੂ ਕਰ ਦਿਓ। ਇੱਕ ਘੰਟੇ ਵਿਚ ਤੁਹਾਡੀ ਦੌੜ ਸ਼ੁਰੂ ਹੋਣ ਵਾਲੀ ਹੈ।"

ਹਾਵਰਡ ਪਿਛਲੇ ਕਈ ਦਿਨਾਂ ਤੋਂ ਮਿਲਖਾ ਸਿੰਘ ਦੇ ਹਰ ਇਕ ਵਿਰੋਧੀ ਦੀਆਂ ਤਕਨੀਕਾਂ ਦੀ ਪੂਰੀ ਸੂਹ ਰੱਖ ਰਹੇ ਸਨ।

ਪਹਿਲੀ ਹੀਟ ਤੋਂ ਬਾਅਦ ਰਾਤ ਦੇ ਖਾਣੇ ਤੋਂ ਬਾਅਦ ਹਾਵਰਡ ਮਿਲਖਾ ਸਿੰਘ ਦੇ ਕਮਰੇ ਵਿਚ ਗਏ ਅਤੇ ਉਨ੍ਹਾਂ ਦੇ ਮੰਜੇ 'ਤੇ ਬੈਠ ਕੇ ਆਪਣੀ ਟੁੱਟੀ ਫੁੱਟੀ ਹਿੰਦੀ ਵਿਚ ਬੋਲੇ, "ਮਿਲਖਾ, ਮੈਂ ਸਪੈਂਸ ਨੂੰ 400 ਮੀਟਰ ਦੌੜਦਿਆਂ ਦੇਖਿਆ ਹੈ। ਉਹ ਪਹਿਲਾਂ 300 ਮੀਟਰ ਹੌਲੀ ਦੌੜਦਾ ਹੈ ਅਤੇ ਅਖੀਰਲੇ 100 ਮੀਟਰ ਵਿਚ ਸਾਰਿਆਂ ਨੂੰ ਸਰ ਕਰ ਲੈਂਦਾ ਹੈ। ਤੁਹਾਨੂੰ 400 ਮੀਟਰ ਨਹੀਂ ਬਲਕਿ 350 ਮੀਟਰ ਹੀ ਦੌੜ ਲਗਾਉਣੀ ਹੈ। ਬੱਸ ਸਮਝੋ ਕਿ ਇੰਨੀ ਹੀ ਲੰਮੀ ਦੌੜ ਹੈ।"

ਮਿਲਖਾ ਸਿੰਘ ਦੱਸਦੇ ਸਨ, "440 ਗਜ਼ ਦੀ ਦੌੜ ਦੇ ਫਾਈਨਲ ਦੀ ਪਹਿਲੀ ਕਾਲ ਸ਼ਾਮ 3:50 'ਤੇ ਆਈ। ਅਸੀਂ ਛੇ ਜਣੇ ਸ਼ੁਰੂਆਤੀ ਲਾਈਨ 'ਤੇ ਖੜ੍ਹੇ ਹੋ ਗਏ। ਮੈਂ ਆਪਣੇ ਤੌਲੀਏ ਨਾਲ ਆਪਣੇ ਪੈਰਾਂ ਦਾ ਪਸੀਨਾ ਪੂੰਝਿਆ। ਮੈਂ ਅਜੇ ਆਪਣੇ ਸਪਾਈਕ ਦੇ ਤਸਮੇ ਬੰਨ੍ਹ ਹੀ ਰਿਹਾ ਸੀ ਕਿ ਦੂਜੀ ਕਾਲ ਆਈ। ...ਮੈਂ ਆਪਣਾ ਟਰੈਕ ਸੂਟ ਲਾਹਿਆ। ਮੇਰੀ ਵੈਸਟ 'ਤੇ 'ਭਾਰਤ' ਲਿਖਿਆ ਹੋਇਆ ਸੀ ਅਤੇ ਉਸ ਦੇ ਹੇਠਾਂ ਅਸ਼ੋਕ ਚੱਕਰ ਬਣਿਆ ਹੋਇਆ ਸੀ। ਫਿਰ ਮੈਂ ਲੰਮੇ ਸਾਹ ਲਏ ਅਤੇ ਆਪਣੇ ਸਾਥੀ ਦੌੜਾਕਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਇੰਗਲੈਂਡ ਦੇ ਸਾਲਸਬਰੀ ਪਹਿਲੀ ਕਤਾਰ ਵਿਚ ਸਨ। ਇਸ ਤੋਂ ਬਾਅਦ ਦੱਖਣੀ ਅਫਰੀਕਾ ਦੇ ਸਪੈਂਸ ਅਤੇ ਆਸਟਰੇਲੀਆ ਦੇ ਕੇਰ, ਫਿਰ ਜਮਾਇਕਾ ਦੇ ਗਾਸਪਰ ਅਤੇ ਕੈਨੇਡਾ ਦੇ ਟੋਬੈਕੋ ਅਤੇ ਛੇਵੀਂ ਕਤਾਰ ਵਿਚ ਸੀ ਭਾਰਤ ਦੇ ਮਿਲਖਾ ਸਿੰਘ।"

**ਸਿਰਫ ਅੱਧੇ ਫੁੱਟ ਦਾ ਫਰਕ:** ਜਿਉਂ ਹੀ ਸਟਾਰਟਰ ਨੇ ਕਿਹਾ- ਆਨ ਯੂਅਰ ਮਾਰਕ, ਮਿਲਖਾ ਸਿੰਘ ਨੇ ਸ਼ੁਰੂਆਤੀ ਲਾਈਨ ਦੇ ਪਿੱਛੇ ਆਪਣਾ ਖੱਬਾ ਪੈਰ ਕੀਤਾ ਅਤੇ ਸੱਜੇ ਗੋਡੇ ਨੂੰ ਖੱਬੇ ਪੈਰ ਦੇ ਸਮਾਨਾਂਤਰ ਕੀਤਾ ਅਤੇ ਦੋਵੇਂ ਹੱਥ ਜ਼ਮੀਨ 'ਤੇ ਰੱਖੇ। ਫਿਰ ਜਿਵੇਂ ਹੀ ਦੌੜ ਦੀ ਸ਼ੁਰੂਆਤ ਲਈ ਗੋਲੀ ਚੱਲੀ, ਮਿਲਖਾ ਸਿੰਘ ਇੰਜ ਤੇਜ਼ੀ ਨਾਲ ਭੱਜੇ, ਜਿਵੇਂ ਭੂੰਡਾਂ ਦਾ ਖੱਖਰ ਉਨ੍ਹਾਂ ਦੇ ਪਿੱਛੇ ਪੈ ਗਿਆ ਹੋਵੇ। ਉਨ੍ਹਾਂ ਨੂੰ ਹਾਵਰਡ ਦੀ ਦਿੱਤੀ ਸਲਾਹ ਯਾਦ ਸੀ। ਪਹਿਲੇ 300 ਮੀਟਰ ਵਿਚ ਉਨ੍ਹਾਂ ਆਪਣੀ ਪੂਰੀ ਜਿੰਦ-ਜਾਨ ਲਗਾ ਦਿੱਤੀ ਸੀ।

ਮਿਲਖਾ ਸਿੰਘ ਸਭ ਤੋਂ ਅੱਗੇ ਸਨ ਅਤੇ ਜਦੋਂ ਸਪੈਂਸ ਦਾ ਧਿਆਨ ਉਨ੍ਹਾਂ 'ਤੇ ਪਿਆ ਤਾਂ ਉਸ ਨੇ ਮਿਲਖਾ ਸਿੰਘ ਤੋਂ ਅੱਗੇ ਨਿਕਲਣ ਦਾ ਯਤਨ ਕੀਤਾ ਪਰ ਉਸ ਦਿਨ ਕਿਸਮਤ ਮਿਲਖਾ ਸਿੰਘ ਦੇ ਨਾਲ ਸੀ। ਮਿਲਖਾ ਸਿੰਘ ਉਸ ਦਿਨ ਨੂੰ ਯਾਦ ਕਰਦਿਆਂ ਕਹਿੰਦੇ ਹਨ, "ਜਦੋਂ ਦੌੜ ਖਤਮ ਹੋਣ ਵਿਚ 50 ਗਜ਼ ਬਾਕੀ ਰਹਿ ਗਏ ਸਨ, ਉਸ ਸਮੇਂ ਮੇਰਾ ਧਿਆਨ ਚਿੱਟੀ ਟੇਪ ਵੱਲ ਗਿਆ। ਸਪੈਂਸ ਤੋਂ ਪਹਿਲਾਂ ਉੱਥੇ ਪਹੁੰਚਣ ਲਈ ਮੈਂ ਆਪਣੀ ਪੂਰੀ ਵਾਹ ਲਾ ਦਿੱਤੀ ਸੀ। ਜਦੋਂ ਮੈਂ ਟੇਪ ਨੂੰ ਛੂਹਿਆ, ਉਸ ਸਮੇਂ ਸਪੈਂਸ ਮੇਰੇ ਕੋਲੋਂ ਮਹਿਜ਼ ਅੱਧਾ ਫੁੱਟ ਹੀ ਪਿੱਛੇ ਸੀ। ਅੰਗਰੇਜ਼ ਜ਼ੋਰ-ਜ਼ੋਰ ਨਾਲ ਚੀਕ ਰਹੇ ਸਨ- ਕਮ ਆਨ ਸਿੰਘ, ਕਮ ਆਨ ਸਿੰਘ। ਦੌੜ ਖਤਮ ਹੁੰਦਿਆਂ ਹੀ ਮੈਂ ਮੈਦਾਨ ਵਿਚ ਹੀ ਬੇਹੋਸ਼ ਹੋ ਕੇ ਡਿੱਗ ਪਿਆ।"

ਮਿਲਖਾ ਸਿੰਘ ਨੂੰ ਸਟ੍ਰੈਚਰ 'ਤੇ ਪਾ ਕੇ ਡਾਕਟਰ ਕੋਲ ਲਿਜਾਇਆ ਗਿਆ ਜਿੱਥੇ ਉਨ੍ਹਾਂ ਨੂੰ ਆਕਸੀਜਨ ਦਿੱਤੀ ਗਈ। ਜਦੋਂ ਉਨ੍ਹਾਂ ਨੂੰ ਹੋਸ਼ ਆਇਆ, ਉਸ ਸਮੇਂ ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਉਨ੍ਹਾਂ ਨੇ ਕਿੰਨਾ ਵੱਡਾ ਕਾਰਨਾਮਾ ਕੀਤਾ ਹੈ। ਉਨ੍ਹਾਂ ਦੇ ਸਾਥੀਆਂ ਨੇ ਉਨ੍ਹਾਂ ਨੂੰ ਮੋਢਿਆਂ 'ਤੇ ਚੁੱਕ ਲਿਆ। ਉਨ੍ਹਾਂ ਨੇ ਤਿਰੰਗੇ ਨੂੰ ਆਪਣੇ ਸਰੀਰ 'ਤੇ ਲਪੇਟਿਆ ਅਤੇ ਪੂਰੇ ਸਟੇਡੀਅਮ ਦਾ ਚੱਕਰ ਲਗਾਇਆ। ਇਹ ਪਹਿਲਾ ਮੌਕਾ ਸੀ ਜਦੋਂ ਕਿਸੇ ਭਾਰਤੀ ਖਿਡਾਰੀ ਨੇ ਰਾਸ਼ਟਰਮੰਡਲ ਖੇਡਾਂ ਵਿਚ ਸੋਨੇ ਦਾ ਤਗਮਾ ਜਿੱਤਿਆ ਸੀ।

**ਜਦੋਂ ਵਿਜੈ ਲਕਸ਼ਮੀ ਪੰਡਿਤ ਨੇ ਭੱਜ ਕੇ ਮਿਲਖਾ ਸਿੰਘ ਨੂੰ ਜੱਫੀ ਪਾਈ:** ਜਦੋਂ ਇੰਗਲੈਂਡ ਦੀ ਮਹਾਰਾਣੀ ਐਲਿਜ਼ਾਬੈਥ ਨੇ ਮਿਲਖਾ ਸਿੰਘ ਦੇ ਗਲੇ ਵਿਚ ਸੋਨੇ ਦਾ ਤਗਮਾ ਪਾਇਆ ਅਤੇ ਉਨ੍ਹਾਂ ਨੇ ਭਾਰਤੀ ਝੰਡੇ ਨੂੰ ਉੱਪਰ ਜਾਂਦਿਆਂ ਦੇਖਿਆ ਤਾਂ ਉਨ੍ਹਾਂ ਦੀਆਂ ਅੱਖਾਂ ਨਮ ਹੋ ਗਈਆਂ ਸਨ।

ਉਨ੍ਹਾਂ ਨੇ ਦੇਖਿਆ ਕਿ ਵੀ.ਆਈ.ਪੀ. ਇਨਕਲੋਜ਼ਰ ਵਿਚੋਂ ਛੋਟੇ ਵਾਲਾਂ ਵਾਲੀ ਮਹਿਲਾ ਜਿਸ ਨੇ ਸਾੜ੍ਹੀ ਪਹਿਨੀ ਹੋਈ ਸੀ, ਉਨ੍ਹਾਂ ਵੱਲ ਦੌੜਦੀ ਆ ਰਹੀ ਹੈ। ਭਾਰਤੀ ਟੀਮ ਦੇ ਮੁਖੀ ਅਸ਼ਵਨੀ ਕੁਮਾਰ ਨੇ ਉਸ ਨਾਲ ਜਾਣ-ਪਛਾਣ ਕਰਵਾਈ। ਉਹ ਬ੍ਰਿਟੇਨ ਵਿਚ ਭਾਰਤ ਦੀ ਹਾਈ ਕਮਿਸ਼ਨਰ ਵਿਜੈ ਲਕਸ਼ਮੀ ਪੰਡਿਤ ਸੀ। ਮਿਲਖਾ ਸਿੰਘ ਨੇ ਯਾਦ ਕੀਤਾ, "ਉਨ੍ਹਾਂ ਮੈਨੂੰ ਗਲੇ ਲਗਾਇਆ ਤੇ ਵਧਾਈ ਦਿੱਤੀ; ਨਾਲ ਹੀ ਕਿਹਾ ਕਿ ਪੰਡਿਤ ਜਵਾਹਰ ਲਾਲ ਨਹਿਰੂ ਨੇ ਸੁਨੇਹਾ ਭੇਜਿਆ ਹੈ ਕਿ ਇੰਨੀ ਵੱਡੀ ਪ੍ਰਾਪਤੀ ਹਾਸਲ ਕਰਨ 'ਤੇ ਉਹ ਇਨਾਮ ਵਜੋਂ ਕੀ ਲੈਣਾ ਚਾਹੁਣਗੇ? ... ਮੇਰੀ ਸਮਝ 'ਚ ਕੁਝ ਨਹੀਂ ਆਇਆ ਕਿ ਕੀ ਮੰਗਾਂ। ਮੇਰੇ ਮੂੰਹੋਂ ਨਿਕਲਿਆ ਕਿ ਜਿੱਤ ਦੀ ਇਸ ਖੁਸ਼ੀ 'ਚ ਭਾਰਤ ਭਰ 'ਚ ਛੁੱਟੀ ਕਰ ਦਿੱਤੀ ਜਾਵੇ। ਜਿਸ ਦਿਨ ਮੈਂ ਭਾਰਤ ਪਹੁੰਚਿਆ, ਉਸ ਦਿਨ ਪੰਡਿਤ ਨਹਿਰੂ ਨੇ ਆਪਣਾ ਵਾਅਦਾ ਪੂਰਾ ਕੀਤਾ ਅਤੇ ਦੇਸ਼ ਭਰ ਵਿਚ ਛੁੱਟੀ ਦਾ ਐਲਾਨ ਕੀਤਾ।"

**'ਉਡਣਾ ਸਿੱਖ' ਬਣਨ ਦੀ ਕਹਾਣੀ:** 1960 ਵਿਚ ਮਿਲਖਾ ਸਿੰਘ ਨੂੰ ਪਾਕਿਸਤਾਨ ਤੋਂ ਸੱਦਾ ਆਇਆ ਸੀ ਕਿ ਉਹ ਭਾਰਤ-ਪਾਕਿਸਤਾਨ ਅਥਲੈਟਿਕਸ ਮੁਕਾਬਲੇ ਵਿਚ ਹਿੱਸਾ ਲੈਣ। ਟੋਕਿਓ ਏਸ਼ੀਅਨ ਖੇਡਾਂ ਵਿਚ ਉਨ੍ਹਾਂ ਨੇ ਉਥੋਂ ਦੇ ਸਰਬੋਤਮ ਦੌੜਾਕ ਅਬਦੁੱਲ ਖਾਲਿਕ ਨੂੰ 200 ਮੀਟਰ ਦੀ ਦੌੜ ਵਿਚ ਮਾਤ ਦਿੱਤੀ ਸੀ। ਹੁਣ ਪਾਕਿਸਤਾਨੀ ਚਾਹੁੰਦੇ ਸਨ ਕਿ ਦੋਵਾਂ ਦਾ ਮੁਕਾਬਲਾ ਪਾਕਿਸਤਾਨ ਦੀ ਸਰਜ਼ਮੀਨ 'ਤੇ ਹੋਵੇ।


ਮਿਲਖਾ ਸਿੰਘ ਨੇ ਪਾਕਿਸਤਾਨ ਜਾਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਵੰਡ ਦੇ ਸਮੇਂ ਦੀਆਂ ਬਹੁਤ ਸਾਰੀਆਂ ਕੌੜੀਆਂ ਯਾਦਾਂ ਉਨ੍ਹਾਂ ਦੇ ਦਿਲੋ-ਦਿਮਾਗ ਅੰਦਰ ਘੁੰਮ ਰਹੀਆਂ ਸਨ। ਉਨ੍ਹਾਂ ਦੀਆਂ ਅੱਖਾਂ ਅੱਗੇ ਉਹ ਘਟਨਾ ਵਾਰ-ਵਾਰ ਆ ਜਾਂਦੀ ਸੀ ਜਦੋਂ ਉਨ੍ਹਾਂ ਦੇ ਪਿਤਾ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਸੀ ਪਰ ਨਹਿਰੂ ਦੇ ਕਹਿਣ 'ਤੇ ਮਿਲਖਾ ਸਿੰਘ ਪਾਕਿਸਤਾਨ ਗਏ। ਲਾਹੌਰ ਦੇ ਸਟੇਡੀਅਮ ਵਿਚ ਜਿਵੇਂ ਹੀ ਸਟਾਰਟਰ ਨੇ ਪਿਸਤੌਲ ਦਾਗੀ, ਮਿਲਖਾ ਸਿੰਘ ਨੇ ਦੌੜਨਾ ਸ਼ੁਰੂ ਕਰ ਦਿੱਤਾ। ਦਰਸ਼ਕ ਉਤਸੁਕਤਾ ਵਿਚ ਚੀਕਣ ਲੱਗੇ- "ਪਾਕਿਸਤਾਨ ਜ਼ਿੰਦਾਬਾਦ... ਅਬਦੁੱਲ ਖਾਲਿਕ ਜ਼ਿੰਦਾਬਾਦ...।"

ਅਬਦੁੱਲ ਖਾਲਿਕ ਮਿਲਖਾ ਤੋਂ ਅੱਗੇ ਸਨ ਪਰ 100 ਮੀਟਰ ਮੁਕੰਮਲ ਹੋਣ ਤੋਂ ਪਹਿਲਾਂ ਹੀ ਮਿਲਖਾ ਨੇ ਉਸ ਦੀ ਬਰਾਬਰੀ ਕਰ ਲਈ ਸੀ। ਇਸ ਤੋਂ ਬਾਅਦ ਖਾਲਿਕ ਪਛੜਦੇ ਗਏ। ਮਿਲਖਾ ਨੇ ਜਦੋਂ ਟੇਪ ਨੂੰ ਛੂਹਿਆ ਤਾਂ ਉਹ ਖਾਲਿਕ ਤੋਂ 10 ਗਜ਼ ਅੱਗੇ ਸਨ। ਉਨ੍ਹਾਂ ਇਹ ਦੌੜ 20.7 ਸੈਕਿੰਡ ਵਿਚ ਮੁਕੰਮਲ ਕੀਤੀ ਸੀ। ਇਹ ਉਸ ਸਮੇਂ ਦੇ ਵਿਸ਼ਵ ਰਿਕਾਰਡ ਦੀ ਬਰਾਬਰੀ ਸੀ। ਜਦੋਂ ਦੌੜ ਖਤਮ ਹੋਈ ਤਾਂ ਖਾਲਿਕ ਮੈਦਾਨ ਵਿਚ ਹੀ ਲੇਟ ਕੇ ਰੋਣ ਲੱਗ ਪਏ ਸਨ। ਮਿਲਖਾ ਸਿੰਘ ਉਨ੍ਹਾਂ ਦੇ ਕੋਲ ਗਏ ਅਤੇ ਖਾਲਿਕ ਦੀ ਪਿੱਠ ਥਾਪੜਦਿਆਂ ਬੋਲੇ, "ਹਾਰ-ਜਿੱਤ ਤਾਂ ਖੇਡ ਦਾ ਹੀ ਹਿੱਸਾ ਹਨ। ਇਸ ਨੂੰ ਦਿਲ ਨਾਲ ਨਹੀਂ ਲਗਾਉਣਾ ਚਾਹੀਦਾ ਹੈ।"

ਦੌੜ ਤੋਂ ਬਾਅਦ ਮਿਲਖਾ ਸਿੰਘ ਨੇ ਜੇਤੂ ਗੇੜਾ ਲਾਇਆ। ਮਿਲਖਾ ਸਿੰਘ ਨੂੰ ਤਗਮਾ ਦਿੰਦਿਆਂ ਪਾਕਿਸਤਾਨ ਦੇ ਰਾਸ਼ਟਰਪਤੀ ਫੀਲਡ ਮਾਰਸ਼ਲ ਅਯੂਬ ਖਾਨ ਨੇ ਕਿਹਾ ਸੀ, "ਮਿਲਖਾ ਅੱਜ ਤੁਸੀਂ ਦੌੜੇ ਨਹੀਂ, ਉੱਡੇ ਹੋ। ਮੈਂ ਤੁਹਾਨੂੰ 'ਫਲਾਇੰਗ ਸਿੱਖ' ਦਾ ਖਿਤਾਬ ਦਿੰਦਾ ਹਾਂ।"







ਖੱਬਿਓਂ: ਮਿਲਖਾ ਸਿੰਘ ਅਤੇ ਉਨ੍ਹਾਂ ਦੀ ਪਤਨੀ ਨਿਰਮਲ ਕੌਰ ਦੀ ਜਵਾਨੀ ਵੇਲੇ ਦੀ ਤਸਵੀਰ, (ਵਿਚਕਾਰ) ਬਾਅਦ ਦੀ ਇਕ ਤਸਵੀਰ ਅਤੇ (ਐਨ ਸੱਜੇ) ਖੇਡਣ ਵੇਲੇ ਮਿਲਖਾ ਸਿੰਘ।

# ਮਿਲਖਾ ਸਿੰਘ ਦੀ ਦੌੜ ਦਾ ਅੰਤ

ਪੰਜਾਬੀ ਖੇਡ ਸਾਹਿਤ 47



ਪ੍ਰਿੰ. ਸਰਵਣ ਸਿੰਘ
ਫੋਨ: 647-785-1661


ਮਿਲਖਾ ਸਿੰਘ ਦੀ ਜੀਵਨ ਦੌੜ ਦਾ ਅੰਤ ਹੋ ਗਿਆ ਹੈ। ਆਖਰ ਉਹ ਵੀ ਉਥੇ ਚਲਾ ਗਿਆ, ਜਿਥੋਂ ਕੋਈ ਨਹੀਂ ਮੁੜਦਾ। ਪਹਿਲਾਂ ਉਸ ਦੀ ਜੀਵਨ ਸਾਥਣ ਨਿਰਮਲ ਕੌਰ ਵਿਛੋੜਾ ਦੇ ਗਈ ਸੀ। ਪਿੱਛੇ ਹੁਣ ਉਨ੍ਹਾਂ ਦੀ ਔਲਾਦ ਹੈ, ਗੌਲਫਰ ਜੀਵ ਮਿਲਖਾ ਸਿੰਘ ਤੇ ਤਿੰਨ ਧੀਆਂ, ਪੋਤੇ-ਪੋਤੀਆਂ ਤੇ ਦੋਹਤੇ-ਦੋਹਤੀਆਂ। 'ਉਡਣਾ ਸਿੱਖ ਮਿਲਖਾ ਸਿੰਘ' ਭਾਰਤ ਦਾ ਹੀ ਨਹੀਂ, ਏਸ਼ੀਆ ਦਾ ਲਾਸਾਨੀ ਦੌੜਾਕ ਸੀ। ਦੌੜ ਉਹਦੀ ਜ਼ਿੰਦਗੀ ਸੀ। ਉਹਦਾ 400 ਮੀਟਰ ਦੌੜ ਦਾ ਰਿਕਾਰਡ ਭਾਰਤ ਦੇ ਕਿਸੇ ਦੌੜਾਕ ਤੋਂ 38 ਸਾਲ ਨਹੀਂ ਸੀ ਟੁੱਟਾ। ਦੌੜ ਉਹਦੇ ਨਾਲ ਬਚਪਨ ਤੋਂ ਹੀ ਜੁੜ ਗਈ ਸੀ। ਉਹ ਸਕੂਲੇ ਜਾਂਦਾ ਤਾਂ ਸਕੂਲੋਂ ਦੌੜ ਜਾਂਦਾ। ਤਪਦੇ ਹੋਏ ਰੇਤਲੇ ਰਾਹਾਂ 'ਤੇ ਨੰਗੇ ਪੈਰ ਭੁਜਦੇ ਤਾਂ ਦੌੜ ਕੇ ਕਿਸੇ ਰੁੱਖ ਦੀ ਛਾਂਵੇਂ ਠੰਢੇ ਕਰਦਾ। ਫਿਰ ਇਕ ਰੁੱਖ ਦੀ ਛਾਂ ਤੋਂ ਦੂਜੇ ਰੁੱਖ ਦੀ ਛਾਂ ਵੱਲ ਦੌੜਦਾ। 1947 ਵਿਚ ਉਹ ਪਾਕਿਸਤਾਨ 'ਚੋਂ ਜਾਨ ਬਚਾ ਕੇ ਦੌੜਿਆ। ਪਹਿਲਾਂ ਮੁਲਤਾਨ, ਫਿਰ ਫਿਰੋਜ਼ਪੁਰ ਤੇ ਫਿਰ ਦਿੱਲੀ ਪੁੱਜਾ। ਦਿੱਲੀ ਉਹ ਰੇਲ ਗੱਡੀਆਂ ਦੇ ਮਗਰ ਦੌੜਿਆ। ਢਿੱਡ ਦੀ ਭੁੱਖ ਨੇ ਚੋਰੀਆਂ-ਚਕਾਰੀਆਂ ਵੀ ਕਰਵਾਈਆਂ। ਪੁਲਿਸ ਫੜਨ ਲੱਗੀ ਤਾਂ ਦੌੜ ਕੇ ਬਚਿਆ। ਬਿਨ-ਟਿਕਟਾ ਸਫਰ ਕਰਦਾ ਦੌੜਨ ਲੱਗਾ ਤਾਂ ਦਬੋਚਿਆ ਗਿਆ, ਜਿਸ ਕਰਕੇ ਜੇਲ੍ਹ ਜਾ ਪੁੱਜਾ। ਦਿੱਲੀ 'ਚ ਦਿਨ-ਕੱਟੀ ਕਰਦੀ ਉਹਦੀ ਭੈਣ ਨੇ ਵਾਲੀਆਂ ਗਹਿਣੇ ਰੱਖ ਕੇ ਜੇਲ੍ਹੋਂ ਛੁਡਾਇਆ। ਫਿਰ ਉਸ ਨੂੰ ਭੈਣ ਦੇ ਸਹੁਰਿਆਂ ਨੇ ਘਰੋਂ ਦੌੜਾਅ ਦਿੱਤਾ।

ਚੜ੍ਹਦੀ ਜੁਆਨੀ 'ਚ ਉਹ ਇਕ ਗਰੀਬ ਕੁੜੀ ਦੇ ਕੁਆਰੇ ਇਸ਼ਕ ਪਿੱਛੇ ਦੌੜਿਆ, ਪਰ ਉਹ ਕੁੜੀ ਉਹਦੇ ਹੱਥ ਨਾ ਆਈ। ਇਕ ਅਮੀਰ ਕੁੜੀ ਉਹਦੇ ਮਗਰ ਦੌੜੀ, ਜਿਸ ਨੂੰ ਮਿਲਖਾ ਸਿੰਘ ਨੇ ਡਾਹੀ ਨਾ ਦਿੱਤੀ। ਫੌਜ 'ਚ ਭਰਤੀ ਹੋਇਆ ਤਾਂ ਦੌੜ ਕੇ ਹੀ ਦੁੱਧ ਦਾ ਸਪੈਸ਼ਲ ਗਲਾਸ ਲੁਆਇਆ। ਦੌੜ-ਦੌੜ ਕੇ ਤਰੱਕੀਆਂ ਪਾਈਆਂ ਤੇ ਸਿਪਾਹੀ ਤੋਂ ਜੇ. ਸੀ. ਓ. ਬਣਿਆ। ਦੇਸ-ਵਿਦੇਸ਼ ਵਿਚ ਦੌੜ ਕੇ ਉਹ ਕੱਪ ਤੇ ਮੈਡਲ ਜਿੱਤਦਾ ਗਿਆ ਅਤੇ ਅਮਰੀਕਾ ਦੀ ਹੈਲਮਜ਼ ਟਰਾਫੀ ਨੂੰ ਜਾ ਹੱਥ ਪਾਇਆ। 1958 ਵਿਚ ਟੋਕੀਓ ਦੀਆਂ ਏਸ਼ਿਆਈ ਖੇਡਾਂ ਦਾ ਬੈੱਸਟ ਅਥਲੀਟ ਬਣਿਆ ਤਾਂ ਕੁਲ ਦੁਨੀਆਂ 'ਚ ਮਿਲਖਾ-ਮਿਲਖਾ ਹੋ ਗਈ। 1960 'ਚ ਪਾਕਿਸਤਾਨ ਦੇ ਸ਼ਹਿਰ ਲਾਹੌਰ ਵਿਚ ਦੌੜਿਆ ਤਾਂ 'ਫਲਾਈਂਗ ਸਿੱਖ' ਦਾ ਖਿਤਾਬ ਮਿਲਿਆ। ਮੁਸੀਬਤਾਂ ਉਸ ਨੂੰ ਵਾਰ-ਵਾਰ ਘੇਰਦੀਆਂ ਰਹੀਆਂ, ਪਰ ਉਹ ਉਨ੍ਹਾਂ ਤੋਂ ਬਚਦਾ-ਬਚਾਉਂਦਾ ਅੱਗੇ ਹੀ ਅੱਗੇ ਦੌੜਦਾ ਗਿਆ। ਉਹਦੇ ਬਾਰੇ ਫਿਲਮ ਬਣਾਉਣ ਵਾਲਿਆਂ ਨੂੰ ਵੀ ਇਹੋ ਨਾਂ ਸੁੱਝਾ, 'ਭਾਗ ਮਿਲਖਾ ਭਾਗ।' ਜਨੂੰਨੀਆਂ ਹੱਥੋਂ ਉਹਦੇ ਮਾਰੇ ਜਾ ਰਹੇ ਬਾਪ ਦੇ ਆਖਰੀ ਬੋਲ ਸਨ, "ਦੌੜ ਜਾ ਪੁੱਤਰਾ! ਦੌੜ ਜਾਹ...।"

ਜਾਨ ਬਚਾ ਕੇ ਉਹ ਅਜਿਹਾ ਦੌੜਿਆ ਕਿ ਸਾਰੀ ਉਮਰ ਦੌੜਦਾ ਹੀ ਰਿਹਾ। ਆਖਰ 18 ਜੂਨ 2021 ਦੀ ਅੱਧੀ ਰਾਤ ਨੂੰ ਉਹਦੀ ਜੀਵਨ ਦੌੜ ਪੂਰੀ ਹੋਈ। ਜਿਨ੍ਹਾਂ ਰਾਹਾਂ, ਖੇਤਾਂ, ਡੰਡੀਆਂ, ਪਗਡੰਡੀਆਂ, ਪਟੜੀਆਂ, ਪਾਰਕਾਂ, ਟਰੈਕ, ਟ੍ਰੇਲਾਂ ਤੇ ਗੌਲਫ ਗਰਾਊਂਡਾਂ ਵਿਚ ਉਹ ਦੌੜਿਆ, ਅੱਜ ਵੀ ਉਥੋਂ ਉਹਦੇ ਮੁੜ੍ਹਕੇ ਦੀ ਮਹਿਕ ਆ ਰਹੀ ਹੈ, ਉਹਦੀਆਂ ਪੈੜਾਂ ਦੇ ਨਿਸ਼ਾਨ ਲਿਸ਼ਕ ਰਹੇ ਹਨ!

ਮਿਲਖਾ ਸਿੰਘ ਦਾ ਕਹਿਣਾ ਸੀ ਕਿ ਕਾਮਯਾਬੀ ਦੀ ਮੰਜ਼ਿਲ ਤਕ ਕੋਈ ਸ਼ਾਹੀ ਸੜਕ ਨਹੀਂ ਜਾਂਦੀ ਹੁੰਦੀ। ਕਠਿਨ ਤਪੱਸਿਆ ਬਿਨਾ ਜੋਗ ਹਾਸਲ ਨਹੀਂ ਹੁੰਦਾ। ਸਖਤ ਮਿਹਨਤ ਬਿਨਾ ਜਿੱਤ ਨਸੀਬ ਨਹੀਂ ਹੁੰਦੀ। ਦੌੜਨਾ ਦੁਸ਼ਵਾਰ ਸਾਧਨਾ ਹੈ। ਤਪ ਕਰਨਾ ਹੈ। ਉਸ ਨੂੰ 400 ਮੀਟਰ ਦੀ ਦੌੜ ਦੌੜਨ ਵਿਚ ਪਰਪੱਕ ਹੋਣ ਲਈ, ਨਵੇਂ ਰਿਕਾਰਡ ਰੱਖਣ ਲਈ, ਵਰ੍ਹਿਆਂ-ਬੱਧੀ ਦੌੜਨ ਦੀ ਪ੍ਰੈਕਟਿਸ ਕਰਨੀ ਪਈ ਸੀ। ਪ੍ਰੈਕਟਿਸ ਕਰਦਿਆਂ ਉਹ ਘੱਟੋ-ਘੱਟ 40 ਹਜ਼ਾਰ ਮੀਲ ਦੌੜਿਆ। ਅਨੇਕਾਂ ਵਾਰ ਹਫਿਆ, ਡਿਗਿਆ, ਲਹੂ ਦੀਆਂ ਉਲਟੀਆਂ ਕੀਤੀਆ ਤੇ ਬੇਹੋਸ਼ ਹੋਇਆ। ਦਿਨੇ ਉਹ ਟ੍ਰੈਕ 'ਤੇ ਦੌੜਦਾ ਤੇ ਰਾਤੀਂ ਸੁਪਨਿਆਂ ਵਿਚ। ਹਫਤੇ ਦੇ ਸੱਤੇ ਦਿਨ, ਸਾਲ ਦੇ ਸਾਰੇ ਹੀ ਦਿਨ। ਭਾਵੇਂ ਮੀਂਹ ਪਵੇ, ਨੇਰ੍ਹੀ ਵਗੇ, ਉਹ ਬਿਲਾਨਾਗਾ ਦੌੜਦਾ। ਉਸ ਨੇ ਦੌੜ-ਦੌੜ ਟ੍ਰੈਕ ਘਸਾ ਦਿੱਤੇ ਸਨ ਅਤੇ ਖੇਤਾਂ ਤੇ ਪਾਰਕਾਂ ਵਿਚ ਪਗਡੰਡੀਆਂ ਪਾ ਦਿੱਤੀਆਂ ਸਨ। ਜੇ ਉਹ ਧਰਤੀ ਦੁਆਲੇ ਦੌੜਨ ਲੱਗਦਾ ਤਾਂ ਕਦੋਂ ਦਾ ਚੱਕਰ ਲਾ ਗਿਆ ਹੁੰਦਾ। ਕਦੋਂ ਦਾ ਏਸ਼ੀਆ, ਅਫਰੀਕਾ, ਅਮਰੀਕਾ ਤੇ ਯੌਰਪ ਗਾਹ ਗਿਆ ਹੁੰਦਾ!

ਇਕ ਸਮੇਂ 100 ਮੀਟਰ, 200 ਮੀਟਰ, 400 ਮੀਟਰ ਤੇ 4+400 ਮੀਟਰ ਰਿਲੇਅ ਦੌੜਾਂ ਦੇ ਚਾਰੇ ਨੈਸ਼ਨਲ ਰਿਕਾਰਡ ਉਹਦੇ ਨਾਂ ਸਨ। ਉਸ ਨੇ 1958 ਵਿਚ ਭਾਰਤ ਲਈ ਕਾਮਨਵੈਲਥ ਖੇਡਾਂ ਦਾ ਪਹਿਲਾ ਗੋਲਡ ਮੈਡਲ ਜਿੱਤਿਆ ਸੀ। ਫਿਰ ਏਸ਼ਿਆਈ ਖੇਡਾਂ 'ਚੋਂ ਚਾਰ ਸੋਨੇ ਦੇ ਤਗਮੇ ਜਿੱਤੇ। ਕੌਮੀ ਤੇ ਕੌਮਾਂਤਰੀ ਦੌੜਾਂ ਵਿਚ ਉਹਦੇ ਤਗਮਿਆਂ ਦੀ ਗਿਣਤੀ ਸੌ ਤੋਂ ਵੱਧ ਹੈ। ਉਹ 80 ਇੰਟਰਨੈਸ਼ਨਲ ਦੌੜਾਂ ਦੌੜਿਆ, ਜਿਨ੍ਹਾਂ 'ਚੋਂ 77 ਦੌੜਾਂ ਜਿੱਤਿਆ। 1960 'ਚ ਰੋਮ ਦੀਆਂ ਓਲੰਪਿਕ




ਖੇਡਾਂ ਸਮੇਂ ਉਸ ਨੇ 400 ਮੀਟਰ ਦੀ ਦੌੜ 45.6 ਸੈਕੰਡ ਵਿਚ ਲਾ ਕੇ ਪਹਿਲਾ ਓਲੰਪਿਕ ਰਿਕਾਰਡ ਮਾਤ ਪਾਇਆ ਸੀ। ਸਿੰਡਰ ਟਰੈਕ ਉਤੇ ਕਿੱਲਾਂ ਵਾਲੇ ਭਾਰੇ ਸਪਾਈਕਸਾਂ ਨਾਲ ਲਾਈ ਦੌੜ ਦਾ ਉਹ ਨੈਸ਼ਨਲ ਰਿਕਾਰਡ ਭਾਰਤੀ ਅਥਲੀਟਾਂ ਲਈ 20ਵੀਂ ਸਦੀ ਦੇ ਅੰਤ ਤਕ ਚੈਲੰਜ ਬਣਿਆ ਰਿਹਾ। ਐਨ. ਆਈ. ਐਸ. ਪਟਿਆਲੇ ਦੇ ਅਜਾਇਬ ਘਰ ਵਿਚ ਟੰਗੇ ਉਹਦੇ ਕਿੱਲਾਂ ਵਾਲੇ ਭਾਰੇ ਬੂਟ ਭਾਰਤ ਦੇ ਅਥਲੀਟਾਂ ਨੂੰ ਵੰਗਾਰਦੇ ਰਹੇ, ਆਵੇ ਕੋਈ ਨਿੱਤਰੇ!

ਮਿਲਖਾ ਸਿੰਘ ਦਾ ਜਨਮ ਸ. ਸੰਪੂਰਨ ਸਿੰਘ ਦੇ ਘਰ ਮਾਤਾ ਵਧਾਵੀ ਕੌਰ ਦੀ ਕੁੱਖੋਂ ਹੋਇਆ ਸੀ। ਵਧਾਵੀ ਕੌਰ ਦਾ ਪੇਕੜਾ ਨਾਂ ਚਾਵਲੀ ਬਾਈ ਸੀ। ਉਹ ਪੱਛਮੀ ਪੰਜਾਬ ਦੇ ਪਿੰਡ ਗੋਬਿੰਦਪੁਰਾ, ਤਹਿਸੀਲ ਕੋਟ ਅੱਦੂ, ਜਿਲਾ ਮੁਜ਼ੱਫਰਗੜ੍ਹ ਵਿਚ ਰਹਿੰਦੇ ਸਨ। ਉਥੇ ਦੋ ਪਿੰਡ ਸਿੱਖਾਂ ਦੇ ਸਨ। ਗੋਬਿੰਦਪੁਰਾ ਦਾ ਪਹਿਲਾ ਨਾਂ ਬੁਖਾਰੀਆਂ ਸੀ। ਬਾਅਦ ਵਿਚ ਸਿੱਖਾਂ ਨੇ ਗੋਬਿੰਦਪੁਰਾ ਰੱਖਿਆ। ਉਹਦੇ ਉੱਤਰ ਵੱਲ ਜਿਲਾ ਮੁਲਤਾਨ ਸੀ ਤੇ ਦੱਖਣ ਵੱਲ ਰਿਆਸਤ ਬਹਾਵਲਪੁਰ। ਉਥੋਂ ਦੀ ਉਪ ਭਾਸ਼ਾ ਮੁਲਤਾਨੀ ਸੀ। ਹੁਣ ਉਹ ਇਲਾਕਾ ਚੰਗਾ ਆਬਾਦ ਹੈ। ਸ਼ਾਇਦ ਉਥੋਂ ਦੇ ਲੋਕ ਵੀ ਮਿਲਖਾ ਸਿੰਘ ਨੂੰ ਯਾਦ ਕਰਦੇ ਹੋਣ ਕਿ ਉਹ ਮਹਾਨ ਦੌੜਾਕ ਸਾਡੇ ਵਿਚੋਂ ਹੀ ਸੀ!

ਜਿਸ ਇਲਾਕੇ ਵਿਚ ਮਿਲਖਾ ਸਿੰਘ ਜੰਮਿਆ, ਉਹ ਪੱਧਰਾ ਮੈਦਾਨੀ ਸੀ ਤੇ ਦੌੜਾਂ ਦੌੜਨ ਦੇ ਅਨੁਕੂਲ ਸੀ। ਉਹਦੇ ਪੂਰਬ ਵੱਲ ਦਰਿਆ ਝਨਾਂ ਵਗਦਾ ਸੀ ਤੇ ਪੱਛਮ ਵੱਲ ਸਿੰਧ। ਉਹ ਫਲ ਮੇਵੇ, ਖਜੂਰਾਂ, ਕਣਕ, ਕਪਾਹ ਤੇ ਕਮਾਦ ਆਦਿ ਦੀਆਂ ਭਰਪੂਰ ਫਸਲਾਂ ਦੇਣ ਵਾਲੀ ਧਰਤੀ ਸੀ ਅਤੇ ਹੁਣ ਵੀ ਹੈ। ਹੁਣ ਬਿਜਲੀ ਨੇ ਹੋਰ ਵੀ ਰੰਗ ਭਾਗ ਲਾ ਦਿੱਤੇ ਹਨ। ਮੁਜ਼ੱਫਰਗੜ੍ਹ, ਮੁਲਤਾਨ ਤੋਂ ਡੇਰਾ ਗਾਜ਼ੀਖਾਨ ਨੂੰ ਜਾਂਦੀ ਜਰਨੈਲੀ ਸੜਕ ਉਤੇ ਆਬਾਦ ਹੈ। ਹੁਣ ਉਥੇ ਪਾਕਿਸਤਾਨ ਦਾ ਥਰਮਲ ਪਾਵਰ ਸਟੇਸ਼ਨ ਹੈ। ਜਦੋਂ ਮਿਲਖਾ ਸਿੰਘ ਜੰਮਿਆ, ਉਦੋਂ ਉਨ੍ਹਾਂ ਦਾ ਪਰਿਵਾਰ ਥੋੜ੍ਹੀ ਜਿਹੀ ਜ਼ਮੀਨ ਉਤੇ ਖੇਤੀਬਾੜੀ ਕਰਦਾ ਸੀ। ਉਨ੍ਹਾਂ ਦੇ ਦੋ ਕੱਚੇ ਕੋਠੇ ਸਨ। ਘਰ ਦੀ ਕਣਕ, ਘਰ ਦਾ ਦੁੱਧ ਘਿਓ ਤੇ ਘਰ ਦੀ ਸਬਜ਼ੀ ਭਾਜੀ ਖਾਧ-ਖੁਰਾਕ ਲਈ ਹੁੰਦੀ। ਉਹ ਦਸਾਂ ਨਹੁੰਆਂ ਦੀ ਕਿਰਤ ਕਰਦੇ ਰੱਬ ਦਾ ਸ਼ੁਕਰ ਮਨਾਉਂਦੇ। ਕਿਰਤੀ ਪਰਿਵਾਰ ਗਰੀਬੀ ਵਿਚ ਵੀ ਖੁਸ਼ਹਾਲ ਤੇ ਸੰਤੁਸ਼ਟ ਸੀ।

ਮਿਲਖਾ ਸਿੰਘ ਦੀ ਮਾਤਾ ਨੇ ਪੰਦਰਾਂ ਬੱਚਿਆਂ ਨੂੰ ਜਨਮ ਦਿੱਤਾ ਸੀ, ਜਿਨ੍ਹਾਂ ਵਿਚੋਂ ਸੱਤ ਬੱਚੇ ਜਨਮ ਸਮੇਂ ਜਾਂ ਬਚਪਨ 'ਚ ਲੱਗੀਆਂ ਬਿਮਾਰੀਆਂ ਕਾਰਨ ਮਰ ਗਏ। ਉਦੋਂ ਸੰਤਾਨ ਸੰਜਮ ਅਥਵਾ ਪਰਿਵਾਰ ਨਿਯੋਜਨ ਦੀਆਂ ਸਕੀਮਾਂ ਨਹੀਂ ਸਨ ਚੱਲੀਆਂ। ਜਣੇਪੇ ਦੀਆਂ ਬੀਮਾਰੀਆਂ ਦਾ ਉਚਿਤ ਇਲਾਜ ਨਹੀਂ ਸੀ। ਸੰਪੂਰਨ ਸਿੰਘ ਦਾ ਪਰਿਵਾਰ ਕਿਰਸਾਣੀ ਕਰਦਾ ਸੀ। ਉਹ ਮਾਲ-ਡੰਗਰ ਰੱਖਦੇ ਸਨ। ਗੁਜ਼ਾਰਾ ਕਰਨ ਲਈ ਸਾਰੇ ਜੀਆਂ ਨੂੰ ਸਖਤ ਮਿਹਨਤ ਕਰਨੀ ਪੈਂਦੀ ਸੀ। ਉਨ੍ਹਾਂ ਦਾ ਵਿਹੜਾ ਖੁੱਲ੍ਹਾ ਸੀ ਤੇ ਕੜੀਆਂ-ਬਾਲਿਆਂ ਵਾਲੇ ਦੋ ਕੱਚੇ ਕੋਠੇ ਸਨ। ਇਕ ਵਿਚ ਘਰ ਦੇ ਜੀਅ ਸੌਂਦੇ, ਦੂਜੇ ਵਿਚ ਡੰਗਰ-ਵੱਛਾ ਬੰਨ੍ਹਦੇ। ਪਿੰਡ ਦੇ ਨੇੜੇ ਹੀ ਇਕ ਨੈਂ ਵਗਦੀ ਸੀ, ਜੋ ਪਾਣੀ ਦੀਆਂ ਲੋੜਾਂ ਪੂਰੀਆਂ ਕਰਦੀ।

ਜਨਮ ਲੈਣ ਵਾਲੇ ਪੰਦਰਾਂ ਬੱਚਿਆਂ ਵਿਚੋਂ ਜੀਵਤ ਰਹਿਣ ਵਾਲੇ ਮਿਲਖਾ ਸਿੰਘ ਹੋਰੀਂ ਅੱਠ ਭੈਣ ਭਾਈ ਸਨ। ਪੰਜ ਭਰਾ ਤੇ ਤਿੰਨ ਭੈਣਾਂ। ਵੱਡਾ ਅਮੀਰ ਸਿੰਘ, ਫਿਰ ਦੌਲਤ ਸਿੰਘ, ਮੱਖਣ ਸਿੰਘ, ਮਿਲਖਾ ਸਿੰਘ ਤੇ ਸਭ ਤੋਂ ਛੋਟਾ ਗੋਬਿੰਦ ਸਿੰਘ ਸੀ। ਭੈਣਾਂ ਈਸ਼ਰ, ਹਰਬੰਸ ਤੇ ਮਖਣੀ ਸਨ। ਮਾਂ ਸਵੱਖਤੇ ਉਠਦੀ, ਚੱਕੀ ਝੋਂਦੀ, ਧਾਰਾਂ ਕੱਢਦੀ, ਚਾਟੀ ਵਿਚ ਮਧਾਣੀ ਪਾਉਂਦੀ ਤੇ ਵੱਡੇ ਟੱਬਰ ਦਾ ਖਾਣਾ ਤਿਆਰ ਕਰਦੀ। ਦਾਲਾਂ ਰਿੱਝਦੀਆਂ, ਤੰਦੂਰ ਤਪਦਾ ਤੇ ਰੋਟੀਆਂ ਦੇ ਪੂਰ ਲਹਿੰਦੇ। ਮਾਂ ਘਰ ਦੇ ਜੀਆਂ ਨੂੰ ਰੀਝ ਨਾਲ ਖਾਣਾ ਖੁਆਉਂਦੀ। ਦਾਲ ਸਬਜ਼ੀ ਵਿਚ ਦੇਸੀ ਘਿਓ ਤਰੋ-ਤਰ ਹੁੰਦਾ। ਉਨ੍ਹਾਂ ਦਿਨਾਂ ਵਿਚ ਧੀਆਂ ਪੁੱਤਰਾਂ ਦੇ ਛੋਟੇ ਹੁੰਦਿਆਂ ਹੀ ਵਿਆਹ ਕਰ ਦਿੱਤੇ ਜਾਂਦੇ ਸਨ। ਅਮੀਰ ਸਿੰਘ, ਦੌਲਤ ਸਿੰਘ, ਮੱਖਣ ਸਿੰਘ, ਹਰਬੰਸ ਕੌਰ ਤੇ ਈਸ਼ਰ ਕੌਰ ਪਾਕਿਸਤਾਨ ਬਣਨ ਤੋਂ ਪਹਿਲਾਂ ਹੀ ਵਿਆਹ ਦਿੱਤੇ ਗਏ ਸਨ ਤੇ ਉਨ੍ਹਾਂ ਦੇ ਬਾਲ ਬੱਚੇ ਵੀ ਹੋ ਗਏ ਸਨ। ਦੇਸ਼ ਦੀ ਵੰਡ ਵੇਲੇ ਮੱਖਣ ਸਿੰਘ ਫੌਜ ਵਿਚ ਸੀ ਅਤੇ ਮਿਲਖਾ ਸਿੰਘ ਸਕੂਲੇ ਪੜ੍ਹ ਰਿਹਾ ਸੀ।

ਸੰਪੂਰਨ ਸਿੰਘ ਦੇ ਵੱਡੇ ਤਿੰਨੇ ਪੁੱਤਰ ਪੜ੍ਹ ਨਹੀਂ ਸੀ ਸਕੇ। ਪਿਤਾ ਸਮਝਦਾ ਸੀ ਕਿ ਕੋਈ ਪੜ੍ਹ ਲਵੇਗਾ ਤਾਂ ਉਹਦੀ ਜੂਨ ਸੰਵਰ ਜਾਵੇਗੀ। ਮਿਲਖਾ ਸਿੰਘ ਦਾ ਬਚਪਨ ਖੇਡਣ ਮੱਲ੍ਹਣ ਵਾਲੇ ਆਮ ਨਿਆਣਿਆਂ ਵਾਂਗ ਬੀਤ ਰਿਹਾ ਸੀ। ਉਸ ਨੂੰ ਉਹਦੀ ਰੁਚੀ ਦੇ ਉਲਟ ਲਾਗਲੇ ਪਿੰਡ ਪੜ੍ਹਨੇ ਪਾ ਦਿੱਤਾ ਗਿਆ। ਉਹ ਬੋਰੀ-ਬਸਤਾ ਲੈ ਕੇ ਮਦਰੱਸੇ ਜਾਂਦਾ, ਜਿਥੇ ਮੌਲਵੀ ਗੁਲਾਮ ਮੁਹੰਮਦ ਉਸ ਨੂੰ ਉਰਦੂ ਦੇ ਅੱਖਰ ਸਿਖਾਉਂਦਾ ਅਤੇ ਹਿਸਾਬ ਦੇ ਸੁਆਲ ਸਮਝਾਉਂਦਾ। ਸ਼ੁੱਕਰਵਾਰ ਦੇ ਦਿਨ ਉਹ ਮਦਰੱਸੇ ਦੀ ਸਾਫ-ਸਫਾਈ ਕਰ ਕੇ ਲੇਪਾ-ਪੋਚਾ ਕਰਦੇ। ਮਦਰੱਸੇ ਤੋਂ ਛੁੱਟੀ ਮਿਲਦੀ ਤਾਂ ਉਹ ਟਟੀਹਰੀ ਬਣਿਆ ਘਰ ਨੂੰ ਦੌੜਦਾ।

ਲਾਗਲੇ ਪਿੰਡੋਂ ਮੁਢਲੀਆਂ ਚਾਰ ਜਮਾਤਾਂ ਪੜ੍ਹ ਕੇ ਮਿਲਖਾ ਸਿੰਘ ਤੇ ਉਹਦਾ ਦੋਸਤ ਸਾਹਿਬ ਸਿੰਘ 'ਸਹਿਬੂ' ਪੰਜਵੀਂ ਜਮਾਤ ਕੋਟ ਅੱਦੂ ਦੇ ਸਕੂਲ ਵਿਚ ਪੜ੍ਹਨ ਲੱਗੇ। ਕੋਟ ਅੱਦੂ ਗੋਬਿੰਦਪੁਰੇ ਤੋਂ ਸੱਤ ਮੀਲ ਯਾਨਿ ਗਿਆਰਾਂ ਕਿਲੋਮੀਟਰ ਦੂਰ ਸੀ, ਜਿਥੇ ਪਹੁੰਚਣ ਨੂੰ ਦੋ ਘੰਟੇ ਲੱਗਦੇ। ਸਵੇਰੇ ਮੁਲਤਾਨ ਵਾਲੀ ਗੱਡੀ ਚੀਕ ਮਾਰ ਕੇ ਲੰਘਦੀ ਤਾਂ ਉਹ ਘਰੋਂ ਤੁਰ ਪੈਂਦੇ। ਗੱਡੀ ਸਕੂਲ ਲੱਗਣ ਤੋਂ ਦੋ ਘੰਟੇ ਪਹਿਲਾਂ ਲੰਘਦੀ ਸੀ, ਜਿਸ ਨਾਲ ਪਤਾ ਲੱਗ ਜਾਂਦਾ ਸੀ ਕਿ ਸਕੂਲ ਜਾਣ ਦਾ ਵਕਤ ਹੋ ਗਿਆ।

ਉਸ ਇਲਾਕੇ ਵਿਚ ਗਰਮੀ ਏਨੀ ਪੈਂਦੀ ਸੀ ਕਿ ਪਾਰਾ 50 ਡਿਗਰੀ ਤੋਂ ਵੀ ਉਪਰ ਚਲਾ ਜਾਂਦਾ ਸੀ। ਪੜ੍ਹਨ ਉਹ ਨੰਗੇ ਪੈਰੀਂ ਜਾਂਦਾ। ਰੇਤਲੇ ਰਾਹ ਉਤੇ ਬਾਲਕ ਮਿਲਖਾ ਸਿੰਘ ਦੇ ਪੈਰ ਤਪਦੇ ਤਾਂ ਉਹ ਦੌੜ ਕੇ ਕਿਸੇ ਕਿੱਕਰੀ ਦੀ ਛਾਂਵੇਂ ਖੜ੍ਹ ਕੇ ਠੰਢੇ ਕਰਦਾ। ਫਿਰ ਛਾਂ ਤੋਂ ਛਾਂ ਵੱਲ ਦੌੜਦਾ। ਕਦੇ ਦੌੜਦਾ, ਕਦੇ ਖੜ੍ਹਦਾ, ਉਹ ਸੱਤ ਮੀਲ ਦਾ ਪੈਂਡਾ ਮੁਕਾਉਂਦਾ ਘਰ ਪਹੁੰਚਦਾ। ਤੱਤੀ ਰੇਤ ਉਤੇ ਲਾਈਆਂ ਦੌੜਾਂ ਉਹਦੇ ਜੀਵਨ ਦੀਆਂ ਮੁਢਲੀਆਂ ਦੌੜਾਂ ਸਨ, ਜੋ ਬਾਅਦ ਵਿਚ ਓਲੰਪਿਕ ਖੇਡਾਂ ਤਕ ਜਾ ਪੁੱਜੀਆਂ। ਸਿਆਲ ਵਿਚ ਕੋਰਾ ਪੈਂਦਾ ਤਾਂ ਉਹ ਦੌੜ ਕੇ ਪੈਰ ਗਰਮਾਉਂਦਾ। ਇੰਜ ਉਹਦੀਆਂ ਲੱਤਾਂ ਵਿਚ ਤਾਕਤ ਭਰਦੀ ਗਈ, ਪਰ ਸਰੀਰ ਇਕਹਿਰਾ ਹੀ ਰਿਹਾ। ਆਪਣੇ ਹਾਣੀਆਂ ਨਾਲ ਖੇਡਦਾ ਤਾਂ ਕਿਸੇ ਨੂੰ ਡਾਹੀ ਨਾ ਦਿੰਦਾ।

ਕੋਟ ਅੱਦੂ ਤੋਂ ਸੱਤਵੀਂ ਜਮਾਤ ਪਾਸ ਕਰ ਕੇ ਮਿਲਖਾ ਸਿੰਘ ਅੱਠਵੀਂ ਵਿਚ ਮੁਲਤਾਨ ਛਾਉਣੀ ਦੇ ਸਕੂਲ ਵਿਚ ਜਾ ਦਾਖਲ ਹੋਇਆ। ਉਥੇ ਉਹਦਾ ਵੱਡਾ ਭਰਾ ਮੱਖਣ ਸਿੰਘ ਫੌਜ ਵਿਚ ਭਰਤੀ ਸੀ। ਉਹ ਉਨ੍ਹਾਂ ਕੋਲ ਰਹਿੰਦਾ ਤੇ ਛੁੱਟੀ ਵਾਲੇ ਦਿਨ ਪਿੰਡ ਪਹੁੰਚ ਜਾਂਦਾ। ਉਦੋਂ ਤਕ ਦਿਨ ਸੋਹਣੇ ਲੰਘ ਰਹੇ ਸਨ। ਜਾਪਦਾ ਸੀ ਮਿਲਖਾ ਸਿੰਘ ਪੜ੍ਹ ਲਿਖ ਕੇ ਸੌਖਾ ਜੀਵਨ ਜੀਵੇਗਾ ਤੇ ਮਾਪਿਆਂ ਦੀ ਸੇਵਾ ਕਰੇਗਾ। ਫਿਰ 1947 ਦਾ ਸਾਲ ਆ ਗਿਆ। ਮਾਰ-ਧਾੜ ਵਾਲਾ ਸਾਲ। ਆਜ਼ਾਦੀ ਦੇ ਨਾਂ ਉਤੇ ਪੰਜਾਬੀਆਂ ਦੀ ਬਰਬਾਦੀ ਦਾ ਸਾਲ, ਜਿਸ ਵਿਚ ਮਿਲਖਾ ਸਿੰਘ ਦੇ ਮਾਂ ਬਾਪ, ਭੈਣ ਭਾਈ ਤੇ ਬੱਚੇ ਮਾਰੇ ਗਏ। ਫਿਰ ਮਿਲਖਾ ਸਿੰਘ ਰਾਖ 'ਚੋਂ ਉੱਗਿਆ।


ਮਿਲਖਾ ਸਿੰਘ ਦੀ ਜਨਮ ਮਿਤੀ ਦਾ ਕਿਸੇ ਨੂੰ ਵੀ ਪੱਕਾ ਪਤਾ ਨਹੀਂ। ਉਂਜ ਉਹਦੀਆਂ ਤਿੰਨ ਜਨਮ ਮਿਤੀਆਂ ਲਿਖੀਆਂ ਮਿਲਦੀਆਂ ਹਨ-20 ਨਵੰਬਰ 1929, 17 ਅਕਤੂਬਰ 1935 ਅਤੇ 20 ਨਵੰਬਰ 1935। ਦੇਸ਼ ਦੀ ਵੰਡ ਵੇਲੇ ਉਹ ਅੱਠਵੀਂ 'ਚ ਪੜ੍ਹਦਾ ਸੀ। ਅੰਦਾਜ਼ੇ ਨਾਲ ਉਹਦਾ ਜਨਮ ਸਾਲ 1931-32 ਦਾ ਮੰਨਿਆ ਜਾ ਸਕਦੈ। ਉਹ ਲਗਭਗ ਸੱਠ ਸਾਲ ਚੰਡੀਗੜ੍ਹ ਦੇ ਖੇਡ ਮੈਦਾਨਾਂ ਤੇ ਪਾਰਕਾਂ 'ਚ ਜੌਗਿੰਗ ਕਰਦਾ ਅਤੇ ਗੌਲਫ ਖੇਡਦਾ ਰਿਹਾ। ਉਹਦੀ ਸਿਹਤ ਵੱਲ ਵੇਖਦਿਆਂ ਲੱਗਦਾ ਸੀ ਕਿ ਸੈਂਚਰੀ ਮਾਰ ਜਾਵੇਗਾ, ਪਰ ਕਰੋਨਾ ਉਸ ਮਹਾਨ ਦੌੜਾਕ ਨੂੰ 90ਵਿਆਂ ਦੀ ਉਮਰ ਵਿਚ ਲੈ ਬੈਠਾ। ਪਾਸ਼ ਨੇ ਉਹਦੀ ਸਵੈਜੀਵਨੀ 'ਫਲਾਈਂਗ ਸਿੱਖ ਮਿਲਖਾ ਸਿੰਘ' ਲਿਖੀ ਸੀ ਤੇ ਮੈਂ ਉਹਦੀ ਜੀਵਨੀ 'ਉਡਣਾ ਸਿੱਖ ਮਿਲਖਾ ਸਿੰਘ' ਛਪਵਾਈ, ਜਿਸ ਦੇ ਸਰਵਰਕ ਉਤੇ ਦਰਜ ਹੈ:

ਅਣਵੰਡੇ ਪੰਜਾਬ ਵਿਚ ਜਿਲਾ ਮੁਜ਼ੱਫਰਗੜ੍ਹ ਦੇ ਪਿੰਡ ਗੋਬਿੰਦਪੁਰਾ ਵਿਖੇ ਇਕ ਗਰੀਬ ਕਿਸਾਨ ਘਰ ਦਾ ਜੰਮਪਲ ਹੋ ਕੇ, 1947 ਦੀ ਦੇਸ਼-ਵੰਡ ਸਮੇਂ ਆਪਣੀਆਂ ਅੱਖਾਂ ਸਾਹਮਣੇ ਮਾਂ-ਬਾਪ ਤੇ ਭੈਣ-ਭਰਾ ਕਤਲ ਹੁੰਦੇ ਵੇਖ ਕੇ, ਬਚਪਨ ਤੇ ਭਵਿੱਖ ਟੁਕੜੇ-ਟੁਕੜੇ ਕਰਾ ਕੇ, ਮਾਤਭੂਮੀ ਤੋਂ ਉੱਜੜ-ਪੁੱਜੜ ਕੇ, ਅਨਾਥ ਹੋ ਕੇ, ਭੁੱਖੇ-ਪਿਆਸੇ ਰਹਿ ਕੇ, ਜੇਲ੍ਹ ਦੀ ਹਵਾ ਖਾ ਕੇ, ਅੰਤਾਂ ਦੀਆਂ ਦੁਸ਼ਵਾਰੀਆਂ 'ਚੋਂ ਲੰਘ ਕੇ, ਫੌਜ ਵਿਚ ਭਰਤੀ ਹੋ ਕੇ, ਵੱਡੀ ਉਮਰ 'ਚ ਦੌੜ ਮੁਕਾਬਲੇ ਸ਼ੁਰੂ ਕਰ ਕੇ ਤੇ ਫਿਰ 'ਦੌੜ ਦਾ ਬਾਦਸ਼ਾਹ' ਬਣ ਕੇ ਜੋ ਮਿਸ਼ਾਲ ਮਿਲਖਾ ਸਿੰਘ ਨੇ ਜਗਾਈ, ਉਹ ਸਾਡੇ ਸਭਨਾਂ ਲਈ ਚਾਨਣ ਮੁਨਾਰਾ ਹੈ।

ਮਿਲਖਾ ਸਿੰਘ ਦੀ ਜਗਾਈ ਮਿਸ਼ਾਲ ਹਰ ਬੱਚੇ ਨੂੰ, ਹਰ ਨੌਜੁਆਨ ਨੂੰ, ਹੌਸਲਾ ਹਾਰੀ ਬੈਠੇ ਹਾਰੀ-ਸਾਰੀ ਨੂੰ, ਡਿੱਗੇ ਢੱਠੇ ਇਨਸਾਨਾਂ ਨੂੰ ਉੱਚੀਆਂ ਉਡਾਰੀਆਂ ਭਰਨ ਅਤੇ ਮੰਜ਼ਿਲਾਂ ਮਾਰਨ ਲਈ ਉਕਸਾ ਸਕਦੀ ਹੈ। ਉਨ੍ਹਾਂ ਲਈ ਚਾਨਣ ਮੁਨਾਰਾ ਹੋ ਸਕਦੀ ਹੈ, ਰਾਹ-ਦਸੇਰਾ ਹੋ ਸਕਦੀ ਹੈ, ਰਹਿਬਰ ਬਣ ਸਕਦੀ ਹੈ। ਮਿਲਖਾ ਸਿੰਘ ਦੀ ਦੌੜ, ਤੇਜ਼ ਕਦਮਾਂ ਨਾਲ ਕੇਵਲ 400 ਮੀਟਰ ਦੀ ਦੌੜ ਹੀ ਨਹੀਂ, ਸਗੋਂ ਹਰ ਬਾਲਕ ਅੰਦਰ ਸੁੱਤੀਆਂ ਪਈਆਂ ਬੇਅੰਤ ਸੰਭਾਵਨਾਵਾਂ ਜਗਾਉਣ ਦੀ ਦੌੜ ਹੈ; ਪਰ ਇਰਾਦੇ ਦੀ ਦ੍ਰਿੜਤਾ, ਸਦੀਵੀ ਲਗਨ ਅਤੇ ਅਣਥੱਕ ਮਿਹਨਤ ਮਿਲਖਾ ਸਿੰਘ ਵਰਗੀ ਹੋਣੀ ਚਾਹੀਦੀ ਹੈ।

# ਓਂਟਾਰੀਓ ਕੈਬਨਿਟ 'ਚ ਤਿੰਨ ਪੰਜਾਬੀ ਸ਼ਾਮਲ





**ਟੋਰਾਂਟੋ:** ਕੈਨੇਡਾ ਦੇ ਓਂਟਾਰੀਓ ਸੂਬੇ ਦੀ ਕੈਬਨਿਟ 'ਚ ਤਿੰਨ ਹੋਰ ਪੰਜਾਬੀ ਮੂਲ ਦੇ ਆਗੂਆਂ ਨੂੰ ਮੰਤਰੀ ਵਜੋਂ ਸ਼ਾਮਲ ਕੀਤਾ ਗਿਆ ਹੈ। ਓਂਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਆਪਣੇ ਮੰਤਰੀ ਮੰਡਲ 'ਚ ਫੇਰਬਦਲ ਕੀਤਾ। ਕਰੋਨਾ ਮਹਾਮਾਰੀ ਦੌਰਾਨ ਕੈਰੇਬੀਅਨ ਮੁਲਕ 'ਚ ਛੁੱਟੀ ਮਨਾਉਣ ਕਾਰਨ ਆਪਣੇ ਅਹੁਦੇ ਤੋਂ ਅਸਤੀਫਾ ਦੇਣ ਵਾਲੇ ਸਾਬਕਾ ਵਿੱਤ ਮੰਤਰੀ ਰੋਡ ਫਿਲਿਪਸ ਨੂੰ ਲੰਬੇ ਸਮੇਂ ਦੀ ਦੇਖਭਾਲ ਮਹਿਕਮੇ ਦੇ ਮੰਤਰੀ ਵਜੋਂ ਸ਼ਾਮਲ ਕੀਤਾ ਗਿਆ ਹੈ।

ਸੂਬੇ 'ਚ ਅਗਲੇ ਵਰ੍ਹੇ ਜੂਨ 'ਚ ਚੋਣਾਂ ਹੋਣ ਵਾਲੀਆਂ ਹਨ ਅਤੇ ਉਸ ਤੋਂ ਇਕ ਸਾਲ ਪਹਿਲਾਂ ਪਹਿਲਾਂ ਮੰਤਰੀ ਮੰਡਲ 'ਚ ਬਦਲਾਅ ਕੀਤਾ ਗਿਆ ਹੈ। ਪਿਛਲੇ ਮੰਤਰੀ ਮੰਡਲ 'ਚ ਭਾਰਤੀ-ਕੈਨੇਡਿਆਈ ਪ੍ਰਭਮੀਤ ਸਰਕਾਰੀਆ (30) ਨੂੰ ਤਰੱਕੀ ਦੇ ਕੇ ਖਜਾਨਾ ਬੋਰਡ ਦਾ ਮੁਖੀ ਬਣਾਇਆ ਗਿਆ ਹੈ। ਪਰਮ ਗਿੱਲ ਅਤੇ ਨੀਨਾ ਟਾਂਗਰੀ ਨੂੰ ਮੰਤਰੀ ਮੰਡਲ 'ਚ ਥਾਂ ਦਿੱਤੀ ਗਈ ਹੈ।

ਮੋਗਾ 'ਚ ਜਨਮੇ ਗਿੱਲ ਨੂੰ ਨਾਗਰਿਕਤਾ ਅਤੇ ਬਹੁਸੱਭਿਆਚਾਰਵਾਦ ਦਾ ਵਿਭਾਗ ਮਿਲਿਆ ਹੈ ਜਦਕਿ ਨੀਨਾ ਨੂੰ ਛੋਟੇ ਕਾਰੋਬਾਰ ਅਤੇ ਲਾਲ ਫੀਤਾਸ਼ਾਹੀ 'ਚ ਕਮੀ ਵਿਭਾਗ 'ਚ ਸਹਾਇਕ ਮੰਤਰੀ ਬਣਾਇਆ ਗਿਆ ਹੈ। ਨੀਨਾ ਟਾਂਗਰੀ ਦਾ ਪਰਿਵਾਰ ਜਲੰਧਰ ਨੇੜੇ ਬਿਲਗਾ ਤੋਂ ਹੈ। ਇਸ ਤੋਂ ਪਹਿਲਾਂ ਉਹ ਆਰਥਿਕ ਵਿਕਾਸ, ਰੁਜ਼ਗਾਰ ਦੇ ਮੌਕੇ ਪੈਦਾ ਕਰਨ ਸਬੰਧੀ ਮਾਮਲਿਆਂ ਦੇ ਮੰਤਰੀ ਦੀ ਪਾਰਲੀਮਾਨੀ ਸਹਾਇਕ ਵਜੋਂ ਸੇਵਾਵਾਂ ਦੇ ਰਹੀ ਸੀ। ਪਰਮ ਗਿੱਲ (47) ਅਤੇ ਭਾਰਤੀ-ਕੈਨੇਡੀਅਨ ਭਾਈਚਾਰੇ ਦੇ ਲੋਕ ਉਸ ਨੂੰ ਮੰਤਰੀ ਦਾ ਅਹੁਦਾ ਮਿਲਣ ਤੋਂ ਹੈਰਾਨ ਹਨ। ਗਿੱਲ ਨੇ ਕਿਹਾ ਕਿ ਕਿਸ ਨੇ ਸੋਚਿਆ ਹੋਵੇਗਾ ਕਿ ਉਹ ਮੰਤਰੀ ਬਣ ਸਕਦਾ ਹੈ ਜਿਸ ਦਾ ਪਾਲਣ-ਪੋਸਣ ਸਿਰਫ ਮਾਂ ਨੇ ਹੀ ਕੀਤਾ ਹੋਵੇ। ਸਿਆਸੀ ਮਾਹਿਰਾਂ ਮੁਤਾਬਕ ਮੰਤਰੀ ਮੰਡਲ 'ਚ ਫੇਰਬਦਲ ਭਾਰਤੀ-ਕੈਨੇਡੀਅਨ ਵੋਟਾਂ ਨੂੰ ਧਿਆਨ 'ਚ ਰੱਖ ਕੇ ਕੀਤਾ ਗਿਆ ਹੈ।

## ਕੈਨੇਡਾ ਦੇ ਰੱਖਿਆ ਮੰਤਰੀ ਵਿਰੁੱਧ ਨਿੰਦਾ ਮਤਾ ਪਾਸ

**ਵੈਨਕੂਵਰ:** ਕੈਨੇਡੀਅਨ ਰੱਖਿਆ ਸੇਵਾਵਾਂ ਵਿਚ ਇਸਤਰੀਆਂ ਨਾਲ ਹੁੰਦੇ ਕਥਿਤ ਸ਼ੋਸ਼ਣ ਦੇ ਮਾਮਲੇ ਨੂੰ ਠੀਕ ਤਰ੍ਹਾਂ ਨਾਲ ਨਾ ਨਜਿੱਠਣ 'ਤੇ ਵਿਰੋਧੀ ਪਾਰਟੀਆਂ ਨੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੂੰ ਨਿਸ਼ਾਨੇ 'ਤੇ ਲਿਆ ਹੈ। ਪ੍ਰਧਾਨ ਮੰਤਰੀ ਦੀ ਗੈਰਹਾਜ਼ਰੀ ਵਿਚ ਤਿੰਨੋਂ ਵਿਰੋਧੀ ਪਾਰਟੀਆਂ ਨੇ ਸੰਸਦ ਵਿਚ ਸ੍ਰੀ ਸੱਜਣ ਵਿਰੁੱਧ ਨਿੰਦਾ ਮਤਾ ਪਾਸ ਕੀਤਾ। ਉਨ੍ਹਾਂ ਮੰਤਰੀ ਤੋਂ ਅਸਤੀਫਾ ਲੈਣ ਜਾਂ ਬਰਤਰਫ ਕਰਨ ਦੀ ਮੰਗ ਕੀਤੀ ਹੈ। ਉਧਰ, ਕਰੋਨਾ ਕਾਰਨ ਆਪਣੇ ਘਰ ਵਿਚ ਇਕਾਂਤਵਾਸ ਹੋਏ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਉਨ੍ਹਾਂ ਨੂੰ ਆਪਣੇ ਮੰਤਰੀ ਉਤੇ ਪੂਰਾ ਭਰੋਸਾ ਹੈ ਅਤੇ ਉਸ ਦੇ ਕੰਮਾਂ ਅਤੇ ਨਿਭਾਏ ਫਰਜ਼ਾਂ ਉੱਤੇ ਕਿੰਤੂ-ਪ੍ਰੰਤੂ ਕਰਕੇ ਵਿਰੋਧੀ ਧਿਰਾਂ ਦਾ ਕੰਮ ਆਪਣੀ ਹੋਂਦ ਦਰਸਾਉਣਾ ਹੈ। ਕੰਜਰਵੇਟਿਵ ਆਗੂ ਐਰਿਨ ਓ ਟੂਲ ਵਲੋਂ ਪੇਸ਼ ਮਤਾ ਬਲਾਕ ਕਿਊਬਕਵਾ ਪਾਰਟੀ ਤੇ ਐਨ.ਡੀ.ਪੀ. ਦੇ ਸਮਰਥਨ ਨਾਲ ਪਾਸ ਹੋ ਗਿਆ।

# ਸਮੇਂ ਦੀ ਅਣਸਰਦੀ ਲੋੜ ਹੈ ਪੰਜਾਬ ਪੱਖੀ ਰਾਜਨੀਤਕ ਬਦਲ



ਸੁਕੰਨਿਆਂ ਭਾਰਦਵਾਜ ਨਾਭਾ
ਫੋਨ: 815-307-3112

ਜਦੋਂ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਆਪਣੇ ਕਾਫਲੇ ਲੈ ਕੇ 'ਦਿੱਲੀ ਚਲੋ' ਦਾ ਨਾਹਰਾ ਬੁਲੰਦ ਕਰਕੇ ਦਿੱਲੀ ਨੂੰ ਰਵਾਨਾ ਹੋਈਆਂ ਸਨ ਤਾਂ ਨਹੀਂ ਸੀ ਲਗਦਾ ਕਿ ਇਹ ਅੰਦੋਲਨ 6 ਮਹੀਨੇ ਚਲੇਗਾ। ਸ਼ਾਇਦ ਅਜ਼ਾਦੀ ਅੰਦੋਲਨ ਤੋਂ ਬਾਅਦ 73 ਸਾਲਾਂ ਵਿਚ ਇਹ ਪਹਿਲਾ ਅਜਿਹਾ ਕਿਸਾਨ ਅੰਦੋਲਨ ਹੈ। ਸਰਕਾਰ ਦੀ ਇਹ ਅਸੰਵੇਦਨਸ਼ੀਲਤਾ ਕਿਸੇ ਨੇ ਕਿਆਸ ਨਹੀਂ ਸੀ ਕੀਤੀ। ਭਾਵੇਂ ਕਿਸਾਨ ਆਗੂਆਂ ਦਾ ਤਾਂ ਪਹਿਲੇ ਦਿਨ ਤੋਂ ਹੀ ਕਹਿਣਾ ਸੀ ਕਿ ਉਹ 6 ਮਹੀਨਿਆਂ ਦਾ ਰਾਸ਼ਨ-ਪਾਣੀ ਨਾਲ ਲੈ ਕੇ ਆਏ ਹਨ। ਕੇਂਦਰ ਸਰਕਾਰ ਜਿੰਨਾ ਮਰਜ਼ੀ ਉਨ੍ਹਾਂ ਦਾ ਸਬਰ ਪਰਖ ਲਵੇ; ਕਿਉਂਕਿ ਉਹ ਢਾਈ ਮਹੀਨਿਆਂ ਤੋਂ ਤਾਂ ਪੰਜਾਬ ਵਿਚ ਰੇਲਵੇ ਲਾਈਨਾਂ, ਭਾਜਪਾ ਆਗੂਆਂ ਦਾ ਘਿਰਾਓ ਤੇ ਕਾਰਪੋਰੇਟਾਂ ਦੇ ਅਦਾਰਿਆਂ 'ਤੇ ਧਰਨੇ ਲਾਈ ਬੈਠੇ ਸਨ। ਸੋ ਇਸ ਸੰਘਰਸ਼ ਨੂੰ ਤਾਂ 9 ਮਹੀਨੇ ਤੋਂ ਵੀ ਉਪਰ ਦਾ ਸਮਾਂ ਹੋ ਗਿਆ ਹੈ।

ਹੁਣ ਵੀ ਕੇਂਦਰ ਸਰਕਾਰ ਦੇ ਚਾਲੇ ਮਸਲੇ ਦਾ ਹੱਲ ਕਰਨ ਵਾਲੇ ਨਹੀਂ ਲਗਦੇ। ਪਹਿਲਾਂ ਪੱਛਮੀ ਬੰਗਾਲ ਸਣੇ ਪੰਜ ਰਾਜਾਂ ਦੀਆਂ ਚੋਣਾਂ ਫਿਰ ਪੱਛਮੀ ਬੰਗਾਲ ਤੇ ਯੂ. ਪੀ. ਪੰਚਾਇਤ ਚੋਣਾਂ ਵਿਚ ਭਾਜਪਾ ਦੇ ਹਾਰ ਦੇ ਕਾਰਨਾਂ ਦੀ ਜਾਂਚ ਅਤੇ ਮੁੜ ਫਿਰ 2022 ਵਿਚ ਯੂ. ਪੀ., ਉਤਰਾਖੰਡ, ਗੋਆ, ਹਿਮਾਚਲ, ਗੁਜਰਾਤ, ਪੰਜਾਬ ਸਮੇਤ 6 ਰਾਜਾਂ ਵਿਚ ਹੋਣ ਜਾ ਰਹੀਆਂ ਚੋਣਾਂ ਦੀਆਂ ਤਿਆਰੀਆਂ ਵਿੱਢ ਦਿੱਤੀਆਂ ਹਨ। ਦਿੱਲੀ ਦੀਆਂ ਬਰੂਹਾਂ ਮੱਲੀ ਬੈਠੇ ਖੇਤਾਂ ਦੇ ਪੁੱਤ ਵੱਲ ਕੋਈ ਧਿਆਨ ਨਹੀਂ। ਉਸ ਨੇ ਕਿਵੇਂ ਕੱਕਰ, ਮੀਂਹ ਹਨੇਰੀਆਂ, ਤੂਫਾਨ ਤੇ ਹੁਣ ਜੇਠ-ਹਾੜ ਦੀ ਪਿੰਡੇ ਸਾੜਦੀ ਧੁੱਪ ਲੂਅ ਕਿਵੇਂ ਹੰਢਾਈ ਹੈ, ਪਰ ਇਸ ਢੀਠ ਨਾ-ਅਹਿਲ ਸਰਕਾਰ 'ਤੇ ਕੋਈ ਅਸਰ ਨਹੀਂ। ਜਿਨ੍ਹਾਂ ਨੇ ਆਪਣੀਆਂ ਵੋਟਾਂ ਨਾਲ ਇਨ੍ਹਾਂ ਲੋਕਾਂ ਨੂੰ ਆਪਣੀ ਕਿਸਮਤ ਦੇ ਨੀਤੀਘਾੜੇ ਬਣਾਇਆ, ਅੱਜ ਉਹ ਹੀ ਕਥਿਤ ਕਾਲੇ ਖੇਤੀ ਕਾਨੂੰਨ ਬਣਾ ਕੇ ਉਨ੍ਹਾਂ ਨੂੰ ਅੱਖਾਂ ਦਿਖਾ ਰਹੇ ਹਨ। ਸਾਰੇ ਦੇਸ਼ ਦਾ ਅੰਨਦਾਤਾ/ਕਿਰਤੀ ਸੜਕਾਂ 'ਤੇ ਹੈ, ਪਰ ਤਾਕਤ ਵਿਚ ਮਗਰੂਰ ਦੇਸ਼ ਦੇ ਹਾਕਮਾਂ ਨੂੰ ਕੋਈ ਦੁਖ ਦਰਦ ਨਹੀਂ।

ਅੰਦੋਲਨ ਲੰਮਾ ਚਲ ਗਿਆ ਹੈ, ਇਸ ਲਈ ਜਿੰਨਾ ਕੁ ਇਕੱਠ ਦਿੱਲੀ ਦੀਆਂ ਬਰੂਹਾਂ 'ਤੇ ਹੈ, ਉਹ ਬਹੁਤ ਹੈ। ਸਗੋਂ ਹੇਠਲੇ ਪੱਧਰ 'ਤੇ ਜਥੇਬੰਦ ਹੋਣ ਅਤੇ ਵੱਧ ਜੋਰ ਪਾਉਣ ਦੀ ਲੋੜ ਹੈ। ਭਾਵੇਂ ਕਿਸਾਨ ਭਾਈਚਾਰਾ ਜਥੇਬੰਦ ਹੋ ਰਿਹਾ ਹੈ, ਪਰ ਦਲਿਤ ਭਾਈਚਾਰੇ ਤੇ ਆਮ ਸ਼ਹਿਰੀ ਨੇ ਆਪਣੀ ਦੂਰੀ ਬਰਕਰਾਰ ਰੱਖੀ ਹੋਈ ਹੈ। ਕਰੀਬ ਪੈਂਤੀ ਪ੍ਰਤੀਸ਼ਤ ਦਲਿਤ ਭਾਈਚਾਰਾ ਹੈ, ਜੋ ਹਾਲੇ ਖੁੱਲ੍ਹ ਕੇ ਸਾਹਮਣੇ ਨਹੀਂ ਆ ਰਿਹਾ। ਸੋ ਸ਼ਹਿਰ ਦੇ ਦੁਕਾਨਦਾਰਾਂ ਖੇਤ ਮਜ਼ਦੂਰਾਂ ਨੂੰ ਭਰੋਸੇ ਵਿਚ ਲੈਣ ਦੀ ਲੋੜ ਹੈ। ਔਰਤਾਂ ਦੀ ਸ਼ਮੂਲੀਅਤ ਇਸ ਅੰਦੋਲਨ ਵਿਚ ਸਭ ਤੋਂ ਵੱਧ ਦੇਖਣ ਨੂੰ ਮਿਲੀ ਹੈ, ਸਮਾਜਿਕ ਬਦਲਾਅ ਮਹਿਸੂਸ ਕੀਤਾ ਜਾ ਸਕਦਾ ਹੈ, ਪਰ ਔਰਤਾਂ ਨੂੰ ਵੀ ਆਗੂ ਦੇ ਰੂਪ ਵਿਚ ਉਭਾਰਿਆ ਜਾਵੇ ਤਾਂ ਜੋ ਉਹ ਦੇਸ਼ ਭਰ ਦੀਆਂ ਔਰਤਾਂ ਲਈ ਆਦਰਸ਼ ਬਣ ਸਕਣ। ਪਿੰਡਾਂ ਸ਼ਹਿਰਾਂ ਵਿਚ ਕਮੇਟੀਆਂ ਬਣਾ ਕੇ ਲੋਕਾਂ ਨੂੰ ਅੰਦੋਲਨ ਤੇ ਆਉਣ ਵਾਲੇ ਸਮੇਂ ਲਈ ਤਿਆਰ ਕਰਨ ਵਰਗੇ ਕਾਰਜ ਅਰੰਭਣੇ ਚਾਹੀਦੇ ਹਨ। ਹੁਣ ਹੋਰ ਵੀ ਫੈਸਲਾ ਲੈਣ ਦੀ ਲੋੜ ਹੈ ਕਿ ਯੂ. ਪੀ. ਅਤੇ ਉਤਰਾਖੰਡ ਵਿਚ ਭਾਜਪਾ ਹਰਾਓ ਦਾ ਨਾਹਰਾ ਮਜਬੂਤੀ ਨਾਲ ਉਠਾਇਆ ਜਾਵੇ। ਪੰਜਾਬ ਦੀ ਸਥਿਤੀ ਇਸ ਦੇ ਉਲਟ ਹੈ, ਉਥੇ ਭਾਜਪਾ ਦਾ ਆਧਾਰ ਇੰਨਾ ਨਹੀਂ ਹੈ। ਉਥੇ ਦੂਜੀਆਂ ਪਾਰਟੀਆਂ ਨੂੰ ਘੇਰਨ ਲਈ ਵੱਖਰੇ ਤੌਰ 'ਤੇ ਪ੍ਰਸ਼ਨ ਸੂਚੀ ਤਿਆਰ ਕਰਕੇ ਸੁਆਲਾਂ ਦੇ ਜੁਆਬ ਲਏ ਜਾਣ। ਉਥੇ 2022 ਅਤੇ 2024 ਲਈ ਕੀ ਮਾਡਲ ਅਪਨਾਇਆ ਜਾਵੇ? ਬਾਰੇ ਪਹਿਲਾਂ ਤੋਂ ਫੈਸਲਾ ਕੀਤਾ ਜਾਣਾ ਜਰੂਰੀ ਹੈ।

ਕੇਂਦਰ ਰਾਜ ਸਰਕਾਰਾਂ ਦਾ ਹਾਲ ਤਾਂ ਤੁਸੀਂ ਦੇਖ ਹੀ ਚੁਕੇ ਹੋ। ਪਹਿਲਾਂ ਤਾਂ ਵਿਦੇਸ਼ੀਂ ਜਾਣ ਵਾਲੇ ਨੌਜਵਾਨਾਂ ਨੂੰ ਕਿਵੇਂ ਭਰੋਸਾ ਬੰਨਾਉਣਾ ਹੈ ਕਿ ਉਨ੍ਹਾਂ ਦੇ ਰੋਟੀ ਰੋਜ਼ੀ ਦਾ ਪ੍ਰਬੰਧ ਪੰਜਾਬ ਵਿਚੋਂ ਹੀ ਕੀਤਾ ਜਾਵੇਗਾ। ਡੁੱਬ ਰਹੀ ਅਰਥ-ਵਿਵਸਥਾ ਨੂੰ ਕਿਵੇਂ ਲੀਹ 'ਤੇ ਲਿਆਉਣਾ ਹੈ? ਨੂੰ ਇੱਕ ਏਜੰਡੇ 'ਤੇ ਲਿਆ ਕੇ ਇਸ ਦੀ ਸ਼ੁਰੂਆਤ ਹੁਣ ਤੋਂ ਹੀ ਕਰਨੀ ਪੈਣੀ ਹੈ। ਪੰਜਾਬ ਦੇ ਮੁੱਖ ਮਸਲੇ ਡੂੰਘੇ ਜਾ ਰਹੇ ਤੇ ਗੰਧਲੇ ਪਾਣੀ, ਜ਼ਹਿਰੀਲੀ ਧਰਤੀ, ਪ੍ਰਦੂਸ਼ਿਤ ਆਬੋ ਹਵਾ, ਬੇਰੁਜ਼ਗਾਰੀ, ਬੱਚਿਆਂ ਦੇ ਵਿਦੇਸ਼ੀ ਪਲਾਇਨ ਦੇ ਰੁਝਾਨ, ਰੋਗ ਗ੍ਰਸਤ ਸਮਾਜ, ਸਿੱਖਿਆ ਸਿਹਤ ਦੇ ਗੰਭੀਰ ਮਸਲਿਆਂ ਨਾਲ ਨਜਿੱਠਣ ਦੇ ਨਵੇਂ ਢੰਗ-ਤਰੀਕੇ ਇਜਾਦ ਕੀਤੇ ਜਾਣ। ਅੰਗਰੇਜ਼ੀ ਕਾਲ ਦੀ ਸਿੱਖਿਆ ਨੀਤੀ, ਜੋ ਵਿਦਿਆਰਥੀ ਨੂੰ ਕਿਸੇ ਕੰਢੇ ਨਹੀਂ ਲਾਉਂਦੀ, ਸਿਵਾਏ ਸਫੈਦਪੋਸ਼ ਜਮਾਤ ਪੈਦਾ ਕਰਨ ਦੇ-ਇਸ ਲੰਗੜੀ ਸਿੱਖਿਆ ਵਿਵਸਥਾ ਨੂੰ ਵੀ ਸਰਕਾਰੀ ਹੱਥਾਂ ਵਿਚੋਂ ਕੱਢ ਕੇ ਪੂੰਜੀਪਤੀਆਂ ਨੂੰ ਸੌਂਪ ਦਿੱਤਾ ਗਿਆ ਹੈ, ਜੋ ਆਮ ਆਦਮੀ ਦੇ ਵੱਸ ਦੀ ਗੱਲ ਨਹੀਂ। ਪੂਰੇ ਦੇਸ਼ ਵਿਚ ਨਿੱਜੀਕਰਨ ਲਾਗੂ ਹੋਇਆ ਕਿ ਨਹੀਂ, ਪਰ ਪੰਜਾਬ ਨੂੰ ਤਾਂ ਪ੍ਰਯੋਗਸ਼ਾਲਾ ਬਣਾ ਕੇ ਸਿਖਿਆ, ਸਿਹਤ, ਬਿਜਲੀ, ਰੇਤਾ ਬਜਰੀ, ਪਾਣੀ ਤੇ ਹੋਰ ਨਿੱਤ ਵਰਤੋਂ ਦੇ ਸਾਧਨ ਸਭ ਪੰਜੀਵਾਦੀ ਹੱਥਾਂ ਵਿਚ ਦਿੱਤੇ ਜਾ ਰਹੇ ਹਨ। ਰਾਤੋ ਰਾਤ ਵੱਡੇ ਵੱਡੇ ਥਰਮਲ ਪਲਾਂਟ, ਮਾਲ, ਸਾਇਲੋ, ਖੰਡ ਮਿਲਾਂ, ਸੰਚਾਰ ਸਿਸਟਮ, ਹਸਪਤਾਲ, ਕਾਲਜ ਸਕੂਲ ਖੁਲ੍ਹ ਗਏ, ਜੋ ਭਲੇ-ਚੰਗੇ ਚਲਦੇ ਸਰਕਾਰੀ ਅਦਾਰਿਆਂ ਨੂੰ ਫੇਲ੍ਹ ਕਰਕੇ ਸਥਾਪਤ ਕੀਤੇ ਗਏ। ਇਹ ਹੁਣ ਆਤਮਘਾਤ ਦੀ ਕਗਾਰ 'ਤੇ ਪਹੁੰਚੇ ਪੰਜਾਬ ਦਾ ਮੂੰਹ ਚਿੜਾ ਰਹੇ ਹਨ। ਥੋੜ੍ਹਾ ਬਹੁਤਾ ਸਰਮਾਇਆ ਜੋ ਚੰਦ ਕੁ ਪੰਜਾਬੀਆਂ ਕੋਲ ਸੀ, ਉਹ ਵੀ ਇਨ੍ਹਾਂ ਪੂੰਜੀਵਾਦੀਆਂ ਵਲੋਂ ਰਚੇ ਪਰਪੰਚ ਦੇ ਲੇਖੇ ਲੱਗ ਗਿਆ।

ਫਿਰ ਵੀ ਕਿਸਾਨ ਆਗੂਆਂ ਦੀ ਦੂਰਅੰਦੇਸ਼ੀ ਦੀ ਦਾਦ ਦੇਣੀ ਬਣਦੀ ਹੈ ਕਿ ਇੰਨਾ ਲੰਮਾ ਸ਼ਾਂਤਮਈ ਸੰਘਰਸ਼ ਲੜਨਾ ਆਪਣੇ ਆਪ ਵਿਚ ਪ੍ਰਾਪਤੀ ਹੈ। ਉਹ ਵੀ ਉਸ ਸਮੇਂ, ਜਦੋਂ ਮੌਕੇ ਦੀਆਂ ਸਰਕਾਰਾਂ ਲੋਕਾਂ ਦੀ ਗੱਲ ਸੁਣਨ ਦੀ ਥਾਂ ਆਪਣੀ ਵਿਅਕਤੀਗਤ ਹਉਮੈ ਨੂੰ ਪੱਠੇ ਪਾਉਣ ਵਾਲੀਆਂ ਹੋਣ। ਦੂਜਾ ਵੱਡਾ ਕਦਮ ਹੈ ਕਿ ਕਿਸਾਨ ਆਗੂਆਂ ਨੇ ਮੁੱਦਿਆਂ ਦੀ ਨਿਸ਼ਾਨਦੇਹੀ ਸਹੀ ਕੀਤੀ ਹੈ। ਜਿਵੇਂ ਪਹਿਲਾ ਮੋਦੀ ਸਰਕਾਰ ਨੇ ਤਾਕਤਾਂ ਦਾ ਵਿਕੇਂਦਰੀਕਰਣ ਅਪਨਾਇਆ ਹੈ, ਜੋ ਸੰਘੀ ਢਾਂਚੇ ਦੇ ਖਿਲਾਫ ਹੈ। ਦੂਜਾ ਹਿੰਦੂਤਵੀ ਸਿਆਸਤ ਘੱਟ ਗਿਣਤੀਆਂ, ਕਮਜ਼ੋਰ ਵਰਗਾਂ, ਦਲਿਤ, ਕਬਾਇਲੀਆਂ ਦਾ ਗਲਾ ਨੱਪਣ ਵਾਲੀ ਹੈ। ਤੀਜਾ ਕਾਰਪੋਰੇਟ ਦਾ ਮੁੱਖ ਧੰਦਾ ਹੀ ਮੁਨਾਫਾ ਕਮਾਉਣਾ ਹੈ, ਉਹਦਾ ਲੋਕ ਹਿਤਾਂ ਨਾਲ ਕੋਈ ਸਰੋਕਾਰ ਨਹੀਂ। ਇਹ ਸਾਰੇ ਮੁੱਦਿਆਂ ਨੂੰ ਕਿਸਾਨ ਆਗੂਆਂ ਨੇ ਬਾਰੀਕੀ ਨਾਲ ਸਮਝ ਕੇ ਲੋਕਾਂ ਨੂੰ ਸਿਖਿਅਤ ਕੀਤਾ ਹੈ। ਹੁਣ ਇਸ ਤੋਂ ਅੱਗੇ ਲਿਜਾਣ ਦੀ ਲੋੜ ਹੈ, ਇਸ ਨਾਲ ਜਿਥੇ ਲੋਕਾਂ ਵਿਚ ਨਵੀਂ ਊਰਜਾ ਦਾ ਸੰਚਾਰ ਹੋਵੇਗਾ, ਉਥੇ ਬੌਧਿਕ ਵਿਕਾਸ ਵੀ ਹੋਵੇਗਾ।

ਇੱਕ ਦਮ ਇਹ ਗੱਲ ਅਟਪਟੀ ਲੱਗ ਸਕਦੀ ਹੈ, ਜਦੋਂ ਕਿਸਾਨ ਜਥੇਬੰਦੀਆਂ ਦਾ ਮੰਨਣਾ ਹੈ ਕਿ ਚੋਣ ਸਿਆਸਤ ਵਿਚ ਜਾਣਾ ਉਨ੍ਹਾਂ ਦਾ ਏਜੰਡਾ ਨਹੀਂ। ਇਨ੍ਹਾਂ 32 ਕਿਸਾਨ/ਮਜ਼ਦੂਰ ਜਥੇਬੰਦੀਆਂ ਵਿਚ ਕੁਝ ਤਾਂ ਪਹਿਲਾਂ ਤੋਂ ਹੀ ਚੋਣ ਪ੍ਰਕ੍ਰਿਆ ਵਿਚ ਹਿੱਸਾ ਨਹੀਂ ਲੈਂਦੀਆਂ। ਫਿਰ ਤੁਹਾਡੇ ਕੋਲ ਇਸ ਦਾ ਬਦਲ ਕੀ ਹੈ? ਜਰਾ ਸੋਚੋ, ਪਿਛਲੇ ਦਿਨੀਂ ਪੰਜ ਰਾਜਾਂ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਤੁਸੀਂ ਪੱਛਮੀ ਬੰਗਾਲ ਸਮੇਤ ਸਾਰੇ ਰਾਜਾਂ ਵਿਚ ਭਾਜਪਾ ਨੂੰ ਹਰਾਉਣ ਲਈ ਕੀਤੇ ਪ੍ਰਚਾਰ ਕਾਰਨ ਹੀ ਟੀ. ਐਮ. ਸੀ. ਵੱਡੇ ਬਹੁਮੱਤ ਨਾਲ ਤੀਜੀ ਵਾਰ ਆਈ ਹੈ। ਉਥੋਂ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਸਾਨਾਂ ਦਾ ਧੰਨਵਾਦ ਕੀਤਾ ਤੇ ਕਿਸਾਨ ਮੋਰਚੇ ਨੇ ਸਿੰਘੂ ਬਾਰਡਰ ਸਮੇਤ ਸਾਰੇ ਬਾਰਡਰਾਂ 'ਤੇ ਲੱਡੂ ਵੰਡ ਕੇ ਆਪਣੀ ਖੁਸ਼ੀ ਦਾ ਇਜ਼ਹਾਰ ਕੀਤਾ। ਇਹ ਪੈਂਤੜਾ ਵੀ ਤੁਹਾਨੂੰ ਤਾਂ ਹੀ ਲੈਣਾ ਪਿਆ ਕਿ ਜਦੋਂ ਕੇਂਦਰੀ ਹਕੂਮਤ ਜਮਹੂਰੀ ਢੰਗ ਨਾਲ ਕੀਤੇ ਜਾ ਰਹੇ ਰੋਸ ਪ੍ਰਦਰਸ਼ਨਾਂ ਨੂੰ ਅਣਗੌਲਿਆਂ ਕਰਕੇ ਕਾਲੇ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਤੋਂ ਇਨਕਾਰੀ ਰਹੀ।

ਹੁਣ ਫਿਰ ਤੁਹਾਡਾ ਐਲਾਨ ਹੈ ਕਿ 2022 ਵਿਚ 6 ਰਾਜਾਂ ਵਿਚ ਹੋ ਰਹੀਆਂ ਚੋਣਾਂ ਵਿਚ ਵਿਸ਼ੇਸ਼ ਤੌਰ 'ਤੇ ਯੂ. ਪੀ./ਉਤਰਾਖੰਡ ਵਿਚ ਭਾਜਪਾ ਖਿਲਾਫ ਝੰਡਾ ਬੁਲੰਦ ਕੀਤਾ ਜਾਵੇਗਾ ਤਾਂ ਜੋ ਹਕੂਮਤ ਦੀਆਂ ਲੋਕ ਵਿਰੋਧੀ ਨੀਤੀਆਂ ਤੋਂ ਜਾਣੂੰ ਕਰਵਾ ਕੇ ਉਸ ਨੂੰ ਆਪਣੀ ਹੀ ਪਿਚ ਵਿਚ ਉਸ ਦੇ ਢੰਗ ਨਾਲ ਜੁਆਬ ਦਿੱਤਾ ਜਾ ਸਕੇ। ਕਿਉਂਕਿ ਸੱਤਾ 'ਤੇ ਕਾਬਜ ਧਿਰ ਭਾਜਪਾ ਵਿਧਾਨ ਸਭਾ ਤਾਂ ਕੀ, ਮਿਉਂਸਪੈਲਟੀ ਤੇ ਪੰਚਾਇਤ ਦੀਆਂ ਚੋਣਾਂ ਵੀ ਆਪਣੇ ਹੱਕ ਵਿਚ ਭੁਗਤਾਉਣ ਲਈ ਹਰ ਹਥਕੰਡਾ ਵਰਤਦੀ ਹੈ। ਫਿਰ ਯੂ. ਪੀ., ਜਿੱਥੋਂ ਹਰ ਕੇਂਦਰ ਸਰਕਾਰ ਦੇ ਵਜੂਦ ਦਾ ਮੁੱਢ ਬੱਝਦਾ ਹੈ ਤੇ ਦੇਸ਼ ਦੇ ਪ੍ਰਧਾਨ ਮੰਤਰੀ ਦਾ ਦਿੱਲੀ ਲਈ ਰਸਤਾ ਤੈਅ ਹੁੰਦਾ ਹੈ, ਜਦੋਂ ਤੁਹਾਡਾ ਪ੍ਰਤੀਦਵੰਦੀ ਸਿਰਫ ਵੋਟ ਸਿਆਸਤ ਸਮਝਦਾ ਹੈ ਤਾਂ ਤੁਹਾਡੇ ਕੋਲ ਕੀ ਰਸਤਾ ਰਹਿ ਜਾਂਦਾ ਹੈ? ਇੰਨੀ ਊਰਜਾ ਖਰਚ ਰਹੇ ਹੋ ਭਾਜਪਾ ਦਾ ਚੋਣ ਰਸਤਾ ਰੋਕਣ ਲਈ, ਫਿਰ ਕੀ ਪੰਜਾਬ ਲਈ ਕੋਈ ਉਸ ਦੇ ਦੁੱਖਾਂ ਦੀ ਦਾਰੂ ਪਾਰਟੀ ਦਾ ਨਿਰਮਾਣ ਨਹੀਂ ਕਰ ਸਕਦੇ? ਸਿਰ ਜੋੜ ਕੇ ਸੋਚਣ ਵਾਲਾ ਸੁਆਲ ਹੈ, ਜੋ 2022 ਦੇ ਮੱਦੇਨਜ਼ਰ ਪੰਜਾਬ ਦੀ ਫਿਜ਼ਾ ਵਿਚ ਘੁੰਮ ਰਿਹਾ ਹੈ। ਮੋਰਚੇ ਵਿਚ ਵੀ ਇਸ ਦੇ ਹੱਕ ਵਿਚ ਘੁਸਰ-ਮੁਸਰ ਸਿਰ ਚੁੱਕ ਰਹੀ ਹੈ।



ਪੰਜਾਬ ਵਾਸੀ 2022 ਦੀਆਂ ਵਿਧਾਨ ਸਭਾ ਦੀਆਂ ਚੋਣਾਂ ਲਈ ਕਿਸਾਨ ਆਗੂਆਂ ਵੱਲ ਦੇਖ ਰਹੇ ਹਨ। ਲੰਮੇ ਸਮੇਂ ਤੋਂ ਲੋਕ ਇਨ੍ਹਾਂ ਵਾਰੋ ਵਾਰੀ ਰਾਜ ਕਰ ਰਹੀਆਂ ਪਾਰਟੀਆਂ ਦਾ ਬਦਲ ਲੱਭ ਰਹੇ ਹਨ। ਹੁਣ ਇਹ ਬਦਲ ਉਨ੍ਹਾਂ ਨੂੰ ਕਿਸਾਨ ਅੰਦੋਲਨ ਦੇ ਰੂਪ ਵਿਚ ਵਿਖਾਈ ਦੇ ਰਿਹਾ ਹੈ। ਕਿਸਾਨ ਆਗੂਆਂ ਦੀ ਚੋਣ ਪ੍ਰਕ੍ਰਿਆ ਵਿਚ ਉਦਾਸੀਨਤਾ ਲੋਕਾਂ ਲਈ ਪ੍ਰਸ਼ਨਚਿੰਨ ਬਣੀ ਹੋਈ ਹੈ ਕਿ ਜੇ ਆਪਣੀਆਂ ਮੰਗਾਂ ਜਾਂ ਸਮੱਸਿਆਵਾਂ ਲਈ ਇਸੇਤਰਾਂ ਮਹੀਨਿਆਂ ਬੱਧੀ ਮੋਰਚੇ ਲਾਉਣੇ ਹਨ ਤੇ ਕਿਸਾਨੀ ਵਰਗ ਦਾ ਕੀਮਤੀ ਸਮਾਂ ਤੇ ਪੈਸਾ ਇਨ੍ਹਾਂ ਅਖੌਤੀ ਰਾਜਸੀ ਧਿਰਾਂ ਦੇ ਲੇਖੇ ਲਾਉਣਾ ਹੈ ਤਾਂ ਇੰਨਾ ਵੱਡਾ ਸੰਘਰਸ਼ ਕਰਨ ਦੀ ਕੀ ਲੋੜ ਸੀ? ਜੇ ਮੁੜ ਫਿਰ ਉਨ੍ਹਾਂ ਹੀ ਰਾਜਸੀ ਪਾਰਟੀਆਂ ਦੀ ਸਰਕਾਰ ਬਣਾਉਣੀ ਹੈ, ਜਿਨ੍ਹਾਂ ਨੇ ਪੰਜਾਬ ਨੂੰ ਦੋਵੇਂ ਹੱਥੀਂ ਲੁੱਟਿਆ ਤੇ ਕੁੱਟਿਆ, ਫਿਰ ਕਰੋੜਾਂ ਰੁਪਿਆ, ਕੀਮਤੀ ਸਮਾਂ ਤੇ ਬੇਸ਼ਕੀਮਤੀ ਜਾਨਾਂ ਗੁਆਉਣ ਦੀ ਕੀ ਤੁਕ ਸੀ?

ਪੰਜਾਬ ਦੇ ਧੀਆਂ ਪੁੱਤਰਾਂ ਦਾ ਵਿਦੇਸ਼ਾਂ ਵੱਲ ਜਬਰੀ ਪਲਾਇਨ ਕਰਵਾਇਆ ਜਾ ਰਿਹਾ ਹੈ। ਪੰਜ ਸੌ ਤੋਂ ਉਪਰ ਕਿਸਾਨ ਇਸ ਸੰਘਰਸ਼ ਦੀ ਬਲੀ ਚੜ੍ਹ ਗਏ ਹਨ। ਇਹ ਇਕੱਲੇ ਘਰ ਦੇ ਜੀਅ ਮਾਤਰ ਹੀ ਨਹੀਂ ਗਏ, ਸਗੋਂ ਪੰਜ ਸੌ ਪਰਿਵਾਰਾਂ ਦੇ ਉਜਾੜੇ ਦਾ ਮਸਲਾ ਹੈ। ਬਾਕੀ ਰਹਿੰਦਿਆਂ ਤੇ ਨਾ ਕਿਤੇ ਜਾ ਸਕਣ ਵਾਲਿਆਂ ਨੂੰ ਨਸ਼ਿਆਂ ਨੇ ਘੇਰ ਲਿਆ ਹੈ। ਕੁਰੱਪਸ਼ਨ, ਮਹਿੰਗਾਈ ਤੇ ਬੇਕਾਰੀ ਸਿਖਰਾਂ 'ਤੇ ਹੈ। ਦੂਜਿਆਂ ਦੇ ਢਿੱਡ ਭਰਨ ਵਾਲੇ ਅੰਨਦਾਤਾ ਨੂੰ ਭਿਖਾਰੀ ਬਣਾ ਦਿੱਤਾ ਹੈ। 'ਪੰਜਾਬ ਵਸਦਾ ਗੁਰਾਂ ਦੇ ਨਾਂ 'ਤੇ' ਦਾ ਧਾਰਨੀ ਅੰਨਦਾਤਾ ਆਪਣੀ ਇੱਜ਼ਤ ਅਣਖ 'ਤੇ ਹੋ ਰਹੇ ਹਮਲਿਆਂ ਕਾਰਨ ਖੁਦਕੁਸ਼ੀਆਂ ਦੇ ਰਾਹ ਪੈ ਗਿਆ ਹੈ। ਵਿਧਵਾਵਾਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ। ਬੱਚੇ ਅਨਾਥ ਹੋ ਰਹੇ ਹਨ।

ਸੋ ਚੋਣ ਰਾਜਨੀਤੀ ਵਿਚ ਹਿੱਸਾ ਨਾ ਲੈਣ ਵਾਲੀ ਗੱਲ ਉਦੋਂ ਕਿਸੇ ਤਰ੍ਹਾਂ ਵੀ ਵਾਜਬ ਨਹੀਂ, ਜਦੋਂ ਤੁਹਾਡੀ ਹਰ ਸਮੱਸਿਆ ਦਾ ਹੱਲ ਹੀ ਰਾਜਸੀ ਧਿਰਾਂ ਕੋਲ ਹੋਵੇ। ਜਿਸ ਤਰ੍ਹਾਂ ਸਤੰਬਰ-ਅਕਤੂਬਰ ਵਿਚ ਇਸ ਅਦਬੀ ਅੰਦੋਲਨ ਦੀ ਰੂਪ ਰੇਖਾ ਉਲੀਕੀ ਸੀ, ਉਸੇ ਤਰ੍ਹਾਂ ਇਨ੍ਹਾਂ ਰਾਜ ਕਰਦੀਆਂ ਧਿਰਾਂ ਦਾ ਸਰਬਪ੍ਰਵਾਨਤ ਬਦਲ ਲੱਭਣਾ ਪਵੇਗਾ; ਕਿਉਂਕਿ ਲੋਕ ਹੁਣ ਤੁਹਾਡੇ ਤੋਂ ਸਿਵਾਏ ਹੋਰ ਕਿਸੇ 'ਤੇ ਭਰੋਸਾ ਨਹੀਂ ਕਰ ਰਹੇ। ਸੂਬੇ ਦੇ ਲੋਕਾਂ ਵਿਚ ਇੱਕ ਅਗਾਂਹਵਧੂ ਸਰਬਪੱਖੀ ਵਿਕਾਸ ਦਾ ਏਜੰਡਾ ਲੈ ਕੇ ਜਾਓ ਤੇ ਨੌਜਵਾਨ/ਵਿਦਿਆਰਥੀਆਂ ਨੂੰ ਇਸ ਦੇ ਆਹਰੇ ਲਾਓ। ਉਘੇ ਬੁੱਧੀਜੀਵੀਆਂ, ਸਮਾਜਿਕ, ਆਰਥਿਕ, ਕਾਨੂੰਨ, ਸਭਿਆਚਾਰਕ ਮਾਹਰਾਂ ਨੂੰ ਵੀ ਭਰੋਸੇ ਵਿਚ ਲਓ ਪੰਜਾਬ ਪੱਖੀ ਏਜੰਡਾ ਬਣਾਉਂਦੇ ਸਮੇਂ। ਉਸ ਏਜੰਡੇ ਨੂੰ ਫਿਰ ਇਨ੍ਹਾਂ ਰਾਜਸੀ ਪਾਰਟੀਆਂ ਅੱਗੇ ਰੱਖੋ ਕਿ ਦੱਸੋ ਕਿਹੜੀ ਪਾਰਟੀ ਇਸ ਮੁਤਾਬਕ ਕੰਮ ਕਰੇਗੀ? ਬੰਦੇ ਬਦਲਣ ਜਾਂ ਪਾਰਟੀਆਂ ਬਦਲਣ ਨਾਲ ਕੁਝ ਨਹੀਂ ਹੋਣਾ, ਸਗੋਂ ਨਵਾਂ ਪੰਜਾਬ ਪੱਖੀ ਏਜੰਡਾ ਤੇ ਸੋਚ ਬਦਲਣ ਨਾਲ ਹੀ ਕੁਝ ਹੋ ਸਕਦਾ ਹੈ। ਕਿਸਾਨ ਅੰਦੋਲਨ ਨੇ ਸਿਰਫ ਇੱਕ ਗੱਲ ਹੀ ਤੈਅ ਨਹੀਂ ਕੀਤੀ ਕਿ ਸਿਆਸਤ ਚੋਣਾਂ ਤੋਂ ਚੋਣਾਂ ਤਕ ਹੀ ਨਹੀਂ ਹੁੰਦੀ, ਸਗੋਂ ਸੜਕ ਦੀ ਲੜਾਈ ਦੀ ਸਿਆਸਤ ਵੀ ਬਹੁਤ ਕੁਝ ਤੈਅ ਕਰਦੀ ਹੈ। ਬਹੁਤ ਸਾਰੀਆਂ ਪਾਰਟੀਆਂ ਨੇ ਇਹ ਅੰਦੋਲਨ ਦੀ ਸਿਆਸਤ ਛੱਡ ਦਿੱਤੀ ਹੈ। ਸਮਾਜਵਾਦੀ ਪਾਰਟੀ ਦੇ ਬਾਨੀ ਮਰਹੂਮ ਰਾਮ ਮਨੋਹਰ ਲੋਹੀਆ ਦਾ ਕਹਿਣਾ ਸੀ, 'ਜਦੋਂ ਸੜਕਾਂ ਸੁੰਨੀਆਂ ਹੋ ਜਾਂਦੀਆਂ ਹਨ ਤਾਂ ਸੰਸਦ ਅਵਾਰਾ ਹੋ ਜਾਂਦੀ ਹੈ।' ਸੋ ਸੰਸਦੀ ਮਰਿਆਦਾ ਨੂੰ ਬਣਾਈ ਰੱਖਣ ਲਈ ਅੰਦੋਲਨਾਂ ਦਾ ਦਬਾਅ ਜਰੂਰੀ ਹੈ।

ਇਹ ਕਹਿਣਾ ਵੀ ਗਲਤ ਹੈ ਕਿ ਅਸੀਂ ਰਾਜਨੀਤੀ ਨਹੀਂ ਕਰਨੀ। ਜਦੋਂ ਤੁਸੀਂ ਸੁਆਲ ਖੜ੍ਹੇ ਕਰਨੇ ਸ਼ੁਰੂ ਕੀਤੇ ਤੇ ਸਰਕਾਰ ਦੇ ਗਲਤ ਫੈਸਲਿਆਂ ਨੂੰ ਚੁਣੌਤੀ ਦੇ ਰਹੇ ਹੋ ਤਾਂ ਸਿਆਸਤ ਤਾਂ ਹੋ ਹੀ ਰਹੀ ਹੈ। ਲੋਕਤੰਤਰੀ ਵਰਤਾਰੇ ਵਿਚ ਵੋਟ ਦਾ ਮੌਕਾ ਹਰ ਪੰਜ ਸਾਲ ਬਾਅਦ ਆਉਣਾ ਹੁੰਦਾ ਹੈ, ਪਰ ਜੇ ਵੋਟ ਦੀ ਰਾਜਨੀਤੀ ਵੀ ਸਹੀ ਢੰਗ ਨਾਲ ਤੇ ਸਹੀ ਸਮੇਂ ਨਾ ਹੋਵੇ ਤਾਂ ਇਕੱਲਾ ਇਹ ਅੰਦੋਲਨ ਵੀ ਕਾਫੀ ਨਹੀਂ ਹੋਵੇਗਾ। ਕਈ ਧਿਰਾਂ ਇਹ ਵੀ ਕਹਿੰਦੀਆਂ ਹਨ ਕਿ ਸਾਡਾ ਵੋਟ ਦੀ ਰਾਜਨੀਤੀ ਵਿਚ ਵਿਸ਼ਵਾਸ ਨਹੀਂ; ਪਰ ਜੇ ਮੁੜ ਫਿਰ ਉਨ੍ਹਾਂ ਹੀ ਪਾਰਟੀਆਂ ਨੂੰ ਚੁਣਨਾ ਹੈ ਤਾਂ ਲੋਕ ਕਹਿੰਦੇ ਹਨ ਕਿ ਅਸੀਂ ਧਰਨੇ ਪ੍ਰਦਰਸ਼ਨ ਤੇ ਪੁਲਿਸ ਦੇ ਡੰਡੇ ਖਾਣ ਲਈ ਹੀ ਹਾਂ! ਕਿਉਂ ਨਹੀਂ ਸੱਤਾ ਵਿਚ ਆ ਜਾਂਦੇ? ਇਹ ਸਿਰਫ ਸੁਆਲ ਨਹੀਂ ਹੈ, ਦਲੀਲ ਵਿਚ ਵੀ ਦਮਦਾਰ ਹੈ। ਇਹਦਾ ਸਾਹਮਣਾ ਤਾਂ ਕਿਸਾਨ ਆਗੂਆਂ ਨੂੰ ਕਰਨਾ ਪਊਗਾ। ਚੋਣ ਪ੍ਰਣਾਲੀ ਰਾਹੀਂ ਹੀ ਸੱਤਾ ਮੁਖੀ ਸਰਕਾਰਾਂ ਬਣਦੀਆਂ/ਉਤਰਦੀਆਂ ਹਨ, ਇਹਦਾ ਹੋਰ ਕੋਈ ਬਦਲ ਨਹੀਂ। ਫਿਰ ਲੋਕ ਵਿਰੋਧੀ ਕਾਨੂੰਨ ਬਣਾਉਣ ਤੋਂ ਅਸੀਂ ਕਿਵੇਂ ਰੋਕ ਸਕਦੇ ਹਾਂ? ਜੇ ਸੰਵਿਧਾਨਕ ਤਰੀਕੇ ਨਾਲ ਸ਼ਾਂਤਮਈ ਅੰਦੋਲਨ ਕੀਤਾ ਜਾ ਸਕਦਾ ਹੈ ਤਾਂ ਉਨ੍ਹਾਂ ਦੀ ਸਿਆਸਤ ਵੀ ਉਸਾਰੂ ਹੋਵੇਗੀ।


ਕਿਸਾਨ ਆਗੂ ਮੀਟਿੰਗਾਂ ਸੈਮੀਨਾਰਾਂ ਦਾ ਦੌਰ ਸ਼ੁਰੂ ਕਰਨ। ਭਵਿੱਖਮੁਖੀ ਯੋਜਨਾ ਦਾ ਅਰੰਭ ਮੋਰਚੇ ਤੋਂ ਹੀ ਸ਼ੁਰੂ ਹੋਣਾ ਚਾਹੀਦਾ ਹੈ। ਇਨ੍ਹਾਂ ਮੋਰਚਿਆਂ ਨੂੰ ਇਕ ਤਰ੍ਹਾਂ ਦੇ ਸਿਖਲਾਈ ਕੇਂਦਰਾਂ ਵਿਚ ਤਬਦੀਲ ਕਰਨਾ ਚਾਹੀਦਾ ਹੈ। ਇਨ੍ਹਾਂ ਸਿਖਿਅਤ ਕਿਸਾਨ ਵਾਲੰਟੀਅਰਾਂ ਨੂੰ ਪਿੰਡਾਂ ਵਿਚ ਭੇਜਿਆ ਜਾਵੇ ਤਾਂ ਜੋ ਪਿੰਡਾਂ ਵਿਚ ਪਿੱਛੇ ਰਹਿ ਗਏ ਪਿੰਡ ਵਾਸੀਆਂ ਨਾਲ ਵਾਰਤਾਲਾਪ ਦਾ ਸਿਲਸਿਲਾ ਤੋਰਿਆ ਜਾਵੇ; ਕਿਉਂਕਿ ਸਿਆਸਤ ਬਦਲਵੇਂ ਏਜੰਡੇ ਦੇ ਤੌਰ 'ਤੇ ਆਵੇ, ਇਕੱਲੇ ਵਿਰੋਧ ਦੇ ਰੂਪ ਵਿਚ ਨਹੀਂ। ਜੇ ਸੱਤਾ ਧਿਰ ਦੀ ਵਿਰੋਧੀ ਪਾਰਟੀ ਵੀ ਕਹੇ ਕਿ ਅਸੀਂ ਵਿਰੋਧੀ ਪਾਰਟੀ ਹਾਂ, ਪਰ ਉਨ੍ਹਾਂ ਵਿਰੋਧੀਆਂ ਕੋਲ ਸੱਤਾ ਧਿਰ ਤੋਂ ਵੱਖਰਾ ਕੀ ਹੈ? ਜੇ ਵਿਕਾਸ 'ਤੇ ਸੁਆਲ ਖੜ੍ਹਾ ਕਰਨਾ ਹੈ ਤਾਂ ਨਵੀਂ ਸਿਆਸਤ ਦੀ ਲੋੜ ਹੈ। ਨਵੇਂ ਏਜੰਡੇ 'ਤੇ ਚਰਚਾ ਕਰਨੀ ਕਿਸਾਨ ਆਗੂਆਂ ਦੀ ਬਹੁਤ ਵੱਡੀ ਜ਼ਿੰਮੇਵਾਰੀ ਹੈ ਤੇ ਚੁਣੌਤੀ ਵੀ ਹੈ।

ਚੋਣ ਪ੍ਰਕ੍ਰਿਆ ਇੰਨੀ ਗੁੰਝਲਦਾਰ ਤੇ ਮਹਿੰਗੀ ਹੋ ਗਈ ਹੈ ਕਿ ਆਮ ਆਦਮੀ ਚੋਣ ਵਿਚ ਖੜ੍ਹਾ ਹੋਣ ਦਾ ਸੋਚ ਵੀ ਨਹੀਂ ਸਕਦਾ। ਪਾਰਲੀਮੈਂਟ ਚੋਣ ਵਿਚ 70 ਲੱਖ ਤੇ ਵਿਧਾਨ ਸਭਾ ਵਿਚ 40 ਲੱਖ ਰੁਪਿਆ ਖਰਚਣ ਦੀ ਪ੍ਰਵਾਨਗੀ ਹੈ। ਦੂਜੇ ਪਾਸੇ ਦੇਸ਼ ਦੀ 80 ਕਰੋੜ ਜਨਤਾ ਨੂੰ ਤੁਸੀਂ ਮੁਫਤ ਰਾਸ਼ਨ ਸਪਲਾਈ 'ਤੇ ਰੱਖ ਲਿਆ ਹੈ। ਜਮਹੂਰੀਅਤ ਵਿਚ ਜਿਹੜੇ ਬੰਦੇ ਕੋਲ ਆਪਣਾ ਢਿੱਡ ਭਰਨ ਜੋਗੀ ਖਰੀਦ-ਸ਼ਕਤੀ ਨਹੀਂ, ਦੂਜੇ ਪਾਸੇ ਚੋਣਾਂ 'ਤੇ ਉਕਤ ਵੱਡੀਆਂ ਰਕਮਾਂ ਖਰਚਣ ਵਾਲੇ ਹਨ ਤਾਂ ਉਹ ਚੋਣ ਲੜਨ ਬਾਰੇ ਸੋਚ ਵੀ ਨਹੀਂ ਸਕਦਾ। ਇਹੋ ਕਾਰਨ ਹੈ ਕਿ ਸਾਡੇ ਸਿਆਸੀ ਨੇਤਾਵਾਂ ਨੂੰ ਚੋਣਾਂ ਲਈ ਪੈਸੇ ਇਕੱਠੇ ਕਰਨ ਤੋਂ ਸਿਵਾਏ ਹੋਰ ਕੋਈ ਕੰਮ ਨਹੀਂ। ਅੱਧੇ ਬੰਦਿਆਂ ਨੂੰ ਤਾਂ ਤੁਸੀਂ ਗੇਮ ਵਿਚੋਂ ਪਹਿਲਾਂ ਹੀ ਬਾਹਰ ਕੱਢ ਦਿੱਤਾ। ਕਿਹੜਾ ਲੋਕਤੰਤਰੀ ਦੇਸ਼ ਹੈ, ਜੋ ਆਪਣੇ ਦੇਸ਼ ਦੇ ਅੱਧੇ ਹਿੱਸੇ ਨੂੰ ਚੋਣ ਪ੍ਰਕ੍ਰਿਆ ਵਿਚੋਂ ਹੀ ਬਾਹਰ ਕੱਢ ਦੇਵੇ? ਇਹ ਵੀ ਏਜੰਡੇ ਦਾ ਹਿੱਸਾ ਹੋਣਾ ਚਾਹੀਦਾ ਹੈ। ਸਾਡੀ ਜਮਹੂਰੀਅਤ ਦੀ ਕੀ ਵਿਡੰਬਨਾ ਹੈ ਕਿ ਇਨ੍ਹਾਂ ਸਿਆਸੀ ਨੇਤਵਾਂ ਨੂੰ ਪਹਿਲਾਂ ਤਾਂ ਅਸੀਂ ਚੋਣਾਂ ਵੇਲੇ ਮੋਟੇ ਫੰਡ ਦਿੰਦੇ ਹਾਂ ਤੇ ਫਿਰ ਜਿੱਤਣ ਤੋਂ ਬਾਅਦ ਜਦੋਂ ਕੋਈ ਕੰਮ ਕਰਵਾਉਣਾ ਹੋਵੇ, ਫਿਰ ਮੋਟੀਆਂ ਰਕਮਾਂ ਅਦਾ ਕਰਦੇ ਹਾਂ ਤਾਂ ਭਲਾ ਅਸੀਂ ਕਿਉਂ ਇਨ੍ਹਾਂ ਨੂੰ ਚੁਣਦੇ ਹਾਂ, ਜਦੋਂ ਇਨ੍ਹਾਂ ਸਾਡੀਆਂ ਹੀ ਜੇਬਾਂ 'ਤੇ ਡਾਕਾ ਮਾਰਨਾ ਹੈ? ਸਮਾਂ ਕੱਢ ਕੇ ਜਰੂਰ ਸੋਚੋ।

ਇਸ ਦੇ ਰੂਲ ਬਦਲੇ ਜਾਣੇ ਚਾਹੀਦੇ ਹਨ, ਇੱਕ ਬੰਦਾ ਦੋ ਤੋਂ ਵੱਧ ਵਾਰ ਖੜ੍ਹਾ ਨਾ ਹੋ ਸਕੇ, ਲੋਕ ਸਮੀਕਰਣਾਂ ਉਤੇ ਖਰਾ ਨਾ ਉਤਰਨ 'ਤੇ ਵਾਪਸ ਬੁਲਾਉਣ ਦਾ ਅਧਿਕਾਰ ਹੋਵੇ, ਟਿਕਟਾਂ ਆਮ ਲੋਕਾਂ ਵਿਚ ਦਿੱਤੀਆਂ ਜਾਣ, ਲੋਕ ਰਲ ਕੇ ਆਪਣਾ ਨੁਮਾਇੰਦਾ ਖੜ੍ਹਾ ਕਰਨ, ਚੋਣ ਮੈਨੀਫੈਸਟੋ ਨੂੰ ਕਾਨੂੰਨ ਦੇ ਘੇਰੇ ਵਿਚ ਲਿਆਂਦਾ ਜਾਵੇ-ਸੋ ਸਮੁੱਚੀ ਚੋਣ ਪ੍ਰਕ੍ਰਿਆ ਸੁਆਲਾਂ ਦੇ ਘੇਰੇ ਵਿਚ ਹੈ। ਇੱਕ ਅਜਿਹੀ ਜਮਾਤ ਪੈਦਾ ਹੋ ਚੁਕੀ ਹੈ, ਜੋ ਚੋਣਾਂ ਲੜਦੀ ਹੈ, ਕਾਨੂੰਨ ਬਣਾਉਂਦੀ ਹੈ, ਲੋਕਾਂ ਦੀ ਕਿਸਮਤ ਦੇ ਫੈਸਲੇ ਕਰਦੀ ਹੈ। ਪੰਜ ਸਾਲਾਂ ਵਿਚ ਆਮ ਆਦਮੀ ਲਈ ਤਾਂ ਇੱਕ ਦਿਨ ਹੀ ਆਉਂਦਾ ਹੈ, ਜਦੋਂ ਉਹ ਵੋਟ ਪਾਉਂਦਾ ਹੈ। ਅੰਦੋਲਨਕਾਰੀਆਂ ਨੂੰ ਚਾਹੀਦਾ ਹੈ ਕਿ ਉਹ 2022 ਦੇ ਮੱਦੇਨਜ਼ਰ ਅਜਿਹੇ ਕਾਨੂੰਨ ਬਣਵਾਉਣ ਕਿ ਸਾਰੇ ਦੇਸ਼ ਵਾਸੀ ਇਸ ਚੋਣ ਪ੍ਰਕ੍ਰਿਆ ਵਿਚ ਹਿੱਸਾ ਲੈ ਸਕਣ। ਭਾਵੇਂ ਇਕ ਦਮ ਹੋਣਾ ਥੋੜ੍ਹਾ ਮੁਸ਼ਕਿਲ ਹੈ, ਕਿਉਂਕਿ ਪਹਿਲਾਂ ਤਿੰਨ ਕਾਲੇ ਕਾਨੂੰਨ ਵਾਪਸ ਕਰਾਉਣੇ ਤੇ ਐਮ. ਐਸ. ਪੀ. 'ਤੇ ਕਾਨੂੰਨ ਬਣਾਉਣਾ ਮੁੱਖ ਏਜੰਡਾ ਹੈ। ਜ਼ਮੀਨਾਂ ਦੀ ਮਲਕੀਅਤ ਸਾਡੇ ਵਰਤਮਾਨ/ਭਵਿੱਖ ਦਾ ਆਧਾਰ

(ਬਾਕੀ ਅਗਲੇ ਸਫੇ 'ਤੇ)

***ਕਿਸਾਨ ਅੰਦੋਲਨ ਨੇ ਸਿਰਫ ਇੱਕ ਗੱਲ ਹੀ ਤੈਅ ਨਹੀਂ ਕੀਤੀ ਕਿ ਸਿਆਸਤ ਚੋਣਾਂ ਤੋਂ ਚੋਣਾਂ ਤਕ ਹੀ ਨਹੀਂ ਹੁੰਦੀ, ਸਗੋਂ ਸੜਕ ਦੀ ਲੜਾਈ ਦੀ ਸਿਆਸਤ ਵੀ ਬਹੁਤ ਕੁਝ ਤੈਅ ਕਰਦੀ ਹੈ। ਬਹੁਤ ਸਾਰੀਆਂ ਪਾਰਟੀਆਂ ਨੇ ਇਹ ਅੰਦੋਲਨ ਦੀ ਸਿਆਸਤ ਛੱਡ ਦਿੱਤੀ ਹੈ। ਸਮਾਜਵਾਦੀ ਪਾਰਟੀ ਦੇ ਬਾਨੀ ਮਰਹੂਮ ਰਾਮ ਮਨੋਹਰ ਲੋਹੀਆ ਦਾ ਕਹਿਣਾ ਸੀ, "ਜਦੋਂ ਸੜਕਾਂ ਸੁੰਨੀਆਂ ਹੋ ਜਾਂਦੀਆਂ ਹਨ ਤਾਂ ਸੰਸਦ ਅਵਾਰਾ ਹੋ ਜਾਂਦੀ ਹੈ।" ਸੋ ਸੰਸਦੀ ਮਰਿਆਦਾ ਨੂੰ ਬਣਾਈ ਰੱਖਣ ਲਈ ਅੰਦੋਲਨਾਂ ਦਾ ਦਬਾਅ ਜਰੂਰੀ ਹੈ।***



ਰਾਮ ਮਨੋਹਰ ਲੋਹੀਆ

# ਨਿਆਂ ਪਾਲਿਕਾ ਦਾ ਅਕਸ ਬਚਾਉਣ ਦੀ ਜ਼ਿੰਮੇਵਾਰੀ ਕਿਸ ਦੀ?

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਵੱਡੇ ਮਹੱਤਵ ਵਾਲੇ ਕੇਸਾਂ ਵਿਚ ਫਸੇ ਹੋਏ ਲੋਕਾਂ, ਖਾਸ ਕਰ ਕੇ ਸਿਆਸੀ ਆਗੂਆਂ ਨੂੰ ਅਸੀਂ ਇਹ ਕਹਿੰਦੇ ਬਹੁਤ ਵਾਰੀ ਸੁਣਿਆ ਹੈ ਕਿ ਉਨ੍ਹਾਂ ਨੂੰ ਦੇਸ਼ ਦੀ ਨਿਆਂਪਾਲਿਕਾ ਉਤੇ ਪੂਰਾ ਵਿਸ਼ਵਾਸ ਹੈ। ਜਿਨ੍ਹਾਂ ਨੂੰ ਕਿਸੇ ਕੇਸ ਵਿਚ ਸਜ਼ਾ ਮਿਲ ਜਾਂਦੀ ਹੈ, ਉਹ ਵੀ ਸਜ਼ਾ ਕਰਵਾਉਣ ਲਈ ਕੇਸ ਦੀ ਪੈਰਵੀ ਕਰਨ ਵਾਲਿਆਂ ਵਿਰੁੱਧ ਬੋਲਦੇ ਹਨ, ਨਿਆਂਪਾਲਿਕਾ ਵਿਰੁੱਧ ਕੁਝ ਬੋਲਣ ਦੀ ਥਾਂ ਇਹੋ ਕਹਿੰਦੇ ਹਨ ਕਿ ਇਹਦੇ ਉਤੇ ਪੂਰਾ ਵਿਸ਼ਵਾਸ ਹੈ। ਸਾਨੂੰ ਉਸ ਵਕਤ ਪਹਿਲੀ ਵਾਰ ਹੈਰਾਨੀ ਹੋਈ, ਜਦੋਂ ਤੀਹ ਕੁ ਸਾਲ ਪਹਿਲਾਂ ਸੁਪਰੀਮ ਕੋਰਟ ਦੇ ਇੱਕ ਜੱਜ ਦੇ ਵਿਰੁੱਧ ਭ੍ਰਿਸ਼ਟਾਚਾਰ ਕਰਨ ਦੇ ਸਿੱਧੇ ਦੋਸ਼ ਲੱਗੇ ਅਤੇ ਉਸ ਵਿਰੁੱਧ ਮਹਾਦੋਸ਼ ਦਾ ਮਤਾ ਲੋਕ ਸਭਾ ਵਿਚ ਬਹਿਸ ਤੱਕ ਜਾ ਪਹੁੰਚਿਆ ਸੀ। ਉਦੋਂ ਕਾਂਗਰਸੀ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਨੇ ਆਪਣੇ ਮੈਂਬਰਾਂ ਨੂੰ ਮਰਜ਼ੀ ਮੁਤਾਬਕ ਵੋਟ ਕਰਨ ਦੀ ਆਗਿਆ ਦੇ ਬਹਾਨੇ ਜਸਟਿਸ ਰਾਮਾਸਵਾਮੀ ਦਾ ਬਚਾਅ ਕਰਨ ਦਾ ਸੰਕੇਤ ਕਰ ਦਿੱਤਾ ਤੇ ਰਾਮਾਸਵਾਮੀ ਸਾਹਿਬ ਬਚ ਗਏ, ਪਰ ਇਹ ਗੱਲ ਲੁਕੀ ਨਹੀਂ ਸੀ ਰਹੀ ਕਿ ਉਨ੍ਹਾਂ ਨੇ ਭ੍ਰਿਸ਼ਟਾਚਾਰ ਕੀਤਾ ਹੀ ਹੋਇਆ ਸੀ।

ਫਿਰ ਕੁਝ ਹੋਰ ਏਦਾਂ ਦੇ ਕੇਸ ਪਾਰਲੀਮੈਂਟ ਵਿਚ ਮਹਾਂਦੋਸ਼ ਦੀ ਬਹਿਸ ਹੋਣ ਤੱਕ ਗਏ ਅਤੇ ਇੱਕ ਕੇਸ ਵਿਚ ਪਾਰਲੀਮੈਂਟ ਦੇ ਇੱਕ ਹਾਊਸ ਤੋਂ ਮਤਾ ਪਾਸ ਹੋਣ ਪਿੱਛੋਂ ਅਗਲਾ ਰਿਸਕ ਲੈਣ ਦੀ ਥਾਂ ਉਸ ਜੱਜ ਨੇ ਅਸਤੀਫਾ ਦੇ ਦਿੱਤਾ ਸੀ। ਫਿਰ ਅਸੀਂ ਉਹ ਦਿਨ ਵੇਖੇ, ਜਦੋਂ ਸੁਪਰੀਮ ਕੋਰਟ ਦੇ ਚਾਰ ਜੱਜ ਆਪਣੇ ਮੁੱਖ ਜੱਜ ਦੇ ਖਿਲਾਫ ਪ੍ਰੈੱਸ ਕਾਨਫਰੰਸ ਲਾ ਬੈਠੇ ਸਨ। ਇਹ ਕੰਮ ਪਹਿਲੀ ਵਾਰ ਹੋਇਆ ਸੀ। ਜਿਨ੍ਹਾਂ ਜੱਜਾਂ ਨੇ ਆਪਣੇ ਚੀਫ ਜਸਟਿਸ ਦੇ ਖਿਲਾਫ ਪ੍ਰੈੱਸ ਕਾਨਫਰੰਸ ਕੀਤੀ, ਉਨ੍ਹਾਂ ਦੀ ਅਗਵਾਈ ਕਰਨ ਵਾਲਾ ਜੱਜ ਜਦੋਂ ਖੁਦ ਚੀਫ ਜਸਟਿਸ ਬਣਿਆ ਤਾਂ ਆਪਣੀ ਰਿਟਾਇਰਮੈਂਟ ਵੇਲੇ ਅਤੇ ਉਸ ਪਿੱਛੋਂ ਰਾਜ ਸਭਾ ਮੈਂਬਰੀ ਲੈਣ ਕਾਰਨ ਉਹ ਵੀ ਦੋਸ਼ਾਂ ਵਿਚ ਘਿਰ ਗਿਆ ਸੀ।

ਭਾਰਤ ਦੇ ਲੋਕ ਆਪਣੇ ਦੇਸ਼ ਦੀ ਨਿਆਂਪਾਲਿਕਾ ਦੀ ਇੱਜ਼ਤ ਕਰਦੇ ਹਨ ਤੇ ਕਰਦੇ ਵੀ ਰਹਿਣਾ ਚਾਹੁੰਦੇ ਹਨ, ਪਰ ਲੋਕਾਂ ਵਿਚ ਇਹ ਇੱਜ਼ਤ ਬਣੀ ਰਹੇ, ਇਸ ਲਈ ਖੁਦ ਨਿਆਂਪਾਲਿਕਾ ਨਾਲ ਜੁੜੇ ਹੋਏ ਲੋਕਾਂ ਨੂੰ ਵੀ ਅਹੁਦੇ ਦੇ ਸਤਿਕਾਰ ਦਾ ਖਿਆਲ ਰੱਖਣਾ ਚਾਹੀਦਾ ਹੈ। ਬੀਤੇ ਸਮੇਂ ਵਿਚ ਇਹੋ ਜਿਹੇ ਕਈ ਕੇਸ ਹੋਏ ਹਨ, ਜਿਨ੍ਹਾਂ ਨਾਲ ਜੱਜਾਂ ਦਾ ਸਤਿਕਾਰ ਲੋਕਾਂ ਵਿਚ ਕਿੰਤੂਆਂ ਦੇ ਘੇਰੇ ਵਿਚ ਆਇਆ ਹੈ। ਏਦਾਂ ਹੋਣਾ ਨਹੀਂ ਸੀ ਚਾਹੀਦਾ।

ਹਾਲੇ ਕੁਝ ਦਿਨ ਹੋਏ ਹਨ, ਭਾਰਤ ਸਰਕਾਰ ਨੇ ਦੇਸ਼ ਦੇ ਮਨੁੱਖੀ ਅਧਿਕਾਰ ਕਮਿਸ਼ਨ ਦੇ ਮੁਖੀ ਵਜੋਂ ਸਾਬਕਾ ਜੱਜ ਜਸਟਿਸ ਅਰੁਣ ਮਿਸ਼ਰਾ ਨੂੰ ਨਿਯੁਕਤ ਕੀਤਾ ਹੈ। ਇਹ ਨਿਯੁਕਤੀ ਹੁੰਦੇ ਸਾਰ ਪ੍ਰਮੁੱਖ ਵਕੀਲ ਪ੍ਰਸ਼ਾਂਤ ਭੂਸ਼ਨ ਨੇ ਜਸਟਿਸ ਮਿਸ਼ਰਾ ਵਿਰੁੱਧ ਏਦਾਂ ਦੇ ਕੇਸ ਕੱਢ ਲਿਆਂਦੇ, ਜਿਹੜੇ ਲੋਕਾਂ ਦੇ ਚੇਤੇ ਵਿਚੋਂ ਵਿੱਸਰ ਚੁਕੇ ਸਨ। ਜਸਟਿਸ ਅਰੁਣ ਮਿਸ਼ਰਾ ਉਤੇ ਭਾਰਤ ਦੇ ਇੱਕ ਵੱਡੇ ਉਦਯੋਗਪਤੀ, ਜਿਹੜਾ ਗੁਜਰਾਤ ਵਿਚ ਨਰਿੰਦਰ ਮੋਦੀ ਦੇ ਮੁੱਖ ਮੰਤਰੀ ਬਣਨ ਪਿੱਛੋਂ ਬੜੀ ਤੇਜ਼ੀ ਨਾਲ ਉਭਰਿਆ ਸੀ, ਦੇ ਕੇਸਾਂ ਵਿਚ ਲਗਾਤਾਰ ਉਸ ਦੇ ਹੱਕ ਵਿਚ ਫੈਸਲੇ ਕਰਨ ਦੀ ਚਰਚਾ ਹੁੰਦੀ ਸੀ। ਜਦੋਂ ਚਾਰ ਜੱਜ ਪ੍ਰੈੱਸ ਕਾਨਫਰੰਸ ਕਰਨ ਬੈਠੇ ਸਨ, ਉਦੋਂ ਉਨ੍ਹਾਂ ਨੇ ਵੀ ਇਸ ਜੱਜ ਬਾਰੇ ਕੁਝ ਟਿੱਪਣੀਆਂ ਕੀਤੀਆਂ ਸਨ। ਭਾਰਤ ਦੇ ਮਨੁੱਖੀ ਅਧਿਕਾਰ ਕਮਿਸ਼ਨ ਦੇ ਮੁਖੀ ਲਈ ਦੋ ਯੋਗਤਾਵਾਂ ਚਾਹੀਦੀਆਂ ਹਨ, ਪਹਿਲੀ ਤਾਂ ਇਹ ਕਿ ਉਸ ਜੱਜ ਦਾ ਪਿਛਲਾ ਰਿਕਾਰਡ ਮਨੁੱਖੀ ਅਧਿਕਾਰਾਂ ਲਈ ਕੰਮ ਕਰਨ ਦਾ ਹੋਵੇ, ਜਿਹੜਾ ਜਸਟਿਸ ਮਿਸ਼ਰਾ ਨੇ ਕਦੇ ਨਹੀਂ ਸੀ ਕੀਤਾ। ਦੂਸਰਾ ਇਹ ਕਿ ਉਹ ਸਰਕਾਰ ਦਾ ਪ੍ਰਭਾਵ ਕਬੂਲਣ ਵਾਲਾ ਨਾ ਹੋਵੇ।



ਜਸਟਿਸ ਅਰੁਣ ਮਿਸ਼ਰਾ



ਜਸਟਿਸ ਕੌਸ਼ਿਕ ਚੰਦਾ

ਜਸਟਿਸ ਮਿਸ਼ਰਾ ਵਿਰੁੱਧ ਚਾਰ ਜੱਜਾਂ ਨੇ ਪ੍ਰੈੱਸ ਕਾਨਫਰੰਸ ਦੇ ਵਕਤ ਕਿਹਾ ਸੀ ਕਿ ਸਰਕਾਰ ਲਈ ਬਹੁਤ ਸੰਵੇਦਨਸ਼ੀਲ ਮੰਨੇ ਜਾਂਦੇ ਕੇਸ ਇਸ ਜੱਜ ਕੋਲ ਭੇਜੇ ਜਾਂਦੇ ਹਨ ਅਤੇ ਇਸ ਦਾ ਰਿਕਾਰਡ ਸਰਕਾਰ ਦੇ ਪ੍ਰਭਾਵ ਤੋਂ ਮੁਕਤ ਜੱਜ ਵਾਲਾ ਨਹੀਂ ਬਣ ਸਕਿਆ। ਜੱਜ ਲੋਇਆ ਦੀ ਮੌਤ ਦੇ ਕੇਸ ਅਤੇ ਅਡਾਨੀ ਗਰੁੱਪ ਜਾਂ ਸਹਾਰਾ ਗਰੁੱਪ ਵਾਲੇ ਕੇਸਾਂ ਵਿਚ ਸਭ ਨੂੰ ਪਤਾ ਹੈ ਕਿ ਜਸਟਿਸ ਅਰੁਣ ਮਿਸ਼ਰਾ ਨੇ ਕੀ ਰੁਖ ਅਪਨਾਇਆ ਸੀ, ਉਸ ਦੀ ਕਈ ਪਾਸੀਂ ਨੁਕਤਾਚੀਨੀ ਹੁੰਦੀ ਰਹੀ ਸੀ। ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਦੇ ਮੁਖੀ ਦੁਸ਼ਿਅੰਤ ਦਵੇ ਨੇ ਵੀ ਇੱਕ ਵਾਰੀ ਜਸਟਿਸ ਮਿਸ਼ਰਾ ਦੇ ਖਿਲਾਫ ਕਈ ਇਤਰਾਜ਼ ਉਠਾਏ ਸਨ, ਜਿਹੜੇ ਚਰਚਾ ਦਾ ਵਿਸ਼ਾ ਬਣ ਗਏ ਸਨ।

ਇਸ ਵਕਤ ਇੱਕ ਨਵਾਂ ਕੇਸ ਦੇਸ਼ ਦੇ ਲੋਕਾਂ ਵਿਚ ਚਰਚਾ ਦਾ ਵਿਸ਼ਾ ਬਣਿਆ ਹੈ। ਪੱਛਮੀ ਬੰਗਾਲ ਦੀਆਂ ਚੋਣਾਂ ਦੇ ਨਤੀਜੇ ਵਾਲੇ ਦਿਨ ਹਲਕਾ ਨੰਦੀਗ੍ਰਾਮ ਦੇ ਨਤੀਜੇ ਵਿਚ ਪਹਿਲਾਂ ਮਮਤਾ ਬੈਨਰਜੀ ਨੂੰ ਜੇਤੂ ਐਲਾਨਿਆ ਗਿਆ ਤੇ ਰਾਜ ਦੇ ਗਵਰਨਰ ਨੇ ਵੀ ਮਮਤਾ ਬੈਨਰਜੀ ਨੂੰ ਜਿੱਤ ਦੀ ਵਧਾਈ ਭੇਜ ਦਿੱਤੀ। ਕੁਝ ਸਮੇਂ ਬਾਅਦ ਰਿਟਰਨਿੰਗ ਅਫਸਰ ਨੇ ਨਤੀਜਾ ਪਲਟਾ ਕੇ ਤ੍ਰਿਣਮੂਲ ਕਾਂਗਰਸ ਤੋਂ ਭਗੌੜੇ ਹੋਏ ਭਾਜਪਾ ਉਮੀਦਵਾਰ ਸੁਵੇਂਦੂ ਅਧਿਕਾਰੀ ਦੀ ਜਿੱਤ ਦਾ ਐਲਾਨ ਕਰ ਦਿੱਤਾ ਤੇ ਇਸ ਨਾਲ ਹਰ ਪਾਸੇ ਰੌਲਾ ਪੈ ਗਿਆ। ਮਮਤਾ ਬੈਨਰਜੀ ਨੇ ਇਸ ਚੋਣ ਨੂੰ ਚੁਣੌਤੀ ਦੇਣ ਦਾ ਐਲਾਨ ਕਰ ਦਿੱਤਾ ਤੇ ਜਦੋਂ ਇਸ ਚੁਣੌਤੀ ਦੀ ਪਟੀਸ਼ਨ ਹਾਈ ਕੋਰਟ ਵਿਚ ਪਹੁੰਚੀ ਤਾਂ ਨਿਆਂਪਾਲਿਕਾ ਨਵੀਂ ਚਰਚਾ ਵਿਚ ਆ ਗਈ। ਹਾਈ ਕੋਰਟ ਦੇ ਚੀਫ ਜਸਟਿਸ ਨੇ ਇਹ ਕੇਸ ਜਸਟਿਸ ਕੌਸ਼ਿਕ ਚੰਦਾ ਦੇ ਸਿੰਗਲ ਜੱਜ ਬੈਂਚ ਦੇ ਹਵਾਲੇ ਕਰ ਦਿੱਤਾ ਤੇ ਤ੍ਰਿਣਮੂਲ ਕਾਂਗਰਸ ਨੇ ਜਸਟਿਸ ਕੌਸ਼ਿਕ ਚੰਦਾ ਦੀਆਂ ਭਾਜਪਾ ਲੀਡਰਾਂ ਨਾਲ ਭਾਜਪਾ ਦੇ ਲੀਗਲ ਸੈੱਲ ਦੇ ਸਮਾਗਮਾਂ ਵਿਚ ਜਾ ਕੇ ਉਨ੍ਹਾਂ ਨਾਲ ਖਿਚਵਾਈਆਂ ਤਸਵੀਰਾਂ ਪ੍ਰੈੱਸ ਨੂੰ ਜਾਰੀ ਕਰ ਦਿੱਤੀਆਂ। ਜਿਹੜਾ ਜੱਜ ਇਸ ਅਹੁਦੇ ਉਤੇ ਜਾਣ ਤੋਂ ਪਹਿਲਾਂ ਅਤੇ ਬਾਅਦ ਵਿਚ ਭਾਜਪਾ ਲੀਡਰਾਂ ਨਾਲ ਲਗਾਤਾਰ ਸਾਂਝ ਰੱਖਦਾ ਰਿਹਾ ਹੈ, ਉਸ ਕੋਲ ਮਮਤਾ ਬੈਨਰਜੀ ਦੀ ਚੋਣ ਪਟੀਸ਼ਨ ਨੂੰ ਭੇਜਣ ਨਾਲ ਹੀ ਅੱਧਾ ਫੈਸਲਾ ਲੋਕਾਂ ਦੇ ਅੰਦਾਜ਼ਿਆਂ ਦਾ ਆਧਾਰ ਬਣ ਜਾਂਦਾ ਹੈ। ਭਾਜਪਾ ਇਸ ਦੀਆਂ ਸਫਾਈਆਂ ਦੇ ਰਹੀ ਹੈ, ਪਰ ਭਾਜਪਾ ਦੀਆਂ ਸਫਾਈਆਂ ਨਾਲ ਕਿਸੇ ਦਾ ਸ਼ੱਕ ਦੂਰ ਨਹੀਂ ਹੋਣਾ। ਜਿਹੜੀ ਗੱਲ ਸੁਪਰੀਮ ਕੋਰਟ ਦੇ ਚਾਰ ਜੱਜਾਂ ਨੇ ਪ੍ਰੈੱਸ ਕਾਨਫਰੰਸ ਵਿਚ ਕਹੀ ਸੀ ਕਿ ਕੇਸ ਚੁਣ ਕੇ ਉਨ੍ਹਾਂ ਜੱਜਾਂ ਦੇ ਹਵਾਲੇ ਕੀਤੇ ਜਾ ਰਹੇ ਹਨ, ਜਿਨ੍ਹਾਂ ਕੋਲ ਜਾਣੇ ਨਹੀਂ ਚਾਹੀਦੇ, ਉਹੀ ਗੱਲ ਇਸ ਕੇਸ ਵਿਚ ਕਹੀ ਜਾ ਰਹੀ ਹੈ ਕਿ ਇਹ ਕੇਸ ਉਸ ਜੱਜ ਕੋਲ ਹਰਗਿਜ਼ ਨਹੀਂ ਜਾਣਾ ਚਾਹੀਦਾ ਸੀ, ਜਿਸ ਦੇ ਖਿਲਾਫ ਭਾਜਪਾ ਨਾਲ ਸਾਂਝੀ ਦੀ ਗੱਲ ਕਹੀ ਜਾ ਰਹੀ ਹੈ। ਜਦੋਂ ਪਤਾ ਹੈ ਕਿ ਇਹ ਜੱਜ ਇਸ ਕੇਸ ਦੀ ਇੱਕ ਧਿਰ ਦੀ ਰਾਜਨੀਤੀ ਵਾਲੀ ਪਾਰਟੀ ਨਾਲ ਗੂੜ੍ਹੀਆਂ ਸਾਂਝਾਂ ਰੱਖਦਾ ਰਿਹਾ ਹੈ ਤਾਂ ਇਸ ਨੂੰ ਕੇਸ ਦੇਣਾ ਹੀ ਨਹੀਂ ਸੀ ਚਾਹੀਦਾ।

ਅਸੀਂ ਫਿਰ ਉਸੇ ਗੱਲ ਉਤੇ ਆਉਂਦੇ ਹਾਂ ਕਿ ਆਮ ਲੋਕਾਂ ਨੂੰ ਕੋਈ ਨਹੀਂ ਪੁੱਛੇਗਾ ਕਿ ਨਿਆਂਪਾਲਿਕਾ ਦੀ ਕਿੰਨੀ ਕੁ ਇੱਜ਼ਤ ਕਰਦੇ ਹਨ, ਇਹੋ ਜਿਹੀ ਗੱਲ ਵੱਡੇ ਲੀਡਰਾਂ ਨੂੰ ਪੁੱਛੀ ਜਾਂਦੀ ਹੈ ਅਤੇ ਉਹ ਕਹਿ ਦਿੰਦੇ ਹਨ ਕਿ ਉਨ੍ਹਾਂ ਦੇ ਮਨ ਵਿਚ ਇਸ ਦੇਸ਼ ਦੀ ਨਿਆਂਪਾਲਿਕਾ ਦਾ ਬਹੁਤ ਸਤਿਕਾਰ ਹੈ। ਉਨ੍ਹਾਂ ਦੇ ਸਤਿਕਾਰ ਦਾ ਪੈਮਾਨਾ ਜਾਣਨ ਦਾ ਕੋਈ ਹੋਰ ਦਾਅਵਾ ਵੀ ਨਹੀਂ ਕਰ ਸਕਦਾ, ਪਰ ਆਮ ਲੋਕ ਏਦਾਂ ਦੀ ਗੱਲ ਨਹੀਂ ਕਹਿੰਦੇ, ਆਪਣੇ ਦੇਸ਼ ਦੀ ਨਿਆਂ ਪਾਲਿਕਾ ਦੀ ਦਿਲੋਂ ਇੱਜ਼ਤ ਕਰਦੇ ਹਨ। ਉਹ ਆਮ ਲੋਕ ਇਸ ਦੇਸ਼ ਦੀ ਨਿਆਂਪਾਲਿਕਾ ਦੀ ਇਹ ਇੱਜ਼ਤ ਕਰਦੇ ਵੀ ਰਹਿਣਾ ਚਾਹੁੰਦੇ ਹਨ। ਮੁਸ਼ਕਿਲ ਇਹ ਹੈ ਕਿ ਜਦੋਂ ਜਸਟਿਸ ਮਿਸ਼ਰਾ ਜਾਂ ਜਸਟਿਸ ਕੌਸ਼ਿਕ ਚੰਦਾ ਵਰਗੇ ਕੇਸ ਲੋਕਾਂ ਨੂੰ ਪੜ੍ਹਨ-ਸੁਣਨ ਨੂੰ ਮਿਲਦੇ ਹਨ ਤਾਂ ਉਨ੍ਹਾਂ ਦੇ ਮਨ ਵਿਚ ਆਪਣੇ ਦੇਸ਼ ਦੇ ਜੱਜਾਂ ਦਾ ਉਹੋ ਜਿਹਾ ਅਕਸ ਨਹੀਂ ਹੋ ਸਕਦਾ, ਜਿੱਦਾਂ ਦਾ ਹੋਣਾ ਚਾਹੀਦਾ ਹੈ। ਇਹ ਅਕਸ ਖਰਾਬ ਹੋਣ ਤੋਂ ਬਚਾਉਣ ਦੀ ਜ਼ਿੰਮੇਵਾਰੀ ਨਿਆਂਪਾਲਿਕਾ ਨਾਲ ਜੁੜੇ ਹੋਏ ਲੋਕਾਂ ਦੀ ਹੀ ਹੈ।

# ਸਮੇਂ ਦੀ ਅਣਸਰਦੀ ਲੋੜ ਹੈ ਪੰਜਾਬ ਪੱਖੀ ਰਾਜਨੀਤਕ ਬਦਲ

*(ਪਿਛਲੇ ਸਫੇ ਦੀ ਬਾਕੀ)*

ਹੈ, ਪਰ ਪੜਾਅ-ਦਰ-ਪੜਾਅ ਉਹ ਪਹਿਲਾਂ ਏਜੰਡੇ 'ਤੇ ਚਰਚਾ ਕਰਨ, ਫਿਰ ਅੱਗੇ ਤੋਰਨ।

ਪਹਿਲਾ ਪੜਾਅ ਭਾਜਪਾ ਤੇ ਉਸ ਦੀਆਂ ਹਮਾਇਤੀ ਧਿਰਾਂ ਦੇ ਵਿਰੋਧ ਤੋਂ ਅੱਗੇ ਬਦਲਵੀਂ ਸਿਆਸਤ ਦੇਣ ਦਾ ਹੋਵੇ। ਭਾਵੇਂ ਕੁਝ ਧਿਰਾਂ ਚੋਣ ਲੜਨ ਦੇ ਹੱਕ ਵਿਚ ਨਹੀਂ, ਪਰ ਉਹ ਚੋਣ ਲੜਨ ਦੀਆਂ ਇੱਛੁਕ ਧਿਰਾਂ ਦੀ ਹਮਾਇਤ ਕਰ ਸਕਦੀਆ ਹਨ। ਆਮ ਸਹਿਮਤੀ ਨਾਲ ਕਾਰਵਾਈ ਚਲਾਉਣ ਦੀ ਲੋੜ ਹੈ, ਕਿਉਂਕਿ ਸਮਾਂ ਨੇੜੇ ਹੈ। ਪੰਜਾਬ ਵਾਸੀਆਂ ਦੀ ਨਬਜ਼ ਪਛਾਣਨ ਦੀ ਲੋੜ ਹੈ, ਉਹ ਬਹੁਤ ਦੇਰ ਤੋਂ ਇਨ੍ਹਾਂ ਗਿਰਗਟ ਵਾਂਗੂੰ ਰੰਗ ਬਦਲਦੀਆਂ ਪਾਰਟੀਆਂ ਦਾ ਬਦਲ ਲੱਭ ਰਹੇ ਹਨ। ਜੇ ਇਹ ਅੰਦੋਲਨ ਕੋਈ ਬਦਲ ਦੇਣ ਵਿਚ ਕਾਮਯਾਬ ਹੋ ਜਾਵੇ ਤਾਂ ਪੰਜਾਬ ਵਾਸੀਆਂ ਲਈ ਸ਼ੁਭ ਸ਼ਗਨ ਹੋਵੇਗਾ। 2022 ਤੇ 2024 ਵਿਚ ਭਾਜਪਾ ਸਮੇਤ ਦੂਜੀਆਂ ਰਾਜਸੀ ਪਾਰਟੀਆਂ ਨੂੰ ਟੱਕਰ ਦੇਣ ਲਈ ਅੱਜ ਤੋਂ ਹੀ ਸਿਆਸੀ ਜਥੇਬੰਦਕ ਢਾਂਚਾ ਤਿਆਰ ਕਰਨਾ ਪਵੇਗਾ।

ਜਦੋਂ ਮੈਦਾਨ ਖਾਲੀ ਹੋਵੇਗਾ ਤਾਂ 70 ਸਾਲ ਤੋਂ 'ਉਤਰ ਕਾਟੋ ਮੈਂ ਚੜ੍ਹਾਂ' ਦੀ ਸਿਆਸਤ ਕਰਦੀਆਂ ਆ ਰਹੀਆਂ ਸੱਤਾ ਵਿਰੋਧੀ ਪਾਰਟੀਆਂ ਕੇਂਦਰ ਤੇ ਰਾਜਾਂ ਵਿਚ ਆ ਵੀ ਜਾਣ ਤਾਂ ਵੀ ਆਮ ਲੋਕਾਂ ਦੀ ਹੋਣੀ ਵਿਚ ਕੋਈ ਫਰਕ ਨਹੀਂ ਪੈਣ ਵਾਲਾ, ਕਿਉਂਕਿ ਉਹ ਤਾਂ ਪਹਿਲਾਂ ਹੀ ਖੁੱਲ੍ਹੀ ਮੰਡੀ ਤੇ ਡਬਲਿਯੂ. ਟੀ. ਓ. ਦੀਆਂ ਨੀਤੀਆਂ ਨਾਲ ਸਹਿਮਤ ਹਨ। ਬੁਨਿਆਦੀ ਤੌਰ 'ਤੇ ਤਾਂ ਉਹ ਇਸ ਏਜੰਡੇ ਨੂੰ ਅੱਗੇ ਵਧਾਉਂਦੀਆਂ ਆ ਰਹੀਆਂ ਹਨ। ਇਨ੍ਹਾਂ ਰਵਾਇਤੀ ਸਿਆਸੀ ਤਾਕਤਾਂ ਦਾ ਟਾਕਰਾ ਕਰਨ ਲਈ ਨਵੀਂ ਤਰ੍ਹਾਂ ਦੀ ਬਦਲਵੀਂ ਲੋਕ ਹਿਤੈਸ਼ੀ ਸਿਆਸਤ ਬਰਾਬਰ ਖੜ੍ਹੀ ਕਰਨੀ ਪਏਗੀ। ਇਸ ਨਵੀਂ ਸਿਆਸਤ ਦੀ ਰੂਪ ਰੇਖਾ ਉਲੀਕਣੀ, ਲੋਕਾਂ ਦੀ ਪ੍ਰਵਾਨਗੀ, ਪ੍ਰਚਾਰਨਾ ਤੇ ਲੋਕਮੁਖੀ ਬਣਾਉਣ ਦਾ ਗੁਣਾ ਕਿਸਾਨ ਆਗੂਆਂ 'ਤੇ ਆ ਪੈਂਦਾ ਹੈ। ਕਿਸਾਨ ਆਗੂਆਂ ਨੇ ਜਿਸ ਤਰੀਕੇ ਨਾਲ ਪੰਜਾਬ ਦੇ ਹੱਕ ਅਧਿਕਾਰਾਂ ਦੀ ਲੜਾਈ ਪਿਛਲੇ 9 ਮਹੀਨਿਆਂ ਤੋਂ ਨਿਰੰਤਰ, ਸੁਹਿਰਦਤਾ, ਸ਼ਹਿਨਸ਼ੀਲਤਾ, ਇਮਾਨਦਾਰੀ ਤੇ ਅਮਨਪੂਰਬਕ ਲੜੀ ਜਾ ਰਹੀ ਹੈ, ਇਸ ਨਾਲ ਪੰਜਾਬ ਵਾਸੀਆਂ ਨੂੰ ਆਪਣਾ ਦੁੱਖਾਂ ਦਾ ਦਾਰੂ ਵੀ ਇਨ੍ਹਾਂ ਆਗੂਆਂ ਵਿਚ ਵਿਖਾਈ ਦਿੰਦਾ ਹੈ, ਜਿਸ ਕਾਰਨ ਉਹ ਆਗੂਆਂ ਦੇ ਇੱਕ ਇਸ਼ਾਰੇ 'ਤੇ ਭਾਜਪਾ ਆਗੂਆਂ ਦੇ ਘਿਰਾਓ ਲਈ ਤਤਪਰ ਹੋ ਜਾਂਦੇ ਹਨ। ਇਹੋ ਕਾਰਨ ਹੈ ਕਿ ਅਗਲੇ ਵਰ੍ਹੇ ਆ ਰਹੀਆਂ ਵਿਧਾਨ ਸਭਾ ਚੋਣਾਂ ਲਈ ਵੀ ਆਗੂਆਂ ਦੇ ਮੂੰਹ ਵੱਲ ਦੇਖ ਰਹੀਆਂ ਹਨ ਕਿ ਉਹ ਵੋਟ ਸਪੋਟ ਕੀਹਨੂੰ ਦੇਣ? ਕਿਸਾਨ ਆਗੂਆਂ ਨੂੰ ਇਸ ਦਾ ਫੈਸਲਾ ਅੱਜ ਤੋਂ ਹੀ ਕਰਨਾ ਪਵੇਗਾ।

ਜਦੋਂ ਅਸੀਂ ਕਹਿੰਦੇ ਹਾਂ ਕਿ ਪੰਜਾਬ ਦੇ ਵਜੂਦ/ਅਸਤਿਤਵ ਦੀ ਲੜਾਈ ਹੈ, ਕਿਸਾਨੀ ਦੀ ਹੋਂਦ ਦੀ ਲੜਾਈ ਹੈ ਤਾਂ ਫਿਰ ਪੰਜਾਬ ਪੱਖੀ ਨਜ਼ਰੀਆ ਅਪਨਾਉਣਾ ਸਾਡੀ ਪਹਿਲੀ ਤਰਜੀਹ ਹੋਵੇ। ਭਾਵੇਂ ਵਜੂਦ ਦੀ ਲੜਾਈ ਸਿਰਫ ਤਿੰਨ ਕਾਨੂੰਨਾਂ ਤਕ ਹੀ ਸੀਮਤ ਨਹੀਂ, ਪਰ ਇਨ੍ਹਾਂ ਕਾਲੇ ਕਾਨੂੰਨਾਂ ਦੇ ਲਾਗੂ ਹੋਣ ਨਾਲ ਹੀ ਸਾਡੀਆਂ ਜ਼ਮੀਨਾਂ ਹੀ ਨਹੀਂ ਖੁਸਣਗੀਆਂ, ਸਾਡੇ ਗੌਰਵ ਤੇ ਸਨਮਾਨ ਦੇ ਨਾਲ ਵੱਕਾਰ ਵੀ ਖਤਮ ਹੋ ਜਾਵੇਗਾ। ਸਾਡੀਆਂ ਸਰਦਾਰੀਆਂ, ਅਣਖ, ਇੱਜ਼ਤ 'ਤੇ ਪੂੰਜੀਵਾਦੀਆਂ ਦਾ ਕਬਜ਼ਾ ਹੋ ਜਾਵੇਗਾ। ਸੋ ਇਨ੍ਹਾਂ ਕਾਲੇ ਕਾਨੂੰਨਾਂ ਦੀ ਵਾਪਸੀ ਸਾਡੇ ਜਿਊਣ-ਮਰਨ ਨਾਲ ਜੁੜੀ ਹੋਈ ਹੈ। ਜ਼ਮੀਨਾਂ ਸਾਡੀ ਕਿਸਾਨੀ ਤੇ ਪੰਜਾਬ ਦਾ ਆਧਾਰ ਹਨ ਅਤੇ ਸਾਡੇ ਬੱਚਿਆਂ ਦਾ ਭਵਿੱਖ ਹਨ। ਇਥੇ ਕੋਈ ਇੰਡਸਟਰੀ ਨਹੀਂ, ਜੋ ਵੀ ਖੇਤੀ ਆਧਾਰਿਤ ਲਾਈਆਂ ਗਈਆਂ ਹਨ। ਉਥੇ ਮੁਲਾਜ਼ਮਤ ਪੰਜਾਬ ਨੂੰ ਨਹੀਂ, ਸਿਵਾਏ ਸਿਕਿਉਰਿਟੀ ਗਾਰਦ ਦੇ। ਉਥੇ ਵੱਕਾਰੀ ਪੋਸਟਾਂ 'ਤੇ ਸਾਊਥ ਦੇ ਮੁਲਾਜ਼ਮਾਂ ਦੀ ਭਰਤੀ ਕੀਤੀ ਗਈ।

ਮੁੜ ਫਿਰ 2022 ਦੇ ਪੰਜਾਬ 'ਤੇ ਆਈਏ ਕਿ ਪੰਜਾਬ ਦੀ ਮੁੜ ਉਸਾਰੀ ਲਈ ਕੀ ਕੁਝ ਕਰਨਾ ਹੈ, ਅੰਦੋਲਨ ਦੇ ਨਾਲ ਨਾਲ। ਭਰਾਵੋ ਪੰਜਾਬ ਨੂੰ ਬਚਾਉਣ ਕੋਈ ਬਾਹਰੋਂ ਨਹੀਂ ਆਏਗਾ। 1982 ਤਕ ਸੂਬਾ ਚੜ੍ਹਦੀ ਕਲਾ ਵਿਚ ਸੀ, ਸਰਕਾਰਾਂ ਕੋਲ ਲੋਕ ਭਲਾਈ ਲਈ ਪੈਸਾ ਹੁੰਦਾ ਸੀ ਤੇ ਕਰਜ਼ੇ ਦਾ ਨਾਮ ਨਿਸ਼ਾਨ ਹੀ ਨਹੀਂ ਸੀ, ਪਰ ਉਸ ਤੋਂ ਬਾਅਦ ਆਰਥਿਕ ਤੰਗੀ ਆਉਂਦੀ ਗਈ। 1984 ਦੇ ਦਰਬਾਰ ਸਾਹਿਬ ਦੇ ਹਮਲੇ ਨੇ ਜਿਥੇ ਪੰਜਾਬ ਵਾਸੀਆਂ ਨੂੰ ਧਾਰਮਿਕ, ਸਮਾਜਿਕ, ਰਾਜਨੀਤਕ ਤੌਰ 'ਤੇ ਭਾਰੀ ਸੱਟ ਮਾਰੀ ਤੇ ਬੇਵਿਸ਼ਵਾਸੀ ਦਾ ਮਹੌਲ ਸਿਰਜਿਆ, ਉਥੇ ਆਰਥਿਕ ਤੌਰ 'ਤੇ ਝੰਜੋੜ ਕੇ ਰੱਖ ਦਿੱਤਾ। ਇਸ ਮੌਕੇ ਪੰਜਾਬ ਵਲੋਂ ਲੜੀ ਕੌਮੀ ਲੜਾਈ ਨੂੰ ਪੰਜਾਬੀਆਂ ਦੇ ਸਿਰ ਮੜ੍ਹ ਕੇ ਕਰਜ਼ੇ ਦਾ ਮੁੱਢ ਬੰਨ੍ਹ ਦਿੱਤਾ; ਜਦੋਂ ਕਿ ਪਹਿਲਾਂ ਕੇਂਦਰ ਨੇ ਕਰਜ਼ਾ ਮੁਆਫ ਕਰਨ ਦਾ ਵਾਅਦਾ ਕੀਤਾ ਸੀ। ਸਮੇਂ ਸਮੇਂ ਪੰਜਾਬ 'ਤੇ ਰਾਜ ਕਰਦੀਆਂ ਰਾਜਸੀ ਪਾਰਟੀਆਂ ਨੂੰ ਵੀ ਪੰਜਾਬ ਦੇ ਹਿਤਾਂ ਨਾਲੋਂ ਆਪਣੀ ਕੁਰਸੀ ਵਧੇਰੇ ਪਿਆਰੀ ਸੀ, ਜਿਸ ਕਾਰਨ ਜਾਇਜ਼ ਮੰਗ ਨੂੰ ਵੀ ਉਹ ਮਨਾ ਨਾ ਸਕੇ। ਉਹ ਦਿਨ ਤੇ ਆਹ ਦਿਨ! ਉਹੋ ਕਰਜ਼ਾ ਵਧਦਾ ਵਧਦਾ ਅੱਜ ਪੌਣੇ ਤਿੰਨ ਲੱਖ ਕਰੋੜ ਨੂੰ ਹੱਥ ਲਾ ਗਿਆ। ਬਾਵਜੂਦ ਇਸ ਦੇ ਕਿ ਵਿਆਜ ਦੀ ਵੱਡੀ ਰਕਮ ਹਰ ਸਾਲ ਕੇਂਦਰ ਨੂੰ ਭੇਜੀ ਜਾ ਰਹੀ ਹੈ। ਸੋ ਲਾਪਰਵਾਹੀਆਂ, ਮਦਹੋਸ਼ੀਆਂ ਛੱਡ ਕੇ ਕਿਸਾਨ ਆਗੂਆਂ ਦੇ ਨਾਲ ਨਾਲ ਪੰਜਾਬ ਹਿਤੈਸ਼ੀ ਵੀ ਅੱਗੇ ਆਉਣ ਤੇ ਸਿਰ ਜੋੜ ਕੇ ਆਉਣ ਵਾਲੀਆਂ ਵਿਧਾਨ ਸਭਾ ਦੀ ਚੋਣ ਬਾਰੇ ਲੋਕ ਪੱਖੀ ਫੈਸਲਾ ਲੈਣ।

# ਸੰਯੁਕਤ ਰਾਸ਼ਟਰ ਵੱਲੋਂ ਮਿਆਂਮਾਰ 'ਚ ਫੌਜੀ ਰਾਜ ਪਲਟੇ ਖਿਲਾਫ ਮਤਾ ਪਾਸ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਨੇ ਇਕ ਅਨੋਖਾ ਕਦਮ ਚੁੱਕਦਿਆਂ ਮਿਆਂਮਾਰ ਦੇ ਫੌਜੀ ਸ਼ਾਸਨ ਖਿਲਾਫ ਵੱਡੇ ਪੱਧਰ 'ਤੇ ਆਲਮੀ ਵਿਰੋਧ ਪ੍ਰਗਟ ਕਰਦਿਆਂ ਇਕ ਮਤਾ ਪਾਸ ਕਰਕੇ ਦੇਸ਼ ਵਿਚ ਫੌਜੀ ਰਾਜ ਪਲਟੇ ਦੀ ਨਿਖੇਧੀ ਕੀਤੀ, ਉਸ ਨੂੰ ਹਥਿਆਰ ਨਾ ਦੇਣ ਦਾ ਸੱਦਾ ਦਿੱਤਾ ਅਤੇ ਜਮਹੂਰੀਅਤ ਤੌਰ 'ਤੇ ਚੁਣੀ ਹੋਈ ਸਰਕਾਰ ਨੂੰ ਬਹਾਲ ਕਰਨ ਦੀ ਮੰਗ ਕੀਤੀ ਹੈ। ਹਾਲਾਂਕਿ, ਭਾਰਤ ਸਣੇ 36 ਦੇਸ਼ਾਂ ਨੇ ਇਸ ਮਤੇ 'ਤੇ ਵੋਟਿੰਗ ਵਿੱਚ ਹਿੱਸਾ ਨਹੀਂ ਲਿਆ।



ਭਾਰਤ ਨੇ ਕਿਹਾ ਕਿ ਉਸ ਦਾ ਮੰਨਣਾ ਹੈ, ਇਸ ਮਤੇ ਨੂੰ ਇਸ ਸਮੇਂ ਮਨਜ਼ੂਰ ਕਰਨਾ, 'ਮਿਆਂਮਾਰ ਵਿਚ ਲੋਕਤੰਤਰਿਕ ਪ੍ਰਕਿਰਿਆ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿਚ ਸਾਡੇ ਸਾਂਝੇ ਯਤਨਾਂ ਦੇ ਅਨੁਕੂਲ ਨਹੀਂ ਹੈ। ਇਸ ਲਈ ਅਸੀਂ ਇਸ ਪ੍ਰਕਿਰਿਆ ਵਿਚ ਸ਼ਾਮਲ ਨਹੀਂ ਹੋ ਰਹੇ।' ਸੰਯੁਕਤ ਰਾਸ਼ਟਰ ਦੀ ਆਮ ਸਭਾ ਨੇ 'ਮਿਆਂਮਾਰ ਵਿਚ ਸਥਿਤੀ' ਬਾਰੇ ਮਤਾ ਪਾਇਆ, ਜਿਸ ਦੇ ਹੱਕ ਵਿਚ ਮਿਆਂਮਾਰ ਸਣੇ 119 ਮੈਂਬਰ ਦੇਸ਼ਾਂ ਨੇ ਵੋਟ ਪਾਈ। ਹਾਲਾਂਕਿ ਮਿਆਂਮਾਰ ਦੇ ਗੁਆਂਢੀ ਦੇਸ਼ਾਂ ਭਾਰਤ, ਬੰਗਲਾਦੇਸ਼, ਭੂਟਾਨ, ਚੀਨ, ਲਾਓਸ, ਨੇਪਾਲ ਅਤੇ ਥਾਈਲੈਂਡ ਸਣੇ 36 ਦੇਸ਼ਾਂ ਨੇ ਵੋਟਿੰਗ 'ਚ ਹਿੱਸਾ ਨਹੀਂ ਲਿਆ। ਬੇਲਾਰੂਸ ਇਕੱਲੇ ਨੇ ਮਤੇ ਖਿਲਾਫ ਵੋਟ ਪਾਈ।

ਸੰਯੁਕਤ ਰਾਸ਼ਟਰ ਵਿਚ ਭਾਰਤ ਦੇ ਸਥਾਈ ਪ੍ਰਤੀਨਿਧੀ ਟੀ.ਐਸ. ਤ੍ਰਿਮੂਰਤੀ ਨੇ ਕਿਹਾ ਕਿ ਗੁਆਂਢੀ ਅਤੇ ਖੇਤਰੀ ਦੇਸ਼ਾਂ ਨਾਲ ਸਲਾਹ-ਮਸ਼ਵਰਾ ਕੀਤੇ ਬਗੈਰ ਸੰਯੁਕਤ ਰਾਸ਼ਟਰ ਵਿਚ ਮਤਾ ਪੇਸ਼ ਕੀਤਾ ਗਿਆ। ਇਹ ਮਤਾ ਮਿਆਂਮਾਰ ਵਿਚ ਮੌਜੂਦਾ ਸਥਿਤੀ ਨਾਲ ਨਜਿੱਠਣ ਲਈ ਏਸ਼ੀਅਨ ਦੇਸ਼ਾਂ ਵੱਲੋਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦੇ ਉਲਟ ਜਾਪ ਰਿਹਾ ਹੈ।

## ਅਮਰੀਕਾ ਨੇ ਚੀਨ ਨੂੰ ਵਧਦੀ ਰਣਨੀਤਕ ਚੁਣੌਤੀ ਮੰਨਿਆ

**ਵਾਸ਼ਿੰਗਟਨ:** ਰੱਖਿਆ ਮੰਤਰੀ ਲਾਇਡ ਔਸਟਿਨ ਨੇ ਕਿਹਾ ਕਿ ਅਮਰੀਕਾ ਲਈ ਚੀਨ 'ਵਧ ਰਹੀ ਚੁਣੌਤੀ' ਹੈ ਅਤੇ ਜੋਰ ਦਿੱਤਾ ਕਿ ਅਮਰੀਕਾ ਲਈ ਬਹੁਤ ਜਿਆਦਾ ਜਰੂਰੀ ਹੈ ਕਿ ਉਹ ਰਣਨੀਤਕ ਤੌਰ 'ਤੇ ਬੇਹੱਦ ਅਹਿਮ ਹਿੰਦ -ਪ੍ਰਸ਼ਾਂਤ ਖੇਤਰ ਵਿਚ ਆਪਣੇ ਭਾਈਵਾਲਾਂ ਅਤੇ ਸਹਿਯੋਗੀਆਂ ਨਾਲ ਬਿਹਤਰ ਸਾਂਝੇਦਾਰੀ ਲਈ ਮੌਕੇ ਪੈਦਾ ਕਰਨ 'ਤੇ ਧਿਆਨ ਕੇਂਦਰਿਤ ਕਰੇ। ਰੱਖਿਆ ਵਿਭਾਗ ਲਈ 2022 ਦੀ ਬਜਟ ਅਪੀਲ 'ਤੇ ਸੁਣਵਾਈ ਦੌਰਾਨ ਸੈਨੇਟ ਦੀ ਨਮਿੱਤਣ ਕਮੇਟੀ ਦੇ ਮੈਂਬਰ ਨਾਲ ਗੱਲਬਾਤ ਕਰਦਿਆਂ ਔਸਟਿਨ ਨੇ ਕਿਹਾ ਕਿ ਮੁੱਖ ਤੌਰ 'ਤੇ ਉਨ੍ਹਾਂ ਦਾ ਧਿਆਨ ਚੀਨ 'ਤੇ ਹੈ। ਉਨ੍ਹਾਂ ਕਿਹਾ, ''ਚੀਨ ਸਾਡੇ ਲਈ ਵਧ ਰਹੀ ਚੁਣੌਤੀ ਹੈ ਅਤੇ ਮੇਰਾ ਧਿਆਨ ਉਸ 'ਤੇ ਹੀ ਕੇਂਦਰਿਤ ਹੈ। ਸਾਡੇ ਕਦਮਾਂ ਤੋਂ ਇਹ ਜ਼ਾਹਿਰ ਵੀ ਹੈ। ਵਿਦੇਸ਼ ਮੰਤਰੀ ਬਲਿੰਕਨ ਨਾਲ ਮੇਰੀ ਪਹਿਲੀ ਵਿਦੇਸ਼ ਯਾਤਰਾ ਹਿੰਦ-ਪ੍ਰਸ਼ਾਂਤ ਖੇਤਰ ਦੀ ਸੀ।'' ਔਸਟਿਨ ਨੇ ਕਿਹਾ ਕਿ ਇਸ ਲਈ ਉਸ ਨੇ ਚਾਈਨਾ ਟਾਸਕ ਫੋਰਸ ਦਾ ਵੀ ਗਠਨ ਕੀਤਾ ਹੈ।

ਮਸਲੇ

# ਤਿੰਨ ਖੇਤੀ ਕਾਨੂੰਨਾਂ ਦਾ ਸੱਚ

***ਭਾਰਤ ਦੇ ਕੇਂਦਰੀ ਖੇਤਰੀ ਮੰਤਰੀ ਨਰਿੰਦਰ ਤੋਮਰ ਦਾ ਤਾਜ਼ਾ ਬਿਆਨ ਆ ਗਿਆ ਹੈ ਕਿ ਉਨ੍ਹਾਂ ਦੀ ਸਰਕਾਰ ਕਿਸਾਨਾਂ ਨਾਲ ਗੱਲਬਾਤ ਲਈ ਤਿਆਰ ਹੈ ਪਰ ਇਸ ਵੱਲੋਂ ਲਿਆਂਦੇ ਤਿੰਨ ਖੇਤੀ ਕਾਨੂੰਨ ਰੱਦ ਕਰਨ ਬਾਰੇ ਕੋਈ ਗੱਲ ਨਹੀਂ ਕੀਤੀ ਜਾਵੇਗੀ। ਉਧਰ, ਕਿਸਾਨ ਆਖ ਰਹੇ ਹਨ ਕਿ ਉਨ੍ਹਾਂ ਨੂੰ ਕਾਨੂੰਨ ਰੱਦ ਕਰਨ ਤੋਂ ਘੱਟ ਕੋਈ ਵੀ ਸਮਝੌਤਾ ਮਨਜ਼ੂਰ ਨਹੀਂ। ਨਰਿੰਦਰ ਸਿੰਘ ਢਿੱਲੋਂ ਨੇ ਆਪਣੇ ਇਸ ਲੇਖ ਵਿਚ ਵੇਰਵਿਆਂ ਸਹਿਤ ਦੱਸਿਆ ਹੈ ਕਿ ਤਿੰਨੇ ਖੇਤੀ ਕਾਨੂੰਨ ਕਿਸ ਤਰ੍ਹਾਂ ਕਿਸਾਨ ਵਿਰੋਧੀ ਹਨ।***

ਭਾਰਤ ਦੇ ਰਾਸ਼ਟਰਪਤੀ ਨੇ 5 ਜੂਨ 2020 ਨੂੰ ਖੇਤੀ, ਵਪਾਰ ਅਤੇ ਜ਼ਰੂਰੀ ਵਸਤਾਂ ਨਾਲ ਸਬੰਧਿਤ ਤਿੰਨ ਆਰਡੀਨੈਂਸ ਜਾਰੀ ਕੀਤੇ ਸਨ। ਆਰਡੀਨੈਂਸ ਜਾਰੀ ਹੋਣ ਤੋਂ ਬਾਅਦ ਕਿਸਾਨ ਜਥੇਬੰਦੀਆਂ ਅਤੇ ਖੇਤੀ ਮਾਹਿਰਾਂ ਨੇ ਇਨ੍ਹਾਂ ਵਿਰੁਧ ਟਿੱਪਣੀਆਂ ਸ਼ੁਰੂ ਕਰ ਦਿੱਤੀਆਂ। 17 ਸਤੰਬਰ 2020 ਨੂੰ ਲੋਕ ਸਭਾ ਅਤੇ 20 ਸਤੰਬਰ 2020 ਨੂੰ ਰਾਜ ਸਭਾ ਵਿਚ ਕਾਹਲੀ ਕਾਹਲੀ ਇਨ੍ਹਾਂ ਬਿਲਾਂ ਨੂੰ ਬਹੁ-ਸੰਮਤੀ ਨਾਲ ਪਾਸ ਕਰ ਦਿੱਤਾ ਗਿਆ। ਰਾਜ ਸਭਾ ਵਿਚ ਪਾਸ ਕਰਨ ਲਈ ਤਾਂ ਬੜਾ ਹੀ ਗੈਰ-ਜਮਹੂਰੀ ਅਤੇ ਗੈਰ-ਸੰਵਿਧਾਨਕ ਢੰਗ ਵਰਤਿਆ ਗਿਆ। ਨਿਯਮਾਂ ਮੁਤਾਬਕ ਰਾਜ ਸਭਾ ਵਿਚ ਜੇ ਇਕ ਵੀ ਮੈਂਬਰ ਕਿਸੇ ਮੁੱਦੇ 'ਤੇ ਵੋਟਿੰਗ ਕਰਾਉਣ ਦੀ ਮੰਗ ਕਰੇ ਤਾਂ ਚੇਅਰਮੈਨ ਨਾਂਹ ਨਹੀਂ ਕਰ ਸਕਦਾ ਲੇਕਿਨ ਰਾਜ ਸਭਾ ਵਿਚ ਘੱਟ-ਗਿਣਤੀ ਦੇ ਡਰ ਕਰ ਕੇ ਮੈਂਬਰਾਂ ਦੇ ਮੰਗ ਕਰਨ 'ਤੇ ਵੀ ਵੋਟਿੰਗ ਨਹੀਂ ਕਰਵਾਈ ਗਈ ਅਤੇ ਜ਼ਬਾਨੀ ਮਤੇ ਨਾਲ ਹੀ ਬਿਲ ਪਾਸ ਹੋਣ ਦਾ ਐਲਾਨ ਕਰ ਦਿੱਤਾ ਗਿਆ। ਇਉਂ ਆਜ਼ਾਦ ਭਾਰਤ ਦੇ ਇਤਹਾਸ ਵਿਚ ਕਾਲਾ ਪੰਨਾ ਲਿਖ ਦਿੱਤਾ ਗਿਆ।

**ਨਰਿੰਦਰ ਸਿੰਘ ਢਿੱਲੋਂ**
**ਫੋਨ: 587-436-4032**

ਇਸ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਐਨ.ਡੀ.ਏ. ਵਿਚ ਸ਼ਾਮਲ ਪਾਰਟੀਆਂ ਜਿਨ੍ਹਾਂ ਵਿਚ ਸ਼੍ਰੋਮਣੀ ਅਕਾਲੀ ਦਲ ਵੀ ਸ਼ਾਮਲ ਸੀ, ਨੇ ਇਨ੍ਹਾਂ ਨਵੇਂ ਬਣੇ ਕਾਨੂੰਨਾਂ ਦੀ ਹਮਾਇਤ ਵਿਚ ਬੋਲਣਾ ਸ਼ੁਰੂ ਕਰ ਦਿੱਤਾ। ਇਹ ਵੱਖਰੀ ਗੱਲ ਹੈ ਕਿ ਲੋਕਾਂ ਦੇ ਵਿਰੋਧ ਅਤੇ ਲੋਕਾਂ ਵਿਚ ਆਪਣਾ ਆਧਾਰ ਖੁਰਨ ਦੇ ਡਰ ਕਾਰਨ ਅਕਾਲੀ ਦਲ ਨੂੰ ਐਨ.ਡੀ.ਏ. ਸਰਕਾਰ ਵਿਚੋਂ ਬਾਹਰ ਆਉਣਾ ਪਿਆ ਅਤੇ ਆਖਰਕਾਰ ਭਾਜਪਾ ਦਾ ਸਾਥ ਛੱਡਣਾ ਪਿਆ।

ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਬੜੀ ਜਲਦੀ ਇਨ੍ਹਾਂ ਕਾਨੂੰਨਾਂ ਵਿਚ ਲੁਕੇ ਸਰਕਾਰ ਦੇ ਪੂੰਜੀਪਤੀਆਂ ਲਈ ਹੇਜ ਅਤੇ ਕਿਸਾਨ ਵਿਰੋਧੀ ਸਾਜ਼ਿਸ਼ ਨੂੰ ਪਛਾਣ ਲਿਆ ਅਤੇ ਸੰਘਰਸ਼ ਸ਼ੁਰੂ ਕਰ ਦਿੱਤਾ। ਉਧਰ, ਨਰਿੰਦਰ ਮੋਦੀ ਨੇ ਲੱਛੇਦਾਰ ਭਾਸ਼ਨਾਂ ਵਿਚ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਇਹ ਕਾਨੂੰਨ ਬਣਨ ਨਾਲ ਕਿਸਾਨਾਂ ਦੀ ਆਮਦਨ ਦੁੱਗਣੀ ਹੋ ਜਾਵੇਗੀ, ਕਿਸਾਨ ਕਿਤੇ ਵੀ ਜਾ ਕੇ ਆਪਣੀ ਜਿਣਸ ਵੇਚ ਸਕਣਗੇ, ਵਿਚੋਲੀਏ ਬਾਹਰ ਕੱਢ ਦਿੱਤੇ ਜਾਣਗੇ ਵਗੈਰਾ, ਵਗੈਰਾ। ਕਿਸਾਨ ਜਥੇਬੰਦੀਆਂ ਦਾ ਪੰਜਾਬ ਤੋਂ ਸ਼ੁਰੂ ਹੋਇਆ ਸੰਘਰਸ਼ ਦਿੱਲੀ ਦੀਆਂ ਬਰੂਹਾਂ 'ਤੇ ਪਹੁੰਚ ਗਿਆ ਤੇ ਹੌਲੀ-ਹੌਲੀ ਸਾਰੇ ਦੇਸ਼ ਵਿਚ ਫੈਲਾ ਗਿਆ। ਕਿਸਾਨ ਇਨ੍ਹਾਂ ਤਿੰਨਾਂ ਕਾਨੂੰਨਾਂ ਨੂੰ ਕਾਲੇ ਕਾਨੂੰਨ ਆਖਦੇ ਹਨ ਤੇ ਇਨ੍ਹਾਂ ਨੂੰ ਰੱਦ ਕਰਨ ਦੀ ਮੰਗ ਕਰਦਿਆਂ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦੀ ਕਾਨੂੰਨੀ ਗਰੰਟੀ ਦੀ ਮੰਗ ਕਰਦੇ ਹਨ। ਇਸ ਵਿਰੁਧ ਭਾਜਪਾ ਨੇਤਾ ਬੜੀ ਢੀਠਤਾਈ ਨਾਲ ਆਖਦੇ ਹਨ ਕਿ ਦੱਸੋ, ਇਨ੍ਹਾਂ ਕਾਨੂੰਨਾਂ ਵਿਚ ਕਾਲਾ ਕੀ ਹੈ? ਇਹ ਕਾਨੂੰਨ ਤਾਂ ਕਿਸਾਨਾਂ ਦੇ ਭਲੇ ਲਈ ਹਨ, ਆਦਿ।

ਇਨ੍ਹਾਂ ਕਾਨੂੰਨਾਂ ਵਿਚ ਕਾਲਾ ਕੀ ਹੈ, ਆਉ ਇਸ 'ਤੇ ਵਿਚਾਰ ਕਰਦੇ ਹਾਂ।

ਇਨ੍ਹਾਂ ਤਿੰਨਾਂ ਕਾਨੂੰਨਾਂ 'ਤੇ ਗੈਰ-ਸੰਵਿਧਾਨਕ ਹੋਣ ਦਾ ਧੱਬਾ ਲੱਗਾ ਹੋਇਆ ਹੈ ਜਿਸ ਬਾਰੇ ਬਹੁਤ ਸਾਰੇ ਸੰਵਿਧਾਨਕ ਅਤੇ ਕਾਨੂੰਨੀ ਮਾਹਿਰ ਸਪਸ਼ਟ ਕਰ ਚੁੱਕੇ ਹਨ। ਕਿਸਾਨ ਆਗੂ ਕੇਂਦਰੀ ਖੇਤੀ ਮੰਤਰੀ ਨਰਿੰਦਰ ਤੋਮਾਰ, ਗ੍ਰਹਿ ਮੰਤਰੀ ਅਮਿਤ ਸ਼ਾਹ, ਪਿਊਸ਼ ਗੋਇਲ ਅਤੇ ਸੋਮ ਪ੍ਰਕਾਸ਼ ਨਾਲ ਵੱਖ-ਵੱਖ ਗਿਆਰਾਂ ਮੀਟਿੰਗਾਂ ਵਿਚ ਇਨ੍ਹਾਂ ਕਾਨੂੰਨਾਂ ਦੀ ਇਕ-ਇਕ ਮੱਦ 'ਤੇ ਵਿਚਾਰ ਕਰਕੇ ਇਨ੍ਹਾਂ ਨੂੰ ਕਿਸਾਨ ਵਿਰੋਧੀ ਅਤੇ ਗੈਰ-ਸੰਵਿਧਾਨਕ ਸਪਸ਼ਟ ਕਰ ਚੁੱਕੇ ਹਨ। ਗੈਰ-ਸੰਵਿਧਾਨਕ ਇਸ ਕਰਕੇ ਕਿ ਖੇਤੀਬਾੜੀ ਰਾਜਾਂ ਦਾ ਵਿਸ਼ਾ ਹੈ ਜਿਸ ਕਾਰਨ ਕੇਂਦਰ ਸਰਕਾਰ ਨੂੰ ਇਸ ਸਬੰਧੀ ਕਾਨੂੰਨ ਬਣਾਉਣ ਦਾ ਕੋਈ ਹੱਕ ਨਹੀਂ। ਗੱਲਬਾਤ ਵਿਚ ਲਾਜਵਾਬ ਹੋਣ ਤੋਂ ਬਾਅਦ ਪਹਿਲਾਂ ਖੇਤੀ ਮੰਤਰੀ ਸਮੇਤ ਕੇਂਦਰੀ ਵਣਜ ਤੇ ਰੇਲ ਮੰਤਰੀ ਪਿਊਸ਼ ਗੋਇਲ ਅਤੇ ਕੇਂਦਰੀ ਸਨਅਤ ਰਾਜ ਮੰਤਰੀ ਸੋਮ ਪ੍ਰਕਾਸ਼ ਇਸ ਗੱਲ ਲਈ ਸਹਿਮਤ ਹੋ ਗਏ ਸਨ ਕਿ ਸੋਧਾਂ ਜਿੰਨੀਆਂ ਮਰਜ਼ੀ ਕਰਵਾ ਲਉ, ਕਾਨੂੰਨ ਰੱਦ ਕਰਨ ਦੀ ਮੰਗ ਨਾ ਕਰੋ। ਕਿਸਾਨ ਨੇਤਾਵਾਂ ਮੁਤਾਬਕ, ਇਕ ਮੀਟਿੰਗ ਵਿਚ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਖੁਦ ਪੇਸ਼ਕਸ਼ ਕੀਤੀ ਕਿ 'ਕਾਨੂੰਨ ਰੱਦ ਨਾ ਕਰਵਾਉ, ਸੋਧਾਂ ਹੀ ਇੰਨੀਆਂ ਕਰਵਾ ਲਉ ਕਿ ਸਰਕਾਰ ਦੀ ਹੱਤਕ ਵੀ ਨਾ ਹੋਵੇ ਅਤੇ ਕਿਸਾਨਾ ਦਾ ਮੰਤਵ ਵੀ ਪੂਰਾ ਹੋ ਜਾਵੇ। ਕਿਸਾਨ ਲੀਡਰਾਂ ਸਾਹਮਣੇ ਬਿੱਲੀ ਥੈਲਿਉਂ ਬਾਹਰ ਉਦੋਂ ਆ ਗਈ ਜਦੋਂ ਖੇਤੀ ਮੰਤਰੀ ਦੇ ਮੂੰਹੋਂ ਨਿਕਲ ਗਿਆ ਕਿ ਜੇ ਕਾਨੂੰਨ ਰੱਦ ਕਰਦੇ ਹਾਂ ਤਾਂ ਫਿਰ ਕਾਰਪੋਰੇਟ ਨਾਰਾਜ਼ ਹੋ ਜਾਣਗੇ। ਇਹ ਕਾਨੂੰਨ ਕਿਸਾਨ ਵਿਰੋਧੀ ਹੋਣ ਨੂੰ ਸਰਕਾਰ ਪ੍ਰਵਾਨ ਕਰ ਚੁੱਕੀ ਹੈ ਜਿਸ ਕਰਕੇ ਸੋਧਾਂ ਕਰਨ ਲਈ ਤਤਪਰ ਹੈ ਪਰ ਰੱਦ ਕਰਨ ਤੋਂ ਨਾਂਹ ਕਰਦਿਆਂ ਕਾਰਪੋਰੇਟਾਂ ਦੇ ਹਿੱਤ ਪਾਲਣਾ ਚਾਹੁੰਦੀ ਹੈ।

ਪਹਿਲਾ ਖੇਤੀ ਕਾਨੂੰਨ 'ਕਿਸਾਨੀ ਉਪਜ ਵਪਾਰ ਅਤੇ ਵਣਜ (ਪ੍ਰੋਤਸਾਹਨ ਤੇ ਸਹੂਲਤ) ਐਕਟ-2020 ਹੈ। ਇਸ ਦੇ ਸ਼ੁਰੂ ਵਿਚ ਕਿਹਾ ਗਿਆ ਹੈ ਕਿ ਇਹ ਐਕਟ ਕਿਸਾਨਾਂ ਅਤੇ ਵਪਾਰੀਆਂ ਨੂੰ ਵਿਕਰੀ ਅਤੇ ਖਰੀਦ ਲਈ ਆਜ਼ਾਦੀ ਦਿੰਦਾ ਹੈ ਅਤੇ ਮੁਕਾਬਲੇ ਵਾਲੇ ਬਦਲਵੇਂ ਚੈਨਲਾਂ ਰਾਹੀਂ ਲਾਹੇਵੰਦ ਭਾਅ ਦੇਣ ਅਤੇ ਰੁਕਾਵਟ ਰਹਿਤ ਅੰਤਰ-ਰਾਜੀ ਵਪਾਰ ਨੂੰ ਉਤਸ਼ਾਹਿਤ ਕਰਨ ਲਈ ਹੈ ਪਰ ਜਦ ਇਸ ਦੀਆਂ ਵੱਖ-ਵੱਖ ਮੱਦਾਂ ਨੂੰ ਪੜ੍ਹਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਇਹ ਐਗਰੀਕਲਚਰਲ ਪ੍ਰੋਡਿਊਸ ਮਾਰਕੀਟ ਕਮੇਟੀ ਐਕਟ (ਏ.ਪੀ.ਐਮ.ਸੀ.) ਤਹਿਤ ਚੱਲ ਰਹੀਆਂ ਮੰਡੀਆਂ, ਭਾਵ ਸਰਕਾਰੀ ਮੰਡੀਆਂ ਦਾ ਖਾਤਮਾ ਕਰਕੇ ਪ੍ਰਾਈਵੇਟ ਮੰਡੀਆਂ ਰਾਹੀਂ ਕਿਸਾਨਾਂ ਨੂੰ ਕਾਰਪੋਰੇਟਾਂ ਅਧੀਨਾਂ ਕਰਨ ਦੀ ਯੋਜਨਾ ਹੈ। ਇਸ ਵਿਚ ਬੜੀ ਚਲਾਕੀ ਨਾਲ ਉਨ੍ਹਾਂ ਸਾਰੀਆਂ ਵਸਤਾਂ ਨੂੰ ਰਲਗਡ ਕੀਤਾ ਗਿਆ ਹੈ ਜੋ ਕੇਂਦਰ ਸਰਕਾਰ ਦੇ ਘੇਰੇ ਵਿਚ ਨਹੀਂ ਆਉਂਦੀਆਂ। ਮਿਸਾਲ ਦੇ ਤੌਰ 'ਤੇ ਕੇਂਦਰ ਸਰਕਾਰ ਕਣਕ, ਝੋਨਾ, ਸਰੋਂ, ਮੱਕੀ, ਕਪਾਹ/ਨਰਮਾ ਆਦਿ 'ਤੇ ਕਾਨੂੰਨ ਨਹੀਂ ਬਣਾ ਸਕਦੀ, ਇਹ ਸੰਵਿਧਾਨਕ ਪੱਖ ਤੋਂ ਰਾਜਾਂ ਦਾ ਵਿਸ਼ਾ ਹੈ ਪਰ ਇਨ੍ਹਾਂ ਤੋਂ ਤਿਆਰ ਹੋਣ ਵਾਲਾ ਆਟਾ, ਚੌਲ, ਤੇਲ, ਰੂੰ ਆਦਿ 'ਤੇ ਕਾਨੂੰਨ ਬਣਾ ਸਕਦੀ ਹੈ। ਕਿਸਾਨ ਖੇਤੀ ਉਪਜ ਦਾ ਮੰਡੀਕਰਨ ਕਰਦੇ ਹਨ, ਵਾਪਰ ਨਹੀਂ ਕਰਦੇ ਲੇਕਿਨ ਇਸ ਕਾਨੂੰਨ ਦੁਆਰਾ ਬੜੀ ਚਲਾਕੀ ਨਾਲ ਖੇਤੀ ਅਤੇ ਵਪਾਰ ਨੂੰ ਰਲਗਡ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਨੁਕਤੇ ਨੂੰ ਕਿਸਾਨ ਆਗੂਆਂ ਨੇ ਪਛਾਣ ਲਿਆ ਅਤੇ ਖੇਤੀ ਮੰਤਰੀ ਤੇ ਉਸ ਦੀ ਟੀਮ ਨੂੰ ਲਾਜਵਾਬ ਕਰ ਦਿੱਤਾ।

ਦੇਸ਼ ਦੀ ਆਜ਼ਾਦੀ ਤੋਂ ਬਾਅਦ ਰਾਜਾਂ ਵਾਸਤੇ ਏ.ਪੀ.ਐਮ.ਸੀ. ਐਕਟ ਇਸ ਕਰਕੇ ਬਣਾਇਆ ਗਿਆ ਸੀ ਕਿ ਸਰਕਾਰੀ ਏਜੰਸੀਆਂ ਕਿਸਾਨ ਤੋਂ ਖੁਦ ਖਰੀਦ ਕਰਨ ਤਾਂ ਜੋ ਕਿਸਾਨਾਂ ਨੂੰ ਪੂੰਜੀਪਤੀਆਂ ਦੀ ਲੁੱਟ ਦਾ ਸ਼ਿਕਾਰ ਨਾ ਹੋਣਾ ਪਵੇ ਪਰ ਨਵੇਂ ਐਕਟ ਵਿਚ ਪੂੰਜੀਪਤੀਆਂ ਨੂੰ ਇਹ ਸਹੂਲਤ ਦਿੱਤੀ ਗਈ ਹੈ ਕਿ ਉਹ ਏ.ਪੀ.ਐਮ.ਸੀ. ਮੰਡੀ (ਸਰਕਾਰੀ ਮੰਡੀ) ਤੋਂ ਬਹਰ ਪ੍ਰਾਈਵੇਟ ਮੰਡੀ ਖੋਲ੍ਹ ਸਕਦੇ ਹਨ। ਉਹ ਪੂੰਜੀਪਤੀ ਜਾਂ ਵਪਾਰੀ ਥੋਕ ਵਪਾਰ, ਪ੍ਰਚੂਨ, ਬਰਾਮਦ ਜਾਂ ਮੁੱਲ ਵਧਾਉਣ ਤੇ ਮੁਨਾਫਾ ਕਮਾਉਣ ਲਈ ਖਰੀਦ ਕਰ ਸਕਦਾ ਹੈ। ਉਸ ਨੂੰ ਖਰੀਦੀ ਹੋਈ ਜਿਣਸ ਕਿਸੇ ਵੀ ਰਾਜ ਵਿਚ ਲਿਜਾ ਕੇ ਵੇਚਣ ਦੀ ਖੁੱਲ੍ਹ ਹੋਵੇਗੀ। ਮੰਡੀ ਖੋਲ੍ਹਣ ਲਈ ਕੋਈ ਲਾਈਸੈਂਸ ਲੈਣ ਦੀ ਵੀ ਲੋੜ ਨਹੀਂ। ਉਸ ਕੋਲ ਕੇਵਲ ਪੈਨ ਕਾਰਡ ਜਾਂ ਇਨਕਮ ਟੈਕਸ ਐਕਟ-1961 ਅਨੁਸਾਰ ਕੇਂਦਰ ਸਰਕਾਰ ਵਲੋਂ ਜਾਰੀ ਕੀਤਾ ਕੋਈ ਦਸਤਾਵੇਜ਼ ਹੋਣਾ ਚਾਹੀਦਾ ਹੈ। ਪ੍ਰਾਈਵੇਟ ਮੰਡੀ ਵਿਚ ਕੀਤੀ ਖਰੀਦ 'ਤੇ ਉਸ ਪੂੰਜੀਪਤੀ ਕੋਲੋਂ ਕੋਈ ਮਾਰਕੀਟ ਫੀਸ, ਟੈਕਸ ਜਾਂ ਸੈੱਸ ਆਦਿ ਨਹੀਂ ਲਿਆ ਜਾਵੇਗਾ। ਇਸ ਸਮੇਂ ਸਰਕਾਰੀ ਮੰਡੀਆਂ ਵਿਚ ਖਰੀਦ ਏਜੰਸੀਆਂ ਤੋਂ ਲਗਭਗ 160 ਰੁਪਏ ਪ੍ਰਤੀ ਕੁਇੰਟਲ ਮਾਰਕੀਟ ਫਸਿ, ਟੈਕਸ ਆਦਿ ਲਏ ਜਾਂਦੇ ਹਨ। ਇਹ ਰਕਮ ਪਿੰਡਾਂ ਦੀ ਸੜਕਾਂ ਅਤੇ ਵਿਕਾਸ ਲਈ ਵਰਤੀ ਜਾਂਦੀ ਹੈ ਲੇਕਿਨ ਪੂੰਜੀਪਤੀਆਂ ਤੋਂ ਕੋਈ ਵੀ ਪੈਸਾ ਵਸੂਲ ਨਹੀਂ ਕੀਤਾ ਜਾਵੇਗਾ।

ਇਸ ਐਕਟ ਵਿਚ ਕਾਲਾ ਇਹ ਹੈ ਕਿ ਇਹ ਸਰਕਾਰੀ ਮੰਡੀਆਂ ਨੂੰ ਖਤਮ ਕਰ ਦੇਵੇਗਾ। ਜਦ ਅਡਾਨੀ ਜਾਂ ਅੰਬਾਨੀ ਕਰਗੇ ਮੰਡੀਆਂ ਖੋਲ੍ਹਣਗੇ ਤਾਂ ਉਹ ਕਿਸਾਨਾਂ ਨੂੰ ਆਪਣੇ ਵੱਲ ਖਿਚਣ ਲਈ ਇਕ ਦੋ ਸਾਲ ਸਰਕਾਰੀ ਮੰਡੀ ਨਾਲੋਂ ਕਿਸਾਨ ਨੂੰ ਵੱਧ ਭਾਅ ਅਤੇ ਹੋਰ ਸਹੂਲਤਾਂ ਦੇਣਗੇ ਜਿਸ ਦਾ ਸਿੱਟਾ ਇਹ ਹੋਵੇਗਾ ਕਿ ਕਿਸਾਨ ਪ੍ਰਾਈਵੇਟ ਮੰਡੀ ਦਾ ਰੁਖ ਕਰ ਲੈਣਗੇ। ਹੌਲੀ-ਹੌਲੀ ਆੜ੍ਹਤੀਆਂ ਨੂੰ ਆਪਣੀ ਦੁਕਾਨ ਬੰਦ ਕਰਨੀ ਪਵੇਗੀ ਤੇ ਸਰਕਾਰੀ ਮੰਡੀ ਬੰਦ ਹੋ ਜਾਵੇਗੀ। ਜਦ ਸਰਕਾਰੀ ਮੰਡੀ ਬੰਦ ਹੋ ਗਈ, ਫਿਰ ਕਿਸਾਨ ਪੂੰਜੀਪਤੀ ਦੀ ਦਾੜ੍ਹ ਹੇਠ ਆ ਜਾਵੇਗਾ। ਉਸ ਦੀ ਜਿਣਸ ਵਿਚ ਨੁਕਸ ਕੱਢ ਕੇ ਕਿਹਾ ਜਾਵੇਗਾ ਕਿ ਇਹ ਖਰੀਦਣ ਦੇ ਯੋਗ ਨਹੀਂ। ਕਿਸੇ ਵੀ ਕਿਸਾਨ ਦੀ ਇਹ ਸਮਰੱਥਾ ਨਹੀਂ ਹੈ ਕਿ ਉਹ ਆਪਣੀ ਜਿਣਸ ਨੂੰ ਕਿਤੇ ਲਾਂਭੇ ਹੋਰ ਮੰਡੀ ਵਿਚ ਲਿਜਾ ਕੇ ਵੇਚ ਸਕੇ। ਪੂੰਜੀਪਤੀ ਫਿਰ ਇਹ ਕਹੇਗਾ ਕਿ ਜੇ ਭਾਅ ਦੋ ਹਜ਼ਾਰ ਰੁਪਏ ਪ੍ਰਤੀ ਕੁਇੰਟਲ ਹੈ ਤਾਂ ਅਸੀਂ ਬਾਰਾਂ ਜਾਂ ਚੌਦਾਂ ਸੌ ਵਿਚ ਖਰੀਦ ਸਕਦੇ ਹਾਂ। ਮਜਬੂਰੀਵਸ ਕਿਸਾਨ ਨੂੰ ਸਸਤੇ ਭਾਅ 'ਤੇ ਹੀ ਜਿਣਸ ਵੇਚਣੀ ਪਵੇਗੀ। ਇਸ ਤਰ੍ਹਾਂ ਏ.ਪੀ.ਐਮ.ਸੀ. ਮੰਡੀ ਬੰਦ ਹੋਣ ਨਾਲ ਕਿਸਾਨ ਲੁਟਿਆ ਜਾਵੇਗਾ ਅਤੇ ਅੱਜ ਜੋ ਮਾਰਕੀਟ ਫੀਸ ਪਿੰਡਾਂ ਦੇ ਵਿਕਾਸ ਲਈ ਆਉਂਦੀ ਹੈ, ਉਹ ਵੀ ਬੰਦ ਹੋ ਜਾਵੇਗੀ। ਇਉਂ ਪਿੰਡਾਂ ਦਾ ਵਿਕਾਸ ਬੰਦ ਹੋ ਜਾਵੇਗਾ।



ਇਸ ਐਕਟ ਦੇ ਅਧਿਆਏ 3 ਵਿਚ ਵਾਦ-ਵਿਵਾਦ ਦੇ ਨਿਬੇੜੇ ਦਾ ਜੋ ਹੱਲ ਲਿਖਿਆ ਗਿਆ ਹੈ, ਉਹ ਉਲਝਣਾਂ ਭਰਪੂਰ, ਕਿਸਾਨ ਵਿਰੋਧੀ ਅਤੇ ਨਿਆਂ ਦੀ ਪ੍ਰਾਪਤੀ ਲਈ ਅਦਾਲਤੀ ਦਰਵਾਜ਼ੇ ਬੰਦ ਕਰਨ ਵਾਲਾ ਹੈ। ਕਿਸਾਨ ਅਤੇ ਵਪਾਰੀ ਦਰਮਿਆਨ ਲੈਣ ਦੇਣ ਤੇ ਕੋਈ ਵਿਵਾਦ ਹੋਣ 'ਤੇ ਪੀੜਤ ਧਿਰ ਐਸ.ਡੀ.ਐਮ. ਕੋਲ ਜਾਵੇਗੀ। ਐਸ.ਡੀ.ਐਮ. ਦੋਹਾਂ ਧਿਰਾਂ ਦੇ ਦੋ-ਦੋ ਮੈਂਬਰ ਲੈ ਕੇ ਆਪਣੀ ਮਰਜ਼ੀ ਦਾ ਚੇਅਰਮੈਨ ਲਾ ਕੇ ਬੋਰਡ ਬਣਾਵੇਗਾ। ਉਹ ਬੋਰਡ ਦੋਹਾਂ ਧਿਰਾਂ ਨੂੰ ਸੁਣ ਕੇ ਫੈਸਲਾ ਕਰੇਗਾ। ਜੇ ਉਸ ਫੈਸਲੇ ਬਾਰੇ ਕੋਈ ਧਿਰ ਸਹਿਮਤ ਨਹੀਂ ਤਾਂ ਉਹ ਫਿਰ ਐਸ.ਡੀ.ਐਮ. ਕੋਲ ਜਾਵੇਗੀ। ਐਸ.ਡੀ.ਐਮ. 30 ਦਿਨ ਦੇ ਵਿਚ-ਵਿਚ ਫੈਸਲਾ ਕਰੇਗਾ। ਫਿਰ ਇਹ ਫੈਸਲਾ ਸਭ ਨੂੰ ਮੰਨਣਾ ਪਵੇਗਾ। ਕੁਲੈਕਟਰ ਕੋਲ ਸਿਵਲ ਕੋਰਟ ਦੀਆਂ ਸਾਰੀਆਂ ਸ਼ਕਤੀਆਂ ਹੋਣਗੀਆਂ ਜਿਸ ਕਰਕੇ ਕੁਲੈਕਟਰ ਦੇ ਫੈਸਲੇ ਵਿਰੁਧ ਕਿਸੇ ਅਦਾਲਤ ਵਿਚ ਅਪੀਲ ਨਹੀਂ ਹੋ ਸਕਦੀ ਹੈ। ਪਾਠਕ ਸਮਝ ਸਕਦੇ ਹਨ ਕਿ ਜਦ ਐਸ.ਡੀ.ਐਮ. ਜਾਂ ਕੁਲੈਕਟਰ ਜੋ ਸਰਕਾਰੀ ਮੁਲਾਜ਼ਮ ਹਨ, ਕੋਲ ਕੇਸ ਜਾਵੇਗਾ ਤਾਂ ਇਹ ਅਫਸਰ ਅਡਾਨੀ ਜਾਂ ਅੰਬਾਨੀ ਵਿਰੁਧ ਅਤੇ ਕਿਸਾਨ ਦੇ ਹਿੱਤ ਵਿਚ ਫੈਸਲਾ ਨਹੀਂ ਦੇ ਸਕਣਗੇ ਅਤੇ ਇਨ੍ਹਾਂ ਪੂੰਜੀਪਤੀਆਂ ਦੇ ਖਰੀਦੇ ਹੋਏ ਸਿਆਸੀ ਆਗੂ ਅਫਸਰਾਂ 'ਤੇ ਦਬਾਅ ਪਾ ਕੇ ਫੈਸਲੇ ਨੂੰ ਜ਼ਰੂਰ ਪ੍ਰਭਾਵਤ ਕਰਨਗੇ। ਜੇ ਕੋਈ ਅਧਿਕਾਰੀ ਕਿਸੇ ਬਾਹਰੀ ਪ੍ਰਭਾਵ ਨਾਲ ਫੈਸਲਾ ਕਰਦਾ ਹੈ ਤਾਂ ਉਸ ਵਿਰੁਧ ਕੋਈ ਕੇਸ ਨਹੀਂ ਚਲਾਇਆ ਜਾ ਸਕਦਾ। ਇਸ ਤਰ੍ਹਾਂ ਇਹ ਐਕਟ ਕਿਸਾਨ ਵਿਰੋਧੀ, ਕਾਰਪੋਰੇਟ ਪੱਖੀ ਹੈ ਅਤੇ ਕਿਸਾਨਾਂ ਲਈ ਕਾਲਾ ਕਾਨੂੰਨ ਹੈ।

ਦੂਸਰਾ ਐਕਟ ਹੈ 'ਕਿਸਾਨ (ਸ਼ਕਤੀਕਰਨ ਅਤੇ ਸੁਰੱਖਿਆ) ਮੁੱਲ ਆਸ਼ਵਾਸਨ ਅਤੇ ਖੇਤੀ ਸੇਵਾਵਾਂ ਸਮਝੌਤਾ ਐਕਟ-2020'। ਇਹ ਐਕਟ ਮੁੱਖ ਰੂਪ ਵਿਚ ਠੇਕਾ (ਕਾਂਟਰੈਕਟ) ਖੇਤੀ ਬਾਰੇ ਹੈ। ਉਂਜ ਤਾਂ ਇਹ ਐਕਟ ਬਹੁਤ ਉਲਝਣਾਂ ਭਰਿਆ ਹੈ ਲੇਕਿਨ ਅਸੀਂ ਸੰਖੇਪ ਰੂਪ ਵਿਚ ਜ਼ਿਕਰ ਕਰਾਂਗੇ। ਇਸ ਅਨੁਸਾਰ ਕਿਸਾਨ ਕਿਸੇ ਪਾਰਟੀ ਨਾਲ ਲਿਖਤੀ ਸਮਝੌਤਾ ਕਰੇਗਾ ਜਿਸ ਵਿਚ ਵਪਾਰੀ ਧਿਰ ਬੀਜ, ਰਸਾਇਣਕ ਖਾਦ, ਨਦੀਨ ਜਾਂ ਕੀੜੇ ਮਾਰ ਦਵਾਈਆਂ ਆਦਿ ਮੁਹੱਈਆ ਕਰੇਗੀ, ਤੇ ਜੋ ਜਿਣਸ ਪੈਦਾ ਹੋਵੇਗੀ, ਉਸ ਨੂੰ ਖਰੀਦੇਗੀ। ਕਿਸਾਨ ਵਪਾਰੀ ਵਲੋਂ ਮੁਹੱਈਆ ਕੀਤੀਆਂ ਉਪਰੋਕਤ ਸੇਵਾਵਾਂ ਬਦਲੇ ਅਦਾਇਗੀ ਕਰੇਗਾ। ਲਿਖਤੀ ਸਮਝੌਤੇ ਵਿਚ ਕਿਸਾਨ ਵਲੋਂ ਪੈਦਾ ਕੀਤੀ ਉਪਜ ਦੀ ਸਪਲਾਈ ਲਈ ਨਿਯਮ ਸ਼ਰਤਾਂ, ਸਪਲਾਈ ਦਾ ਸਮਾਂ, ਗੁਣਵੱਤਾ, ਗਰੇਡ, ਮਿਆਰ, ਮਾਪਦੰਡ ਆਦਿ ਨੂੰ ਸ਼ਾਮਲ ਕੀਤਾ ਜਾਵੇਗਾ। ਇਹ ਸਮਝੌਤਾ ਵੀ ਹੋ ਸਕਦਾ ਹੈ ਕਿ ਬੀਜ, ਖਾਦ ਆਦਿ ਸੇਵਾਵਾਂ ਕਿਸਾਨ ਨਾ ਲਵੇ ਪਰ ਉਪਜ ਦੀ ਗੁਣਵੱਤਾ ਆਦਿ 'ਤੇ ਲਿਖਤੀ ਸਮਝੌਤਾ ਕਰ ਲਵੇ।

ਉਪਜ ਆਉਣ 'ਤੇ ਉਸ ਦੀ ਗੁਣਵੱਤਾ, ਗਰੇਡ ਆਦਿ ਦਾ ਫੈਸਲਾ ਤੀਜੀ ਧਿਰ ਕਰੇਗੀ। ਇਹ ਸਪਸ਼ਟ ਹੈ ਕਿ ਤੀਜੀ ਧਿਰ ਪੂੰਜੀਪਤੀ ਦੇ ਪੱਖ ਵਿਚ ਭੁਗਤੇਗੀ ਅਤੇ ਕਿਸਾਨ ਦੀ ਜਿਣਸ ਵਿਚ ਨੁਕਸ ਕੱਢੇਗੀ ਜਿਸ 'ਤੇ ਪੂੰਜੀਪਤੀ ਵਪਾਰੀ ਘੱਟ ਕੀਮਤ 'ਤੇ ਖਰੀਦੇਗਾ। ਕਿਸਾਨ ਨੇ ਕਿਉਂਕਿ ਲਿਖਤੀ ਸਮਝੌਤਾ ਕੀਤਾ ਹੋਇਆ ਹੈ, ਉਸ ਨੂੰ ਜਿਣਸ ਵੇਚਣੀ ਪਵੇਗੀ। ਇੰਜ ਕਿਸਾਨ ਲੁੱਟਿਆ ਜਾਵੇਗਾ। ਜੇ ਕੋਈ ਪਾਰਟੀ ਆਪ ਖੇਤੀ ਕਰਨ ਲਈ ਸਮਝੌਤਾ ਕਰੇਗੀ ਤਾਂ ਉਹ ਲੰਮੇ ਸਮੇਂ ਲਈ ਜ਼ਮੀਨ ਲਵੇਗੀ। ਜ਼ਮੀਨ ਠੇਕੇ 'ਤੇ ਦੇ ਕੇ ਇਕ ਦੋ ਸਾਲ ਤਾਂ ਉਹ ਪਾਰਟੀ ਠੀਕ ਵਿਹਾਰ ਕਰੇਗੀ, ਜਦ ਕਿਸਾਨ ਆਪਣੀ ਖੇਤੀ ਮਸ਼ੀਨਰੀ ਵੇਚ-ਵੱਟ ਲਵੇਗਾ ਤੇ ਖੇਤਰੀ ਕਰਨ ਯੋਗ ਨਹੀਂ ਰਹੇਗਾ, ਫਿਰ ਉਹ ਪਾਰਟੀ ਠੇਕੇ ਦੇ ਪੈਸੇ ਦੇਣ ਵਿਚ ਖਰਾਬ ਕਰੇਗੀ ਅਤੇ ਜ਼ਮੀਨ ਵੀ ਨਹੀਂ ਛੱਡੇਗੀ। ਇਨ੍ਹਾਂ ਖੇਤੀ ਐਕਟਾਂ ਵਿਚ ਲਿਖਤੀ ਸਮਝੌਤਾ ਦੋਹਾਂ ਧਿਰਾਂ ਦੀ ਸਹਿਮਤੀ ਨਾਲ ਹੀ ਬਦਲਿਆ ਜਾਂ ਖਤਮ ਕੀਤਾ ਜਾ ਸਕਦਾ ਹੈ, ਇਕੱਲੀ ਧਿਰ ਕੁਝ ਨਹੀਂ ਕਰ ਸਕਦੀ। ਇਸ ਵਿਵਾਦ ਨੂੰ ਹੱਲ ਕਰਨ ਦਾ ਢੰਗ ਵੀ ਪਹਿਲਾਂ ਜ਼ਿਕਰ ਕੀਤੇ ਢੰਗ ਵਾਲਾ ਹੀ ਹੈ ਜੋ ਕਿਸਾਨ ਦੇ ਹਿੱਤ ਵਿਚ ਨਹੀਂ ਹੈ। ਤੰਗ ਹੋ ਕੇ ਕਿਸਾਨ ਨੂੰ ਜ਼ਮੀਨ ਵੇਚਣੀ ਵੀ ਪੈ ਸਕਦੀ ਹੈ। ਇਹ ਐਕਟ ਅਸਲ ਵਿਚ ਪੇਚੀਦਾ, ਕਿਸਾਨ ਵਿਰੋਧੀ ਅਤੇ ਕਾਰਪੋਰੇਟ ਪੱਖੀ ਹਨ। ਇਸ ਐਕਟ ਅਨੁਸਾਰ ਲਿਖਤੀ ਸਮਝੌਤਾ ਇਕ ਸਾਲ, ਪੰਜ ਸਾਲ ਜਾਂ ਵੱਧ ਸਮੇਂ ਦਾ ਵੀ ਹੋ ਸਕਦਾ ਹੈ। ਕਿਸਾਨ ਅਤੇ ਵਪਾਰੀ ਦੀ ਖਰੀਦ ਵੇਚ ਵਿਚ ਰਾਜ ਸਰਕਾਰ ਦਾ ਕੋਈ ਕਾਨੂੰਨ ਲਾਗੂ ਨਹੀਂ ਹੋਵੇਗਾ। ਜੇ ਸਮਝੌਤੇ ਵਾਲੀ ਜ਼ਮੀਨ 'ਤੇ ਪੂੰਜੀਪਤੀ ਕਰਜ਼ਾ ਲੈ ਲੈਂਦਾ ਹੈ ਅਤੇ ਉਹ ਵਾਪਸ ਨਹੀਂ ਕਰਦਾ ਜਾਂ ਜ਼ਮੀਨ ਛੱਡ ਕੇ ਚਲਾ ਜਾਂਦਾ ਹੈ ਤਾਂ ਕਿਸਾਨ ਲਈ ਮੁਸ਼ਕਿਲ ਖੜ੍ਹੀ ਹੋ ਜਾਵੇਗੀ। ਇਸ ਵਿਵਾਦ ਵਿਚ ਸਰਕਾਰੀ ਮਸ਼ੀਨਰੀ ਪੂੰਜੀਪਤੀ ਦਾ ਸਾਥ ਦੇਵੇਗੀ, ਕਿਸਾਨ ਦਾ ਨਹੀਂ, ਕਿਉਂਕਿ ਕਿਸਾਨ ਅਦਾਲਤ ਵੀ ਨਹੀਂ ਜਾ ਸਕਦਾ। ਇਸ ਲਈ ਕਿਸਾਨ ਦਾ ਉਜਾੜਾ ਨਿਸਚਿਤ ਹੈ।

ਤੀਸਰਾ ਐਕਟ ਜ਼ਰੂਰੀ ਵਸਤਾਂ ਸਬੰਧੀ ਐਕਟ-1955 ਵਿਚ ਸੋਧ ਕਰਕੇ ਬਣਾਇਆ 'ਜ਼ਰੂਰੀ ਵਸਤਾਂ (ਸੋਧ) ਐਕਟ-2020' ਹੈ। ਪਹਿਲੇ ਐਕਟ ਵਿਚ ਜ਼ਰੂਰੀ ਵਸਤਾਂ ਸਟਾਕ ਕਰਨ 'ਤੇ ਪਾਬੰਦੀ ਸੀ ਜੋ ਨਵੇਂ ਐਕਟ ਵਿਚ ਹਟਾ ਦਿੱਤੀਆਂ ਹਨ। ਕੋਈ ਪੂੰਜੀਪਤੀ ਜਿੰਨਾ ਚਾਹੇ ਸਟਾਕ ਕਰ ਸਕਦਾ ਹੈ ਅਤੇ ਕੀਮਤ ਵਿਚ ਵਾਧਾ ਕਰ ਸਕਦਾ ਹੈ। ਇਹ ਸ਼ੱਕ ਪੈਦਾ ਹੁੰਦਾ ਹੈ ਕਿ ਅਡਾਨੀ ਜੋ ਸਾਰੇ ਦੇਸ਼ ਵਿਚ ਵੱਡੇ-ਵੱਡੇ ਸਾਈਲੋ/ਗੁਦਾਮ ਬਣਾ ਰਿਹਾ ਹੈ, ਉਸ ਨੇ ਮੋਦੀ ਜੁੰਡਲੀ ਨਾਲ ਪਹਿਲਾਂ ਹੀ ਇਹ ਐਕਟ ਪਾਸ ਕਰਨ ਬਾਰੇ ਸਲਾਹ-ਮਸ਼ਵਰਾ ਕਰ ਲਿਆ ਸੀ। ਇਸ ਐਕਟ ਅਨੁਸਾਰ ਅਡਾਨੀ ਅਤੇ ਅੰਬਾਨੀ ਵਰਗੇ ਕਾਰਪੋਰੇਟ ਘਰਾਣੇ ਚੀਜ਼ਾਂ ਦਾ ਵੱਧ ਤੋਂ ਵੱਧ ਸਟਾਕ ਕਰਕੇ ਚੀਜ਼ਾਂ ਦੀ ਥੁੜ੍ਹ ਪੈਦਾ ਕਰਨਗੇ ਤੇ ਫਿਰ ਕੀਮਤਾਂ ਵਧਾ ਕੇ ਲੋਕਾਂ ਦੀ ਲੁੱਟ ਕਰਨਗੇ। ਇਸ ਤਰ੍ਹਾਂ ਇਨ੍ਹਾਂ ਪੂੰਜੀਪਤੀਆਂ ਦੇ ਮੁਨਾਫੇ ਵਿਚ ਅਥਾਹ ਵਾਧਾ ਹੋਵੇਗਾ। ਰੋਟੀ ਤਾਂ ਲੋਕਾਂ ਖਾਣੀ ਹੀ ਹੈ, ਉਨ੍ਹਾਂ ਨੂੰ ਕਿਸੇ ਵੀ ਕੀਮਤ ਉਤੇ ਜ਼ਰੂਰੀ ਵਸਤਾਂ ਖਰੀਦਣੀਆਂ ਪੈਣੀਆਂ ਹਨ। ਇਸ ਕਾਨੂੰਨ ਨਾਲ ਵੀ ਅਡਾਨੀ ਅਤੇ ਅੰਬਾਨੀ ਵਰਗੇ ਪੂੰਜੀਪਤੀ ਲੋਕਾਂ ਦਾ ਖੂਨ ਚੂਸਣਗੇ। ਇਸ ਐਕਟ ਨਾਲ ਇਕ ਤਰ੍ਹਾਂ ਨਾਲ ਬਲੈਕ ਮਾਰਕੀਟਿੰਗ ਨੂੰ ਕਾਨੂੰਨੀ ਮਾਨਤਾ ਦੇ ਦਿੱਤੀ ਗਈ ਹੈ। ਇਸੇ ਕਰਕੇ ਇਹ ਕਾਲਾ ਕਾਨੂੰਨ ਹੈ।

ਸਰਕਾਰ ਲਗਾਤਾਰ ਦਾਅਵੇ ਕਰ ਰਹੀ ਹੈ ਕਿ ਐਮ.ਐਸ.ਪੀ. ਹੈ ਅਤੇ ਰਹੇਗੀ ਪਰ ਇਸ ਨੂੰ ਕਾਨੂੰਨਾਂ ਅਧੀਨ ਲਿਆਉਣ ਤੋਂ ਕਿਉਂ ਦੌੜ ਰਹੀ ਹੈ। ਸਪਸ਼ਟ ਹੈ ਕਿ ਜਦ ਇਹ ਤਿੰਨੇ ਕਾਨੂੰਨ ਲਾਗੂ ਹੋ ਗਏ, ਉਦੋਂ ਐਮ.ਐਸ.ਪੀ. ਤੋਂ ਵੀ ਹੱਥ ਪਿੱਛੇ ਖਿੱਚ ਲਿਆ ਜਾਵੇਗਾ ਤੇ ਕਾਰਪੋਰੇਟ ਕਿਸਾਨਾਂ ਦੀ ਲੁੱਟ ਕਰਨ ਲਈ ਆਜ਼ਾਦ ਹੋ ਜਾਣਗੇ। ਇਸ ਲਈ ਐਮ.ਐਸ.ਪੀ. (ਘਟੋ-ਘੱਟ ਸਮਰਥਨ ਮੁੱਲ) ਦੀ ਕਾਨੂੰਨੀ ਗਰੰਟੀ ਦੀ ਮੰਗ ਬਿੱਲਕੁਲ ਜਾਇਜ਼ ਹੈ।

ਇਨ੍ਹਾਂ ਸਾਰੇ ਵੇਰਵਿਆਂ ਤੋਂ ਸਪਸ਼ਟ ਹੈ ਕਿ ਤਿੰਨੇ ਖੇਤੀ ਕਾਨੂੰਨ ਕਾਲੇ, ਭਾਵ ਕਿਸਾਨ ਵਿਰੋਧੀ ਤਾਂ ਹਨ ਹੀ, ਲੋਕ ਵਿਰੋਧੀ ਵੀ ਹਨ। ਇਨ੍ਹਾਂ ਦੇ ਲਾਗੂ ਹੋਣ ਨਾਲ ਕੇਵਲ ਕਿਸਾਨ ਹੀ ਨਹੀਂ, ਆਮ ਲੋਕਾਂ ਨੂੰ ਨਕਲੀ ਥੁੜ੍ਹ ਅਤੇ ਮਹਿੰਗਾਈ ਦੀ ਚੱਕੀ ਵਿਚ ਪਿਸਣਾ ਪਵੇਗਾ। ਮੋਦੀ ਦਾ ਇਹ ਕਹਿਣਾ ਕਿ ਇਨ੍ਹਾਂ ਨਾਲ ਕਿਸਾਨ ਦੀ ਆਮਦਨ ਦੁੱਗਣੀ ਹੋ ਜਾਵੇਗੀ, ਬਿਲਕੁਲ ਸਾਜ਼ਿਸੀ ਬਿਆਨ ਹੈ। ਇਹ ਕਹਿਣਾ ਕਿ ਕਿਸਾਨ ਕਿਤੇ ਵੀ ਆਪਣੀ ਜਿਣਸ ਵੇਚ ਸਕੇਗਾ, ਹਾਸੋਹੀਣਾ ਬਿਆਨ ਹੈ। ਇਨ੍ਹਾਂ ਕਾਨੂੰਨਾਂ ਵਿਰੁਧ ਕਿਸਾਨਾਂ ਦਾ ਸੰਘਰਸ਼ ਅਸਲ ਵਿਚ ਸਮੁੱਚੇ ਲੋਕਾਂ ਵਾਸਤੇ ਵੀ ਹੈ।


ਕਿਸਾਨਾਂ ਦੇ ਇਸ ਸੰਘਰਸ਼ ਨੂੰ ਤਾਰਪੀਡੋ ਕਰਨ ਲਈ ਭਾਜਪਾ ਅਤੇ ਮੋਦੀ ਸਰਕਾਰ ਨੇ ਹਰ ਹਰਬਾ ਵਰਤਿਆ ਹੈ। ਇਥੋਂ ਤੱਕ ਕਿ ਆਪਣੇ ਹੱਥ ਠੋਕਿਆਂ ਰਾਹੀਂ ਕੁਝ ਕਿਸਾਨਾਂ ਨੂੰ 26 ਜਨਵਰੀ 2021 ਨੂੰ ਲਾਲ ਕਿਲ੍ਹੇ ਲਿਜਾ ਕੇ ਘੜਮੱਸ ਪੈਦਾ ਕਰਨ ਦਾ ਯਤਨ ਵੀ ਕੀਤਾ ਪਰ ਸੂਝਵਾਨ ਕਿਸਾਨ ਲੀਡਰਸ਼ਿਪ ਨੇ ਸਰਕਾਰੀ ਚਾਲਾਂ ਫੇਲ੍ਹ ਕਰ ਦਿੱਤੀਆਂ। ਦਿੱਲੀ ਬੈਠੇ ਕਿਸਾਨਾਂ ਨੂੰ ਸੱਤ ਮਹੀਨੇ ਹੋ ਗਏ ਹਨ ਪਰ ਸਰਕਾਰ ਆਪਣੇ ਹੰਕਾਰ ਵਿਚ ਅੜੀ ਹੋਈ ਹੈ। ਸਰਕਾਰ ਨੂੰ ਦੇਸ਼ ਦੇ ਲੋਕਾਂ ਪ੍ਰਤੀ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕਰਦਿਆਂ ਤਿੰਨੇ ਕਾਨੂੰਨ ਵਾਪਸ ਲੈਣੇ ਚਾਹੀਦੇ ਹਨ ਅਤੇ ਐਮ.ਐਸ.ਪੀ. ਦੀ ਕਾਨੂੰਨੀ ਗਰੰਟੀ ਦੇਣੀ ਚਾਹੀਦੀ ਹੈ। ਇਹ ਉਹੀ ਐਮ.ਐਸ.ਪੀ. ਹੈ ਜਿਸ ਦੀ ਕਾਨੂੰਨੀ ਗਰੰਟੀ ਲਈ ਨਰਿੰਦਰ ਮੋਦੀ ਨੇ ਗੁਜਰਾਤ ਦਾ ਮੁੱਖ ਮੰਤਰੀ ਹੁੰਦਿਆਂ ਉਸ ਸਮੇਂ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਪੱਤਰ ਲਿਖਿਆ ਸੀ ਅਤੇ ਪਾਈਵੇਟ ਮੰਡੀਆਂ ਵਿਰੁਧ ਅਰੁਨ ਜੇਤਲੀ ਤੇ ਸੁਸ਼ਮਾ ਸਵਰਾਜ ਨੇ ਲੋਕ ਸਭਾ ਵਿਚ ਡਟਵਾਂ ਵਿਰੋਧ ਕੀਤਾ ਸੀ।

ਭਾਜਪਾ ਸਮਰਥਕਾਂ ਨੂੰ ਇਨ੍ਹਾਂ ਕਾਨੂੰਨਾਂ ਦਾ ਸੱਚ ਸਵੀਕਾਰ ਕਰ ਲੈਣਾ ਚਾਹੀਦਾ ਹੈ ਕਿ ਇਹ ਤਿੰਨ ਖੇਤੀ ਕਾਨੂੰਨ ਕਾਰਪੋਰੇਟ ਵਰਗ ਦੇ ਹਿੱਤ ਪਾਲਣ ਵਾਲੇ ਹਨ ਅਤੇ ਕਿਸਾਨਾਂ ਤੇ ਆਮ ਲੋਕਾਂ ਲਈ ਕਾਲੇ ਕਾਨੂੰਨ ਹਨ। ਦੇਸ਼ ਦੇ ਵੱਖ-ਵੱਖ ਵਰਗਾਂ ਵਾਂਗ ਭਾਜਪਾ ਵਿਚਲੇ ਸੁਹਿਰਦ ਲੋਕਾਂ ਨੂੰ ਵੀ ਕਿਸਾਨ ਸੰਘਰਸ਼ ਦੀ ਹਮਾਇਤ ਕਰਨੀ ਚਾਹੀਦੀ ਹੈ।

# ਵਰਿਆਮ ਸਿੰਘ ਸੰਧੂ ਦੀ ਕਹਾਣੀ 'ਮੈਂ ਰੋ ਨਾ ਲਵਾਂ ਇੱਕ ਵਾਰ!' ਦਾ ਸੱਚ

ਉਘੇ ਕਹਾਣੀਕਾਰ ਵਰਿਆਮ ਸਿੰਘ ਸੰਧੂ ਦੀ 'ਸਿਰਜਣਾ' ਵਿਚ ਛਪੀ ਕਹਾਣੀ 'ਮੈਂ ਰੋ ਨਾ ਲਵਾਂ ਇੱਕ ਵਾਰ' ਮੈਂ ਤਿੰਨ ਵਾਰ ਪੜ੍ਹੀ, ਜਿਸ ਵਿਚ ਉਸ ਨੇ ਅਜੋਕੇ ਰਾਜਨੀਤਕ, ਧਾਰਮਿਕ ਤੇ ਸਮਾਜਿਕ ਸਿਸਟਮ ਨੂੰ ਬਿਆਨ ਕਰ ਕੇ ਸਮੁੰਦਰ ਨੂੰ ਕੁੱਜੇ ਵਿਚ ਬੰਦ ਕਰ ਦਿੱਤਾ ਹੈ। ਮੈਂ ਉਹਦੀਆਂ ਅੱਜ ਤੱਕ ਲਿਖੀਆਂ ਸਾਰੀਆਂ ਕਹਾਣੀਆਂ ਪੜ੍ਹੀਆਂ ਨੇ। ਉਹ ਤਹਿਰੀਰ ਤੇ ਤਕਰੀਰ ਦਾ ਚੈਂਪੀਅਨ ਹੈ।

ਉਸ ਨਾਲ ਮੇਰਾ ਮੇਲ 1962 ਵਿਚ ਹੋਇਆ, ਜਦ ਅਸੀਂ ਜੇ. ਬੀ. ਟੀ. ਕਰਨ ਲਈ ਸਰਹਾਲੀ ਦੇ ਜੇ. ਬੀ. ਟੀ. ਸਕੂਲ ਵਿਚ ਦਾਖਲ ਹੋਏ। ਉਸ ਵਕਤ ਉਹ 17 ਸਾਲਾਂ ਦਾ ਖੂਬਸੂਰਤ ਅਨਦਾੜ੍ਹੀਆ ਗੱਭਰੂ ਸੀ। ਮੇਰੇ ਨਾਲ ਸਾਡੀਆਂ ਰੁਚੀਆਂ ਤੇ ਇਲਾਕੇ ਦੀ ਸਾਂਝ ਕਰ ਕੇ ਉਹਦੀ ਗੂੜ੍ਹੀ ਦੋਸਤੀ ਹੋ ਗਈ। ਉਸ ਸਾਲ ਸਾਰੇ ਪੰਜਾਬ ਦੇ ਜੇ. ਬੀ. ਟੀ. ਸਕੂਲਾਂ ਦੀਆਂ ਖੇਡਾਂ ਸ਼ੁਰੂ ਹੋਈਆਂ। ਅੰਮ੍ਰਿਤਸਰ ਜਿਲੇ ਦੇ ਸਕੂਲਾਂ ਦੀਆਂ ਖੇਡਾਂ ਸਰਹਾਲੀ ਵਿਚ ਹੋਈਆਂ। ਸਾਰੇ ਜਿਲੇ ਵਿਚੋਂ ਵਿਦਿਆਰਥੀਆਂ ਦੀਆਂ ਵੱਖ ਵੱਖ ਟੀਮਾਂ ਸਰਹਾਲੀ ਪੁੱਜੀਆਂ। ਵਰਿਆਮ ਸੰਧੂ ਵਾਲੀਬਾਲ ਤੇ ਫੁੱਟਬਾਲ ਦਾ ਵਧੀਆ ਖਿਡਾਰੀ ਸੀ। ਉੱਚੀ ਛਾਲ ਲਾਉਣ ਵਿਚ ਮੰਨਿਆ ਹੋਇਆ ਅਥਲੀਟ। ਸਾਡੇ ਸਕੂਲ ਦੀ ਵਾਲੀਬਾਲ ਦੀ ਟੀਮ ਤਾਂ ਫਾਈਨਲ ਵਿਚੋਂ ਹਾਰ ਗਈ, ਪਰ ਫੁੱਟਬਾਲ ਦੀ ਟੀਮ ਜਿਲਾ, ਫੇਰ ਜਲੰਧਰ ਡਿਵੀਜ਼ਨ ਜਿੱਤ ਕੇ ਪਟਿਆਲੇ ਹੋਈਆਂ ਪੰਜਾਬ ਖੇਡਾਂ ਵਿਚ ਬਾਜ਼ੀ ਮਾਰ ਗਈ। ਵਰਿਆਮ ਇਸ ਟੀਮ ਦਾ ਮੈਂਬਰ ਸੀ, ਪਰ ਉੱਚੀ ਛਾਲ ਵਿਚੋਂ ਉਹਨੇ ਕਮਾਲ ਕਰ ਦਿੱਤਾ। ਉਹ ਜਿਲਾ, ਡਿਵੀਜ਼ਨ ਜਿੱਤਦਾ ਹੋਇਆ ਪਟਿਆਲੇ ਹੋਈਆਂ ਪੰਜਾਬ-ਖੇਡਾਂ ਵਿਚ ਉੱਚੀ ਛਾਲ ਮਾਰਨ ਵਿਚ ਪੰਜਾਬ ਵਿਚੋਂ ਪਹਿਲੇ ਨੰਬਰ 'ਤੇ ਆ ਗਿਆ। ਅੱਜ ਉਹ ਕਹਾਣੀ ਸੰਸਾਰ ਦੇ ਮੈਦਾਨ ਵਿਚ ਵੀ ਉੱਚੀਆਂ ਛਾਲਾਂ ਮਾਰ ਰਿਹਾ ਹੈ।



**ਜਸਵੰਤ ਸਿੰਘ ਸੰਧੂ**
**ਫੋਨ: 510-909-8204**

1962 ਵਿਚ ਉਸ ਵੇਲੇ ਉਹਦੀਆਂ ਕਹਾਣੀਆਂ 'ਅਕਾਲੀ ਪੱਤ੍ਰਿਕਾ' ਅਖਬਾਰ ਵਿਚ ਛਪ ਚੁਕੀਆਂ ਸਨ। ਮੈਂ ਇਹ ਕਹਾਣੀਆਂ ਉਸ ਕੋਲੋਂ ਲੈ ਕੇ ਪੜ੍ਹੀਆਂ। ਮੈਂ ਹੈਰਾਨ ਹੋਇਆ ਕਿ ਐਨੀ ਛੋਟੀ ਉਮਰ ਵਿਚ ਇਸ ਛੀਟਕੇ ਜਿਹੇ ਮੁੰਡੇ ਨੇ ਇਹ ਕਹਾਣੀਆਂ ਲਿਖੀਆਂ ਨੇ। 'ਕਹਾਣੀ' ਰਿਸਾਲੇ ਵਿਚ ਉਹਦੀਆਂ ਗੁਰਮੁਖ ਸਿੰਘ ਮੁਸਾਫਿਰ ਦੀਆਂ ਰੁਬਾਈਆਂ ਦੇ ਸਾਹਮਣੇ ਇੱਕੋ ਸਫੇ 'ਤੇ ਚਾਰ ਰੁਬਾਈਆਂ ਛਪੀਆਂ ਸਨ। ਭਾਵੇਂ ਉਸ ਵੇਲੇ ਇਹ ਵੀ ਬੜੀ ਵੱਡੀ ਗੱਲ ਲੱਗਦੀ ਸੀ, ਪਰ ਮੈਨੂੰ ਕੀ ਪਤਾ ਸੀ ਕਿ ਜਿਵੇਂ ਬੋਹੜ ਦੇ ਛੋਟੇ ਜਿਹੇ ਬੀਜ ਵਿਚ ਬੋਹੜ ਦਾ ਸਾਰਾ ਰੁੱਖ ਲੁਕਿਆ ਹੁੰਦਾ ਹੈ, ਇਸ ਨੌਜਵਾਨ ਵਿਚ ਵੀ ਭਵਿੱਖ ਦਾ ਵੱਡਾ ਕਹਾਣੀਕਾਰ ਲੁਕਿਆ ਹੋਇਆ ਹੈ।

ਲਿਖਣ ਦੇ ਉਸ ਤੋਂ ਬਾਅਦ ਵਾਲੇ ਦੌਰ ਵਿਚ ਪਹਿਲਾਂ-ਪਹਿਲਾਂ ਉਸ ਨੇ ਨਕਸਲਬਾੜੀ ਲਹਿਰ ਦੇ ਪ੍ਰਭਾਵ ਥੱਲੇ ਵੀ ਕਹਾਣੀਆਂ ਲਿਖੀਆਂ, ਜਿਨ੍ਹਾਂ ਵਿਚੋਂ ਬਹੁਤੀਆਂ ਉਹਦੇ ਪਹਿਲੇ ਕਹਾਣੀ ਸੰਗ੍ਰਹਿ 'ਲੋਹੇ ਦੇ ਹੱਥ' ਵਿਚ ਦਰਜ ਹਨ। ਉਸ ਵੇਲੇ ਦੇ ਕੁਝ ਨਕਸਲੀ ਲੇਖਕ ਸਿੱਖ ਧਰਮ ਦੇ ਤਤਕਾਲੀ ਸਿੱਖ ਆਗੂਆਂ ਤੋਂ ਖਿਝੇ ਸਿੱਖ ਧਰਮ ਦਾ ਮਜ਼ਾਕ ਉਡਾਉਣ ਤੱਕ ਚਲੇ ਜਾਂਦੇ ਸਨ। ਉਨ੍ਹਾਂ ਦੇ ਜਵਾਬ ਵਿਚ ਸ਼ਾਇਦ ਪਾਸ਼ ਨੂੰ ਜਵਾਬ ਦਿੰਦਿਆਂ ਉਸ ਨੇ 'ਰੋਹਿਲੇ ਬਾਣ' ਮੈਗਜ਼ੀਨ ਵਿਚ ਇਕ ਲੇਖ ਲਿਖ ਕੇ ਕਿਹਾ ਕਿ ਸਾਨੂੰ ਸਿੱਖ ਧਰਮ ਦੇ ਚਾਨਣੇ ਤੇ ਇਨਕਲਾਬੀ ਪੱਖ ਨੂੰ ਲੋਕਾਂ ਸਾਹਮਣੇ ਪੇਸ਼ ਕਰਨਾ ਚਾਹੀਦਾ ਹੈ। ਇਹ ਤਾਂ ਕੱਚ-ਘਰੜ ਸਾਧ ਪ੍ਰਚਾਰਕਾਂ ਨੇ ਵਰ, ਸਰਾਪ ਤੇ ਕਰਾਮਾਤਾਂ ਦੀਆਂ ਸਾਖੀਆਂ ਸੁਣਾ-ਸੁਣਾ ਕੇ ਲੋਕਾਂ ਨੂੰ ਅੰਧ-ਵਿਸ਼ਵਾਸੀ ਬਣਾ ਦਿੱਤਾ ਹੈ। ਉਹਦਾ ਮੰਨਣਾ ਸੀ ਕਿ ਬੇਗਾਨੀਆਂ ਧਰਤੀਆਂ ਦੀਆਂ 'ਲਾਲ ਛਤਰੀਆਂ' ਲੈ ਕੇ ਤੇ ਭਗਤ ਸਿੰਘ ਵਾਲਾ ਟੋਪ ਪਾ ਕੇ ਹੀ ਇਨਕਲਾਬ ਨਹੀਂ ਆ ਜਾਣਾ। ਇਸ ਵਾਸਤੇ ਸਾਨੂੰ ਭਗਤ ਸਿੰਘ ਦੇ ਟੋਪ ਹੇਠਲੇ ਸਿਰ ਵਿਚਲੇ ਵਿਚਾਰਾਂ ਨੂੰ ਸਮਝਣਾ ਪਵੇਗਾ ਤੇ ਨਾਲ ਹੀ ਪੰਜਾਬ ਦੇ ਇਨਕਲਾਬੀ ਇਤਿਹਾਸ, ਆਪਣੀ ਧਰਤੀ ਦੀਆਂ ਜੜ੍ਹਾਂ ਨਾਲ ਜੁੜ ਕੇ ਹੀ ਇਨਕਲਾਬ ਆ ਸਕੇਗਾ।

ਉਸ ਵੇਲੇ ਤੋਂ ਚਲੀ ਆ ਰਹੀ ਹੈ ਸਾਡੀ ਦੋਸਤੀ। ਉੱਤੇ ਮੈਂ ਵਰਿਆਮ ਸੰਧੂ ਤੇ ਆਪਣੀਆਂ ਸਾਂਝੀਆਂ ਰੁਚੀਆਂ ਦਾ ਜ਼ਿਕਰ ਕੀਤਾ ਸੀ। ਉਹ ਅਤੇ ਮੈਂ ਢਾਡੀਆਂ ਨੂੰ ਸੁਣਨਾ ਬਹੁਤ ਪਸੰਦ ਕਰਦੇ ਸਾਂ। ਅੱਜ ਦੇ ਗਾਇਕ-ਗਾਇਕਾਵਾਂ ਨੇ ਨੰਗੇਜਵਾਦੀ ਤੇ ਅਸ਼ਲੀਲ ਗਾਣਿਆਂ ਰਾਹੀਂ ਨੌਜਵਾਨੀ ਦੀ ਜੜ੍ਹ ਪੁੱਟ ਕੇ ਰੱਖ ਦਿੱਤੀ ਹੈ। ਪੰਜਾਬ ਦੀ ਵੰਡ ਵੇਲੇ ਆਪਣੀਆਂ ਜਨਮ-ਭੂਮੀਆਂ ਛੱਡਣ ਵਾਲੇ ਲੋਕ ਦੁਬਾਰਾ ਆਪਣੀਆਂ ਜਨਮ-ਭੂਮੀਆਂ ਨੂੰ ਵੇਖਣ ਲਈ ਤਰਸਦੇ ਪਏ ਨੇ, ਪਰ ਅੱਜ ਦੀ ਨੌਜਵਾਨੀ ਠੱਗ ਟਰੈਵਲ ਏਜੰਟਾਂ ਦੇ ਟੇਟੇ ਚੜ੍ਹ ਕੇ ਮੌਤ ਨੂੰ ਮਾਸੀ ਬਣਾ ਰਹੀ ਹੈ। ਸੋਹਣ ਸਿੰਘ ਸੀਤਲ ਨੇ ਠੀਕ ਹੀ ਲਿਖਿਆ ਸੀ, 'ਜੇਕਰ ਮੈਨੂੰ ਰੱਜਵੀਂ ਰੋਟੀ ਦੇਂਦਾ ਮੇਰਾ ਦੇਸ, ਮੈਂ ਕਿਉਂ ਜਾਂਦਾ ਪਰਦੇਸ।'

ਵਰਿਆਮ ਸੰਧੂ ਛੋਟੀ ਉਮਰ ਤੋਂ ਹੀ ਲੋਕਾਂ ਦੀਆਂ ਸਮੱਸਿਆਵਾਂ ਬਾਰੇ ਕਹਾਣੀਆਂ ਲਿਖਦਾ ਆ ਰਿਹਾ ਹੈ ਤੇ ਉਸ ਨੂੰ ਲਿਖਦਿਆਂ ਸੱਠ ਸਾਲ ਹੋਣ ਵਾਲੇ ਨੇ। ਜਿਵੇਂ ਪਿਆਰਾ ਸਿੰਘ ਪੰਛੀ ਨੇ ਗੁਰੂ ਨਾਨਕ ਦੇਵ ਜੀ ਬਾਰੇ ਇੱਕ ਕਵਿਤਾ ਵਿਚ ਲਿਖਿਆ ਹੈ, 'ਨਿਕਲੇ ਫਰਕ ਕਿਵੇਂ ਉੱਚੀਆਂ ਨੀਵੀਆਂ ਜਾਤਾਂ ਦਾ, ਝਗੜੇ ਮਿਟਣ ਕਿਸ ਤਰ੍ਹਾਂ ਹਿੰਦੂ-ਮੁਸਲਮਾਨ ਦੇ। ਇਨ੍ਹਾਂ ਫਿਕਰਾਂ ਦੇ ਵਿਚ ਛੋਟੀ ਉਮਰੇ ਨਾਨਕ ਨੂੰ, ਚੇਤੇ ਭੁੱਲ ਗਏ ਹੱਸਣ-ਖੇਡਣ, ਖਾਣ-ਹੰਢਾਣ ਦੇ।' ਵਰਿਆਮ ਨੇ ਵੀ ਗੁਰੂ ਨਾਨਕ ਪਾਤਸ਼ਾਹ ਦਾ ਸਿੱਖ ਬਣ ਕੇ, ਲੋਕਾਂ ਨਾਲ ਖਲੋ ਕੇ, ਜੋਕਾਂ ਨੂੰ ਅਤੇ ਭਾਈ ਲਾਲੋਆਂ ਨਾਲ ਖਲੋ ਕੇ ਮਲਕ ਭਾਗੋਆਂ ਨੂੰ ਨਿੰਦਿਆ ਹੈ। ਉਹਨੇ ਇਸ਼ਕ-ਮੁਸ਼ਕ ਵਾਲੀਆਂ ਚਲੰਤ ਕਹਾਣੀਆਂ ਲਿਖਣ ਦੀ ਥਾਂ ਜਨ-ਸਧਾਰਨ ਦੇ ਦੁੱਖ-ਦਰਦ ਵਿਚ ਭਿੱਜ ਕੇ ਉਨ੍ਹਾਂ ਬਾਰੇ ਲਿਖਿਆ ਹੈ।

ਅੱਜ ਵੋਟਾਂ ਵਾਸਤੇ ਧਰਮ, ਭਾਸ਼ਾ ਤੇ ਜਾਤ-ਪਾਤ ਦੇ ਨਾਂ 'ਤੇ ਲੋਕਾਂ ਨੂੰ ਇੱਕ ਦੂਜੇ ਨਾਲ ਲੜਾਇਆ ਜਾ ਰਿਹਾ ਹੈ। ਇਸ ਦੀ ਨੀਂਹ ਸਾਡੇ ਸਿਆਸਤਦਾਨਾਂ ਨੇ ਆਪ ਰੱਖੀ। ਪੰਜਾਬ ਨੂੰ ਭਾਸ਼ਾ ਦੇ ਨਾਂ 'ਤੇ ਵੰਡਾ ਦਿੱਤਾ। ਅੱਜ ਇਹ ਲੋਕ ਗੁਰਦੁਆਰੇ ਤੇ ਮੜ੍ਹੀਆਂ ਨੂੰ ਇੱਕ ਕਰਨ ਦੀ ਗੱਲ ਕਰ ਰਹੇ ਹਨ। 1952 ਦੀ ਮੁਰੱਬੇਬੰਦੀ ਮੇਰੀ ਸੰਭਾਲ ਵਿਚ ਹੋਈ ਸੀ। ਜੇ ਏਨੇ ਹੀ ਸੱਚੇ-ਸੁੱਚੇ ਇਨਸਾਨ ਸਨ ਤਾਂ ਉਸ ਵਕਤ ਮਜ਼੍ਹਬੀ ਸਿੱਖਾਂ ਦੇ ਮੜ੍ਹੀਆਂ ਦੇ ਥਾਂ ਵੱਖ ਵੱਖ ਕਿਉਂ ਰੱਖੇ ਗਏ?

ਵਰਿਆਮ ਸੰਧੂ ਦੀ 'ਮੈਂ ਰੋ ਨਾ ਲਵਾਂ ਇੱਕ ਵਾਰ!' ਅਤੇ ਉਸ ਤੋਂ ਪਹਿਲਾਂ ਲਿਖੀ ਕਹਾਣੀ 'ਨੌਂ ਬਾਰਾਂ ਦਸ' ਇਨ੍ਹਾਂ ਨਿਮਨ ਸ਼੍ਰੇਣੀਆਂ ਦੇ ਦਰਦ ਦੀਆਂ ਹੀ ਦਾਸਤਾਨ ਹਨ।

ਮੈਨੂੰ ਮੰਨਣ ਵਿਚ ਕੋਈ ਹਿਚਕਚਾਹਟ ਨਹੀਂ ਕਿ 'ਮੈ ਰੋ ਨਾ ਲਵਾਂ ਇੱਕ ਵਾਰ!' ਕਹਾਣੀ ਵੀ 'ਨੌਂ ਬਾਰਾਂ ਦਸ' ਕਹਾਣੀ ਵਾਂਗ ਮੇਰੇ ਪਰਿਵਾਰ ਅਤੇ ਪਿੰਡ ਨਾਲ ਬਹੁਤ ਹੱਦ ਤੱਕ ਸਬੰਧਤ ਹੈ। 'ਬਹੁਤ ਹੱਦ ਤੱਕ' ਮੈਂ ਇਸ ਕਰ ਕੇ ਕਿਹਾ ਹੈ ਕਿ ਇਸ ਦਾ ਪਾਤਰ ਨਿੰਦਰ ਤੇ ਉਹਦੀ ਮਾਂ ਹਕੀਕਤ ਵਿਚ ਮੇਰੇ ਕੋਲ ਕੰਮ ਕਰਦੇ ਸਨ। ਨਿੰਦਰ ਦਾ ਅਸਲੀ ਕਿਰਦਾਰ ਇਸ ਕਹਾਣੀ ਦਾ ਆਧਾਰ ਹੈ, ਪਰ ਇਸ ਦਾ ਬਹੁਤ ਸਾਰਾ ਹਿੱਸਾ ਵਰਿਆਮ ਸਿੰਘ ਸੰਧੂ ਦੀ ਸਿਰਜਣਾਤਮਕ ਕਲਪਨਾ ਦੀ ਕਰਾਮਾਤ ਹੀ ਆਖੀ ਜਾ ਸਕਦੀ ਹੈ। ਇਹ ਠੀਕ ਹੈ ਕਿ ਨਿੰਦਰ ਆਪਣੇ ਆਪ ਨੂੰ ਧਰਮਿੰਦਰ ਦਾ ਮੁੰਡਾ ਸਮਝਣ ਲੱਗਾ ਸੀ ਤੇ ਇਸ ਬਾਰੇ ਉਹਨੇ ਇਕ ਸੁਪਨ ਸੰਸਾਰ ਸਿਰਜਿਆ ਹੋਇਆ ਸੀ, ਬਹੁਤ ਸਾਰੀਆਂ ਗੱਲਾਂ ਹੋਰ ਵੀ ਸੱਚ ਨੇ, ਪਰ ਉਨ੍ਹਾਂ ਸੱਚੀਆਂ ਗੱਲਾਂ ਨੂੰ ਗਲਪ ਦੇ 'ਝੂਠ' ਦਾ ਰੰਗ ਚਾੜ੍ਹ ਕੇ ਸੰਧੂ ਨੇ ਸਦਾ ਜਿਊਂਦਾ ਰਹਿਣ ਵਾਲਾ ਸੱਚ ਸਿਰਜ ਦਿੱਤਾ ਹੈ; ਪਰ ਮੈਂ ਏਥੇ ਓਹ ਗੱਲਾਂ ਕਰਾਂਗਾ ਜੋ ਹਕੀਕਤ ਵਿਚ ਨਿਰੋਲ ਮੇਰੇ ਨਾਲ ਜੁੜੀਆਂ ਨੇ।

ਵਰਿਆਮ ਸਿੰਘ ਸੰਧੂ ਨੇ ਕਈ ਵਾਰ ਜਲੰਧਰੋਂ ਮੇਰੇ ਪਿੰਡ ਆ ਕੇ ਨਿੰਦਰ ਨਾਲ ਕਈ ਵਾਰ ਗੱਲਾਂ ਕੀਤੀਆਂ। ਛਿੰਦੋ ਤੇ ਨੈਣੇ ਨਾਲ ਵੀ ਬਹੁਤ ਗੱਲਾਂ ਕੀਤੀਆਂ। ਅਸਲ ਵਿਚ ਛਿੰਦੋ ਹੁਰੀ ਮੇਰੇ ਨਾਲ ਵਰ੍ਹਿਆਂ ਤੋਂ ਕੰਮ ਕਰਦੇ ਆ ਰਹੇ ਸਨ। ਨਿੰਦਰ ਤੋਂ ਪਹਿਲਾਂ ਉਹਦਾ ਵੱਡਾ ਭਰਾ ਸੱਜਣ ਵੀ ਮੇਰੇ ਨਾਲ ਕੰਮ ਕਰਦਾ ਹੁੰਦਾ ਸੀ। ਸੱਜਣ ਦਾ ਜ਼ਿਕਰ ਦੋਹਾਂ ਕਹਾਣੀਆਂ ਵਿਚ ਆਇਆ ਹੈ। ਸੱਜਣ ਨੂੰ ਲੈ ਕੇ 1973 ਵਿਚ ਵੀ ਵਰਿਆਮ ਸਿੰਘ ਸੰਧੂ ਨੇ 'ਅਸਲੀ ਤੇ ਵੱਡੀ ਹੀਰ' ਬਹੁ-ਚਰਚਿਤ ਕਹਾਣੀ ਲਿਖੀ ਸੀ। ਕਿਹਾ ਜਾ ਸਕਦਾ ਹੈ ਕਿ ਉਹ ਪੰਜਾਹ ਸਾਲਾਂ ਤੋਂ ਇਸ ਪਰਿਵਾਰ ਦਾ ਜਾਣਕਾਰ ਹੈ। ਨੇੜਿਓਂ ਜਾਣਨ/ਸਮਝਣ ਵਾਲਾ, ਪਰ ਇਹ ਦੋਵੇਂ ਕਹਾਣੀਆਂ ਲਿਖਣ ਲਈ ਉਹਨੇ ਉਨ੍ਹਾਂ ਦੇ ਪਰਿਵਾਰ ਨੂੰ ਹੋਰ ਬਾਰੀਕੀ ਨਾਲ ਜਾਣਨ ਲਈ ਲੰਮੀਆਂ ਮੁਲਾਕਾਤਾਂ ਰਿਕਾਰਡ ਵੀ ਕੀਤੀਆਂ। ਨਿੰਦਰ ਦੇ ਬਾਪ ਬਾਬੇ ਨੈਣੇ ਨਾਲ ਉਹਨੇ ਡੇਢ ਘੰਟੇ ਦੀ ਗੱਲਬਾਤ ਰਿਕਾਰਡ ਕੀਤੀ, ਪਰ ਜਦ 'ਨੌਂ ਬਾਰਾਂ ਦਸ' ਕਹਾਣੀ ਲਿਖੀ ਤਾਂ ਉਸ ਡੇਢ ਘੰਟੇ ਦੀ ਗੱਲਬਾਤ ਵਿਚੋਂ ਉਹਨੇ ਸਿਰਫ ਇੱਕ ਵਾਕ ਬਾਬੇ ਨੈਣੇ ਵੱਲੋਂ ਬੋਲਿਆ ਵਿਖਾਇਆ। ਇਹ ਇਸ ਗੱਲ ਵੱਲ ਇਸ਼ਾਰਾ ਹੈ ਕਿ ਲੇਖਕ ਨੂੰ ਹਿਮਾਲਿਆ ਪਹਾੜ ਵਿਚੋਂ ਸੰਜੀਵਨੀ ਬੂਟੀ ਲੱਭਣੀ ਕਿੰਨੀ ਔਖੀ ਹੈ। ਜੋ ਕੁਝ ਦਿਸਦੀ ਹਕੀਕਤ ਹੈ, ਉਹਨੂੰ ਹੂਬਹੂ ਉਗਲੱਛ ਦੇਣਾ ਸਾਹਿਤ ਨਹੀਂ ਹੁੰਦਾ। ਆਪਣੇ ਨਜ਼ਰੀਏ ਅਤੇ ਕਲਪਨਾ ਦੀ ਪਾਣ ਚਾੜ੍ਹ ਕੇ ਹੀ ਤਰਦੀ ਜਿਹੀ ਦਿਸ ਰਹੀ ਸੱਚਾਈ ਨੂੰ ਸਿਰਜਣਾਤਮਕ ਸੱਚ ਵਿਚ ਬਦਲਿਆ ਜਾ ਸਕਦਾ ਹੈ। ਵਰਿਆਮ ਨੂੰ ਹਿਮਾਲਿਆ ਪਹਾੜ ਚੁੱਕਣ ਦੀ ਲੋੜ ਨਹੀਂ ਪੈਂਦੀ। ਉਹਨੂੰ ਸੰਜੀਵਨੀ ਬੂਟੀ ਲੱਭਣ ਦੀ ਜਾਚ ਹੈ।

ਜੇ ਇਸ ਪ੍ਰਸੰਗ ਵਿਚ ਨਿੰਦਰ ਬਾਰੇ ਗੱਲ ਕਰਨੀ ਹੋਵੇ ਤਾਂ ਦੱਸਿਆ ਜਾ ਸਕਦਾ ਹੈ ਕਿ ਅਸਲ ਵਿਚ ਫਿਲਮਾਂ ਵੇਖ ਕੇ ਉਹ ਪ੍ਰੀਤੀ ਸਪਰੂ ਦਾ ਆਸ਼ਕ ਬਣਿਆ ਸੀ, ਜਿਸ ਨੂੰ ਵਰਿਆਮ ਨੇ ਕਹਾਣੀ ਵਿਚ ਸ੍ਰੀ ਦੇਵੀ ਬਣਾ ਦਿੱਤਾ। ਸੰਧੂ ਦਾ ਕਹਿਣਾ ਸੀ ਕਿ ਜੇ ਕੇ. ਪੀ. ਐਸ. ਗਿੱਲ ਸ੍ਰੀ ਦੇਵੀ 'ਤੇ 'ਮੋਹਤ' ਹੋ ਸਕਦਾ ਹੈ ਤਾਂ ਨਿੰਦਰ ਦਾ ਆਸ਼ਕ ਹੋਣਾ ਬਹੁਤ ਸੁਭਾਵਕ ਹੋਵੇਗਾ। ਧਰਮਿੰਦਰ ਦਾ ਪੁੱਤ ਹੋਣ ਅਤੇ ਸੰਨੀ ਦਿਓਲ ਅਤੇ 'ਸ੍ਰੀ ਦੇਵੀ' ਦੇ ਬੰਬੀ 'ਤੇ ਆਉਣ ਦੀਆਂ ਗੱਲਾਂ ਤਾਂ ਉਹ ਕਰਦਾ ਸੀ ਤੇ 'ਨੌਂ ਬਾਰਾਂ ਦਸ' ਵਿਚ ਉਹਦੀਆਂ ਕੀਤੀਆਂ ਕੁਝ ਗੱਲਾਂ ਤਾਂ ਹੂਬਹੂ ਵੀ ਪੇਸ਼ ਹੋਈਆਂ ਹਨ, ਪਰ ਗੁਰਮੀਤ ਭੈਣ ਜੀ, ਧੋਤੋ ਤੇ ਸੀਤੋ ਦਾ ਵੇਰਵਾ ਵਰਿਆਮ ਸੰਧੂ ਦੀ ਕਲਪਨਾ ਦੀ ਉਪਜ ਹੈ। 'ਮੈਂ ਰੋ ਨਾ ਲਵਾਂ ਇੱਕ ਵਾਰ!' ਵਿਚ 'ਜਸਵੰਤ' ਪਾਤਰ ਦੇ ਘਰ ਰੋਟੀ ਖਾਣ ਬਾਅਦ ਉਹਦੇ ਵਿਹਾਰ ਵਿਚ ਆਈ ਤਬਦੀਲੀ ਦਾ ਮੈਂ ਚਸ਼ਮਦੀਦ ਗਵਾਹ ਹਾਂ। ਕਿਹਾ ਜਾ ਸਕਦਾ ਹੈ ਕਿ ਇਸ ਕਹਾਣੀ ਦਾ ਅੱਸੀ ਫੀਸਦੀ ਹਿੱਸਾ ਵਰਿਆਮ ਸੰਧੂ ਦੀ ਕਲਪਨਾ ਦੀ ਉਪਜ ਹੈ। ਹਾਂ, ਇਹ ਸੱਚ ਹੈ ਕਿ ਉਹਨੇ ਆਪਣੇ ਭਰਾ ਅਤੇ ਪਿਉ ਨੂੰ ਕਤਲ ਕਰ ਦਿੱਤਾ ਸੀ ਅਤੇ ਮੈਂ ਉਹਨੂੰ ਕਹਾਣੀ ਵਿਚ ਦੱਸੇ ਕਾਰਨਾਂ ਕਰ ਕੇ ਕੰਮ ਤੋਂ ਜਵਾਬ ਵੀ ਦੇ ਦਿੱਤਾ ਸੀ।

ਇਹ ਗੱਲਾਂ ਮੈਂ ਤਾਂ ਦੱਸੀਆਂ ਹਨ ਕਿ ਕਹਾਣੀ ਵਿਚ ਹੂਬਹੂ ਸੱਚਾਈ ਨਹੀਂ ਹੁੰਦੀ ਤੇ ਇਸ ਵਿਚ ਵੀ ਨਹੀਂ, ਪਰ ਇਸ ਦੇ ਬਾਵਜੂਦ ਇਹ ਕਹਾਣੀ ਜ਼ਿੰਦਗੀ ਦੀ ਸੱਚਾਈ ਦੇ ਬਹੁਤ ਨਜ਼ਦੀਕ ਹੈ ਤੇ ਨਿਮਨ ਸ਼੍ਰੇਣੀਆਂ ਦੇ ਦਰਦ ਦੀ ਹਕੀਕੀ ਤਸਵੀਰ ਹੈ। ਸੱਚੀ ਗੱਲ ਤਾਂ ਇਹ ਹੈ ਸਾਨੂੰ ਨਿੰਦਰ ਨਾਲ ਬਹੁਤ ਪਿਆਰ ਸੀ। ਤੁਸੀਂ ਅਨੁਮਾਨ ਲਾ ਸਕਦੇ ਹੋ ਕਿ ਪਿਛਲੇ ਪੰਜਾਹ ਸਾਲਾਂ ਤੋਂ ਉਨ੍ਹਾਂ ਦਾ ਪਰਿਵਾਰ ਸਾਡੇ ਘਰ ਕੰਮ ਕਰਦਾ ਆ ਰਿਹਾ ਸੀ। ਬਿਨਾ ਨੇੜਲੀ ਸਾਂਝ ਤੋਂ ਰਿਸ਼ਤੇ ਏਨੇ ਸਾਲ ਨਹੀਂ ਨਿਭਦੇ।

ਇਕ ਵਾਰ ਵਰਿਆਮ ਸਿੰਘ ਸੰਧੂ ਮੇਰੇ ਪਿੰਡ ਆਇਆ ਹੋਇਆ ਸੀ। ਉਹ ਖਾੜਕੂ ਲਹਿਰ ਦੇ ਦਿਨ ਸਨ। ਪਹਿਲਾਂ ਨਿੰਦਰ ਦੇ ਪਟੇ ਹੁੰਦੇ ਸਨ, ਪਰ ਹੁਣ ਉਹਨੇ ਕੇਸ ਰੱਖ ਕੇ ਪੱਗ ਬੰਨ੍ਹਣੀ ਸ਼ੁਰੂ ਕਰ ਦਿੱਤੀ ਸੀ। ਵਰਿਆਮ ਕਹਿੰਦਾ, 'ਵੇਖ ਲਾ ਜਸਵੰਤ! ਖਾੜਕੂਆਂ ਦੀ ਕਿੰਨੀ ਦਹਿਸ਼ਤ ਏ ਕਿ ਨਿੰਦਰ ਵਰਗੇ ਨੀਮ-ਪਾਗਲਾਂ ਨੇ ਵੀ ਡਰ ਕੇ ਕੇਸ ਰੱਖ ਕੇ ਪੱਗ ਬੰਨ੍ਹਣੀ ਸ਼ੁਰੂ ਕਰ ਦਿੱਤੀ ਹੈ। ਜਾਨ ਤਾਂ ਹਰ ਇਕ ਨੂੰ ਪਿਆਰੀ ਹੁੰਦੀ ਹੈ।'



ਵਰਿਆਮ ਸਿੰਘ ਸੰਧੂ

ਇਹ ਕਹਾਣੀ ਪੜ੍ਹ ਕੇ ਮੈਨੂੰ ਨਿੰਦਰ ਤੇ ਉਸ ਦਾ ਸਾਰਾ ਪਰਿਵਾਰ ਮੁੜ ਬੜੀ ਸ਼ਿੱਦਤ ਨਾਲ ਯਾਦ ਆਇਆ। ਅਖੌਤੀ ਬਾਬਿਆਂ ਨੇ ਉਨ੍ਹਾਂ ਨੂੰ ਧਾਗਿਆਂ-ਤਵੀਤਾਂ ਦੇ ਚੱਕਰ ਵਿਚ ਪਾ ਕੇ ਉਨ੍ਹਾਂ ਦੀ ਲਹੂ ਪਸੀਨੇ ਦੀ ਕਮਾਈ ਖਾ ਲਈ। ਕੁਇੰਟਲਾਂ ਦੇ ਕੁਇੰਟਲ ਬਾਸਮਤੀ ਤੇ ਕਣਕ ਛਕ ਗਏ। ਉਨ੍ਹਾਂ ਨੂੰ ਗੁਮਰਾਹ ਹੋਇਆ ਵੇਖ ਕੇ ਮੇਰਾ ਮਨ ਬੜਾ ਦੁਖੀ ਹੁੰਦਾ ਸੀ, ਕਿਉਂਕਿ ਮੈਂ ਵੀ ਇਕ ਈਮਾਨਦਾਰ ਕਿਰਤੀ ਬਾਪ ਦਾ ਪੁੱਤ ਸਾਂ। ਮੇਰੇ ਨਾਲ ਕੰਮ ਕਰਨ ਵਾਲਾ ਨਿੰਦਰ ਅਸਲ ਵਿਚ ਏਨਾ ਸੁਦਾਈ ਵੀ ਨਹੀਂ ਸੀ। ਇਸ ਦਾ ਕਹਾਣੀ ਵਿਚ ਵੀ ਜ਼ਿਕਰ ਆਇਆ ਹੈ। ਉਹਨੇ ਮੈਨੂੰ ਕਹਿਣਾ, 'ਚਾਚਾ! ਮੈਨੂੰ ਲੋਕ ਸ਼ੁਦਾਈ ਕਹਿੰਦੇ ਨੇ, ਪਰ ਮੈਂ ਤਾਂ ਸੌ-ਦਾਈ ਆਂ।'

ਇਸ ਸਬੰਧ ਵਿਚ ਮੈਨੂੰ ਯਾਦ ਆਇਆ ਕਿ ਮੈਂ ਐਤਵਾਰ ਦੀ ਛੁੱਟੀ ਵਾਲੇ ਦਿਨ ਉਸ ਨੂੰ ਨਾਲ ਲੈ ਕੇ ਹਫਤੇ ਦਾ ਜੰਮ੍ਹਾਂ ਹੋਇਆ ਕੰਮ ਮੁਕਾਉਂਦਾ ਸਾਂ। ਮੈਂ ਖੁਦ ਵੀ ਹੱਥੀਂ ਕਿਰਤ ਕਰਨ ਵਿਚ ਯਕੀਨ ਰੱਖਣ ਵਾਲਾ ਹਾਂ। ਉਹਨੇ ਕੰਮ ਕਰਦਿਆਂ ਮੈਨੂੰ ਪੁੱਛਣਾ, 'ਚਾਚਾ! ਤੈਨੂੰ ਭਲਕੇ ਵੀ ਛੁੱਟੀ ਆ?' ਪਹਿਲਾਂ ਤਾਂ ਮੈਂ ਉਹਦੀ ਇਹ ਗੱਲ ਗੌਲੀ ਨਾ, ਪਰ ਬਾਅਦ ਵਿਚ ਸਮਝਿਆ ਕਿ ਛੁੱਟੀ ਵਾਲੇ ਦਿਨ ਇਸ ਨੂੰ ਸਾਰੀ ਦਿਹਾੜੀ ਮੇਰੇ ਨਾਲ ਕੰਮ ਕਰਨਾ ਪੈਂਦਾ ਹੈ, ਪਰ ਬਾਕੀ ਦਿਨ ਉਹ ਬਣ-ਠਣ ਕੇ, ਪੱਠੇ ਪਾਉਣ ਤੋਂ ਬਾਅਦ, ਗਲੀਆਂ ਵਿਚ ਫਿਰਦਾ ਤੇ ਗੱਪਾਂ ਮਾਰਦਾ ਰਹਿੰਦਾ ਸੀ। ਇਸੇ ਕਰ ਕੇ ਉਹ 'ਭਲਕੇ ਵੀ ਛੁੱਟੀ' ਹੋਣ ਬਾਰੇ ਪੁੱਛਦਾ ਰਹਿੰਦਾ ਸੀ।

ਸਾਰਾ ਕੁਝ ਤਾਂ ਵਰਿਆਮ ਸਿੰਘ ਸੰਧੂ ਨੇ ਕਹਾਣੀ ਵਿਚ ਬਿਆਨ ਕਰ ਹੀ ਦਿੱਤਾ ਹੈ। ਅਜੇ ਤਾਂ ਸੰਧੂ ਨੇ ਇਹ ਨਹੀਂ ਦੱਸਿਆ ਕਿ ਜੇਲ੍ਹ ਵਿਚ ਜਾਣ ਪਿੱਛੋਂ ਉਹਦਾ 'ਕਮਲ' ਵਧ ਗਿਆ ਤੇ ਉਹਨੂੰ ਪਾਗਲਖਾਨੇ ਭੇਜ ਦਿੱਤਾ ਗਿਆ ਸੀ। ਉਥੇ ਕਿਸੇ ਪਾਗਲ ਨਾਲ ਲੜਾਈ ਹੋਣ ਨਾਲ ਉਹਨੂੰ ਧੱਕਾ ਵੱਜਾ ਤੇ ਉਹ ਸਿਰ 'ਤੇ ਸੱਟ ਲੱਗਣ ਨਾਲ ਮਰ ਗਿਆ। ਹੋ ਸਕਦੈ, ਸੰਧੂ ਸਾਹਿਬ ਉਹਦਾ ਅਗਲਾ ਹਿੱਸਾ ਵੀ ਕਿਸੇ ਕਹਾਣੀ ਵਿਚ ਬਿਆਨ ਕਰ ਦੇਣ।

ਕਹਾਣੀ ਪੜ੍ਹ ਕੇ ਮੈਨੂੰ ਉਹਦਾ ਤੇ ਉਹਦੇ ਪਰਿਵਾਰ ਦਾ ਦੁਖਾਂਤਕ ਅੰਤ ਮੁੜ ਚੇਤੇ ਆ ਗਿਆ। ਹੁਣ ਮੈਨੂੰ ਦੁੱਖ ਵੀ ਹੈ ਤੇ ਪਛਤਾਵਾ ਵੀ ਕਿ ਕਾਸ਼! ਮੇਰੇ ਵਿਚ ਛਿੰਦੋ ਦੀ ਬੇਹੱਕੀ ਨਿੰਦਿਆ ਸੁਣਨ ਦੀ ਜਰਨ-ਸ਼ਕਤੀ ਹੁੰਦੀ। ਮੈਂ ਉਹਨੂੰ ਕੰਮ ਤੋਂ ਜਵਾਬ ਨਾ ਦਿੰਦਾ ਤਾਂ ਸ਼ਾਇਦ ਇਹ ਦੁਖਾਂਤ ਨਾ ਵਾਪਰਦਾ। ਇਹੋ ਜਿਹੀਆਂ ਗੱਲਾਂ ਤਾਂ ਛਿੰਦੋ ਪਹਿਲਾਂ ਸੱਜਣ ਦੇ ਵੇਲੇ ਤੋਂ ਵੀ ਕਦੀ-ਕਦੀ ਕਰ ਦਿੰਦੀ ਹੁੰਦੀ ਸੀ। ਮੈਂ ਹੱਸ ਕੇ ਉਹਦੀਆਂ ਗੱਲਾਂ ਉਡਾ ਦਿੰਦਾ ਸਾਂ। ਸਾਡਾ ਤਾਂ ਪੰਜਾਹ ਸਾਲਾਂ ਦਾ ਆਪਸੀ ਸਾਂਝ ਦਾ ਰਿਸ਼ਤਾ ਸੀ। ਨਿੰਦਰ ਮੇਰੇ ਘਰ ਰੱਜ ਕੇ ਰੋਟੀ ਖਾਂਦਾ ਸੀ। ਉਹਦੀ ਜੇਬ ਵਿਚ ਹਰ ਵੇਲੇ ਪੈਸੇ ਹੁੰਦੇ। ਉਹ ਮੇਰੇ ਨਾਲ ਕਈ ਸਾਲਾਂ ਤੋਂ ਕੰਮ ਕਰਦਾ ਆ ਰਿਹਾ ਸੀ ਤੇ ਬੇਹੱਦ ਖੁਸ਼ ਸੀ, ਪਰ ਮੇਰੇ ਕੋਲੋਂ ਕੰਮ ਤੋਂ ਜਵਾਬ ਮਿਲ ਜਾਣ 'ਤੇ ਉਹ ਰੋਟੀ ਹੱਥੋਂ ਆਤੁਰ ਹੋ ਗਿਆ। ਗਰੀਬੀ ਕਾਰਨ ਘਰੋਂ ਰੱਜਵੀਂ ਰੋਟੀ ਨਾ ਮਿਲਣ ਕਰ ਕੇ ਉਹਨੇ ਕਈ ਵਾਰ ਕਿਸੇ ਦੁਕਾਨ ਦੇ ਬਾਹਰ ਖਲੋ ਜਾਣਾ ਤੇ ਬੋਰੀਆਂ ਵਿਚ ਪਈ ਹੋਈ ਡੰਗਰਾਂ ਨੂੰ ਪਾਉਣ ਵਾਲੀ ਗੋਲੀਆਂ ਵਰਗੀ ਖਲ਼ ਦੀਆਂ ਗੋਲੀਆਂ ਵੀ ਦੁਕਾਨਦਾਰ ਦੀ ਅੱਖ ਬਚਾ ਕੇ ਖਾ ਲੈਣੀਆਂ। ਭੁੱਖ ਨੇ ਉਹਦਾ ਬੁਰਾ ਹਾਲ ਕਰ ਦਿੱਤਾ ਸੀ।

ਹੁਣ ਮੈਂ ਸੋਚਦਾ ਹਾਂ ਕਿ ਕਾਸ਼ ਉਹ ਜਿਊਂਦਾ ਹੋ ਜਾਵੇ ਤੇ ਮੈਂ ਛਿੰਦੋ ਦੇ ਮਿਹਣਿਆਂ ਦੀ ਪ੍ਰਵਾਹ ਕੀਤੇ ਬਿਨਾ ਉਹਨੂੰ ਕੰਮ 'ਤੇ ਰੱਖ ਲਵਾਂ ਤੇ ਅਸੀਂ ਚਾਚਾ-ਭਤੀਜਾ ਪਹਿਲਾਂ ਵਾਂਗ ਹੀ ਮਿਲ ਕੇ ਖੇਤਾਂ ਵਿਚ ਕੰਮ ਕਰੀਏ; ਪਰ ਇਹ ਤਾਂ ਹੁਣ ਖਿਆਲੀ ਗੱਲਾਂ ਨੇ!

ਨਿੰਦਰ ਦੇ ਮਾਧਿਅਮ ਰਾਹੀਂ ਇਸ ਕਹਾਣੀ ਵਿਚ ਵਰਿਆਮ ਸਿੰਘ ਸੰਧੂ ਨੇ ਅਜੋਕੇ ਭਾਰਤੀ ਸਿਸਟਮ 'ਤੇ ਕਰਾਰੀ ਚੋਟ ਕੀਤੀ ਹੈ, ਜੋ ਹਰ ਖੇਤਰ ਵਿਚ ਢਹਿ ਢੇਰੀ ਹੋ ਚੁਕਾ ਹੈ; ਹਾਕਮ ਕੁਰੱਪਟ ਹੋ ਚੁਕੇ ਨੇ। ਜਿਵੇਂ ਸੋਹਣ ਸਿੰਘ ਸੀਤਲ ਨੇ ਲਿਖਿਆ ਹੈ, 'ਹਾਕਮ ਥਾਪੇ ਗਏ ਸੀ ਪਰਜਾ ਪਾਲਣ ਵਾਸਤੇ, ਪਰਜਾ ਖਾਣ ਦੀ ਨੀਤੀ ਬਣ ਗਈ ਹੈ ਸਰਕਾਰ ਦੀ।'

ਕਹਾਣੀ ਵਿਚ ਮਝੈਲ ਲੇਖਕ ਨੇ ਠੇਠ ਮਝੈਲੀ ਬੋਲੀ ਦੀ ਵਰਤੋਂ ਕੀਤੀ ਹੈ। ਜਿਵੇਂ ਥਾਣੇਦਾਰ ਦੀ ਝਿੜਕ ਸੁਣ ਕੇ ਤੁਲਸੇ ਦਾ ਹੱਥ ਜੋੜ ਕੇ ਕਹਿਣਾ, 'ਸਤਿ ਬਚਨ ਜੀ!'

ਤਾਸੀ, ਤੋਸਾ ਵਰਗੇ ਕਈ ਸ਼ਬਦਾਂ ਨੂੰ ਲੈ ਕੇ ਫੇਸਬੁੱਕ 'ਤੇ ਵੀ ਚਰਚਾ ਚੱਲੀ ਸੀ।

ਮੇਰੀ ਰੀਝ ਹੈ ਕਿ ਮੇਰਾ ਛੋਟਾ ਵੀਰ 74 ਸਾਲਾ ਆਜ਼ਾਦੀ ਦੀਆਂ 'ਬਰਕਤਾਂ' ਨੂੰ ਬਿਆਨ ਕਰਦਾ ਇੱਕ ਨਾਵਲ ਲਿਖੇ। ਰੱਬ ਉਹਦੀ ਲੰਮੀ ਉਮਰ ਕਰੇ ਤੇ ਤੰਦਰੁਸਤੀ ਬਖਸ਼ੇ, ਤਾਂ ਕਿ ਉਹ ਆਪਣੀਆਂ ਬੇਸ਼ਕੀਮਤੀ ਲਿਖਤਾਂ ਰਾਹੀਂ ਸਮਾਜ ਦਾ ਮਾਰਗ ਦਰਸ਼ਨ ਕਰਦਾ ਰਹੇ।

ਆਮੀਨ!

## ਮੇਰੀ ਪਲੇਠੀ ਕਵਿਤਾ ਦਾ ਹਸ਼ਰ!

ਜਿਵੇਂ ਖਰਬੂਜੇ ਨੂੰ ਦੇਖ ਖਰਬੂਜਾ ਰੰਗ ਬਦਲਦਾ ਹੈ, ਮੈਂ ਵੀ ਕਵਿਤਾ ਲਿਖਣ ਦਾ ਮਨ ਬਣਾਇਆ, ਪਰ ਇਸ ਪਹਿਲੀ ਹੀ ਕੋਸ਼ਿਸ਼ ਦਾ ਹਸ਼ਰ ਬੜਾ ਮਾੜਾ ਹੋਇਆ। ਆਲੋਚਕਾਂ ਇਸ ਦਾ ਪੋਸਟਮਾਰਟਮ ਕੀਤਾ ਤਾਂ ਬੜੀਆਂ ਗਲਤੀਆਂ ਫੜੀਆਂ। ਇੱਕ ਨਜ਼ਦੀਕੀ ਮਿੱਤਰ ਨੇ ਕਿਹਾ, 'ਇਹ ਕੀ ਕਮਲ ਪਿਆ ਕੁੱਟਦੈਂ? 75 ਸਾਲ ਦੇ ਬੁੜ੍ਹੇ ਦੀ ਕਬਰ 'ਤੇ ਲੋਕੀਂ ਰੋਂਦੇ ਨਹੀਂ, ਭੰਗੜੇ ਪਾਉਂਦੇ ਹਨ ਕਿ ਚਲੋ ਖਹਿੜਾ ਛੁੱਟਿਆ।'

ਮੈਂ ਸੋਚਿਆ ਪਤੰਦਰ ਕਹਿੰਦਾ ਤਾਂ ਠੀਕ ਹੈ। ਸੋਚਿਆ, ਕਵਿਤਾ ਸੋਧ ਦਿਆਂਗਾ। ਇੰਜ ਅਰੰਭ ਕਰਾਂਗਾ, 'ਮੇਰੀ ਕਬਰ 'ਤੇ ਖਲੋ ਕੇ ਜਸ਼ਨ ਮਨਾਇਓ ਭੰਗੜੇ ਪਾਇਓ ਵਗੈਰਾ ਵਗੈਰਾ।' ਇੱਕ ਹੋਰ ਕਵੀ ਮਿੱਤਰ ਤੋਂ ਸਲਾਹ ਲਈ ਤਾਂ ਉਸ ਹੋਰ ਹੀ ਸਲਾਹ ਦਿੱਤੀ। ਕਹਿੰਦਾ, 'ਭਾਊ ਦੱਬੀ ਚੱਲ ਕਿੱਲੀ। ਘਬਰਾਉਣਾ ਨਹੀਂ। ਸਭ ਨਾਲ ਇੰਜ ਹੀ ਹੁੰਦਾ ਹੈ। ਉਸ ਆਪਣਾ ਤਜਰਬਾ ਦੱਸਿਆ, 'ਮੈਨੂੰ ਵੀ ਅਨੇਕ ਅੜਚਨਾਂ ਆਈਆਂ, ਪਰ ਮੈਂ ਡੋਲਿਆ ਨਹੀਂ। ਇੱਕ ਵਾਰ ਮੈਨੂੰ ਘਰਦਿਆਂ ਸਬਜੀ ਲੈਣ ਬਾਜ਼ਾਰ ਭੇਜਿਆ। ਰਸਤੇ ਵਿਚ ਇੱਕ ਸਬਰ ਵਾਲਾ ਮਿੱਤਰ ਟੱਕਰ ਪਿਆ। ਬਸ ਉਸ ਨੂੰ ਕੁਝ ਤਾਜਾ ਤਰੀਨ ਸੁਣਾਉਣ ਵਿਚ ਵਕਤ ਲੰਘ ਗਿਆ ਤੇ ਬੇਟੇ ਨੂੰ ਅਚਾਰ ਨਾਲ ਟਿਫਿਨ ਲਿਜਾਣਾ ਪਿਆ। ਬਥੇਰੀ ਝਾੜ-ਝੰਬ ਹੋਈ, ਪਰ ਦੇਖੋ, ਕਵੀ ਬਣਨਾ ਖਾਲਾ ਜੀ ਦਾ ਵਾੜਾ ਨਹੀਂ। ਕੁਝ ਹਾਸਲ ਕਰਨ ਲਈ ਬਹੁਤ ਕੁਝ ਗੁਆਉਣਾ ਪੈਂਦਾ ਹੈ।

ਇੱਕ ਵਾਰ ਬਿਜਲੀ ਦਾ ਬਿਲ ਜਮ੍ਹਾਂ ਕਰਾਉਣ ਗਿਆ ਤਾਂ ਰਸਤੇ 'ਚ ਕੁਝ ਚੰਗੇ ਸਰੋਤੇ ਮਿਲ ਪਏ। ਇੱਕ ਕਵੀ ਲਈ ਧੀਰਜ ਵਾਲੇ ਵਧੀਆ ਸਰੋਤੇ ਆਕਸੀਜਨ ਦਾ ਕੰਮ ਕਰਦੇ ਹਨ, ਇਸ ਮੌਕੇ ਨੂੰ ਬਿਰਥਾ ਨਾ ਜਾਣ ਦਿਓ। ਸੋ ਭਾਊ ਕਵਿਤਾ ਪਾਠ ਸਮਾਪਤ ਹੋਣ ਤੱਕ ਬਿਜਲੀ ਦਫਤਰ ਬੰਦ ਹੋ ਚੁਕਾ ਸੀ। ਬਿਲ ਦੀ ਆਖਰੀ ਤਾਰੀਖ ਸੀ। ਘਰੇ ਮੇਰੇ ਨਾਲ ਜੋ ਹੋਇਆ, ਦੱਸਣ ਦੀ ਲੋੜ ਨਹੀਂ। ਬਸ ਸਹਿਨਸ਼ੀਲ ਬਣਿਆ ਰਿਹਾ ਤੇ ਦੇਖ ਅੱਜ ਸ਼ਹਿਰ 'ਚ ਚੋਟੀ ਦਾ ਕਵੀ ਹਾਂ।' ਹੋਰ ਕਈ ਦੋਸਤਾਂ ਵੀ ਵੱਖ ਵੱਖ ਸਲਾਹ ਮਸ਼ਵਰੇ ਦਿੱਤੇ। ਉਨ੍ਹਾਂ 'ਤੇ ਅਮਲ ਬਾਰੇ ਸੋਚ ਰਿਹਾਂ, ਦੇਖੋ ਕੀ ਬਣਦਾ ਹੈ।

*-ਹਰਜੀਤ ਦਿਓਲ, ਬਰੈਂਪਟਨ*

# ਨਾਬਰੀ ਦਾ ਗਵਾਹ: ਲਾਹੌਰ ਵਾਲਾ ਬਰੈਡਲਾ ਹਾਲ

*ਲਾਹੌਰ ਸਥਿਤ ਬਰੈਡਲਾ ਹਾਲ ਦਾ ਆਪਣਾ ਇਤਿਹਾਸ ਹੈ। ਇਹ ਹਾਲ ਚਾਰਲਸ ਬਰੈਡਲਾ (26 ਸਤੰਬਰ 1833-30 ਜਨਵਰੀ 1891) ਦੀ ਯਾਦ ਵਿਚ ਸੰਨ 1900 ਵਿਚ ਬਣਵਾਇਆ ਗਿਆ ਸੀ। ਉਹ ਅੰਗਰੇਜ਼ ਸਿਆਸੀ ਕਾਰਕੁਨ ਸੀ ਜਿਸ ਨੇ 1866 ਵਿਚ ਨੈਸ਼ਨਲ ਸੈਕੂਲਰ ਸੁਸਾਇਟੀ ਦੀ ਨੀਂਹ ਰੱਖੀ ਸੀ। ਇਹ ਹਾਲ ਲਗਾਤਾਰ ਨਾਬਰੀ ਦਾ ਗੜ੍ਹ ਬਣਿਆ ਰਿਹਾ। ਇਥੇ ਵਤਨਪ੍ਰਸਤਾਂ ਨੇ ਅਨੇਕਾਂ ਸਮਾਗਮ ਰਚਾਏ ਅਤੇ ਲੈਕਚਰ ਕੀਤੇ। ਲਹਿੰਦੇ ਪੰਜਾਬ ਦੇ ਲਿਖਾਰੀ ਮੁਦੱਸਰ ਬਸ਼ੀਰ ਨੇ ਇਸ ਹਾਲ ਦੀ ਤਵਾਰੀਖ ਅਤੇ ਇਸ ਨਾਲ ਜੁੜੀਆਂ ਸ਼ਖਸੀਅਤਾਂ ਬਾਰੇ ਵਿਸਥਾਰ ਸਹਿਤ ਚਰਚਾ ਆਪਣੇ ਇਸ ਲੇਖ ਵਿਚ ਕੀਤੀ ਹੈ।*






ਚਾਰਲਸ ਬਰੈਡਲਾ

ਮੈਂਡੀ ਜਾਨ ਜੋ ਰੰਗੇ ਸੋ ਗੰਗੇ
ਮਸਤਕ ਜਿਨ੍ਹਾਂ ਦੇ ਪਈ ਫਕੀਰੀ
ਭਾਗ ਤਿਨ੍ਹਾਂ ਦੇ ਚੰਗੇ
ਸੁਰਤ ਦੀ ਸੂਈ ਪ੍ਰੇਮ ਦੇ ਧਾਗੇ
ਪਿਉਂਦ ਲੱਗੇ ਸਤਿਸੰਗੇ
ਕਹੇ ਹੁਸੈਨ ਫਕੀਰ ਸਾਈਂ ਦਾ
ਤਖਤ ਨਾ ਮਿਲਦੇ ਮੰਗੇ (ਸ਼ਾਹ ਹੁਸੈਨ)

ਧਰਤੀ ਉਤੇ ਕੁਝ ਥਾਂਵਾਂ ਇਹੋ ਜਿਹੀਆਂ ਹੁੰਦੀਆਂ ਨੇ ਜਿਹੜੀਆਂ ਕਿਸੇ ਸਮਾਜ, ਰਹਿਤਲ, ਵਸੋਂ ਅਤੇ ਬੰਦਿਆਂ ਦੀਆਂ ਪਛਾਣਾਂ ਬਣ ਜਾਂਦੀਆਂ ਨੇ, ਤੇ ਕੁਝ ਥਾਂਵਾਂ ਇਹੋ ਜਿਹੀਆਂ ਹੁੰਦੀਆਂ ਨੇ ਜਿਹੜੀਆਂ ਬੰਦਿਆਂ ਦੀਆਂ ਕਰਨੀਆਂ ਕਾਰਨ ਪਛਾਣੀਆਂ ਜਾਂਦੀਆਂ ਨੇ। ਇਸ ਦੇ ਨਾਲੋ-ਨਾਲ ਕੁਝ ਥਾਂਵਾਂ ਇਹੋ ਜਿਹੀਆਂ ਵੀ ਦਿਸੀਂਦੀਆਂ ਨੇ ਜਿਨ੍ਹਾਂ ਵਿਚ ਸਿਆਣ ਦੇ ਇਹ ਦੋਵੇਂ ਗੁਣ ਦਿਸੀਂਦੇ ਨੇ,



ਮੁਦੱਸਰ ਬਸ਼ੀਰ

ਜਿਵੇਂ ਹਿੰਦ-ਪਾਕਿ ਵਿਚ ਸ਼ਿਮਲਾ, ਮਰੀ ਅਤੇ ਕਸ਼ਮੀਰ ਆਪਣੇ ਪਹਾੜਾਂ ਤੇ ਹਰਿਆਲੀ ਕਾਰਨ ਜੱਗ ਜਾਣੇ ਨੇ। ਗੋਆ ਦਾ ਸਮੁੰਦਰ ਵੀ ਆਪਣੇ ਖਾਸ ਰੰਗਾਂ ਪਾਰੋਂ ਪੂਰੇ ਹਿੰਦੋਸਤਾਨ ਤੋਂ ਵੱਖ ਏ। ਕੁਝ ਥਾਂਵਾਂ ਦੀ ਪਛਾਣ ਬੰਦੇ, ਉਨ੍ਹਾਂ ਦੇ ਕੰਮ ਹੁੰਦੇ ਨੇ। ਅਜੋਕੇ ਸਮੇਂ ਦੱਖਣੀ ਅਫਰੀਕਾ ਨੂੰ ਮੋਹਨ ਦਾਸ ਕਰਮ ਚੰਦ ਗਾਂਧੀ ਅਤੇ ਨੈਲਸਨ ਮੰਡੇਲਾ ਤੋਂ ਵੱਖ ਅਤੇ ਮਲੇਸ਼ੀਆ ਨੂੰ ਮਹਾਤਿਰ ਮੁਹੰਮਦ ਤੇ ਚੀਨ ਨੂੰ ਮਾਉ ਜ਼ੇ-ਤੁੰਗ ਤੋਂ ਵੱਖ ਨਹੀਂ ਕੀਤਾ ਜਾ ਸਕਦਾ।

ਪੰਜਾਬ ਦੀ ਧਰਤੀ ਵਿਚ ਸਾਨੂੰ ਕੁਦਰਤ ਵਲੋਂ ਮਿਲਿਆ ਸੁਹੱਪਣ, ਇਸ ਦੇ ਦਰਿਆ, ਇਸ ਦੀ ਹਰਿਆਲੀ, ਸਦੀਆਂ ਪੁਰਾਣੀ ਰਹਿਤਲ ਤਾਂ ਮਿਲਦੀ ਹੀ ਏ, ਇਸ ਦੇ ਨਾਲ ਪੋਰਸ, ਰਾਜਾ ਰਸਾਲੂ, ਜੈ ਪਾਲ, ਪੂਰਨ ਭਗਤ, ਬਾਬਾ ਫਰੀਦ, ਗੁਰੂ ਨਾਨਕ, ਸ਼ਾਹ ਹੁਸੈਨ, ਦੁੱਲਾ ਭੱਟੀ, ਅਹਿਮਦ ਖਾਨ ਖਰਲ, ਮਿਰਜ਼ਾ ਕਲੰਦਰ, ਸਰਮਦ, ਬੁੱਲ੍ਹੇ ਸ਼ਾਹ, ਸਾਰੰਗ ਤੇ ਇਕ ਲੰਮੀ ਗਿਣਤੀ ਵਿਚ ਕਈ ਬੰਦੇ ਦਿਸੀਂਦੇ ਨੇ।

ਸ਼ਹਿਰ ਲਾਹੌਰ ਦੀ ਵਾਰ ਵਿਚ ਕਈ ਥਾਂਵਾਂ ਅਤੇ ਉਨ੍ਹਾਂ ਨਾਲ ਜੁੜੇ ਬੰਦੇ ਦੀਆਂ ਕਰਨੀਆਂ ਕਾਰਨ ਜਾਣੀਆਂ ਮਾਣੀਆਂ ਨੇ। ਉਹ ਥਾਂਵਾਂ ਜਿਹੜੀਆਂ ਧ੍ਰੋਹ ਖੱਸ ਦੇ ਸਾਹਮਣੇ ਨਾਬਰੀ ਦਾ ਗੜ੍ਹ ਬਣੀਆਂ ਰਹੀਆਂ, ਉਥੇ ਕਈ ਸੂਰਮਿਆਂ ਨਾਬਰੀ ਸ਼ਮ੍ਹਲੇ ਆਪਣੀਆਂ ਜਾਨਾਂ ਦੀਆਂ ਅਣੀਆਂ 'ਤੇ ਉਚੇ ਰੱਖੇ। ਇਹੋ ਜਿਹੀ ਇਕ ਥਾਂ ਦਾ ਨਾਂ ਬਰੈਡਲਾ ਹਾਲ ਏ।

ਬਰੈਡਲਾ ਹਾਲ ਇੰਗਲਸਤਾਨ ਦੇ ਸੂਝਵਾਨ ਸਿਆਸਤਦਾਨ ਸਰ ਚਾਰਲਸ ਬਰੈਡਲਾ ਦੇ ਨਾਂ ਉਤੇ ਹੈ ਜਿਸ ਬਾਰੇ ਗੱਲ ਕਰਨ ਤੋਂ ਪਹਿਲਾਂ ਅਸੀਂ ਇਕ ਝਾਤ ਉਨ੍ਹਾਂ ਦੀ ਹਯਾਤੀ ਉਤੇ ਪਾਉਨੇ ਆਂ ਕਿ ਕਿਸ ਕਾਰਨ ਇੰਗਲਸਤਾਨ ਵਾਸੀ ਦਾ ਨਾਂ ਹਿੰਦੋਸਤਾਨ ਦੇ ਇਕ ਹਾਲ ਨਾਲ ਜੁੜਿਆ।

ਚਾਰਲਸ ਬਰੈਡਲਾ ਦਾ ਜਨਮ 26 ਸਤੰਬਰ 1833 ਨੂੰ ਲੰਡਨ ਦੇ ਨੇੜੇ ਦੇ ਹਾਕਸਟਨ ਵਿਚ ਹੋਇਆ। ਉਸ ਦਾ ਪਿਉ ਲਾਅ ਫਰਮ ਵਿਚ ਕਲਰਕ ਸੀ ਜਿਸ ਦੀ ਘੱਟ ਕਮਾਈ ਸੀ। ਮਾੜੇ ਹਾਲਾਂ ਕਾਰਨ ਚਾਰਲਸ ਬਰੈਡਲਾ ਨੇ ਆਪਣੇ ਬਾਲਪਨ ਵਿਚ ਡਾਢੇ ਭੈੜੇ ਦਿਹਾੜ ਹੰਢਾਏ। ਰੋਟੀ ਟੁੱਕਰ ਦੇ ਰੌਲਿਆਂ ਪਾਰੋਂ ਉਸ ਗਿਆਰਾਂ ਵਰ੍ਹਿਆਂ ਦੀ ਉਮਰ ਵਿਚ ਸਕੂਲ ਛੱਡ ਦਿੱਤਾ। ਕਿਸੇ ਦਫਤਰ ਵਿਚ ਨਿੱਕੇ ਮੋਟੇ ਕੰਮਾਂ ਵਾਲੀ ਨੌਕਰੀ ਕਰ ਲਈ। ਕੁਝ ਚਿਰ ਮਗਰੋਂ ਕੋਲਿਆਂ ਦੇ ਕਿਸੇ ਵਪਾਰੀ ਦੇ ਦਫਤਰ ਵਿਚ ਕਲਰਕ ਦੀ ਨੌਕਰੀ ਲੱਭ ਗਈ। ਉਥੇ ਉਸ ਕਲਰਕੀ ਦੇ ਨਾਲੋ-ਨਾਲ ਪੜ੍ਹਾਈ ਵੀ ਟੋਰੀ ਰੱਖੀ। ਉਸ ਨੂੰ ਇਸ ਗੱਲ ਦੀ ਆਸ ਸੀ ਕਿ ਉਹ ਕੁਝ ਚੰਗਾ ਪੜ੍ਹ ਕੇ ਕਿਸੇ ਸਕੂਲ ਵਿਚ ਪੜ੍ਹਾਉਣ ਦੀ ਨੌਕਰੀ ਕਰ ਲਵੇਗਾ। ਦਿਨ ਰਾਤੀਂ ਯਤਨਾਂ ਮਗਰੋਂ ਅਖੀਰ ਇਕ ਸਕੂਲੇ ਨੌਕਰੀ ਲੱਭ ਈ ਗਈ।

ਉਦੋਂ ਇੰਗਲਸਤਾਨ ਦਾ ਰਾਜ ਧਰਤੀ ਦੇ ਕਈ ਦੇਸਾਂ ਉਤੇ ਸੀ। ਬਰੈਡਲਾ ਨੇ ਹਯਾਤੀ ਦੀਆਂ ਔਕੜਾਂ ਦੇਖਣ ਦੇ ਨਾਲੋ-ਨਾਲ ਅੰਗਰੇਜ਼ ਸਰਕਾਰ ਦੇ ਧਰਤੀ ਉਤੇ ਵਧੇਰੇ ਰਾਜ ਪਾਰੋਂ ਖਲਕਤ ਨਾਲ ਵਿਰੋਧਕਾਰੀ ਵੀ ਤੱਕੀ। ਇਸ ਕਾਰਨ ਉਸ ਦੇ ਵਿਚਾਰ ਇੰਗਲਸਤਾਨ ਦੇ ਚਰਚ ਅਤੇ ਬਾਈਬਲ ਤੋਂ ਵੱਖਰੇ ਹੋ ਗਏ। ਉਹ ਕਿਸੇ ਨਾਬਰ ਵਾਂਗੂੰ ਇੰਗਲਸਤਾਨ ਵਿਚ ਪ੍ਰਚੱਲਤ ਸਿਆਸੀ ਤੇ ਧਰਮ ਵਿਹਾਰ ਦੇ ਸਾਹਮਣੇ ਖਲੋ ਗਿਆ। ਇਸੇ ਕਾਰਨ ਉਥੋਂ ਦੇ ਇਕ ਪਾਦਰੀ ਜਾਨ੍ਹ ਗ੍ਰਾਹਮ ਪੈਕਰ ਨੇ ਉਸ ਉਤੇ ਦਹਿਰੀਆ (ਕਾਫਿਰ, ਨਾਸਤਿਕ) ਹੋਵਣ ਦੀ ਇੱਲ ਧਰ ਕੇ ਸਕੂਲੋਂ ਕੱਢਵਾ ਦਿੱਤਾ।

ਸਤਾਰਾਂ ਵਰ੍ਹਿਆਂ ਦੇ ਬਰੈਡਲਾ ਨੇ ਆਪਣੀ ਪਹਿਲੀ ਛਪੀ ਲਿਖਤ 'ਕੁਝ ਅੱਖਰ ਈਸਾਈ ਧਰਮ ਉਤੇ' ਲੋਕਾਂ ਸਾਹਮਣੇ ਧਰੀ। ਜਦੋਂ ਅੰਗਰੇਜ਼ ਸਰਕਾਰ ਨੇ ਆਪਣੇ ਰਾਜ ਦੀ ਸਾਂਭ ਪਾਰੋਂ ਜਵਾਨਾਂ ਨੂੰ ਉਨ੍ਹਾਂ ਦੀ ਮਰਜ਼ੀ ਬਿਨਾ ਫੌਜ ਵਿਚ ਭਰਤੀ ਕਰਨ ਦਾ ਟੋਰਾ ਟੋਰਿਆ, ਬਰੈਡਲਾ ਨੂੰ ਵੀ ਸਤਾਰਵੀਂ ਬਟਾਲੀਅਨ 'ਡਰੈਗਨ ਗਾਰਡਜ਼' ਵਿਚ ਭਰਤੀ ਕਰ ਲਿਆ ਗਿਆ। ਬਰੈਡਲਾ ਨੂੰ ਹਿੰਦੋਸਤਾਨ ਨਾਲ ਖਾਸ ਪਿਆਰ ਸੀ। ਫੌਜ ਵਿਚ ਜਾਵਣ ਮਗਰੋਂ ਇਹ ਵੀ ਆਸ ਸੀ ਕਿ ਉਸ ਨੂੰ ਹਿੰਦੋਸਤਾਨ ਘੱਲਿਆ ਜਾਵੇਗਾ ਪਰ ਉਸ ਨੂੰ ਆਇਰਲੈਂਡ ਦੇ ਸ਼ਹਿਰ ਡਬਲਿਨ ਘੱਲ ਦਿੱਤਾ ਗਿਆ। ਫਿਰ ਰੱਬ ਦੀ ਕਰਨੀ ਕੁਝ ਇਹੋ ਜਿਹੀ ਹੋਈ ਕਿ ਉਸ ਦੀ ਇਕ ਮਾਸੀ ਜਿਹੜੀ ਡਾਢੀ ਧਨਵਾਨ ਸੀ, ਚਲਾਣਾ ਕਰ ਗਈ। ਬਰੈਡਲਾ ਉਸ ਦਾ ਇਕੱਲਾ ਵਾਰਿਸ ਸੀ। ਮੋਈ ਮਾਸੀ ਦੇ ਧਨ ਪਾਰੋਂ ਉਸ ਨੇ ਅੰਗਰੇਜ਼ ਸਰਕਾਰ ਦੀ ਨੌਕਰੀ ਤੋਂ ਜਾਨ ਛੁਡਾ ਲਈ। ਉਹ ਲੰਡਨ ਆਣ ਵਸਿਆ ਅਤੇ ਪਿਉ ਵਾਂਗ ਕਿਸੇ ਲਾਅ ਫਰਮ ਵਿਚ ਕਲਰਕ ਹੋ ਗਿਆ। ਉਸ ਸਮੇਂ ਪ੍ਰਚੱਲਤ ਧਰਮ ਨੂੰ ਨਾ ਮੰਨਣ ਕਾਰਨ ਲੰਡਨ ਸੈਕੂਲਰ ਸੁਸਾਇਟੀ ਦਾ ਮੈਂਬਰ ਬਣਿਆ ਅਤੇ ਸੰਨ 1858 ਵਿਚ ਇਸ ਸੁਸਾਇਟੀ ਦਾ ਸਦਰ ਵੀ ਬਣ ਗਿਆ। ਸੰਨ 1860 ਵਿਚ ਸੈਕੂਲਰ ਅਖਬਾਰ 'ਨੈਸ਼ਨਲ ਰੀਫਾਰਮਰ' ਦਾ ਐਡੀਟਰ ਬਣਿਆ। ਸੰਨ 1866 ਵਿਚ ਉਸ ਨੇ 'ਨੈਸ਼ਨਲ ਸੈਕੂਲਰ ਸੁਸਾਇਟੀ' ਦੀ ਨੀਂਹ ਵੀ ਧਰੀ। ਇਸ ਸਾਰੇ ਟੋਰੇ ਵਿਚ ਉਸ ਦੀਆਂ ਲਿਖਤਾਂ ਸਾਰੇ ਇੰਗਲਸਤਾਨ ਵਿਚ ਪ੍ਰਸਿੱਧ ਹੋ ਗਈਆਂ ਸਨ। ਧਰਮ ਵਿਰੋਧੀ ਹੋਣ ਕਾਰਨ ਉਸ ਨੂੰ ਕਈ ਤਰ੍ਹਾਂ ਦੀਆਂ ਸਰਕਾਰੀ ਔਕੜਾਂ ਵੀ ਦੇਖਣੀਆਂ ਪਈਆਂ। ਸੰਨ 1880 ਵਿਚ ਉਹ ਇੰਗਲਸਤਾਨ ਦੀ ਪਾਰਲੀਮੈਂਟ ਦਾ ਮੈਂਬਰ ਬਣਿਆ ਪਰ ਉਥੇ ਵੀ ਉਸ ਬਾਈਬਲ ਉਤੇ ਹਲਫ ਲੈਣ ਤੋਂ ਨਾਂਹ ਕਰ ਛੱਡੀ। ਉਸ ਦਾ ਆਖਣਾ ਸੀ ਕਿ ਹਲਫ ਲੈਣ ਪਾਰੋਂ ਹੋਰ ਚੱਜ ਅਤੇ ਹੋਰ ਅੱਖਰ ਵੀ ਆਪਣੀ ਥਾਂ ਉਤੇ ਸ਼ੁੱਧ ਅਤੇ ਪੂਰੇ ਨੇ। ਇਸ ਮੁੱਦੇ ਉਤੇ ਅਦਾਲਤ ਟੁਰ ਗਿਆ, ਕੇਸ ਕੀਤਾ ਅਤੇ ਜਿੱਤਿਆ ਵੀ। ਉਹ ਅੰਗਰੇਜ਼ ਸਰਕਾਰ ਦੀ ਧਰਤੀ ਉਤੇ ਰਾਜ ਦੀ ਟੋਰ ਨੂੰ ਵੀ ਨਹੀਂ ਮੰਨਦਾ ਸੀ। ਖਾਸਕਰ ਆਇਰਲੈਂਡ ਅਤੇ ਹਿੰਦੋਸਤਾਨ ਵਿਚ ਅੰਗਰੇਜ਼ ਰਾਜ ਨੂੰ ਭੈੜਾ ਜਾਣਦਾ ਸੀ। ਉਸ ਦੀਆਂ ਇੰਗਲਸਤਾਨ ਵਿਚ ਕਰਤੀਆਂ (ਕੰਮਕਾਰ) ਅਤੇ ਲਿਖਤਾਂ ਦੋਵੇਂ ਹਿੰਦੋਸਤਾਨ ਦੇ ਸੂਝਵਾਨਾਂ ਤੀਕਰ ਅੱਪੜਦੀਆ ਰਹੀਆਂ; ਤੇ ਉਥੋਂ ਦੇ ਕਈ ਲੋਕਾਂ ਨਾਲ ਉਸ ਦਾ ਖਤ ਪੱਤਰ ਵੀ ਟੁਰਦਾ ਰਿਹਾ।

ਇਕ ਵਾਰ ਹਿੰਦੋਸਤਾਨ ਆਇਆ ਤਾਂ ਸਰਕਾਰ ਵਲੋਂ ਰੇਲ ਲਾਈਨ ਪਾਉਣ ਦਾ ਠੇਕਾ ਲੱਭ ਗਿਆ। ਉਨ੍ਹਾਂ ਦਿਹਾੜਾਂ ਵਿਚ ਬਰੈਡਲਾ ਨੇ ਲਾਹੌਰ ਦੇ ਡਾਢੇ ਮਹਿੰਗੇ ਇਲਾਕੇ ਰੈਟੀਗਨ ਰੋਡ ਉਤੇ ਵੱਡੀ ਥਾਂ ਮੁੱਲ ਲਈ ਜਿਸ ਦੇ ਮਹਿੰਗੇ ਹੋਵਣ ਦਾ ਕਾਰਨ ਉਸ ਵੇਲੇ ਕਈ ਅੰਗਰੇਜ਼ ਅਫਸਰਾਂ ਦੇ ਬੰਗਲਿਆਂ ਦਾ ਉਥੇ ਹੋਵਣਾ ਸੀ। ਉਨ੍ਹਾਂ ਬੰਗਲਿਆਂ ਅਤੇ ਕੋਠੀਆਂ ਦੇ ਨਿਸ਼ਾਨ ਅੱਜ ਵੀ ਦਿਸੀਂਦੇ ਨੇ। ਹਿੰਦੋਸਤਾਨ ਵਿਚ ਵੀ ਬਰੈਡਲਾ ਅੰਗਰੇਜ਼ ਸਰਕਾਰ ਦੀਆਂ ਪਾਲਸੀਆਂ ਦੀ ਨਿੰਦਿਆ ਕਰਦਾ ਰਿਹਾ। ਇਸੇ ਕਾਰਨ ਰੇਲ ਲਾਈਨ ਦਾ ਠੇਕਾ ਮੁਕਾ ਦਿੱਤਾ ਗਿਆ ਅਤੇ ਹਿੰਦੋਸਤਾਨ ਦੀ ਧਰਤੀ ਛੱਡਣ ਦਾ ਹੁਕਮ ਵੀ ਦੇ ਦਿੱਤਾ ਗਿਆ। ਸਰ ਚਾਰਲਸ ਬਰੈਡਲਾ ਜਿਸ ਨੇ ਸਾਰੀ ਉਮਰ ਕਾਨੂੰਨ ਦੀ ਹੁਕਮਰਾਨੀ ਦੀ ਗੱਲ ਕੀਤੀ ਸੀ, ਕਾਨੂੰਨ ਦੀਆਂ ਬਾਰੀਕੀਆਂ ਨੂੰ ਵੀ ਚੰਗੀ ਤਰ੍ਹਾਂ ਜਾਣਦਾ ਸੀ। ਉਸ ਨੇ ਸਰਕਾਰ ਦੇ ਆਖਣ ਦਾ ਆਦਰ ਕੀਤਾ ਅਤੇ ਉਚੇਚੀ ਕਿਸ਼ਤੀ ਬਣਵਾਈ ਜਿਸ ਵਿਚ ਖਾਵਣ ਪੀਵਣ ਦੀਆਂ ਸ਼ੈਆਂ ਰੱਖ ਕੇ ਰਾਵੀ ਦਰਿਆ ਵਿਚ ਜਾ ਬੈਠਾ ਅਤੇ ਸਰਕਾਰ ਨੂੰ ਆਖਿਆ ਕਿ ਮੈਂ ਹਿੰਦੋਸਤਾਨ ਦੀ ਜ਼ਮੀਨ ਉਤੇ ਨਹੀਂ। ਇਉਂ ਕਿਸ਼ਤੀ ਵਿਚ ਕਈ ਦਿਹਾੜ ਲੰਘਾਏ। ਫਿਰ ਸਰਕਾਰ ਨੇ ਉਸ ਨੂੰ ਡੌਂਡੀ ਪਿੱਟੀ, ਇੰਗਲਸਤਾਨ ਘੱਲ ਦਿੱਤਾ। ਉਥੇ 30 ਜਨਵਰੀ 1891 ਨੂੰ ਬਰੈਡਲਾ ਚਲਾਣਾ ਕਰ ਗਿਆ। ਪੂਰੀ ਦੁਨੀਆ ਦੀਆਂ ਸੈਕੂਲਰ ਤਨਜ਼ੀਮਾਂ ਨੇ ਉਸ ਦਾ ਦੁੱਖ ਮਨਾਇਆ। ਉਸ ਦੇ ਜਨਾਜ਼ੇ ਵਿਚ ਕਈ ਹਜ਼ਾਰ ਲੋਕ ਸਨ ਜਿਨ੍ਹਾਂ ਵਿਚ 21 ਵਰ੍ਹਿਆਂ ਦਾ ਮੋਹਨ ਦਾਸ ਕਰਮ ਚੰਦ ਗਾਂਧੀ ਵੀ ਸੀ। ਚਾਰਲਸ ਬਰੈਡਲਾ ਦੀ ਕਬਰ ਬਰੁੱਕਵੁੱਡ ਕਬਰਸਤਾਨ ਵਿਚ ਉਸਾਰੀ ਗਈ। ਉਹ ਤਾਂ ਅਗਾਂਹ ਟੁਰ ਗਿਆ ਪਰ ਉਸ ਦੇ ਵਿਚਾਰ ਅਜੇ ਤਾਈਂ ਜਿਉਂਦੇ ਜਾਗਦੇ ਨੇ। ਇਹੀ ਕਾਰਨ ਹੈ ਕਿ ਉਸ ਨਾਲ ਕਈ ਵੱਡੇ ਨਾਵਾਂ ਨੇ ਮੋਢੇ ਨਾਲ ਮੋਢਾ ਜੋੜੀ ਰੱਖਿਆ ਜਿਨ੍ਹਾਂ ਵਿਚ ਜਾਰਜ ਜੈਕਹੌਲਿਕ, ਏਨੀ ਬੈਸਿੰਟ, ਹੈਗੇਟ ਲਾਅ, ਵਿਲੀਅਮ ਐਵਾਰਟ ਗਲੈਡਸਟੋਨ, ਟੀ.ਪੀ.ਓ. ਕਾਰਨਰ ਅਤੇ ਜਾਰਜ ਬਰਨਾਰਡ ਸ਼ਾਅ ਵਰਗੇ ਉਚੇਚ ਜੀਅ ਵੀ ਦਿਸੀਂਦੇ ਨੇ।


ਬਰੈਡਲਾ ਹਾਲ 30 ਅਕਤੂਬਰ 1900 ਨੂੰ ਉਸਾਰਿਆ ਗਿਆ। ਉਸ ਦਿਹਾੜ ਤੋਂ 1947 ਤੀਕਰ ਇਹ ਨਾਬਰੀ ਦਾ ਗੜ੍ਹ ਬਣਿਆ ਰਿਹਾ। ਲਾਹੌਰ ਨੂੰ ਸ਼ਹਿਰਾਂ ਦਾ ਕੁਤਬ ਅਬਦਾਲ ਵੀ ਆਖਿਆ ਜਾਂਦਾ ਏ। ਜਿਹੜੀ ਸ਼ੈਅ ਇਥੋਂ ਟੁਰੀ, ਉਹ ਪੂਰੇ ਹਿੰਦੋਸਤਾਨ ਅਤੇ ਧਰਤੀ ਉਤੇ ਮੰਨੀ ਗਈ। ਨਾਬਰੀ ਦਾ ਇਹ ਦੀਵਾ ਇਉਂ ਦਾ ਇਥੇ ਜਗਿਆ ਜਿਸ ਦੀ ਰੌਸ਼ਨਾਈ ਪੂਰੇ ਹਿੰਦੋਸਤਾਨ ਵਿਚ ਹੋਈ। ਇਸ ਹਾਲ ਨਾਲ ਕਈ ਵੱਡੇ ਅਤੇ ਉਚੇਚ ਲੋਕ ਜੁੜੇ ਰਹੇ। ਇਸ ਹਾਲ ਦੀ ਖਾਸ ਜਾਣਕਾਰੀ ਲਿਆਉਣ ਪਾਰੋਂ ਸਾਨੂੰ ਉਨ੍ਹਾਂ ਵਿਚੋਂ ਕੁਝ ਬੰਦਿਆਂ ਦੀ ਹਯਾਤੀ ਉਤੇ ਮਾੜੀ ਜਿਹੀ ਝਾਤ ਵੀ ਮਾਰਨੀ ਪਏਗੀ।

ਚਾਰਲਸ ਬਰੈਡਲਾ ਦੇ ਇੰਗਲਸਤਾਨ ਟੁਰ ਜਾਵਣ ਮਗਰੋਂ ਇਸ ਹਾਲ ਦੀ ਉਸਾਰੀ ਹੋਈ ਜਿਸ ਦੀ ਮੁਖ ਵਿਖਾਲੀ ਸੁਰੇਂਦਰ ਨਾਥ ਬੈਨਰਜੀ ਦੇ ਹੱਥੋਂ ਹੋਈ। ਮੁਖ ਵਿਖਾਲੀ ਦੇ ਨਾਂ ਦੀ ਇਹ ਤਖਤੀ ਅੱਜ ਵੀ ਹਾਲ ਦੀ ਪੂਰਬੀ ਸੇਧ ਦੇ ਬੂਹੇ ਦੀ ਕੰਧ ਨਾਲ ਗੱਡੀ ਹੋਈ ਹੈ। ਸੁਰੇਂਦਰ ਨਾਥ ਬੈਨਰਜੀ ਦਾ ਜਨਮ 10 ਨਵੰਬਰ 1841 ਨੂੰ ਕਲਕੱਤੇ ਇਕ ਬ੍ਰਾਹਮਣ ਪਰਿਵਾਰ ਵਿਚ ਹੋਇਆ। ਯੂਨੀਵਰਸਿਟੀ ਔਫ ਕਲਕੱਤਾ ਤੋਂ ਗ੍ਰੈਜੂਏਸ਼ਨ ਕੀਤੀ, ਫਿਰ ਰੁਮੇਸ਼ ਚੰਦਰ ਦੱਤ ਅਤੇ ਬਿਹਾਰੀ ਲਾਲ ਗੁਪਤਾ ਦੇ ਨਾਲ ਇੰਗਲਸਤਾਨ ਟੁਰ ਗਿਆ। ਉਥੇ ਅਸਿਸਟੈਂਟ ਮੈਜਿਸਟਰੇਟੀ ਕੀਤੀ ਅਤੇ ਕਈ ਫਿਲਾਸਫੀਆਂ ਪੜ੍ਹਿਆ। 1875 ਨੂੰ ਹਿੰਦੋਸਤਾਨ ਪਰਤਿਆ ਅਤੇ 26 ਜਨਵਰੀ 1876 ਨੂੰ ਆਨੰਦ ਮੋਹਨ ਦੇ ਨਾਲ ਰਲ ਕੇ ਇੰਡੀਅਨ ਨੈਸ਼ਨਲ ਐਸੋਸੀਏਸ਼ਨ ਬਣਾਈ। ਇਸੇ ਤੋਂ ਉਸ ਨੂੰ ਅੰਗਰੇਜ਼ ਰਾਜ ਵਿਚ ਨਵੇਂ ਚੱਜ ਦੀ ਸਿਆਸਤ ਦੇ ਮੋਢੀਆਂ ਵਿਚ ਗਿਣਿਆ ਜਾਂਦਾ ਏ। 1879 ਵਿਚ 'ਦਿ ਬੰਗਾਲੀ' ਦੇ ਨਾਂ ਤੋਂ ਅਖਬਾਰ ਕੱਢਿਆ। 1883 ਵਿਚ ਉਸ ਦੇ ਅਖਬਾਰ ਦੀ ਇਕ ਸੁਰਖੀ 'ਇੰਨ ਕੰਟੈਪਟ ਆਫ ਕੋਰਟ' ਦੇ ਸਿਰਨਾਵੇਂ ਤੋਂ ਛਪੀ ਜਿਸ ਮਗਰੋਂ ਸਰਕਾਰ ਦੇ ਹੁਕਮ ਤਾਈਂ ਉਸ ਨੂੰ ਫੜਿਆ ਗਿਆ। ਫਿਰ ਪੂਰੇ ਹਿੰਦੋਸਤਾਨ ਵਿਚ ਰੌਲਾ ਪੈ ਗਿਆ। 1885 ਵਿਚ ਜਦੋਂ ਇੰਡੀਅਨ ਨੈਸ਼ਨਲ ਕਾਂਗਰਸ ਬਣੀ ਤਾਂ ਬੈਨਰਜੀ ਦੀ ਇੰਡੀਅਨ ਨੈਸ਼ਨਲ ਐਸੋਸੀਏਸ਼ਨ ਨੂੰ ਇਸ ਵਿਚ ਰਲਾ ਦਿੱਤਾ ਗਿਆ। ਉਸ ਨੂੰ 1895 ਵਿਚ ਪੂਨਾ ਅਤੇ 1902 ਵਿਚ ਅਹਿਮਦਾਬਾਦ ਵਿਚ ਕਾਂਗਰਸ ਦਾ ਸਦਰ ਮਿਥਿਆ ਗਿਆ। ਬੈਨਰਜੀ 6 ਅਗਸਤ 1925 ਨੂੰ ਚਲਾਣਾ ਕਰ ਗਿਆ।

ਬਰੈਡਲਾ ਹਾਲ ਦੀ ਉਸਾਰੀ ਮਗਰੋਂ ਉਥੇ ਉਸ ਸਮੇਂ ਦੇ ਸੂਝਵਾਨਾਂ ਅਤੇ ਅੰਗਰੇਜ਼ ਸਰਕਾਰ ਨੂੰ ਨਾ ਮੰਨਣ ਵਾਲੇ ਲੋਕਾਂ ਦੇ ਇਕੱਠ ਟੁਰ ਪਏ। ਨਾਬਰੀ ਦੇ ਇਸ ਟੋਰੇ ਵਿਚ ਇਥੇ ਨੈਸ਼ਨਲ ਕਾਲਜ ਉਸਾਰਿਆ ਗਿਆ ਜਿਹੜਾ ਖਾਸ ਉਨ੍ਹਾਂ ਪੜ੍ਹਿਆਰਾਂ (ਵਿਦਿਆਰਥੀਆਂ) ਲਈ ਸੀ ਜਿਹੜੇ ਅੰਗਰੇਜ਼ ਸਰਕਾਰ ਦੇ ਕਾਲਜਾਂ ਵਿਚ ਨਹੀਂ ਪੜ੍ਹਨਾ ਚਾਹੁੰਦੇ ਸਨ। ਇਸੇ ਕਾਲਜ ਦੇ ਕਾਰਨ ਬਰੈਡਲਾ ਹਾਲ ਨਾਲ ਲਾਲਾ ਲਾਜਪਤ ਰਾਏ ਵੀ ਜੁੜਿਆ ਰਿਹਾ। ਲਾਲਾ ਜੀ ਦਾ ਜਨਮ 28 ਜਨਵਰੀ 1865 ਨੂੰ ਜ਼ਿਲ੍ਹਾ ਮੋਗਾ ਦੇ ਪਿੰਡ ਢੁੱਡੀਕੇ ਵਿਚ ਹੋਇਆ। ਉਸ ਦੇ ਪਿਉ ਦਾ ਨਾਂ ਰਾਧਾ ਕ੍ਰਿਸ਼ਨ ਅਤੇ ਅੰਮਾ ਦਾ ਨਾਂ ਗੁਲਾਬ ਦੇਵੀ ਸੀ। ਰਾਧਾ ਕ੍ਰਿਸ਼ਨ ਉਰਦੂ ਦਾ ਉਸਤਾਦ ਸੀ। ਸੰਨ 1880 ਵਿਚ ਲਾਲਾ ਲਾਜਪਤ ਰਾਏ ਨੇ ਗੌਰਮਿੰਟ ਕਾਲਜ ਲਾਹੌਰ ਤੋਂ ਕਾਨੂੰਨ ਦੀ ਡਿਗਰੀ ਲਈ। ਉਸ ਪਹਿਲੀ ਵੱਡੀ ਲਾਮ (ਸੰਸਾਰ ਜੰਗ) ਵੇਲੇ ਅਮਰੀਕਾ ਦਾ ਪੰਧ ਵੀ ਕੱਟਿਆ। ਕਈ ਸੂਝਵਾਨ ਤਨਜ਼ੀਮਾਂ ਅਤੇ ਧੜਿਆਂ ਦੇ ਲੋਕਾਂ ਨੂੰ ਮਿਲਿਆ। ਸੰਨ 1919 ਵਿਚ ਹਿੰਦੋਸਤਾਨ ਪਰਤਿਆ। ਕਾਂਗਰਸ ਦੇ ਆਖਣ 'ਤੇ ਤਹਿਰੀਕ ਟੁਰੀ- ਸਿਵਲ ਨਾਫੁਰਮਾਨੀ ਦੀ ਤਹਿਰੀਕ। ਉਹ ਇਸ ਵਿਚ ਵੀ ਅਗਾਂਹ-ਅਗਾਂਹ ਸੀ। ਸੰਨ 1921 ਤੋਂ ਲੈ ਕੇ 1923 ਤੀਕਰ ਇਸੇ ਕਾਰਨ ਜੇਲ੍ਹ ਵੀ ਕੱਟੀ। ਸੰਨ 1927 ਵਿਚ ਉਸ ਦੇ ਅੰਮਾ ਹੋਰੀਂ ਟੀ.ਬੀ. ਪਾਰੋਂ ਚਲਾਣਾ ਕਰ ਗਏ। ਫਿਰ ਲਾਲਾ ਜੀ ਨੇ ਹਸਪਤਾਲ ਪਾਰੋਂ ਇਕ ਟਰਸਟ ਉਸਾਰਿਆ ਗੁਲਾਬ ਦੇਵੀ ਹੋਰਾਂ ਦੇ ਨਾਂ ਉਤੇ। ਤੇ ਇਸ ਟਰਸਟ ਨੇ ਸੰਨ 1927 ਵਿਚ ਲਾਹੌਰ ਵਿਚ ਫਿਰੋਜ਼ਪੁਰ ਰੋਡ ਉਤ ਜ਼ਨਾਨੀਆਂ ਲਈ ਹਸਪਤਾਲ

(ਬਾਕੀ ਅਗਲੇ ਸਫੇ 'ਤੇ)









ਖੱਬਿਓਂ: ਮਲਿਕ ਬਰਕਤ ਅਲੀ, ਅਲਾਮਾ ਇਕਬਾਲ ਅਤੇ ਮੌਲਾਨਾ ਜ਼ਫਰ ਅਲੀ ਖਾਨ। ਇਨ੍ਹਾਂ ਅਤੇ ਹੋਰ ਅਨੇਕ ਹਸਤੀਆਂ ਨੇ ਵੱਖ-ਵੱਖ ਸਮਿਆਂ ਦੌਰਾਨ ਬਰੈਡਲਾ ਹਾਲ ਵਿਚ ਲੈਕਚਰ ਕੀਤੇ।

ਉਸਾਰਿਆ ਜਿਹੜਾ ਅਜੇ ਤਾਈਂ ਖਲਕਤ ਦੀ ਸੇਵਾ ਕਰ ਰਿਹਾ ਹੈ। ਲਾਲਾ ਲਾਜਪਤ ਰਾਏ ਸਮਾਜੀ ਕੰਮਾਂ ਵਿਚ ਪ੍ਰਧਾਨ ਰਹਿੰਦਾ ਸੀ। ਜਦੋਂ ਬਾਦਸ਼ਾਹੀ ਮਸੀਤ ਦੀ ਨਵੇਂ ਸਿਰਿਉਂ ਉਸਾਰੀ ਦਾ ਵੇਲਾ ਆਇਆ ਤਾਂ ਉਹ ਚੰਦਾ ਦੇਵਣ ਵਾਲਿਆਂ ਵਿਚ ਇੱਡੇ ਖੁਲ੍ਹੇ ਮਨ ਦਾ ਸੀ ਕਿ ਇਕੱਲੇ ਜੀਅ ਦੀ ਗਿਣਤੀ ਵਿਚ ਉਸ ਦਾ ਚੰਦਾ ਸਭ ਤੋਂ ਜ਼ਿਆਦਾ ਸੀ। ਸੰਨ 1928 ਵਿਚ ਸਰ ਜਾਹਨ ਸਾਈਮਨ ਦੀ ਅਗਵਾਈ ਵਿਚ ਕਮਿਸ਼ਨ ਬਣਿਆ। ਇਸ ਕਮਿਸ਼ਨ ਨੂੰ ਨਾ ਮੰਨਦਿਆਂ ਹੋਇਆਂ ਇਸ ਹਾਲ ਵਿਚ ਸਿਆਸਤ ਦਾ ਨਵਾਂ ਟੋਰਾ ਟੁਰਿਆ। ਪੂਰੇ ਹਿੰਦੋਸਤਾਨ ਤੋਂ ਆਗੂ ਇਕੱਠੇ ਹੁੰਦੇ ਰਹੇ। ਉਨ੍ਹਾਂ ਦੀ ਮੇਜ਼ਮਾਨੀ ਲਾਲਾ ਜੀ ਦੇ ਨਾਲੋ-ਨਾਲ ਮੌਲਾਨਾ ਜ਼ਫਰ ਅਲੀ ਖਾਨ ਤੇ ਸੱਯਦ ਅਤਾਉਲਾ ਸ਼ਾਹ ਬੁਖਾਰੀ ਕਰਦੇ ਰਹੇ। ਲਾਲਾ ਜੀ ਨੇ 30 ਅਕਤੂਬਰ 1928 ਨੂੰ ਸਾਈਮਨ ਕਮਿਸ਼ਨ ਦੀ ਨਿੰਦਿਆ ਵਿਚ ਅਮਨ ਸ਼ਾਂਤੀ ਨਾਲ ਮਾਰਚ ਕੀਤਾ ਪਰ ਐੱਸ.ਪੀ. ਜੇਮਜ਼ ਏ. ਸਕਾਟ ਜਿਹੜਾ ਲਾਲਾ ਜੀ ਨਾਲ ਗੁੱਝਾ ਵੈਰ ਰੱਖਦਾ ਸੀ, ਨੇ ਉਥੇ ਲਾਠੀਚਾਰਜ ਕਰਾਇਆ ਅਤੇ ਲਾਲਾ ਜੀ ਨੂੰ ਖਾਸ ਨਿਸ਼ਾਨਾ ਬਣਾਇਆ। ਉੱਥੇ ਉਸ ਨੂੰ ਇਹੋ ਜਿਹੀਆਂ ਗੁੱਝੀਆਂ ਸੱਟਾਂ ਲੱਗੀਆਂ ਕਿ 27 ਨਵੰਬਰ 1928 ਨੂੰ ਚਲਾਣਾ ਕਰ ਗਿਆ। ਲਾਲਾ ਜੀ ਦੀ ਇਸ ਮੌਤ ਨਾਲ ਭਗਤ ਸਿੰਘ ਦਾ ਪਾਤਰ ਖੁੱਲ੍ਹ ਕੇ ਇੰਜ ਦਾ ਸਾਹਮਣੇ ਆਇਆ ਕਿ ਪੂਰੀ ਦੁਨੀਆ ਵਿਚ ਜਾਣਿਆ ਮਾਨਿਆ ਗਿਆ। ਲਾਲਾ ਜੀ ਦਾ ਬੁੱਤ ਲਾਹੌਰ ਵਿਚ 'ਓਲਡ ਬੈਂਡ ਸਟੈਂਡ ਗਾਰਡਨ' ਜਿਹੜਾ ਗੋਲ ਬਾਗ ਦੇ ਨਾਂ ਤੋਂ ਜਾਣਿਆ ਮਾਨਿਆ ਸੀ ਜਿਸ ਨੂੰ ਹੁਣ ਨਾਸਿਰ ਬਾਗ ਆਖਿਆ ਜਾਂਦਾ ਹੈ, ਇਸ ਦੀ ਭੰਗੀਆਂ ਵਾਲੀ ਤੋਪ ਦੇ ਬੂਹੇ ਦੇ ਨਾਲ ਗੱਡਿਆ ਗਿਆ ਪਰ ਵੰਡ ਮਗਰੋਂ ਉਹਨੂੰ ਲਾਹੌਰੋਂ ਸ਼ਿਮਲਾ ਖੜਿਆ ਗਿਆ, ਜਿੱਧਰ ਉਹ ਉਥੋਂ ਦੇ ਸੈਂਟਰਲ ਸੁਕਏਅਰ ਵਿਚ ਖੜ੍ਹਾ ਦਿਸਦਾ ਏ। ਲਾਲਾ ਜੀ ਦੇ ਪੁੰਨ ਦੇ ਕੰਮਾਂ ਕਾਰਨ ਅੱਜ ਵੀ ਧਰਮਪੁਰਾ ਵਿਚ ਕੁਝ ਗਲੀਆਂ ਲਾਜਪਤ ਰਾਏ ਸਟਰੀਟ ਦੇ ਨਾਵਾਂ 'ਤੇ ਲੱਭਦੀਆਂ ਨੇ ਅਤੇ ਸ਼ਾਹਦਰੇ ਵਿਚ ਇਕ ਬਸਤੀ ਲਾਜਪਤ ਨਗਰ ਦੇ ਨਾਂ ਤੋਂ ਹੈ।

ਬਰੈਡਲਾ ਹਾਲ ਵਿਚ ਅੰਗਰੇਜ਼ ਸਰਕਾਰ ਦੇ ਸਾਹਮਣੇ ਖਲੋਣ ਵਾਲੀਆਂ ਕਈ ਨਾਬਰ ਤਨਜ਼ੀਮਾਂ ਦੇ ਇਕੱਠ ਹੁੰਦੇ ਰਹੇ ਜਿਨ੍ਹਾਂ ਵਿਚ ਗਦਰ ਤਹਿਰੀਕ, ਕਿਸਾਨ ਤਹਿਰੀਕ, ਪਗੜੀ ਸੰਭਾਲ ਓ ਜੱਟਾ, ਨੌਜਵਾਨ ਭਾਰਤ ਸਭਾ ਦੇ ਨਾਂ ਉਚੇਰੇ (ਉਘੜਵੇਂ) ਨੇ। 1920 ਵਿਚ ਇਸ ਹਾਲ ਵਿਚ ਆਲ ਇੰਡੀਆ ਕਮਿਊਨਿਸਟ ਪਾਰਟੀ ਦੇ ਮੋਢੀ ਐਮ.ਐਨ. ਰਾਏ ਨੇ ਹਿੰਦੋਸਤਾਨ ਦੀ ਆਜ਼ਾਦੀ ਦੇ ਹੱਕ ਵਿਚ ਇਹੋ ਜਿਹੀ ਤਕਰੀਰ ਕੀਤੀ ਜਿਸ ਦੀ ਆਵਾਜ਼ ਪੂਰੇ ਹਿੰਦੋਸਤਾਨ ਵਿਚ ਗੂੰਜੀ। ਇਸੇ ਹਾਲ ਵਿਚ ਦੁਨੀਆ ਨੇ ਜਵਾਹਰ ਲਾਲ ਨਹਿਰੂ, ਹਿਰੇਨ ਮੁਕਰਜੀ, ਡਾਕਟਰ ਮੁਹੰਮਦ ਅਸ਼ਰਫ, ਮੀਆਂ ਇਫਤਖਾਰ-ਉਦ-ਦੀਨ, ਡਾ. ਸੈਫ-ਉਦ-ਦੀਨ ਕਿਚਲੂ ਦੇ ਨਾਅਰਿਆਂ ਦੇ ਨਾਲ-ਨਾਲ ਜੋਸ਼ ਮਲੀਹਾਬਾਦੀ ਦੀ ਕਵਿਤਾ ਵੀ ਸੁਣੀ। ਇਸੇ ਹਾਲ ਦੀ ਸਿਆਸਤ ਤੋਂ ਇੰਦਰ ਕੁਮਾਰ ਗੁਜਰਾਲ ਨੇ ਸਿਆਸਤ ਸਿੱਖੀ ਅਤੇ ਆਪਣੀ ਸਟੂਡੈਂਟ ਯੂਨੀਅਨ ਬਣਾਈ। ਅਗਦੋਂ ਇੰਦਰ ਕੁਮਾਰ ਗੁਜਰਾਲ ਹਿੰਦੋਸਤਾਨ ਦਾ ਵਜ਼ੀਰੇ-ਏ-ਆਜ਼ਮ ਬਣਿਆ।

ਹੁਣ ਇਕ ਝਾਤ ਨੈਸ਼ਨਲ ਕਾਲਜ ਅਤੇ ਬਰੈਡਲਾ ਹਾਲ ਨਾਲ ਜੁੜੇ ਇਕ ਮੁੱਖ ਪਾਤਰ ਭਗਤ ਸਿੰਘ ਉਤੇ ਪਾਉਂਦੇ ਹਾਂ ਜਿਸ ਦਾ ਜਨਮ 28 ਸਤੰਬਰ 1907 ਨੂੰ ਜੜ੍ਹਾਂਵਾਲਾ ਪੰਜਾਬ ਵਿਚ ਹੋਇਆ। ਉਸ ਦੇ ਪਿਉ ਦਾ ਨਾਂ ਕਿਸ਼ਨ ਸਿੰਘ ਅਤੇ ਮਾਂ ਦਾ ਨਾਂ ਵਿੱਦਿਆਵਤੀ ਸੀ। ਪਿਛੋਕੜ ਵਿਚ ਉਸ ਦੇ ਵਡਿੱਕੇ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਦੱਸੀਂਦੇ ਨੇ। ਉਸ ਦਾ ਦਾਦਾ ਅਰਜਨ ਸਿੰਘ ਪ੍ਰਸਿੱਧ ਗਿਆਨੀ, ਸਵਾਮੀ ਦਯਾਨੰਦ ਦਾ ਭਗਤ ਸੀ। ਇਸ ਦੇ ਨਾਲੋ-ਨਾਲ ਉਹ ਹਿੰਦੂ ਸੁਧਾਰਕ ਤਹਿਰੀਕ ਆਰੀਆ ਸਮਾਜ ਵਿਚ ਵੀ ਸੀ। ਭਗਤ ਸਿੰਘ ਦਾ ਪਿਉ ਅਤੇ ਚਾਚਾ ਅਜੀਤ ਸਿੰਘ ਗਦਰ ਪਾਰਟੀ ਦੇ ਹਮਾਇਤੀ ਸਨ ਜਿਸ ਦੀ ਅਗਵਾਈ ਕਰਤਾਰ ਸਿੰਘ ਸਰਾਭਾ ਅਤੇ ਲਾਲਾ ਹਰਦਿਆਲ ਦੇ ਹੱਥ ਸੀ। ਰੀਤੀਆਂ ਵਿਚ ਇਹ ਗੱਲ ਵੀ ਲੱਭਦੀ ਏ ਕਿ ਜਿਸ ਦਿਹਾੜ ਭਗਤ ਸਿੰਘ ਦਾ ਜਨਮ ਹੋਇਆ ਸੀ, ਉਸੇ ਦਿਹਾੜ ਉਸ ਦੇ ਬਾਪੂ ਤੇ ਚਾਚਾ, ਦੋਵੇਂ ਜੇਲ੍ਹ ਤੋਂ ਛੁੱਟ ਕੇ ਆਏ ਸਨ। 1922 ਵਿਚ ਭਗਤ ਸਿੰਘ ਨੂੰ ਉਸ ਦਾ ਚਾਚਾ ਅਜੀਤ ਸਿੰਘ ਨੈਸ਼ਨਲ ਕਾਲਜ ਲਾਹੌਰ ਲੈ ਆਇਆ। 1922 ਤੋਂ 1926 ਤੀਕਰ ਭਗਤ ਸਿੰਘ ਉਸੇ ਕਾਲਜ ਵਿਚ ਪੜ੍ਹਿਆ। ਇੱਥੇ ਉਹਨੂੰ ਗੁਲਾਮ ਹੁਸੈਨ ਕੋਲੋਂ ਮਾਰਕਸੀ ਮੱਤ ਲੱਭੀ ਜਿਹੜਾ ਲਾਹੌਰ ਦੇ ਗਿਣਤੀ ਦੇ ਉਨ੍ਹਾਂ ਬੰਦਿਆਂ ਵਿਚੋਂ ਇਕ ਸੀ ਜਿਸ ਨੂੰ ਮਾਰਕਸ ਅਤੇ ਸੋਸ਼ਲਿਜ਼ਮ ਬਾਰੇ ਭਰਵੀਂ ਜਾਣਕਾਰੀ ਸੀ। ਇਹ ਵੀ ਆਖਿਆ ਜਾਂਦਾ ਏ ਕਿ ਉਸ ਨੇ ਦੋ ਪਰਚੇ ਉਰਦੂ ਅਤੇ ਅੰਗਰੇਜ਼ੀ ਵਿਚ ਸੋਸ਼ਲਿਜ਼ਮ ਉਤੇ ਵੀ ਕੱਢੇ। ਉਨ੍ਹਾਂ ਦਾ ਵੇਰਵਾ ਭਗਤ ਸਿੰਘ ਉਤੇ ਖੋਜ ਕਰਨ ਵਾਲੇ ਰਾਮਪਾਲ ਨੇ ਵੀ ਆਪਣੀਆਂ ਲਿਖਤਾਂ ਵਿਚ ਕੀਤਾ ਹੈ। ਗੁਲਾਮ ਹੁਸੈਨ ਸਰਕਾਰ ਦੀਆਂ ਬਾਂਧਾਂ ਮਗਰੋਂ ਨੁੱਕਰੇ ਲੱਗ ਗਿਆ ਅਤੇ ਅਖੀਰਲੇ ਸਾਹ ਤੱਕ ਇਸਲਾਮੀਆ ਕਾਲਜ ਰੇਲਵੇ ਰੋਡ ਵਿਚ ਪੜ੍ਹਾਉਂਦਾ ਰਿਹਾ। ਇਸ ਤੋਂ ਵੱਡੀ ਕਿਹੜੀ ਗੱਲ ਹੋਵੇਗੀ ਕਿ ਉਸ ਦੀ ਪਛਾਣ ਭਗਤ ਸਿੰਘ ਦੇ ਉਸਤਾਦ ਅਤੇ ਮਾਰਕਸੀ ਮੱਤ ਵਾਲੇ ਜੀਅ ਦੀ ਥਾਂ ਕ੍ਰਿਕਟਰ ਫਜ਼ਲ ਮਹਿਮੂਦ ਦਾ ਪਿਉ ਹੋਣਾ ਬਣੀ।

ਲਾਲਾ ਜੀ ਦੀ ਮੌਤ ਮਗਰੋਂ ਭਗਤ ਸਿੰਘ ਨੇ ਆਪਣੇ ਢੰਗ ਨਾਲ ਹਿੰਦੋਸਤਾਨ ਦੇ ਲੋਕਾਂ ਦੀ ਆਵਾਜ਼ ਚੁੱਕੀ ਜਿਸ ਨੂੰ ਗਾਂਧੀ ਜੀ ਨੇ ਚੰਗਾ ਨਾ ਮੰਨਿਆ। ਭਗਤ ਸਿੰਘ, ਸ਼ਿਵ ਰਾਮ ਰਾਜਗੁਰੂ, ਸੁਖਦੇਵ ਥਾਪਰ, ਚੰਦਰ ਸ਼ੇਖਰ ਆਜ਼ਾਦ ਤੇ ਯਸ਼ਪਾਲ ਨੈਸ਼ਨਲ ਕਾਲਜ ਦੀ ਪਛਾਣ ਬਣੇ। ਭਗਤ ਸਿੰਘ ਨੇ ਆਪਣੇ ਸੰਗੀਆਂ ਨਾਲ ਸਕਾਟ ਨੂੰ ਕਤਲ ਕਰਨ ਦਾ ਮੁੱਦਾ ਚੁੱਕਿਆ। ਇਸ ਮਗਰੋਂ ਭਗਤ ਸਿੰਘ ਦੇ ਜੇਲ੍ਹ ਤੀਕਰ ਜਾਣ ਦੀ ਲੰਮੀ ਵਾਰ ਹੈ ਜਿਸ ਨੂੰ ਜੇ 'ਭਗਤ ਸਿੰਘ ਦੀ ਵਾਰ' ਆਖਿਆ ਜਾਵੇ ਤਾਂ ਕੋਈ ਉਚੇਚੀ ਗੱਲ ਨਾ ਹੋਵੇਗੀ। ਭਗਤ ਸਿੰਘ ਉਤੇ ਮੁਕੱਦਮੇ ਮਗਰੋਂ ਬਰੈਡਲਾ ਹਾਲ ਵਿਚ ਸਿਆਸਤ ਦਾ (ਅਜਿਹਾ) ਮੱਚ ਮੱਚਿਆ ਜਿਹਦੀ ਨਿੱਘ ਪੂਰੇ ਹਿੰਦੋਸਤਾਨ ਵਿਚ ਹੋਈ। ਇਸ ਮੁਕੱਦਮੇ ਦੇ ਟੋਰੇ ਵਿਚ ਭਗਤ ਸਿੰਘ ਦੀ ਪਾਰਟੀ ਨੌਜਵਾਨ ਭਾਰਤ ਸਭਾ ਦੇ ਉਚੇਚੇ ਮੈਂਬਰ ਸ਼ਰੀਫ ਮਤੀਨ ਨੇ ਇਕ ਕੈਂਪ ਬਰੈਡਲਾ ਹਾਲ ਦੇ ਬਾਹਰ ਖੁੱਲ੍ਹੇ ਮੈਦਾਨ ਵਿਚ ਵੀ ਲਾਇਆ ਜਿਸ ਵਿਚ ਭਗਤ ਸਿੰਘ ਦੇ ਘਰਵਾਲੇ ਵੀ ਮੰਜੀਆਂ ਡਾਹ ਕੇ ਉਥੇ ਬੈਠੇ ਰਹੇ ਤੇ ਆਉਂਦੇ ਜਾਂਦੇ ਲੋਕਾਂ ਨੂੰ ਮੁਕੱਦਮੇ, ਨਾਬਰੀ ਅਤੇ ਅੰਗਰੇਜ਼ ਸਰਕਾਰ ਦੇ ਜ਼ੁਲਮਾਂ ਦੀ ਜਾਣਕਾਰੀ ਦਿੰਦੇ ਰਹੇ। ਸਰਕਾਰ ਨੇ ਉਨ੍ਹਾਂ ਉਤੇ ਨਿਗਾਹ ਰੱਖਣ ਪਾਰੋਂ ਪੁਲਿਸ ਚੌਕੀ ਵੀ ਰੈਟੀਗਨ ਰੋਡ ਉਤੇ ਉਸਾਰੀ। ਨਾਬਰੀ ਨੂੰ ਕਦੇ ਕੋਈ ਡੱਕ ਨਾ ਸਕਿਆ ਤੇ ਨਾਹੀਉਂ ਉਦੋਂ ਦੀ ਸਰਕਾਰ ਡੱਕ ਸਕੀ। 23 ਵਰ੍ਹਿਆਂ ਦੇ ਭਗਤ ਸਿੰਘ ਨੂੰ 23 ਮਾਰਚ 1931 ਨੂੰ ਫਾਂਸੀ ਚਾੜ੍ਹ ਦਿੱਤਾ ਗਿਆ। ਦੁੱਲੇ ਭੱਟੀ ਨੂੰ ਵੀ ਅਕਬਰ ਫਾਂਸੀ ਚਾੜ੍ਹਿਆ ਸੀ ਪਰ ਨਾਬਰੀ ਦੇ ਇਹ ਸੂਰੇ ਅੱਜ ਵੀ ਜਿਊਂਦੇ ਜਾਗਦੇ ਨੇ। ਦੁੱਲੇ ਦੀਆਂ ਵਾਰਾਂ ਗਾਵੀਆਂ ਜਾਂਦੀਆਂ ਨੇ, ਤੇ ਦੂਜੇ ਪਾਸੇ ਜਦੋਂ 2008 ਵਿਚ ਹਿੰਦੋਸਤਾਨੀ ਮੈਗਜ਼ੀਨ 'ਇੰਡੀਆ ਟੂਡੇ' ਨੇ ਸਭ ਤੋਂ ਉਚੀ ਸ਼ਾਨ ਵਾਲੇ ਹਿੰਦੋਸਤਾਨੀ ਬਾਰੇ ਗਿਣਤੀ ਕਰਵਾਈ ਤਾਂ ਹਰ ਜੀਅ ਤੋਂ ਵੱਧ ਗਿਣਤੀ ਭਗਤ ਸਿੰਘ ਦੇ ਨਾਵੇਂ ਲੱਗੀ। ਇਸ ਗਿਣਤੀ ਵਿਚ ਸੁਭਾਸ਼ ਚੰਦਰ ਬੋਸ ਅਤੇ ਗਾਂਧੀ ਜੀ ਵਰਗੇ ਵੱਡੇ ਨਾਂ ਵੀ ਪਿੱਛੇ ਰਹਿ ਗਏ।

ਬਰੈਡਲਾ ਹਾਲ ਦਾ ਮੱਥਾ (ਖੱਬੇ) ਅਤੇ (ਸੱਜੇ) ਖੱਬੀ ਬਾਹੀ ਤੋਂ ਦਿਸਦਾ ਬਰੈਡਲਾ ਹਾਲ।

ਚਾਰਲਸ ਬਰੈਡਲਾ ਹਾਲ ਦੀ ਧੁੰਮ ਹਿੰਦੋਸਤਾਨ ਤੋਂ ਅੱਡ ਇੰਗਲਸਤਾਨ ਤੀਕਰ ਸੀ। ਆਜ਼ਾਦੀ, ਲੋਕ ਵਿਚਾਰ ਅਤੇ ਨਾਬਰੀ ਦੀ ਇਸ ਨਿਸ਼ਾਨੀ ਅਤੇ ਇਸ ਦੀ ਵਾਰ, ਕਰਤਿਆਂ, ਬੰਦਿਆਂ ਨੂੰ ਜਿਵੇਂ ਮੁੱਢੋਂ ਪੁੱਟ ਕੇ ਅਸਾਂ ਭੁਲਾਇਆ, ਰਹੇ ਰੱਬ ਦਾ ਨਾਂ। ਵੰਡ ਮਗਰੋਂ ਪਹਿਲਾਂ ਇੱਥੇ ਰਾਸ਼ਨ ਦਾ ਸਟੋਰ ਬਣਾਇਆ ਗਿਆ। ਇਸ ਮਗਰੋਂ 1980 ਤੀਕਰ ਇਹ ਹਾਲ ਸਟੀਲ ਮਿੱਲ ਬਣਿਆ ਰਿਹਾ ਪਰ ਨਾਬਰੀ ਦੇ ਪਰਛਾਵੇਂ ਇਸ ਹਾਲ ਦੇ ਆਲੇ-ਦੁਆਲੇ ਹੀ ਰਹੇ। ਜਨਰਲ ਯਾਹੀਆ ਖਾਨ ਦੇ ਵੇਲੇ ਗੌਰਮਿੰਟ ਇਸਲਾਮੀਆ ਕਾਲਜ ਸਿਵਲ ਲਾਈਨਜ਼ ਲਾਹੌਰ ਤੋਂ ਚਾਰ ਵੱਡੇ ਸੂਝਵਾਨ ਤੇ ਉਸਤਾਦ ਕੱਢੇ ਗਏ ਅਤੇ ਉਨ੍ਹਾਂ ਉਤੇ ਦੇਸ-ਵਿਰੋਧੀ ਹੋਵਣ ਦਾ ਦੋਸ਼ ਧਰਿਆ ਗਿਆ। ਉਹ ਚਾਰੇ ਉਸਤਾਦ ਪ੍ਰੋਫੈਸਰ ਐਰਿਕ ਸਪਰੀਨ, ਪ੍ਰੋਫੈਸਰ ਮਨਜ਼ੂਰ, ਪ੍ਰੋਫੈਸਰ ਅਮੀਨ ਮੁਗਲ ਤੇ ਪ੍ਰੋਫੈਸਰ ਮੀਆਂ ਮਨਰਾਜ-ਉਦ-ਦੀਨ ਸਨ। ਪ੍ਰੋਫੈਸਰ ਮੀਆਂ ਮਨਰਾਜ-ਉਦ-ਦੀਨ ਦੀ ਗੱਲਬਾਤ ਕਾਲਜ ਦੇ ਪ੍ਰਬੰਧੀਆਂ ਨਾਲ ਟੁਰਦੀ ਰਹੀ ਅਤੇ ਫਿਰ ਮਾਮਲੇ ਆਪਸੀ ਨਿਬੜ ਗਏ। ਦੂਜੇ ਪਾਸੇ ਐਰਿਕ ਸਪਰੀਨ ਹੋਰਾਂ ਇਸ ਗੱਲ ਦਾ ਏਡਾ ਭਾਰ ਨਾ ਲਿਆ। ਇਹੋ ਆਖਿਆ ਕਿ ਸਾਡਾ ਕੰਮ ਤਾਂ ਪੜ੍ਹਾਉਣਾ ਹੈ; ਉਥੇ ਨਾ ਸਹੀ, ਕਿਧਰੇ ਹੋਰ ਸਹੀ। ਉਨ੍ਹਾਂ ਦਿਹਾੜਾਂ ਵਿਚ ਸ਼ਫਕਤ ਤਨਵੀਰ ਮਿਰਜ਼ਾ ਹੋਰੀਂ ਪੰਜਾਬੀ ਅਦਬੀ ਸੰਗਤ ਅਤੇ ਮਜਲਿਸ ਸ਼ਾਹ ਹੁਸੈਨ ਵਿਚ ਅਗਾਂਹ-ਅਗਾਂਹ ਸਨ, ਉਹ ਸ਼ਾਹ ਹੁਸੈਨ ਦੇ ਨਾਂ 'ਤੇ ਕਾਲਜ ਉਸਾਰਨਾ ਚਾਹ ਰਹੇ ਸਨ। ਉਨ੍ਹਾਂ ਦੇ ਮਿੱਤਰ ਹੁਸੈਨ ਨਕੀ ਸਾਹਿਬ ਪੰਜਾਬ ਯੂਨੀਅਨ ਆਫ ਜਰਨਲਿਸਟਸ ਵਿਚ ਸਨ। ਉਨ੍ਹਾਂ ਰਾਹੀਂ ਇਹ ਗੱਲ ਇਉਂ ਨਿਬੜੀ ਕਿ ਪ੍ਰੋਫੈਸਰ ਮਨਜ਼ੂਰ ਹੋਰਾਂ ਦਾ ਘਰ ਜਿਹੜਾ ਬਰੈਡਲਾ ਹਾਲ ਦੇ ਨੇੜੇ ਸੀ, ਉਥੇ ਸ਼ਾਹ ਹੁਸੈਨ ਕਾਲਜ ਬਣਿਆ ਜਿਸ ਵਿਚ ਕਈ ਵੱਡੇ ਨਾਂ ਮੁਹੰਮਦ ਆਸਿਫ ਖਾਂ, ਅਲੀ ਅੱਬਾਸ ਜਲਾਲਪੁਰੀ, ਮੀਆਂ ਮਨਰਾਜ-ਉਦ-ਦੀਨ, ਸ਼ਫਕਤ ਤਨਵੀਰ ਮਿਰਜ਼ਾ, ਸ਼ਹਿਜ਼ਾਦ ਅਹਿਮਦ, ਅਹਿਮਦ ਸਲੀਮ, ਐਰਿਕ ਸਪਰੀਨ, ਪ੍ਰੋਫੈਸਰ ਮਨਜ਼ੂਰ, ਪ੍ਰੋਫੈਸਰ ਅਮੀਨ ਮੁਗਲ ਤੇ ਨਜ਼ਮ ਹੁਸੈਨ ਸੱਯਦ ਹੋਰਾਂ ਨੇ ਵੀ ਪੜ੍ਹਾਇਆ। ਇਹ ਕਾਲਜ ਕੁਝ ਚਿਰ ਉਥੇ ਰਿਹਾ, ਮਗਰੋਂ ਲਾਰੰਸ ਰੋਡ ਉਤੇ ਨਵਾਬਜ਼ਾਦਾ ਸ਼ੇਰ ਅਲੀ ਸ਼ਾਹ ਦੀ ਕੋਠੀ ਨੇੜੇ ਟੁਰ ਗਿਆ। ਜਦੋਂ ਇਥੇ ਆਇਆ ਤੇ ਇਸ ਵਿਚ ਪੰਜਾਬੀ ਡਿਪਾਰਟਮੈਂਟ ਵੀ ਉਸਾਰਿਆ ਗਿਆ, ਭੁੱਟੋ ਵੇਲੇ ਕੌਮਿਆਇਆ ਗਿਆ।

1980 ਤੀਕਰ ਬਰੈਡਲਾ ਹਾਲ ਸਟੀਲ ਮਿੱਲ ਪਾਰੋਂ ਵਰਤਿਆ ਗਿਆ, ਉਸ ਮਗਰੋਂ ਇਕ ਕਾਲਜ, ਟੈਕਨੀਕਲ ਐਜੂਕੇਸ਼ਨ ਸੈਂਟਰ ਬਣਾ ਦਿੱਤਾ ਗਿਆ ਜਿਸ ਦਾ ਨਾਂ ਮਿਲੀ ਦਾਰੁਲ ਤਕਨੀਕ ਸੀ। ਉਹ ਕਾਲਜ ਕਈ ਵਰ੍ਹੇ ਰਿਹਾ। ਦੁਪਹਿਰੀਂ ਉਥੇ ਪ੍ਰਾਈਵੇਟ ਅਕੈਡਮੀਆਂ ਟਿਊਸ਼ਨ ਪੜ੍ਹਾਉਣ ਦਾ ਕੰਮ ਕਰਦੀਆਂ ਸਨ। ਇਚਰ ਨੂੰ ਇਧਰ ਦੇ ਪ੍ਰਬੰਧੀਆਂ ਦੇ ਆਪਣੇ ਝਗੜੇ ਵਧ ਗਏ। ਇਸ ਮਗਰੋਂ ਮਤਰੱਕਾ ਵਕਫ ਅਮਲਾਕ ਬੋਰਡ ਨੇ ਅਦਾਲਤ ਵਿਚ ਕੇਸ ਕਰ ਦਿੱਤਾ। ਕੇਸ ਬੋਰਡ ਨੇ ਜਿੱਤਿਆ ਅਤੇ 2009 ਤੋਂ ਇਹ ਹਾਲ ਅੱਜ ਤੀਕਰ ਜੰਦਰਾ ਬੰਦ ਹੋਇਆ ਪਿਆ ਏ।

ਜਦੋਂ ਲਾਹੌਰ ਕਚਹਿਰੀ ਤੋਂ ਥਾਣਾ ਲੋਇਰ ਮਾਲ ਵੱਲ ਟੁਰਿਆ ਜਾਵੇ ਤਾਂ ਥਾਣੇ ਦੀ ਇਮਾਰਤ ਤੋਂ ਪਹਿਲਾਂ ਸੜਕ ਦੇ ਖੱਬੇ ਪਾਸੇ ਪੁਰਾਣੇ ਤੇ ਪ੍ਰਸਿੱਧ ਸਕੂਲ, ਗੌਰਮਿੰਟ ਸੈਂਟਰਲ ਮਾਡਲ ਹਾਈ ਸਕੂਲ ਦੀ ਇਮਾਰਤ ਹੈ। ਇਸ ਤੋਂ ਪਹਿਲਾਂ ਖੱਬੇ ਪਾਸੇ ਹੇਠਾਂ ਨੂੰ ਇਕ ਸੜਕ ਜਾਂਦੀ ਹੈ ਜਿਹੜੀ ਅਗਾਂਹ ਜਾ ਕੇ ਆਊਟ ਮਾਲ ਰੋਡ ਨਾਲ ਜਾ ਰਲਦੀ ਹੈ। ਸੈਂਟਰਲ ਮਾਡਲ ਸਕੂਲ ਦੀ ਇਮਾਰਤ ਨਾਲ ਪੱਛਮੀ ਸੇਧ ਵਿਚ ਗੌਰਮਿੰਟ ਕਾਲਜ ਆਫ ਐਜੂਕੇਸ਼ਨ ਦੀ ਇਮਾਰਤ ਏ। ਇਸੇ ਸੇਧ ਵਿਚ ਸੜਕ ਰੈਟੀਗਨ ਰੋਡ ਦੇ ਨਾਂ ਤੋਂ ਹੈ। ਹੇਠਾਂ ਨੂੰ ਆਉਂਦੇ ਖੱਬੇ ਹੱਥ ਟਿੱਲਾ ਫਰੀਦ ਹੈ। ਸੱਜੇ ਹੱਥ ਰੈਟੀਗਨ ਰੋਡ ਹੈ, ਹੁਣ ਇਹਦਾ ਨਾਂ ਵੀ ਬਦਲਿਆ ਗਿਆ ਹੈ। ਇਸ ਦਾ ਨਾਂ ਹੁਣ ਬਾਬਾ ਫਰੀਦ ਰੋਡ ਰੱਖ ਦਿੱਤਾ ਗਿਆ ਹੈ। ਇਸ ਸੜਕ ਉਤੇ ਆਉਂਦੇ ਹੀ ਖੱਬੇ ਹੱਥ ਪਹਿਲਾਂ ਗੌਰਮਿੰਟ ਜੂਨੀਅਰ ਮਾਡਲ ਸਕੂਲ ਰੈਟੀਗਨ ਦੀ ਇਮਾਰਤ ਏ। ਇਸ ਤੋਂ ਖੱਬੇ ਹੱਥ ਇਕ ਰਾਹ ਅੰਦਰ ਨੂੰ ਜਾਂਦਾ ਏ ਜਿਸ ਦੇ ਬਾਹਰ ਗੌਰਮਿੰਟ ਸਕੂਲ ਦੀ ਇਮਾਰਤ ਦੇ ਨਾਲੋ-ਨਾਲ ਹੈਲਥ ਸੈਂਟਰ ਦੀ ਇਮਾਰਤ ਹੈ। ਅੰਦਰ ਜਾਂਦੇ ਹੀ ਇਸ ਖੁੱਲ੍ਹੇ ਮੈਦਾਨ ਦੇ ਮੋਹਰੇ ਬਰੈਡਲਾ ਹਾਲ ਦੀ ਉਚੀ ਵਿਸ਼ਾਲ ਇਮਾਰਤ ਦਿਸਦੀ ਹੈ। ਹਾਲ ਦੀ ਇਮਾਰਤ ਦੇ ਬੂਹੇ, ਵੇਲੇ ਨਾਲ ਹੁੰਦੀਆਂ ਸੜਕਾਂ ਦੀਆਂ ਉਸਾਰੀਆਂ ਕਾਰਨ ਸੜਕ ਤੋਂ ਹੇਠ ਹੋ ਗਏ ਨੇ। ਅੱਧਾ-ਅੱਧਾ ਬੂਹਾ ਹੇਠ ਹੋਇਆ ਪਿਆ ਹੈ ਜਿਨ੍ਹਾਂ ਉਤੇ ਜੰਦਰੇ ਲੱਗੇ ਪਏ ਨੇ। ਪੂਰਬੀ ਸੇਧ ਦੇ ਬੁਰੇ ਹਾਲ ਦੇ ਨਾਲ ਹੀ ਮੁਖ ਦਿਖਾਈ ਦੀ ਤਖਤੀ ਗੱਡੀ ਹੋਈ ਹੈ ਜਿਸ ਉਤੇ ਇਹ ਲਿਖਿਆ ਹੈ:


BRADLAUGH HALL
This stone was laid by
The Honourable Surendra Nath Banerji

ਹੁਣ ਇਹ ਤਖਤੀ ਬਰੈਡਲਾ ਹਾਲ ਦੇ ਸਾਹਮਣੇ ਕ੍ਰਿਕਟ ਖੇਡਦੇ ਬਾਲਾਂ ਲਈ ਵਿਕਟ ਦਾ ਕੰਮ ਕਰਦੀ ਹੈ।

ਜੇ ਪਿਛਲੇ ਬੂਹੇ ਨਾਲ ਟੁੱਟੀ ਕੰਧ ਤੋਂ ਅੰਦਰ ਨੂੰ ਝਾਤ ਮਾਰੀਏ ਤਾਂ ਪੂਰਬੀ ਸੇਧ ਵਿਚ ਤਿੰਨ ਚਾਰ ਕਮਰੇ ਦਿਸੀਂਦੇ ਨੇ। ਬਾਕੀ ਸਾਰੇ ਹਾਲ ਦੇ ਵਿਚ ਰੜਾ ਫਰਸ਼ ਹੈ ਤੇ ਪੜਛੱਤ ਵੱਲ ਟੀਨ ਦੇ ਵਲੇ ਨੇ। ਹੋ ਸਕਦਾ ਹੈ, ਇਸ ਦੀ ਮੁੱਢਲੀ ਉਸਾਰੀ ਵਿਚ ਫਰਸ਼ ਉਤੇ ਕੋਈ ਬੈਂਚ ਜਾਂ ਪੌੜੀਆਂ ਹੋਵਣ, ਪੜਛੱਤ ਹੇਠ ਕੋਈ ਗੈਲਰੀਆਂ ਵੀ ਹੋਵਣ ਜਾਂ ਹੋਰ ਕੁਝ ਇੰਜ ਦੀਆਂ ਸ਼ੈਆਂ ਹੋਵਣ ਜਿਹੜੀਆਂ ਪੜ੍ਹਾਈ ਲਿਖਾਈ, ਕਾਲਜ ਤੇ ਕਿਸੇ ਸਿਆਸੀ ਜਲਸਿਆਂ ਵਾਲੀ ਥਾਂ ਉਤੇ ਹੁੰਦੀਆਂ ਨੇ।

ਇਮਾਰਤ ਦੇ ਦੱਖਣ ਸੇਧ ਵਿਚ ਜਮਾਤ-ਏ-ਇਸਲਾਮੀ ਦੇ ਪ੍ਰਸਿੱਧ ਆਗੂ ਹਾਫਿਜ਼ ਸੁਲਤਾਨ ਬੱਟ ਦੇ ਵਡੱਕਿਆਂ ਦਾ ਘਰ ਹੈ। ਹਾਫਜ਼ ਦੇ ਪਿਉ ਦਾ ਨਾਂ ਤੁਫੈਲ ਸੀ ਜੋ ਪੁਲਿਸ ਵਿਚ ਡੀ.ਐਸ.ਪੀ. ਸੀ। ਇਹ ਸਾਰੀ ਥਾਂ ਹਾਫਿਜ਼ ਸੁਲਤਾਨ ਬੱਟ ਦੇ ਅਹਾਤੇ ਤੋਂ ਜਾਣੀ ਜਾਂਦੀ ਹੈ। ਇਸ ਤੋਂ ਪਿਛਾਂਹ ਉਰਦੂ ਬਾਜ਼ਾਰ ਲਾਹੌਰ ਦੇ ਸਦਰ ਖਾਲਿਦ ਪਰਵੇਜ਼ ਦਾ ਘਰ ਹੈ ਜਿਹੜੇ ਗਿੱਲ ਆਰਟ ਪ੍ਰੈੱਸ ਦੇ ਮਾਲਕ ਨੇ। ਉਹ ਸਾਰੀ ਥਾਂ 'ਅਹਾਤਾ ਪਰਵੇਜ਼ ਮਲਿਕ' ਅਖਵਾਉਂਦੀ ਹੈ। ਹਾਲ ਦੀ ਉਤਰ ਪੱਛਮੀ ਸੇਧ ਵਿਚ ਇਕ ਪੁਰਾਣੀ ਕੋਠੀ ਹੈ ਜਿਹੜੀ ਸਰਦਾਰ ਹੁਸੈਨ ਸ਼ਾਹ ਝੰਗ ਵਾਲੇ ਦੇ ਨਾਂ ਤੋਂ ਪ੍ਰਸਿੱਧ ਹੈ ਜਿਸ ਦੀਆਂ ਪਿਛਲੀਆਂ ਕੰਧਾਂ ਨਾਲ ਆਲੇ-ਦੁਆਲੇ ਦੇ ਘਰਾਂ ਵਾਲਿਆਂ ਦਾ ਗੰਦ ਸੁੱਟਿਆ ਪਿਆ ਦਿਸਦਾ ਹੈ। ਉਨ੍ਹਾਂ ਦੇ ਮਗਰ ਕੇ.ਐਮ. ਗਰਲਜ਼ ਹਾਈ ਸਕੂਲ ਦੀਆਂ ਪੂਰਬੀ ਸੇਧ ਦੀਆਂ ਕੰਧਾਂ ਨੇ ਜਿਸ ਦੇ ਸਾਹਮਣੇ ਪੱਛਮੀ ਸੇਧ ਵਿਚ ਵੈਟਰਨਰੀ ਯੂਨੀਵਰਸਿਟੀ ਹੈ। ਉਸ ਦੇ ਸੱਜੇ ਖੱਬੇ ਕੁਝ ਪੁਰਾਣੀਆਂ ਕੋਠੀਆਂ ਦੇ ਨਿਸ਼ਾਨ ਵੀ ਨੇ ਜਿਨ੍ਹਾਂ ਦਾ ਪਸਾਰ ਏਡਾ ਸੀ ਕਿ ਕਈ ਵਰ੍ਹਿਆਂ ਤੀਕਰ ਅਹਿਮਦ ਟੈਂਟ ਸਰਵਿਸ ਵਾਲਿਆਂ ਦੇ ਦਫਤਰ ਅਤੇ ਕਾਰਖਾਨੇ ਇਨ੍ਹਾਂ ਵਿਚ ਹੀ ਸਨ। ਹਾਲ ਦੀ ਉਤਰ ਪੱਛਮੀ ਸੇਧ ਦੇ ਮੁਹੱਲੇ ਵਿਚ ਕਦੇ ਪ੍ਰਸਿੱਧ ਫਿਲਮੀ ਗਾਇਕ ਅਨਵਰ ਅਲੀ ਵੀ ਰਹਿੰਦੇ ਸਨ। ਹਾਲ ਦੀ ਪੂਰਬੀ ਸੇਧ ਵਿਚ ਕਈ ਦਫਤਰੀ ਖਾਨੇ ਨੇ, ਜਿੱਥੇ ਕਿਤਾਬਾਂ ਕਾਪੀਆਂ ਦੀਆਂ ਜਿਲਦਾਂ ਕੀਤੀਆਂ ਜਾਂਦੀਆਂ ਨੇ। ਹਾਲ ਦੇ ਖੱਬੇ ਸੱਜੇ ਕੁਝ ਪੁਰਾਣੇ ਤੇ ਨਿੱਕੇ ਘਰ ਵੀ ਨੇ। ਇਥੇ ਉਹ ਲੋਕ ਵਸਦੇ ਨੇ ਜਿਹੜੇ ਵੰਡ ਮਗਰੋਂ ਹਿੰਦੋਸਤਾਨ ਤੋਂ ਇਥੇ ਆਣ ਵਸੇ। ਇਨ੍ਹਾਂ ਘਰਾਂ ਵਾਲਿਆਂ ਦੇ ਹਾਲ ਡਾਢੇ ਮਾੜੇ ਨੇ ਤੇ ਉਨ੍ਹਾਂ ਵਾਂਗ ਹਾਲ ਦੀ ਇਮਾਰਤ ਦੇ ਹਾਲ ਵੀ ਡਾਢੇ ਮਾੜੇ ਨੇ। ਜੇ ਇਉਂ ਹੀ ਰਿਹਾ ਤਾਂ ਆਉਣ ਵਾਲੇ ਵਰ੍ਹਿਆਂ ਵਿਚ ਇਹ ਢਹਿ ਵੀ ਸਕਦੀ ਹੈ। ਪੰਜਾਬ ਦੀ ਰਾਜਨੀਤੀ ਵਿਚ ਪਿਛਲੇ ਤੀਹ ਵਰ੍ਹਿਆਂ ਤੋਂ ਵੱਧ ਵੱਡੇ-ਵੱਡੇ ਨਾਂ ਇਸ ਹਾਲ ਦੇ ਹਲਕੇ ਤੋਂ ਜਿੱਤੇ ਪਰ ਕਿਸੇ ਨੂੰ ਇਸ ਦੀ ਵਾਰ ਅਤੇ ਇਹਦੇ ਨਾਲ ਕੋਈ ਸਾਕ ਨਹੀਂ ਰਿਹਾ।

ਇਕ ਦਹਾਕੇ ਤੋਂ ਵੱਧ ਬੰਦ ਹੋਏ ਇਸ ਹਾਲ ਦੇ ਆਲੇ-ਦੁਆਲੇ ਦੇ ਵਾਸੀਆਂ ਕੋਲ ਕੋਈ ਖੋਜਕਾਰ ਜਾਂ ਪੜ੍ਹਿਆਰ ਟੁਰ ਜਾਵੇ ਤਾਂ ਉਹ ਉਹਨੂੰ ਇੰਜ ਦੀਆਂ ਨਿਗਾਹਾਂ ਨਾਲ ਵਿੰਹਦੇ ਨੇ ਕਿ ਖੌਰੇ ਕੋਈ ਉਨ੍ਹਾਂ ਦੀ ਲੰਕਾ ਢਾਵਣ ਆ ਗਿਆ ਹੈ। ਇਸ ਪਾਰੋਂ ਮੈਂ ਆਪਣੇ ਮਿੱਤਰ ਜ਼ਿਸ਼ਾਨ ਅਰਸ਼ਦ ਨਾਲ ਕਿਸੇ ਸਾਂਗੇ ਵਿਚ ਉਥੋਂ ਦੇ ਲੋਕਾਂ ਕੋਲੋਂ ਇਹ ਜਾਣਕਾਰੀ ਲਈ ਕਿ ਹੁਣ ਇਸ ਹਾਲ ਦੀ ਕੀ ਵਰਤੋਂ ਹੋਣੀ ਚਾਹੀਦੀ ਹੈ ਤਾਂ ਕੁਝ ਨੇ ਆਖਿਆ ਕਿ ਇਥੇ ਉਹੀ ਕਾਲਜ ਫਿਰ ਉਸਾਰ ਦਿੱਤਾ ਜਾਵੇ। ਤੇ ਕਈਆਂ ਨੇ ਆਖਿਆ ਕਿ ਇਸ ਨੂੰ ਕਮਿਊਨਿਟੀ ਹਾਲ ਬਣਾ ਦਿੱਤਾ ਜਾਵੇ। ਲੋਕੀਂ ਇਥੇ ਵਿਆਹ ਸ਼ਾਦੀ ਦੇ ਇਕੱਠ ਕਰਨ, ਆਪਣੀਆਂ ਖੁਸ਼ੀਆਂ ਗਮੀਆਂ ਦੇ ਉਥੇ ਹੀ ਪ੍ਰਬੰਧ ਕਰਨ। ਕੁਝ ਮਹੀਨੇ ਹੋਏ ਹਨ ਕਦੇ-ਕਦਾਰ ਜਵਾਨ ਕੁੜੀਆਂ ਮੁੰਡੇ ਇਥੇ ਰਲ ਬਹਿ ਕੇ ਨਾਟਕ ਥੀਏਟਰ ਕਰਦੇ ਨੇ। ਮੈਂ ਜਦੋਂ ਇਸ ਹਾਲ ਦੇ ਪਿਛੋਕੜ ਨੂੰ ਵਿਹਨਾ (ਦੇਖਦਾਂ), ਇਮਾਰਤ ਦਾ ਪਸਾਰ ਅਤੇ ਅੰਗਰੇਜ਼ ਸਮੇਂ ਦੀ ਉਸਾਰੀ ਅੱਖੀਆਂ ਸਾਹਵੇਂ ਆਉਂਦੀ ਹੈ ਤਾਂ ਮੈਨੂੰ ਇਹ ਸੁਝਾਉ ਆਉਂਦਾ ਏ ਕਿ ਇੱਥੇ ਅਜਿਹਾ ਅਦਾਰਾ ਬਣਾ ਦਿੱਤਾ ਜਾਵੇ ਜਿਹੜਾ ਇਥੇ ਲਾਇਬਰੇਰੀ ਟੋਰੇ। ਇਸ ਥਾਂ ਨਾਲ ਜੁੜੇ ਉਚੇਚ ਲੋਕਾਂ ਦੇ ਚਿੱਤਰ ਸਾਹਮਣੇ ਲਿਆਵੇ, ਆਰਟ, ਥੀਏਟਰ, ਫਲਸਫੇ ਦੇ ਮਜ਼ਮੂਨ ਪੜ੍ਹਾਏ ਜਾਵਣ, ਪੰਜਾਬ ਦੇ ਬਾਬਿਆਂ ਦਾ ਕਲਾਮ ਗਾਇਆ ਤੇ ਪੜ੍ਹਾਇਆ ਜਾਵੇ, ਉਸ ਸਮੇਂ ਦੇ ਪਾਤਰਾਂ ਉਤੇ ਲਿਖਤਾਂ ਤੇ ਖੇਡ ਖੇਡੇ ਜਾਵਣ। ਉਨ੍ਹਾਂ ਲੋਕਾਂ ਦੀਆਂ ਕਰਤੀਆਂ ਦੀ ਸੁਰਤ ਸਮਝ ਲੋਕਾਂ ਤਕ ਅੱਪੜੇ। ਇਹ ਤਾਂ ਬੱਸ ਇਕ ਸਲਾਹ ਹੈ, ਕੰਮ ਤਾਂ ਸਰਕਾਰਾਂ ਦਾ ਹੈ ਕਿ ਉਹ ਇਸ ਇਤਿਹਾਸਕ ਥਾਂ ਨੂੰ ਇਹਦੇ ਮੂਜਬ ਆਦਰ ਦੇਵਣ ਪਰ ਕਦੋਂ, ਕਿਵੇਂ, ਇਹ ਵੀ ਆਪਣੀ ਥਾਂਵੇਂ ਇਕ ਵਿਚਾਰ ਹੈ।




**ਹੁਣ ਇਹ ਤਖਤੀ ਬਰੈਡਲਾ ਹਾਲ ਦੇ ਸਾਹਮਣੇ ਕ੍ਰਿਕਟ ਖੇਡਦੇ ਬਾਲਾਂ ਲਈ ਵਿਕਟ ਦਾ ਕੰਮ ਕਰਦੀ ਹੈ।**

ਬਰੈਡਲਾ ਹਾਲ ਦੇ ਨੀਂਹ ਪੱਥਰ ਦੀ ਝਲਕ।

# ਪੰਜਾਬੀ ਰੰਗਮੰਚ ਦਾ ਮੰਚ ਅਤੇ ਰਵਾਇਤ

## ਕਲਾ ਪਰਿਕਰਮਾ



**ਡਾ. ਸਾਹਿਬ ਸਿੰਘ**
ਫੋਨ: +91-98880-11096

ਸਾਡੇ ਪੰਜਾਬੀ ਰੰਗਮੰਚ ਕੋਲ ਰੰਗਮੰਚ ਦੀ ਉਸ ਤਰ੍ਹਾਂ ਦੀ ਪਰੰਪਰਾ ਨਹੀਂ ਹੈ, ਜਿਵੇਂ ਦੀ ਬਾਕੀ ਹੋਰ ਬਹੁਤ ਸਾਰੀਆਂ ਭਾਸ਼ਾਵਾਂ ਕੋਲ ਹੈ, ਫਿਰ ਵੀ ਇਸ ਵਿਧਾ ਨੂੰ ਅਪਨਾਇਆ, ਹੰਢਾਇਆ, ਜੋਬਨ ਤਕ ਪਹੁੰਚਾਇਆ, ਗੌਲਣਯੋਗ ਕਾਰਗੁਜ਼ਾਰੀ ਕੀਤੀ। ਅਸੀਂ ਬਾਲ ਵਿਆਹ ਦਾ ਵਿਰੋਧ ਕੀਤਾ। ਅਸੀਂ ਪੁਨਰ ਵਿਆਹ ਦਾ ਪੱਖ ਪੂਰਿਆ। ਅਸੀਂ ਬੇਜੋੜ ਰਿਸ਼ਤਿਆਂ ਦਾ ਸੱਚ ਉਜਾਗਰ ਕੀਤਾ। ਅਸੀਂ ਦਿਲਾਂ 'ਚ ਧੁਖਦੇ ਅਰਮਾਨ ਦਾ ਸੇਕ ਆਪਣੇ ਦਰਸ਼ਕ ਤਕ ਪਹੁੰਚਾਇਆ। ਅਸੀਂ ਵਿਦਰੋਹ ਦਾ ਝੰਡਾ ਚੁੱਕਿਆ। ਤਸਵੀਰ ਦਾ ਤੀਜਾ ਪਾਸਾ ਵੀ ਦਿਖਾਇਆ। ਅਸੀਂ ਸਪਾਰਟਕਸ ਵਰਗੇ ਬਾਗੀਆਂ ਦੇ ਗੀਤ ਗਾਏ। ਅਸੀਂ ਇਤਿਹਾਸ ਦੇ ਸਫਿਆਂ 'ਤੇ ਦਰਜ ਬੁਲੰਦੀ ਦੇ ਕਿੱਸੇ ਛੋਹੇ। ਅਸੀਂ ਮਿਥਿਹਾਸ 'ਚ ਪਏ ਧਰਮ ਗੁਰੂਆਂ ਦੀ ਕਹਾਣੀ ਮਾਨਵੀ ਕੋਣ ਤੋਂ ਕਹੀ। ਅੱਜ ਦਾ ਪਾਖੰਡ ਨੰਗਾ ਕੀਤਾ। ਬੁੱਧ ਨੂੰ ਯੁੱਧ ਦੇ ਅੰਗ ਸੰਗ ਰਹਿਣ ਦਾ ਹੋਕਾ ਦਿੱਤਾ। ਜ਼ਖਮਾਂ ਦੀ ਬਾਤ ਪਾਈ। ਅੰਨ੍ਹੇ ਨਿਸ਼ਾਨਚੀਆਂ ਦੇ ਚਿਹਰਿਆਂ ਤੋਂ ਮਖੌਟੇ ਲਾਹੇ। ਸੰਮਾਂ ਵਾਲੀ ਡਾਂਗ ਵੀ ਖੜਕਾਈ। ਗੱਡੀ ਚੜ੍ਹਨ ਵਾਲਿਆਂ ਦੀ ਕਾਹਲ ਦਾ ਹਨੇਰ ਪੱਖ ਵੀ ਪੇਸ਼ ਕੀਤਾ। ਸਾਡੇ ਨਾਟਕਾਂ 'ਚ ਦੇਵ ਪੁਰਸ਼ ਹਾਰੇ। ਮਨੁੱਖ ਤੋਂ ਮਨੁੱਖ ਵਿਚਲਾ ਫਾਸਲਾ ਅਸੀਂ ਪ੍ਰਤੱਖ ਵਿਖਾਇਆ। ਕੁਦੇਸਣਾਂ ਦਾ ਦਰਦ ਬਿਆਨ ਕੀਤਾ। ਅਣਜੰਮੀਆਂ ਧੀਆਂ ਦਾ ਰੁਦਨ ਮੰਚ 'ਤੇ ਲੈ ਕੇ ਆਏ। ਚਾਂਦਨੀ ਚੌਕ ਦੀ ਗਾਥਾ ਵੀ ਸੁਣਾਈ। ਸਰਹਿੰਦ ਦਾ ਦਰਦ ਵੀ ਗਾਇਆ। ਬਾਬੇ ਨਾਨਕ ਦੇ ਪੱਲੇ ਬੱਧੇ ਸੱਚ ਦੀ ਕਹਾਣੀ ਵੀ ਸੁਣਾਈ। ਕੋਰਟ ਮਾਰਸ਼ਲ ਕਿਵੇਂ ਹੁੰਦੇ ਹਨ, ਕਿਉਂ ਹੁੰਦੇ ਹਨ, ਕਿਸ ਦੇ ਹੁੰਦੇ ਹਨ, ਪੰਜਾਬੀ ਰੰਗਮੰਚ ਬੋਲਦਾ ਗਿਆ। ਬਾਬਾ ਬੋਲਿਆ... ਖੂਬ ਬੋਲਿਆ! ਚੁਰਾਸੀ ਦਾ ਦਰਦ ਬੁੱਲ੍ਹਾਂ ਉਤੇ ਆਇਆ। ਬੰਦ ਕਮਰਿਆਂ ਨੂੰ ਲਲਕਾਰਿਆ। ਕੁਰਸੀ ਅਤੇ ਮੋਰਚੇ ਦੇ ਦਰਮਿਆਨ ਲਟਕਦੇ ਲੋਕਾਂ ਨੂੰ ਜ਼ੁਬਾਨ ਬਖਸ਼ਣ ਦੀ ਕੋਸ਼ਿਸ਼ ਕੀਤੀ। ਅਸੀਂ ਕੀ ਨਹੀਂ ਕੀਤਾ, ਪਰ ਕੁਝ ਰਹਿ ਗਿਆ, ਆਓ! ਗੁਨਾਹ ਕਬੂਲ ਕਰੀਏ।

ਅੱਜ ਫੇਸਬੁੱਕ ਇੰਸਟਾਗ੍ਰਾਮ ਦਾ ਜ਼ਮਾਨਾ ਹੈ। ਵਿਚਾਰਾਂ ਦਾ ਪਰਵਾਹ ਚਲਦਾ ਹੈ, ਬੇਰੋਕ ਟੋਕ, ਲਗਾਤਾਰ। ਤੁਸੀਂ ਦਿਨ ਦੇ ਕਿਸੇ ਵੀ ਸਮੇਂ ਸੋਸ਼ਲ ਮੀਡੀਆ ਖੋਲ੍ਹੋ, ਕੋਈ ਨਾ ਕੋਈ ਵਿਚਾਰ ਉਤੇਜਕ ਟਿੱਪਣੀ ਪੜ੍ਹਨ ਨੂੰ ਮਿਲ ਜਾਏਗੀ। ਉਨ੍ਹਾਂ ਸਾਰੇ ਵਿਸ਼ਿਆਂ ਬਾਰੇ ਜਿਨ੍ਹਾਂ ਨੂੰ ਪੰਜਾਬੀ ਰੰਗਮੰਚ ਪਿਛਲੇ ਲਗਪਗ ਸੌ ਸਾਲ ਤੋਂ ਰੂ-ਬ-ਰੂ ਹੋ ਰਿਹਾ ਸੀ, ਪਰ ਹੁਣ ਉਹ ਤੁਹਾਨੂੰ ਗਾਲ੍ਹ ਕੱਢਣ ਤਕ ਜਾਂਦੇ ਹਨ। ਕਿਸੇ ਇਕ ਗੱਲ 'ਤੇ ਨਹੀਂ, ਹਰ ਗੱਲ, ਹਰ ਮਸਲੇ 'ਤੇ। ਰੰਗਮੰਚ ਦੀ ਇਨਸਾਨੀ ਬਿਰਤੀ ਨੂੰ 'ਨਰਮ', 'ਨਚਾਰ', 'ਡਰਾਮੇਬਾਜ਼' ਜਿਹੇ ਵਿਸ਼ੇਸ਼ਣਾਂ ਨਾਲ ਨਿਵਾਜਿਆ ਜਾ ਰਿਹਾ ਹੈ। ਕਿਉਂ?

ਰੰਗਮੰਚ ਬਰਾਬਰੀ ਚਾਹੁੰਦਾ ਹੈ, ਹਰ ਤਰ੍ਹਾਂ ਦੀ ਬਰਾਬਰੀ ਪਰ ਜਿਸ ਜੱਟਵਾਦ ਨੂੰ ਅਸੀਂ ਹੌਲੀ-ਹੌਲੀ ਸਹਿਜੇ ਸਹਿਜੇ ਮਨੁੱਖਵਾਦ ਵੱਲ ਤੋਰਨ ਦੀ ਕੋਸ਼ਿਸ਼ ਕਰ ਰਹੇ ਸੀ, ਉਹ ਜੱਟਵਾਦ ਹੁਣ ਫਿਰ ਅੱਖਾਂ ਦਿਖਾਉਂਦਾ ਹੈ। ਰੰਗਮੰਚ ਦਲਿਤ ਦਾ ਦਰਦ ਛੂੰਹਦਾ ਹੈ ਤਾਂ ਅਜੋਕੇ 'ਕੌਮ ਦੇ ਆਗੂ' ਗਾਲ੍ਹ ਕੱਢਦੇ ਹਨ। ਕੋਈ ਸੰਵੇਦਨਸ਼ੀਲ ਕਵਿਤਰੀ ਤਰਲਾ ਮਾਰਦੀ ਹੈ ਕਿ ਕਿਸਾਨੀ ਮੋਰਚਾ ਹਕੂਮਤ ਖਿਲਾਫ ਹੈ, ਸਿਰਫ ਦਿੱਲੀ ਖਿਲਾਫ ਨਹੀਂ। ਉਹ ਇਤਰਾਜ਼ ਕਰਦੀ ਹੈ ਕਿ ਦਿੱਲੀ ਨੂੰ ਲਾੜੀ ਬਣਾ ਕੇ ਵਿਆਹ ਦਾ ਸੱਦਾ ਪੱਤਰ ਕਿਉਂ ਲਿਖਿਆ ਗਿਆ ਹੈ... ਇਹ ਮਰਦਾਵੀਂ ਧੌਂਸ ਹੈ, ਔਰਤ ਦਾ ਅਪਮਾਨ ਹੈ; ਤਾਂ ਫੇਸਬੁੱਕ, ਇੰਸਟਾਗ੍ਰਾਮ ਉਸ ਦੀ ਖਿੱਲੀ ਉਡਾਉਂਦਾ ਹੈ, ਕੋਝੇ ਮਜ਼ਾਕ ਕਰਦਾ ਹੈ ਤੇ ਮਜ਼ਾਕ ਕਰਨ ਵਾਲਿਆਂ ਵਿਚ ਫੇਕ ਆਈ.ਡੀ. ਹੀ ਨਹੀਂ ਹੈ, ਸਾਡੇ 'ਆਪਣੇ' ਵੀ ਹਨ। ਬਾਬੇ ਨਾਨਕ ਦੇ ਨਾਮਲੇਵਾ ਵੀ ਹਨ। ਰੰਗਮੰਚ ਉਸ ਕਵਿਤਰੀ ਦੀ ਗੱਲ ਦੀ ਪ੍ਰੋੜਤਾ ਕਰਦਾ ਹੈ ਤਾਂ ਉਹ ਰੰਗਕਰਮੀਆਂ ਨੂੰ ਠਿੱਠ ਕਰਦੇ ਹਨ ਤੇ ਠਹਾਕਾ ਮਾਰ ਕੇ ਕਹਿੰਦੇ ਹਨ, 'ਯਾਰ ਇੰਨਾ ਕੁ ਤਾਂ ਹੱਸਣ ਖੇਡਣ ਦਿਆ ਕਰੋ।' ਆਓ! ਗੁਨਾਹ ਕਬੂਲ ਕਰੀਏ ਕਿ ਇੰਨੇ ਸਾਲਾਂ ਵਿਚ ਸਾਨੂੰ ਹੱਸਣ ਖੇਡਣ ਲਈ ਕੋਈ ਹੋਰ ਖਿਡੌਣਾ ਨਹੀਂ ਮਿਲਿਆ। ਅਵਾਮ ਦੇ ਦਿਲਾਂ 'ਚ ਅਜੇ ਵੀ ਰੰਗਮੰਚ ਨਹੀਂ, 'ਪਟਾਕੇ ਪਾਉਣ', 'ਕੱਢ ਕੇ ਲੈ ਜਾਣ', 'ਕਬਜ਼ਾ ਕਰਨ', 'ਪ੍ਰਾਹੁਣਾ ਬਣ ਟੱਕਰਨ' ਵਾਲੇ ਹੀ ਰਾਜ ਕਰਦੇ ਹਨ। ਕਿਤੇ ਤਾਂ ਕਮੀ ਰਹਿ ਗਈ ਹੈ।





ਕੀ ਅਸੀਂ ਸੁਰੱਖਿਅਤ ਘੇਰੇ 'ਚ ਹੀ ਵਿਚਰਦੇ ਰਹੇ। ਕੀ ਅਸੀਂ ਚੱਜ ਨਾਲ ਆਪਣੀ ਗੱਲ ਲੋਕਾਂ ਨੂੰ ਸਮਝਾ ਨਹੀਂ ਸਕੇ। ਕੀ ਸਾਡੀ ਚੇਤੰਨ ਕਰਨ ਵਾਲੀ ਸੁਰ ਰਾਜਸੀ ਤੇ ਫਿਰਕੂ ਤਾਕਤਾਂ ਨੂੰ ਭੈਅਭੀਤ ਕਰ ਗਈ ਤੇ ਉਹ ਆਪਣੇ ਪੈਸੇ ਅਤੇ ਤਾਕਤ ਦੇ ਜ਼ੋਰ ਉਲਟ ਸੱਭਿਆਚਾਰ ਨੂੰ ਹੱਲਾਸ਼ੇਰੀ ਦੇਣ ਲੱਗ ਪਏ ਕਿ ਸਾਨੂੰ ਪਿੱਛੇ ਧੱਕਿਆ ਜਾ ਸਕੇ। ਕੀ ਅਸੀਂ ਵੱਡੇ ਪੱਧਰ 'ਤੇ ਖਤਰੇ ਸਹੇੜਨੋਂ ਡਰਦੇ ਰਹੇ ਤੇ ਸਹਿੰਦੇ ਸਹਿੰਦੇ ਹੀ ਵਿਚਰਦੇ ਰਹੇ। ਕਾਰਨ ਕਈ ਹਨ ਪਰ ਇਹ ਸੱਚ ਹੈ ਕਿ ਪੰਜਾਬ ਵਿਚ ਥਾਂ ਥਾਂ ਤਰਕਸ਼ੀਲ ਨਾਟਕ ਖੇਡਣ ਦੇ ਬਾਵਜੂਦ ਕੁਤਰਕ ਵਧਿਆ ਹੈ। ਥਾਂ-ਥਾਂ ਇਨਕਲਾਬੀ ਪ੍ਰਤੀਬੱਧਤਾ ਵਾਲਾ ਰੰਗਮੰਚ ਪੇਸ਼ ਕਰਨ ਦੇ ਬਾਵਜੂਦ ਅੱਜ ਇਨਕਲਾਬ ਦੀ ਗੱਲ ਮਜ਼ਾਕ ਵਾਂਗ ਪ੍ਰਚਾਰੀ ਜਾ ਰਹੀ ਹੈ। ਸ਼ਾਇਦ ਤੁਹਾਨੂੰ ਖ਼ਤਰਾ ਮਹਿਸੂਸ ਨਾ ਹੋ ਰਿਹਾ ਹੋਵੇ, ਪਰ ਮੈਂ ਦੇਖ ਰਿਹਾ ਹਾਂ ਕਿ ਰੰਗਮੰਚ ਦੇ ਲੋਕ ਪੱਖੀ ਕਿਰਦਾਰ ਖਿਲਾਫ ਇਕ ਲੁਕਵੀਂ ਸਾਜ਼ਿਸ਼ ਆਰੰਭੀ ਜਾ ਚੁੱਕੀ ਹੈ ਤੇ ਉਹ 'ਸਾਡੇ ਆਪਣਿਆਂ' ਨੇ ਹੀ ਆਰੰਭੀ ਹੈ। ਜੇ ਅਸੀਂ ਚੇਤੰਨ ਨਾ ਹੋਏ ਤਾਂ ਗੁਨਾਹਗਾਰ ਹੋਵਾਂਗੇ।

ਰੰਗਮੰਚ ਹੇਠਲੀ ਉੱਤੇ ਕਰਨ 'ਚ ਵਿਸ਼ਵਾਸ ਰੱਖਦਾ ਹੈ। ਜੋ ਸਦੀਆਂ ਤੋਂ ਗਲਤ ਹੋ ਰਿਹਾ ਹੈ, ਉਸ ਨੂੰ ਟੱਕਰ ਦੇਣ ਦੀ ਕੋਸ਼ਿਸ਼ ਕਰਦਾ ਹੈ। ਇਸ ਟੱਕਰ ਲਈ ਰੰਗਮੰਚ ਜਿਹੜੀ ਭਾਸ਼ਾ ਵਰਤਦਾ ਹੈ, ਉਹ ਤਿੱਖੀ ਵੀ ਹੋਏਗੀ ਤੇ ਨੁਕੀਲੀ ਵੀ। ਇੱਥੋਂ ਧਰਮ, ਸਮਾਜ, ਰਵਾਇਤਾਂ ਦੇ ਠੇਕੇਦਾਰਾਂ ਦੀ ਤਕਲੀਫ ਸ਼ੁਰੂ ਹੁੰਦੀ ਹੈ। ਦਲਿਤ ਭਾਈਚਾਰੇ ਦੀ ਬਗਾਵਤ ਦੀ ਗੱਲ ਕਰੋਗੇ ਤਾਂ ਉਨ੍ਹਾਂ ਨੂੰ ਇਕਦਮ ਸਦੀਆਂ ਦੀ ਸਾਂਝ ਟੁੱਟਦੀ ਨਜ਼ਰ ਆਉਣ ਲੱਗ ਪੈਂਦੀ ਹੈ। ਔਰਤ ਦੀ ਆਜ਼ਾਦ ਹਸਤੀ ਦੀ ਗੱਲ ਕਰੋਗੇ ਤਾਂ ਉਨ੍ਹਾਂ ਨੂੰ ਪਰਿਵਾਰ ਟੁੱਟਦੇ ਦਿਸਣ ਲੱਗ ਪੈਂਦੇ ਹਨ। ਧਾਰਮਿਕ ਪਾਖੰਡਵਾਦ ਨੰਗਾ ਕਰੋਗੇ ਤਾਂ ਉਨ੍ਹਾਂ ਨੂੰ ਤੁਸੀਂ ਧਰਮ ਦੇ ਦੁਸ਼ਮਣ, ਧਾਰਮਿਕ ਭਾਵਨਾਵਾਂ ਨਾ ਸਮਝਣ ਵਾਲੇ ਲੱਗਣ ਲੱਗ ਪੈਂਦੇ ਹੋ। ਤੁਸੀਂ ਵੋਟ ਸਿਆਸਤ ਨੂੰ ਚੁਣੌਤੀ ਦਿੰਦੇ ਹੋ ਤਾਂ ਉਨ੍ਹਾਂ ਨੂੰ ਤੁਸੀਂ ਖਿਆਲੀ ਯੋਧੇ ਲੱਗਦੇ ਹੋ। ਜਦੋਂ ਵੀ ਅਜਿਹਾ ਵਾਪਰਦਾ ਹੈ ਤਾਂ ਅਸੀਂ ਵਿਅਕਤੀਗਤ ਪੱਧਰ 'ਤੇ ਜਾਂ ਛੋਟੇ ਸਮੂਹਾਂ ਵਿਚ ਇਸ ਨਾਲ ਜੂਝਦੇ ਹਾਂ। ਇਸ ਲੜਾਈ ਨੂੰ ਭਖਣ ਨਹੀਂ ਲਾਉਂਦੇ, ਵੱਡਾ ਸਮਾਜਿਕ ਸੱਭਿਆਚਾਰਕ ਮੁੱਦਾ ਨਹੀਂ ਬਣਾਉਂਦੇ ਜਾਂ ਕਈ ਵਾਰ ਤਾਂ ਚੁੱਪ ਚਾਪ ਸਭ ਸਹਿ ਲੈਂਦੇ ਹਾਂ ਤੇ ਬੀਬੇ ਪੁੱਤ ਬਣ ਜਾਂਦੇ ਹਾਂ। ਆਓ! ਗੁਨਾਹ ਕਬੂਲ ਕਰੀਏ ਕਿ ਅਸੀਂ ਰੰਗਮੰਚ ਕਰਕੇ ਖਤਰਾ ਸਹੇੜਦੇ ਤਾਂ ਹਾਂ ਪਰ ਉਸ ਖਤਰੇ ਦੀ ਘੁੱਟ ਕੇ ਬਾਂਹ ਨਹੀਂ ਫੜਦੇ। ਤੇ ਉਹ ਸਥਾਪਤ ਤਾਕਤ ਹੋਣ ਕਰਕੇ ਸਾਨੂੰ ਖਦੇੜਨ ਦੀ ਕੋਸ਼ਿਸ਼ ਕਰਦੇ ਹਨ। ਇੱਥੋਂ ਤਕ ਕਿ ਪੰਜਾਬੀ ਗਾਇਕੀ ਤੇ ਗੀਤਕਾਰੀ 'ਚ ਪ੍ਰਤੱਖ ਦਿਸਦੀ ਧੌਂਸ ਤੇ ਜਗੀਰੂ ਹੈਂਕੜ ਨੂੰ ਪ੍ਰਵਾਨ ਕਰਕੇ ਉਸ ਦੇ ਗੁਣਗਾਨ ਕਰਨ ਲੱਗ ਪੈਂਦੇ ਹਨ।


ਅਸੀਂ ਰੰਗਮੰਚ ਲੈ ਕੇ ਜਨਤਾ ਵਿਚ ਜਾਂਦੇ ਹਾਂ, ਆਪਣੇ ਮਸਲੇ ਲੈ ਕੇ ਵੀ ਲੋਕਾਂ ਵਿਚ ਜਾਈਏ। ਜਦੋਂ ਅੰਮ੍ਰਿਤਸਰ ਵਿਚ ਕ੍ਰਿਸ਼ਨ ਨਾਟਕ ਖੇਡਣ 'ਤੇ ਇਸ ਲਈ ਪਾਬੰਦੀ ਲੱਗ ਜਾਂਦੀ ਹੈ ਕਿ ਹਿੰਦੂਆਂ ਦੀਆਂ ਭਾਵਨਾਵਾਂ ਭੜਕਾਉਂਦਾ ਹੈ ਤਾਂ ਅਸੀਂ ਕਿੰਨੇ ਕੁ ਲੋਕਾਂ ਨੂੰ ਇਹ ਦੱਸ ਸਕੇ ਕਿ ਪੰਜਾਬ 'ਚ ਅਜਿਹਾ ਵੀ ਵਾਪਰ ਗਿਆ ਹੈ। ਕੀ ਇਹ ਅਵਾਮ ਦਾ ਮਸਲਾ ਨਹੀਂ ਸੀ। ਅਸੀਂ ਜਾਣਦੇ ਹਾਂ ਕਿ ਪਲਸ ਮੰਚ ਇਨ੍ਹਾਂ ਮਸਲਿਆਂ 'ਤੇ ਬੋਲਦਾ ਹੈ ਪਰ ਪਿੰਡਾਂ ਦੀਆਂ ਸੱਥਾਂ ਤੇ ਵਿਹੜਿਆਂ 'ਚ ਜਦ ਰੰਗਮੰਚ ਪਹੁੰਚਦਾ ਹੈ ਤਾਂ ਇਹ ਗੱਲਾਂ ਵੀ ਪਹੁੰਚਣੀਆਂ ਚਾਹੀਦੀਆਂ ਹਨ।

ਪੰਜਾਬ ਪੰਜਾਬੀਆਂ ਦਾ ਹੈ, ਸਿੱਖ ਬਹੁ ਗਿਣਤੀ ਹੈ। ਪੰਜਾਬ ਦੀ ਇਤਿਹਾਸਕਤਾ ਤੋਂ ਅਸੀਂ ਜਾਣੂ ਹਾਂ ਪਰ ਰਾਜਨੀਤੀ 'ਚ ਛਾਲ ਮਾਰਨ ਲਈ ਲਲਚਾਏ ਲੋਕ ਜਦੋਂ ਉਸੇ ਬਹੁਗਿਣਤੀ ਦੀਆਂ ਭਾਵਨਾਵਾਂ ਗਰਮਾ ਕੇ ਧਾਰਮਿਕ ਪੱਤਾ ਖੇਡਦੇ ਹਨ ਤਾਂ ਰੰਗਮੰਚ ਕਿਉਂ ਡਰ ਕੇ ਪਿੱਛੇ ਹੋ ਜਾਵੇ। ਜੇ ਪੂਰੇ ਦੇਸ਼ ਵਿਚ ਹਿੰਦੂਤਵ ਦਾ ਰੰਗ ਚਾੜ੍ਹਨਾ ਗੁਨਾਹ ਹੈ ਤਾਂ ਪੰਜਾਬ ਨੂੰ ਇਕੋ ਜਿਹੀ ਧਾਰਮਿਕ ਰੰਗਤ ਦੇਣ ਦਾ ਨਾਂ ਲੈ ਕੇ ਜੋ ਵੱਖਰੀ ਸੁਰ ਉੱਚੀ ਕਰ ਰਹੇ ਹਨ, ਉਨ੍ਹਾਂ ਦੇ ਪਾਜ ਉਘਾੜਦਾ ਰੰਗਮੰਚ ਕਿੱਥੇ ਹੈ? ਕੀ ਅਸੀਂ ਸਿਰਫ ਮੌਲਾਣਿਆਂ, ਪੁਜਾਰੀਆਂ, ਪਾਦਰੀਆਂ ਦੇ ਦੰਭ ਨੰਗੇ ਕਰਨ ਤਕ ਹੀ ਸੀਮਤ ਹਾਂ। ਸਾਡੇ 'ਆਪਣਿਆਂ ਦਾ ਚੋਗਾ' ਕੋਈ ਦੱਖਣ ਤੋਂ ਆ ਕੇ ਉਤਾਰੇਗਾ। ਆਓ! ਗੁਨਾਹ ਕਬੂਲ ਕਰੀਏ ਕਿ ਅਸੀਂ ਏਦਾਂ ਕਰਦੇ ਰਹੇ ਹਾਂ। ਅਸੀਂ ਸੌ ਫ਼ੀਸਦੀ ਸਪੱਸ਼ਟ ਨਹੀਂ ਹਾਂ। ਅਸੀਂ ਨਿੱਤਰ ਕੇ ਮੈਦਾਨ 'ਚ ਨਹੀਂ ਆਏ ਹੋਏ। ਰੰਗਮੰਚ ਸਿਰਫ ਕਲਾ ਨਹੀਂ ਹੈ, ਜਨ ਸਮੂਹ ਦੇ ਸਾਹਮਣੇ ਵਾਪਰਦੀ ਸਾਖਿਆਤ ਜਨ ਤਸਵੀਰ ਹੈ। ਇਸ ਤਸਵੀਰ ਦੇ ਰੰਗ ਬਦਲਣ ਲਈ ਹਾਅ ਦਾ ਨਾਅਰਾ ਜੇ ਅਸੀਂ ਨ੍ਹੀਂ ਮਾਰਦੇ ਤਾਂ ਅਸੀਂ ਗੁਨਾਹਗਾਰ ਹਾਂ! ਬੜਬੋਲੇ, ਭੜਕਾਊ ਸੱਭਿਆਚਾਰ ਦੇ ਰਾਖੇ ਸਾਨੂੰ ਘੇਰਨਗੇ। ਕੀ ਸਮਝਦਾਰੀ ਤੇ ਲੰਮੇ ਮੰਥਨ 'ਚੋਂ ਨਿਕਲਿਆ ਰੰਗਮੰਚ ਘਿਰ ਜਾਵੇਗਾ। ਇਸ ਸਵਾਲ ਦੇ ਰੂ-ਬ-ਰੂ ਹੋਈਏ। ਜੋ ਸਾਨੂੰ ਪਿਆਰ ਕਰਦੇ ਹਨ, ਉਨ੍ਹਾਂ ਦਾ ਮਾਣ ਰੱਖਦਿਆਂ ਉਨ੍ਹਾਂ ਦੇ ਵੀ ਰੂ-ਬ-ਰੂ ਹੋਈਏ ਜੋ ਸਾਨੂੰ ਅਜੇ ਨਹੀਂ ਸਮਝਦੇ। ਖਤਰਾ ਈ ਸਹੀ, ਸਹੇੜਨ 'ਚ ਕੀ ਜਾਂਦਾ ਹੈ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 4 ਜੁਲਾਈ 2021 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-488



**ਬਾਹਰੋਂ-ਬਾਹਰੋਂ ਤੱਕੇਂ ਸਭ ਕੁਝ, ਅੰਦਰ ਵੀ ਕੁਝ ਤੱਕਿਆ ਕਰ।**
**ਅੰਦਰ ਇਕ-ਮਿਕ ਰਹੇ ਹਮੇਸ਼ਾਂ, ਯਾਦ ਸਦਾ ਤੂੰ ਰੱਖਿਆ ਕਰ।**

## ਕੈਪਸ਼ਨ ਮੁਕਾਬਲਾ-486



ਤੰਗੀਆਂ ਤੁਰਸ਼ੀਆਂ 'ਚ ਉਮਰ ਵਿਹਾਈ,
ਛੱਡ ਗਏ ਖਾਵੰਦ ਬੱਚੇ, ਭੈਣ ਤੇ ਭਾਈ।
ਕਰਾਂ ਮੁਸ਼ੱਕਤ ਤੇ ਕੋਸਾਂ ਡਾਢੇ ਦੇ ਲੇਖਾਂ,
ਦਿਸੇ ਸੁੰਨਾ ਪਿਆ ਜੱਗ ਜਿਧਰ ਦੇਖਾਂ।
**-ਸੇਵਾ ਸਿੰਘ ਨੂਰਪੁਰੀ**

---

ਭੁੱਖ ਦੁੱਖ ਨਾਲ ਦਿਨ ਕੱਟਦੇ ਸੀ
ਉਤੋਂ ਕੁਦਰਤ ਵਾਲੀ ਮਾਰ ਪਈ।
ਕੀਹਦੇ ਕੋਲੇ ਦੁੱਖੜੇ ਰੋਈਏ
ਕਿਸੇ ਨਾ ਸਾਡੀ ਸਾਰ ਲਈ।
**-ਜਗਮੀਤ ਸਿੰਘ ਪੰਧੇਰ**
**ਪਿੰਡ ਕਲਾਹੜ (ਲੁਧਿਆਣਾ)**
**ਫੋਨ: 91-98783-37222**

---

ਤੰਗੀਆਂ ਤੁਰਸ਼ੀਆਂ ਜ਼ਹਿਮਤਾਂ ਦੁੱਖਾਂ
ਭਰਿਆ ਇਹ ਰੋਂਦੜਾ ਚਿਹਰਾ,
ਕੋਹਲੂ ਦੇ ਵਿਚ ਪੀੜ ਹੁੰਦਾ।
ਮੁਸੀਬਤਾਂ ਦੁਸ਼ਵਾਰੀਆਂ ਭਾਰੀਆਂ ਨੇ,
ਇੱਕ ਡੰਗ ਦੀ ਰੋਟੀ ਲਈ ਵੀ ਆਤਰ
ਬੇਲਣੇ ਪੀੜ ਨਿਚੋੜ ਹੋਵੇ ਰੱਤ।
ਹਾਲੋਂ ਬੇਹਾਲ ਹੋਈ ਇਹ ਕਿਰਤੀ ਸੂਰਤ,
ਨਾਲੇ ਰੋਵੇ ਤੇ ਮੱਥੇ ਹੱਥ ਮਾਰ ਝੋਰੇ
ਕੋਈ ਹੈ ਜੋ ਸੁਣੇ ਮੇਰੇ ਅੰਦਰ ਦੀ ਹੂਕ।
**-ਕਲਵੰਤ ਸਿੰਘ ਸਹੋਤਾ**
**ਫੋਨ: 604-589-5919**

---

ਦਿਲ ਦੇ ਦੁਖੜੇ, ਅੱਖੀਆਂ ਵਿਚੋਂ
ਹੰਝੂ ਬਣ ਕੇ ਵਹਿ ਗਏ।
ਮੇਰੇ ਹੱਕ, ਮੇਰੀਆਂ ਖੁਸ਼ੀਆਂ
ਹਾਕਮ ਲੁੱਟ ਕੇ ਲੈ ਗਏ।
ਕਹਿਣ ਨੂੰ ਸੰਵਿਧਾਨ ਦੇਸ਼ ਦਾ
ਸਭ ਦੇ ਲਈ ਬਰਾਬਰ ਏ,
ਫਿਰ ਅਮੀਰੀ ਤੇ ਗਰੀਬੀ ਦੇ
ਪੁਆੜੇ ਕਿੰਜ ਪੈ ਗਏ?
**-ਵਿਨੋਦ ਗਰਗ**
**ਫੋਨ: 91-9876371788**

---

ਸੜਕ ਕਿਨਾਰੇ ਬਹਿ ਗਈ
ਗੰਢੜੀ ਦੁੱਖਾਂ ਦੀ ਫਰੋਲ।
ਡੱਕਿਆ ਰੋਣਾ ਛੁੱਟਿਆ,
ਕੋਈ ਸੁਣਨ ਵਾਲਾ ਨਾ ਰਿਹਾ ਕੋਲ।
ਸਾਈਂ ਛੱਡ ਅਧਵਾਟੇ ਤੁਰ ਗਿਆ,
ਬੱਚਿਆਂ ਦਿੱਤਾ ਬੁਢਾਪਾ ਰੋਲ।
**-ਦਵਿੰਦਰ ਕੌਰ**

---

ਹਾਏ ਰੱਬਾ! ਕਿੱਥੇ ਲਿਆ ਖੜ੍ਹਾ ਕੀਤਾ
ਜ਼ਿੰਦਗੀ ਦੇ ਅੰਨ੍ਹੇ ਮੋੜ 'ਤੇ।
ਪੂੰਜੀਵਾਦੀ ਲਹਿਰ ਤੇ ਮਹਾਮਾਰੀ ਕਹਿਰ ਨੇ
ਅੱਖੀਆਂ ਦੇ ਕੋਇਆਂ ਦੇ ਹੰਝੂ ਨਿਚੋੜ'ਤੇ।
ਰਿਸ਼ਤਿਆਂ ਅਤੇ ਹਮਦਰਦੀ ਦੀਆਂ ਸਾਂਝਾਂ
ਵਿਕਣ ਲੱਗੀਆਂ ਸ਼ੁਰੇ-ਬਾਜ਼ਾਰ।
ਬੇਸਹਾਰਾ ਮਾਂ ਕੀਹਦਾ ਤੱਕੇ ਆਸਰਾ
ਰੋ ਰੋ ਕੇ ਹੋਈ ਆਵਾਜ਼ਾਰ।
**-ਅਮਰਜੀਤ ਸਿੰਘ ਤੂਰ**
**ਪਿੰਡ ਕੁਲਬੁਰਛਾ, ਪਟਿਆਲਾ।**
**ਫੋਨ: 91-98784-69639**

---

ਆਏ ਤੁਫਾਨ, ਮਹਾਮਾਰੀਆਂ
ਮਲੀਆ ਮੇਟ ਹੋ ਗਿਆ ਸਭ ਕੁਝ।
ਰੋਣਾ-ਧੋਣਾ ਮਸਲੇ ਹੱਲ ਦਾ ਕਰਦਾ।
ਸੱਚਾਈ ਹੈ ਕਹਾਣ 'ਚ
"ਜੇ ਤੁਸੀਂ ਹੱਸੋ, ਸਭ ਨਾਲ ਹੱਸਦੇ ਹਨ
ਜੇ ਤੁਸੀਂ ਰੋਵੋ, ਸਿਰਫ ਇਕੱਲੇ ਹੀ ਰੋਂਦੇ ਹੋ।"
ਠੰਢੇ ਦਿਲ ਨਾਲ ਹੱਲ ਲੱਭਣਾ ਪੈਣਾ।
**-ਦਰਸ਼ਨਪਾਲ ਦੋਸਾਂਝ**

# ਪਹਿਲੀ ਆਲਮੀ ਜੰਗ ਦੀ ਇੱਕ ਕਵਿਤਾ 'ਇਨ ਦੀ ਫਲੈਂਡਰਜ਼ ਫੀਲਡਜ਼'



**ਗੁਰਮੀਤ ਕੜਿਆਲਵੀ**
ਫੋਨ: 91-98726-40994

ਜੌਹਨ ਮੈਕਰੇਅ ਲਿਖਤ 'ਇਨ ਫਲੈਂਡਰਜ਼ ਫੀਲਡਜ਼' ਪਹਿਲੀ ਸੰਸਾਰ ਜੰਗ ਦੇ ਦਿਨਾਂ 'ਚ ਸਭ ਤੋਂ ਵੱਧ ਪੜ੍ਹੀ ਜਾਣ ਵਾਲੀ ਨਜ਼ਮ ਹੈ। ਫਲੈਂਡਰਜ਼ ਬੈਲਜੀਅਮ ਦਾ ਉਹ ਇਲਾਕਾ ਹੈ, ਜਿਹੜਾ ਪਹਿਲੇ ਵਿਸ਼ਵ ਯੁੱਧ ਦਾ ਅਖਾੜਾ ਬਣਿਆ ਰਿਹਾ। ਇਹ ਇਲਾਕਾ ਪੋਸਤ (ਪੋਪੀਜ਼) ਦੇ ਲਾਲ ਸੂਹੇ ਫੁੱਲਾਂ ਲਈ ਜਾਣਿਆ ਜਾਂਦਾ ਹੈ।

ਲੈਫਟੀਨੈਂਟ ਕਰਨਲ ਜੌਹਨ ਮੈਕਰੇਅ ਨੇ ਇਹ ਮਸ਼ਹੂਰ ਨਜ਼ਮ ਵਾਈਪਰੈਸ ਜੰਗ ਦੇ ਮੈਦਾਨ 'ਚ ਇੱਕ ਮੋਰਚੇ ਵਿਚ ਬੈਠਿਆਂ ਲਿਖੀ ਸੀ। ਉਹ ਮਿੱਤਰ ਦੇਸ਼ਾਂ ਵਲੋਂ ਲੜ ਰਹੀ ਕੈਨੇਡੀਅਨ ਫੌਜ ਵਿਚ ਇੱਕ ਡਾਕਟਰ ਵਜੋਂ ਮੂਹਰਲੀ ਕਤਾਰ ਵਿਚ ਹੋ ਕੇ ਲੜ ਰਿਹਾ ਸੀ। 2 ਮਈ 1915 ਨੂੰ ਮੈਕਗਿਲ ਯੂਨੀਵਰਸਿਟੀ 'ਚ ਉਸ ਦਾ ਵਿਦਿਆਰਥੀ ਤੇ ਫਿਰ ਕੁਲੀਗ ਬਣਿਆ ਅਲੈਕਸ ਹੈਲਮਰ ਉਸ ਦੀਆਂ ਅੱਖਾਂ ਸਾਹਮਣੇ ਮਾਰਿਆ ਗਿਆ। ਕਿਧਰੋਂ ਤੋਪ ਦਾ ਗੋਲਾ ਆਇਆ, ਜਿਸ ਨੇ ਬਾਈ ਸਾਲਾਂ ਦੇ ਲੈਫਟੀਨੈਂਟ ਅਲੈਕਸ ਦੇ ਸਰੀਰ ਨੂੰ ਚੀਥੜੇ ਚੀਥੜੇ ਕਰਕੇ ਦੂਰ ਦੂਰ ਤੱਕ ਖਿਲਾਰ ਦਿੱਤਾ। ਉਸ ਦੇ ਸਰੀਰ ਦੇ ਛੋਟੇ ਛੋਟੇ ਟੁਕੜਿਆਂ ਨੂੰ ਇਕੱਠਾ ਕੀਤਾ ਗਿਆ ਤੇ ਅੱਧੀ ਰਾਤ ਨੂੰ ਦਫਨਾ ਦਿੱਤਾ। ਕੋਈ ਦੂਆ ਪੜ੍ਹਨ ਵਾਲਾ ਵੀ ਨਹੀਂ ਸੀ। ਆਲੇ-ਦੁਆਲੇ ਗੋਲੀਆਂ ਦਾ ਖੜਾਕ ਸੀ। ਦੁਸ਼ਮਣ ਸ਼ਹਿ ਲਾਈ ਬੈਠਾ ਸੀ। ਦਹਿਸ਼ਤ ਸੀ, ਭੈਅ ਸੀ ਤੇ ਜ਼ਿੰਦਗੀ ਸਹਿਕ ਰਹੀ ਸੀ। ਮੌਤ ਤਾਂਡਵ ਨਾਚ ਨੱਚ ਰਹੀ ਸੀ। ਜੌਹਨ ਮੈਕਰੇਅ ਆਪਣੇ ਦੋਸਤ ਦੀਆਂ ਅੰਤਿਮ ਰਸਮਾਂ ਕਰ ਰਿਹਾ ਸੀ।

ਇਸੇ ਤਾਂਡਵ ਤੇ ਭੈਅ ਨੇ ਅੱਗੇ ਚੱਲ ਕੇ ਜੌਹਨ ਵਲੋਂ ਲਿਖੀ ਜਾਣ ਵਾਲੀ ਨਜ਼ਮ ਵਿਚ ਆ ਡੇਰੇ ਲਾਉਣੇ ਸਨ। ਫਲੈਂਡਰਜ਼ ਦੇ ਮੈਦਾਨਾਂ 'ਚ ਪੋਸਤ (ਪੋਪੀਜ਼) ਦੇ ਖਿੜੇ ਹੋਏ ਫੁੱਲਾਂ ਦੀਆਂ ਕਤਾਰਾਂ ਬਿਲਕੁੱਲ ਉਵੇਂ ਦਿਖਾਈ ਦਿੰਦੀਆਂ ਹਨ, ਜਿਵੇਂ ਜੰਗ ਵਿਚ ਮਾਰੇ ਗਏ ਸਿਪਾਹੀਆਂ ਤੇ ਸਿਵਲੀਅਨਾਂ ਦੀਆਂ ਕਬਰਾਂ ਦਿਖਾਈ ਦਿੰਦੀਆਂ ਹਨ। ਲਾਰਕਾਂ ਮਿੱਠੀ ਆਵਾਜ਼ 'ਚ ਗਾਉਂਦੀਆਂ ਫਿਰਦੀਆਂ ਸਨ। ਬੰਦੂਕਾਂ 'ਚੋਂ ਨਿਕਲਦੀਆਂ ਗੋਲੀਆਂ ਨਾਲੋਂ ਲਾਰਕਾਂ ਦੀ ਆਵਾਜ਼ ਉੱਚੀ ਸੀ। ਜੌਹਨ ਡੂੰਘੇ ਸਦਮੇ 'ਚ ਸੀ। ਉਹ ਜ਼ਿੰਦਗੀ-ਮੌਤ ਦੇ ਸਵਾਲਾਂ ਦੇ ਰੁਬਰੂ ਹੋ ਰਿਹਾ ਸੀ। ਕਬਰਾਂ ਅਤੇ ਫੁੱਲਾਂ ਦੀਆਂ ਕਤਾਰਾਂ ਨੂੰ ਵੇਖ ਕੇ ਉਸ ਨੂੰ ਕੁਦਰਤ ਦੇ ਚੱਕਰ ਦੀ ਸਮਝ ਪੈਂਦੀ ਹੈ ਕਿ ਜ਼ਿੰਦਗੀ ਮੌਤ ਦੇ ਨਾਲ ਨਾਲ ਤੁਰਦੀ ਹੈ।

ਜੌਹਨ ਲਾਰਕਾਂ ਦੇ ਗੀਤਾਂ ਨੂੰ ਨੀਝ ਨਾਲ ਸੁਣਦਾ ਹੈ। ਉਸ ਨੂੰ ਮਹਿਸੂਸ ਹੁੰਦਾ ਹੈ ਕਿ ਲਾਰਕਾਂ ਯੁੱਧ 'ਚ ਮਾਰੇ ਗਏ ਲੋਕਾਂ ਦੀ ਯਾਦ 'ਚ ਬਹਾਦਰੀ ਦੇ ਗੀਤ ਗਾ ਰਹੀਆਂ ਹਨ। ਅਲੈਕਸ ਦੀ ਮੌਤ ਦੇ ਅਗਲੇ ਦਿਨ ਹੀ ਜੌਹਨ ਮੋਰਚੇ 'ਚ ਬੈਠ ਕੇ ਨਜ਼ਮ ਲਿਖਣੀ ਸ਼ੁਰੂ ਕਰਦਾ ਹੈ। ਪਲਾਂ ਛਿਣਾਂ 'ਚ ਹੀ ਨਜ਼ਮ 'ਇਨ ਫਲੈਂਡਰਜ਼ ਫੀਲਡਜ਼' ਕਾਗਜ਼ 'ਤੇ ਉੱਤਰ ਆਉਂਦੀ ਹੈ। ਉਹ ਯੁੱਧ 'ਚ ਮਾਰੇ ਗਏ ਸਿਪਾਹੀਆਂ ਵਲੋਂ ਲੋਕਾਂ ਨੂੰ ਸੰਬੋਧਨ ਹੁੰਦਾ ਹੈ।

ਤਿੰਨ ਪੈਰ੍ਹਿਆਂ ਦੀ ਇਸ ਕਵਿਤਾ ਦੀਆਂ ਸਿਰਫ ਪੰਦਰਾਂ ਸਤਰਾਂ ਹਨ। ਪੰਜ ਸਤਰਾਂ ਦੇ ਪਹਿਲੇ ਪੈਰ੍ਹੇ 'ਚ ਉਹ ਫਲੈਂਡਰਜ਼ ਦੇ ਮੈਦਾਨਾਂ 'ਚ ਕਬਰਾਂ ਦੇ ਵਿਚਕਾਰ ਕਤਾਰਾਂ ਬੰਨ੍ਹੀ ਖਿੜੇ ਹੋਏ ਪੋਸਤ ਦੇ ਫੁੱਲਾਂ ਦਾ ਵਰਣਨ ਕਰਦਾ ਹੈ। ਚਾਰ ਚੁਫੇਰੇ ਬੰਦੂਕਾਂ 'ਚੋਂ ਨਿਕਲੀਆਂ ਗੋਲੀਆਂ ਦਾ ਖੜਾਕ ਹੈ। ਇਸ ਖੜਾਕ 'ਚ ਵੀ ਲਾਰਕਾਂ (ਬਹੁਤ ਮਿੱਠੀ ਆਵਾਜ਼ 'ਚ ਗਾਉਣ ਵਾਲਾ ਪੰਛੀ) ਗਾ ਰਹੀਆਂ ਹਨ। ਇਹ ਯੁੱਧ 'ਚ ਕੰਮ ਲੋਕਾਂ ਲਈ ਬਹਾਦਰੀ ਭਰੇ ਗੀਤ ਹਨ।

ਚਾਰ ਸਤਰੇ ਦੂਜੇ ਪੈਰ੍ਹੇ 'ਚ ਜੌਹਨ ਜੰਗ ਦੀ ਭਿਆਨਕਤਾ ਨੂੰ ਸਾਹਮਣੇ ਹੈ ਲਿਆਉਂਦਾ ਹੈ। ਯੁੱਧ ਦਾ ਸਾਰਾ ਰੋਮਾਂਸ ਖਤਮ ਹੋ ਚੁਕਾ ਹੈ। ਜੋ ਅਜੇ ਕੁਝ ਦਿਨ ਪਹਿਲਾਂ ਤੱਕ ਸਾਹ ਲੈਂਦੇ ਸਨ, ਜਿਉਂਦੇ ਸਨ ਤੇ ਸੂਰਜ ਨੂੰ ਚੜ੍ਹਦਿਆਂ-ਛਿਪਦਿਆਂ ਦੇਖਦੇ ਸਨ; ਹੁਣ ਲਾਸ਼ਾਂ ਬਣ ਫਲੈਂਡਰਜ਼ ਦੇ ਮੈਦਾਨਾਂ 'ਚ ਪਏ ਹਨ।

ਨਜ਼ਮ ਦੇ ਅਖੀਰਲੇ ਪੈਰ੍ਹੇ ਦੀਆਂ ਕੁੱਲ 6 ਸਤਰਾਂ ਹਨ। ਸਿਪਾਹੀ ਆਪਣੇ ਲੋਕਾਂ ਨੂੰ ਮੁਖਾਤਿਬ ਹੋ ਰਿਹਾ ਹੈ ਕਿ ਉਹ ਜੋ ਹੁਣ ਖੁੱਲ੍ਹੇ ਹੱਥਾਂ ਨਾਲ ਲਾਸ਼ ਬਣੇ ਪਏ ਹਨ, ਤੁਹਾਡੀ ਖਾਤਰ ਲੜਦੇ ਮਰੇ ਹਨ। ਲੋਕਾਂ ਨੂੰ ਉਨ੍ਹਾਂ ਦੇ ਖੁੱਲ੍ਹੇ ਹੱਥਾਂ ਤੋਂ ਰੌਸ਼ਨੀ ਲੈਣੀ ਚਾਹੀਦੀ ਹੈ। ਜਿਨ੍ਹਾਂ ਸ਼ਕਤੀਆਂ ਨੇ ਤਬਾਹ ਕੀਤਾ ਹੈ, ਉਨ੍ਹਾਂ ਖਿਲਾਫ ਖੜ੍ਹਨ ਅਤੇ ਲੜਨ ਦੀ ਵਾਰੀ ਹੁਣ ਤੁਹਾਡੀ ਹੈ। ਜੌਹਨ ਮਾਰੇ ਗਏ ਸਿਪਾਹੀਆਂ ਵਲੋਂ ਲੋਕਾਂ ਨੂੰ ਇੱਕ ਵੇਦਨਾ ਭਰਪੂਰ ਵੰਗਾਰ ਪਾਉਂਦਾ ਹੈ ਕਿ ਜੇ ਤੁਸੀਂ ਸਾਡੇ 'ਚ ਵਿਸ਼ਵਾਸ ਨਾ ਵੀ ਰੱਖਿਆ ਭਾਵ ਸਾਡੇ ਆਖੇ ਦੁਸ਼ਮਣਾਂ ਖਿਲਾਫ ਨਾ ਵੀ ਲੜੇ, ਤਾਂ ਵੀ ਅਸੀਂ ਕਬਰਾਂ 'ਚ ਆਰਾਮ ਨਾਲ ਨਹੀਂ ਸੌਂਵਾਂਗੇ। ਅਸੀਂ ਫਲੈਂਡਰਜ਼ ਦੇ ਮੈਦਾਨਾਂ 'ਚ ਪੋਪੀਜ਼ ਦੇ ਫੁੱਲਾਂ ਨਾਲ ਉੱਗਦੇ ਰਹਾਂਗੇ।

'ਇਨ ਫਲੈਂਡਰਜ਼ ਫੀਲਡਜ਼' 'ਚ ਮੈਕਰੇਅ ਨੇ ਪੋਸਤ ਦੇ ਫੁੱਲਾਂ ਨੂੰ ਸ਼ਾਂਤੀ ਅਤੇ ਮੌਤ ਦੇ ਪ੍ਰਤੀਕ ਵਜੋਂ ਪੇਸ਼ ਕੀਤਾ ਹੈ। ਉਹ ਆਖਦਾ ਹੈ ਕਿ ਮੌਤ ਕਦੇ ਵੀ ਜ਼ਿੰਦਗੀ ਨੂੰ ਖਤਮ ਨਹੀਂ ਕਰਦੀ। ਇਹ ਦੋਵੇਂ ਇੱਕ ਦੂਜੇ 'ਚ ਅਭੇਦ ਹਨ। ਮੌਤ ਤੋਂ ਬਾਅਦ ਜ਼ਿੰਦਗੀ ਮੁੜ ਹੁਲਾਰਾ ਲੈਂਦੀ ਹੈ।

ਇੱਕ ਸਿਪਾਹੀ, ਸ਼ਾਇਰ ਅਤੇ ਡਾਕਟਰ ਜੌਹਨ ਮੈਕਰੇਅ ਵਲੋਂ ਲਿਖੀ ਕਵਿਤਾ ਪਹਿਲੀ ਵਾਰ 8 ਦਸੰਬਰ 1915 ਨੂੰ ਲੰਡਨ ਤੋਂ ਛਪਦੇ 'ਪੰਚ' ਨਾਂ ਦੇ ਮੈਗਜ਼ੀਨ 'ਚ ਪ੍ਰਕਾਸ਼ਿਤ ਹੋਈ। ਨਜ਼ਮ ਦੇ ਛਪਦਿਆਂ ਹੀ ਇਸ ਦੀ ਪ੍ਰਸਿੱਧੀ ਅੱਗ ਵਾਂਗ ਫੈਲ ਗਈ। ਨਜ਼ਮ ਸਬੰਧੀ ਹਜ਼ਾਰਾਂ ਹੀ ਖਤ ਤੇ ਟੈਲੀਗ੍ਰਾਮਾਂ ਮੈਗਜ਼ੀਨ ਅਤੇ ਲੇਖਕ ਨੂੰ ਪ੍ਰਾਪਤ ਹੋਈਆਂ।

ਨਜ਼ਮ ਸਿਪਾਹੀ ਦੇ ਬਲੀਦਾਨ ਦੀ ਪ੍ਰਤੀਕ ਬਣ ਗਈ। ਜੌਹਨ ਨੇ ਬੇਮੌਤ ਮਾਰੇ ਗਏ ਹਜ਼ਾਰਾਂ ਲੱਖਾਂ ਸਿਪਾਹੀਆਂ ਦੀ ਹੋਣੀ ਨੂੰ ਜ਼ੁਬਾਨ ਦਿੱਤੀ ਸੀ। ਬਹੁਤ ਛੇਤੀ ਇਸ ਦਾ ਸੰਸਾਰ ਦੀਆਂ ਕਈ ਭਾਸ਼ਾਵਾਂ 'ਚ ਅਨੁਵਾਦ ਹੋ ਗਿਆ। ਇਸ ਨੂੰ ਯੁੱਧ ਦੀ ਭਿਆਨਕਤਾ ਖਿਲਾਫ ਸੰਸਾਰ ਨੂੰ ਅਪੀਲ ਸਮਝਿਆ ਗਿਆ। ਨਜ਼ਮ ਪਹਿਲੀ ਆਲਮੀ ਜੰਗ ਦੇ ਦਿਨਾਂ 'ਚ ਸਭ ਤੋਂ ਵੱਧ ਕੋਟ ਕਰਨ ਵਾਲੀ ਨਜ਼ਮ ਬਣ ਗਈ। ਇਸ ਨੂੰ ਜ਼ਖਮੀਆਂ ਦੇ ਇਲਾਜ ਲਈ ਰਾਸ਼ੀ ਇਕੱਠੀ ਕਰਨ ਲਈ ਵਰਤਿਆ ਗਿਆ। ਬ੍ਰਿਟੇਨ 'ਚ ਇਸ ਨੂੰ ਜਰਮਨੀ ਖਿਲਾਫ ਲੜ ਰਹੇ ਸਿਪਾਹੀਆਂ 'ਚ ਜੋਸ਼ ਭਰਨ ਦਾ ਸਾਧਨ ਬਣਾਇਆ।

ਸਾਲ 1919 'ਚ 'ਇਨ ਫਲੈਂਡਰਜ਼ ਫੀਲਡਜ਼ ਤੇ ਹੋਰ ਕਵਿਤਾਵਾਂ' ਨਾਂ ਦੀ ਪੁਸਤਕ 'ਚ ਨਜ਼ਮ ਪ੍ਰਕਾਸ਼ਿਤ ਹੋਈ। ਨਜ਼ਮ ਕਾਮਨਵੈਲਥ ਦੇਸ਼ਾਂ ਖਾਸ ਕਰ ਕੈਨੇਡਾ, ਆਸਟਰੇਲੀਆ, ਨਿਊਜ਼ੀਲੈਂਡ, ਦੱਖਣੀ ਅਮਰੀਕਾ ਆਦਿ ਅੱਜ ਵੀ ਬਹੁਤ ਸਤਿਕਾਰੀ ਜਾਂਦੀ ਹੈ। ਕੈਨੇਡਾ 'ਚ ਤਾਂ ਨਜ਼ਮ ਨੂੰ ਸ਼ਾਹਕਾਰ ਕਿਰਤ ਵਜੋਂ ਜਾਣਿਆ ਜਾਂਦਾ ਹੈ। ਅਮਰੀਕਾ 'ਚ ਵੀ ਇਹ ਵਿਸ਼ੇਸ਼ ਦਿਨਾਂ ਮੌਕੇ ਪੜ੍ਹੀ ਤੇ ਗਾਈ ਜਾਂਦੀ ਹੈ।

'ਇਨ ਫਲੈਂਡਰਜ਼ ਫੀਲਡਜ਼' ਦੀ ਜਿੰਨੀ ਜ਼ਿਆਦਾ ਮਸ਼ਹੂਰੀ ਹੋਈ, ਓਨੀ ਹੀ ਜ਼ਿਆਦਾ ਆਲੋਚਨਾ ਵੀ ਹੋਈ। ਇਸ ਨੂੰ ਜੰਗ ਵਿਚ ਹੋਈ ਤਬਾਹੀ ਅਤੇ ਮੌਤਾਂ ਨੂੰ ਵਡਿਆਉਣ ਵਾਲੀ ਨਜ਼ਮ ਕਿਹਾ ਗਿਆ। ਆਖਿਆ ਗਿਆ ਕਿ ਜੌਹਨ ਨੇ ਅਖੀਰਲੇ ਪੈਰ੍ਹੇ 'ਚ ਲੋਕਾਂ ਨੂੰ ਹਥਿਆਰਾਂ ਲਈ ਸੱਦਾ ਦਿੱਤਾ ਹੈ। ਉਹ ਪਾਠਕਾਂ ਨੂੰ ਸੱਦਾ ਦਿੰਦਾ ਹੈ ਕਿ ਅਜੇ ਵੀ ਜਿੱਤ ਦੀਆਂ ਬਹੁਤ ਸੰਭਾਵਨਾਵਾਂ ਹਨ ਤੇ ਉਨ੍ਹਾਂ ਨੂੰ ਹਥਿਆਰ ਚੁੱਕ ਕੇ ਦੁਸ਼ਮਣਾਂ ਖਿਲਾਫ ਲੜਨਾ ਚਾਹੀਦਾ ਹੈ। ਕੈਨੇਡਾ ਦੀਆਂ 1917 'ਚ ਹੋਣ ਵਾਲੀਆਂ ਫੈਡਰਲ ਚੋਣਾਂ ਸਮੇਂ ਇਹ ਨਜ਼ਮ ਵਿਵਾਦ ਦਾ ਵੱਡਾ ਮੁੱਦਾ ਬਣੀ, ਜਦੋਂ ਪ੍ਰਧਾਨ ਮੰਤਰੀ ਰੌਬਰਟ ਬੋਰਡਨ ਦੀ ਅਗਵਾਈ ਵਾਲੀ ਯੂਨੀਅਨਿਸਟ ਪਾਰਟੀ ਨੇ ਇਸ ਨੂੰ ਪ੍ਰਾਪੇਗੰਡੇ ਦਾ ਸਾਧਨ ਬਣਾ ਲਿਆ। ਯੂਨੀਅਨਿਸਟ ਪਾਰਟੀ ਨੇ ਲਿਬਰਲ ਪਾਰਟੀ ਨੂੰ ਕਰਾਰੀ ਹਾਰ ਦੇ ਕੇ ਮੁੜ ਸਰਕਾਰ ਬਣਾ ਲਈ ਸੀ। ਉਦੋਂ ਇਸ ਨਜ਼ਮ ਨੂੰ ਇਸ ਜਿੱਤ ਦਾ ਮਹੱਤਵਪੂਰਨ ਕਾਰਨ ਮੰਨਿਆ ਗਿਆ ਸੀ।


'ਇਨ ਫਲੈਂਡਰਜ਼ ਫੀਲਡਜ਼' ਦੇ ਰਚਨਹਾਰੇ ਲੈਫਟੀਨੈਂਟ ਕਰਨਲ ਜੌਹਨ ਮੈਕਰੇਅ ਨੂੰ ਕੈਨੇਡਾ 'ਚ ਨਾਇਕ ਜਿਹਾ ਸਤਿਕਾਰ ਦਿੱਤਾ ਗਿਆ ਹੈ। ਕੈਨੇਡਾ ਦੇ ਓਨਟਾਰੀਓ ਸੂਬੇ ਦਾ ਛੋਟਾ, ਪਰ ਖੂਬਸੂਰਤ ਸ਼ਹਿਰ 'ਗਲਫ' ਉਸ ਦੀ ਜਨਮ ਭੂਮੀ ਹੈ। ਜੌਹਨ ਨੇ 30 ਨਵੰਬਰ 1872 ਨੂੰ ਇੱਕ ਮਿਲਟਰੀ ਅਧਿਕਾਰੀ ਦੇ ਘਰ ਮਾਂ ਜੈਨੇਟ ਦੀ ਕੁੱਖੋਂ ਜਨਮ ਲਿਆ। ਟੋਰਾਂਟੋ ਯੂਨੀਵਰਸਿਟੀ ਤੋਂ ਸਾਇੰਸ ਦੀ ਪੜ੍ਹਾਈ ਪੂਰੀ ਕਰਨ ਉਪਰੰਤ ਸਾਲ 1900 'ਚ ਦੱਖਣੀ ਅਫਰੀਕਾ 'ਚ ਹੋ ਰਹੇ ਬੋਅਰ ਯੁੱਧ 'ਚ ਵਾਲੰਟੀਅਰ ਵਜੋਂ ਚਲਾ ਗਿਆ। ਅਗਲੇ ਸਾਲ ਮੌਂਟਰੀਅਲ ਦੀ ਮਸ਼ਹੂਰ ਮੈਕਗਿਲ ਯੂਨੀਵਰਸਿਟੀ 'ਚ ਪੈਥਾਲੋਜੀ ਦੀ ਪੜ੍ਹਾਈ ਲਈ ਦਾਖਲਾ ਲਿਆ। ਜੌਹਨ ਮੈਕਰੇਅ 1914 ਤੱਕ ਇੱਥੇ ਹੀ ਪੜ੍ਹਿਆ ਤੇ ਫਿਰ ਪੜ੍ਹਾਇਆ। ਉਹ ਇੱਕ ਕਾਬਲ ਸਰਜਨ ਵਜੋਂ ਜਾਣਿਆ ਜਾਂਦਾ ਸੀ। ਉਸ ਨੇ 30 ਦੇ ਕਰੀਬ ਖੋਜ ਪੇਪਰ ਲਿਖੇ।

1914 ਦੇ ਅਖੀਰ 'ਚ ਉਹ ਕੈਨੇਡੀਅਨ ਮਿਲਟਰੀ 'ਚ ਬਤੌਰ ਮੈਡੀਕਲ ਅਫਸਰ ਭਰਤੀ ਹੋ ਕੇ ਬੈਲਜੀਅਮ ਦੇ ਫਲੈਂਡਰਜ਼ ਮੈਦਾਨਾਂ 'ਚ ਚਲਾ ਗਿਆ, ਜਿੱਥੇ ਪਹਿਲੀ ਆਲਮੀ ਜੰਗ ਦਾ ਘਮਸਾਣ ਮੱਚਿਆ ਹੋਇਆ ਸੀ। ਸਰਜਨ ਵਜੋਂ ਉਸ ਨੇ ਜੰਗ 'ਚ ਹਜ਼ਾਰਾਂ ਜ਼ਖਮੀ ਫੌਜੀਆਂ ਦਾ ਇਲਾਜ ਕੀਤਾ। ਇਨ੍ਹਾਂ 'ਚ ਬਹੁਤ ਵੱਡੀ ਗਿਣਤੀ ਆਮ ਨਾਗਰਿਕਾਂ ਦੀ ਵੀ ਸੀ, ਜਿਹੜੇ ਜਰਮਨਾਂ ਵਲੋਂ ਛੱਡੀ ਗਈ ਕਲੋਰੀਨ ਗੈਸ ਦੇ ਹਮਲੇ 'ਚ ਬੁਰੀ ਤਰ੍ਹਾਂ ਜ਼ਖਮੀ ਹੋਏ ਸਨ। ਗਰਮੀਆਂ ਦੀ ਚਮਕਦੀ ਧੁੱਪ 'ਚ ਜਰਮਨੀਆਂ ਨੇ ਗੈਸ ਕਨਟੇਨਰਾਂ ਦੇ ਮੂੰਹ ਖੋਲ੍ਹ ਦਿੱਤੇ ਸਨ, ਜਿਸ ਨਾਲ ਹਜ਼ਾਰਾਂ ਲੋਕ ਦਮ ਘੁੱਟਣ ਨਾਲ ਮਾਰੇ ਗਏ। ਸਾਹ ਘੁੱਟ ਹੋ ਜਾਣ ਤੋਂ ਡਰਦੇ ਲੋਕ ਖੁੱਲ੍ਹੀ ਹਵਾ 'ਚ ਦੌੜਦੇ ਤਾਂ ਗੋਲੀਆਂ ਉਨ੍ਹਾਂ ਦਾ ਸਵਾਗਤ ਕਰਦੀਆਂ।

ਗੋਲੀਆਂ ਦੀ ਛਾਂ ਥੱਲੇ ਜਿੱਥੇ ਪਲ ਪਲ ਮੌਤ ਦਾ ਦੈਂਤ ਉਨ੍ਹਾਂ ਦਾ ਪਿੱਛਾ ਕਰਦਾ ਸੀ, ਜੌਹਨ ਨੇ ਆਪਣੀ ਮਾਂ ਜੈਨੇਟ ਨੂੰ ਖਤ ਲਿਖਿਆ, "ਅਸੀਂ ਜੰਗ ਦੇ ਅਤਿ ਘਿਨਾਉਣੇ ਜਬਾੜੇ 'ਚ ਹਾਂ। ਸਤਾਰਾਂ ਦਿਨ ਤੇ ਸਤਾਰਾਂ ਰਾਤਾਂ ਹੋ ਗਈਆਂ ਹਨ, ਅਸੀਂ ਕੱਪੜੇ ਨਹੀਂ ਬਦਲੇ। ਇੱਥੋਂ ਤੱਕ ਕੇ ਕੁਝ ਖਾਸ ਮੌਕਿਆਂ ਨੂੰ ਛੱਡ ਕੇ ਬੂਟ ਵੀ ਨਹੀਂ ਲਾਹੇ। ਸਾਡੇ ਆਲੇ ਦੁਆਲੇ ਲੋਥਾਂ ਅਤੇ ਚੀਕਦੇ ਕੁਰਲਾਉਂਦੇ ਜ਼ਖਮੀ ਹਨ।"



*ਜੌਹਨ ਮੈਕਰੇਅ ਅਤੇ (ਹੇਠਾਂ) ਉਸ ਦੀ ਲਿਖੀ ਕਵਿਤਾ ਦੀ ਹੱਥ-ਲਿਖਤ*



In Flanders Fields

In Flanders fields the poppies blow
Between the crosses, row on row
That mark our place; and in the sky
The larks, still bravely singing, fly
Scarce heard amid the guns below.

We are the Dead. Short days ago
We lived, felt dawn, saw sunset glow,
Loved, and were loved, and now we l
In Flanders fields.

Take up our quarrel with the foe:
To you from failing hands we throw
The torch; be yours to hold it high.
If ye break faith with us who die
We shall not sleep, though poppies grow
In Flanders fields

John M'Cra

Punch
Dec 8 1915

ਜੌਹਨ ਬਹੁਤ ਸੰਵੇਦਨਸ਼ੀਲ ਸੀ। ਉਦੋਂ ਉਹ ਅਜੇ 17 ਸਾਲਾਂ ਦਾ ਸੀ, ਜਦੋਂ ਆਪਣੇ ਦੋਸਤ ਦੀ ਭੈਣ ਐਲਿਸ ਮੈਕਰੇਅ ਨੂੰ ਪਿਆਰ ਕਰਨ ਲੱਗਿਆ। ਐਲਿਸ ਉਦੋਂ 19 ਵਰ੍ਹਿਆਂ ਦੀ ਹੁੰਦੜਹੇਲ ਮੁਟਿਆਰ ਸੀ। ਬਹੁਤ ਛੇਤੀ ਐਲਿਸ ਦੀ ਟਾਈਫਾਈਡ ਨਾਲ ਮੌਤ ਹੋ ਗਈ। ਜੌਹਨ ਦਾ ਪਿਆਰ ਅੱਧਵਾਟੇ ਹੀ ਰਹਿ ਗਿਆ। ਜੌਹਨ ਲਈ ਇਹ ਤੋੜ ਕੇ ਰੱਖ ਦੇਣ ਵਾਲਾ ਸਦਮਾ ਸੀ। ਉਸ ਨੇ ਆਪਣੀ ਮਾਂ ਨੂੰ ਇਸ ਸਦਮੇ ਬਾਰੇ ਲਿਖਿਆ। ਐਲਿਸ ਦੀ ਯਾਦ 'ਚ ਜੌਹਨ ਨੇ ਨਜ਼ਮ 'ਦਾ ਹੋਪ ਆਫ ਮਾਈ ਹਾਰਟ' ਲਿਖੀ, ਜੋ 1894 'ਚ ਸਟੂਡੈਂਟ ਮੈਗਜ਼ੀਨ 'ਚ ਛਪੀ। ਉਸ ਤੋਂ ਬਾਅਦ ਹੋਰ ਵੀ ਉਦਾਸ ਕਵਿਤਾਵਾਂ ਲਿਖੀਆਂ, ਜਿਨ੍ਹਾਂ 'ਚ ਆਪਣੇ ਸ਼ਿਵ ਕੁਮਾਰ ਜਿਹਾ ਰੰਗ ਹੈ। 'ਮੌਤ' ਉਸ ਦੀਆਂ ਕਵਿਤਾਵਾਂ ਦਾ ਕੇਂਦਰੀ ਧੁਰਾ ਬਣ ਗਈ।

ਜੌਹਨ ਮੈਕਰੇਅ ਜੀਵ ਜੰਤੂਆਂ ਤੇ ਕੁਦਰਤ ਨੂੰ ਬਹੁਤ ਪਿਆਰ ਕਰਦਾ ਸੀ। ਸ਼ਾਇਰੀ, ਸੰਗੀਤ ਅਤੇ ਚਿਤਰਕਾਰੀ ਦਾ ਵੀ ਆਸ਼ਕ ਸੀ। ਉਸ ਨੇ ਕਵਿਤਾਵਾਂ ਦੇ ਨਾਲ ਨਾਲ ਨਾਟਕ, ਖਤ ਅਤੇ ਡਾਇਰੀ ਵੀ ਲਿਖੇ। ਜੰਗ ਦੇ ਮੈਦਾਨ 'ਚੋਂ ਹਫਤੇ 'ਚ ਦੋ ਵਾਰ ਮਾਂ ਨੂੰ ਖਤ ਲਿਖਦਾ। ਨਾਟਕਾਂ 'ਚ ਅਸਲ ਪਾਤਰਾਂ ਨੂੰ ਚਿਤਰਨ 'ਚ ਯਕੀਨ ਰੱਖਦਾ ਸੀ। ਉਹ ਲਿਖਦਾ ਹੈ, "ਮੈਂ ਜਦੋਂ ਕਦੇ ਨਵੇਂ ਕਾਲਪਨਿਕ ਪਾਤਰ ਦੀ ਖੋਜ ਕਰਦਾ ਹਾਂ ਤਾਂ ਬਹੁਤ ਸਾਰਾ ਆਪਣੇ ਆਪ ਨੂੰ ਇਸ 'ਚ ਸ਼ਾਮਿਲ ਕਰ ਲੈਂਦਾ ਹਾਂ। ਅਸਲ ਪਾਤਰਾਂ ਦੇ ਘੜਨ ਸਮੇਂ ਮੈਂ ਬੜੀ ਮੁਸ਼ਕਿਲ ਨਾਲ ਉਨ੍ਹਾਂ 'ਚ ਸ਼ਾਮਿਲ ਹੁੰਦਾ ਹਾਂ।"

ਜੂਨ 1915 'ਚ ਜੌਹਨ ਮੈਕਰੇਅ ਨੂੰ ਬੋਲੋਗੇਨ (ਫਰਾਂਸ) ਦੇ ਕੈਨੇਡੀਅਨ ਜਨਰਲ ਹਸਪਤਾਲ 'ਚ ਲੈਫਟੀਨੈਂਟ ਕਰਨਲ ਵਜੋਂ ਮੈਡੀਸਨ ਦਾ ਇੰਚਾਰਜ ਬਣਾ ਦਿੱਤਾ। ਭਾਵੇਂ ਇਹ ਵੱਡੀ ਤਰੱਕੀ ਸੀ, ਪਰ ਉਹ ਆਪਣੀ ਨਵੀਂ ਨਿਯੁਕਤੀ ਤੋਂ ਸੰਤੁਸ਼ਟ ਨਹੀਂ ਸੀ। ਉਹ ਜੰਗ ਦੇ ਮੈਦਾਨ 'ਚ ਫਰੰਟ ਲਾਈਨ 'ਤੇ ਰਹਿ ਕੇ ਕੰਮ ਕਰਨ ਦਾ ਇੱਛੁਕ ਸੀ। ਸਾਲ 1918 ਦੇ ਚੜ੍ਹਦਿਆਂ ਹੀ ਉਸ ਨੂੰ ਨਮੂਨੀਏ ਨੇ ਘੇਰ ਲਿਆ। ਦਿਮਾਗ ਨੂੰ ਸੋਜ ਹੋ ਗਈ, ਜਿਸ ਨੇ ਸਾਰੇ ਨਰਵਸ ਸਿਸਟਮ ਨੂੰ ਪ੍ਰਭਾਵਿਤ ਕਰ ਦਿੱਤਾ। ਜਨਵਰੀ ਦੀ 28 ਤਾਰੀਕ ਨੂੰ ਵਾਈਮਰਸ ਮਿਲਟਰੀ ਹਸਪਤਾਲ 'ਚ ਉਸ ਦੀ ਮੌਤ ਹੋ ਗਈ।

ਕੈਨੇਡਾ ਵਿਚ ਜੌਹਨ ਮੈਕਰੇਅ ਨੂੰ ਇੱਕ ਬਹਾਦਰ ਸਿਪਾਹੀ, ਵੱਡੇ ਕਵੀ ਅਤੇ ਕਾਬਲ ਡਾਕਟਰ ਵਜੋਂ ਬੜੇ ਅਦਬ ਨਾਲ ਯਾਦ ਕੀਤਾ ਜਾਂਦਾ ਹੈ। ਉਸ ਦੇ ਜੱਦੀ ਸ਼ਹਿਰ 'ਗਲਫ' ਦੀ ਸਿਟੀ ਕੌਂਸਲ ਨੇ ਉਸ ਦੇ ਘਰ ਨੂੰ ਮਾਲਕਾਂ ਤੋਂ ਖਰੀਦ ਲਿਆ ਤੇ ਯਾਦਗਾਰ ਦਾ ਰੂਪ ਦੇ ਦਿੱਤਾ। ਫੈਡਰਲ ਸਰਕਾਰ ਨੇ ਵੀ ਇਸ ਨੂੰ ਇਤਿਹਾਸਕ ਮਹੱਤਵ ਵਾਲਾ ਕਰਾਰ ਦੇ ਦਿੱਤਾ। ਗਲਫ ਸ਼ਹਿਰ ਪਬਲਿਕ ਸਕੂਲ ਦਾ ਨਾਂ ਉਸ ਦੇ ਨਾਂ 'ਤੇ ਰੱਖਿਆ ਹੋਇਆ ਹੈ। ਮਿਊਜ਼ੀਅਮ 'ਚ ਹਰ ਸਾਲ ਉਸ ਦੀ ਯਾਦ 'ਚ ਸਮਾਗਮ ਕੀਤਾ ਜਾਂਦਾ ਹੈ। ਉਸ ਦੀ ਪ੍ਰਸਿੱਧ ਨਜ਼ਮ ਗਾਈ ਜਾਂਦੀ ਹੈ। ਉਸ ਦੀ ਜ਼ਿੰਦਗੀ ਸਬੰਧੀ ਇੱਕ ਪਾਤਰੀ ਨਾਟਕ ਇਸ ਢੰਗ ਨਾਲ ਖੇਡਿਆ ਜਾਂਦਾ ਹੈ ਕਿ ਕੈਨੇਡਾ ਦੀ ਨਵੀਂ ਪਨੀਰੀ ਦੇ ਜਜ਼ਬਾਤ ਨੂੰ ਹਲੂਣਿਆ ਜਾ ਸਕੇ।

ਸਾਲ 2015 'ਚ ਮੈਕਰੇਅ ਦੀ ਨਜ਼ਮ 'ਇਨ ਫਲੈਂਡਰਜ਼ ਫੀਲਡਜ਼' ਦੇ ਸੌ ਵਰ੍ਹੇ ਪੂਰੇ ਹੋਣ 'ਤੇ ਕੈਨੇਡਾ ਦੀ ਰਾਜਧਾਨੀ ਓਟਵਾ 'ਚ ਉਸ ਦਾ ਬੁੱਤ ਲਾਇਆ ਗਿਆ। ਟੋਰਾਂਟੋ ਯੂਨੀਵਰਸਿਟੀ, ਜਿੱਥੇ ਉਹ ਪੜ੍ਹਦਾ ਰਿਹਾ ਸੀ, ਨੇ ਉਸ ਦੀ ਯਾਦ ਨੂੰ ਚਿਰ ਸਥਾਈ ਬਣਾਉਣ ਲਈ ਪਲੇਕ ਸਥਾਪਿਤ ਕੀਤੀ। ਜਿਸ 'ਤੇ ਨਜ਼ਮ 'ਇਨ ਫਲੈਂਡਰਜ਼ ਫੀਲਡਜ਼' ਉਕਰੀ ਹੋਈ ਹੈ। ਓਟਵਾ ਦੇ ਸਕੂਲ ਅਤੇ ਵਾਰ ਮਿਊਜ਼ੀਅਮ ਦੀ ਗੈਲਰੀ ਦਾ ਨਾਂ ਵੀ ਜੌਹਨ ਮੈਕਰੇਅ ਦੇ ਨਾਂ 'ਤੇ ਰੱਖਿਆ ਗਿਆ। ਸਮੇਂ ਸਮੇਂ 'ਤੇ ਉਸ ਦੇ ਨਾਂ 'ਤੇ ਡਾਕ ਟਿਕਟਾਂ ਜਾਰੀ ਹੋਈਆਂ। ਸਿੱਕਾ ਵੀ ਜਾਰੀ ਹੋਇਆ। ਨਜ਼ਮ ਦੀ ਸਿਰਜਣਾ ਵਾਲੇ ਸਥਾਨ ਵਾਈਪ੍ਰਸ (ਬੈਲਜੀਅਮ) 'ਚ ਸਥਾਪਿਤ ਮਿਊਜ਼ੀਅਮ ਦਾ ਨਾਂ ਹੀ ਉਸ ਦੀ ਨਜ਼ਮ ਦੇ ਆਧਾਰ 'ਤੇ 'ਇਨ ਫਲੈਂਡਰਜ਼ ਫੀਲਡਜ਼ ਮਿਊਜ਼ੀਅਮ' ਰੱਖਿਆ ਗਿਆ ਹੈ। ਕੈਨੇਡਾ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਹੋਰ ਵੀ ਕਈ ਯਾਦਗਾਰਾਂ ਦੀ ਸਥਾਪਨਾ ਹੋਈ ਹੈ।

ਬਰੈਂਪਟਨ ਰਹਿੰਦੇ ਨਾਟਕਕਾਰ ਨਾਹਰ ਔਜਲਾ ਨਾਲ 'ਗਲਫ' 'ਚ ਬਣੇ ਮਿਊਜ਼ੀਅਮ 'ਚ ਜਾਣ ਦਾ ਸਬੱਬ ਬਣਿਆ ਸੀ। 'ਇਨ ਦੀ ਫਲੈਂਡਰਜ਼ ਫੀਲਡਜ਼' ਪੜ੍ਹਦਿਆਂ ਮੈਂ ਗਦਰ ਲਹਿਰ ਦੀਆਂ ਮਸ਼ਹੂਰ ਕਵਿਤਾਵਾਂ "ਦੇਸ਼ ਨੂੰ ਚੱਲੋ" ਅਤੇ "ਹਿੰਦ ਵਾਸੀਓ ਰੱਖਣਾ ਯਾਦ ਸਾਨੂੰ" ਯਾਦ ਕਰਦਾ ਰਿਹਾ ਸਾਂ। ਮੈਨੂੰ ਆਪਣੇ ਕੌਮੀ ਸ਼ਹੀਦਾਂ ਦੀਆਂ ਢਹਿੰਦੀਆਂ ਜਾਂ ਢਹਿ ਚੁਕੀਆਂ ਯਾਦਗਾਰਾਂ ਦਾ ਚੇਤਾ ਆ ਗਿਆ ਸੀ। ਕੈਨੇਡਾ ਜਾਣ ਤੋਂ ਕੁਝ ਦਿਨ ਪਹਿਲਾਂ ਹੀ ਨਿੱਕੀ ਉਮਰ 'ਚ ਸ਼ਹੀਦ ਹੋ ਜਾਣ ਵਾਲੇ ਮਹਾਨ ਗਦਰੀ ਕਰਤਾਰ ਸਿੰਘ ਸਰਾਭਾ ਦੇ ਘਰ ਦੀ ਜ਼ਿਆਰਤ ਕੀਤੀ ਸੀ। ਉਸ ਦੇ ਘਰ 'ਚ ਛਾਈ ਪਈ ਬੇਰੌਣਕੀ ਨੇ ਦੁਖੀ ਕਰ ਦਿੱਤਾ ਸੀ। ਇਹ ਸਾਡੇ ਕੌਮੀ ਨਾਇਕਾਂ ਦੀ ਬੇਕਦਰੀ ਕਰਨ ਵਾਲੀ ਗੱਲ ਸੀ। ਹੁਣ ਕੈਨੇਡੀਅਨ ਨਾਇਕ ਦੇ ਘਰ ਦੀ ਕੀਤੀ ਸਾਂਭ-ਸੰਭਾਲ ਅਤੇ ਜੌਹਨ ਮੈਕਰੇਅ ਨਾਲ ਸਬੰਧਿਤ ਵਸਤੂਆਂ, ਦਸਤਾਵੇਜ਼ਾਂ ਨੂੰ ਵੇਖ ਕੇ ਦਿਲ ਖੁਸ਼ ਹੋਣ ਦੇ ਨਾਲ ਨਾਲ ਆਪਣੇ ਦੇਸ਼ 'ਚ ਨਾਇਕਾਂ ਦੀ ਹੋ ਰਹੀ ਬੇਕਦਰੀ ਬਾਰੇ ਸੋਚਦਿਆਂ ਉਦਾਸ ਵੀ ਹੋ ਗਿਆ ਸੀ।

## ਜੌਹਨ ਮੈਕਰੇਅ ਦੀ ਕਵਿਤਾ "ਫਲੈਂਡਰਜ਼ ਮੈਦਾਨਾਂ 'ਚ"

ਫਲੈਂਡਰਜ਼ ਮੈਦਾਨਾਂ 'ਚ
ਕਤਾਰ ਦਰ ਕਤਾਰ ਚਿਣੀਆਂ ਕਬਰਾਂ 'ਚ
ਪੋਸਤ ਦੇ ਫੁੱਲ ਲਹਿਲਹਾਉਂਦੇ
ਸਾਡੇ ਆਖਰੀ ਪੱਕੇ ਟਿਕਾਣੇ ਦੀ
ਨਿਸ਼ਾਨਦੇਹੀ ਕਰਾਉਂਦੇ
ਆਸਮਾਨੀ ਲਾਰਕ ਪੰਛੀ ਉੱਡਦੇ
ਤੇ ਬਹਾਦਰੀ ਦੇ ਗੀਤ ਗਾਉਂਦੇ
ਗੋਲੀਆਂ ਦੀ ਆਵਾਜ਼ 'ਚ
ਬਾ-ਮੁਸ਼ਕਿਲ ਹੀ ਸੁਣੀਂਦੇ।

ਅਸੀਂ ਜੋ ਮੋਏ, ਥੋੜ੍ਹੇ ਦਿਨ ਹੋਏ,
ਸਾਂ ਜਿਉਂਦੇ, ਸਵੇਰਾਂ ਮਾਣਦੇ
ਡੁੱਬਦੇ ਸੂਰਜ ਦਾ ਜਲੌਅ ਵੇਖਦੇ
ਪਿਆਰ ਕਰਦੇ ਤੇ ਪਿਆਰੇ ਜਾਂਦੇ
ਹੁਣ ਅਸੀਂ ਫਲੈਂਡਰਜ਼ ਦੇ
ਮੈਦਾਨਾਂ 'ਚ ਕਬਰੀਂ ਪਏ।

ਦੁਸ਼ਮਣ ਨਾਲ ਸਾਡੀ ਜੰਗ
ਹੁਣ ਤੁਸੀਂ ਲਓ ਸੰਭਾਲ
ਨਿਰਜਿੰਦ ਹੁੰਦੇ ਹੱਥਾਂ 'ਚੋਂ
ਸੁੱਟਦੇ ਤੁਹਾਡੇ ਵੱਲ ਮਸ਼ਾਲ
ਇਹਨੂੰ ਬਲਦੀ ਤੇ ਉੱਚੀ ਰੱਖਣ ਦਾ
ਰੱਖਣਾ ਤੁਸੀਂ ਖਿਆਲ
ਧ੍ਰੋਹ ਜੇ ਕਮਾਇਆ ਤੁਸਾਂ
ਅਸਾਂ ਮੋਇਆਂ ਨਾਲ,
ਫਲੈਂਡਰਜ਼ ਮੈਦਾਨਾਂ 'ਚ ਪੋਸਤ ਦੇ
ਫੁੱਲ ਭਾਵੇਂ ਉੱਗਣੇ
ਪਰ ਸਾਡੀਆਂ ਰੂਹਾਂ
ਨਹੀਂ ਸੌਣਾ ਸ਼ਾਂਤੀ ਨਾਲ।

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਇਸ ਲੇਖ ਲੜੀ ਦੇ ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਪੰਜਾਬੀ ਵਿਰਾਸਤ ਦੇ ਇਕ ਖਾਸ ਪਹਿਲੂ 'ਫੁਲਕਾਰੀ' ਦੀ ਬਾਤ ਪਾਉਂਦਿਆਂ ਸ਼ਬਦ-ਰੂਪੀ ਫੁੱਲ ਕੱਢੇ ਸਨ ਅਤੇ ਫੁਲਕਾਰੀ ਨੂੰ ਪੰਜਾਬੀ ਵਿਰਸੇ ਦਾ ਮੁਹਾਂਦਰਾ ਕਿਹਾ ਸੀ। ਉਨ੍ਹਾਂ ਅਨੁਸਾਰ "ਫੁਲਕਾਰੀ ਸਿਰਫ ਚਾਦਰ 'ਤੇ ਹੀ ਨਹੀਂ ਕੱਢੀ ਜਾਂਦੀ ਅਤੇ ਨਾ ਹੀ ਸੁੱਚੇ ਧਾਗੇ ਜਾਂ ਸੂਹੇ ਰੰਗਾਂ ਨਾਲ ਹੀ ਕੱਢੀ ਜਾਂਦੀ; ਫੁਲਕਾਰੀ ਜਦ ਵਰਕੇ 'ਤੇ ਅੱਖਰਾਂ ਵਲੋਂ ਕੱਢੀ ਜਾਂਦੀ ਤਾਂ ਅਰਥਾਂ ਦੇ ਦੀਵੇ ਜਗਦੇ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਸਿਲਵਟਾਂ ਦਾ ਕਿੱਸਾ ਛੋਹਿਆ ਹੈ, "ਅਕਸਰ ਹੀ ਸਿਲਵਟਾਂ, ਚਾਦਰ ਦੇ ਸੁੱਚਮ ਤੇ ਸੁਹੱਪਣ ਵਿਚੋਂ ਬਿਸਤਰਾ ਰੂਪੀ ਬਹਿਸ਼ਤ ਹੁੰਦੀਆਂ। ਇਹ ਸਰੀਰਾਂ ਵਿਚ ਪੈਦਾ ਹੋਏ ਆਵੇਗ, ਉਤਸ਼ਾਹ, ਆਵੇਸ਼ ਅਤੇ ਫੁੱਟਦੀਆਂ ਤਰੰਗਾਂ ਦਾ ਆਧਾਰ।...ਪਰ ਕਦੇ ਕਦੇ ਇਹ ਸਿਲਵਟਾਂ ਤਲਖੀਆਂ, ਤੰਗੀਆਂ, ਤੰਗਦਸਤੀਆਂ, ਤੁਹਮਤਾਂ ਦੀ ਤਸਵੀਰ ਵੀ ਹੁੰਦੀਆਂ; ਜਦੋਂ ਕਿ ਸੱਚੀਆਂ-ਸੁੱਚੀਆਂ ਸਿਲਵਟਾਂ ਸੁਪਨਿਆਂ ਸੰਗ ਸਾਂਝ ਪਾਉਂਦੀਆਂ, ਸੰਗਤੀ-ਸਾਂਝਾਂ ਨੂੰ ਹੰਢਾਉਂਦੀਆਂ ਅਤੇ ਸਾਹਾਂ ਤੋਂ ਵੀ ਲਮੇਰੇ ਸਬੰਧਾਂ ਨੂੰ ਤਾਅ-ਉਮਰ ਨਿਭਾਉਂਦੀਆਂ।" ਡਾ. ਭੰਡਾਲ ਦਾ ਕਹਿਣਾ ਹੈ ਕਿ ਸਿਲਵਟਾਂ ਨੂੰ ਹਰ ਰੋਜ਼ ਮਿਟਾਉਂਦੇ ਰਹੋ ਤਾਂ ਕਿ ਨਵੀਆਂ ਸਿਲਵਟਾਂ ਨੂੰ ਸਿਰਜਣ ਅਤੇ ਇਨ੍ਹਾਂ ਵਿਚੋਂ ਨਰੋਏ ਨਕਸ਼ਾਂ ਨੂੰ ਨਿਹਾਰਨ ਦੀ ਤ੍ਰਿਸ਼ਨਾ ਬਣੀ ਰਹੇ।*

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

# ਸਿਲਵਟਾਂ ਦਾ ਸਫਰ

ਸਿਲਵਟ, ਚਾਦਰ ਦੇ ਪਿੰਡੇ 'ਤੇ ਭਾਵਾਂ ਦਾ ਚਿੱਤਰਪੱਟ। ਫਰਕਦੇ ਚਾਦਰੇ ਦਾ ਚੁਰਮੁਰਾਉਣਾ, ਕਮੀਜ਼ 'ਤੇ ਬੇਅਰਾਮੀ ਦੇ ਚਿੰਨ੍ਹ। ਕਦੇ ਚਿੱਟੇ ਸੂਟ 'ਤੇ ਦਾਗਾਂ ਦੀਆਂ ਸਿਲਵਟਾਂ। ਕਦੇ ਚੁੰਨੀ ਦਾ ਵੱਟੋ-ਵੱਟ ਹੋਣਾ ਅਤੇ ਕਦੇ ਸਿਲਵਟਾਂ ਹੁੰਦੀਆਂ ਨੇ ਰੂਹ 'ਤੇ ਲੱਗੀਆਂ ਸੱਟਾਂ।

ਧਰਤੀ ਦੇ ਪਿੰਡੇ 'ਤੇ ਪਈਆਂ ਹੋਈ ਵੱਟਾਂ ਵੀ ਸਿਲਵਟਾਂ, ਜਿਨ੍ਹਾਂ ਕਰਕੇ ਧਰਤੀ ਖੇਤਾਂ ਵਿਚ ਵਟੀਂਦੀ। ਇਨ੍ਹਾਂ ਵੱਟਾਂ 'ਤੇ ਉਗੀ ਹੋਈ ਸਰੋਂ ਜਦ ਫੁੱਲਦੀ ਤਾਂ ਕੁਦਰਤ, ਬਸੰਤੀ ਰੰਗ ਵਿਚ ਰੰਗੀ, ਮਨੁੱਖੀ ਭਾਵਨਾਵਾਂ ਦੀ ਸੁੰਦਰ ਤਸ਼ਬੀਹ ਬਣਦੀ।

ਕਦੇ ਸਮੁੰਦਰ ਤੇ ਪਿੰਡੇ ਲਹਿਰਾਂ ਦੀਆਂ ਸਿਲਵਟਾਂ ਵਿਚੋਂ ਸਮੁੰਦਰ ਦੀ ਰੂਹਾਨੀਅਤ ਅਤੇ ਜੀਵੰਤਾ ਨੂੰ ਨਿਹਾਰਨਾ, ਤੁਹਾਨੂੰ ਸਿਲਵਟਾਂ ਦੀ ਸੁੰਦਰਤਾ ਅਤੇ ਇਸ ਦੀ ਅਮੀਰੀ ਦੇ ਦਰਸ਼ਨ-ਦੀਦਾਰੇ ਹੋਣਗੇ।

ਮਾਰੂਥਲ ਦੇ ਪਿੰਡੇ 'ਤੇ ਵਗਦੀਆ ਹਵਾਵਾਂ ਨਾਲ ਪਈਆਂ ਰੇਤ ਦੀਆਂ ਸੁੰਦਰ ਲਹਿਰਾਂ ਵਿਚ ਸਿਲਵਟਾਂ ਦੇ ਨਕਸ਼ ਉਘਾੜਨੇ, ਜਿਨ੍ਹਾਂ ਵਿਚੋਂ ਮਾਰੂਥਲ ਨੂੰ ਵੀ ਸੁੰਦਰਤਾ ਦਾ ਸਬੱਬ ਬਣਨ ਦਾ ਸ਼ਰਫ ਹਾਸਲ ਹੁੰਦਾ।

ਪਰ ਵਗਦੀਆਂ ਹਨੇਰੀਆਂ ਜਦ ਫਿਜ਼ਾ ਵਿਚ ਹਵਾਈ ਸਿਲਵਟਾਂ ਉਸਾਰਦੀਆਂ ਤਾਂ ਇਹ ਕਦੇ ਤਬਾਹੀ ਦਾ ਸੰਦੇਸ਼ ਅਤੇ ਕਦੇ ਉਜਾੜੇ ਦਾ ਹੋਕਰਾ ਹੁੰਦੀਆਂ।

ਸਿਲਵਟਾਂ ਦੇ ਬਹੁਤ ਸਾਰੇ ਰੰਗ, ਕਿਸਮਾਂ ਤੇ ਰੂਪ, ਜਿਨ੍ਹਾਂ ਦੀਆਂ ਸੰਵੇਦਨਾਵਾਂ ਮਨੁੱਖੀ ਸੋਚ 'ਤੇ ਨਿਰਭਰ। ਕਦੇ ਸਿਲਵਟਾਂ ਵਿਚ ਸੋਗ ਦਾ ਤਸੱਵਰ, ਕਦੇ ਸੰਤੋਖ, ਕਦੇ ਮਾਣ ਅਤੇ ਕਦੇ ਮੱਥੇ 'ਤੇ ਉਕਰੀ ਕਾਲੀ ਲਕੀਰ ਵੀ।

ਸਿਲਵਟਾਂ ਸਦਾ ਅਸਥਿਰ ਤੇ ਅਸਥੂਲ। ਕਦੇ ਵੀ ਸਦੀਵੀ ਨਹੀਂ ਹੁੰਦੀਆਂ। ਇਹ ਬਣਦੀਆਂ ਤੇ ਢਹਿੰਦੀਆਂ। ਇਨ੍ਹਾਂ ਦੇ ਨਕਸ਼, ਨੁਹਾਰ, ਨਿਆਰਾਪਣ, ਨਰੋਇਆਪਣ ਅਤੇ ਨਵੀਨਤਾ ਹਰ ਪਲ ਬਦਲਦੀ ਅਤੇ ਇਸ ਨਾਲ ਹੀ ਬਦਲਦੇ ਨੇ ਇਸ ਦੇ ਸਰੋਕਾਰ, ਸੰਭਾਵਨਾਵਾਂ ਤੇ ਸੰਵੇਦਨਾਵਾਂ।

ਸਿਲਵਟ, ਕਿਰਿਆਵਾਂ ਦੀ ਸੱਚੀ-ਸੁੱਚੀ ਕੀਰਤੀ, ਜੋ ਕਰਤੇ ਰਾਹੀਂ ਕੈਨਵਸ 'ਤੇ ਰੰਗਾਂ ਦੀ ਕਸ਼ੀਦਗੀ ਤੇ ਕਰਤਾਰੀ ਆਵੇਸ਼ ਨਾਲ ਸਿਰਜੀ ਜਾਂਦੀ। ਇਨ੍ਹਾਂ ਵਿਚ ਹੁੰਦੀ ਏ ਕਰਮਯੋਗਤਾ ਦੀ ਕਲਾਕਾਰੀ ਜਾਂ ਮਨੁੱਖੀ ਤਬਾਹੀ ਦੇ ਚਿੰਨ ਅਤੇ ਸੁਹਜਤਾ ਦਾ ਸੁਹੱਪਣ ਜਾਂ ਕਮੀਨਗੀ ਦੀ ਕਾਲਖ।

ਸਿਲਵਟਾਂ ਬਹੁਤ ਕੁਝ ਬਿਆਨ ਕਰਦੀਆਂ। ਸਿਰਫ ਇਨ੍ਹਾਂ ਨੂੰ ਆਪਣੇ ਅੰਤਰੀਵ ਵਿਚ ਉਤਾਰ ਕੇ, ਇਸ ਦੀਆਂ ਡੂੰਘਾਣਾਂ ਜਾਂ ਉਚਾਈਆਂ ਨੂੰ ਆਪਣੇ ਮਸਤਕ ਦੇ ਨਾਮ ਕਰਨਾ ਹੁੰਦਾ।

ਸਿਲਵਟਾਂ ਦੀ ਤਮੰਨਾ ਹੁੰਦੀ ਹੈ ਸਿਰਜਣ ਵਾਲਿਆਂ ਦੀ ਸੋਚ, ਸੁਹਿਰਦਤਾ, ਸਿਆਣਪ, ਸਮਝ ਅਤੇ ਸੁੰਦਰਤਾ ਨੂੰ ਸਮਝਣਾ ਅਤੇ ਇਸ ਦੇ ਅੰਦਰ ਉਤਰਨ ਦੀ ਜਗਿਆਸਾ। ਸਿਲਵਟਾਂ ਪਾਉਣ ਵਾਲੀ ਸਿਰਜਣਹਾਰਤਾ ਵਿਚੋਂ, ਅਰਥਾਂ ਦੀ ਭਾਲ ਕਰਨ ਵਾਲਿਆਂ ਵਿਚ ਸ਼ਾਮਲ ਹੋਣਾ ਵੀ ਜਰੂਰੀ ਹੁੰਦਾ।

ਇਹ ਸਿਲਵਟਾਂ ਮਾਂ ਵਲੋਂ ਗਿੱਲੇ ਪੋਤੜੇ ਬਦਲਣ ਵੇਲੇ ਵੀ ਉਪਜਦੀਆਂ। ਅਬੋਲਾਂ ਰਾਹੀਂ ਆਪਣੇ ਲਾਡਲੇ ਨੂੰ ਲਾਡ ਲਡਾਉਂਦਿਆਂ ਵੀ। ਉਸ ਨਾਲ ਲੇਟਿਆਂ ਵੀ, ਬੱਚੇ ਦੀਆਂ ਲੋਟਣੀਆਂ ਨਾਲ ਅਤੇ ਕਈ ਵਾਰ ਮਾਂ ਦਾ ਦੁੱਧ ਚੁੰਘਦਿਆਂ, ਬੱਚੇ ਵਲੋਂ ਰੱਜ ਅਤੇ ਖੁਸ਼ੀ ਨਾਲ ਮਾਰੀਆਂ ਲੱਤਾਂ ਨਾਲ ਵੀ।

ਇਹ ਸਿਲਵਟਾਂ ਤਾਂ ਉਦੋਂ ਵੀ ਆਪਣਾ ਵਿਲੱਖਣ ਰੂਪ ਅਖਤਿਆਰ ਕਰਦੀਆਂ, ਜਦ ਬੱਚੇ ਦਾਦਾ/ਦਾਦੀ ਜਾਂ ਨਾਨਾ/ਨਾਨੀ ਕੋਲੋਂ ਕਹਾਣੀ ਸੁਣਦਿਆਂ, ਨਿੱਕੀਆਂ ਨਿੱਕੀਆਂ ਸ਼ਰਾਰਤਾਂ ਕਰਦੇ, ਕੁਤਕਤਾੜੀਆਂ ਕੱਢਦੇ ਜਾਂ ਆਪਸ ਵਿਚ ਜੋਰ-ਅਜ਼ਮਾਈ ਕਰਦੇ ਅਤੇ ਹੁੜਦੰਗ ਮਚਾਉਂਦੇ।

ਇਨ੍ਹਾਂ ਸਿਲਵਟਾਂ ਵਿਚੋਂ ਝਲਕਦੀ ਹੈ ਬੱਚਿਆਂ ਦੀ ਅਵਾਰਗੀ ਤੇ ਬੇਫਿਕਰੀ। ਦਾਦਾ/ਦਾਦੀ ਜਾਂ ਨਾਨੇ/ਨਾਨੀ ਦੀ ਨੀਂਦ ਵਿਚ ਪਾਇਆ ਖਲਲ। ਸਿਲਵਟਾਂ ਨੂੰ ਦੇਖ ਕੇ ਬਜੁਰਗਾਂ ਦੇ ਮਨਾਂ ਵਿਚ ਨਵੀਂ ਪਨੀਰੀ ਲਈ ਪੈਦਾ ਹੁੰਦੀ ਬੇਪਨਾਹ ਮੁਹੱਬਤ। ਕਦੇ ਕਦਾਈਂ ਤਾਂ ਇਹ ਬੱਚੇ ਕਹਾਣੀ ਸੁਣਦੇ-ਸੁਣਦੇ ਹੀ, ਸਿਲਵਟਾਂ ਨੂੰ ਹੀ ਸੌਣ ਲਈ ਬਿਸਤਰਾ ਬਣਾ ਲੈਂਦੇ।

ਸਿਲਵਟਾਂ ਕਈ ਵਾਰ ਰਿਸ਼ਤਈ ਨੇੜਤਾ ਵਿਚ ਜਿਸਮਾਂ ਦੀ ਬੋਲੀ ਵੀ ਬੋਲਦੀਆਂ ਅਤੇ ਸਾਹਾਂ ਦਾ ਸੰਗੀਤ ਵੀ ਬਣਦੀਆਂ। ਸਿਲਵਟਾਂ ਦੀ ਤਲਿਸਮੀ ਛੋਹ ਵਿਚੋਂ ਪੈਦਾ ਹੁੰਦੀ ਹੈ ਭਾਵਾਂ ਦੀ ਜ਼ੁਬਾਨ। ਅਕਸਰ ਹੀ ਸਿਲਵਟਾਂ, ਚਾਦਰ ਦੇ ਸੁੱਚਮ



ਤੇ ਸੁਹੱਪਣ ਵਿਚੋਂ ਬਿਸਤਰਾ ਰੂਪੀ ਬਹਿਸ਼ਤ ਹੁੰਦੀਆਂ। ਇਹ ਸਰੀਰਾਂ ਵਿਚ ਪੈਦਾ ਹੋਏ ਆਵੇਗ, ਉਤਸ਼ਾਹ, ਆਵੇਸ਼ ਅਤੇ ਫੁੱਟਦੀਆਂ ਤਰੰਗਾਂ ਦਾ ਆਧਾਰ। ਇਹ ਸਿਲਵਟਾਂ ਸੁਪਨਿਆਂ ਦੀ ਸਿਰਜਣਾ ਦਾ ਰਾਜ਼, ਇਸ ਨੂੰ ਸਾਕਾਰ ਕਰਨ ਲਈ ਅੰਦਾਜ਼, ਮਨ ਦੀਆਂ ਅੰਬਰੀ ਰੀਝਾਂ ਦੀ ਪਰਵਾਜ਼ ਅਤੇ ਸੰਪੂਰਨਤਾ ਦਾ ਆਗਾਜ਼ ਵੀ ਹੁੰਦੀਆਂ।

ਪਰ ਕਦੇ ਕਦੇ ਇਹ ਸਿਲਵਟਾਂ ਤਲਖੀਆਂ, ਤੰਗੀਆਂ, ਤੰਗਦਸਤੀਆਂ, ਤੁਹਮਤਾਂ ਦੀ ਤਸਵੀਰ ਵੀ ਹੁੰਦੀਆਂ, ਜਿਨ੍ਹਾਂ ਵਿਚੋਂ ਚੋਟ, ਚਸਕ, ਚੀਸ ਤੇ ਚੀਖ ਉਗਦੀ। ਸਿਲਵਟਾਂ ਵਿਚ ਰੁਦਨ ਪੈਦਾ ਹੁੰਦਾ, ਜਦ ਇਨ੍ਹਾਂ ਨੂੰ ਵੈਰਾਗ, ਵੇਦਨਾ ਅਤੇ ਵਿਯੋਗ ਦੀ ਵਹਿੰਗੀ ਢੋਣ ਲਈ ਮਜ਼ਬੂਰ ਹੋਣਾ ਪੈਂਦਾ।

ਅੱਖਾਂ ਵਿਚ ਖਾਰੇ ਪਾਣੀ ਦਾ ਸਮੁੰਦਰ ਫੈਲ ਜਾਂਦਾ, ਜਦ ਇਨ੍ਹਾਂ ਵਿਚ ਉਡੀਕ ਦੀ ਸੱਤ-ਸਮੁੰਦਰੀ ਦੂਰੀ ਉਪਜਦੀ, ਕੰਧਾਂ 'ਤੇ ਉਕਰੀਆਂ ਲੀਕਾਂ ਦੀ ਗਿਣਤੀ ਵਿਚ ਨਿਰੰਤਰ ਵਾਧਾ ਹੁੰਦਾ ਅਤੇ ਸੇਜ਼, ਸੁਖਨ, ਸਕੂਨ ਤੇ ਨਿੱਘ-ਮਿਲਣੀ ਤੋਂ ਵਿਰਵੀ ਹੁੰਦੀ।

ਕਦੇ ਇਹ ਸਿਲਵਟਾਂ ਤ੍ਰੇਹ, ਤ੍ਰਿਸ਼ਨਾ, ਤਮੰਨਾ ਅਤੇ ਤਾਂਘ ਤੋਂ ਤ੍ਰਿਪਤੀ ਦਾ ਸਫਰ ਕਰ ਜਾਂਦੀਆਂ, ਜਦ ਇਨ੍ਹਾਂ ਨੂੰ ਬਾਹਾਂ ਦੇ ਅਲਿੰਗਨ, ਆਰਾਮ ਤੇ ਆਸਥਾ ਦੀ ਅਵਾਰਗੀ ਮਿਲਦੀ।

ਇਹ ਸਿਲਵਟਾਂ ਜਦ ਚਾਦਰ ਤੋਂ ਤੁਰ ਕੇ ਜਿਸਮ ਦੀਆਂ ਝਰੀਟਾਂ ਬਣਦੀਆਂ ਤਾਂ ਇਸ ਦੀ ਚੀਸ ਵਿਚ ਸਮੇਂ ਦੇ ਸਾਹ ਵੀ ਰੁਕ ਜਾਂਦੇ, ਪਰ ਜਦ ਇਹੀ ਸਿਲਵਟਾਂ ਜਿਸਮ ਤੋਂ ਰੂਹ 'ਚ ਜੀਰਦੀਆਂ ਤਾਂ ਅੰਤਰੀਵ ਵਿਚ ਪੈਦਾ ਹੁੰਦੀਆਂ ਅਜਿਹੀਆਂ ਸਿਲਵਟਾਂ, ਜਿਨ੍ਹਾਂ ਵਿਚ ਸੁੰਨ ਹੋ ਜਾਂਦੀਆਂ ਸੰਦਲੀ ਸੋਚਾਂ ਤੇ ਸੂਹੀ ਰੰਗਤ। ਸੁਨਹਿਰੇ ਸੂਰਜ ਦੀ ਅੱਖ ਵਿਚ ਉਤਰ ਆਉਂਦੀ ਨਮੀ।

ਸਿਲਵਟਾਂ ਜਦ ਉਦਾਸੀ ਤੇ ਉਡੀਕ ਦੀ ਪਰਤ ਪਿੰਡੇ ਤੋਂ ਲਾਹੁੰਦੀਆਂ ਤਾਂ ਇਹ ਉਤਸ਼ਾਹ, ਉਮਾਹ, ਉਮੰਗ ਅਤੇ ਉਮੀਦ ਨਾਲ ਭਰ ਜਾਂਦੀਆਂ। ਫਿਰ ਇਹ ਜਿਉਣ ਜੋਗੀਆਂ ਹੋ ਜਾਂਦੀਆਂ। ਸਿਲਵਟਾਂ ਜਦ ਆਸਵੰਤ ਹੁੰਦੀਆਂ ਤਾਂ ਪੀੜਾਂ ਤੋਂ ਪਿਆਰ, ਜ਼ਖਮ ਤੋਂ ਮਰਹਮ ਅਤੇ ਫਿਕਰ ਤੋਂ ਫਕੀਰੀ ਨੂੰ ਜਾਂਦੇ ਮਾਰਗ ਮੱਲਦੀਆਂ।

ਇਹ ਸਿਲਵਟਾਂ ਕਦੇ ਚੁੱਪ-ਗੜੁੱਪ ਅਤੇ ਕਦੇ ਹੰਝੂਆਂ 'ਚ ਗੜੁੱਚ। ਕਦੇ ਕਦੇ ਮੰਦ-ਮੰਦ ਮੁਸਕਰਾਉਂਦੀਆਂ ਅਤੇ ਰੁਆਂਸੀ ਜ਼ਿੰਦਗੀ 'ਚ ਸਾਹ ਧੜਕਾਉਂਦੀਆਂ।

ਇਹ ਸਿਲਵਟਾਂ ਆਸ ਤੇ ਵਿਸ਼ਵਾਸ ਹੁੰਦੀਆਂ, ਪਰ ਕਦੇ ਨਿਰਾਸ਼ ਵੀ, ਉਦਾਸ ਵੀ ਅਤੇ ਹਤਾਸ਼ ਵੀ ਹੁੰਦੀਆਂ। ਜਦ ਇਹ ਧਰਵਾਸ ਦਾ ਨਾਮ ਹੁੰਦੀਆਂ ਤਾਂ ਹੁਲਾਸ ਨੂੰ ਜਣਦੀਆਂ।

ਕਦੇ ਕਦਾਈਂ ਬਿਮਾਰ ਮਾਂ ਦੇ ਸਿਰਹਾਣੇ ਬੈਠ ਕੇ, ਉਸ ਦੇ ਬਿਸਤਰੇ ਦੀਆਂ ਸਿਲਵਟਾਂ ਦੀ ਇਬਾਰਤ ਪੜ੍ਹਨਾ। ਇਸ ਵਿਚੋਂ ਪੈਦਾ ਹੋਈ ਇਬਾਦਤ ਨੂੰ ਮੁਖਾਤਿਬ ਹੋਣਾ। ਮਾਂ ਦੇ ਮੱਥੇ ਦੀਆਂ ਝੁਰੜੀਆਂ 'ਚੋਂ ਸਿਲਵਟਾਂ ਦੇ ਨਕਸ਼ ਉਘਾੜਨੇ, ਪਤਾ ਲੱਗੇਗਾ ਕਿ ਇਨ੍ਹਾਂ ਸਿਲਵਟਾਂ ਦੇ ਮਾਂ ਲਈ ਅਤੇ ਤੁਹਾਡੇ ਲਈ ਕੀ ਅਰਥ ਹਨ? ਇਨ੍ਹਾਂ ਸਿਲਵਟਾਂ ਕਰਕੇ ਹੀ ਬਿਰਧ ਆਸ਼ਰਮ ਨਮੋਸ਼ੀ ਵਿਚ ਡੁੱਬ ਜਾਂਦਾ ਹੈ।

ਸੱਚੀਆਂ-ਸੁੱਚੀਆਂ ਸਿਲਵਟਾਂ ਸੁਪਨਿਆਂ ਸੰਗ ਸਾਂਝ ਪਾਉਂਦੀਆਂ, ਸੰਗਤੀ-ਸਾਂਝਾਂ ਨੂੰ ਹੰਢਾਉਂਦੀਆਂ ਅਤੇ ਸਾਹਾਂ ਤੋਂ ਵੀ ਲਮੇਰੇ ਸਬੰਧਾਂ ਨੂੰ ਤਾਅ-ਉਮਰ ਨਿਭਾਉਂਦੀਆਂ; ਪਰ ਕਦ ਵੀ ਇਨ੍ਹਾਂ ਸਿਲਵਟਾਂ ਵਿਚ ਸੋਗ ਨਾ ਧਰੋ, ਹੰਝੂ ਨਾ ਵਰੋ, ਹਉਕਿਆਂ ਨਾਲ ਨਾ ਭਰੋ। ਔਂਸੀਆਂ ਦੀ ਰੁੱਤ ਇਨ੍ਹਾਂ ਦੇ ਨਾਮ ਨਾ ਕਰੋ। ਉਡੀਕ ਦੀ ਮਹਿੰਦੀ ਨਾਲ ਇਸ ਦੀਆਂ ਤਲੀਆਂ 'ਤੇ ਸੁੰਨਤਾ ਨਾ ਧਰੋ।

ਇਨ੍ਹਾਂ ਦੀ ਝੋਲੀ ਵਿਚ ਸੁਖਨ, ਸਕੂਨ, ਸੁਹਜ ਅਤੇ ਸਹਿਜ ਪਾਓ ਤਾਂ ਕਿ ਇਹ ਸਿਲਵਟਾਂ ਸੰਦਲੀ ਰੁੱਤਾਂ ਮਾਣਦੀਆਂ। ਆਪਣੀ ਤਾਸੀਰ, ਤਹਿਜ਼ੀਬ ਅਤੇ ਤਕਦੀਰ ਨੂੰ ਨਵੇਂ ਦਿਸਹੱਦਿਆਂ ਦੇ ਹਾਣੀ ਬਣਾਉਂਦੀਆਂ ਰਹਿਣ।

ਮਨ ਵਿਚ ਪਨਪੀਆਂ ਸੱਧਰਾਂ ਅਤੇ ਸੁਖਨਤਾ ਨਾਲ ਇਸ ਦੀ ਝੋਲੀ ਵਿਚ ਗੰਦਮੀ ਜਿਹੇ ਪਲਾਂ ਦਾ ਸ਼ਗਨ ਹੀ ਪਾਉਂਦੇ ਰਹੀਏ ਤਾਂ ਇਸ ਦੇ ਮੁਖੜੇ 'ਤੇ ਧੜਕਣਾ ਦਾ ਨਾਮ ਲਿਖਿਆ ਜਾਂਦਾ।

ਸਿਲਵਟਾਂ ਵਿਚ ਜਦ ਸੂਲਾਂ ਉਗਦੀਆਂ ਤਾਂ ਇਕ ਪੀੜ ਜਿਸਮ ਤੋਂ ਤੁਰਦੀ ਹੋਈ ਮਨ ਦੇ ਚਿੱਤਰਪੱਟ 'ਤੇ ਆਪਣੇ ਨਿਸ਼ਾਨ ਉਕਰਦੀ ਅਤੇ ਫਿਰ ਇਹ ਅੰਤਰੀਵ ਦੀ ਚੀਖ ਬਣ ਕੇ ਸਾਹਾਂ ਨੂੰ ਸਿਸਕਣ ਲਾਉਂਦੀ।

ਸਿਲਵਟਾਂ ਅੱਖਰਾਂ ਵਿਚ ਖ਼ੁਦ ਨੂੰ ਬਿਆਨਦੀਆਂ;

ਸਿਲਵਟਾਂ ਕਦੇ ਹੰਝੂ ਬਣਦੀਆਂ,
ਕਦੇ ਮੁਸਕੜੀਏ ਮੁਸਕਰਾਉਂਦੀਆਂ।
ਕਦੇ ਉਦਾਸੀ ਦਾ ਰੰਗ ਉਘਾੜਦੀਆਂ,
ਕਦੇ ਸੰਦਲੀ ਪਰਤ ਚਾੜ੍ਹਦੀਆਂ।
ਕਦੇ ਸਮੇਂ ਦੇ ਪਿੰਡੇ 'ਤੇ ਉਕਰੀਆਂ ਲਾਸਾਂ,
ਤੇ ਕਦੇ ਦਫ਼ਨ ਹੋਈਆਂ ਆਸਾਂ।
ਕਦੇ ਸੋਚ ਵਿਚ ਉਪਜਿਆ ਹਤਾਸ਼,
ਤੇ ਕਦੇ ਤਿੜਕਿਆ ਧਰਵਾਸ।

ਸਿਲਵਟਾਂ ਤੋਂ ਸੰਤੁਸ਼ਟੀ, ਸੰਤੋਖ ਅਤੇ ਸਮਰਪਿਤਾ ਦਾ ਸਫਰ ਜਾਰੀ ਰੱਖਣ ਵਾਲੇ ਹੀ ਜੀਵਨ ਰਾਹਾਂ ਦੇ ਸਫਲ ਪਾਂਧੀ ਹੁੰਦੇ।

ਕਦੇ ਟਾਹਲੀ ਥੱਲੇ ਥੱਕੇ ਹਾਰੇ ਬਾਪੂ ਨੂੰ ਅਲਾਣੀ ਮੰਜੀ 'ਤੇ ਕੁਝ ਪਲ ਸੁਸਤਾਉਣ ਤੋਂ ਬਾਅਦ ਉਸ ਦੇ ਨੰਗੇ ਪਿੰਡੇ ਵੰਨੀਂ ਝਾਤ ਮਾਰਨਾ। ਤੁਹਾਨੂੰ ਧੁੱਪਾਂ 'ਚ ਰਾੜ੍ਹੇ ਹੋਏ ਪਿੰਡੇ ਤੇ ਵਾਣ ਦੀਆਂ ਸਿਲਵਟਾਂ ਵਿਚੋਂ ਮੁੜਕੇ ਦੀ ਖੁਸ਼ਬੂ ਆਵੇਗੀ। ਅਜਿਹੀਆਂ ਸਿਲਵਟਾਂ ਸਿਰਫ ਕਰਮ-ਯੋਗੀਆਂ ਦਾ ਹਾਸਲ। ਰੋੜੀ ਕੁੱਟਦੀ ਮਾਂ ਦਾ, ਆਪਣੇ ਨੰਨੇ ਨੂੰ ਰੋੜੀ 'ਤੇ ਪਾਉਣਾ ਅਤੇ ਉਸ ਦੇ ਸੋਹਲ ਪਿੰਡੇ 'ਤੇ ਪਈਆਂ ਰੋੜਾਂ ਦੀਆਂ ਸਿਲਵਟਾਂ ਵਿਚੋਂ ਮਮਤਾ ਦੀ ਲਿਸ਼ਕੋਰ ਕਮਾਲ ਦੀ ਹੁੰਦੀ। ਮਾਂ ਦੀ ਮੁਸ਼ੱਕਤ ਵਿਚੋਂ ਲਾਡਲੇ ਦੀਆਂ ਦੁਆਵਾਂ, ਮਾਂ ਦੀ ਇਲਹਾਮੀ ਉਚਾਈ ਅਤੇ ਫੱਕਰਤਾ ਦਾ ਇਲਹਾਮ ਜਦ ਖੁਦਾਈ ਨੂੰ ਹੋਵੇਗਾ ਤਾਂ ਰੱਬ ਵੀ ਉਸ ਦੀ ਅਕੀਦਤ ਕਰਨ ਤੋਂ ਉਕਾਈ ਨਹੀਂ ਕਰੇਗਾ।

ਧਰਤੀ ਦੇ ਪਿੰਡੇ 'ਤੇ ਵਾਹੇ ਸਿਆੜ ਜਦ ਵਾਹਣ ਦੀਆਂ ਸਿਲਵਟਾਂ ਬਣ ਕੇ ਕਿਸਾਨ ਦੀ ਸੋਚ ਤੇ ਉਦਮ ਨੂੰ ਮੁਖਾਤਬ ਹੁੰਦੇ ਤਾਂ ਇਨ੍ਹਾਂ ਸਿਲਵਟਾਂ ਵਿਚੋਂ ਹੀ ਕਾਮੇ ਦੀ ਮਿਹਨਤ ਦਾ ਮੁੱਲ ਉਗਲਦਾ।

ਅੰਬਰ ਦੀ ਛੱਤ ਹੇਠ, ਧਰਤੀ 'ਤੇ ਲੇਟੇ ਕਿਸੇ ਕੰਮੀ ਨੂੰ ਕਦੇ ਨਹੀਂ ਬਿਸਤਰੇ ਦੀਆਂ ਸਿਲਵਟਾਂ ਦਾ ਖਿਆਲ ਆਉਂਦਾ। ਉਸ ਦੇ ਹਿੱਸੇ ਦੀ ਛੱਤ ਵੀ ਜ਼ੋਰਾਵਰ ਖੋਹ ਲੈਂਦੇ। ਉਸ ਦੀ ਭੁੱਖ ਨੂੰ ਜਦ ਕੋਈ ਭੋਖੜਾ ਹਜ਼ਮ ਕਰ ਲੈਂਦਾ ਤਾਂ ਉਹ ਰੂਹ 'ਤੇ ਪਈਆਂ ਦਰਦ ਦੀਆਂ ਸਿਲਵਟਾਂ ਨੂੰ ਹੀ ਆਪਣਾ ਦੁੱਖ ਸੁਣਾਉਣ ਜੋਗੇ ਹੁੰਦੇ।

ਸਿਲਵਟਾਂ ਨੂੰ ਸੀਮਤ ਅਰਥਾਂ ਤੀਕ ਤੇ ਨਿੱਕੇ ਜਿਹੇ ਦਾਇਰੇ ਵਿਚ ਕੈਦ ਕਰਨਾ, ਮਨੁੱਖੀ ਸੋਚ ਵਿਚਲੀ ਸੰਕੀਰਨਤਾ। ਉਸ ਦੀ ਬੇਖੁਦੀ ਤੇ ਬੇਰੁਹਮਤੀ। ਇਨ੍ਹਾਂ ਸਿਲਵਟਾਂ ਵਿਚੋਂ ਹੋਛਾਪਣ, ਕਮੀਨਗੀ ਅਤੇ ਸ਼ੋਹਦੇਪਣ ਨੂੰ ਉਜਗਾਰ ਕਰਨਾ, ਮਨ ਦੀ ਕੰਗਾਲੀ।

ਕਦੇ ਫੱਕਰ ਦੀ ਲੋਗੜੀ ਵਿਚ ਪਈਆਂ ਸਿਲਵਟਾਂ ਅਤੇ ਉਨ੍ਹਾਂ 'ਤੇ ਹੋਈ ਸੱਤਰੰਗੀ ਕਢਾਈ ਨੂੰ ਮਨ ਦੀ ਤਖਤੀ 'ਤੇ ਉਕਰਨਾ। ਇਸ ਦੀ ਇਬਾਦਤ ਨੂੰ ਅਕੀਦਤ ਬਣਾਉਣਾ, ਸਿਲਵਟਾਂ ਦੀ ਸੁੱਚਮਤਾ ਤੇ ਉਚਤਮਤਾ, ਜੀਵਨ ਨੂੰ ਨਵੀਂ ਪਛਾਣ ਦੇਵੇਗੀ।

ਸਿਲਵਟਾਂ ਨੂੰ ਹਰ ਰੋਜ਼ ਮਿਟਾਉਂਦੇ ਰਹੋ ਤਾਂ ਕਿ ਨਵੀਆਂ ਸਿਲਵਟਾਂ ਨੂੰ ਸਿਰਜਣ ਅਤੇ ਇਨ੍ਹਾਂ ਵਿਚੋਂ ਨਰੋਏ ਨਕਸ਼ਾਂ ਨੂੰ ਨਿਹਾਰਨ ਦੀ ਤ੍ਰਿਸ਼ਨਾ ਬਣੀ ਰਹੇ।

ਖੱਦਰਪੋਸ਼ ਜਦ ਸਿਲਵਟਾਂ ਨੂੰ ਦੂਰ ਕਰਨ ਲਈ ਕਰੀਜ਼ ਬੰਨ, ਸਫਾਚੱਟ ਕੱਪੜੇ ਪਹਿਨ, ਆਪਣੀ ਬੇਦਾਗੀ ਨੂੰ ਜੱਗ-ਜ਼ਾਹਰ ਕਰਨ ਦੀ ਕੋਸ਼ਿਸ਼ ਕਰਦੇ ਤਾਂ ਉਨ੍ਹਾਂ ਦੇ ਅੰਦਰਲਾ ਕੋਹਝ, ਕੂੜ, ਕਪਟ ਅਤੇ ਕਮੀਨਗੀ, ਉਨ੍ਹਾਂ ਦੀ ਰੂਹ ਵਿਚੋਂ ਸਿੰਮਦੀ, ਉਨ੍ਹਾਂ ਦੇ ਲਿਬਾਸ ਨੂੰ ਦਾਗੀ ਕਰਨ ਤੋਂ ਕਦੇ ਨਹੀਂ ਰੁਕਦੀ।

ਗੁੱਛਾ-ਮੁੱਛਾ ਕਰਕੇ ਕਾਗਜ਼ੀ ਸੁਨੇਹਿਆਂ ਨੂੰ ਸੱਜਣਾਂ ਦੀ ਛੱਤ 'ਤੇ ਸੁੱਟਣਾ, ਕਦੇ ਯਾਦ ਜਰੂਰ ਕਰਨਾ। ਬੜਾ ਪਿਆਰਾ ਲੱਗਦਾ ਸੀ ਹੱਥਾਂ ਨਾਲ ਕਾਗਜ਼ ਦੇ ਪਿੰਡੇ 'ਤੇ ਪਈਆਂ ਸਿਲਵਟਾਂ ਨੂੰ ਮਿਟਾਉਣਾ। ਇਸ 'ਤੇ ਉਕਰੀ ਲਿਖਤ ਵਿਚ ਖੁਦ ਨੂੰ ਸਮਾਉਣਾ। ਇਹ ਸਿਲਵਟਾਂ ਦਾ ਸੰਦੇਸ਼ ਬਹੁਤ ਹੀ ਸੂਖਮ-ਭਾਵੀ, ਸਦ-ਭਾਵੀ ਅਤੇ ਸੱਚਾ ਹੁੰਦਾ ਸੀ, ਕਿਉਂਕਿ ਕੋਮਲ-ਭਾਵੀ ਲੋਕਾਂ ਦੇ ਮਨਾਂ ਵਿਚ ਫਕੀਰੀ ਵੱਸਦੀ।

ਸਿਲਵਟਾਂ ਵਿਚੋਂ ਸਦਾ ਸੰਦਲੀ ਆਭਾ ਹੀ ਨਹੀਂ ਫੁੱਟਦੀ। ਕਦੇ ਇਨ੍ਹਾਂ ਵਿਚੋਂ ਸਿਸਕੀਆਂ ਵੀ ਉਗਦੀਆਂ। ਕਦੇ ਇਹ ਜਿਸਮ ਦੀ ਨਿਲਾਮੀ ਦੀ ਗਵਾਹ ਵੀ ਬਣਦੀਆਂ। ਕਦੇ ਬੇਪਤੀ ਦਾ ਦਾਗ ਹੁੰਦੀਆਂ। ਕਦੇ ਕਿਸੇ ਧਿੰਗੋਜੋਰੀ ਦਾ ਪ੍ਰਮਾਣ ਹੁੰਦੀਆਂ ਅਤੇ ਕਿਸੇ ਜ਼ਹਾਲਤ ਦਾ ਸਿਰਨਾਂਵਾਂ। ਇਹ ਤਾਂ ਸਿਲਵਟਾਂ ਦੀ ਬਦਨਸੀਬੀ ਬਿਆਨਦੀਆਂ। ਅਜਿਹੀਆਂ ਸਿਲਵਟਾਂ ਦੀ ਔਕਾਤ ਸਿਰਫ ਉਨ੍ਹਾਂ ਦੇ ਹੱਥ ਹੁੰਦੀ, ਜਿਹੜੇ ਇਨ੍ਹਾਂ ਨੂੰ ਸਿਰਜਣ ਦਾ ਕੁਕਰਮ ਜਾਂ ਗੁਨਾਹ ਕਰਦੇ।

ਸਿਲਵਟਾਂ ਪਾਪ ਵੀ ਤੇ ਪੁੰਨ ਵੀ। ਗਵਾਹ ਵੀ ਤੇ ਹਮਜੋਲੀ ਵੀ। ਸਾਥੀ ਵੀ ਤੇ ਹਮਸਫਰ ਵੀ। ਬਹੁਤ ਕੁਝ ਹੁੰਦਾ ਹੈ ਸਿਲਵਟਾਂ ਦੇ ਅਵਚੇਤਨ ਵਿਚ। ਯਾਦ ਰੱਖਣਾ, ਕਈ ਵਾਰ ਤਾਂ ਸਿਲਵਟਾਂ ਉਹੀ ਹੁੰਦੀਆਂ ਪਰ ਸਮਾਂ, ਸਥਾਨ ਅਤੇ ਸਥਿਤੀ ਨਾਲ ਇਨ੍ਹਾਂ ਦਾ ਮੁਹਾਂਦਰਾ ਬਦਲਦਾ ਰਹਿੰਦਾ।

ਸਿਲਵਟਾਂ ਵਿਚੋਂ ਜਦ ਸੁਹਿਰਦਤਾ, ਸਬੰਧਾਂ ਦੀ ਸੁੱਚਮਤਾ ਅਤੇ ਜਿਸਮਾਨੀ ਇਕਸੁਰਤਾ ਤੇ ਇਕਸਾਰਤਾ ਹੀ ਰੂਹਾਂ ਵਿਚ ਵਸੇਬਾ ਕਰੇ ਤਾਂ ਸਿਲਵਟ ਕਦੇ ਹਉਕਾ ਨਾ ਭਰੇ।

ਸਿਲਵਟਾਂ ਕਦੇ ਕਦਾਈ ਸਰਹੱਦਾਂ ਵੀ ਸਿਰਜਦੀਆਂ, ਜਦ ਕੋਲ ਕੋਲ ਲੇਟਿਆਂ ਵੀ ਸੱਤ-ਸਮੁੰਦਰਾਂ ਦੀ ਦੂਰੀ ਹੁੰਦੀ। ਇਨ੍ਹਾਂ ਦੀ ਨਿੱਕੀ ਜਿਹੀ ਅਵੱਗਿਆ ਜਾਂ ਉਲੰਘਣਾ ਹੀ ਉਮਰਾਂ ਦੀ ਜਲਾਵਤਨੀ ਦਾ ਕਾਰਨ ਬਣਦੀ।

ਸਿਲਵਟਾਂ ਤਾਂ ਸੁੰਦਰ ਸਬੱਬ, ਜਿਨ੍ਹਾਂ ਵਿਚੋਂ ਨਵੇਂ ਸਰੋਕਾਰਾਂ, ਸੋਚਾਂ, ਸੁਚੇਤਨਾਵਾਂ ਅਤੇ ਸੰਵੇਦਨਾਵਾਂ ਨੇ ਜਨਮ ਲੈਣਾ ਹੁੰਦਾ। ਇਹੀ ਤਾਂ ਸਿਲਵਟਾਂ ਦੀ ਅਰਦਾਸ ਤੇ ਅਰਜੋਈ ਹੈ, ਜਿਹੜੀ ਤੁਸੀਂ ਹੀ ਸੁਣਨੀ ਅਤੇ ਪੂਰੀ ਕਰਨੀ ਹੈ।

*ਸਿਲਵਟਾਂ ਬਹੁਤ ਕੁਝ ਬਿਆਨ ਕਰਦੀਆਂ। ਸਿਰਫ ਇਨ੍ਹਾਂ ਨੂੰ ਆਪਣੇ ਅੰਤਰੀਵ ਵਿਚ ਉਤਾਰ ਕੇ, ਇਸ ਦੀਆਂ ਡੂੰਘਾਣਾਂ ਜਾਂ ਉਚਾਈਆਂ ਨੂੰ ਆਪਣੇ ਮਸਤਕ ਦੇ ਨਾਮ ਕਰਨਾ ਹੁੰਦਾ।...ਕਦੇ ਟਾਹਲੀ ਥੱਲੇ ਥੱਕੇ ਹਾਰੇ ਬਾਪੂ ਨੂੰ ਅਲਾਣੀ ਮੰਜੀ 'ਤੇ ਕੁਝ ਪਲ ਸੁਸਤਾਉਣ ਤੋਂ ਬਾਅਦ ਉਸ ਦੇ ਨੰਗੇ ਪਿੰਡੇ ਵੰਨੀਂ ਝਾਤ ਮਾਰਨਾ। ਤੁਹਾਨੂੰ ਧੁੱਪਾਂ 'ਚ ਰਾੜ੍ਹੇ ਹੋਏ ਪਿੰਡੇ 'ਤੇ ਵਾਣ ਦੀਆਂ ਸਿਲਵਟਾਂ ਵਿਚੋਂ ਮੁੜਕੇ ਦੀ ਖੁਸ਼ਬੂ ਆਵੇਗੀ। ਅਜਿਹੀਆਂ ਸਿਲਵਟਾਂ ਸਿਰਫ ਕਰਮ-ਯੋਗੀਆਂ ਦਾ ਹਾਸਲ।...ਧਰਤੀ ਦੇ ਪਿੰਡੇ 'ਤੇ ਪਈਆਂ ਹੋਈ ਵੱਟਾਂ ਵੀ ਸਿਲਵਟਾਂ, ਜਿਨ੍ਹਾਂ ਕਰਕੇ ਧਰਤੀ ਖੇਤਾਂ ਵਿਚ ਵਟੀਂਦੀ। ਇਨ੍ਹਾਂ ਵੱਟਾਂ 'ਤੇ ਉਗੀ ਹੋਈ ਸਰੋਂ ਜਦ ਫੁੱਲਦੀ ਤਾਂ ਕੁਦਰਤ, ਬਸੰਤੀ ਰੰਗ ਵਿਚ ਰੰਗੀ, ਮਨੁੱਖੀ ਭਾਵਨਾਵਾਂ ਦੀ ਸੁੰਦਰ ਤਸ਼ਬੀਹ ਬਣਦੀ।*



ਔੜ ਮਾਰੇ ਖੇਤ ਵਿਚ ਪਈਆਂ ਸਿਲਵਟਾਂ...

# ਫੁੱਟਬਾਲ, ਕਬੱਡੀ ਤੇ ਇਨਕਲਾਬੀ ਜੁਝਾਰੂਆਂ ਦਾ ਪਿੰਡ ਮੰਗੂਵਾਲ

**ਇਕਬਾਲ ਸਿੰਘ ਜੱਬੋਵਾਲੀਆ**
ਫੋਨ: 917-375-6395

ਪੌਣੀ ਸਦੀ ਦਾ ਖੇਡ ਇਤਿਹਾਸ ਹੈ, ਪਿੰਡ ਮੰਗੂਵਾਲ ਦਾ। ਫੁੱਟਬਾਲ ਦੇ ਨਾਮੀ-ਗਰਾਮੀ ਤੇ ਕਬੱਡੀ ਖਿਡਾਰੀਆਂ ਦਾ ਪਿੰਡ ਹੈ ਇਹ। ਫੁੱਟਬਾਲ ਖੇਤਰ ਵਿਚ ਭਾਰਤ ਦੀਆਂ ਵੱਖ-ਵੱਖ ਕਲੱਬਾਂ ਅਤੇ ਭਾਰਤੀ ਟੀਮ ਦੇ ਸੂਰਮੇ ਖਿਡਾਰੀ ਹਨ। ਖੇਡਾਂ ਦੇ ਨਾਲ ਨਾਲ ਇਨਕਲਾਬੀ ਗਤੀਵਿਧੀਆਂ ਦੇ ਮੰਚ ਸੰਚਾਲਨ ਵੀ ਚਲਦੇ ਰਹੇ।



ਇਸ ਪਿੰਡ ਦਾ ਫੁੱਟਬਾਲ ਦਾ ਪੁਰਾਣਾ ਇਤਿਹਾਸ ਹੈ। 1950 ਦੇ ਲਗਪਗ ਖਿਡਾਰੀਆਂ 'ਚ ਮਾਸਟਰ ਗੁਰਦੇਵ ਸਿੰਘ ਖਹਿਰਾ, ਸ. ਮਹਿੰਦਰ ਸਿੰਘ ਫੌਜੀ, ਡਾ. ਗੁਰਦੇਵ ਸਿੰਘ, ਸ. ਰਤਨ ਸਿੰਘ, ਸ. ਪ੍ਰੀਤਮ ਸਿੰਘ ਖਹਿਰਾ (ਪਰਮਲ ਖਹਿਰਾ ਦੇ ਪਿਤਾ), ਸ. ਜਰਨੈਲ ਸਿੰਘ ਜੈਲਾ, ਸ. ਹਰਮੀਕ ਸਿੰਘ ਮੀਕ, ਸ੍ਰੀ ਜੀਤ ਮਿਸਤਰੀ ਆਦਿ ਸਨ।

1955 'ਚ ਮੰਗੂਵਾਲ 'ਚ ਪਹਿਲੀ ਵਾਰ ਟੂਰਨਾਮੈਂਟ ਦੀ ਸ਼ੁਰੂਆਤ ਹੋਈ ਸੀ। ਫੁੱਟਬਾਲ ਦਾ ਫਾਈਨਲ ਮੈਚ ਮੰਗੂਵਾਲ ਤੇ ਜੱਬੋਵਾਲ ਦੀਆਂ ਟੀਮਾਂ ਵਿਚਕਾਰ ਸੀ। ਮੰਗੂਵਾਲ ਦੇ ਖਿਡਾਰੀਆਂ 'ਚ ਉਦੋਂ ਗਿਆਨੀ ਮਲਕੀਤ ਸਿੰਘ (ਵੈਨਕੂਵਰ, ਕੈਨੇਡਾ), ਸ. ਅਜੀਤ ਸਿੰਘ ਯੂ. ਕੇ., ਸ. ਬਖ਼ਸ਼ੀਸ਼ ਸਿੰਘ ਹੀਰਾ, ਸ. ਇਕਬਾਲ ਸਿੰਘ ਢੇਹੀਏ, ਸ. ਬਲਦੇਵ ਸਿੰਘ ਦੇਬੀ ਕੁਲਥਮੀਏ, ਸ. ਪਰਮਜੀਤ ਸਿੰਘ ਸੰਧੂ, ਗੁਰਬਖ਼ਸ਼ ਸਿੰਘ ਯੂ. ਕੇ., ਸ. ਬਲਿਹਾਰ ਸਿੰਘ ਕੈਨੇਡਾ ਗੋਲਕੀਪਰ, ਸ. ਦਰਸ਼ਨ ਸਿੰਘ ਯੂ. ਕੇ., ਸ੍ਰੀ ਅਜੀਤ ਰਾਮ ਗੁਰੂ, ਰਾਮ ਲਾਲ ਨਰ, ਸ੍ਰੀ ਸ਼ਾਦੀ ਰਾਮ, ਸ. ਬਲਵੀਰ ਸਿੰਘ ਮਿਸਤਰੀ, ਸ੍ਰੀ ਸ਼ਾਮ ਲਾਲ (ਦਿੱਲੀ ਦੇ ਕਿਸੇ ਕਲੱਬ ਦਾ ਖਿਡਾਰੀ), ਸ. ਜਗਦੀਸ਼ ਸਿੰਘ, ਸ. ਪ੍ਰੀਤਮ ਸਿੰਘ (ਬਲਰਾਜ ਦਾ ਭਰਾ), ਸ੍ਰੀ ਪ੍ਰਕਾਸ਼ ਦਾਣੀ, ਸ੍ਰੀ ਚੈਨ ਚੌਧਰੀ, ਸ੍ਰੀ ਮਹਿੰਦਰ ਦਾਸਦਿਆ ਤੇ ਡਾ. ਰਤਨ ਖਿਡਾਰੀ ਸਨ।

ਪੁਰਾਣੇ ਖਿਡਾਰੀਆਂ ਤੋਂ ਪ੍ਰੇਰਿਤ ਹੋ ਕੇ ਪਿੰਡ ਦੇ ਨਵੇਂ ਜੁਆਨ ਖੇਡ ਮੈਦਾਨਾਂ 'ਚ ਬੱਲੇ ਬੱਲੇ ਕਰਾਉਣ ਲੱਗੇ। ਨਿਰੰਜਨ ਦਾਸ ਭਗਤ, ਦਰਸ਼ਨ ਖਟਕੜ, ਇਕਬਾਲ ਖਟਕੜ ਚੇਲਾ, ਕੇਵਲ ਖਟਕੜ, ਕ੍ਰਿਸ਼ਨ, ਇਕਬਾਲ ਸੈਕਟਰੀ, ਬਾਰੂ ਰਾਮ, ਗੁਰਮੀਤ ਸਿੰਘ, ਸੁਰਜੀਤ ਸਿੰਘ ਢੀਂਡਸਾ, ਹਰਭਜਨ ਸਿੰਘ ਭੱਜੀ, ਸੁਦਰਸ਼ਨ ਕੁਮਾਰ, ਕਮਲਜੀਤ ਲਾਟੂ, ਪਰਮਲ ਖਹਿਰਾ, ਰਾਜਿੰਦਰ ਖਹਿਰਾ, ਸੋਹਣ ਲਾਲ ਜੋਸ਼ੀ, ਰਾਮ ਕਿਸ਼ਨ ਕਿਸ਼ੂ, ਕੈਲਾਸ਼ ਤੇ ਹੋਰ ਖਿਡਾਰੀ। 1965-66 ਦੇ ਇਨ੍ਹਾਂ ਖਿਡਾਰੀਆਂ ਨੇ ਬੜੀ ਧੱਕ ਪਾਈ।

ਉਪਰੋਕਤ ਖਿਡਾਰੀਆਂ ਤੋਂ ਅਗਲੀ ਪੀੜ੍ਹੀ ਉਤਸ਼ਾਹਤ ਹੋਈ। ਉਹ ਖਿਡਾਰੀ ਪੰਜਾਬ ਦੇ ਵੱਖ ਵੱਖ ਹਿੱਸਿਆਂ, ਅਕੈਡਮੀਆਂ, ਯੂਨੀਵਰਸਿਟੀਆਂ, ਇੰਟਰਯੂਨੀਵਰਸਿਟੀ ਅਤੇ ਕਲੱਬਾਂ 'ਚ ਖੇਡਣ ਲੱਗੇ। ਜਿਨ੍ਹਾਂ 'ਚ ਗੁਰਪਾਲ ਫੌਜੀ, ਮੱਖਣ ਸਿੰਘ ਤੇ ਪਰਮਜੀਤ ਪੰਮਾ (ਤਿੰਨੇ ਸਕੇ ਭਰਾ), ਸਰਬਜੀਤ ਸਰਬਾ, ਬਲਵਿੰਦਰ ਰਾਣਾ (ਨੈਸ਼ਨਲ ਖਿਡਾਰੀ), ਅਸ਼ਵਨੀ ਕੁਮਾਰ ਮਿੰਟਾ, ਕੁਲਵੰਤ ਡਿਪਟੀ, ਰਾਮ ਲੁਭਾਇਆ, ਗੁਰਮੀਤ ਸਿੰਘ ਗੋਲਕੀਪਰ, ਮੱਖਣ ਸਿੰਘ, ਗਾਮਾ, ਦੇਸ ਰਾਜ, ਨਿੰਦਰ, ਤੀਰਥ, ਬਖ਼ਸ਼ੀਸ਼, ਰਾਮ ਲਾਲ, ਸਤਨਾਮ ਸਿੰਘ ਕੈਨੇਡਾ, ਮੋਹਣਾ, ਬਲਵੀਰ ਖਹਿਰਾ, ਮਨਜੀਤ ਬਾਜਵਾ, ਸਤਨਾਮ ਸਿੰਘ ਭਾਜਾ, ਹੁਸਨ ਲਾਲ, ਜਸਪ੍ਰੀਤ ਜੱਸੀ ਤੇ ਜਸਵੀਰ ਜੱਸੀ (ਇੰਟਰਯੂਨੀਵਰਸਿਟੀ ਖਿਡਾਰੀ) ਆਦਿ ਹੋਏ। ਇਹ 1977 ਤੋਂ 1990 ਦੇ ਦਹਾਕੇ ਦੇ ਖਿਡਾਰੀ ਹੋਏ।

ਸੀਨੀਅਰ ਖਿਡਾਰੀਆਂ ਦੇ ਰਾਹਾਂ 'ਤੇ ਚਲਦਿਆਂ 1997 ਤੋਂ 2002 ਦੇ ਸਮੇਂ 'ਚ ਅਗਲੀ ਪਨੀਰੀ ਤਿਆਰ ਹੋਈ ਤੇ ਖੇਡ ਮੈਦਾਨਾਂ 'ਚ ਗੱਜਣ ਲੱਗੇ। ਮਨਦੀਪ ਜੁਗਨੂੰ (ਨਿਰੰਜਨ ਦਾ ਬੇਟਾ), ਗੁਰਜਿੰਦਰ ਤੇ ਯਾਦਵਿੰਦਰ (ਗੁਰਪਾਲ ਫੌਜੀ ਦੇ ਬੇਟੇ), ਅਤਿੰਦਰ ਮਨੀ ਤੇ ਵਰਿੰਦਰ ਸੰਨੀ (ਸਰਬੇ ਦੇ ਬੇਟੇ), ਹਰੀਕ੍ਰਿਸ਼ਨ ਕੈਲੀਫੋਰਨੀਆ, ਵਿਜੈ ਕੁਮਾਰ ਤੇ ਇੰਦਰਜੀਤ ਬੱਬੂ (ਦੋਵੇਂ ਭਰਾ) ਤੇ ਭਾਰਤੀ ਟੀਮ 'ਚ ਖੇਡਣ ਵਾਲੇ ਸੁਨੀਲ ਗੋਲਡੀ ਨੇ ਮੰਗੂਵਾਲ ਦੀ ਸਾਰੇ ਪਾਸੇ ਬੱਲੇ ਬੱਲੇ ਕਰਵਾਈ। ਗੁਰਪਾਲ ਫੌਜੀ ਦਾ ਬੇਟਾ ਗੁਰਜਿੰਦਰ ਸੰਨੀ ਭਾਰਤੀ ਟੀਮ ਦਾ ਖਿਡਾਰੀ ਅਤੇ ਕਲਕੱਤੇ ਦੇ ਮੋਹਣ-ਬਾਗਾਨ ਦੀ ਕਪਤਾਨੀ ਤੋਂ ਬਾਅਦ ਬੰਬਈ ਫਿਲਮ ਇੰਡਸਟਰੀ ਵਲੋਂ ਬਣਾਈ ਨਾਰਥ-ਈਸਟ ਯੂਨਾਈਟਿਡ ਐਫ. ਸੀ. ਵਲੋਂ ਖੇਡ ਰਿਹੈ।

1987 'ਚ ਮੰਗੂਵਾਲ 'ਚ ਸ਼ੁਰੂ ਕਰਾਈ ਗਈ ਫੁੱਟਬਾਲ ਲੀਗ ਪੰਜਾਬ ਦੀ ਪਹਿਲੀ ਲੀਗ ਸੀ। ਲੀਗ ਸ਼ੁਰੂ ਕਰਾਉਣ 'ਚ ਦਰਸ਼ਨ ਖਟਕੜ, ਨਿਰੰਜਨ ਦਾਸ, ਪਰਮਲ ਖਹਿਰਾ, ਰਾਜਿੰਦਰ ਖਹਿਰਾ, ਸਰਬਜੀਤ ਸਰਬਾ, ਗੁਰਪਾਲ ਫੌਜੀ, ਬਾਰੂ ਰਾਮ ਗੁਰੂ, ਕੁਲਵੰਤ ਸਿੰਘ ਡਿਪਟੀ, ਦੇਸ ਰਾਜ ਗੁਰੂ, ਮਨਜੀਤ ਸਿੰਘ ਬਾਜਵਾ, ਹੁਸਨ ਲਾਲ, ਤੀਰਥ ਸਿੰਘ ਗੁਰੂ, ਨਿਰਮਲ ਸਿੰਘ ਖਟਕੜ ਪੋਪੀ ਤੇ ਦਰਸ਼ਨ ਖਟਕੜ ਯੂ. ਕੇ. ਬਾਗਵਾਲੇ ਦਾ ਭਾਣਜਾ ਸਤਨਾਮ ਸਿੰਘ ਮਾਨ ਤੇ ਸਾਥੀਆਂ ਨੇ 'ਆਦਰਸ਼ ਸਪੋਰਟਸ ਕਲੱਬ ਮੰਗੂਵਾਲ' ਦੇ ਨਾਂ 'ਤੇ ਸ਼ੁਰੂ ਕਰਵਾਈ। ਇਸ ਲੀਗ ਨੂੰ ਅੱਗੇ ਤੋਰਨ ਵਾਲਾ ਕੋਈ ਚੰਗਾ ਸਲਾਹਕਾਰ ਨਹੀਂ ਸੀ ਮਿਲ ਰਿਹਾ। ਦਸ ਸਾਲ ਬਾਅਦ ਆਸਾਂ ਨੂੰ ਬੂਰ ਪਿਆ। ਜਦੋਂ ਸ. ਹਰਦੇਵ ਸਿੰਘ ਕਾਹਮਾ ਦੇ ਹੌਸਲੇ ਤੇ ਥਾਪੜੇ ਨਾਲ ਐਸ. ਐਨ. ਕਾਲਜ ਬੰਗਾ ਦੇ ਖੇਡ ਸਟੇਡੀਅਮ ਵਿਚ ਵੱਡੇ ਪੱਧਰ 'ਤੇ 'ਸ਼ਹੀਦ ਭਗਤ ਸਿੰਘ ਮੈਮੋਰੀਅਲ ਟੂਰਨਾਮੈਂਟ' ਦੀ ਸ਼ੁਰੂਆਤ ਹੋਈ। 1998 ਤੋਂ ਹੁਣ ਤੱਕ ਉਹ ਟੂਰਨਾਮੈਂਟ ਲਗਾਤਾਰ ਹੋ ਰਿਹੈ।



ਦਰਸ਼ਨ ਖਟਕੜ




ਸ਼ਹੀਦ ਇਕਬਾਲ ਸਿੰਘ ਮੰਗੂਵਾਲ



ਸਵਰਗੀ ਅਜੀਤ ਰਾਮ ਗੁਰੂ

ਖਿਡਾਰੀ ਖੇਡਾਂ ਦੇ ਨਾਲ ਨਾਲ ਇਨਕਲਾਬੀ ਸੋਚ 'ਤੇ ਵੀ ਪਹਿਰਾ ਦਿੰਦੇ ਰਹੇ। ਪੜ੍ਹੇ-ਲਿਖੇ ਤੇ ਉਸਾਰੂ ਸੋਚ ਕਰਕੇ ਪਿੰਡ 'ਚ ਧਰਮ/ਮਜ਼੍ਹਬ, ਜਾਤ-ਪਾਤ, ਊਚ-ਨੀਚ ਨੂੰ ਕੋਈ ਥਾਂ ਨਹੀਂ। ਆਪਸੀ ਪਿਆਰ, ਇਤਫਾਕ ਤੇ ਭਾਈਚਾਰਕ ਸਾਂਝ ਨਾਲ ਪਿੰਡ 'ਚ ਰਹਿੰਦੇ ਹਨ। ਇਹ ਪਿੰਡ ਕਿਸੇ ਵੇਲੇ ਪੰਜਾਬ ਦੇ ਇਨਕਲਾਬੀ ਕਾਰਕੁਨਾਂ ਦਾ ਗੜ੍ਹ ਮੰਨਿਆ ਜਾਂਦਾ ਰਿਹੈ। ਪਿੰਡ 'ਚ ਸ਼ਿਵ ਕੁਮਾਰ ਬਟਾਲਵੀ, ਪਾਸ਼, ਜੈਮਲ ਪੱਡਾ, ਸੰਤ ਰਾਮ ਉਦਾਸੀ, ਦਰਸ਼ਨ ਖਟਕੜ, ਹਾਕਮ ਸਿੰਘ ਸਮਾਓ, ਮਾਸਟਰ ਗਿਆਨ ਸਿੰਘ ਸੰਘਾ, ਬਲਦੇਵ ਸਿੰਘ ਮਾਨ, ਨਿਰੰਜਨ ਦਾਸ, ਬਾਰੂ ਰਾਮ, ਰਵਿੰਦਰ ਸਹਿਰਾਅ, ਅਮੋਲਕ ਸਿੰਘ, ਪਰਮਜੀਤ ਕਾਹਮਾ ਅਤੇ ਹੋਰ ਇਨਕਲਾਬੀ ਸੱਜਣਾਂ ਦਾ ਟਿਕਾਣਾ ਹੁੰਦਾ। ਮਜ਼ਦੂਰਾਂ, ਕਾਮਿਆਂ ਦੀ ਗੱਲ ਹੁੰਦੀ। ਇਨਕਲਾਬੀ ਗੀਤ, ਗ਼ਜ਼ਲਾਂ ਤੇ ਹੋਰ ਗੱਲਾਂ ਸਾਂਝੀਆਂ ਕਰਦੇ। ਸਾਰੇ ਸੱਜਣਾਂ ਦਾ ਟਿਕਾਣਾ ਇਸ ਵਕਤ ਕੈਲੀਫੋਰਨੀਆ ਰਹਿੰਦੇ ਬਾਰੂ ਰਾਮ ਦੀ ਕੋਠੀ 'ਚ ਹੁੰਦਾ। ਉਨ੍ਹਾਂ ਦੀ ਰਿਹਾਇਸ਼ 'ਤੇ ਖਾਣ-ਪੀਣ ਦਾ ਸਾਰਾ ਪ੍ਰਬੰਧ ਉਹ ਹੀ ਕਰਦਾ।

ਫੁੱਟਬਾਲ ਦੇ ਤਕੜੇ ਖਿਡਾਰੀ ਅਤੇ ਬੁਲੰਦ ਆਵਾਜ਼ ਦੇ ਮਾਲਕ ਨਿਰੰਜਨ ਦਾਸ ਭਗਤ ਨੂੰ ਲੋਕ ਸੁਣਦੇ। ਉਹ ਸਟੇਜਾਂ 'ਤੇ ਅਕਸਰ ਸੰਤ ਰਾਮ ਉਦਾਸੀ ਦੇ ਗੀਤ ਗਾਉਂਦਾ। ਭਾਈ ਗੁਰਸ਼ਰਨ ਸਿੰਘ (ਭਾਈ ਮੰਨਾ ਸਿੰਘ) ਦੇ ਨਾਟਕ ਰਾਤਾਂ ਨੂੰ ਖੇਡੇ ਜਾਂਦੇ। ਸੰਤ ਰਾਮ ਉਦਾਸੀ, ਜੈਮਲ ਪੱਡਾ ਤੇ ਨਿਰੰਜਨ ਦਾਸ-ਤਿੰਨੋਂ ਉਚੀਆਂ ਹੇਕਾਂ ਦੇ ਧਨੀ। ਜਸਵੰਤ ਖਟਕੜ ਨੇ ਇਨਕਲਾਬੀ ਵਿਚਾਰਧਾਰਾ ਦੇ ਹੋਰ ਸਾਥੀਆਂ ਦੇ ਸਹਿਯੋਗ ਨਾਲ ਪਿੰਡ ਅਤੇ ਇਲਾਕੇ ਦੇ ਹੋਰ ਨੌਜਵਾਨਾਂ ਨੂੰ ਨਾਲ ਲੈ ਕੇ 'ਦੋਆਬਾ ਕਲਾ ਮੰਚ ਮੰਗੂਵਾਲ' ਸਥਾਪਿਤ ਕੀਤਾ ਹੋਇਆ ਸੀ। ਵੱਖ ਵੱਖ ਪਿੰਡਾਂ 'ਚ ਜਾ ਕੇ ਕਿਰਤੀ, ਕਿਸਾਨਾਂ ਤੇ ਮਜ਼ਦੂਰਾਂ ਦੀ ਬੇਇਨਸਾਫੀ ਤੇ ਲੁੱਟ-ਖਸੁੱਟ ਨੂੰ ਨਾਟਕਾਂ ਰਾਹੀਂ ਪੇਸ਼ ਕਰਦੇ। ਮਾਸਟਰ ਗਿਆਨ ਸਿੰਘ ਸੰਘਾ ਸਹਾਬਪੁਰ ਵਾਲੇ ਸਟੇਜ ਸੰਚਾਲਨ ਕਰਦੇ।

ਇਨਕਲਾਬੀ ਸੋਚ ਰੱਖਣ ਕਰਕੇ ਬਹੁਤੇ ਖਿਡਾਰੀਆਂ ਨੂੰ ਰੁਪੋਸ਼ ਵੀ ਹੋਣਾ ਪੈਂਦਾ ਸੀ। ਸਿਰਾਂ ਦੇ ਮੁੱਲ ਰੱਖੇ ਹੁੰਦੇ ਸਨ। ਜਦੋਂ ਵੀ ਕਿਤੇ ਦੂਜੇ ਪਿੰਡਾਂ 'ਚ ਮੰਗੂਵਾਲ ਦਾ ਫੁੱਟਬਾਲ ਮੈਚ ਹੋਣਾ ਤਾਂ ਰੁਪੋਸ਼ ਹੋਏ ਖਿਡਾਰੀ ਮੈਚ ਖੇਡ ਕੇ ਫਿਰ ਆਪੋ ਆਪਣੇ ਰਸਤੇ ਤੁਰ ਜਾਂਦੇ।

ਪਿੰਡ ਦੇ ਪੁਰਾਣੇ ਖਿਡਾਰੀ ਫੁੱਟਬਾਲ ਦੇ ਨਾਲ ਕਬੱਡੀ ਵੀ ਵਧੀਆ ਖੇਡ ਲੈਂਦੇ ਸਨ। ਕੇਵਲ ਸਿੰਘ ਖਟਕੜ, ਇਕਬਾਲ ਸਿੰਘ ਖਟਕੜ, ਗੁਰਬਖ਼ਸ਼ ਬਾਸ਼ਾ ਤੇ ਤਲਵਣ ਕਬੱਡੀ ਦੇ ਵਧੀਆ ਖਿਡਾਰੀ ਸਨ। ਇਕ-ਦੋ ਖਿਡਾਰੀ ਆਸੇ-ਪਾਸੇ ਦੇ ਪਿੰਡਾਂ ਤੋਂ ਪਾ ਕੇ ਟੀਮ ਬਣਾ ਵੱਡੇ ਵੱਡੇ ਮੈਚ ਜਿੱਤ ਲੈਂਦੇ।

ਹੁਣ ਨਵੇਂ ਖਿਡਾਰੀ ਅੱਗੇ ਤੋਂ ਅੱਗੇ ਤਿਆਰ ਹੋਈ ਜਾ ਰਹੇ ਨੇ। ਇਸ ਵੇਲੇ ਪਿੰਡ ਦੇ ਜਸਵੀਰ ਜੱਸੀ, ਜਸਪ੍ਰੀਤ ਜੀਤਾ, ਸੰਨੀ (ਕਬੱਡੀ ਖਿਡਾਰੀ ਵੀਰ੍ਹੀ ਦਾ ਬੇਟਾ) ਤੇ ਫੁੱਟਬਾਲ ਦੇ ਹੋਰ ਖਿਡਾਰੀ ਹਨ। ਖਿਡਾਰੀ ਤਿਆਰ ਕਰਨ ਦਾ ਸਿਹਰਾ ਆਪਣੇ ਸਮੇਂ ਦੇ ਵਧੀਆ ਖਿਡਾਰੀ ਤੇ ਕੋਚ ਗੁਰਪਾਲ ਫੌਜੀ ਤੇ ਸਰਬਜੀਤ ਸਰਬਾ ਦੇ ਸਿਰ ਜਾਂਦੈ, ਜੋ ਨਵੇਂ ਉਠ ਰਹੇ ਖਿਡਾਰੀਆਂ ਨੂੰ ਚੰਗੀ ਕੋਚਿੰਗ ਤੇ ਹੱਲਾਸ਼ੇਰੀ ਦੇ ਰਹੇ ਹਨ। ਫੌਜੀ ਤੇ ਸਰਬਾ ਨਿਰੰਜਨ ਦਾਸ ਦੀ ਗੇਮ ਤੋਂ ਬੜੇ ਪ੍ਰਭਾਵਿਤ ਸਨ। ਗੁਰਪਾਲ ਫੌਜੀ ਇਸ ਵੇਲੇ ਅਮਰੀਕਾ ਰਹਿ ਰਿਹੈ। ਹੁਣ ਜਦੋਂ ਵੀ ਕਦੇ ਫੌਜੀ ਅਮਰੀਕਾ ਤੋਂ ਪਿੰਡ ਜਾਂਦਾ ਤਾਂ ਪਿੰਡ ਦੇ ਗਰੀਬ ਖਿਡਾਰੀਆਂ ਲਈ ਕਿੱਟਾਂ ਤੇ ਖੁਰਾਕ ਦੀਆਂ ਸੇਵਾਵਾਂ ਦਿੰਦਾ; ਜਦੋਂ ਕਿ 2018 ਵਿਚ ਸਰਬਜੀਤ ਕੋਚ ਨੇ ਕੈਨੇਡਾ ਦੇ ਸੈਰ ਸਪਾਟੇ ਤੋਂ ਵਾਪਸ ਜਾ ਕੇ ਜਰਸੀਆਂ ਤੇ ਖੁਰਾਕ ਦਾ ਪ੍ਰਬੰਧ ਕੀਤਾ। ਸਭ ਤੋਂ ਵੱਡੀ ਦੇਣ ਵਿਦੇਸ਼ਾਂ 'ਚ ਰਹਿੰਦੇ ਇਸ ਪਿੰਡ ਦੇ ਦਾਨੀ ਸੱਜਣਾਂ ਦੀ ਹੈ, ਜੋ ਪਿੰਡ ਦੀਆਂ ਖੇਡਾਂ, ਖਿਡਾਰੀਆਂ ਤੇ ਵਿਕਾਸ ਪ੍ਰਤੀ ਹਮੇਸ਼ਾ ਫਿਕਰਮੰਦ ਰਹਿੰਦੇ ਨੇ। ਨਿਰੰਜਨ ਦਾਸ ਭਗਤ ਦੇ ਬੇਟੇ ਮਨਦੀਪ ਜੁਗਨੂੰ ਨੇ ਖਿਡਾਰੀਆਂ ਲਈ ਘਿਓ ਦੇ ਪੀਪਿਆਂ ਦਾ ਪ੍ਰਬੰਧ ਕੀਤਾ। ਨਵੇਂ ਖਿਡਾਰੀ ਸਰਬਜੀਤ ਸਰਬੇ ਦੀ ਦੇਖ-ਰੇਖ ਹੇਠ ਤਿਆਰ ਹੋ ਰਹੇ ਹਨ। ਨਿਰੰਜਨ ਦਾਸ ਭਗਤ ਦੇ ਭਰਾ ਦਾ ਪੋਤਾ ਵਿਸ਼ਾਲ ਇਸ ਵਕਤ ਬੱਡੇ ਛੋਟੇ ਬੱਚਿਆਂ ਦੀ ਅਕੈਡਮੀ ਦਾ ਖਿਡਾਰੀ ਹੈ। ਸਰਬਜੀਤ ਪਿੰਡ ਦੇ ਖਿਡਾਰੀਆਂ ਦੇ ਨਾਲ ਨਾਲ ਪਿੰਡ ਲੜੋਆ ਦੇ 'ਲੜੋਆ ਫੁੱਟਬਾਲ ਅਕੈਡਮੀ' ਦੇ ਬੱਚਿਆਂ ਨੂੰ ਵੀ ਤਿਆਰ ਕਰ ਰਿਹੈ। ਮਾਹਿਲਪੁਰ ਵਿੰਗ ਨੂੰ ਵੀ ਕਈ ਖਿਡਾਰੀ ਤਿਆਰ ਕਰ ਕੇ ਦਿੱਤੇ। ਪਿੰਡ ਦਾ ਮੌਜੂਦਾ ਸਰਪੰਚ ਸ. ਕੇਵਲ ਸਿੰਘ ਖਟਕੜ ਆਪਣੇ ਸਮੇਂ ਦਾ ਵਧੀਆ ਕਬੱਡੀ ਖਿਡਾਰੀ ਰਿਹੈ। ਉਹ ਪਿੰਡ ਦੀ ਤਰੱਕੀ, ਖੇਡਾਂ ਤੇ ਖਿਡਾਰੀਆਂ ਪ੍ਰਤੀ ਹਮੇਸ਼ਾ ਉਸਾਰੂ ਸੋਚ ਰੱਖਦੈ।

ਮੰਗੂਵਾਲ ਦੇ ਖਿਡਾਰੀਆਂ ਸਦਾ
ਪਿੰਡ ਦੀ ਆਨ ਤੇ ਸ਼ਾਨ ਰੱਖੀ।
ਰੱਜ ਰੱਜ ਪਸੀਨਾ ਵਹਾਇਆ
ਤੇ ਫੱਟਾਂ ਪੈਰਾਂ 'ਚ ਬੜੀ ਜਾਨ ਰੱਖੀ।
ਖੇਡ ਕਲੱਬਾਂ ਤੇ ਭਾਰਤੀ ਟੀਮ ਦਾ
ਹਿੱਸਾ ਬਣ ਕੇ ਖੇਡ ਇਤਿਹਾਸ ਵਿਚ
ਬੱਲੇ ਬੱਲੇ ਕਰਾਉਂਦੇ ਰਹੇ।
ਪਰਵਾਸੀ ਵੀਰ 'ਇਕਬਾਲ' ਨਾ ਰਹੇ ਪਿੱਛੇ,
ਖੇਡ ਖਿਡਾਰੀਆਂ ਤੇ ਪਿੰਡ ਵਿਕਾਸ 'ਚ
ਵੱਧ ਚੜ੍ਹ ਕੇ ਹਿੱਸਾ ਪਾਉਂਦੇ ਰਹੇ।



ਕੋਚ ਸਰਬਜੀਤ ਸਰਬਾ



ਕੋਚ ਗੁਰਪਾਲ ਫੌਜੀ



ਨਿਰੰਜਨ ਦਾਸ ਭਗਤ



ਮੌਜੂਦਾ ਸਰਪੰਚ ਕੇਵਲ ਸਿੰਘ ਖਟਕੜ

# ਕਿਸਾਨ ਅੰਦੋਲਨ ਸਬੰਧੀ ਚੁੱਪ ਨੁਕਸਾਨਦੇਹ

ਪਾਰਲੀਮੈਂਟ ਵਿਚ ਬੈਠੇ ਲੋਕਾਂ ਦੇ ਪ੍ਰਤੀਨਿਧਾਂ ਨੇ ਇਹ ਤਿੰਨ ਖੇਤੀ ਸੁਧਾਰ ਬਿਲ ਪਾਸ ਕੀਤੇ ਹਨ, ਜੋ ਕਿਸਾਨਾਂ ਨੇ ਪਸੰਦ ਨਹੀਂ ਕੀਤੇ। ਇਹ ਕਾਲੇ ਕਾਨੂੰਨ ਕਾਰਪੋਰੇਟ ਘਰਾਣਿਆਂ ਨੂੰ ਲਾਭ ਪਹੁੰਚਾਉਣ ਲਈ ਬਣਾਏ ਗਏ ਹਨ ਤਾਂ ਕਿ ਜਲਦੀ ਹੀ ਕਾਰਪੋਰੇਟ ਅਦਾਰੇ ਖੇਤੀਬਾੜੀ ਵਿਚ ਦਾਖਲ ਹੋ ਜਾਣ ਅਤੇ ਇਹ ਇਕ ਉਦਯੋਗ ਬਣ ਜਾਵੇ। ਜਦ ਇਹ ਬਿਲ ਪਾਰਲੀਮੈਂਟ ਵਿਚ ਹੀ ਸਨ ਤਾਂ ਵਿਰੋਧੀ ਧਿਰ ਕਾਂਗਰਸ ਨੇ ਇਹ ਵਾਲਾ ਨੁਕਤਾ ਰਸਮੀ ਤੌਰ 'ਤੇ ਸਭ ਤੋਂ ਪਹਿਲਾਂ ਉਠਾਇਆ ਸੀ, ਪਰ ਭਾਜਪਾ ਸਰਕਾਰ ਨੇ ਬਹੁਮਤ ਦੀ ਤਾਕਤ ਨਾਲ ਇਹ ਬਿਲ ਦੋਹਾਂ ਸਦਨਾਂ ਪਾਸੋਂ ਪਾਸ ਕਰਵਾ ਕੇ ਬਾਕਾਇਦਾ ਕਾਨੂੰਨ ਬਣਾ ਕੇ ਲਾਗੂ ਵੀ ਕਰ ਦਿੱਤੇ।

ਕੁਝ ਅਰਸਾ ਤਾਂ ਵਿਰੋਧੀ ਧਿਰਾਂ ਵੀ ਕਿਸਾਨਾਂ ਨਾਲ ਚੱਲੀਆਂ ਸਨ, ਪਰ ਫਿਰ ਵਿਰੋਧੀ ਧਿਰ ਦੇ ਰਾਹੁਲ ਗਾਂਧੀ ਨੇ ਇਹ ਬਿਆਨ ਦੇ ਕੇ ਪਿੱਛਾ ਛੁਡਾ ਲਿਆ ਕਿ ਜਦ ਉਨ੍ਹਾਂ ਦੀ ਸਰਕਾਰ ਆ ਜਾਵੇਗੀ ਤਾਂ ਇਹ ਕਾਨੂੰਨ ਰੱਦ ਕਰ ਦਿੱਤੇ ਜਾਣਗੇ। ਹੁਣ ਇਕੱਲੇ ਕਿਸਾਨਾਂ ਨੇ ਹੀ ਸੰਘਰਸ਼ ਜਾਰੀ ਰੱਖਿਆ ਹੋਇਆ ਹੈ। ਸਰਕਾਰ ਨੇ ਰਸਮੀ ਤੌਰ 'ਤੇ ਕਿਸਾਨਾਂ ਨਾਲ ਗੱਲਾਂਬਾਤਾਂ ਤਾਂ ਕੀਤੀਆਂ ਸਨ, ਪਰ ਹਾਲੇ ਵੀ ਸਰਕਾਰ ਇਸ ਗੱਲ ਉਤੇ ਅੜੀ ਪਈ ਹੈ ਕਿ ਇਹ ਕਾਨੂੰਨ ਕਿਸਾਨਾਂ ਦੇ ਹੱਕ ਵਿਚ ਹਨ ਅਤੇ ਵਾਪਸ ਨਹੀਂ ਲਏ ਜਾਣਗੇ। ਉਧਰ ਕਿਸਾਨਾਂ ਨੇ ਇਹ ਐਲਾਨ ਕੀਤਾ ਹੋਇਆ ਹੈ ਕਿ ਜਦ ਤਕ ਇਹ ਤਿੰਨੋਂ ਕਾਨੂੰਨ ਵਾਪਸ ਨਹੀਂ ਲਏ ਜਾਂਦੇ, ਅੰਦੋਲਨ ਚਲਦਾ ਰਹੇਗਾ।

ਇਸ ਵਕਤ ਸਰਕਾਰ ਵੀ ਚੁਪ ਹੈ। ਵਿਰੋਧੀ ਧਿਰਾਂ ਵੀ ਚੁਪ ਹਨ ਅਤੇ ਸਿਰਫ ਤੇ ਸਿਰਫ ਕਿਸਾਨਾਂ ਵਲੋਂ ਹੀ ਆਵਾਜ਼ ਆ ਰਹੀ ਹੈ। ਮਾਮਲਾ ਇਸ ਵਕਤ ਸੁਪਰੀਮ ਕੋਰਟ ਵਿਚ ਹੈ, ਜਿਥੋਂ ਹਾਲ ਦੀ ਘੜੀ ਕਾਨੂੰਨਾਂ ਉਤੇ ਰੋਕ ਲੱਗੀ ਪਈ ਹੈ। ਸਰਕਾਰ ਆਖੀ ਜਾ ਰਹੀ ਹੈ ਕਿ ਇਹ ਅੰਦੋਲਨ ਕਿਸਾਨਾ ਵਲੋਂ ਨਹੀਂ ਹੈ। ਸਿਆਸੀ ਪਾਰਟੀਆਂ ਵੀ ਫੇਰਾ ਮਾਰ ਰਹੀਆਂ ਹਨ ਅਤੇ ਆਪਣੀਆਂ ਰਾਜਸੀ ਰੋਟੀਆਂ ਸੇਕਣ ਦਾ ਹੀਲਾ ਕਰ ਰਹੀਆਂ ਹਨ। ਕੁਝ ਆਦਮੀ ਖਾਸ ਕਰਕੇ ਵੀ ਚਮਕ ਰਹੇ ਹਨ ਅਤੇ ਉਹ ਕਿਸਾਨਾਂ ਦੀ ਭਲਾਈ ਲਈ ਕੁਝ ਕਹਿ ਰਹੇ ਹਨ ਜਾਂ ਆਪਣਾ ਨਾਮ ਰਾਜਸੀ ਖੇਤਰ ਵਿਚ ਦਾਖਲ ਕਰਨ ਦੀ ਕੋਸ਼ਿਸ਼ ਪਏ ਕਰਦੇ ਹਨ। ਇਹ ਅੰਦੋਲਨ ਠੀਕ ਠਾਕ ਹੈ ਜਾਂ ਹਾਲੇ ਵੀ ਬਹੁਤ ਸਾਰੀਆਂ ਸਿਆਸੀ ਪਾਰਟੀਆਂ ਅੰਦਰਖਾਤੇ ਸਿਰਫ ਤਮਾਸ਼ਾ ਹੀ ਦੇਖ ਰਹੀਆਂ ਹਨ, ਇਹ ਗੱਲਾਂ ਵੀ ਵਿਚਾਰਨ ਵਾਲੀਆਂ ਹਨ। ਕੁਝ ਕਾਨੂੰਨੀ ਕਾਰਨ ਵੀ ਹਨ ਕਿ ਪਾਰਲੀਮੈਂਟ ਵਲੋਂ ਪਾਸ ਕੀਤਾ ਜਾ ਚੁਕਾ ਅਤੇ ਰਾਸ਼ਟਰਪਤੀ ਵਲੋਂ ਜਿਹੜਾ ਬਿਲ ਅਧਿਸੂਚਿਤ ਕਰ ਦਿਤਾ ਜਾਵੇ, ਉਹ ਸਦਨ ਵਿਚ ਜਾ ਕੇ ਹੀ ਤਰਮੀਮ ਆਦਿ ਕੀਤਾ ਜਾ ਸਕਦਾ ਹੈ। ਕਿਸੇ ਪਾਸ ਅਧਿਕਾਰ ਹੀ ਨਹੀਂ ਰਹਿ ਜਾਂਦਾ ਕਿ ਪਾਸ ਕੀਤਾ ਅਤੇ ਅਧਿਸੂਚਿਤ ਕੀਤਾ ਕਾਨੂੰਨ ਵਾਪਿਸ ਲੈ ਸਕੇ। ਭਾਜਪਾ ਵਿਚ ਨਰਿੰਦਰ ਮੋਦੀ ਦਾ ਦਬਦਬਾ ਬਣਿਆ ਪਿਆ ਹੈ ਅਤੇ ਭਾਜਪਾ ਦੇ ਵੱਡਾ ਨੁਕਸਾਨ ਪਿਛੋਂ ਵੀ ਕੋਈ ਬੋਲ ਨਹੀਂ ਰਿਹਾ।

-ਦਲੀਪ ਸਿੰਘ ਵਾਸਨ
ਫੋਨ: 0175-5191856

ਕਹਾਣੀ

# ਕਬਰਪੁੱਟ ਬੇਗਾਰੀ

***ਭਾਰਤੀ ਸਮਾਜ ਦੇ ਛੇਕੇ ਹੋਏ ਬਾਸ਼ਿੰਦਿਆਂ ਦਾ ਬਿਰਤਾਂਤ ਬਹੁਤ ਸਾਰੇ ਲਿਖਾਰੀਆਂ ਨੇ ਆਪੋ-ਆਪਣੇ ਅਨੁਭਵ ਮੁਤਾਬਿਕ ਆਪੋ-ਆਪਣੇ ਢੰਗ ਨਾਲ ਪੇਸ਼ ਕੀਤਾ ਹੈ। ਪਿਛਲੇ ਕੁਝ ਸਮੇਂ ਤੋਂ ਬਲਬੀਰ ਮਾਧੋਪੁਰੀ ਆਪਣੀਆਂ ਵੱਖ ਵੱਖ ਰਚਨਾਵਾਂ ਰਾਹੀਂ ਇਸ ਖੇਤਰ ਵਿਚ ਚੰਗੀ-ਚੋਖੀ ਹਾਜ਼ਰੀ ਲੁਆ ਰਿਹਾ ਹੈ। 'ਕਬਰਪੁੱਟ ਬੇਗਾਰੀ' ਕਹਾਣੀ ਇਸ ਸਮਾਜ ਦੇ ਲੋਕਾਂ ਦੀ ਅਜਿਹੀ ਬਾਤ ਪਾਉਂਦੀ ਹੈ ਜੋ ਚਿਰਾਂ ਤੋਂ ਹੋ ਰਹੀਆਂ ਵਧੀਕੀਆਂ ਨੂੰ ਵੰਗਾਰ ਰਹੀ ਹੈ।***



**ਬਲਬੀਰ ਮਾਧੋਪੁਰੀ**
**ਫੋਨ: +91-93505-48100**

ਜਦੋਂ ਉਹਨੇ ਨਾਲ ਕੰਮ ਕਰਦੇ ਮੁਲਾਜ਼ਮਾਂ ਦੀ ਹਾਜ਼ਰੀ 'ਚ ਮੇਰੇ ਬਾਰੇ ਵੇਰਵੇ ਸਹਿਤ ਪੁੱਛਿਆ ਤਾਂ ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਆਰੇ ਦੇ ਦੰਦਿਆਂ ਵਰਗੇ ਉਹਦੇ ਬੋਲ-ਕੁਬੋਲ ਮੇਰੇ ਦਿਮਾਗ਼ ਵਿਚ ਖੁੱਭ ਕੇ ਵਰਮੇ ਵਾਂਗ ਸੁਰਾਖ ਕਰ ਗਏ। ਦਿਲ 'ਤੇ ਜਿਵੇਂ ਮਧਾਣੀ ਘੁੰਮ ਗਈ ਹੋਵੇ। ਲੱਤਾਂ-ਪੈਰ ਜਵਾਬ ਦਿੰਦੇ ਲੱਗੇ। ਗੱਲ ਕੀ, ਮੇਰਾ ਪੂਰਾ ਸਰੀਰ ਕੰਬ ਗਿਆ। ਖੋਖਾ-ਨੁਮਾ ਦੁਕਾਨ ਕੋਲ ਚਾਹ ਲਈ ਭਾਵੇਂ ਨਿੰਮ ਥੱਲੇ ਖੜ੍ਹੇ ਸੀ ਪਰ ਮੈਨੂੰ ਆਪਣਾ ਪਿੰਡਾ ਪਸੀਨੇ ਨਾਲ ਤਰ-ਬ-ਤਰ ਲੱਗਿਆ। ਫਿਰ ਵੀ, ਮੈਂ ਪਲਾਂ 'ਚ ਕਿੰਨਾ ਕੁਝ ਸੋਚ ਲਿਆ-ਹੋ ਸਕਦੈ ਉਹਨੇ ਮੇਰੇ ਪੇਂਡੂ ਪਿਛੋਕੜ ਦੀ ਦਿੱਖ ਵਾਲੇ ਲੀੜਿਆਂ ਤੋਂ ਕੋਈ ਅੰਦਾਜ਼ਾ ਲਾਇਆ ਹੋਵੇ, ਹੋ ਸਕਦੈ ਮੇਰੇ ਜਿਸਮ ਤੇ ਲਿੱਸੇ ਚਿਹਰੇ ਨੂੰ ਆਪਣੀ ਪਾਰਖੂ ਨਜ਼ਰ ਦੀ ਤੱਕੜੀ ਦੇ ਛਾਬਿਆਂ 'ਚ ਪਾ ਕੇ ਤੋਲਿਆਂ ਹੋਵੇ ਕਿ ਪੌਸ਼ਟਿਕ ਤੱਤਾਂ ਦੀ ਘਾਟ ਕਰ ਕੇ ਇਉਂ ਹੈ, ਜਾਂ ਫਿਰ ਮੇਰੇ ਕਣਕ-ਵੰਨੇ ਰੰਗ ਵਿਚੋਂ ਉਸ ਨੂੰ ਕੁਝ ਅਦਿੱਖ ਦਿਸ ਪਿਆ ਹੋਵੇ। ਮੇਰੀਆਂ ਸੋਚਾਂ ਅੰਦਰ ਹੀ ਅੰਦਰ ਉਵੇਂ ਦੌੜਦੀਆਂ ਗਈਆਂ ਜਿਵੇਂ ਕੋਲ ਦੀ ਸੜਕ ਤੋਂ ਸਵਾਰੀਆਂ ਭਰੀਆਂ ਗੱਡੀਆਂ-ਮੋਟਰਾਂ ਜੋ ਥੰਮ੍ਹਣ ਨੂੰ ਤਿਆਰ ਨਹੀਂ ਸਨ।

ਇਸੇ ਦੌਰਾਨ ਮੈਂ ਹੈਰਾਨ ਹੋਇਆ, ਯਕਦਮ ਅੱਡੀਆਂ ਚੁੱਕ-ਚੁੱਕ ਚਾਹ ਵਾਲੀ ਦੁਕਾਨ ਦੀ ਪਿਛਲੀ ਚਾਰਦੀਵਾਰੀ ਦੇ ਉਤੋਂ ਦੀ ਦੇਖਣ ਲੱਗਾ ਜਿਧਰੋਂ ਰੋਣ-ਧੋਣ ਦੀਆਂ ਦਿਲ-ਵਿੰਨ੍ਹਵੀਆਂ ਆਵਾਜ਼ਾਂ ਆ ਰਹੀਆਂ ਸਨ। ਮੇਰਾ ਧਿਆਨ ਜਿਵੇਂ ਉਸ ਵਿਲੀ-ਪਾਪ ਤੇ ਵਿਲਕਦੀਆਂ ਰੂਹ ਕੰਬਾਊ ਲੇਰਾਂ ਹਵਾਲੇ ਹੋ ਗਿਆ। ਸੁਣਨ ਵਾਲੇ ਨੂੰ ਲਗਦਾ ਕਿ ਵੱਡੀਆਂ ਬੁੜ੍ਹੀਆਂ ਆਪਣਿਆਂ ਦਾ ਹੀ ਦਾਦਾ-ਦਾਹੜੀ ਨੌਲ ਰਹੀਆਂ ਹਨ।

'ਕੀ ਵੇਖਣ ਡਿਹਾਂ ਜੇ ਕਾਕਾ? ਉਥੇ ਪਾਰਕ ਦੇ ਨਾਲ ਵਾਲੇ ਘਰ ਸਵੇਰ ਦਾ ਰੌਲ਼ਾ-ਰੱਪਾ ਤੇ ਪਿੱਟ-ਸਿਆਪਾ ਚੱਲ ਰਿਹਾ!' ਚਾਹ ਵਾਲੇ ਲਾਲੇ ਨੇ ਦੱਸਿਆ।

'ਹੈਂ?' ਸਾਡੀ ਸੀਨੀਅਰ ਤੇ ਚੁਸਤ ਚਿਹਰੇ ਵਾਲੀ ਗੋਰੀ ਨਿਛੋਹ ਕੁੜੀ ਗੀਤਾ ਰੈਡੀ ਨੇ ਉਤਸੁਕਤਾ ਨਾਲ ਪੁੱਛਿਆ। ਹੈਰਾਨਗੀ ਉਹਦੀਆਂ ਅੱਖਾਂ 'ਚ ਝਲਕਦੀ ਦਿਸੀ।

'ਹੈ ਤੇ ਇਕ ਤਰ੍ਹਾਂ ਖੁਸ਼ੀ ਦਾ ਮਾਤਮ...!'

'ਖੁਸ਼ੀ ਦਾ ਮਾਤਮ?...ਮਤਲਬ?'

'ਗੀਤਾ ਬੇਟੀ...ਕੁੜੀ ਤੇਰਾਂ ਸਾਲ ਦੀ ਏ ਤੇ ਸੱਠ ਸਾਲ ਦੇ ਬੰਦੇ ਨਾਲ ਨੂੜੀ-ਨਰੜੀ ਗਈ ਏ! ਕੁੜੀ, ਉਹਦੀ ਭੈਣ ਤੇ ਮਾਂ ਵਿਲਕ ਰਹੀਆਂ ਪਈ...। ਮਾਸੂਮ ਕੁੜੀ ਦੌੜ-ਦੌੜ ਮਾਂ ਤੇ ਭੈਣ ਨੂੰ ਚੁੰਬੜਦੀ ਰਹੀ...! ਉਹ ਕੁੜੀ ਨੂੰ ਮਾਂ ਦੇ ਜੱਫੇ 'ਚੋਂ ਛੁਡਾ-ਛੁਡਾ ਕੇ ਧੂਹ ਕੇ ਲਿਜਾਂਦੇ ਰਹੇ...ਤੇ ਮਾਂ ਨੰਗੇ ਪੈਰੀਂ ਭੱਜ-ਭੱਜ ਉਹਨੂੰ ਮੁੜ-ਮੁੜ ਫੜਨ ਜਾਂਦੀ ਰਹੀ। ਆਖਰ, ਕੁੜੀ ਦੇ ਪਿਉ ਨੇ ਆਪਣੀ ਜਨਾਨੀ ਦੀ ਹਿੱਕ 'ਚ ਲੱਤ ਮਾਰੀ...!' ਇਹ ਦੱਸਦਿਆਂ ਬਜ਼ੁਰਗ ਲਾਲੇ ਦਾ ਗਲਾ ਭਰ ਆਇਆ।

ਮੇਰਾ ਆਪਣਾ ਮਨ ਭਰ ਆਇਆ ਤੇ ਗੀਤਾ ਵੀ ਪਰੇਸ਼ਾਨ ਦਿਸ ਰਹੀ ਸੀ।

'ਮਾਂ ਤੇ ਧੀ ਦਾ ਰੋ-ਰੋ ਬੁਰਾ ਹਾਲ ਹੋ ਗਿਆ। ਮਰਦ ਦਲੀਲ ਦੇ ਰਹੇ ਸਨ ਕਿ ਮੁਹੰਮਦ ਸਾਹਿਬ ਦੀਆਂ ਤੇਰਾਂ ਬੇਗ਼ਮਾਂ ਸਿਗੀਆਂ ਤੇ ਉਨ੍ਹਾਂ ਵਿਚੋਂ ਕਈ ਅਸਲੋਂ ਹੌਲੀ ਉਮਰ ਦੀਆਂ ਲੈਰੀਆਂ ਤੇ ਨਰਮ-ਨਿਆਣੀਆਂ ਕੁੜੀਆਂ।' ਲਾਲਾ ਲਗਾਤਾਰ ਦੱਸਦਾ ਗਿਆ।

ਮੈਨੂੰ ਲੱਗਿਆ ਜਿਵੇਂ ਮੈਂ ਪਹਿਲਾਂ ਦੇਖੀ ਕਿਸੇ ਫਿਲਮ ਦਾ ਸੀਨ ਹੁਣ ਅਸਲੀਅਤ ਵਿਚ ਅੱਖੀਂ ਦੇਖ ਰਿਹਾ ਹੋਵਾਂ।... ਅਫਗਾਨਿਸਤਾਨ ਤੇ ਉਸ ਨਾਲ ਲਗਦੇ ਮੁਲਕਾਂ 'ਚ ਔਰਤ ਦੀ ਗ਼ੁਲਾਮੀ ਤੇ ਬੇਰਹਿਮ ਤਸ਼ੱਦਦ ਦਾ ਤਾਂ ਸੁਣਿਆ ਹੋਇਆ ਪਰ ਆਪਣੇ ਮੁਲਕ 'ਚ...! ਸ਼ੇਖਾਂ ਵੱਲੋਂ ਇੱਥੋਂ ਕੁੜੀਆਂ ਮੁੱਲ ਖਰੀਦ ਕੇ ਲਿਜਾਂਦੇ ਹੋਣ ਦਾ ਅਖਬਾਰਾਂ ਜ਼ਰੀਏ ਪਤਾ ਲੱਗਦਾ ਰਹਿੰਦਾ ਤੇ...! ਮੈਂ ਜ਼ਰਾ ਦੀ ਜ਼ਰਾ ਆਪਣੇ ਨਾਲ ਹੋਈ-ਵਾਪਰੀ, ਸੁਲਝੀ ਭਾਸ਼ਾ ਵਾਲੀ ਬੇਇਜ਼ਤੀ ਭੁੱਲ ਗਿਆ ਤੇ ਉਸ ਛੋਟੀ ਮਾਸੂਮ ਕੁੜੀ ਬਾਰੇ ਸੋਚਦਾ ਰਿਹਾ।... ਓਧਰ, ਮੋਟੀਆਂ-ਮਜ਼ਬੂਤ ਬਾਹਾਂ ਵਾਲੀ ਗੀਤਾ ਇਹ ਸਭ ਸੁਣ ਕੇ ਦੰਗ ਰਹਿ ਗਈ। ਉਹਨੇ ਕਾਹਲੀ ਪੈਂਦਿਆਂ ਚਾਰਦੀਵਾਰੀ ਕੋਲ ਇੱਟਾਂ ਉਤੇ ਟਿਕਾਈਆਂ ਇੱਟਾਂ ਦੀ ਥੜ੍ਹੀ ਉਤੇ ਖੜ੍ਹੀ ਹੋ ਕੇ ਪਾਰਕ ਪਾਰ ਤੱਕਿਆ।...ਉਹਦਾ ਮੂੰਹ ਹੁਣ ਮੁਰਝਾਇਆ ਹੋਇਆ ਸੀ ਜਿਵੇਂ ਇਨ੍ਹਾਂ ਬਰਸਾਤੀ ਦਿਨਾਂ ਵਿਚ ਸੋਕੇ ਕਰ ਕੇ ਵਾੜ ਵਿਚਲਾ ਚਿੱਟੇ ਫੁੱਲਾਂ ਵਾਲੀ ਮਹਿਕਦੀ-ਟਹਿਕਦੀ ਕਲੀ ਦਾ ਬੂਟਾ...ਇਕ ਵਾਰ ਤਾਂ ਮੈਨੂੰ ਲੱਗਿਆ ਜਿਵੇਂ ਸੁਫਨਾ ਦੇਖ ਰਿਹਾ ਹੋਵਾਂ। ਅਸੀਂ ਕਈ ਚਿਰ ਚੁੱਪ ਤੇ ਮਸੋਸੇ ਜਿਹੇ ਖੜ੍ਹੇ ਰਹੇ।

...ਤੇ ਮੈਂ ਆਪਣੇ-ਆਪ ਨੂੰ ਅਜਨਬੀ ਵਰਗਾ ਮਹਿਸੂਸ ਕਰਦਿਆਂ ਆਪਣੇ ਸੁਭਾਅ ਮੁਤਾਬਿਕ ਖਾਮੋਸ਼ੀ ਧਾਰਨ ਕਰੀ ਰੱਖੀ ਤੇ ਪੈਰਾਂ ਕੋਲ ਦੀ ਜ਼ਮੀਨ ਇਕ-ਟੱਕ ਦੇਖਦਾ ਰਿਹਾ। ਜਿਵੇਂ ਨਜ਼ਰਾਂ ਜ਼ਰੀਏ ਆਪਣਾ ਪਿੰਡ ਤੇ ਉਥੋਂ ਦੀ ਮਿੱਟੀ ਦੀ ਮਹਿਕ ਤਲਾਸ਼ ਰਿਹਾ ਹੋਵਾਂ।...ਤੇ ਵਿਚ-ਵਿਚਾਲੇ ਮੈਂ ਚੋਰੀ-ਚੋਰੀ ਦੂਜੇ ਧੜੇ ਵਾਲੇ ਮੁਲਾਜ਼ਮਾਂ ਵੱਲ ਦੇਖ ਦੇ ਸ਼ਰਮਿੰਦਗੀ ਦੇ ਮਾਰੇ ਨੇ ਦੰਦੀਆਂ ਜਿਹੀਆਂ ਕੱਢੀਆਂ। ਨਾਲ ਹੀ ਮੈਨੂੰ ਇਤਿਹਾਸ, ਮਿਥਿਹਾਸ ਤੇ ਸਮਾਜ ਵਿਗਿਆਨ ਦੀਆਂ ਪੜ੍ਹੀਆਂ ਕਿਤਾਬਾਂ ਵਿਚਲੇ ਹਵਾਲੇ ਚੇਤੇ ਆਏ, ਖਾਸ ਕਰ ਕੇ ਸਤੀ ਦੀ ਰਸਮ, ਚੀਰਹਰਨ ਤੇ ਦੇਵਤੇ ਆਖੇ ਜਾਂਦੇ ਪੁਰਸ਼ਾਂ ਦੇ ਯਾਰ ਕ੍ਰਮ।...ਤੇ ਇਹ ਸਭ ਮੈਂ ਅੰਦਰ ਹੀ ਅੰਦਰ ਪੀ ਗਿਆ; ਖਾਰਾ ਪਾਣੀ।...ਤੇ ਜਦੋਂ ਚੰਗੀ ਤਰ੍ਹਾਂ ਆਪਣੇ 'ਚ ਪਰਤਿਆ ਤਾਂ ਜਿਸਮ ਅੰਦਰ ਉਚੀਆਂ ਉਠੀਆਂ ਅਗਨ ਲੰਬਾਂ ਦੀ ਥਾਂ ਹੁਣ ਨਿਰਾਦਰੀ ਦੇ ਡੂੰਘੇ ਪਾਣੀਆਂ ਵਿਚ ਗੋਤੇ ਖਾਈ ਜਾ ਰਿਹਾ ਸੀ।



ਤੇ ਏਸੇ ਦੌਰਾਨ ਮੁੰਡੂ ਵੱਲੋਂ ਲਿਆਂਦੀ ਚਾਹ ਦੀ ਟ੍ਰੇਅ ਵਿਚੋਂ ਜਦੋਂ ਮੈਂ ਕੱਪ ਚੁੱਕਿਆ ਤਾਂ ਮੇਰਾ ਸੱਜਾ ਹੱਥ ਹਲਕੀ ਜਿਹੀ ਝੋਲ ਖਾ ਗਿਆ। ਸ਼ੁਕਰ ਮਨਾਇਆ ਕਿ ਕੱਪ ਹੱਥੋਂ ਛੁੱਟ ਕੇ ਭੁੰਜੇ ਨਹੀਂ ਡਿੱਗਿਆ ਤੇ ਨਾ ਹੀ ਚਾਹ ਛਲਕ ਕੇ ਡੁੱਲ੍ਹੀ। ਮੈਂ ਨਜ਼ਰ ਚੁੱਕ ਕੇ ਕਿਸੇ ਵੱਲ ਨਾ ਦੇਖਿਆ ਕਿ ਉਹ ਅਖਬਾਰ ਪੜ੍ਹਦੇ-ਪੜ੍ਹਦੇ ਕਿਤੇ ਮੇਰੀਆਂ ਨਜ਼ਰਾਂ 'ਚੋਂ ਕੋਈ ਸੁਰਖੀ ਨਾ ਪੜ੍ਹ ਲੈਣ।

ਏਨੇ ਨੂੰ ਬਾਂਦਰਾਂ ਦਾ ਟੋਲਾ ਟਹਿਲਦਾ, ਟਪੂਸੀਆਂ ਮਾਰਦਾ ਕੋਲੋਂ ਦੀ ਲੰਘਿਆ। ਟਾਹਲੀ ਨਾਲ ਢੋਅ ਲਾ ਕੇ ਬੈਠਾ ਬੰਦਾ ਜਿਸ ਦੇ ਸਿਰ 'ਤੇ ਜਟੂਰੀਆਂ, ਕਾਲ਼ੀ-ਚਿੱਟੀ ਵਧੀ ਦਾਹੜੀ ਤੇ ਧੜ ਤਕ ਨੰਗਾ ਸੀ, ਨੇਫੇ 'ਚੋਂ ਜੂੰਆਂ ਫੜ-ਫੜ ਮਾਰਨ ਵਿਚ ਮਗਨ ਸੀ। ਬੁਰਕੇ ਤੇ ਹਿਜਾਬ 'ਚ ਲਪੇਟ ਹੋਈ ਮਾਈ ਹੱਥਾਂ ਦੇ ਕੰਬਣ ਦਾ ਭੁਲੇਖਾ ਪਾਉਂਦੀ ਆਪਣਾ ਕੌਲਾ ਆਉਣ-ਜਾਣ ਵਾਲਿਆਂ ਦੇ ਮੋਹਰੇ ਕਰ-ਕਰ ਪੈਸੇ ਮੰਗਦੀ ਤੇ ਖੈਰਾਂ-ਮਿਹਰਾਂ ਦੀਆਂ ਅਸੀਸਾਂ ਦਿੰਦੀ ਗਈ।

...ਲੌਢੇ ਵੇਲੇ ਮੇਰੇ ਨਾਲ ਹੋਏ ਉਸ ਤਲਖ ਤਜਰਬੇ ਦੀ ਵਜ੍ਹਾ ਮੇਰੇ ਅੰਦਰ ਲਗਾਤਾਰ ਟੁੱਟ-ਭੱਜ ਦੀ ਤਿੜ-ਤਿੜ ਹੁੰਦੀ ਰਹੀ। ਮੈਨੂੰ ਲੱਗਿਆ ਮੇਰਾ ਤਨ ਚਾਹ ਦੇ ਖੋਖੇ ਕੋਲ ਦੀ ਪਤਲੀ ਟਾਹਲੀ ਦਾ ਤਣਾ ਮੋਛੇ ਵਿਚ ਬਦਲ ਗਿਆ ਹੋਵੇ ਜੋ ਬਲ ਨਹੀਂ, ਧੁਖ ਰਿਹਾ ਹੋਵੇ। ਕਦੀ ਮਹਿਸੂਸ ਹੁੰਦਾ ਕਿ ਇਹੋ ਜਿਹੀਆਂ ਦਿਲ-ਢਾਹੂ ਗੱਲਾਂ ਸੋਚ-ਸੋਚ ਕੇ ਮੇਰਾ ਖੂਨ ਕਿਉਂ ਖੌਲਦਾ ਹੈ!...ਤੇ ਅਜਿਹੇ ਫਿਕਰਿਆਂ ਤੇ ਜੁਮਲਿਆਂ ਤੋਂ ਮੇਰਾ ਪਿੱਛਾ ਨਾ ਪਿੰਡ ਛੁੱਟਿਆ ਤੇ ਨਾ ਇੱਥੇ। ਤੇ ਰਾਤ ਨੂੰ ਮੇਰੀ ਨੀਂਦ ਕਿਤੇ ਦੂਰ ਨੱਸ ਗਈ, ਜਿਵੇਂ ਮੈਂ ਆਪਣੇ ਪਿੰਡ ਤੋਂ ਪੂਰਾ ਦੋ ਹਜ਼ਾਰ ਕਿਲੋਮੀਟਰ। ਮੈਂ ਮੂੰਹ 'ਚ ਬੁੜਬੁੜ ਕਰਦਾ ਦੰਦ ਪੀਂਹਦਾ ਰਿਹਾ। ਰਾਤ ਭਰ ਸੋਚਦਾ ਰਿਹਾ ਕਿ ਜੇ ਅੱਗੇ ਤੋਂ ਰਾਜੇਸ਼ਵਰ ਰਾਓ ਨੇ ਕੋਈ ਟਿੱਚਰ, ਟਾਂਚ ਜਾਂ ਫਜ਼ੂਲ ਕਿਸਮ ਦੀ ਬੇਹੂਦਾ ਹਰਕਤ ਕੀਤੀ ਤਾਂ ਮੈਂ ਆਪਣੇ ਸੀਨੀਅਰ ਨਾਲ ਆਪਣਾ ਮਾਮਲਾ ਤੇ ਮੁੱਦਾ ਸਾਂਝਾ ਕਰਾਂਗਾ।...ਤੇ ਜਦੋਂ ਮੈਂ ਬਹੁ-ਰੰਗੇ ਲੋਟਣ ਕਬੂਤਰ, ਮਿੱਟੀ ਰੰਗੇ ਪਰਿੰਦਿਆਂ ਤੇ ਲਾਲ ਪੇਟ ਵਾਲੇ ਪਿੱਦਿਆਂ ਨੂੰ ਚਾਹ-ਖੋਖੇ ਨੇੜਲੇ ਰੁੱਖਾਂ ਉਤੋਂ ਉਡ ਕੇ ਚੋਗੇ ਲਈ ਜ਼ਮੀਨ ਉਤੇ ਉਤਾਰੇ ਕਰਦੇ ਤੇ ਉਡਾਰੀਆਂ ਭਰਦੇ ਚੇਤਿਆਂ 'ਚ ਤੱਕਦਾ ਤਾਂ ਮਨ ਨੂੰ ਧਰਵਾਸ ਹੁੰਦਾ ਕਿ ਰੋਟੀ ਖਾਤਰ ਹੀਲਾ-ਵਸੀਲਾ ਕਰਨਾ ਪੈਂਦਾ ਹੈ ਤੇ ਬਹੁਤ ਕੁਝ ਜਰਨਾ ਪੈਂਦਾ ਹੈ। ਨਾਲੇ ਮੈਂ ਕਿਹੜਾ ਕੋਈ ਪੰਛੀ ਜਾਂ ਦਰਵੇਸ਼ ਹਾਂ ਜਿਹੜੇ ਪੱਲੇ ਕੁਝ ਨਹੀ ਬੰਨ੍ਹਦੇ। ਮੈਂ ਆਪਣੀ ਖਾਨਦਾਨੀ ਗ਼ਰੀਬੀ ਦਾ ਸੋਚ ਕੇ ਬੇਚੈਨ ਹੋ ਗਿਆ।

ਬਾਬੇ ਤੇ ਭਾਪੇ ਦਾ ਇੱਥੇ ਨੂੰ ਆਉਣ ਵੇਲੇ ਆਖਿਆ ਚੇਤੇ ਆਇਆ ਜਦੋਂ ਮੈਂ ਗੱਡੀ ਫੜਨ ਲਈ ਤ੍ਰਕਾਲਾਂ ਨੂੰ ਘਰੋਂ ਤੁਰਨ ਲੱਗਾ ਸੀ, 'ਗੰਭੀਰ ਤੂੰ ਪਰਦੇਸ 'ਚ ਰਹਿਣਾ, ਦੱਸ ਦਿਆਂ ਕਿ ਅਸੀਂ ਜੁੱਤੀ-ਜੋੜੇ ਦੇ ਛੋਟੇ ਜਿਹੇ ਭਾਈਵਾਲੀ ਵਾਲੇ ਕਾਰੋਬਾਰੀ ਸਿਲਸਿਲੇ 'ਚ ਉਥੇ ਗੱਡੀ 'ਚ ਆਉਂਦੇ-ਜਾਂਦੇ ਰਹੇ ਆਂ, ਉਥੇ ਖਾਣ-ਪੀਣ 'ਚ ਓਪਰਾ ਜਿਹਾ ਲੱਗ ਸਕਦੈ, ਸ਼ਹਿਰ 'ਚ ਲੋਕ ਉਰਦੂ-ਹਿੰਦੀ 'ਚ ਗੱਲ ਸੁਣ-ਸਮਝ ਲੈਂਦੇ ਆ। ਜੇ ਕਦੇ ਉਚੀ-ਨੀਵੀਂ ਹੋ ਜਾਵੇ ਤਾਂ ਕਿਸੇ ਨਾਲ ਬੋਲ ਵਿਗਾੜ ਨਹੀਂ ਕਰਨਾ, ਨਾ ਹੀ ਕਿਸੇ ਨਾਲ ਬਾਹਬਰ ਕੇ ਬੋਲਣਾ ਤੇ ਨਾ ਹੀ ਕੋਈ ਗੱਲ ਮਨ 'ਤੇ ਲਾਉਣੀ ਆ। ਦਿਨਾਂ 'ਚ ਨਵੇਂ ਦੋਸਤ-ਮਿੱਤਰ ਬਣ ਜਾਣੇ ਤੇਰੇ। ਸਾਡੇ ਵੱਲੋਂ ਨਫਿਕਰਾ ਹੋ ਕੇ ਰਹੀਂ। ਅਸੀਂ ਜਿੱਦਾਂ-ਕਿੱਦਾਂ ਗੁਜ਼ਾਰਾ ਕਰ ਲਵਾਂਗੇ।'

ਦਰਅਸਲ, ਆਪਣੀ ਟਰੇਨਿੰਗ ਮਗਰੋਂ, ਸਾਢੇ ਕੁ ਚਾਰ ਮਹੀਨੇ ਪਹਿਲਾਂ ਮੈਂ ਹੈਦਰਾਬਾਦ ਵਿਚ ਇਕ ਵੱਡੀ ਕੰਪਨੀ ਜੁਆਇਨ ਕੀਤੀ ਹੈ। ਤੇ ਇੱਥੇ ਆਪਣੇ ਪਹਿਲੇ ਦਿਨਾਂ 'ਚ ਹੀ ਮੈਂ ਚਾਰਮੀਨਾਰ, ਗੋਲਕੁੰਡਾ ਕਿਲ੍ਹਾ, ਉਚੀਆਂ ਨੀਵੀਆਂ ਪਹਾੜੀਆਂ, ਹੁਸੈਨ ਸਾਗਰ, ਓਸਮਾਨ ਸਾਗਰ ਤੇ ਬਾਜ਼ਾਰ ਬਗ਼ੈਰਾ ਗਾਹ ਮਾਰੇ ਸਨ। ਲੋਕਾਂ ਦੀ ਰਹਿਣੀ-ਬਹਿਣੀ ਤੇ ਉਨ੍ਹਾਂ ਦੇ ਸੁਭਾਅ ਨੂੰ ਮੈਂ ਅਜੇ ਚੰਗੀ ਤਰ੍ਹਾਂ ਸਮਝ ਨਹੀਂ ਸੀ ਸਕਿਆ।...ਤੇ ਚਾਰਮੀਨਾਰ ਬਾਜ਼ਾਰ ਵਿਚ ਹੋਈ ਤੂੰ-ਤੂੰ, ਮੈਂ-ਮੈਂ ਵਾਲੀ ਘਟਨਾ ਮੇਰੇ ਮਨ ਦੇ ਸਕਰੀਨ ਉਤੇ ਮੁੜ ਉਭਰੀ। ਦੋ-ਤਿੰਨ ਬਜ਼ੁਰਗ ਦੋਹਾਂ ਧਿਰਾਂ ਦੇ ਮੁੰਡਿਆਂ ਨੂੰ ਸਮਝਾ ਰਹੇ ਸਨ, 'ਚਲੋ ਹਊ ਪਰੇ ਕਰੋ ਕਾਕਾ, ਜਿਸ ਕੰਮ ਆਏ ਹੋ, ਕਰੋ ਤੇ ਜਾਓ।'

'ਇਸ ਨਾਲਾਇਕ ਨੇ ਮੈਨੂੰ ਗਾਲ੍ਹ ਕਿਉਂ ਕੱਢੀ?' ਉਹ ਨੌਜਵਾਨ ਬੋਲੀ ਗਿਆ। ਉਹਦੇ ਬੋਲਾਂ ਵਿਚਲੀ ਤਲਖੀ ਉਹਦੇ ਮੂੰਹ ਤੋਂ ਸਾਫ ਦਿਸ ਰਹੀ ਸੀ।

'ਗਰਮ ਖੂਨ ਏ ਪੁੱਤਰ, ਜਾਓ, ਵਗ ਜਾਓ ਹੁਣ!' ਦੂਜੇ ਬਜ਼ੁਰਗ ਨੇ ਸਲਾਹ ਦਿਤੀ।

'ਜੇ ਭੀੜ 'ਚ ਤੁਰੇ ਜਾਂਦਿਆਂ ਮੇਰਾ ਹੱਥ ਇਹਦੇ ਹੱਥ ਨਾਲ ਖਹਿ ਗਿਆ ਤਾਂ ਕੀ ਕਹਿਰ ਹੋ ਗਿਆ! ਇਸ ਨੇ ਇਉਂ ਆਖਿਆ ਤਾਂ ਕਿਉਂ ਆਖਿਆ!'

'ਐਸਾ ਤੈਨੂੰ ਕੀ ਕਹਿ'ਤਾ ਜੋ ਚੁੱਪ ਕਰਾਉਣ 'ਤੇ ਵੀ ਬੋਲੀ ਜਾ ਰਿਹਾਂ?' ਪਹਿਲੇ ਬਜ਼ੁਰਗ ਨੇ ਫਿਰ ਕਿਹਾ।

ਕਹਿੰਦਾ, 'ਕਿੱਦਾਂ ਚੌੜਾ ਹੋ ਕੇ ਤੁਰਿਆ ਹੋਇਆ, ਆ ਗਿਆ ਬੜੇ ਨਵਾਬ ਦੀ ਔਲਾਦ!'

'ਚਲ ਛੱਡ ਪੁੱਤਰ, ਇਹ ਹੈ ਈ ਨਵਾਬਾਂ ਦਾ ਸ਼ਹਿਰ! ਹਰ ਕੋਈ ਨਵਾਬ ਬਣਿਆ ਫਿਰਦਾ ਏਥੇ!' ਦੂਜੇ ਬਜ਼ੁਰਗ ਨੇ ਦੱਸਿਆ।

ਸਾਡੇ ਦੇਖਦਿਆਂ-ਦੇਖਦਿਆਂ ਤੈਸ਼ 'ਚ ਆਇਆ ਨੌਜਵਾਨ ਚਾਰਮੀਨਾਰ ਵੱਲ ਛੋਹਲ਼ੇ ਪੈਰੀਂ ਤੁਰ ਪਿਆ, ਨਾਲੇ ਬੋਲੀ ਗਿਆ, 'ਸਾਲਾ ਬੇਗਾਰੀ ਦੀ ਔਲਾਦ!'

'ਬੇਗਾਰੀ' ਲਫਜ਼ ਸੁਣਦਿਆਂ ਮੈਂ ਧੁਰ ਅੰਦਰ ਤਕ ਝੁਣਝਣੀ ਖਾ ਗਿਆ। ਮੇਰਾ ਕੁਲੀਗ ਬਾਲ ਕ੍ਰਿਸ਼ਨਾ ਵੀ ਹੱਕਾ-ਬੱਕਾ ਹੋਇਆ ਮੇਰੇ ਵੱਲ ਦੇਖਣ ਲੱਗਾ, ਜਿਵੇਂ ਮੇਰੇ ਜਵਾਬੀ ਬੋਲਾਂ ਨੂੰ ਤਾਂਘਦਾ ਹੋਵੇ। ਖੈਰ, ਬਿਨਾਂ ਵਕਤ ਗੁਆਇਆਂ ਮੇਰੇ ਮਨ ਵਿਚ ਬੱਦਲਾਂ ਵਿਚੋਂ ਲਿਸ਼ਕੋਰਾਂ ਮਾਰਦੀ ਬਿਜਲੀ ਵਾਂਗ ਮੈਨੂੰ ਚਾਣਚੱਕ ਆਪਣਾ ਪਿੰਡ ਦਿਸਿਆ; ਭੀਮਾ, ਖੁਸ਼ੀਆ ਤੇ ਵਿਹੜੇ ਦੇ ਹੋਰ ਬੇਗਾਰੀ, ਢੋਰ ਢੋਂਦੇ, ਹੱਡਾ-ਰੋੜੀ 'ਚ ਉਨ੍ਹਾਂ ਦਾ ਚੰਮ ਲਾਹੁੰਦੇ, ਖੱਲਾਂ ਦੀਆਂ ਤਹਿਆਂ ਲਾਉਂਦੇ, ਰੱਸੀਆਂ ਨਾਲ ਉਨ੍ਹਾਂ ਦੀਆਂ ਗਠੜੀਆਂ ਬੰਨ੍ਹਦੇ ਹੋਏ। ਮੈਂ ਕੋਲ-ਕੋਲ ਘੁੰਮਦੀਆਂ, ਛੜੱਪੇ ਮਾਰ-ਮਾਰ ਅੱਗੇ ਵਧਦੀਆਂ ਇੱਲਾਂ ਤੇ ਕੁੱਤਿਆਂ ਨੂੰ ਦੂਰ ਭਜਾਉਂਦਾ ਦਿਸਿਆ। ਥੋੜ੍ਹੇ ਕੁ ਚਿਰ ਮਗਰੋਂ ਉਹ ਅਸਮਾਨ 'ਚ ਬਿਨਾਂ ਪਰ ਹਿਲਾਇਆਂ ਮਸਤੀ 'ਚ ਘੁਮੇਰੇ ਕੱਢਦੀਆਂ ਦਿਸੀਆਂ।

ਮੈਨੂੰ ਕਿੰਨਾ ਚਿੱਕਰ ਅਹਿਸਾਸ ਹੀ ਨਾ ਹੋਇਆ ਕਿ ਮੇਰਾ ਕੁਲੀਗ ਬਾਲ ਕ੍ਰਿਸ਼ਨਾ ਮੇਰੇ ਸੱਜੇ ਪਾਸੇ ਨਾਲ-ਨਾਲ ਤੁਰਿਆ ਹੋਇਆ ਹੈ। ਉਹ ਤੇ ਮੈਂ ਕਿਸੇ-ਕਿਸੇ ਐਤਵਾਰ ਬਾਜ਼ਾਰ 'ਚੋਂ ਘਰ ਦਾ ਸਾਮਾਨ ਖਰੀਦਣ ਲਈ ਜਾਂਦੇ ਰਹਿੰਦੇ ਹਾਂ। ਇਸ ਬਹਾਨੇ ਜਿੱਥੇ ਮੈਨੂੰ ਨਵੀਂ ਜਾਣਕਾਰੀ ਮਿਲਦੀ ਹੈ ਉਥੇ ਤਨ-ਮਨ ਵਿਚ ਤਾਜ਼ਗੀ ਭਰ ਜਾਂਦੀ ਹੈ।

...ਅਸੀਂ ਪਹਿਲਾਂ ਵਾਂਗ ਚੁੱਪਚਾਪ ਤੁਰੇ ਗਏ ਜਿਵੇਂ ਸੱਚਮੁੱਚ ਖਾਮੋਸ਼ੀ ਦਾ ਦਰਿਆ ਲੰਘ ਰਹੇ ਹੋਈਏ।...ਤੇ ਫਿਰ ਬਾਲ ਕ੍ਰਿਸ਼ਨਾ 'ਚਾਰਮੀਨਾਰ ਸਾਈਕਲ ਸਟੈਂਡ' ਵਿਚੋਂ ਸਾਈਕਲ ਕੱਢ ਲਿਆਇਆ। ਉਹਦੇ ਵਾਰ-ਵਾਰ ਕਹਿਣ ਦੇ ਬਾਵਜੂਦ, ਮੈਂ ਫਿਰ ਕਦੇ ਉਹਦੇ ਪਿੰਡ ਜਾਣ ਦਾ ਇਕਰਾਰ ਕੀਤਾ। ਕ੍ਰਿਸ਼ਨਾ ਦਾ ਪਿੰਡ ਸ਼ਹਿਰ ਤੋਂ ਦਸ-ਬਾਰਾਂ ਕਿਲੋਮੀਟਰ ਦੇ ਫਾਸਲੇ 'ਤੇ ਹੈ। ਉਹ ਰੋਜ਼ਾਨਾ ਸਾਈਕਲ ਉਤੇ ਦਫਤਰ ਆਉਂਦਾ ਹੈ, ਪਸੀਨੇ ਨਾਲ ਭਿੱਜਿਆ ਹੋਇਆ। ਇਹ ਦੇਖਦਿਆਂ-ਸੋਚਦਿਆਂ ਮੈਨੂੰ ਆਪਣਾ ਭਾਪਾ ਤੇ ਭਰਾ ਮੱਲੋਜ਼ੋਰੀ ਚੇਤੇ ਆ ਗਏ ਜਿਹੜੇ ਚੰਮ ਲੂੰਹਦੀਆਂ ਧੁੱਪਾਂ ਵਿਚ ਮਿੱਟੀ ਨਾਲ ਮਿੱਟੀ ਹੋ ਕੇ ਤੇ ਪਸ਼ੂਆਂ ਵਾਂਗ ਵਕਤ ਦਾ ਸ਼ੈਂਟਾ-ਫੈਂਟਾ ਖਾ ਕੇ ਲਗਾਤਾਰ ਕੰਮ ਕਰਨ ਲਈ ਮਜਬੂਰ ਹਨ।

ਇਕ ਦਿਨ ਸ਼ਾਮ ਨੂੰ ਛੁੱਟੀ ਮਗਰੋਂ ਅਸੀਂ ਚਾਹ ਪੀਣ ਲਈ ਨਵੇਂ-ਨਵੇਂ ਖੋਜੇ ਖੁੱਲ੍ਹੇ-ਡੁੱਲ੍ਹੇ ਰੈਸਤੋਰਾਂ ਵਿਚ ਇਰਾਨੀ ਚਾਹ ਤੇ ਮੱਖਣ ਵਾਲਾ ਨਰਮ-ਨਰਮ ਓਸਮਾਨੀਆ ਖਾਣ ਦਾ ਮਜ਼ਾ ਲੈਣ ਜਾ ਬੈਠੇ ਤੇ ਉਸ ਦਿਨ ਬਹੁਤਾ ਗਾੜ੍ਹ ਵੀ ਨਹੀਂ ਸੀ ਉਥੇ ਜਿਵੇਂ ਅਕਸਰ ਹੁੰਦਾ ਹੈ।

ਕ੍ਰਿਸ਼ਨਾ ਨੇ ਅਚਾਨਕ ਆਪਣੇ ਬਾਰੇ ਗੱਲ ਤੋਰੀ, 'ਕਈ ਦਿਨਾਂ ਦਾ ਸ਼ਸ਼ੋਪੰਜ ਵਿਚ ਸੀ ਕਿ ਗੱਲ ਕਰਾਂ ਕਿ ਨਾ! ਗੱਲ ਵੀ ਇਕ ਨਹੀਂ, ਬੇਸ਼ੁਮਾਰ ਨੇ।...ਕ੍ਰਾਂਤੀਕਾਰੀਆਂ ਦੀ ਧਰਤੀ ਵਜੋਂ ਜਾਣੇ ਜਾਂਦੇ ਤੇਲੰਗਾਨਾ ਵਿਚ ਸਾਡਾ ਹੋਲਿਯਾ ਭਾਈਚਾਰਾ ਬ੍ਰਾਹਮਣਾਂ ਦੇ ਸਿਰਜੇ ਨਰਕ ਨਾਲੋਂ ਵੀ ਬਦਤਰ ਜ਼ਿੰਦਗੀ ਜੀਣ ਲਈ ਮਜਬੂਰ ਆ। ਅਸੀਂ ਪਿੰਡਾਂ ਦੀਆਂ ਗਲੀਆਂ-ਨਾਲੀਆਂ ਤੇ ਪਖਾਨੇ ਸਾਫ ਕਰਦੇ ਆਂ। ਮਰਿਆਂ ਦੀ ਸੁਨਾਉਣੀ ਅਸੀਂ ਦੇਣ ਜਾਂਦੇ ਆਂ, ਤੇ ਫਿਰ ਲਾਸ਼ ਜਦ ਤਕ ਜਲ ਕੇ ਰਾਖ ਨਹੀਂ ਹੋ ਜਾਂਦੀ, ਓਨਾ ਚਿਰ ਉਥੇ ਪਹਿਰਾ ਦਿੰਦੇ ਆਂ ਜਿੱਦਾਂ ਰਾਤ ਨੂੰ ਪਿੰਡ ਦੀ ਫਿਰਨੀ 'ਤੇ।...ਮਰੇ ਪਸ਼ੂ ਅਸੀਂ ਪਿੰਡ ਤੋਂ ਬਾਹਰ ਢੋਂਦੇ ਆਂ, ਤੇ ਮੁਰਦਾ ਕੁੱਤੇ-ਬਿੱਲੇ ਦਫਨਾਉਂਦੇ ਆਂ।'

ਮੈਂ ਬੈਠਾ-ਬੈਠਾ ਸਿੱਧਾ ਤਣ ਕੇ ਚੌਕੰਨਾ ਹੋਇਆ ਉਸ ਵੱਲ ਸਵਾਲੀਆ ਨਜ਼ਰਾਂ ਨਾਲ ਦੇਖਣ ਲੱਗਾ।

'...ਤੇ ਇਨ੍ਹਾਂ ਬੇਰਹਿਮ-ਜ਼ਮੀਂਦਾਰਾਂ ਤੇ ਉਚ-ਜਾਤ ਕਹਾਉਣ ਵਾਲਿਆਂ ਦੀਆਂ ਕਬਰਾਂ ਪੁੱਟਣੀਆਂ ਸਾਡੀ ਜੁੰਮੇਵਾਰੀ ਆ। ਏਸੇ ਲਈ ਇਹ ਸਾਨੂੰ 'ਬੇਗਾਰੀ' ਸੱਦਦੇ ਆ।'

ਏਨੇ ਨੂੰ ਵੇਟਰ ਚਾਹ ਲੈ ਆਇਆ। ਉਹਨੇ ਸਹਿਜ ਹੀ ਆਖਿਆ, 'ਸਰ ਤੁਸੀਂ ਅੰਦਰ ਬੈਠ ਜਾਂਦੇ। ਕਈ ਟੇਬਲ ਖਾਲੀ ਪਏ ਨੇ।'

'ਥੈਂਕ ਯੂ ਡੀਅਰ...।' ਫਿਰ ਕ੍ਰਿਸ਼ਨਾ ਨੇ ਮੂੰਹ ਘੁਮਾ ਕੇ ਮੇਰੇ ਵੱਲ ਦੇਖ ਹੱਸਦਿਆਂ ਆਖਿਆ, 'ਸ਼ਿਵ ਦਾ ਸਥਾਨ ਮੰਦਰ ਦੇ ਬਾਹਰ ਈ ਹੁੰਦਾ ਮੇਰੇ ਭਾਈ!'

'...ਤੇ ਪਾਰਵਤੀ?' ਜਵਾਬ ਦੇਣ ਦੀ ਬਜਾਇ ਉਹ ਇਧਰ-ਉਧਰ ਦੇਖਣ ਲੱਗ ਪਿਆ।...ਤੇ ਮੈਂ ਇਹ ਦੱਸਣ ਦੀ ਇਕ ਤਰੀਕੇ ਕੋਸ਼ਿਸ਼ ਕੀਤੀ ਕਿ ਸਾਡੇ ਪੰਜਾਬ ਦੇ ਪਿੰਡਾਂ ਵਿਚ ਮੰਦਰ ਨਹੀਂ, ਸਿਰਫ ਗੁਰਦੁਆਰੇ ਹਨ। ਮੈਂ ਚਾਹ ਦਾ ਕੁੱਲੜ ਆਪਣੇ ਵੱਲ ਖਿੱਚਦਿਆਂ ਭਾਪੇ ਦੇ ਬੋਲ ਜਿਵੇਂ ਆਪਣੇ ਕੰਨਾਂ ਵਿਚ ਸੁਣਨ ਲੱਗਾ, 'ਜਦੋਂ ਪਲੇਗ ਪਈ-ਮੇਰੇ ਬਾਪੂ ਤੇ ਵਿਹੜੇ ਦੇ ਬੰਦਿਆਂ ਨੇ ਪਿੰਡ ਦੇ ਜ਼ਮੀਂਦਾਰਾਂ ਦੀਆਂ ਬੇਸ਼ੁਮਾਰ ਕਬਰਾਂ ਪੁੱਟੀਆਂ। ਉਨ੍ਹਾਂ ਦਿਨਾਂ 'ਚ ਕੰਮ-ਧੰਦਾ ਠੱਪ ਤੇ ਰੋਟੀ ਦੇ ਲੱਲੇ ਪਏ ਹੋਏ ਸਨ।...ਤੇ ਸਾਡੇ ਬਜ਼ੁਰਗ, ਸਖਤ ਜ਼ਮੀਨਾਂ ਹੋਣ ਕਰ ਕੇ ਨਵੇਂ ਮੁਰਦੇ ਪੁਰਾਣੀਆਂ ਕਬਰਾਂ 'ਚ ਦਫਨਾਉਂਦੇ ਰਹੇ। ਨਾਲੇ ਹੱਸ-ਹੱਸ ਕਹਿੰਦੇ-ਚਲ ਬਈ ਪੁੱਤਰਾ ਪੈ ਜਾ ਆਪਣੇ ਚਾਚੇ ਨਾਲ ਜੱਫੀ ਪਾ ਕੇ।...ਪਰ ਹੁਣ ਉਹ ਮੌਕਾ ਕਿੱਥੇ ਮਿਲਦਾ?...ਸਾਡੇ ਪਿੰਡਾਂ 'ਚ ਹੁਣ ਬੁੱਤੀਆਂ-ਬੇਗਾਰਾਂ ਦਾ ਭੋਗ ਪੈ ਚੁੱਕਾ! ਹੁਣ ਤਾਂ ਜ਼ਮੀਂਦਾਰ ਤੇ ਉਨ੍ਹਾਂ ਦੇ ਲਾਡਲੇ ਸ਼ਰਾਬਾਂ-ਕਬਾਬਾਂ, ਟੀਕਿਆਂ, ਭੁੱਕੀ, ਚਰਸ ਤੇ ਚਿੱਟਾ ਚੱਟਮ ਕਰ ਕੇ ਮੌਤ ਨੂੰ ਖੁਦ ਵਾਜਾਂ ਮਾਰ ਰਹੇ ਆ। ਤਮਾਖੂ ਪੀਂਦੇ ਨਹੀਂ ਜ਼ਰਦੇ ਵਾਂਗ ਖਾਂਦੇ ਆ।'

ਸ਼ਾਇਦ ਕ੍ਰਿਸ਼ਨਾ ਨੇ ਮੇਰੀ ਹੋਰ ਪਾਸੇ ਲੱਗੀ ਲਿਵ ਨੂੰ ਤਾੜ ਲਿਆ ਸੀ। ਮੈਂ ਆਪੇ 'ਚ ਪਰਤਿਆ ਤੇ ਉਹ ਦੱਸਣ ਲੱਗਾ, 'ਗੰਭੀਰ, ਮੈਂ ਪਹਿਲਾਂ ਦੱਸਿਆ ਸੀ ਪਈ ਇਹ ਸਾਨੂੰ ਬੇਗਾਰੀ ਕਹਿੰਦੇ

***(ਬਾਕੀ ਅਗਲੇ ਸਫੇ 'ਤੇ)***

# ਕਬਰਪੁੱਟ ਬੇਗਾਰੀ

*(ਪਿਛਲੇ ਸਫੇ ਦੀ ਬਾਕੀ)*

ਆ ਤੇ ਤਸ਼ੱਦਦ ਵੀ ਢਾਹੁੰਦੇ ਆ।'

ਮੈਂ ਮਨ ਹੀ ਮਨ ਤੁਲਨਾ ਕਰਨ ਲੱਗਾ ਕਿ ਪੰਜਾਬ 'ਚ ਬੇਗਾਰ ਦਾ ਜ਼ਮਾਨਾ ਕਦੋਂ ਦਾ ਲੱਦ ਚੁੱਕਾ ਹੈ! ਅੱਧੀ ਰਾਤ ਨੂੰ ਦੇਸ਼-ਵੰਡ ਨਾਲ ਮਿਲੀ ਆਜ਼ਾਦੀ ਤੋਂ ਪਹਿਲਾਂ ਤੇ ਉਸ ਦੀ ਰਹਿੰਦ-ਖੂੰਹਦ ਮਗਰੋਂ ਮੁੱਕ ਗਈ ਸੀ। ਸਾਡੇ ਲੋਕਾਂ ਨੇ ਪੜ੍ਹਾਈ-ਲਿਖਾਈ ਵੱਲ ਮੁਹਾਰਾਂ ਮੋੜੀਆਂ ਹੋਈਆਂ।

'ਗੰਭੀਰ, ਜਿਹੜੇ ਸਦੀਆਂ ਤੋਂ ਸਾਨੂੰ ਨਫਰਤ ਦੇ ਕਾਰੋਬਾਰ ਨਾਲ ਗ਼ੁਲਾਮ ਬਣਾਉਂਦੇ ਆ ਰਹੇ ਆ, ਪਿਆਰ ਨਾਲ ਉਨ੍ਹਾਂ ਦਾ ਦਿਲ ਕਿੱਦਾਂ ਜਿੱਤੀਏ! ਇਹ ਵੀ ਸਾਡੀ ਜ਼ੁੰਮੇਵਾਰੀ? ਅਸੀਂ ਬੇਗਾਰੀ ਨਿੱਤ ਕਰੀਏ ਗ਼ੁਲਾਮਗਿਰੀ।'

ਇਧਰ-ਉਧਰ ਦੇਖਣ ਮਗਰੋਂ ਉਹ ਆਖਣ ਲੱਗਾ, 'ਕਈ ਵਾਰ ਲੱਗਦਾ ਕਿ ਰਵਾਇਤੀ ਖੱਬੇ-ਪੱਖੀਆਂ ਤੇ ਸਰਮਾਏਦਾਰਾਂ ਕੋਲ ਵੀ ਸ਼ਾਇਦ ਸਾਡੀ ਗ਼ੁਲਾਮਗਿਰੀ ਦਾ ਹੱਲ ਨਹੀਂ। ਉਹ ਆਰਥਿਕ ਬਰਾਬਰੀ ਦੀ ਡੌਂਡੀ ਪਿੱਟ ਕੇ ਸਾਨੂੰ ਆਪਣੇ ਮੁਫਾਦਾਂ ਲਈ ਵਰਤ ਰਹੇ ਆ। ਗਾਂਧੀਗਿਰੀ ਸਾਡੀ ਸਮਾਜਕ ਗ਼ੁਲਾਮੀ ਨੂੰ ਬਰਕਰਾਰ ਰੱਖਣ ਦਾ ਢਕੌਂਸਲਾ ਨਹੀਂ ਤਾਂ ਹੋਰ ਕੀ ਆ?'

ਤਕਰੀਰ-ਨੁਮਾ ਖਿਆਲ ਸੁਣਦਿਆਂ ਮੈਨੂੰ ਮਹਿਸੂਸ ਹੋਇਆ ਜਿਵੇਂ ਕ੍ਰਿਸ਼ਨਾ ਨਵੀਂ ਮਹਾਂਭਾਰਤ ਆਪੇ ਲਿਖਣ ਤੇ ਲੜਨ ਲਈ ਪ੍ਰੇਰ ਰਿਹਾ ਹੈ। ਉਹ ਰੁਕ-ਰੁਕ ਚਾਹ ਦੇ ਘੁੱਟ ਅੰਦਰ ਲੰਘਾਉਂਦਾ ਤੇ ਭਵਿੱਖ ਦੀ ਗੁਲਜ਼ਾਰ ਲਈ ਖੂਬਸੂਰਤ ਵਿਚਾਰ-ਸ਼ਗੂਫੇ ਛੱਡਦਾ।

ਜ਼ਰਾ ਕੁ ਮਗਰੋਂ ਆਖਣ ਲੱਗਾ, 'ਆਦੀ ਆਂਧਰਾ ਲਹਿਰ ਨੇ ਨੱਬੇ ਕੁ ਸਾਲ ਪਹਿਲਾਂ ਅਛੂਤਾਂ ਨੂੰ ਕੁਦਰਤੀ ਹੱਕ ਹਾਸਲ ਕਰਾਉਣ ਲਈ ਬੇਸ਼ੁਮਾਰ ਅੰਦੋਲਨ ਵਿੱਢੇ। ਗੰਭੀਰ, ਮੈਨੂੰ ਲੱਗਦਾ ਕਿ ਮੈਂ ਤੈਨੂੰ ਬੋਲਣ ਦਾ ਮੌਕਾ ਨਹੀਂ ਦਿੱਤਾ। ਉਮਰੋਂ ਛੋਟੇ ਮੇਰੇ ਦੂਰ ਦੇ ਮਿੱਤਰਾ, ਫਿਕਰ ਨਾ ਕਰ, ਅਗਲੀ ਪਾਰੀ ਤੇਰੀ!'

ਮੈਂ ਉਹਦੇ ਵੱਲ ਦੇਖ ਮੁਸਕਰਾਇਆ। ਉਸ ਨੇ ਆਪਣੇ ਐੱਲ ਪੀ ਤਵੇ 'ਤੇ ਫਿਰ ਸੂਈ ਰੱਖੀ, 'ਆਦੀ ਆਂਧਰਾ ਲਹਿਰ ਵਾਂਗ ਮੈਨੂੰ ਗ੍ਰੇਟਰ ਪੰਜਾਬ ਦੀ ਆਦਿ ਧਰਮੀ ਲਹਿਰ ਦਾ ਵੀ ਪਤਾ, ਗੰਭੀਰ!'

ਮੈਨੂੰ ਲੱਗਿਆ ਕ੍ਰਿਸ਼ਨਾ ਨੇ ਹੈਦਰਾਬਾਦੀ ਪੁਰਾਣੇ ਕ੍ਰਿਕਟ ਖਿਡਾਰੀਆਂ ਦੇ ਮਾਣਮੱਤੇ ਇਤਿਹਾਸ ਵਰਗਾ ਛੱਕਾ ਮਾਰਿਆ। ਕੁੱਲੜ ਮੇਜ਼ ਉਤੇ ਰੱਖਦਿਆਂ ਉਹਨੇ ਮੈਨੂੰ ਉਠਣ ਦਾ ਅੱਖ ਤੇ ਹੱਥ ਦਾ ਇਸ਼ਾਰਾ ਕੀਤਾ।

ਅਸੀਂ ਅਗਲੇ ਦਿਨ ਮਿਲਣ ਦਾ ਵਾਅਦਾ ਕਰ ਕੇ ਵਿੱਛੜ ਗਏ।

ਕਈ ਦਿਨ ਬੀਤ ਗਏ। ਕ੍ਰਿਸ਼ਨਾ ਦਫਤਰ ਨਾ ਆਇਆ। ਮੈਂ ਫਿਕਰ ਕਰਨ ਲੱਗਾ ਕਿ ਸ਼ਹਿਰ ਦੀਆਂ ਸੜਕਾਂ, ਕੋਈ ਹਾਦਸਾ... ਉਹਦਾ ਬਜ਼ੁਰਗ ਬਿਮਾਰ ਸੀ ਤੇ ਕੀ ਪਤਾ ਇਸ ਉਮਰ 'ਚ...। ਇਹੋ ਜਿਹੇ ਕਈ ਉਲਟੇ-ਪੁਲਟੇ ਖਿਆਲ ਮੇਰੇ ਮਨ ਵਿਚ ਆਉਂਦੇ।...ਹਫਤਾ ਹੋਰ ਲੰਘ ਗਿਆ। ਸੋਚਾਂ ਦੇ ਅਮੁੱਕ ਕਾਫਲੇ ਅਸਮਾਨ 'ਚ ਬੱਦਲਾਂ ਵਾਂਗ ਮੁੜ-ਮੁੜ ਜੁੜਦੇ ਜਾ ਰਹੇ ਸਨ।...ਜੇ ਮੈਂ ਕ੍ਰਿਸ਼ਨਾ ਦੇ ਪਿੰਡ ਜਾਣਾ ਹੋਵੇ, ਉਥੇ ਜਾਣ ਲਈ ਬੱਸ ਦਾ ਬੰਦੋਬਸਤ ਨਹੀਂ ਤੇ ਪੈਦਲ ਜਾਣਾ ਮੇਰੇ ਬਸ ਦਾ ਨਹੀਂ। ਕ੍ਰਿਸ਼ਨਾ ਦਾ ਦੱਸਿਆ ਰਸਤਾ ਯਾਦ ਹੈ, ਲੋੜ ਪੈਣ 'ਤੇ ਕਿਸੇ ਤੋਂ ਪੁੱਛ ਵੀ ਸਕਦਾਂ। ਬਥੇਰੇ ਹਿੰਦੀ-ਉਰਦੂ ਸਮਝਣ ਵਾਲੇ ਮਿਲ ਜਾਂਦੇ ਹਨ। ਤੇ ਮੈਨੂੰ ਹਮੇਸ਼ਾ ਚੜ੍ਹਦੀ ਕਲਾ 'ਚ ਰੱਖਣ ਵਾਲੀ ਗੀਤਾ ਰੈਡੀ ਤੋਂ ਇਕ-ਦੋ ਦਿਨ ਲਈ ਸਾਈਕਲ ਮੰਗ ਸਕਦਾਂ, ਉਹ ਤਾਂ ਸ਼ੌਕੀਆ ਚਲਾਉਂਦੀ ਹੈ। ਮੈਂ ਕਈ ਵਾਰ ਹੈਰਾਨ ਹੁੰਦਾ ਹਾਂ ਕਿ ਉਹਦੇ 'ਚ ਏਨਾ ਬੁਲੰਦ ਹੌਸਲਾ, ਨਿਡਰਤਾ, ਦਲੇਰੀ ਤੇ ਦਲੀਲਬਾਜ਼ੀ ਕਿੱਥੋਂ ਆਈ ਹੈ! ਕੋਈ ਦੱਸਦਾ ਉਹ ਐਮ. ਐਸ. ਸੀ. ਤੇ ਐਮ. ਟੈੱਕ ਹੈ। ਉਹ ਅਕਸਰ ਚਿੱਟੀ ਪੈਂਟ ਉਤੇ ਕਾਲੀ ਸਵੈੱਟ-ਸ਼ਰਟ ਪਹਿਨਦੀ ਹੈ ਤੇ ਬਾਹਾਂ ਉਪਰ ਨੂੰ ਚੜ੍ਹਾਉਂਦੀ ਰਹਿੰਦੀ ਹੈ ਜਿਸ ਸਦਕਾ ਉਹਦਾ ਸਵੈ-ਭਰੋਸਾ ਉਹਦੇ ਮੂੰਹ 'ਤੇ ਝਲਕਾਰੇ ਮਾਰਦਾ ਦਿਸਦਾ ਹੈ। ਇਸ ਸਭ ਕਾਸੇ ਕਰ ਕੇ ਮੇਰੇ ਅੰਦਰ ਨਵੀਂ ਊਰਜਾ ਆਪਣੇ-ਆਪ ਭਰ ਜਾਂਦੀ ਹੈ।

...ਤੇ ਮੈਂ ਕ੍ਰਿਸ਼ਨਾ ਦੇ ਪਿੰਡ ਭੁਵਨਗਿਰੀ ਪਹੁੰਚ ਗਿਆ। ਫਿਰਨੀ ਉਤੇ ਖੜ੍ਹੇ ਮੁੰਡਿਆਂ ਨੂੰ ਮੈਂ ਕ੍ਰਿਸ਼ਨਾ ਦਾ ਘਰ ਪੁੱਛਿਆ।

'ਕਿਹੜੀ ਬਸਤੀ ਦਾ ਉਹ? ਮਾਲਾ? ਮਾਦਿਗਾ? ਜਾਂ ਫਿਰ...?' ਉਹ ਆਪਣੀ ਜ਼ੁਬਾਨ 'ਚ ਬੋਲ ਕੇ ਤਾੜੀ ਮਾਰ ਕੇ ਹੱਸੇ। ਇਸ ਦੌਰਾਨ ਦੂਹੋ-ਦੂਹ ਤਿੰਨ-ਚਾਰ ਸਾਈਕਲ ਸਵਾਰ ਆਉਂਦੇ ਦਿਸੇ। ਉਨ੍ਹਾਂ ਫੁਰਤੀ ਨਾਲ ਸਾਇਕਲਾਂ ਤੋਂ ਉਤਰ ਕੇ ਧੋਤੀਆਂ ਨੇਫਿਆਂ 'ਚ ਟੰਗੀਆਂ ਤੇ ਚੱਪਲਾਂ ਪੈਰਾਂ 'ਚੋਂ ਲਾਹ ਕੇ ਹੱਥਾਂ ਵਿਚ ਫੜ ਲਈਆਂ। ਉਹ ਨੀਵੀਂ ਪਾਈ ਨੱਕ ਦੀ ਸੇਧੇ ਸਾਈਕਲ ਰੇੜ੍ਹ ਕੇ ਲਿਜਾਂਦੇ ਗਏ। ਹੁਣ ਮੈਨੂੰ ਸਮਝ ਪਈ ਕਿ ਰਸਤੇ 'ਚ ਦੋ-ਤਿੰਨ ਥਾਵਾਂ ਉਤੇ ਬੰਦੇ-ਬੁੜ੍ਹੀਆਂ ਕਿਸੇ ਹੋਰ ਦੇ ਉਥੋਂ ਲੰਘਣ ਵਕਤ ਰਾਹ ਤੋਂ ਲਾਂਭੇ ਹੋ ਕੇ ਕਿਉਂ ਰੁਕੇ ਤੇ ਮੂੰਹ ਦੂਜੇ ਪਾਸੇ ਕਰ ਕੇ ਖੜ੍ਹੇ ਕਿਉਂ ਹੋਏ ਸਨ!

ਆਪਣੇ ਹਾਣ ਦੇ ਉਨ੍ਹਾਂ ਨੌਜਵਾਨਾਂ ਨੂੰ ਮੈਂ ਦੱਸਿਆ, 'ਕ੍ਰਿਸ਼ਨਾ ਦਾ ਵੱਡਾ ਭਰਾ ਕਾਲਜ 'ਚ ਪੜ੍ਹਾਉਂਦਾ ਤੇ ਬਾਪ ਬਿਮਾਰ ਰਹਿੰਦਾ...।'

'ਅੱਛਾ ਅੱਛਾ! ਸਿੱਧਾ ਕਹਿ ਕ੍ਰਿਸ਼ਨਾ ਬੇਗਾਰੀ! ਵਲ ਪਾ-ਪਾ ਕਿਉਂ ਦੱਸ ਰਿਹਾਂ! ਕੁਛ ਦਿਨ ਪਹਿਲਾਂ ਉਹਦੀਆਂ ਹੱਡੀਆਂ ਅਸੀਂ ਏਸੇ ਬੋਹੜ ਥੱਲੇ ਤੋੜੀਆਂ! ਬੜਾ ਪੜ੍ਹਿਆ-ਲਿਖਿਆ ਤੇ ਹੁਸ਼ਿਆਰ ਸਮਝਦਾ ਉਹ ਆਪਣੇ-ਆਪ ਨੂੰ, ਬਣਿਆ ਫਿਰਦਾ ਬੜਾ ਲੀਡਰ ਸਾਲਾ ਰਾਣੀ ਖਾਂ ਦਾ...ਬਾਹਲਾ ਮਿਲਣ ਨੂੰ ਚਿੱਤ ਕਰਦਾ ਤਾਂ ਤੈਨੂੰ ਵੀ ਉਹਦੇ ਕੋਲ ਹਸਪਤਾਲ ਪੁਚਾ ਦਿੰਦੇ ਆਂ।'

ਮੈਂ ਦਹਿਲ ਗਿਆ। ਹੋਰ ਕੁਝ ਦੱਸਣ-ਪੁੱਛਣ ਦੀ ਹਿੰਮਤ ਨਾ ਪਈ ਸਗੋਂ ਖਾਮੋਸ਼ ਖੜ੍ਹਾ ਰਿਹਾ। ਉਨ੍ਹਾਂ ਖਰੂਦੀ ਮੁੰਡਿਆਂ ਵਿਚੋਂ ਇਕ ਨੇ ਆਪਣੇ ਹੱਥ 'ਚ ਫੜਿਆ ਡੰਡਾ ਸਾਈਕਲ ਦੇ ਹੈਂਡਲ ਦੀ ਮੁੱਠ 'ਤੇ ਮਾਰਿਆ ਜਿਸ ਉਤੇ ਮੇਰਾ ਖੱਬਾ ਹੱਥ ਸੀ।

'ਚੱਲ ਪਿਛਾਂਹ ਮੁੜ, ਸਾਲਾ ਤੇਲੰਗਾ ਜਿਹਾ ਨਾ ਹੋਵੇ ਤਾਂ!'

'ਸੀ. ਆਈ. ਡੀ. ਕਰਨ ਆਇਆਂ?'

'ਚੱਲ ਵਗ ਏਥੋਂ ਮਾਂ ਦਿਆ ਖਸਮਾ...।'

'ਅੱਕਾ ਬੋਕਾ ਆਈ ਓ ਨਾ ਸੁੱਲਾ, ਅੱਕਾ ਨੀ ਪੂਕੁ ਡੇਂਗੁਤਾ।' (ਭੈਣ ਦੀਆਂ ਗੰਦੀਆਂ ਗਾਲ਼੍ਹੀਆਂ)।

'ਕ੍ਰਿਸ਼ਨਾ ਦਾ ਵੱਡਾ ਭਰਾ ਤੇ ਭਤੀਜਾ ਬੜੇ ਬਣੇ ਫਿਰਦੇ ਆ ਪਤੰਗਬਾਜ਼, ਲੰਮੀਆਂ ਡੋਰਾਂ ਛੱਡਦੇ ਆ ਸਾਡੀਆਂ ਛੱਤਾਂ ਵੱਲ...ਪਤੰਗ ਜ਼ਮੀਨ 'ਤੇ ਲਿਆਉਣੇ ਆਉਂਦੇ ਆ ਸਾਨੂੰ, ਇਹੋ ਜਿਹੇ ਪਤੰਗਬਾਜ਼ ਜਿਹੜੇ ਕਹਿੰਦੇ ਨੇ ਇਕ ਵਾਰ ਪਤੰਗ ਵਾਂਗ ਉਡਣਾ ਚਾਹੀਦਾ ਜ਼ਿੰਦਗੀ 'ਚ। ਦੇਖ ਲਿਆ ਨਾ ਹਸ਼ਰ! ਹੁਣ ਪੱਟੀਆਂ-ਫੱਟੀਆਂ ਬਨ੍ਹਾਉਂਦਾ ਫਿਰਦਾ। ਜਾਤ ਦੀ ਕੋਹੜ ਕਿਰਲੀ ਤੇ ਸਤੀਰੀਆਂ ਨੂੰ ਜੱਫੇ।'

ਹੁਣ ਦੂਜੇ ਮੁੰਡੇ ਨੇ ਨਫਰਤੀ ਲਫਜ਼ ਗਲੱਛਦਿਆਂ ਆਖਿਆ, 'ਸਦੀਆਂ ਤੋਂ ਚੱਲਦੀਆਂ ਰੀਤਾਂ ਦੇ ਵਿਰੁੱਧ ਚੱਲਣ ਵਾਲਿਆਂ ਦੇ ਏਦਾਂ ਈ ਦਰੁੱਬੜੀ ਚਾੜ੍ਹੀ ਜਾਵੇਗੀ।'

ਤੀਜੇ ਨੇ ਹੋਰ ਸਿਰੇ ਦੇ ਕੁਬੋਲ ਬੋਲੇ, 'ਮੈਂ ਕਿਹਾ ਸੀ-ਅਤੂਲੂ ਪੀਕੁਤਾ (ਜਾ ਪੁੱਟ ਲਾ...)। ਜਦੋਂ ਮੈਂ ਉਹਦੀਆਂ ਵੱਖੀਆਂ ਭੰਨੀਆਂ ਸੀ।'

ਇਸ ਕੁੱਤੇ-ਖਾਣੀ ਤੇ ਗਾਲ਼੍ਹੀ-ਗਲੋਚ ਸੁਣਨ ਦੀ ਨਮੋਸ਼ੀ ਮਗਰੋਂ ਮੈਂ ਜਿੱਧਰੋਂ ਆਇਆ ਸੀ ਉਧਰ ਨੂੰ ਹੈਂਡਲ ਮੋੜ ਲਿਆ।

'ਜੇ ਪਿਛਾਂਹ ਮੁੜ ਕੇ ਦੇਖਿਆ ਤਾਂ ਹੱਡੀ ਪੱਸਲੀ ਇਕ ਕਰ ਦਿਆਂਗੇ, ਤੇਰੇ ਕ੍ਰਿਸ਼ਨਾ ਬੇਗਾਰੀ ਵਾਂਗ।'

'ਹੁਲੀਏ ਤੋਂ ਇਹ ਵੀ ਸਾਲ਼ਾ ਬੇਗਾਰੀ ਲਗਦਾ।' ਇਕ ਨੇ ਫਿਰ ਹੱਥ 'ਤੇ ਹੱਥ ਮਾਰ ਕੇ ਹੱਸਦਿਆਂ ਆਖਿਆ।

ਕੁਝ ਸ਼ਬਦ ਮੈਂ ਅਰਥਾਂ ਸਣੇ ਸਮਝ ਲਏ। ਕ੍ਰਿਸ਼ਨਾ, ਗੀਤਾ ਤੇ ਹੋਰਾਂ ਨੇ ਮੈਨੂੰ ਤੇਲਗੂ ਅੱਖਰ-ਗਿਆਨ ਦੇਣ ਵਿਚ ਮਦਦ ਕੀਤੀ ਹੋਈ ਹੈ। ਵਰਣਮਾਲਾ ਤੇ ਆਮ ਬੋਲਚਾਲ ਦੇ ਲਫਜ਼ ਸਿਖਾ ਦਿੱਤੇ ਹੋਏ ਹਨ। ਜਿਸ ਚਾਅ ਤੇ ਉਤਸ਼ਾਹ ਨਾਲ ਮੈਂ ਭੁਵਨਗਿਰੀ ਨੂੰ ਸਾਈਕਲ ਉਤੇ ਹਵਾ ਨਾਲ ਗੱਲਾਂ ਕਰਦਾ ਗਿਆ, ਭਾਵੇਂ ਹਵਾ ਦਾ ਰੁਖ ਮੇਰੇ ਖਿਲਾਫ ਸੀ-ਹੁਣ ਹਵਾ ਅਗਾਂਹ ਨੂੰ ਧੱਕੇ ਮਾਰ ਰਹੀ ਹੈ ਪਰ ਮੇਰੇ ਕੋਲੋਂ ਪੈਡਲ ਨਹੀਂ ਦਬਾਏ ਜਾ ਰਹੇ ਸੀ। ਲਗਦਾ ਜਿਵੇਂ ਟਾਇਰਾਂ-ਟਿਊਬਾਂ ਵਿਚੋਂ ਫੂਕ ਨਿਕਲ ਗਈ ਹੋਵੇ। ਮੇਰੇ ਤਨ-ਮਨ ਉਤੇ ਫਿਰ ਸਮਾਜਕ ਬੰਦਸ਼ਾਂ ਨੇ ਪਹਿਰਾ ਦੇਣਾ ਸ਼ੁਰੂ ਕੀਤਾ। ਮੈਂ ਆਪਣੇ ਪਿੰਡ ਦੀ ਜੂਹ 'ਚ ਪਹੁੰਚ ਗਿਆ। ਜ਼ਮੀਂਦਾਰਾਂ ਦੇ ਕਈ ਮੁੰਡੇ ਸਾਡੇ ਵਿਹੜੇ ਸ਼ਾਮ ਨੂੰ ਬੱਕਰੇ ਬੁਲਾਉਂਦੇ ਤੇ ਘਰਾਂ ਅੰਦਰ ਝਾਕਦੇ ਦਿਸੇ। ਕਈ ਤਲਖ-ਤਕਰਾਰ ਦੇ ਨਜ਼ਾਰੇ ਅੱਖਾਂ ਸਾਹਮਣੇ ਆਏ ਤੇ ਅਮੁੱਕ ਖਿਆਲ ਕਾਫਲਾ ਉਦੋਂ ਰੁਕਿਆ ਜਦੋਂ ਸਾਇਕਲ ਦੇ ਟਾਇਰ ਥੱਲੇ ਪੱਥਰ ਆਉਣ ਨਾਲ ਮੈਂ ਡਿਗਦਾ-ਡਿਗਦਾ ਬਚ ਗਿਆ।

ਵਾਪਸੀ ਵੇਲੇ ਸਾਈਕਲ ਗੀਤਾ ਦੇ ਹਵਾਲੇ ਕਰਨ ਦੀ ਬਜਾਇ ਮੈਂ ਦੁਪਹਿਰ ਤਕ ਸਿੱਧਾ ਆਪਣੇ ਕੁਆਟਰ ਪਹੁੰਚ ਗਿਆ। ਮਾਰ-ਖਾਧੇ ਕੁੱਤੇ ਵਾਂਗ ਮੈਂ ਅੰਦਰ ਹੀ ਅੰਦਰ ਚਊਂ-ਚਊਂ ਕਰਦਾ ਰਿਹਾ। ਮੈਨੂੰ ਲੱਗਿਆ ਜਿਵੇਂ ਕ੍ਰਿਸ਼ਨਾ ਵਾਂਗ ਮੈਂ ਵੀ ਆਪਣੇ ਮੁਲਕ 'ਚ ਪਰਾਇਆ ਹੋਵਾਂ। ਮੇਰੇ ਚਿੱਤ 'ਚ ਆਇਆ ਕਿ ਗੀਤਾ ਜਾਂ ਆਪਣੇ ਨਵੇਂ ਬਣੇ ਦੋਸਤ ਨਰਸੱਯਾ ਨੂੰ ਮਿਲ ਕੇ ਆਪਣਾ ਮਨ ਹੌਲ਼ਾ ਕਰਾਂ।

ਤਾਕੀ ਥਾਣੀਂ ਦੇਖਦਿਆਂ; ਉਡ-ਉਡ ਆਉਂਦੇ-ਜਾਂਦੇ ਕਬੂਤਰਾਂ ਵਾਂਗ ਖਿਆਲ ਆਉਂਦੇ ਕਿ ਜੇ ਮਕਾਨ ਮਾਲਕ ਨੂੰ ਮੇਰੇ ਪਿਛੋਕੜ ਦਾ ਪਤਾ ਲੱਗ ਗਿਆ ਜਾਂ ਰਾਜੇਸ਼ਵਰ ਰਾਓ ਦੇ ਕਿਸੇ ਬੰਦੇ ਨੇ ਮੁਖਬਰੀ ਕਰ ਦਿੱਤੀ ਤਾਂ ਹੋ ਸਕਦਾ ਮੈਨੂੰ ਬੇਇੱਜ਼ਤ ਕਰ ਕੇ ਮੇਰਾ ਸਾਮਾਨ ਬਾਹਰ ਸੁਟਵਾ ਦੇਵੇ ਤੇ ਮੇਰਾ ਹਾਲ ਧੋਬੀ ਦੇ ਕੁੱਤੇ ਵਾਲਾ ਹੋਵੇ...ਮੇਰੀ ਹਾਲਤ 'ਚੋਰ ਨੂੰ ਆਪਣਾ ਪਾਲਾ' ਵਾਲੀ ਸੀ ਪਰ ਮੈਂ ਤਾਂ ਕੁਦਰਤ ਦਾ ਸਿਰਜਿਆ ਮਨੁੱਖ ਹਾਂ। ਕਿਸੇ ਵੀ ਇਲਾਕੇ ਜਾਂ ਕਿਸੇ ਵੀ ਖਾਨਦਾਨ ਵਿਚ ਕੋਈ ਪੈਦਾ ਹੋ ਸਕਦਾ ਹੈ! ਵਰਗੀਆਂ ਸੋਚਾਂ ਸੋਚਦਾ ਰਿਹਾ।

ਮੈਨੂੰ ਚੈਨ ਨਹੀਂ ਆ ਰਿਹਾ ਸੀ। ਬੈੱਡ 'ਤੇ ਪਏ ਦੀਆਂ ਸੋਚਾਂ ਛੱਤ ਦੇ ਪੱਖੇ ਦੀ ਰਫਤਾਰ ਨਾਲ ਘੁੰਮ ਰਹੀਆਂ ਸਨ। ਮੈਂ ਕਦੀ ਕਮਰੇ 'ਚ ਗੇੜੇ ਕੱਢਦਾ ਤੇ ਕਦੇ ਤਾਕੀ ਵਿਚੀਂ ਬਾਹਰ ਨੂੰ ਦੇਖਦਾ। ਅਖੀਰ, ਸ਼ਾਮ ਨੂੰ ਮੈਂ ਗੀਤਾ ਦੇ ਅਪਾਰਟਮੈਂਟ ਸਾਈਕਲ 'ਤੇ ਸਵਾਰ ਹੋ ਕੇ ਚਲਾ ਗਿਆ ਪਰ ਸਿਰ 'ਤੇ ਸੋਚਾਂ ਦੇ ਕਾਫਲੇ ਡਾਰਾਂ ਬੰਨ੍ਹ ਕੇ ਨਾਲ-ਨਾਲ ਸਫਰ ਕਰੀ ਜਾ ਰਹੇ ਸਨ। ਗਾਰਡ ਤੋਂ ਪਤਾ ਲੱਗਾ ਕਿ ਉਹ ਦੁਪਹਿਰ ਵੇਲੇ ਇੱਥੋਂ ਕਿਧਰੇ ਗਈ ਹੈ। ਉਹਦੇ ਹੱਥ ਕਪੜਿਆਂ ਭਰਿਆ ਬੈਗ ਸੀ। ਘੜੀ ਦੀਆਂ ਸੂਈਆਂ ਵਾਂਗ ਮਨ 'ਚ ਸੋਚਾਂ ਲਗਾਤਾਰ ਗੇੜੇ ਕੱਢਣ ਲੱਗੀਆਂ! ਜੇ ਉਹ ਹਫਤਾ-ਦਸ ਦਿਨ ਆਪਣੇ ਸਾਥੀਆਂ ਨਾਲ ਪਿਕਨਿਕ ਜਾਂ ਕੰਪਨੀ ਦੇ ਕੰਮ ਟੂਰ 'ਤੇ ਚਲੀ ਗਈ ਤਾਂ ਮੇਰੀ ਮਾਨਸਿਕ ਪਰੇਸ਼ਾਨੀ ਵਧ ਜਾਣੀ ਹੈ। ਹੁਣ ਮੈਨੂੰ ਆਪਣਾ ਲੱਗਣ ਤੇ ਸਮਝਣ ਵਾਲਾ ਕੋਈ ਨਹੀਂ। ਜੇ ਦੋ-ਚਾਰ ਛੁੱਟੀਆਂ ਲੈ ਵੀ ਲਵਾਂ ਤਾਂ ਫਿਰ ਉਸ ਤੋਂ ਬਾਅਦ? ਤੇ ਨਰਸੱਯਾ ਵੀ ਮੇਰਾ ਮਾਹਤੜ ਸਾਥੀ ਹੈ! ਅਜਿਹੀ ਘੁੰਮਣਘੇਰੀ ਵਿਚ ਮੇਰੇ ਦੋ-ਤਿੰਨ ਦਿਨ ਲੰਘ ਗਏ।

ਚਾਰ ਕੁ ਦਿਨਾਂ ਮਗਰੋਂ ਮੈਂ ਕਿਸੇ ਕੰਮ ਬਾਜ਼ਾਰ ਜਾ ਰਿਹਾ ਸੀ। ਟੂ ਵੇਅ ਸੜਕ ਉਤੇ ਟਰੈਫਿਕ ਨਾ ਦਿਸੀ। ਬੰਦੇ-ਪਰਿੰਦੇ ਵੀ ਟਾਵੇਂ-ਟਾਵੇਂ ਸਨ। ਮੈਂ ਸੋਚਿਆ, ਕਿਸੇ ਮੰਤਰੀ-ਸੰਤਰੀ ਨੇ ਲੰਘਣਾ ਹੋਵੇਗਾ। ਹੋਰ ਅੱਗੇ ਗਿਆ ਤਾਂ ਮੇਰੇ ਸਾਹਮਣੇ ਤੋਂ ਨੌਜਵਾਨਾਂ, ਬੰਦਿਆਂ, ਬੁੜ੍ਹੀਆਂ, ਬੱਚਿਆਂ, ਬਜ਼ੁਰਗਾਂ ਦਾ ਠਾਠਾਂ ਮਾਰਦਾ ਹੜ੍ਹ ਆ ਰਿਹਾ ਸੀ ਜਿਹੜਾ ਚਾਰਮੀਨਾਰ ਚੁਰਾਹੇ ਵਿਚ ਲੱਗੀ ਸਟੇਜ ਕੋਲ਼ ਰੁਕ ਗਿਆ। ਇਸ ਵਿਚਾਲੇ ਮੈਂ ਲਾਊਡ ਸਪੀਕਰ ਵਿਚੋਂ ਧੜੱਲੇਦਾਰ ਆਵਾਜ਼ ਸੁਣੀ, 'ਸਰਕਾਰ ਸਾਡੇ ਪੇਸ਼ੇ ਦੇ ਲੋਕਾਂ ਨੂੰ ਸ਼ਨਾਖਤੀ ਕਾਰਡ, ਕੋਠਾ ਪਾਉਣ ਲਈ ਥਾਂ ਤੇ ਖੇਤੀਬਾੜੀ ਲਈ ਘੱਟੋ-ਘੱਟ ਤਿੰਨ ਏਕੜ ਜ਼ਮੀਨ ਹਰੇਕ ਪਰਿਵਾਰ ਨੂੰ ਅਲਾਟ ਕਰੇ, ਪੈਨਸ਼ਨ ਲਾਵੇ ਤੇ ਬੰਧੂਆ ਮਜ਼ਦੂਰੀ ਖਤਮ ਕਰੇ। ਜੇ ਮਿਥੀ ਮਿਤੀ ਤਕ ਸਾਡੀਆਂ ਮੰਗਾਂ ਨਾ ਮੰਨੀਆਂ ਤਾਂ ਅਸੀਂ ਤੁਹਾਡੀਆਂ ਕਬਰਾਂ ਪੁੱਟਣਾ ਤੇ ਲਾਸ਼ਾਂ ਦਫਨਾਉਣਾ ਬੰਦ ਕਰ ਦਿਆਂਗੇ।'

ਇਕ ਹੋਰ ਬੁਲਾਰੇ ਦੀ ਨਾਅਰੇ ਵਰਗੀ ਆਵਾਜ਼ ਸੁਣੀ, 'ਸਾਡੇ ਨਾਲ ਨਫਰਤ ਕਰਨੀ ਬੰਦ ਕਰੋ। ਜਿੰਨਾ ਚਿਰ ਇਨਸਾਫ ਨਹੀਂ ਮਿਲਦਾ ਓਨਾ ਚਿਰ ਚੈਨ ਨਾਲ ਨਹੀਂ ਬੈਠਾਂਗੇ!'

ਆਪਣੀ ਤੇਜ਼ ਚਾਲ ਦੇ ਨਤੀਜਨ ਮੈਂ ਸਟੇਜ ਤੋਂ ਥੋੜ੍ਹਾ ਹਟਵਾਂ ਜਾ ਖੜ੍ਹਾ ਹੋਇਆ। ਇਹੋ ਜਿਹੇ ਜਲਸੇ-ਜਲੂਸ ਦੇਖਣਾ ਤੇ ਸੁਣਨਾ ਮੇਰੀ ਪੁਰਾਣੀ ਆਦਤ ਦਾ ਹਿੱਸਾ ਹੈ; ਭਾਵੇਂ ਮੇਰਾ ਭਾਪਾ ਮੈਨੂੰ ਵਰਜਦਾ ਹੁੰਦਾ ਸੀ ਤੇ ਕਹਿੰਦਾ ਸੀ ਕਿ ਆਪਣੇ ਕੰਮ ਨਾਲ ਕੰਮ ਰੱਖਿਆ ਕਰ! ਖੈਰ, ਹੁਣ ਮੈਨੂੰ ਸਾਫ ਦਿਸ ਤੇ ਸੁਣ ਰਿਹਾ ਸੀ। ਸਟੇਜ ਚਲਾ ਰਹੇ ਸੱਜਣ ਨੇ ਕਿਹਾ, 'ਸਾਥੀਓ, ਹੁਣ ਮੈਂ ਬਾਲ ਕ੍ਰਿਸ਼ਨਾ ਬੇਗਾਰੀ ਨੂੰ ਦਰਖਾਸਤ ਕਰਦਾਂ ਕਿ ਉਹ ਸਟੇਜ 'ਤੇ ਆਵੇ ਜਿਸ ਦੀਆਂ ਲੱਤਾਂ-ਬਾਹਾਂ ਪਿਛਲੇ ਦਿਨੀਂ ਵਰਣ-ਧਰਮ ਦੇ ਰਖਵਾਲਿਆਂ ਨੇ ਤੋੜੀਆਂ ਸਨ। ਕ੍ਰਿਸ਼ਨਾ ਦਾ ਕਸੂਰ ਇਹ ਸੀ ਕਿ ਉਹ ਜ਼ਮੀਂਦਾਰਾਂ ਤੇ ਉਚ-ਜਾਤੀ ਦੇ ਮੁਹੱਲੇ ਮੋਹਰਿਓਂ ਦੀ ਸਾਈਕਲ ਤੋਂ ਉਤਰ ਕੇ ਤੇ ਜੁੱਤੀ ਲਾਹ ਕੇ ਨਹੀਂ ਲੰਘਦਾ ਸੀ।'

ਅਸਮਾਨ ਗੂੰਜਵੇਂ ਨਾਅਰਿਆਂ ਦੌਰਾਨ ਕ੍ਰਿਸ਼ਨਾ ਜਦੋਂ ਕਿਸੇ ਦੇ ਸਹਾਰੇ ਸਟੇਜ 'ਤੇ ਚੜ੍ਹਿਆ ਤਾਂ ਮੈਂ ਪੱਬਾਂ ਭਾਰ ਹੋ-ਹੋ ਮੂੰਹ ਉਤਾਂਹ ਨੂੰ ਕੀਤਾ ਕਿ ਉਹ ਮੈਨੂੰ ਦੇਖ ਲਵੇ ਜਿਵੇਂ ਮੈਂ ਨਿਆਣਾ ਹੁੰਦਾ ਹੋਰ ਨਿਆਣਿਆਂ ਨਾਲ ਪਿੰਡ ਦੀ ਫਿਰਨੀ ਉਤੇ ਹਿਮਾਲੀਆ ਪਰਬਤ ਨੂੰ ਅੱਡੀਆਂ ਚੁੱਕ-ਚੁੱਕ ਦੇਖਦਾ ਹੁੰਦਾ ਸੀ।

ਏਨੇ ਨੂੰ ਗੀਤਾ ਰੈਡੀ ਫੁਰਤੀ ਨਾਲ ਕ੍ਰਿਸ਼ਨਾ ਕੋਲ ਆ ਖੜ੍ਹੀ ਹੋਈ। ਫਿਰ ਮਾਈਕ ਵਿਚ ਬੋਲਣ ਲੱਗੀ, 'ਸਾਥੀਓ, ਧਰਮ ਜ਼ਰੀਏ ਫੈਲਾਈ ਜਾਂਦੀ ਗ਼ੁਲਾਮਗਿਰੀ ਮਨੁੱਖਤਾ ਨੂੰ ਸ਼ਰਮਸਾਰ ਕਰਨ ਵਾਲੀ ਹੈ। ਇੱਕੀਵੀਂ ਸਦੀ 'ਚ ਰੰਗ, ਨਸਲ, ਜਾਤਪਾਤ ਤੇ ਛੂਤ-ਛਾਤ ਮੁਲਕ ਲਈ ਲਾਅਣਤ ਆ। ਸਮਾਜ ਤੇ ਦੇਸ਼ ਦੀ ਤਰੱਕੀ ਲਈ ਇਸ ਤੋਂ ਛੁਟਕਾਰਾ ਜ਼ਰੂਰੀ ਆ।...ਦੋਸਤੋ ਤੁਹਾਨੂੰ ਪਤਾ ਹੋਵੇਗਾ ਕਿ ਜਦੋਂ ਰਾਕਟ ਨੇ ਧਰਤੀ ਦੀ ਗਰੂਤਾ ਵਿਚੋਂ ਨਿਕਲਣਾ ਹੁੰਦਾ, ਆਪਣੇ ਪੰਧ 'ਤੇ ਪੈਣਾ ਹੁੰਦਾ ਤਾਂ ਉਹ ਹੋਰ ਉਚ ਰਫਤਾਰ ਨਾਲ ਉਪਰ ਜਾਣ ਲਈ ਆਪਣੇ ਨਾਲੋਂ ਕਈ ਪੁਰਜ਼ੇ ਲਾਹ ਸੁੱਟਦਾ, ਵਗਾਹ ਮਾਰਦਾ। ਸੋ, ਰੰਗਾਂ, ਜਾਤਾਂ ਦੇ ਕਲੰਕ ਨੂੰ ਵਗਾਹ ਮਾਰੋ, ਜਿਵੇਂ ਸਾਡੇ ਹਿੰਮਤੀ ਤੇ ਦਲੇਰ ਸਾਥੀ ਕ੍ਰਿਸ਼ਨਾ ਨੇ ਰਾਹ ਦਿਖਾਉਣ ਦੀ ਕੋਸ਼ਿਸ਼ ਕੀਤੀ ਆ।'

ਇੰਝ ਕਹਿ ਕੇ ਗੀਤਾ ਨੇ ਕ੍ਰਿਸ਼ਨਾ ਬੇਗਾਰੀ ਦਾ ਹੱਥ ਫੜ ਲਿਆ! ਫਿਰ ਕ੍ਰਿਸ਼ਨਾ ਨੇ ਮੁਸਕਰਾ ਕੇ ਆਪਣੀ ਖੱਬੀ ਬਾਂਹ ਤੇ ਹੱਥ ਦੀ ਮੁੱਠ ਹਵਾ 'ਚ ਉਲਾਰੀ ਜਿਸ ਨੂੰ ਗੀਤਾ ਨੇ ਸਹਾਰਾ ਦਿੱਤਾ ਹੋਇਆ ਸੀ। ਜਲਸੇ 'ਚ ਹਾਜ਼ਰ ਲੋਕਾਂ ਨੇ ਨਾਅਰਿਆਂ ਨਾਲ ਅਸਮਾਨ ਗੁੰਜਾ ਦਿੱਤਾ। ਮੇਰੀ ਸੱਜੀ ਬਾਂਹ ਆਪ-ਮੁਹਾਰੇ ਹਵਾ ਵਿਚ ਹੋਰ ਉਚੀ ਹੋ ਗਈ।

ਮੇਰੇ ਕੋਲ਼ਲਖੜ੍ਹੇ ਕਈ ਜਣੇ ਗੱਲਾਂ ਕਰਨ ਲੱਗੇ, 'ਕ੍ਰਿਸ਼ਨਾ ਤੇ ਗੀਤਾ ਨੇ ਸਮਾਜ ਸਾਹਮਣੇ ਬੇਮਿਸਾਲ ਮਿਸਾਲ ਕਾਇਮ ਕਰ ਦਿੱਤੀ ਹੈ।'

# ਸ਼ਹੀਦੀ ਗੁਰੂ ਅਰਜਨ ਦੇਵ ਜੀ

ਲਾਲ ਭਾਨੀ ਜੀ ਦਾ ਦੇਖੋ
ਕਰਦਾ ਕਮਾਲ ਜੀ
ਤੱਤੀ ਤਵੀ ਉੱਤੇ ਬੈਠਾ
ਨਾਮੁ ਜਪਦਾ ਨਾਲ ਜੀ।

ਉਤੋਂ ਜੇਠ ਪਿਆ ਤਪੇ
ਹੇਠਾਂ ਅੱਗ ਪਈ ਮਚੇ,
ਸਿਰ ਤੱਤੀ ਰੇਤ ਪਵੇ
ਸ਼ਾਂਤੀ ਨਾਲ ਬੈਠਾ ਜਚੇ।
'ਤੇਰਾ ਭਾਣਾ ਮੀਠਾ ਲਾਗੇ'
ਆਖੇ ਨਾਲੋ ਨਾਲ ਜੀ...।

ਮੂੰਹੋਂ ਸੀ ਨਾ ਉਚਾਰੇ
ਛਾਲੇ ਜਿਸਮ 'ਤੇ ਸਾਰੇ,
ਲਾਹੌਰ ਤੱਕੇ ਨਜ਼ਾਰੇ
ਹਾਅ ਮੀਆਂ ਮੀਰ ਮਾਰੇ।
ਐਹ ਜ਼ਾਲਿਮ ਸਰਕਾਰੇ!
ਦੀਨ ਅਸੀਂ ਹੈ ਬਚਾਉਣਾ,
ਘੱਟ ਹੋਣਾ ਨਾ ਜਲਾਲ ਜੀ...।

ਜਹਾਂਗੀਰ ਦੇ ਦਰਬਾਰੇ
ਕੱਚੇ ਕੰਨਾਂ ਵਾਲੇ ਸਾਰੇ,
ਚੰਦੂ ਚੰਦਰੇ ਦੇ ਕਾਰੇ
ਜਿਨ੍ਹੇ ਕੰਨ ਭਰੇ ਸਾਰੇ।
ਮਿੱਟੀ ਹੋ ਜਾਣਾ ਹੈ ਮਿੱਟੀ
ਤੂੰ ਕਰ ਪੂਰੇ ਮਲਾਲ ਜੀ...।

ਇਹ ਤਾਂ ਸ਼ੁਰੂਆਤ ਹਾਲੇ
ਹੈ ਕਾਫਿਲਾ ਬਹੁ ਲੰਬਾ,
ਕਿਤੇ ਚੱਲਣੀ ਕਟਾਰੀ
ਕਿਤੇ ਚੱਲਣਾ ਹੈ ਰੰਬਾ।
ਚੜ੍ਹ ਚਰਖੜੀਆਂ ਜਾਣਾ
ਨੀਂਹਾਂ ਵਿਚ ਖੜ੍ਹ ਲਾਲ ਜੀ।
ਲਾਲ ਭਾਨੀ ਜੀ ਦਾ
ਦੇਖੋ ਕਰਦਾ ਕਮਾਲ ਜੀ
ਤੱਤੀ ਤਵੀ ਉੱਤੇ ਬੈਠਾ
ਨਾਮੁ ਜਪਦਾ ਨਾਲ ਜੀ।

*-ਸੇਵਾ ਸਿੰਘ ਨੂਰਪੁਰੀ*
*ਕੈਲੀਫੋਰਨੀਆ।*

# ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ

ਰਾਗ ਬਿਲਾਵਲੁ ਮਹਲਾ ੫
ਘਰੁ ੫ ਚਉਪਦੇ॥
ੴ ਸਤਿਗੁਰ ਪ੍ਰਸਾਦਿ॥
ਮ੍ਰਿਤ ਮੰਡਲ ਜਗੁ ਸਾਜਿਆ
ਜਿਉ ਬਾਲੂ ਘਰ ਬਾਰ॥
ਬਿਨਸਤ ਬਾਰ ਨ ਲਾਗਈ
ਜਿਉਂ ਕਾਗਦ ਬੂੰਦਾਰ॥
ਸੁਨਿ ਮੇਰੀ ਮਨਸਾ ਮਨੈ
ਮਾਹਿ ਸਤਿ ਦੇਖੁ ਬੀਚਾਰਿ॥
ਸਿਧ ਸਾਧਿਕ ਗਿਰਹੀ ਜੋਗੀ
ਤਜਿ ਗਏ ਘਰ ਬਾਰ॥ ਰਹਾਉ॥
ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ॥
ਦ੍ਰਿਸਟਿਮਾਨ ਸਭੁ ਬਿਨਸੀਐ
ਕਿਆ ਲਗਹਿ ਗਵਾਰ॥
ਕਹਾ ਸੁ ਭਾਈ ਮੀਤ ਹੈ ਦੇਖੁ ਨੈਨ ਪਸਾਰਿ॥
ਇਕਿ ਚਾਲੇ ਇਕਿ ਚਾਲਸਹਿ
ਸਭ ਅਪਨੀ ਵਾਰ॥
ਜਿਨ ਪੂਰਾ ਸਤਿਗੁਰੁ ਸੇਵਿਆ
ਸੇ ਅਸਥਿਰੁ ਹਰਿ ਦੁਆਰ॥
ਜਨੁ ਨਾਨਕ ਹਰਿ ਕਾ ਦਾਸੁ ਹੈ
ਰਾਖੁ ਪੈਜ ਮੁਰਾਰਿ॥

ਗੁਰੂ ਅਰਜਨ ਦੇਵ ਜੀ ਇਸ ਪਾਵਨ ਸ਼ਬਦ ਵਿਚ ਆਖਦੇ ਹਨ, ਹੇ ਮੇਰੇ ਮਨ! ਉਸ ਪਰਮਾਤਮਾ ਨੇ ਇਹ ਸੰਸਾਰ ਐਸਾ ਬਣਾਇਆ ਹੈ ਕਿ ਇਸ ਦੇ ਉਤੇ ਮੌਤ ਦਾ ਰਾਜ ਹੈ, ਇਹ ਸੰਸਾਰ ਐਵੇਂ ਹੈ, ਜਿਵੇਂ ਰੇਤ ਦੇ ਬਣੇ ਹੋਏ ਘਰ ਹੋਣ; ਹੇ ਮਨ ਜਿਵੇਂ ਮੀਂਹ ਦੀਆਂ ਕਣੀਆਂ ਨਾਲ ਕਾਗਜ਼ ਪਲ ਵਿਚ ਹੀ ਗਲ ਜਾਂਦੇ ਹਨ, ਇਵੇਂ ਹੀ ਇਨ੍ਹਾਂ ਘਰਾਂ ਦੇ ਨਾਸ ਹੁੰਦਿਆਂ ਚਿਰ ਨਹੀਂ ਲਗਦਾ।

ਸੁਨਿ ਮੇਰੀ ਮਨਸਾ ਮਨੈ
ਮਾਹਿ ਸਤਿ ਦੇਖੁ ਬੀਚਾਰਿ॥
ਸਿਧ ਸਾਧਿਕ ਗਿਰਹੀ ਜੋਗੀ
ਤਜਿ ਗਏ ਘਰ ਬਾਰ॥ ਰਹਾਉ॥

ਇਸ ਸ਼ਬਦ ਦੀ ਰਹਾਉ ਦੀ ਪੰਕਤੀ ਵਿਚ ਗੁਰਦੇਵ ਪਿਤਾ ਜੀ ਆਖਦੇ ਨੇ, ਹੇ ਮੇਰੇ ਚੰਚਲ ਮਨ ਦੇ ਫੁਰਨੇ, ਹੇ ਮੇਰੇ ਭਟਕਦੇ ਹੋਏ ਮਨ, ਜ਼ਰਾ ਧਿਆਨ ਨਾਲ ਸੁਣ ਅਤੇ ਵਿਚਾਰ ਕਰਕੇ ਵੇਖ ਲੈ, ਇਹ ਹੀ ਸੱਚ ਹੈ ਕਿ ਸਿੱਧ, ਸਾਧਿਕ, ਜੋਗੀ, ਗ੍ਰਹਿ-ਗ੍ਰਹਿਸਤੀ; ਸਾਰੇ ਹੀ ਮੌਤ ਦਾ ਵਕਤ ਆਉਣ 'ਤੇ ਆਪਣਾ ਸਭ ਕੁਝ ਇਥੇ ਹੀ ਛੱਡ ਕੇ ਇੱਥੋਂ ਤੁਰੇ ਜਾ ਰਹੇ ਹਨ।

ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ॥
ਦ੍ਰਿਸਟਿਮਾਨ ਸਭੁ ਬਿਨਸੀਐ
ਕਿਆ ਲਗਹਿ ਗਵਾਰ॥

ਪੰਚਮ ਪਾਤਸ਼ਾਹ ਸਾਨੂੰ ਦ੍ਰਿਸਟਾਂਤ ਦੇ ਕੇ ਸਮਝਾਉਂਦੇ ਹਨ, ਹੇ ਮੇਰੇ ਭਟਕਦੇ ਹੋਏ ਪਾਗਲ ਮਨ! ਇਹ ਜਗਤ ਤਾਂ ਇਉਂ ਹੈ, ਜਿਵੇਂ ਰਾਤ ਸੁੱਤੇ ਪਏ ਜੀਵ ਨੂੰ ਸੁਪਨਾ ਆਉਂਦਾ ਹੈ, ਪਰ ਉਹ ਸੱਚ ਨਹੀਂ ਹੁੰਦਾ; ਹੇ ਮੂਰਖ ਮਨ! ਜੋ ਕੁਝ ਵੀ ਦਿਖਾਈ ਦੇ ਰਿਹਾ ਹੈ, ਇਹ ਸਭ ਨਾਸਵੰਤ ਹੈ, ਤੂ ਇਸ ਨਾਲ ਮੋਹ ਨਾ ਬਣਾ।

ਕਹਾ ਸੁ ਭਾਈ ਮੀਤ ਹੈ ਦੇਖੁ ਨੈਨ ਪਸਾਰਿ॥

## ਗੁਰਬਾਣੀ ਗਿਆਨ

ਇਕਿ ਚਾਲੇ ਇਕਿ ਚਾਲਸਹਿ
ਸਭ ਅਪਨੀ ਵਾਰ॥

ਹੁਣ ਇਨ੍ਹਾਂ ਪੰਕਤੀਆਂ ਵਿਚ ਗੁਰਦੇਵ ਪਿਤਾ ਬਖਸ਼ਿਸ਼ ਕਰਦੇ ਆਖ ਰਹੇ ਹਨ, ਹੇ ਮੂਰਖ ਮਨ ਜ਼ਰਾ ਸੋਚ ਅਤੇ ਅੱਖਾਂ ਖੋਲ੍ਹ ਕੇ ਚੰਗੀ ਤਰ੍ਹਾਂ ਦੇਖ ਤੇਰੇ ਉਹ ਆਪਣੇ ਭਰਾ ਅਤੇ ਪਿਆਰੇ ਮਿੱਤਰ ਕਿੱਥੇ ਗਏ ਹਨ! ਆਪਣੀ ਆਪਣੀ ਵਾਰੀ ਸਿਰ ਕਈ ਇੱਥੋਂ ਜਾ ਚੁਕੇ ਹਨ ਅਤੇ ਕਈ ਚਲੇ ਜਾਣਗੇ, ਸਾਰੇ ਹੀ ਜੀਵ ਆਪੋ ਆਪਣੀ ਵਾਰੀ ਨਾਲ ਤੁਰੇ ਜਾ ਰਹੇ ਹਨ, ਇਥੋਂ ਸਭ ਨੇ ਜਾਣਾ ਹੈ।

ਜਿਨ ਪੂਰਾ ਸਤਿਗੁਰੁ ਸੇਵਿਆ
ਸੇ ਅਸਥਿਰੁ ਹਰਿ ਦੁਆਰ॥
ਜਨੁ ਨਾਨਕ ਹਰਿ ਕਾ ਦਾਸੁ ਹੈ
ਰਾਖੁ ਪੈਜ ਮੁਰਾਰਿ॥

ਸ਼ਬਦ ਦੇ ਅਖੀਰ ਵਿਚ ਸਤਿਗੁਰੂ ਜੀ ਆਖ ਰਹੇ ਹਨ, ਹੇ ਭਾਈ! ਇਸ ਜਗਤ ਵਿਚ ਜਿਨ੍ਹਾਂ ਮਨੁੱਖਾਂ ਨੇ ਪੂਰੇ ਸਤਿਗੁਰੂ ਦਾ ਕਹਿਣਾ ਮੰਨਿਆ ਹੈ, ਆਸਰਾ ਲਿਆ ਹੈ, ਉਹ ਇਸ ਝੂਠੇ ਜਗਤ ਵਿਚ ਮੋਹ ਪਾਉਣ ਦੀ ਥਾਂ ਉਸ ਮਿਹਰਬਾਨ ਪ੍ਰਭੂ ਦੇ ਦਰ 'ਤੇ ਉਸ ਮਾਲਕ ਦੇ ਚਰਨਾਂ ਵਿਚ ਜੁੜੇ ਰਹਿੰਦੇ ਹਨ; ਇਹ ਦਾਸ ਨਾਨਕ ਤਾਂ ਪ੍ਰਭੂ ਦਾ ਸੇਵਕ ਹੈ ਅਤੇ ਅਰਦਾਸ ਕਰਦਾ ਹੈ ਕਿ ਪ੍ਰਭੂ ਮੇਰੀ ਪੈਜ ਰੱਖੋ ਜੀ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਬੈਚ ਫੁੱਲ ਮਿਮੂਲਸ-ਜਾਣਿਆ ਡਰ

ਐਸਪਨ ਤੇ ਮਿਮੂਲਸ (Mimulus) ਦੋਵੇਂ ਡਰ ਦੀਆਂ ਦਵਾਈਆਂ ਹਨ। ਇਨ੍ਹਾਂ ਦੇ ਫਰਕ ਦੀ ਘੁੰਡੀ ਵਿਆਕਰਣ ਦੇ ਆਮ ਨਾਂਵ ਤੇ ਖਾਸ ਨਾਂਵ ਦੀ ਮਦਦ ਨਾਲ ਸੌਖੀ ਸਮਝੀ ਜਾ ਸਕਦੀ ਹੈ। ਆਮ ਨਾਂਵ ਇਕ ਆਮ ਜਿਹਾ ਨਾਂਵ ਹੈ, ਜੋ ਕਿਸੇ ਕਿਸਮ ਦੇ ਸਾਰੇ ਵਿਅਕਤੀਆਂ ਦਾ ਸਾਂਝਾ ਹੁੰਦਾ ਹੈ, ਜਿਵੇਂ ਸਾਰੇ ਫੁੱਲਾਂ ਦਾ ਸਾਂਝਾ ਨਾਂ ਫੁੱਲ ਹੈ। ਇਸ ਵਿਚ ਗੁਲਾਬ, ਗੇਂਦੇ ਤੇ ਚਮੇਲੀ ਆਦਿ ਕਿਸੇ ਖਾਸ ਫੁੱਲ ਦਾ ਨਾਂ ਨਹੀਂ ਦਿੱਤਾ ਹੋਇਆ, ਪਰ ਜੇ ਇਨ੍ਹਾਂ ਵਿਚੋਂ ਕਿਸੇ ਇਕ ਫੁੱਲ ਦਾ ਜ਼ਿਕਰ ਕਰ ਦੇਈਏ ਅਰਥਾਤ ਗੇਂਦੇ ਜਾਂ ਚਮੇਲੀ ਦੇ ਫੁੱਲ ਦਾ ਨਾਂ ਲੈ ਦੇਈਦੇ ਤਾਂ ਉਹ ਇਕ ਖਾਸ ਫੁੱਲ ਵਲ ਇਸ਼ਾਰਾ ਹੋ ਜਾਂਦਾ ਹੈ। ਫੁੱਲ ਤੋਂ ਅਲਰਜ਼ੀ ਹੈ ਤੇ ਗੇਂਦੇ ਦੇ ਫੁੱਲ ਤੋਂ ਅਲਰਜ਼ੀ ਹੈ, ਇਹ ਇੱਕੋ ਗੱਲ ਨਹੀਂ, ਸਗੋਂ ਦੋ ਵੱਖ ਵੱਖ ਗੱਲਾਂ ਹਨ। ਇਹੀ ਗੱਲ ਡਰ ਦੀ ਹੈ। ਡਰ ਲਗਦਾ ਹੈ ਅਤੇ ਬੁਖਾਰ ਜਾਂ ਸੱਪ ਤੋਂ ਡਰ ਲਗਦਾ ਹੈ, ਵੀ ਦੋ ਭਿੰਨ ਗੱਲਾਂ ਹਨ। ਪਹਿਲਾ ਡਰ ਅਨਾਮ ਹੈ, ਭਾਵ ਮਰੀਜ਼ ਡਰ ਵਾਲੀ ਚੀਜ਼ ਦਾ ਨਾਮ ਨਹੀਂ ਦੱਸ ਸਕਦਾ। ਇਹ ਡਰ ਸਿਰਫ ਭੈਅ ਹੈ, ਆਮ ਭੈਅ। ਇਹ ਐਸਪਨ ਦਾ ਡਰ ਹੈ। ਜਿਸ ਮਰੀਜ਼ ਨੂੰ ਬੁਖਾਰ ਤੋਂ, ਕਰੋਨਾ ਤੋਂ, ਕੁੱਤੇ ਤੋਂ ਜਾਂ ਕਿਸੇ ਹੋਰ ਗਿਆਤ ਨਾਂ ਵਾਲੀ ਚੀਜ਼ ਤੋਂ ਡਰ ਲਗਦਾ ਹੈ, ਉਸ ਦਾ ਡਰ ਖਾਸ ਡਰ ਹੈ।

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

ਇਸ ਦਾ ਇਲਾਜ ਮਿਮੂਲਸ ਕਰਦਾ ਹੈ। ਇਨ੍ਹਾਂ ਦੋ ਫੁੱਲ ਦਵਾਈਆਂ ਦੇ ਫਰਕ ਦੀ ਬਸ ਇਹੋ ਗੱਲ ਸਮਝਣ ਵਾਲੀ ਹੈ।

ਅੱਜ ਕੱਲ੍ਹ ਭਾਰਤ ਵਿਚ ਇਕ ਅਜੀਬ ਚਰਚਾ ਚਲ ਰਹੀ ਹੈ। ਇਕ ਪਾਸੇ ਕੁਝ ਦਕੀਆਨੂਸੀ ਸੰਤ ਸਵਾਮੀ ਜੜ੍ਹੀਆਂ-ਬੂਟੀਆਂ ਵਾਲੀ ਇਕ ਪੁਰਾਤਨ ਦਵਾਈ ਪ੍ਰਣਾਲੀ ਨੂੰ ਸਭ ਤੋਂ ਵਧੀਆ ਦੱਸ ਕੇ ਐਲੋਪੈਥਿਕ ਸਿਸਟਮ ਨੂੰ ਭੰਡ ਰਹੇ ਹਨ। ਦੂਜੇ ਪਾਸੇ ਐਲੋਪੈਥਿਕ ਡਾਕਟਰਾਂ ਦੇ ਉੱਚ ਸੰਗਠਨ ਆਪਣੇ ਸਿਸਟਮ ਪ੍ਰਤੀ ਲਾਈਆਂ ਊਜਾਂ 'ਤੇ ਇਤਰਾਜ਼ ਕਰ ਰਹੇ ਹਨ। ਦੋਵੇਂ ਪੱਖ ਇਹ ਨਹੀਂ ਸਮਝਦੇ ਕਿ ਦੋਵੇਂ ਸਿਸਟਮ ਆਪਣੀ ਆਪਣੀ ਥਾਂ ਠੀਕ ਹਨ ਤੇ ਸਭਿਅਤਾ ਦੀ ਪ੍ਰਗਤੀ ਨਾਲ ਜੁੜੇ ਹੋਏ ਹਨ। ਜੋ ਜੜ੍ਹੀਆਂ-ਬੂਟੀਆਂ ਅੱਜ ਤੋਂ ਚਾਰ ਹਜ਼ਾਰ ਸਾਲ ਪਹਿਲਾਂ ਕੰਮ ਕਰਦੀਆਂ ਸਨ, ਉਹ ਅੱਜ ਵੀ ਕਰਦੀਆਂ ਹਨ। ਸੌਂਫ, ਅਜਵਾਇਨ ਤੇ ਕੌੜ ਤੂੰਬਾ ਅੱਜ ਵੀ ਹਾਜਮੇ ਦੀਆਂ ਕਈ ਤਕਲੀਫਾਂ ਨੂੰ ਉਵੇਂ ਦੂਰ ਕਰਦੇ ਹਨ, ਜਿਵੇਂ ਅੱਕ, ਨਿੰਮ ਜਾਂ ਲਸਣ ਜਿਹੀ ਕਿਸੇ ਕੌੜੀ ਜੜ੍ਹੀ-ਬੂਟੀ ਨਾਲ ਉਬਾਲਿਆ ਕੋਸਾ ਤੇਲ ਕੰਨ ਵਿਚ ਪਾਉਣ ਨਾਲ ਕੰਨ ਦੀ ਪੀੜ ਹਟਾ ਦਿੰਦਾ ਹੈ, ਪਰ ਜੇ ਇਸ ਪੁਰਾਤਨ ਸਿਸਟਮ ਦਾ ਇਹ ਸੀਮਤ ਜਿਹਾ ਦਾਇਰਾ ਹੀ ਮਨੁੱਖੀ ਇਲਾਜਾਂ ਲਈ ਕਾਫੀ ਹੁੰਦਾ ਤਾਂ ਐਲੋਪੈਥੀ ਦੇ ਕੀਮੋ-ਥੈਰੇਪੀ ਤੇ ਜ਼ੀਨ-ਥੈਰੇਪੀ ਤੀਕ ਪਹੁੰਚਣ ਕੀ ਲੋੜ ਸੀ? ਕਣਕ ਤਾਂ ਅੱਜ ਵੀ ਹਲ ਨਾਲ ਬੀਜੀ ਜਾ ਸਕਦੀ ਹੈ, ਫਿਰ ਇਸ ਨੂੰ ਅਧੁਨਿਕ ਮਕੈਨਕੀ ਢੰਗਾਂ ਨਾਲ ਕਿਉਂ ਉਗਾਇਆ ਜਾਂਦਾ ਹੈ? ਦੋਹਾਂ ਪ੍ਰਣਾਲੀਆਂ ਦੀ ਆਪਣੀ ਆਪਣੀ ਇਤਿਹਾਸਕ ਭੂਮਿਕਾ ਹੈ, ਇਨ੍ਹਾਂ ਨੂੰ ਇਕੋ ਧਰਾਤਲ 'ਤੇ ਰੱਖ ਕੇ ਨਹੀਂ ਦੇਖਿਆ ਜਾ ਸਕਦਾ।

ਇਨ੍ਹਾਂ ਇਤਿਹਾਸਕ ਕਾਰਨਾਂ ਕਰ ਕੇ ਹੀ ਕਿਸੇ ਪੁਰਾਣੀ ਇਲਾਜ ਪ੍ਰਣਾਲੀ ਵਿਚ ਡਰ, ਵਹਿਮ, ਲਾਲਸਾ, ਕ੍ਰੋਧ, ਘ੍ਰਿਣਾ, ਹੰਕਾਰ, ਦੁਚਿੱਤੀ, ਚੌਧਰ ਦੀ ਭੁੱਖ ਜਿਹੇ ਮਾਨਸਿਕ ਵਿਕਾਰਾਂ ਦਾ ਇਲਾਜ ਨਹੀਂ ਹੈ। ਹੋਮਿਓਪੈਥੀ ਤੇ ਬੈਚ ਪ੍ਰਣਾਲੀ ਤੋਂ ਸਿਵਾ ਕਿਸੇ ਦਵਾਈ ਸਿਸਟਮ ਵਿਚ ਐਸੀ ਦਵਾਈ ਨਹੀਂ ਮਿਲਦੀ, ਜਿਸ ਦੇ ਖਾਣ ਨਾਲ ਬੰਦਾ ਗਿੱਦੜ ਤੋਂ ਸ਼ੇਰ ਬਣ ਜਾਵੇ ਤੇ ਝੂਠ ਛੱਡ ਸੱਚ ਬੋਲਣ ਲੱਗ ਜਾਵੇ। ਬਣੀਆਂ ਤਾਂ ਹੋਮਿਓਪੈਥਿਕ ਤੇ ਬੈਚ ਫੁੱਲ ਦਵਾਈਆਂ ਵੀ ਬਹੁਤੀਆਂ ਜੜ੍ਹੀਆਂ-ਬੂਟੀਆਂ ਤੋਂ ਹੀ ਹਨ, ਪਰ ਇਹ ਪੋਟੈਂਸੀ ਸਿਧਾਂਤ 'ਤੇ ਕੰਮ ਕਰਦੀਆਂ ਹਨ, ਜਿਸ ਦਾ ਨਾ ਕਿਸੇ ਆਦਿ ਕਾਲੀਨ ਸਵਾਮੀ ਨੂੰ ਤੇ ਨਾ ਆਧੁਨਿਕ ਐਲੋਪੈਥ ਨੂੰ ਪਤਾ ਹੈ। ਇਸ ਲਈ ਉੱਚਤਮਤਾ ਦੀ ਸਾਰੀ ਬਹਿਸ ਉੱਥੇ ਕੀਤੀ ਜਾ ਰਹੀ ਹੈ, ਜਿੱਥੇ ਇਸ ਦੀ ਕਤੱਈ ਲੋੜ ਨਹੀਂ। ਕਰੋਨਾ ਮਹਾਮਾਰੀ ਨਾਲ ਜੂਝਦੇ ਲੱਖਾਂ ਸਿਹਤ ਕਰਮੀਆਂ ਤੇ ਪ੍ਰਬੰਧਕਾਂ ਦਾ ਧਿਆਨ ਨਿਰਾਰਥਕ ਗੱਲਾਂ ਵੱਲ ਭਟਕਾਉਣ ਦੀ ਪੂਰੀ ਜ਼ਿੰਮੇਵਾਰੀ ਉਸ ਅਖੌਤੀ ਤੇ ਅਗਿਆਨੀ ਸਾਧ ਦੀ ਹੈ, ਜਿਸ ਨੇ ਆਪਣੇ ਵਪਾਰੀ ਹਿੱਤਾਂ ਦੀ ਪੂਰਤੀ ਖਾਤਰ ਅਜਿਹੀ ਬਹਿਸ ਨੂੰ ਸ਼ੁਰੂ ਕੀਤਾ।

ਦਵਾਈ ਪ੍ਰਣਾਲੀਆਂ ਦੀ ਸ਼੍ਰਿੰਖਲਾ ਵਿਚ ਬੈਚ ਫੁੱਲ ਪ੍ਰਣਾਲੀ ਸਭ ਤੋਂ ਨਵੀਂ ਹੈ। ਇਸ ਅਨੁਸਾਰ ਰੋਗ ਸਰੀਰ ਤੋਂ ਨਹੀਂ, ਸਗੋਂ ਮਨ ਤੋਂ ਪਕੜਿਆ ਜਾਂਦਾ ਹੈ। ਇਹ ਜਾਣਕਾਰੀ ਤਾਂ ਹੀ ਪ੍ਰਾਪਤ ਹੋਈ ਹੈ, ਜੇ ਪਹਿਲਾਂ ਦਵਾਈਆਂ ਦੇ ਮਨੋਵਿਗਿਆਨਕ ਪ੍ਰਭਾਵਾਂ ਦਾ ਅਧਿਐਨ ਕੀਤਾ ਗਿਆ। ਇਸ ਜਾਣਕਾਰੀ ਨਾਲ ਹੀ ਇਲਾਜ ਦੀ ਗੱਲ ਚਲ ਸਕਦੀ ਹੈ। ਅਰਥਾਤ ਜੇ ਇਕ ਪਾਸੇ ਪਤਾ ਲੱਗੇ ਕਿ ਕੋਈ ਬਿਮਾਰੀ ਕਿਸੇ ਖਾਸ ਡਰ 'ਤੇ ਆਧਾਰਿਤ ਹੈ ਜਾਂ ਡਰ ਨਾਲ ਜੁੜੀ ਹੋਈ ਹੈ ਤੇ ਦੂਜੇ ਪਾਸੇ ਇਹ ਪਤਾ ਲੱਗੇ ਕਿ ਕੋਈ ਦਵਾਈ ਉਸ ਖਾਸ ਡਰ ਨੂੰ ਦੂਰ ਕਰਦੀ ਹੈ ਤਾਂ ਇਲਾਜ ਹੋਣਾ ਦੂਰ ਦੀ ਗੱਲ ਨਹੀਂ। ਫਿਰ ਮਰੀਜ਼ ਨੂੰ ਅਕਾਰਨ ਕੌੜੇ ਕਾਹੜੇ ਪਿਲਾਉਣ ਜਾਂ ਮਹਿੰਗੇ ਟੀਕੇ ਲਾਉਣ ਦੀ ਕੀ ਲੋੜ? ਜਿਸ ਡਰ 'ਤੇ ਮਰੀਜ਼ ਦੀ ਬਿਮਾਰੀ ਦੀ ਨੀਂਹ ਟਿਕੀ ਹੋਈ ਹੈ, ਉਸ ਨੂੰ ਢਾਹੋ ਤੇ ਮਰੀਜ਼ ਨੂੰ ਠੀਕ ਕਰੋ। ਜੇ ਕਿਸੇ ਦਕੀਆਨੂਸੀ ਨੂੰ ਚੰਗੀ ਮਾੜੀ ਪੈਥੀ ਦੀ ਬਹਿਸ ਕਰਨੀ ਹੈ ਤਾਂ ਇਸ ਬਿੰਦੂ 'ਤੇ ਕਰੇ; ਪਰ ਕੋਈ ਦਕੀਆਨੂਸੀ ਇਸ ਪਾਸੇ ਨਹੀਂ ਆਵੇਗਾ, ਕਿਉਂਕਿ ਉਹ ਵਪਾਰੀ ਹਨ। ਜੇ ਉਹ ਆਪਣੀ ਪ੍ਰਣਾਲੀ ਨੂੰ ਬਹਿਸ ਲਈ ਖੋਲ੍ਹ ਦੇਣਗੇ ਤਾਂ ਆਪਣੇ ਦਵਾਈ ਦਾਰੂ ਦੇ ਭੰਡਾਰਾਂ ਨੂੰ ਕਿਵੇਂ ਵੇਚਣਗੇ? ਅਤਿ ਸਸਤੀਆਂ ਬੈਚ ਫੁੱਲ ਦਵਾਈਆਂ ਦੀ ਪ੍ਰੋੜ੍ਹਤਾ ਕਰਨ ਤੇ ਵੇਚਣ ਵਿਚ ਤਾਂ ਉਨ੍ਹਾਂ ਦਾ ਕੋਈ ਮਾਇਕ ਲਾਭ ਹੋ ਨਹੀਂ ਸਕਦਾ। ਹਾਂ ਇਸ ਵਿਚ ਮਰੀਜ਼ਾਂ ਦਾ ਫਾਇਦਾ ਜਰੂਰ ਹੈ, ਪਰ ਇੰਦਾਂ ਕਰਨਾ ਵਪਾਰੀ ਟੋਲੇ ਦੇ ਵਸ ਦੀ ਗੱਲ ਨਹੀਂ।

ਮਿਮੂਲਸ ਇਕ ਮਹੱਤਵਪੂਰਣ ਦਵਾਈ ਹੈ, ਜੋ ਕਿਸੇ ਵੀ ਖਾਸ ਨਾਮ ਦੀ ਚੀਜ਼ ਜਾਂ ਕਿਸੇ ਠੋਸ ਕਾਰਨ ਤੋਂ ਆਉਂਦੇ ਡਰ ਨੂੰ ਦੂਰ ਕਰਦੀ ਹੈ। ਕਿਸੇ ਨੂੰ ਸਮੁੰਦਰ ਤੋਂ ਡਰ ਲਗਦਾ ਹੈ, ਕਿਸੇ ਨੂੰ ਚੋਰ ਦੇ ਨਾਂ ਤੋਂ ਕਾਂਬਾ ਛਿੜ ਜਾਂਦਾ ਹੈ ਤੇ ਕਿਸੇ ਨੂੰ ਸੱਪ ਤੋਂ ਦਹਿਸ਼ਤ ਪੈਂਦੀ ਹੈ। ਇਨ੍ਹਾਂ ਸਭ ਦੀ ਦਵਾਈ ਮਿਮੂਲਸ ਹੈ। ਡਰ ਤਾਂ ਕਈਆਂ ਨੂੰ ਬਾਪ, ਭਰਾ, ਦੈਂਤ, ਰਿਸ਼ਤੇਦਾਰ ਤੇ ਦੁਸ਼ਮਣ ਤੋਂ ਵੀ ਲਗ ਸਕਦਾ ਹੈ। ਜੇ ਕੋਈ ਕਿਸੇ ਦਾ ਨਾਂ ਲੈ ਕੇ ਦੱਸੇ ਕਿ ਉਸ ਨੂੰ ਫਲਾਣੇ ਬੰਦੇ ਜਾਂ ਚੀਜ਼ ਤੋਂ ਡਰ ਲਗਦਾ ਹੈ ਤਾਂ ਇਹ ਦਵਾਈ ਉਸ ਦੇ ਡਰ ਨੂੰ ਵੀ ਦੂਰ ਕਰੇਗੀ। ਇਹੀ ਨਹੀਂ, ਬਹੁਤ ਸਾਰੇ ਵਿਅਕਤੀ ਹੈਜੇ, ਤਪਦਿਕ, ਚੇਚਕ, ਕਰੋਨਾ, ਕੈਂਸਰ ਤੇ ਦਿਲ ਦੇ ਦੌਰੇ ਦੇ ਡਰ ਤੋਂ ਅੱਧੇ ਬੀਮਾਰ ਹੋ ਜਾਂਦੇ ਹਨ। ਜੇ ਕੋਈ ਦੱਸੇ ਕਿ ਉਸ ਨੂੰ ਫਲਾਣੀ ਬਿਮਾਰੀ ਜਾਂ ਰੋਗ ਤੋਂ ਡਰ ਲਗਦਾ ਰਹਿੰਦਾ ਹੈ, ਤਾਂ ਵੀ ਫੁੱਲ ਦਵਾਈ ਮਿਮੂਲਸ ਹੀ ਕੰਮ ਆਵੇਗੀ। ਇਹੀ ਨਹੀਂ, ਮੰਨ ਲਓ ਜੇ ਕਿਸੇ ਨੂੰ ਤਪਦਿਕ, ਕਰੋਨਾ ਜਾਂ ਕੈਂਸਰ ਤੋਂ ਡਰਦਾ ਹੈ ਤੇ ਉਹ ਉਸੇ ਬਿਮਾਰੀ ਨਾਲ ਪੀੜਤ ਵੀ ਹੈ, ਤਾਂ ਇਹ ਫੁੱਲ ਦਵਾਈ ਉਸ ਦੇ ਡਰ ਦੇ ਨਾਲ ਨਾਲ ਉਸ ਦੀ ਉਸ ਬੀਮਾਰੀ ਨੂੰ ਵੀ ਖਤਮ ਕਰੇਗੀ। ਇਸ ਨੂੰ ਕਹਿੰਦੇ ਹਨ, "ਨਾਲੇ ਫੁੱਲ ਨਾਲੇ ਫਲੀਆਂ!" ਅਜਿਹੇ ਫੁੱਲ ਤੇ ਫਲੀਆਂ ਹੋਰ ਕਿਸੇ ਦਵਾਈ ਪ੍ਰਣਾਲੀ ਵਿਚ ਇਕੱਠੇ ਨਹੀਂ ਮਿਲਦੇ। ਜੇ ਦਵਾਈ ਪ੍ਰਣਾਲੀਆਂ ਦੀ ਪਰਸਪਰ ਉੱਚਮਤਾ ਦਾ ਕੋਈ ਮਾਪ ਦੰਡ ਮਿੱਥਣਾ ਹੀ ਹੈ ਤਾਂ ਇਸ ਨੂੰ ਹੀ ਕਿਉਂ ਨਹੀਂ?

ਮਿਮੂਲਸ ਬਾਰੇ ਡਾ. ਬੈਚ ਲਿਖਦੇ ਹਨ, "ਦੁਨੀਆਵੀ ਬਿਮਾਰੀਆਂ ਤੇ ਦਰਦ ਜੋ ਐਕਸੀਡੈਂਟ, ਗਰੀਬੀ, ਹਨੇਰਾ, ਇਕਾਂਤਵਾਸ, ਬਦਨਸੀਬੀ ਆਦਿ ਦੇ ਡਰ ਜਾਂ ਹਰ ਰੋਜ਼ ਦੀ ਜ਼ਿੰਦਗੀ ਦੇ ਕਿਸੇ ਹੋਰ ਦੱਸੇ ਜਾ ਸਕਦੇ ਭੈਆਂ, ਜਿਨ੍ਹਾਂ ਨੂੰ ਭੋਗਣ ਵਾਲੇ ਲੋਕ ਬਿਨਾ ਕਿਸੇ ਨੂੰ ਦੱਸੇ ਚੁੱਪ ਚਾਪ ਭੁਗਤਦੇ ਰਹਿੰਦੇ ਹਨ, ਮਿਮੂਲਸ ਨਾਲ ਠੀਕ ਹੁੰਦੇ ਹਨ।" ਡਾ. ਬੈਚ ਅਨੁਸਾਰ ਮਿਮੂਲਸ ਦੇ ਡਰ ਜ਼ਿੰਦਗੀ ਦੇ ਰੋਜ਼ ਦਿਹਾੜੀ ਦੀਆਂ ਚੀਜ਼ਾਂ ਤੇ ਘਟਨਾਵਾਂ ਤੋਂ ਲਗਦੇ ਡਰ ਹਨ। ਇਹ ਡਰ ਅਨਾਮ ਨਹੀਂ ਹੁੰਦੇ, ਸਗੋਂ ਇਨ੍ਹਾਂ ਬਾਰੇ ਨਾਂ ਲੈ ਕੇ ਦੱਸਿਆ ਜਾਂਦਾ ਹੈ। ਫਿਰ ਵੀ ਇਨ੍ਹਾਂ ਡਰਾਂ ਨੂੰ ਕਿਸੇ ਨਾਲ ਖੁੱਲ੍ਹ ਕੇ ਸਾਂਝਾ ਨਹੀਂ ਕੀਤਾ ਜਾ ਸਕਦਾ। ਅਰਥਾਤ ਕੋਈ ਥਾਂ ਥਾਂ ਇਹ ਦੱਸਦਾ ਨਹੀਂ ਫਿਰਦਾ ਕਿ ਉਸ ਨੂੰ ਚੂਹੇ ਤੋਂ ਡਰ ਲਗਦਾ ਹੈ ਜਾਂ ਆਪਣੇ ਬਰਬਾਦ ਹੋਣ ਤੋਂ ਡਰ ਲਗਦਾ ਹੈ, ਪਰ ਜੇ ਉਸ ਨੂੰ ਦੱਸਣਾ ਹੀ ਪਵੇ ਤਾਂ ਦੱਸੇਗਾ ਡਰ ਦਾ ਨਾਮ ਲੈ ਕੇ ਹੀ। ਅਜਿਹੇ ਡਰ ਉਸ ਨੂੰ ਹਰ ਵੇਲੇ ਅੰਦਰੋਂ ਖਾਂਦੇ ਰਹਿੰਦੇ ਹਨ। ਇਹ ਡਰ ਮਨੁੱਖ ਦੇ ਆਪਣੇ ਸਹੇੜੇ ਵੀ ਹੋ ਸਕਦੇ ਹਨ ਤੇ ਪਿਤਾ ਪੁਰਖੀ ਕਾਰਨਾਂ ਕਰਕੇ ਉਸ ਦੀ ਅੰਤਰ-ਆਤਮਾ ਵਿਚ ਦਬੇ ਵੀ ਪਏ ਹੋ ਸਕਦੇ ਹਨ। ਇਸ ਲਈ ਮਰੀਜ਼ ਬਹੁਤਾ ਕਰਕੇ ਇਨ੍ਹਾਂ ਡਰਾਂ ਨੂੰ ਭਰੋਸੇਯੋਗ ਮਿੱਤਰਾਂ, ਵਕੀਲਾਂ ਜਾਂ ਡਾਕਟਰਾਂ ਕੋਲ ਹੀ ਖੋਲ੍ਹਦੇ ਹਨ।

ਸਾਲ ਕੁ ਪਹਿਲਾਂ ਮੈਨੂੰ ਇਕ ਵਿਅਕਤੀ ਦਾ ਫੋਨ ਆਇਆ। ਕਹਿਣ ਲੱਗਿਆ, ਮੇਰੀ ਬੀਮਾਰੀ ਗੰਭੀਰ ਹੈ, ਮੈਨੂੰ ਕਿਸੇ ਨੇ ਤੁਹਾਡਾ ਫੋਨ ਨੰਬਰ ਦੇ ਕੇ ਤੁਹਾਨੂੰ ਮਿਲਣ ਲਈ ਕਿਹਾ ਹੈ। ਆ ਕੇ ਦੱਸਣ ਲੱਗਿਆ, "ਸਰ ਮੈਨੂੰ ਕੈਂਸਰ ਹੈ। ਮੈਂ ਦਿਨ ਪ੍ਰਤੀ ਦਿਨ ਖਤਮ ਹੋ ਰਿਹਾ ਹਾਂ। ਮੈਨੂੰ ਬਚਾਓ!" ਉਸ ਦੀ ਹਾਲਤ ਉਸ ਡਰੇ ਬੱਚੇ ਵਾਂਗ ਸੀ, ਜਿਸ ਪਿੱਛੇ ਪੰਜ ਚਾਰ ਜਣੇ ਮਾਰਨ ਲਈ ਪਏ ਹੋਣ। ਮੈਂ ਉਸ ਨੂੰ ਫੁੱਲ ਦਵਾਈ ਰੈਸਕਿਊ ਰੈਮਿਡੀ (Rescue Remedy) ਦੀ ਇਕ ਖੁਰਾਕ ਦਿੱਤੀ ਤਾਂ ਜੋ ਉਹ ਆਪਣੀ ਤਕਲੀਫ ਸਹੀ ਢੰਗ ਨਾਲ ਦੱਸ ਸਕੇ।




ਉਸ ਨੇ ਜੋ ਦੱਸਿਆ, ਉਹ ਸੰਖੇਪ ਵਿਚ ਇਸ ਤਰ੍ਹਾਂ ਸੀ। "ਸਰ ਮੇਰੀ ਉਮਰ 68 ਸਾਲ ਹੈ। ਤੇਈ ਸਾਲ ਪਹਿਲਾਂ ਮੈਂ ਇਕ ਗਵਾਂਢੀ ਦੇ ਘਰ ਉਸ ਦੇ ਮਕਾਨ ਦੇ ਉਦਘਾਟਨ 'ਤੇ ਗਿਆ ਸੀ। ਉੱਥੇ ਮਿਰਚ ਮਸਾਲਿਆਂ ਵਾਲਾ ਜੋ ਖਾਣਾ ਖਾਧਾ ਉਸ ਨੇ ਮੇਰੇ ਮਿਹਦੇ ਵਿਚ ਦਰਦ ਪੈਦਾ ਕੀਤਾ, ਜੋ ਦੋ ਦਿਨ ਚੱਲਿਆ। ਫਿਰ ਉਹੀ ਦਰਦ ਰੁਕ ਰੁਕ ਕੇ ਹਫਤੇ ਦੋ ਹਫਤੇ ਬਾਅਦ ਹੋਣ ਲੱਗਿਆ। ਹੌਲੀ ਹੌਲੀ ਪੀੜ ਦੇ ਦਿਨਾਂ ਦੀ ਗਿਣਤੀ ਵਧਦੀ ਗਈ ਤੇ ਆਰਾਮ ਦੇ ਦਿਨ ਘਟਦੇ ਗਏ। ਇਸ ਨਾਲ ਮੇਰੇ ਲਈ ਮਿਰਚ, ਮਸਾਲੇ ਦੇ ਨਾਲ ਨਾਲ ਪਿਆਜ, ਅਦਰਕ, ਆਚਾਰ, ਚਟਣੀ ਆਦਿ ਖਾਣੇ ਵੀ ਔਖੇ ਹੋ ਗਏ। ਪਿੱਛਲੇ ਤਿੰਨ ਸਾਲਾਂ ਤੋਂ ਤਾਂ ਇਹ ਦਰਦ ਲਗਾਤਾਰ ਹੋਣ ਲੱਗਿਆ ਹੈ। ਹੁਣ ਮੈਂ ਖਿਚੜੀ, ਦੁੱਧ ਤੇ ਦਲੀਏ ਤੋਂ ਬਿਨਾ ਕੁਝ ਨਹੀਂ ਖਾ ਸਕਦਾ। ਪੂਰੇ ਦੇ ਪੂਰੇ ਪੇਟ ਵਿਚ ਅੰਤੜੀਆਂ ਜਲਦੀਆਂ ਹਨ। ਇਉਂ ਲਗਦਾ ਹੈ, ਜਿਵੇਂ ਇਹ ਸੁੱਜ ਕੇ ਗਲ ਗਈਆਂ ਹੋਣ। ਪੂਰਾ ਪੇਟ ਇਕ ਉੱਬਲਦੀ ਰਸੌਲੀ ਵਾਂਗ ਪ੍ਰਤੀਤ ਹੁੰਦਾ ਹੈ, ਜਿਸ ਵਿਚ ਕੰਡੇ ਰਿੱਝ ਰਹੇ ਹੋਣ। ਇਸ ਦੀ ਜਲਣ ਹੇਠਾਂ ਪੈਰਾਂ ਦੇ ਗਿੱਟਿਆਂ ਵਿਚ ਤੇ ਉਤੇ ਦਿਮਾਗ ਦੇ ਧੁਰ ਅੰਦਰ ਅੱਗ ਪੈਦਾ ਕਰਦੀ ਹੈ। ਗਰਦਨ ਲੋਹੇ ਦੀਆਂ ਗਰਮ ਸਲਾਖਾਂ 'ਤੇ ਟੰਗੀ ਲਗਦੀ ਹੈ। ਰਾਤ ਨੂੰ ਨੀਂਦ ਨਹੀਂ ਆਉਂਦੀ। ਆ ਜਾਵੇ ਤਾਂ ਘੜੀ ਘੜੀ ਇਸ ਤਰ੍ਹਾਂ ਖੁੱਲ੍ਹਦੀ ਰਹਿੰਦੀ ਹੈ, ਜਿਵੇਂ ਸਾਰਾ ਸਿਰ ਅੱਗ ਦੀਆਂ ਲਾਟਾਂ ਵਿਚ ਜਲ ਰਿਹਾ ਹੋਵੇ। ਜਦੋਂ ਵੀ ਜਾਗਦਾ ਹਾਂ, ਜੋਰਦਾਰ ਦਿਲ ਦੀ ਧੜਕਣ, ਪਸੀਨਾ ਤੇ ਪੇਟ ਦਰਦ ਹੋ ਰਹੇ ਹੁੰਦੇ ਹਨ। ਇਹ ਇੰਨੇ ਭਿਆਨਕ ਹੁੰਦੇ ਹਨ ਕਿ ਮੈਨੂੰ ਸੌਣ ਤੋਂ ਵੀ ਡਰ ਲਗਦਾ ਹੈ। ਪਿਸ਼ਾਬ ਪੀਲਾ ਆਉਂਦਾ ਹੈ ਤੇ ਪਖਾਨੇ ਦਾ ਰੰਗ ਕਾਲਾ ਪੈ ਗਿਆ ਹੈ। ਮੈਂ ਆਪਣੀ ਇਸ ਬੀਮਾਰੀ ਬਾਰੇ ਡਰਦਾ ਕਿਸੇ ਨੂੰ ਦੱਸਦਾ ਨਹੀਂ ਤੇ ਕੋਈ ਟੈਸਟ ਵੀ ਨਹੀਂ ਕਰਵਾਉਂਦਾ। ਜਿਸ ਦਿਨ ਮੇਰੇ ਪਰਿਵਾਰ ਵਿਚ ਮੇਰੀ ਇਸ ਤਕਲੀਫ ਦਾ ਪਤਾ ਚੱਲਿਆ, ਉਹ ਮੈਨੂੰ ਹਸਪਤਾਲ ਲੈ ਜਾਣਗੇ। ਮੈਨੂੰ ਯਕੀਨ ਹੈ ਕਿ ਡਾਕਟਰ ਇਸ ਨੂੰ ਕੈਂਸਰ ਦੱਸਣਗੇ। ਇਲਾਜ ਇਸ ਦਾ ਕੋਈ ਹੈ ਨਹੀਂ, ਕਿਉਂਕਿ ਪਿਛਲੇ ਕਈ ਸਾਲਾਂ ਤੋਂ ਇਹ ਸਾਰੇ ਸਰੀਰ ਵਿਚ ਫੈਲ ਗਿਆ ਹੈ। ਇਸ ਲਈ ਡਾਕਟਰ ਮੈਨੂੰ ਮਰਨ ਲਈ ਘਰ ਭੇਜ ਦੇਣਗੇ। ਮੇਰਾ ਮਨ ਕਹਿੰਦਾ ਹੈ ਕਿ ਮੈਂ ਹੁਣ ਛੇ ਮਹੀਨੇ ਤੋਂ ਵੱਧ ਨਹੀਂ ਜਿਉਂ ਸਕਣਾ। ਕਿਰਪਾ ਕਰ ਕੇ ਮੈਨੂੰ ਬਚਾ ਲਓ।"

ਮੈਨੂੰ ਉਸ ਦੇ ਬਿਆਨ ਵਿਚੋਂ ਇਕੋ ਚੀਜ਼ ਲੱਭੀ, ਡਰ, ਡਰ ਤੇ ਡਰ! ਬੀਮਾਰੀ ਦਾ ਡਰ, ਨੀਂਦ ਦਾ ਡਰ, ਹਸਪਤਾਲ ਦਾ ਡਰ, ਡਾਕਟਰ ਦਾ ਡਰ, ਕੈਂਸਰ ਦਾ ਡਰ ਤੇ ਮੌਤ ਦਾ ਡਰ। ਮੈਂ ਉਸ ਨੂੰ ਤੀਹ ਦਿਨਾਂ ਲਈ ਸਵੇਰੇ ਸ਼ਾਮ ਮਿਮੂਲਸ ਖਾਣ ਲਈ ਦਿੱਤਾ ਤੇ ਇਸ ਉਪਰੰਤ ਆ ਕੇ ਮਿਲਣ ਦੀ ਤਾਕੀਦ ਕੀਤੀ। ਜਦੋਂ ਉਹ ਮਹੀਨੇ ਬਾਅਦ ਆਇਆ ਤਾਂ ਪੂਰੀ ਤਰ੍ਹਾਂ ਬਦਲਿਆ ਹੋਇਆ ਵਿਆਕਤੀ ਸੀ। ਉਸ ਦੇ ਸਭ ਡਰ ਗਾਇਬ ਹੋ ਚੁਕੇ ਸਨ ਤੇ ਉਨ੍ਹਾਂ ਨਾਲ ਉਸ ਦੇ ਪੇਟ ਦੇ ਦਰਦ, ਰਸੌਲੀ ਤੇ ਹੋਰ ਮੁੱਖ ਰੋਗ ਵੀ। ਜਦੋਂ ਉਸ ਨੂੰ ਕੈਂਸਰ ਬਾਰੇ ਪੁੱਛਿਆ ਗਿਆ ਤਾਂ ਕਹਿਣ ਲੱਗਿਆ, "ਕੈਂਸਰ ਕੂੰਸਰ ਕਾਹਨੂੰ ਸੀ ਜੀ, ਬੱਸ ਮਨ ਦਾ ਵਹਿਮ ਸੀ।" ਹੁਣ ਉਸ ਨੂੰ ਇਕੋ ਤਕਲੀਫ ਸੀ ਕਿ ਉਸ ਦੀ ਖੱਬੀ ਵੱਖੀ ਵਿਚ ਇਕ ਮੱਧਮ ਜਿਹਾ ਦਰਦ ਹੁੰਦਾ ਸੀ, ਜੋ ਭੁੱਖ ਦਾ ਅਹਿਸਾਸ ਦਿੰਦਾ ਸੀ। ਇਹ ਦਰਦ ਇਕ ਬਿਸਕੁਟ ਜਾਂ ਕੋਈ ਹੋਰ ਮਿੱਠੀ ਚੀਜ਼ ਖਾਣ ਨਾਲ ਦੱਬ ਜਾਂਦਾ ਸੀ। ਦੋ ਖੁਰਾਕਾਂ ਆਰਜੈਂਟਮ ਨਾਈਟਰੀਕਮ (Arg. Nit.) ਦੀਆਂ ਦੇਣ ਨਾਲ ਉਸ ਦਾ ਉਹ ਦਰਦ ਵੀ ਹਟ ਗਿਆ।

ਹੁਣ ਉਹ ਹਰੀ ਮਿਰਚ ਤੇ ਅਦਰਕ ਨੂੰ ਛੱਡ ਕੇ ਬਾਕੀ ਸਭ ਮਸਾਲੇ, ਪਿਆਜ ਤੇ ਆਚਾਰ ਖਾਣ ਲਗ ਪਿਆ ਹੈ। ਇਸ ਇਲਾਜ ਨੂੰ ਮੈਂ ਆਪਣੀ ਪ੍ਰੈਕਟਿਸ ਦੇ ਨਮੂਨੇ ਦੇ ਇਲਾਜਾਂ (Model Cures) ਵਿਚੋਂ ਇਕ ਸਮਝਦਾ ਹਾਂ।

ਮਿਮੂਲਸ ਬੈਚ ਫੁੱਲ ਪ੍ਰਣਾਲੀ ਦੀ ਇਕ ਅਹਿਮ ਦਵਾਈ ਹੈ। ਇਹ ਉਨ੍ਹਾਂ ਪੰਜ ਦਵਾਈਆਂ ਵਿਚੋਂ ਇਕ ਹੈ, ਜਿਨ੍ਹਾਂ ਨੂੰ ਰੈਸਕਿਊ ਰੈਮਿਡੀ ਵਿਚ ਸ਼ਾਮਲ ਕੀਤਾ ਗਿਆ ਹੈ। ਡਾ. ਬੈਚ ਨੇ ਇਸ ਦੀ ਵਰਤੋਂ ਲਈ ਵਿਸਥਾਰਪੂਰਵਕ ਖੁਲਾਸੇ ਕੀਤੇ ਹਨ। ਉਹ ਲਿਖਦਾ ਹੈ ਕਿ ਮਿਮੂਲਸ ਇਕ ਅਧਭੁਤ ਤੇ ਅਸਰਦਾਇਕ ਦਵਾਈ ਹੈ, ਜੋ ਸਭ ਤਰ੍ਹਾਂ ਦੇ ਪਛਾਣੇ ਡਰਾਂ, ਸ਼ਰਮਿੰਦਗੀਆਂ ਤੇ ਇਕਾਂਤ ਵਿਚ ਡੱਕਣ ਦੇ ਭੈਅ ਨੂੰ ਭਜਾਉਂਦੀ ਹੈ। ਉਸ ਅਨੁਸਾਰ ਇਹ ਉਹ ਜਾਦੂਮਈ ਦਵਾਈ ਹੈ, ਜੋ ਕਿਸੇ ਵੀ ਨਾਂ ਹੇਠ ਪੈਂਦੇ ਡਰ ਭੈਅ ਨੂੰ ਦੂਰ ਕਰਨ ਵਿਚ ਸਹਾਇਤਾ ਕਰਦੀ ਹੈ।

ਉਸ ਦੇ ਕਥਨ ਵਿਚ ਸੱਚਾਈ ਹੈ। ਕਰੋਨਾ ਦੇ ਦਿਨਾਂ ਵਿਚ ਜਦੋਂ ਚਾਰੇ ਪਾਸੇ ਲਾਕ ਡਾਊਨ ਲੱਗਿਆ ਹੋਇਆ ਸੀ ਤੇ ਹਰ ਇਕ ਦੇ ਮਨ ਵਿਚ ਇਸ ਬਵਾ ਦੀ ਦਹਿਸ਼ਤ ਫੈਲੀ ਹੋਈ ਸੀ, ਉਦੋਂ ਮੈਨੂੰ ਵੀ ਇਹ ਖਿਆਲ ਆਇਆ ਕਿ ਜੋ ਖਬਰਾਂ ਵਿਚ ਆ ਰਿਹਾ ਹੈ, ਕਿਤੇ ਉਹ ਸੱਚੀਂ ਮੁੱਚੀਂ ਹੀ ਸੱਚ ਨਾ ਹੋਵੇ। ਉਦੋਂ ਇਹ ਵੀ ਪੱਕਾ ਪਤਾ ਨਹੀਂ ਸੀ ਕਿ ਇਹ ਬਿਮਾਰੀ ਸਾਹ ਨਾਲ ਫੈਲਦੀ ਹੈ ਜਾਂ ਛੂਹਣ ਨਾਲ ਤੇ ਜਾਂ ਖਾਣ ਪੀਣ ਨਾਲ ਫੈਲਦੀ ਹੈ। ਇਸ ਸਬੰਧੀ ਸਾਰੇ ਉਪਾਅ ਕਰਨ ਤੋਂ ਬਾਅਦ ਵੀ ਜਦੋਂ ਦਿਲ ਵਿਚੋਂ ਡਰ ਨਾ ਨਿਕਲਿਆ ਤਾਂ ਮੈਂ ਤਰ੍ਹਾਂ ਤਰ੍ਹਾਂ ਦੇ ਤਰਕਾਂ ਨਾਲ ਮਨ ਨੂੰ ਕਾਇਮ ਰੱਖਣ ਦਾ ਯਤਨ ਕੀਤਾ, ਪਰ ਕੋਈ ਫਰਕ ਨਾ ਪਿਆ। ਮੈਂ ਸਮਝਣ ਲੱਗਿਆ ਕਿ ਕਰੋਨਾ ਦਾ ਡਰ ਹੀ ਇਕ ਅਜਿਹਾ ਬਿੰਦੂ ਜਾਂ ਸੁਰਾਖ ਹੈ, ਜਿਸ ਰਾਹੀਂ ਕਰੋਨਾ ਮੇਰੇ ਵਿਚ ਦਾਖਲ ਹੋ ਸਕਦਾ ਹੈ। ਇਹ ਸੋਚ ਕੇ ਮੈਂ ਮਿਮੂਲਸ ਦੀਆਂ ਦੋ ਖੁਰਾਕਾਂ ਪ੍ਰਤੀ ਦਿਨ ਲੈਣੀਆਂ ਸ਼ੁਰੂ ਕੀਤੀਆਂ। ਪਹਿਲੀ ਖੁਰਾਕ ਨਾਲ ਹੀ ਡਰ ਗਾਇਬ ਹੋ ਗਿਆ, ਜੋ ਮੁੜ ਕਦੇ ਨਾ ਆਇਆ।

ਕੁਝ ਦਿਨਾਂ ਬਾਅਦ ਦਵਾਈ ਬੰਦ ਕਰ ਦਿੱਤੀ ਤਾਂ ਵੀ ਇਹ ਡਰ ਨੇੜੇ ਨਾ ਪਰਤਿਆ। ਮੈਂ ਨੇੜੇ ਦੇ ਕਈ ਹੋਰ ਭੈ-ਭੀਤ ਲੋਕਾਂ ਨਾਲ ਵੀ ਇਸ ਮਹਾਮਾਰੀ ਬਾਰੇ ਗੱਲ ਕੀਤੀ ਤੇ ਉਨ੍ਹਾਂ ਨੂੰ ਮਨੋਬਲ ਉੱਚਾ ਰੱਖਣ ਦੀ ਸਲਾਹ ਦਿੱਤੀ। ਪਰ ਉਹ ਕਹਿਣ ਲੱਗੇ ਕਿ ਜੀ ਮੌਤ ਦਾ ਤਾਂਡਵ ਨਾਚ ਦੇਖਦਿਆਂ ਮਨੋਬਲ ਨਹੀਂ ਬਣ ਸਕਦਾ। ਉਨ੍ਹਾਂ ਨੂੰ ਮਿਮੂਲਸ ਦੀ ਵਰਤੋਂ ਲਈ ਕਿਹਾ ਗਿਆ। ਇਸ ਨੂੰ ਲੈਣ ਤੋਂ ਬਾਅਦ ਉਨ੍ਹਾਂ ਅੰਦਰ ਵੀ ਡਰ ਦੀ ਝਲਕ ਮਿਟ ਗਈ ਤੇ ਉਹ ਸਾਰੇ ਵਧੇਰੇ ਟਿਕਾਈ ਤੇ ਸਮਝਦਾਰੀ ਨਾਲ ਗੱਲ ਕਰਨ ਲੱਗੇ। ਇਸ ਕਾਰਨ ਮੈਂ ਮਿਮੂਲਸ ਨੂੰ ਕਰੋਨਾ ਦੀ ਰੋਕ ਥਾਮ ਲਈ ਮੁੱਖ ਸਹਾਰਾ ਮੰਨਣ ਲੱਗਿਆ। ਕਹਿੰਦੇ ਹਨ, ਕਰੋਨਾ ਨਜ਼ਲੇ ਜ਼ੁਕਾਮ ਜਿਹੇ ਸੰਕੇਤਾਂ ਨਾਲ ਸ਼ੁਰੂ ਹੁੰਦਾ ਹੈ। ਪਿਛਲੇ ਡੇਢ ਸਾਲ ਵਿਚ ਮੈਨੂੰ ਜ਼ੁਕਾਮ ਜਿਹੇ ਲੱਛਣ ਤਿੰਨ ਚਾਰ ਵਾਰ ਆਏ, ਜਿਨ੍ਹਾਂ ਨਾਲ ਲਗਦਾ ਸੀ ਕਿ ਕਰੋਨਾ ਜਿਹਾ ਕੁਝ ਹੋਣ ਲੱਗਿਆ ਹੈ, ਪਰ ਹਰ ਵਾਰ ਮਿਮੂਲਸ ਦੀ ਇਕੋ ਖੁਰਾਕ ਨਾਲ ਇਹ ਗਾਇਬ ਹੋ ਜਾਂਦੇ ਰਹੇ। ਹੋਰ ਤਾਂ ਹੋਰ ਜੋ ਜ਼ੁਕਾਮ ਪਹਿਲਾਂ ਹਰ ਛਿਮਾਹੀ ਹੋ ਜਾਇਆ ਕਰਦਾ ਸੀ, ਇਸ ਫੁੱਲ ਦਵਾਈ ਦੀ ਵਰਤੋਂ ਨਾਲ ਪਿਛਲੇ ਡੇਢ ਸਾਲ ਵਿਚ ਇਕ ਵਾਰ ਵੀ ਨਹੀਂ ਹੋਇਆ! ਲੋਕ ਫਿਰ ਵੀ ਕਹਿਣਗੇ ਕਿ ਇਹ ਤਾਂ ਅਣਜਾਣਾਂ ਵਾਲੀ ਗੱਲ ਹੈ! ਦਵਾਈ ਦੀ ਖੋਜ ਪੁਸ਼ਟੀ ਵਿਗਿਆਨਕ ਢੰਗ ਨਾਲ ਵੱਡੇ ਪੱਧਰ 'ਤੇ ਹੋਣੀ ਚਾਹੀਦੀ ਹੈ!! ਪਰ ਉਨ੍ਹਾਂ ਨੂੰ ਕੌਣ ਦੱਸੇ ਕਿ ਪਿਛਲੇ ਨੱਬੇ ਸਾਲ ਤੋਂ ਇਸ ਦੀ ਪੁਸ਼ਟੀ ਵੱਡੇ ਪੱਧਰ 'ਤੇ ਹੀ ਹੋ ਰਹੀ ਹੈ। ਇਹ ਜਾਣਕਾਰੀ ਉਸੇ ਪੁਸ਼ਟੀ ਦਾ ਨਤੀਜਾ ਹੈ ਕਿ ਇਹ ਫੁੱਲ ਦਵਾਈ "ਖਾਸ" ਚੀਜ਼ ਦਾ ਡਰ ਮਿਟਾਉਂਦੀ ਹੈ। ਮੈਂ ਇਸ ਦੀ ਸੌ ਵਾਰ ਅਜਮਾਇਸ਼ ਕਰ ਲਈ ਹੈ ਤੇ ਹਰ ਵਾਰ ਇਹ ਸਹੀ ਸਾਬਤ ਹੋਈ ਹੈ। ਜਿਸ ਕਿਸੇ ਨੂੰ ਇਸ ਨਿਯਮ ਬਣ ਚੁਕੀ ਉਕਤੀ 'ਤੇ ਸ਼ੱਕ ਹੋਵੇ, ਉਹ ਆਪਣੀ ਵੱਖਰੀ ਪੁਸ਼ਟੀ ਕਰ ਲਵੇ। ਮਿਮੂਲਸ ਤਾਂ ਐਮੇਜ਼ਾਨ 'ਤੇ ਉਪਲਭਦ ਹੈ।

ਡਾ. ਕ੍ਰਿਸ਼ਨਾਮੂਰਤੀ ਲਿਖਦੇ ਹਨ ਕਿ ਉਨ੍ਹਾਂ ਦੇ ਇਕ ਮਰੀਜ਼ "ਮਿਸਟਰ ਐਸ ਨੇ ਅੱਖ ਦਾ ਆਪਰੇਸ਼ਨ ਕਰਵਾਉਣਾ ਸੀ। ਜਦੋਂ ਉਸ ਨੂੰ ਆਪਰੇਸ਼ਨ ਹਾਲ ਵਿਚ ਲੈ ਕੇ ਗਏ ਤਾਂ ਡਰ ਨਾਲ ਉਸ ਦੇ ਖੂਨ ਦਾ ਦਬਾਓ ਵਧ ਗਿਆ। ਸਰਜਨ ਨੇ ਬਲੱਡ ਪ੍ਰੈਸ਼ਰ ਦੀ ਦਵਾਈ ਖੁਆ ਕੇ ਅਗਲੇ ਦਿਨ ਲਿਆਉਣ ਲਈ ਕਿਹਾ। ਫਿਰ ਉਹੀ ਗੱਲ। ਜਦੋਂ ਤਿੰਨ ਦਿਨ ਇੰਦਾਂ ਹੁੰਦਾ ਰਿਹਾ, ਉਹ ਮੇਰੀ ਸਹਾਇਤਾ ਲਈ ਆਇਆ। ਮੈਂ ਉਸ ਨੂੰ ਮਿਮੂਲਸ ਦੀਆਂ ਤਿੰਨ ਖੁਰਾਕਾਂ ਦਿੱਤੀਆਂ। ਅਗਲੇ ਦਿਨ ਨਾ ਉਹ ਡਰਿਆ, ਨਾ ਉਸ ਦਾ ਬੱਲਡ ਪ੍ਰੈਸ਼ਰ ਵਧਿਆ। ਆਪਰੇਸ਼ਨ ਕਰਵਾ ਕੇ ਉਹ ਘਰ ਮੁੜਿਆ।"

ਮੇਰੀ ਪਤਨੀ ਦਾ ਮੋਤੀਆ ਆਪਰੇਸ਼ਨ ਹੋਣਾ ਸੀ। ਉਸ ਨੇ ਸ਼ਰਤ ਰੱਖੀ ਕਿ ਉਹ ਆਪਰੇਸ਼ਨ ਤਾਂ ਹੀ ਕਰਵਾਏਗੀ, ਜੇ ਉਸ ਦੀ ਅੱਖ ਵਿਚ ਟੀਕਾ ਨਾ ਲਾਇਆ ਜਾਵੇ, ਕਿਉਂਕਿ ਪਿਛਲੀ ਵਾਰ ਐਨਾਥੀਸੀਆ ਦੇ ਟੀਕੇ ਕਾਰਨ ਉਸ ਦੀ ਅੱਖ ਵਿਚ ਕਈ ਮਹੀਨੇ ਅਸਹਿ ਦਰਦ ਹੁੰਦਾ ਰਿਹਾ ਸੀ। ਮੈਂ ਪਟਿਆਲੇ ਦੇ ਮਸ਼ਹੂਰ ਅੱਖਾਂ ਦੇ ਡਾਕਟਰ ਰੰਧਾਵਾ ਨੂੰ ਸਰਜਰੀ ਤੋਂ ਪਹਿਲਾਂ ਇਹ ਗੱਲ ਦੱਸੀ। ਉਸ ਨੇ ਕਿਹਾ ਕੇ ਉਸ ਨੇ ਕਦੇ ਇੰਦਾਂ ਕੀਤਾ ਤਾਂ ਨਹੀਂ, ਪਰ ਜੇ ਮਰੀਜ਼ ਦਰਦ ਬਰਦਾਸ਼ਤ ਕਰ ਲਵੇਗਾ ਤਾਂ ਮੈਨੂੰ ਕੋਈ ਇਤਰਾਜ਼ ਨਹੀਂ। ਸਰਜਰੀ ਤੋਂ ਪਹਿਲਾਂ ਮਰੀਜ਼ ਨੇ ਮਿਮੂਲਸ ਦੀਆਂ ਦੋ ਖੁਰਾਕਾਂ ਲਈਆਂ ਤੇ ਆਪਰੇਸ਼ਨ ਥਿਏਟਰ ਵਿਚ ਚਲੀ ਗਈ। ਮੈਂ ਬਾਹਰ ਹਾਲ ਵਿਚ ਬੈਠਾ ਉਡੀਕ ਕਰ ਰਿਹਾ ਸੀ। ਵੀਹ ਕੁ ਮਿੰਟਾਂ ਬਾਅਦ ਉਹ ਅੱਖ 1ਤੇ ਰੂੰ ਰੱਖੀਂ ਬਾਹਰ ਆਈ। ਮੈਂ ਸੋਚਿਆ ਉਂਜ ਹੀ ਅੱਖ ਵਿਚ ਸੁੰਨ ਕਰਨ ਦੀ ਕੋਈ ਦਵਾਈ ਪਾ ਕੇ ਬਾਹਰ ਬੈਠਣ ਲਈ ਕਿਹਾ ਹੈ, ਆਪਰੇਸ਼ਨ ਤਾਂ ਹਾਲੇ ਹੋਣਾ ਹੈ। ਮੇਰੀ ਹੈਰਾਨੀ ਦੀ ਹੱਦ ਨਾ ਰਹੀ, ਜਦੋਂ ਮੇਰੀ ਪਤਨੀ ਨੇ ਕੋਲ ਆ ਕੇ ਕਿਹਾ, "ਚਲੋ ਜੀ, ਆਪਰੇਸ਼ਨ ਤਾਂ ਹੋ ਗਿਆ।" ਉਸ ਦੇ ਚਿਹਰੇ 'ਤੇ ਡਰ ਜਾਂ ਪੀੜਾ ਦੀ ਕੋਈ ਝਲਕ ਵੀ ਨਹੀਂ ਸੀ! ਕੀ ਇਹ ਸੱਚੀ ਘਟਨਾ ਇਸ ਦਵਾਈ ਦੇ ਗੁਣਾਂ ਦੀ ਪੁਸ਼ਟੀ ਨਹੀਂ ਹੈ?

ਸੱਚ ਤਾਂ ਇਹ ਹੈ ਕਿ ਮਿਮੂਲਸ ਦੀ ਮਹਿਮਾ ਬਿਆਨ ਕਰਨ ਤੋਂ ਪਰ੍ਹੇ ਹੈ। ਹੁਣ ਤਾਂ ਬੈਚ ਫੁੱਲ ਚਿਕਿਤਸਾ ਦੇ ਮਾਹਰਾਂ ਨੇ ਇਸ ਦਾ ਡੂੰਘਾਈ ਵਿਚ ਅਧਿਐਨ ਕਰ ਕੇ ਦੱਸ ਵੀ ਦਿੱਤਾ ਹੈ ਕਿ ਇਹ ਬੜੇ ਖੁੱਲ੍ਹੇ ਦਾਇਰੇ ਵਿਚ ਅਸਰ ਕਰਨ ਵਾਲੀ ਦਵਾਈ ਹੈ। ਵਿਦਵਾਨਾਂ ਦੇ ਇਸ ਅਨੁਮਾਨ ਦਾ ਇਕ ਇਕ ਸ਼ਬਦ ਸੱਚ ਹੈ। ਜੇ ਮਿਮੂਲਸ ਦੇ ਫਾਇਦਿਆਂ ਤੇ ਲਾਭਾਂ ਦੀ ਗਿਣਤੀ ਕਰੀਏ ਤਾਂ ਵੀ ਇਹ ਪੂਰੀ ਨਹੀਂ ਹੋ ਸਕਦੀ। ਇਹ ਫੁੱਲ ਦਵਾਈ ਮੁੱਖ ਤੌਰ 'ਤੇ ਹੇਠ ਲਿਖੀਆਂ ਤਕਲੀਫਾਂ ਲਈ ਉਪਯੋਗੀ ਹੈ।

1. ਭੂਤ, ਪ੍ਰੇਤ, ਚੁੜੇਲ, ਜਮਦੂਤ ਤੇ ਹਨੇਰੇ ਤੋਂ ਡਰ।

2. ਤਪਦਿਕ, ਹੈਜ਼ੇ, ਫੂਡ ਪੁਆਇਜ਼ਨਿੰਗ, ਮਲੇਰੀਆ, ਪਲੇਗ, ਸਵਾਈਨਫਲੂ ਤੇ ਕਰੋਨਾ ਆਦਿ ਬਿਮਾਰੀਆਂ ਦਾ ਡਰ।

3. ਡੱਡੂ, ਕਾਕਰੋਚ, ਕਿਰਲੀ, ਠੂੰਹੇਂ, ਮੱਕੜੀ ਤੇ ਭਰਿੰਡਾਂ ਤੋਂ ਡਰ।

4. ਭੇਡੂ, ਬਿੱਲੀ, ਕੁੱਤੇ, ਬੈਲ, ਉੱਠ, ਸ਼ੇਰ ਤੇ ਚੀਤੇ ਤੋਂ ਡਰ।

5. ਚੀਲ੍ਹ, ਉਕਾਬ, ਕਾਂ ਤੇ ਚਮਗਾਦੜਾਂ ਦੇ ਠੁੰਗਣ ਦਾ ਡਰ।

6. ਸੱਟ, ਫੇਟ, ਐਕਸੀਡੈਂਟ, ਡਿੱਗਣ, ਡੁੱਬਣ, ਸੜਨ ਤੇ ਬਿਜਲੀ ਲੱਗਣ ਦਾ ਡਰ।

7. ਅਧਰੰਗ, ਬੇਹੋਸ਼ੀ, ਬੁਢਾਪੇ, ਬੱਚੇ ਦਾ ਜਨਮ (Delivery), ਪਾਗਲਪਣ ਤੇ ਨੀਂਦ ਵਿਚ ਸੁੱਤੇ ਰਹਿਣ ਕਾਰਨ ਮੌਤ ਦਾ ਡਰ।

8. ਇਮਤਿਹਾਨ, ਇੰਟਰਵੀਊ, ਗੀਤ, ਡਰਾਮੇ ਤੇ ਮੰਚ ਤੋਂ ਭਾਸ਼ਣ ਦੇਣ ਤੋਂ ਡਰ।

9. ਮਾਂ, ਪਿਉ, ਅਧਿਆਪਕ, ਬੌਸ, ਦੁਸ਼ਮਣ ਤੇ ਦਰੋਗੇ ਦਾ ਡਰ।

*(ਬਾਕੀ ਅਗਲੇ ਸਫੇ 'ਤੇ)*

# ਦਵੰਦ ਦੀ ਤ੍ਰਾਸਦੀ ਦਾ ਸਫਲ ਚਿਤੇਰਾ-ਕਰਮ ਸਿੰਘ ਮਾਨ

ਜਦੋਂ ਅਸੀਂ ਅਜੋਕੀ ਪੰਜਾਬੀ ਕਹਾਣੀ ਦੀ ਗੱਲ ਕਰਦੇ ਹਾਂ ਤਾਂ ਇਸ ਵਿਧਾ ਵਿਚ ਪਿਛਲੇ ਚਾਰ ਕੁ ਦਹਾਕਿਆਂ ਤੋਂ ਬਹੁਤ ਸਾਰੀਆਂ ਨਵੀਆਂ ਤਬਦੀਲੀਆਂ ਵੇਖਣ ਨੂੰ ਮਿਲ ਰਹੀਆਂ ਹਨ। ਬਹੁਤ ਸਾਰੇ ਨੌਜਵਾਨ ਲੇਖਕਾਂ ਨੇ ਨਵੀਂ ਲਿਖੀ ਜਾ ਰਹੀ ਕਹਾਣੀ ਦਾ ਮੂੰਹ-ਮੱਥਾ ਨਵੇਂ ਨਵੇਂ ਵਿਸ਼ੇ ਛੋਹ ਕੇ ਨਿਭਾਅ ਦੇ ਪੱਖੋਂ ਵੀ ਸੰਵਾਰਿਆ ਹੈ। ਮਨੁੱਖੀ ਜੀਵਨ ਦੀਆਂ ਉਨ੍ਹਾਂ ਵਿਰਲਾਂ ਵਿਚ ਵੀ ਝਾਕਿਆ ਹੈ, ਜੋ ਕਿਸੇ ਸਮੇਂ ਪੰਜਾਬੀ ਕਹਾਣੀ ਵਿਚ ਵਰਜਿਤ ਵਿਸ਼ੇ ਮੰਨ ਕੇ ਜੁਅਰਤ ਨਹੀਂ ਸੀ ਕੀਤੀ ਗਈ। ਇਸੇ ਲਈ ਪੰਜਾਬੀ ਕਹਾਣੀ ਦੀ ਦੂਜੀਆਂ ਭਾਸ਼ਾਵਾਂ ਦੀਆਂ ਕਹਾਣੀਆਂ ਦੇ ਮੁਕਾਬਲੇ ਖੜ੍ਹਨ ਦੀ ਗੱਲ ਹੋ ਰਹੀ ਹੈ। ਇਸੇ ਸਮੇਂ ਭਾਵੇਂ ਤੀਜੀ ਪੀੜ੍ਹੀ ਦੇ ਕੋਈ ਦਰਜਨ ਤੋਂ ਉਪਰ ਨੌਜਵਾਨ ਚਰਚਿਤ ਕਹਾਣੀਕਾਰ ਦੇ ਨਾਂ ਸਾਹਮਣੇ ਆਉਂਦੇ ਹਨ। ਇਨ੍ਹਾਂ ਕਹਾਣੀਕਾਰਾਂ ਵਿਚ



ਸੰਤੋਖ ਮਿਨਹਾਸ
ਫੋਨ: 559-283-6376

ਕੋਈ ਅੱਧੀ ਦਰਜਨ ਦੇ ਕਰੀਬ ਪ੍ਰੌਢ ਉਮਰ ਦੇ ਨਵੇਂ ਕਹਾਣੀਕਾਰ ਵੀ ਸ਼ਾਮਲ ਹੁੰਦੇ ਹਨ, ਜਿਨ੍ਹਾਂ ਵਿਚ ਕਰਮ ਸਿੰਘ ਮਾਨ ਦਾ ਨਾਂ ਜ਼ਿਕਰਯੋਗ ਹੈ। ਉਸ ਦੀ ਕਹਾਣੀ ਨੂੰ ਪਾਠਕਾਂ ਤੇ ਆਲੋਚਕਾਂ ਦੀ ਰੱਜਵੀਂ ਸਵੀਕ੍ਰਿਤੀ ਮਿਲੀ ਹੈ। ਪੰਜਾਬੀ ਸਾਹਿਤ ਦੇ ਸਿਰਮੌਰ ਪਰਚਿਆਂ ਨੇ ਵੀ ਮਾਨ ਦੀ ਕਹਾਣੀ ਨੂੰ ਚੰਗੀ ਥਾਂ ਦਿੱਤੀ ਹੈ। ਭਾਵੇਂ ਕਰਮ ਸਿੰਘ ਮਾਨ ਨੇ ਵੱਡੀ ਉਮਰ ਵਿਚ ਲਿਖਣਾ ਸ਼ੁਰੂ ਕੀਤਾ, ਪਰ ਉਹ ਹੁਣ ਤੱਕ ਪੰਜਾਬੀ ਸਾਹਿਤ ਦੀ ਝੋਲੀ ਵਿਚ ਪੰਜ ਕਹਾਣੀ ਸੰਗ੍ਰਹਿ: 'ਹੰਝੂ ਇੱਕ ਅੱਖ ਦੇ' (2000), 'ਵੇਦਣੁ ਕਹੀਐ ਕਿਸੁ' (2002), 'ਹੇਠ ਵਗੇ ਦਰਿਆ' (2006), 'ਫਲਾਈ ਓਵਰ' (2011) ਅਤੇ 'ਬੋਸਕੀ ਦਾ ਪਜਾਮਾ' (2020) ਪਾ ਕੇ ਪੰਜਾਬੀ ਕਹਾਣੀ ਖੇਤਰ ਵਿਚ ਇੱਕ ਸਥਾਪਤ ਨਾਂ ਬਣ ਕੇ ਚਰਚਾ ਵਿਚ ਆਇਆ ਹੈ।

ਜਦੋਂ ਸਾਰਾ ਸੰਸਾਰ ਇੱਕ ਮੰਡੀ ਦਾ ਰੂਪ ਧਾਰਦਾ ਜਾ ਰਿਹਾ ਹੈ, ਸਮਾਜਵਾਦੀ ਸਿਸਟਮ ਆਪਣਾ ਦਮ ਤੋੜ ਰਿਹਾ ਹੈ, ਪੂੰਜੀਵਾਦੀ ਕਦਰਾਂ-ਕੀਮਤਾਂ 'ਤੇ ਆਧਾਰਤ ਵਰਤਾਰਾ ਨਵੀਂ ਦਿਸ਼ਾ ਵਲ ਵੱਧ ਰਿਹਾ ਹੈ, ਰਾਸ਼ਟਰਵਾਦ ਦੇ ਬੋਲ ਪੈਰ ਪਸਾਰ ਰਹੇ ਹਨ, ਕੌਮੀਅਤਾਂ ਦਾ ਬਖੇੜਾ ਵੀ ਆਪਣੀ ਆਵਾਜ਼ ਉਚੀ ਕਰਨ ਲਈ ਉਸਲਵੱਟੇ ਲੈ ਰਿਹਾ ਹੈ, ਗਲੋਬਲੀ-ਚੇਤਨਾ ਮਨੁੱਖ ਨੂੰ ਹਲੂਣਾ ਦੇ ਰਹੀ ਹੈ। ਇਸ ਨਾਲ ਰਾਜਸੀ ਤੇ ਸਮਾਜਿਕ ਵਿਚਾਰਧਾਰਾਵਾਂ ਦੇ ਮੁਹਾਣ ਬਦਲ ਰਹੇ ਹਨ। ਸਮਾਜਿਕ ਅਤੇ ਸਭਿਆਚਾਰਕ ਤਬਦੀਲੀਆਂ ਕਾਰਨ ਲੋਕਾਂ ਦੇ ਰਹਿਣ-ਸਹਿਣ ਦੀਆਂ ਕਦਰਾਂ-ਕੀਮਤਾਂ ਵਿਚ ਢੇਰ ਤਬਦੀਲੀ ਆਈ ਹੈ। ਇਸੇ ਕਰਕੇ ਵਿਕਾਸਸ਼ੀਲ ਦੇਸ਼ਾਂ ਦੀ ਆਰਥਿਕ ਮੰਦਹਾਲੀ ਤੇ ਰਾਜਸੀ ਅਸਥਿਰਤਾ ਕਾਰਨ ਲੋਕ ਪਲਾਇਨ ਕਰਕੇ ਵਿਕਸਿਤ ਦੇਸ਼ਾਂ-ਅਮਰੀਕਾ, ਕੈਨੇਡਾ, ਇੰਗਲੈਂਡ, ਆਸਟਰੇਲੀਆ ਵਰਗੇ ਮੁਲਕਾਂ ਵਿਚ

## ਆਵਾਸ-ਪਰਵਾਸ ਦਾ ਜੀਵਨ

ਵਸਣ ਲਈ ਤਰਲੋ-ਮੱਛੀ ਹੋ ਰਹੇ ਹਨ।

ਪੰਜਾਬ, ਜੋ ਕਿਸੇ ਸਮੇਂ ਭਾਰਤ ਦਾ ਖੁਸ਼ਹਾਲ ਸੂਬਾ ਮੰਨਿਆ ਜਾਂਦਾ ਸੀ। ਖੇਤੀ ਆਧਾਰਤ ਆਰਥਿਕਤਾ ਹੋਣ ਕਾਰਨ ਕਿਸੇ ਸਮੇਂ ਹਰੀ ਕ੍ਰਾਂਤੀ ਨਾਲ ਆਈ ਵਿਖਾਵੇ ਦੀ ਤਰੱਕੀ ਤੋਂ ਬਾਅਦ ਕਿਸਾਨੀ ਜੀਵਨ ਵਿਚ ਆਈ ਮੰਦਹਾਲੀ ਦੇ ਕਾਰਨ ਮਨੁੱਖੀ ਰਿਸ਼ਤਿਆਂ ਦੀ ਟੁੱਟ-ਭੱਜ ਨੇ ਇਕ ਨਵੇਂ ਵਰਤਾਰੇ ਨੂੰ ਜਨਮ ਦਿੱਤਾ ਹੈ। ਇਸ ਨਾਲ ਇਤਿਹਾਸਕ, ਸਮਾਜਿਕ ਅਤੇ ਸਭਿਆਚਾਰਕ ਤਬਦੀਲੀਆਂ ਵਿਦਮਾਨ ਹੋਈਆਂ ਹਨ। ਪਦਾਰਥਵਾਦੀ ਪ੍ਰਸਥਿਤੀਆਂ ਤੇ ਪੂੰਜੀਵਾਦੀ ਵਿਵਸਥਾ ਦੇ ਵਿਕਾਸ ਕਾਰਨ ਮਨੁੱਖ ਦੇ ਜਿਉਣ ਢੰਗ ਵਿਚ ਆਈ ਸੁਚੇਤ ਜਾਂ ਅਚੇਤ ਤਬਦੀਲੀ ਨਵੇਂ ਦਿਸਹੱਦਿਆਂ ਦੀ ਭਾਲ ਕਰਦੀ ਹੈ। ਇਸੇ ਚਿੰਤਨ-ਮੰਥਨ ਵਿਚੋਂ ਪਰਵਾਸ ਦਾ ਰੁਝਾਨ ਬੜਾ ਤੇਜ਼ ਹੋਇਆ ਹੈ। ਇਸੇ ਲਈ ਬਹੁਤ ਸਾਰੇ ਪਰਵਾਸੀ ਲੇਖਕਾਂ ਨੇ ਆਪਣੀਆਂ ਕਹਾਣੀਆਂ ਦਾ ਕਥਾ-ਵਸਤੂ ਆਵਾਸ-ਪਰਵਾਸ ਦੇ ਜੀਵਨ ਨੂੰ ਆਧਾਰ ਬਣਾਇਆ ਹੈ।

ਕਰਮ ਸਿੰਘ ਮਾਨ ਨੇ ਆਵਾਸ-ਪਰਵਾਸ ਦੇ ਜੀਵਨ ਨੂੰ ਰੱਜ ਕੇ ਜੀਵਿਆ ਹੈ। ਉਸ ਕੋਲ ਡੂੰਘੀ ਨੀਝ ਵਾਲੀ ਅੱਖ ਹੈ। ਇਸ ਲਈ ਜੀਵਨ ਦੇ ਹਰ ਵਰਤਾਰੇ ਦਾ ਅਨੁਭਵ ਉਸ ਦੇ ਕਥਾ ਸੰਸਾਰ ਨੂੰ ਦਿੱਬ-ਦ੍ਰਿਸ਼ਟੀ ਪ੍ਰਦਾਨ ਕਰਦਾ ਹੈ। ਉਸ ਦੀਆਂ ਕਹਾਣੀਆਂ ਦੀ ਮੁੱਖ ਚੂਲ ਆਵਾਸ-ਪਰਵਾਸ ਜੀਵਨ ਦੇ ਦਵੰਦਵਾਦੀ ਤ੍ਰਾਸਦੀ ਦੀ ਪੀੜ ਹੈ। ਉਹ ਮਾਨਵਵਾਦੀ ਸੰਵੇਦਨਸ਼ੀਲ ਯਥਾਰਥਵਾਦੀ ਲੇਖਕ ਹੈ। ਉਸ ਨੂੰ ਅਜੋਕੇ ਸਮੇਂ ਵਿਚ ਖੰਡਿਤ ਹੋ ਰਹੇ ਮਨੁੱਖੀ ਰਿਸ਼ਤਿਆਂ ਦੇ ਅੰਦਰਲੇ ਬਹੁ ਦੀ ਸੋਝੀ ਹੈ। ਇਸੇ ਲਈ ਉਸ ਨੂੰ ਮਨੁੱਖੀ ਜੀਵਨ ਦੀ ਜਟਿਲਤਾ ਫੜਨ ਦਾ ਵੱਲ ਆਉਂਦਾ ਹੈ। ਉਹ ਮਨੁੱਖ ਅੰਦਰ ਹੋ ਰਹੀ ਟੁੱਟ-ਭੱਜ ਨੂੰ ਬਿਆਨ ਕਰਦਿਆਂ ਪਾਠਕ ਨੂੰ ਪਾਤਰ ਦੇ ਅੰਦਰ ਝਾਕਣ ਦਾ ਮੌਕਾ ਪ੍ਰਦਾਨ ਕਰਦਾ ਹੈ। ਆਵਾਸ-ਪਰਵਾਸ ਦੀ ਸੰਵੇਦਨਾ ਨਾਲ ਲਬਰੇਜ਼ ਇਹ ਕਹਾਣੀਆਂ ਨਿਮਨ ਕਿਸਾਨੀ ਜੀਵਨ ਦੇ ਧਰਾਤਲ 'ਤੇ ਜੱਦੋ-ਜਹਿਦ ਕਰ ਰਹੇ ਮਨੁੱਖ ਦੇ ਅੰਦਰ ਪਸਰੇ ਖਲਾਅ ਤੋਂ ਉਤਪੰਨ ਦੁਸ਼ਵਾਰੀਆਂ, ਬੇਸਬਰੀਆਂ ਤੇ ਰਿਸ਼ਤਿਆਂ ਦੀ ਬੇਰੁਖੀ ਦੇ ਦੁਖਾਂਤ ਦਾ ਵਰਣਨ ਹੀ ਨਹੀਂ, ਸਗੋਂ ਗਲੋਬਲੀ ਸੰਸਾਰ ਦੀ ਪੂੰਜੀਵਾਦੀ ਵਿਵਸਥਾ ਵਿਚ ਮਨੁੱਖ ਦੀ ਜਦੋ-ਜਹਿਦ ਦਾ ਵੀ ਵਰਣਨ ਹੈ। ਇਸੇ ਲਈ ਜਿੱਥੇ ਉਸ ਦੀ ਕਹਾਣੀ ਭਾਰਤੀ ਚਿੰਤਨ ਦੇ ਸੁਖਾਂਤਕ ਪਰੰਪਰਾ ਦੇ ਅਵਚੇਤਨ ਵਿਚੋਂ ਉਤਪੰਨ ਪ੍ਰਤੀਤ ਹੁੰਦੀ ਦਿਸਦੀ ਹੈ, ਉਥੇ ਉਸ ਦੀ ਕਹਾਣੀ ਦੇ ਯਥਾਰਥ ਦਾ ਵਿਚਾਰਧਾਰਕ ਸੂਤਰ ਪ੍ਰਗਤੀਵਾਦੀ ਦਰਸ਼ਨ ਨਾਲ ਓਤਪੋਤ ਹੈ।

ਲੇਖਕ ਦਾ ਲੋਕ ਪੱਖੀ ਮਾਨਵਵਾਦੀ ਚਿਹਰਾ ਦ੍ਰਿਸ਼ਟੀਗੋਚਰ ਹੁੰਦਾ ਹੈ। ਜੇ ਉਸ ਦੀਆਂ ਕਹਾਣੀਆ ਦੇ ਵਿਸ਼ੇ-ਪਸਾਰਾਂ ਦੀ ਗੱਲ ਕਰੀਏ ਤਾਂ ਪੰਜਾਬ ਬਟਵਾਰੇ ਦਾ ਦੁਖਾਂਤ, ਹਰੀ ਕ੍ਰਾਂਤੀ ਦੀ ਚੜ੍ਹਤ ਤੇ ਉਸ ਦੇ ਨਿਘਾਰ, ਖਾੜਕੂ ਲਹਿਰ, ਪਰਵਾਸ ਨਾਲ ਕਿਸਾਨੀ ਜੀਵਨ ਵਿਚ ਆਈਆਂ ਤਬਦੀਲੀਆਂ ਜਿਵੇਂ ਸਾਂਝੇ ਪਰਿਵਾਰਾਂ ਦਾ ਟੁੱਟਣਾ, ਸ਼ਰੀਕੇਬਾਜੀ ਨਾਲ ਪੈਦਾ ਹੋਈ ਧੜੇਬੰਦੀ, ਗਲੋਬਲੀਕਰਨ, ਨਿਜੀਕਰਨ, ਉਦਾਰੀਕਰਨ ਤੇ ਸੂਚਨਾ ਸੰਚਾਰ ਉਨਤੀ ਨਾਲ ਮਨੁੱਖੀ ਜੀਵਨ 'ਤੇ ਪਏ ਪ੍ਰਭਾਵਾਂ ਸਦਕਾ ਹੋਈ ਉਥਲ-ਪੁਥਲ ਨੂੰ ਬੜੇ ਰੋਚਕ ਲੋਕਧਰਾਈ ਮਾਨਵੀ ਬਿਰਤਾਂਤ ਰਾਹੀਂ ਪੇਸ਼ ਕੀਤਾ ਹੈ, ਪਰ ਉਸ ਦੀਆਂ ਕਹਾਣੀਆਂ ਦੀ ਮੁੱਖ



ਕਰਮ ਸਿੰਘ ਮਾਨ

ਸੁਰ ਪਰਵਾਸੀ ਜੀਵਨ ਦੀ ਤ੍ਰਾਸਦੀ ਵਿਚ ਭੂ-ਹੇਰਵਾ, ਸੰਤਾਪ, ਪੀੜ੍ਹੀ-ਪਾੜਾ ਅਤੇ ਮਨੁੱਖ ਦੀ ਦਵੰਦਵਾਦੀ ਸੋਚ ਦੇ ਦੁਆਲੇ ਘੁੰਮਦੀ ਹੈ, ਜੋ ਨਵੇਂ ਦਿਸਹੱਦਿਆਂ ਦੀ ਭਾਲ ਵਿਚ ਮਨੁੱਖ ਤੋਂ ਮਸ਼ੀਨ ਬਣਨ ਦਾ ਦੁਖਾਂਤਕ ਬਿਰਤਾਂਤ ਹੋ ਨਿਬੜਦੀ ਹੈ।

ਲੇਖਕ ਨੇ ਆਪਣੇ ਜੀਵਨ ਦਾ ਬਹੁਤਾ ਸਮਾਂ ਪੰਜਾਬ ਦੇ ਧਰਾਤਲ 'ਤੇ ਪ੍ਰਗਤੀਵਾਦੀ ਵਿਚਾਰਧਾਰਾ ਨਾਲ ਜੁੜੇ ਹੋਣ ਕਾਰਨ ਇੱਕ ਅਧਿਆਪਕ ਨੇਤਾ ਦੇ ਤੌਰ 'ਤੇ ਬੜੀ ਸਰਗਰਮੀ ਨਾਲ ਬਿਤਾਇਆ ਹੈ। ਇਸੇ ਕਰਕੇ ਉਸ ਨੇ ਦੇਸ਼-ਪਰਦੇਸ ਦੇ ਜੀਵਨ ਨੂੰ ਨੇੜੇ ਹੋ ਕੇ ਵੇਖਿਆ ਹੈ। ਪਰਵਾਸੀ ਜੀਵਨ ਦੀਆਂ ਦੁਸ਼ਵਾਰੀਆਂ ਅਤੇ ਆਪਣੀ ਜੜ੍ਹ ਨਾਲੋਂ ਟੁੱਟਣ ਦਾ ਸੰਤਾਪ ਤੇ ਹੇਰਵਾ ਵੀ ਉਸ ਦੇ ਹਿੱਸੇ ਆਇਆ ਹੈ। ਇਸੇ ਲਈ ਉਸ ਦੀਆਂ ਬਹੁਤੀਆਂ ਪਰਵਾਸ ਨਾਲ ਜੁੜੀਆਂ ਕਹਾਣੀਆਂ ਵਿਚ ਮਨੁੱਖੀ ਜੀਵਨ ਦੇ ਦਵੰਦਮਈ ਜੀਵਨ ਦੀ ਚੀਸ ਉਚੀ ਸੁਰ ਵਿਚ ਵਿਦਮਾਨ ਹੈ। ਪਹਿਲੇ ਕਹਾਣੀ ਸੰਗ੍ਰਹਿ 'ਹੰਝੂ ਇੱਕ ਅੱਖ ਦੇ' ਦੀ ਕਹਾਣੀ 'ਅਮਰ ਸਿੰਘ ਦੀ ਵਾਪਸੀ' ਇੱਕ ਮਨੁੱਖ ਦੀ ਅਮਰੀਕਾ ਵਰਗੇ ਮੁਲਕ ਦੀ ਸੁਪਨਮਈ ਜੀਵਨ ਦੇ ਝਲਕਾਰੇ ਦੀ ਟੁੱਟਦੀ ਤਸਵੀਰ ਬਹੁਤ ਹੀ ਯਥਾਰਥਵਾਦੀ ਢੰਗ ਨਾਲ ਪੇਸ਼ ਕਰਦੀ ਹੈ। ਅਮਰ ਸਿੰਘ ਦਾ ਪੈਲੀ ਗਹਿਣੇ ਧਰ ਕੇ ਮੁੰਡੇ ਨੂੰ ਅਮਰੀਕਾ ਭੇਜਣਾ, ਫੇਰ ਪੈਲੀ ਦਾ ਗਹਿਣੇ ਤੋਂ ਛੁਡਵਾ ਕੇ ਟਰੈਕਟਰ ਖਰੀਦਣਾ, ਫੇਰ ਪੱਚੀ ਕਿੱਲੇ ਹੋਰ ਪੈਲੀ ਖਰੀਦਣੀ, ਫਿਰ ਸਰਪੰਚ ਬਣਨਾ; ਅਮਰੀਕਾ ਦੇ ਗੁਣਗਾਣ ਕਰਨਾ, ਆਪਣੇ ਘਰ ਦੇ ਮੂਹਰੇ ਨੇਮ ਪਲੇਟ 'ਤੇ ਅਮਰ ਸਿੰਘ ਅਮਰੀਕਨ ਲਿਖਵਾਉਣਾ, ਸ਼ਾਮ ਕੌਰ ਤੇ ਅਮਰ ਸਿੰਘ ਦਾ ਅਮਰੀਕਾ ਜਾਣਾ। ਅਮਰੀਕਾ ਪਹੁੰਚ ਕੇ ਛੇਤੀ ਹੀ ਅਮਰੀਕੀ ਜੀਵਨ ਦੇ ਸੱਚ ਨਾਲ ਵਾਹ ਪੈਣਾ, ਵਾਪਸੀ 'ਤੇ ਨੇਮ ਪਲੇਟ ਤੋਂ ਅਮਰ ਸਿੰਘ ਨਾਲੋਂ ਅਮਰੀਕਨ ਸ਼ਬਦ ਦਾ ਕਟਵਾਉਣਾ ਆਦਿ। ਇਸ ਕਹਾਣੀ ਵਿਚ ਵਿਕਸਿਤ ਦੇਸ਼ਾਂ ਦੀ ਪੂੰਜੀਵਾਦੀ ਵਿਵਸਥਾ ਦੇ ਚਕਾਚੌਂਧ ਜੀਵਨ ਦਾ ਸੁਪਨਮਈ ਸੰਸਾਰ, ਜੋ ਮਨੁੱਖ ਨੇ ਸਿਰਜਿਆ ਹੁੰਦਾ ਹੈ, ਜਦੋਂ ਉਸ ਜੀਵਨ ਨਾਲ ਵਾਹ ਪੈਂਦਾ ਹੈ ਤਾਂ ਛੇਤੀ ਹੀ ਉਸ ਦਾ ਭਰਮ-ਜਾਲ ਟੁੱਟ ਜਾਂਦਾ ਹੈ। ਇਸ ਵਿਵਸਥਾ ਵਿਚ ਬੰਦਾ ਇੱਕ ਵਸਤੂ ਤੋਂ ਵਧ ਕੁਝ ਨਹੀਂ, ਜਿਥੇ ਮਨੁੱਖੀ ਕਦਰਾਂ-ਕੀਮਤਾਂ ਦਾ ਮੁੱਲ ਪੈਸਾ ਹੈ। ਇਸੇ ਲਈ ਅਮਰ ਸਿੰਘ ਨੂੰ ਵਾਪਸੀ 'ਤੇ 'ਅਮਰੀਕਣ' ਸ਼ਬਦ ਵਡਿਆਈ ਦਾ ਚਿੰਨ੍ਹ ਨਹੀਂ, ਮੱਕੜੀ ਜਾਲ ਲੱਗਦਾ ਹੈ। ਇਸੇ ਕਰਕੇ ਆਪਣੇ ਨਾਂ ਨਾਲੋਂ ਅਮਰੀਕਣ ਸ਼ਬਦ ਕਟਵਾ ਦਿੰਦਾ ਹੈ। ਇਸੇ ਤਰ੍ਹਾਂ ਹੀ ਇੱਕ ਹੋਰ ਕਹਾਣੀ 'ਹੇਠ ਵਗੇ ਦਰਿਆ' ਵਿਚ ਸਵੇਰ ਵੇਲੇ ਠੇਕੇਦਾਰ ਦੀ ਵੈਨ ਗੁਲਜਾਰਾ ਸਿੰਘ ਦੇ ਡਰਾਈਵ-ਵੇ ਵਿਚ ਰੁਕਦੀ ਹੈ। ਉਹ ਕੁਝ ਚਿਰ ਬਾਅਦ ਵੈਨ ਵਿਚ ਆ ਬੈਠਦਾ ਹੈ। ਇੱਕ ਹੋਰ ਕਾਮਾ ਗਿਰਧਾਰੀ ਆਖਦਾ ਹੈ, "ਘਰੋਂ ਨਿਕਲਣ ਦਾ ਨਾਂ ਈ ਨ੍ਹੀਂ ਲਿਆ ਅੱਜ ਤਾਂ।"

"ਘਰ! ਕਿਹੜੇ ਘਰੋਂ? ਸੌਣ ਲਈ ਆਏ ਸੀ। ਸੌ ਚੱਲੇ...!" ਇਸ ਕਹਾਣੀ ਵਿਚ 'ਘਰ' ਸ਼ਬਦ ਬਹੁਤ ਵੱਡੇ ਅਰਥ ਸਿਰਜਦਾ ਹੈ। ਜਦੋਂ ਮਨੁੱਖ ਲਈ ਘਰ ਦੇ ਅਰਥ ਹੀ ਬਦਲ ਜਾਣ ਤਾਂ ਇਸ ਦੁਖਾਂਤ ਵਿਚ ਵਿਚਰਦਾ ਬੰਦਾ, ਬੰਦਾ ਨਾ ਰਹਿ ਕੇ ਮੰਡੀ ਦੀ ਵਸਤੂ ਬਣ ਜਾਂਦਾ ਹੈ। ਪੰਜਾਬੀ ਸਭਿਆਚਾਰ ਵਿਚ ਘਰ ਦਾ ਸੰਕਲਪ ਮਨੁੱਖੀ ਰਿਸ਼ਤਿਆਂ ਦੇ ਆਪਸੀ ਪਿਆਰ ਦੇ ਪਰਵਾਨ ਚੜ੍ਹਨ, ਸੱਧਰਾਂ-ਉਮੀਦਾਂ ਦੀ ਪੂਰਤੀ ਦਾ ਰੈਣ-ਬਸੇਰਾ ਹੁੰਦਾ ਹੈ। ਘਰ ਮਾਣ-ਸਨਮਾਨ ਦਾ ਪ੍ਰਤੀਕ ਹੁੰਦਾ ਹੈ। ਪੂੰਜੀਵਾਦੀ ਵਰਤਾਰੇ ਵਿਚ ਘਰ ਇੱਕ ਸੌਣ ਵਾਲੀ ਥਾਂ ਤੋਂ ਵੱਧ ਕੁਝ ਵੀ ਨਹੀਂ। ਇਸੇ ਤਰ੍ਹਾਂ ਕਈ ਹੋਰ ਕਹਾਣੀਆਂ ਵੀ ਜਿਵੇਂ ਕ੍ਰਿਸ਼ਮਾ, ਲਾਵਾ, ਜੋਕਾਂ, ਬਿੰਦੂ, ਆਦਿ ਵੀ ਪਰਵਾਸ ਕਾਰਨ ਦੋਹਾਂ ਸਭਿਆਚਾਰਾਂ ਦੇ ਆਪਸੀ ਟਕਰਾਉ ਵਿਚੋਂ ਪੈਦਾ ਹੋਏ, ਤਣਾਉ-ਗ੍ਰਸਤ ਅਤੇ ਸੰਵੇਦਨਸ਼ੀਲ ਇਨਸਾਨ ਦੇ ਅੰਦਰ ਚੱਲ ਰਹੇ ਅੰਤਰ-ਵਿਰੋਧਾਂ ਕਾਰਨ ਦੁਖਾਂਤ ਭੋਗਦੇ ਬੰਦਿਆਂ ਦੀ ਕਰੂਰ ਕਥਾ ਹੋ ਨਿਬੜਦੀਆਂ ਹਨ।

'ਬਿੰਦੂ' ਤੇ 'ਮੁਤਬੰਨਾ' ਕਹਾਣੀਆਂ ਮਸਨੂਈ ਜੀਵਨ ਜਿਊਂ ਰਹੇ ਮਨੁੱਖ ਦੇ ਆਪਣੇ ਸਿਰਜੇ ਦੁਖਾਂਤ ਨੂੰ ਭੋਗਦੇ ਤੇ ਇੱਕ ਕਾਲਪਨਿਕ ਖੁਸ਼ੀ ਦੀ ਭਾਲ ਵਿਚ ਜਿਉਂਦੇ ਮਨੁੱਖ ਦਾ ਤਰਲਾ ਮਾਤਰ ਸੁਪਨਾ ਹਨ, ਪਰ ਲੇਖਕ ਮਨੁੱਖੀ ਜੀਵਨ ਦੀ ਜਟਿਲਤਾ ਤੋਂ ਉਤਪੰਨ ਪ੍ਰਸਥਿਤੀਆਂ ਨੂੰ ਮਾਨਵਵਾਦੀ ਦ੍ਰਿਸ਼ਟੀ ਰਾਹੀਂ ਸੁਲਝਾਉਂਦਾ ਪ੍ਰਤੀਤ ਨਜ਼ਰ ਆਉਂਦਾ ਹੈ, ਪਰ ਕਈ ਥਾਂਈਂ ਆਪਣੇ ਕਥਾ-ਸੰਸਾਰ ਵਿਚ ਜਾਗੀਰੂ ਕਥਾ ਪਰੰਪਰਾ ਦੀਆਂ ਜੁਗਤਾਂ ਦਾ ਸਹਾਰਾ ਵੀ ਲੈਂਦਾ ਹੈ। ਜਿਵੇਂ 'ਨੂਰਾਂ ਅਜੇ ਮਰੀ ਨਹੀਂ' ਕਹਾਣੀ ਪੰਜਾਬ ਬਟਵਾਰੇ ਦੇ ਦੁਖਾਂਤ ਦੇ ਥੀਮ 'ਤੇ ਉਸਰੀ ਕਹਾਣੀ ਹੈ। ਜਿਸ ਵਿਚ ਬੰਦੇ ਦੇ ਅਮਾਨਵੀ ਤੇ ਮਾਨਵੀ ਚਰਿੱਤਰ ਦੇ ਅੰਤਰ-ਵਿਰੋਧਾਂ ਦੇ ਸੰਕਟਾਂ ਨੂੰ ਬਾਖੂਬੀ ਸਿਰਜਿਆ ਹੈ। ਇਸ ਕਹਾਣੀ ਦੀ ਖੂਬਸੂਰਤੀ ਇਹ ਹੈ ਕਿ ਲੇਖਕ ਦਰਿੰਦਗੀ ਦੀ ਇੰਤਹਾ ਹੋਣ ਦੇ ਬਾਵਜੂਦ ਮਾਨਵੀ ਕਦਰਾਂ-ਕੀਮਤਾਂ ਨੂੰ ਉਭਾਰਨ ਵਿਚ ਸਫਲ ਰਿਹਾ।

'ਖੁਸ਼ਹਾਲ ਸਿੰਘ' ਕਹਾਣੀ ਦ੍ਰਿੜ ਇਰਾਦੇ ਤੇ ਜ਼ਿੰਦਾ-ਦਿਲ ਇੱਕ ਕੁਸ਼ਲ ਪ੍ਰਬੰਧਕ ਦੀ ਕਹਾਣੀ ਹੈ। ਉਸ ਵਿਚ ਫਿਊਡਲ ਮਾਨਤਾਵਾਂ ਹੋਣ ਦੇ ਬਾਵਜੂਦ ਉਸ ਨੂੰ ਸਮਾਜ ਨਾਲ ਜਿਉਣ ਦਾ ਵੱਲ ਆਉਂਦਾ ਹੈ। 'ਕੁੱਤੇ ਦਾ ਡਰ' ਕਹਾਣੀ ਇੱਕ ਅਤ੍ਰਿਪਤ ਬੀਮਾਰ ਮਾਨਸਿਕਤਾ ਦੇ ਸ਼ਿਕਾਰ ਮਨੁੱਖ ਦੀ ਸੋਚ ਦੀ ਨੈਗੇਟਿਵ ਮਨੋਦਸ਼ਾ ਦਾ ਖੂਬਸੂਰਤ ਚਿਤਰਣ ਹੈ। 'ਮੁਤਬੰਨਾ' ਕਹਾਣੀ ਵਿਕਸਿਤ ਦੇਸ਼ਾਂ ਵਿਚ ਮਨੁੱਖੀ ਰਿਸ਼ਤਿਆਂ ਨੂੰ ਆਜ਼ਾਦੀ ਦੇ ਨਾਂ 'ਤੇ ਸਮਾਜਿਕ ਤੇ ਸਭਿਆਚਾਰਕ ਖੁੱਲ੍ਹਾਂ ਕਾਰਨ ਵਿਭਿੰਨ ਸੰਕਟਾਂ ਨੂੰ ਛੋਹਿਆ ਗਿਆ ਹੈ, ਜਿਸ ਵਿਚ ਅੱਲ੍ਹੜ ਉਮਰੇ ਪਿਆਰ ਦੇ ਛਲ-ਕਪਟ ਦਾ ਸ਼ਿਕਾਰ ਰੋਹਿਨੀ ਅਤੇ ਉਸ ਦੇ ਬੇਜੋੜ ਕਰੇਜ਼ 'ਚੋਂ ਪੈਦਾ ਹੋਏ ਬੱਚੇ ਟੋਨੀ, ਡਰਗਜ਼, ਜੇਲ੍ਹ, ਬੱਚੇ ਦਾ ਪਿਆਰ, ਉਦਰੇਵਾਂ ਤੇ ਗਲੈਮਰ ਦੀ ਦੁਨੀਆਂ 'ਚੋਂ ਉਪਜੇ ਦੁਖਾਂਤ ਨੂੰ ਬੜੇ ਕਲਾ-ਜੁਗਤ ਨਾਲ ਵਿਉਂਤਿਆ ਗਿਆ ਹੈ। ਇਸ ਕਹਾਣੀ ਦਾ ਅੰਤ ਲੇਖਕ ਨੇ ਬੜੇ ਕ੍ਰਿਸ਼ਮਾਮਈ ਸੁਖਾਂਤ ਨਾਲ ਬੇਔਲਾਦ ਪਿਆਰ ਵਿਹੂਣੇ ਜੋੜੇ ਜੀਤੀ ਤੇ ਜਗਪਾਲ ਦੇ ਟੋਨੀ ਨੂੰ ਗੋਦ ਲੈ ਲੈਣ ਨਾਲ ਕੀਤਾ ਹੈ।

ਅਜੋਕੀ ਪੂੰਜੀਵਾਦੀ ਵਿਵਸਥਾ ਵਿਚ ਜਿੱਥੇ ਲੋਕਤੰਤਰੀ ਢਾਂਚੇ ਵਿਚ ਵਿਗਿਆਨ ਨੇ ਨਵੀਆਂ ਪੁਲਾਂਘਾਂ ਪੁੱਟੀਆਂ ਹਨ, ਉੱਥੇ ਲੋਕਾਂ ਦਾ ਸਾਇੰਸ ਵਿਚ ਵੀ ਵਿਸ਼ਵਾਸ ਪੈਦਾ ਹੋਇਆ ਹੈ। ਡੀ. ਐਨ. ਏ. ਦੀਆਂ ਖੋਜਾਂ ਨਾਲ ਜਿੱਥੇ ਮਨੁੱਖ ਦੀਆਂ ਸੁੱਖ ਸਹੂਲਤਾਂ ਵਿਚ ਵਾਧਾ ਹੋਇਆ ਹੈ, ਉਥੇ ਮਨੁੱਖੀ ਰਿਸ਼ਤਿਆਂ ਦੇ ਓਹਲੇ ਨੂੰ ਵੀ ਨੰਗਿਆਂ ਕੀਤਾ ਹੈ। ਜਿਵੇਂ 'ਬਿੰਦੂ' ਕਹਾਣੀ ਵਿਚ ਸਰਨਾ ਸਾਰੀ ਉਮਰ ਆਪਣੇ ਪਰਿਵਾਰ ਨੂੰ ਅਮਰੀਕਾ ਸੱਦਣ ਲਈ ਸੰਘਰਸ਼ ਕਰਦਾ ਹੈ, ਆਪਣੀ ਬੇਟੀ ਜਿਸ ਨੂੰ ਉਹ ਰੱਜ ਕੇ ਪਿਆਰ ਕਰਦਾ ਹੈ, ਦੇ ਡੀ. ਐਨ. ਏ. ਦੇ ਟੈਸਟ ਨਾਲ ਉਸ ਦੀ ਸਾਰੀ ਦੁਨੀਆਂ ਹੀ ਉਜੜ ਜਾਂਦੀ ਹੈ। ਇਹ ਇੱਕ ਪਰਵਾਸੀ ਬੰਦੇ ਦੀ ਵਰ੍ਹਿਆਂ ਦੀ ਅਤ੍ਰਿਪਤ ਉਡੀਕ ਦਾ ਤ੍ਰਾਸਦਿਕ ਅੰਤ ਹੈ। ਇਸੇ ਤਰ੍ਹਾਂ 'ਪੱਕਾ ਪੈਂਚਰ' ਕਹਾਣੀ ਵਿਚ ਜਗੀਰੋ ਦੇ ਪੁੱਤਰ ਭੋਲੇ ਦੇ ਡੀ. ਐਨ. ਏ. ਦੇ ਟੈਸਟ ਨਾਲ ਮਨੁੱਖੀ ਰਿਸ਼ਤਿਆਂ ਦੇ ਵਿਸ਼ਵਾਸ ਦਾ ਰਹੱਸ ਨੰਗਾ ਹੁੰਦਾ ਹੈ। ਜਿੱਥੇ ਇਸ ਕਹਾਣੀ ਨੂੰ ਆਧੁਨਿਕ ਪਰਿਪੇਖ ਦੀ ਪੁੱਠ ਦੇ ਕੇ ਪੇਸ਼ ਕੀਤਾ ਹੈ, ਉਥੇ ਪੇਂਡੂ ਪੱਧਰ ਦੀ ਜਾਗੀਰੂ ਜਮਾਤੀ ਮਾਨਸਿਕਤਾ ਦੀ ਧੌਂਸ ਵੀ ਨਜ਼ਰ ਆਉਂਦੀ ਹੈ।

'ਬੋਸਕੀ ਦਾ ਪਜਾਮਾ' ਕਹਾਣੀ ਪੰਜਾਬੀ ਕਿਸਾਨੀ ਜੀਵਨ ਵਿਚ ਇੱਕ ਔਰਤ ਜਾਗੀਰੂ ਕਦਰਾਂ-ਕੀਮਤਾਂ ਦੀ ਸੋਚ ਨੂੰ ਪ੍ਰਨਾਏ ਮਾਹੌਲ ਵਿਚ ਆਪਣੇ ਰਿਸ਼ਤਿਆਂ ਦੇ ਧਰਵਾਸ ਦਾ ਮੋਹ ਭਾਲਦੀ ਹੈ। ਜਗੀਰੋ ਦੇ ਆਪਣੇ ਭਰਾ ਦੇ ਪਿਆਰ ਦੀ ਅਣਹੋਂਦ ਦਾ ਦਰਦ ਹੀ ਨਹੀਂ, ਸਗੋਂ ਇੱਕ ਧਿਰ ਨਾ ਹੋਣ ਦਾ ਸੰਤਾਪ ਵੀ ਉਹ ਸਾਰੀ ਉਮਰ ਹੰਢਾਉਂਦੀ ਹੈ ਅਤੇ ਕਿਵੇਂ ਹੋਰ ਨਿੱਕੇ ਨਿੱਕੇ ਰਿਸ਼ਤਿਆਂ ਵਿਚੋਂ ਮੋਹ ਦੀ ਤੰਦ ਭਾਲਦੀ ਪਿਆਰ ਲਈ ਉਮਰ ਵਿਹਾਜ ਦਿੰਦੀ ਹੈ। 'ਹੰਝੂ' ਕਹਾਣੀ ਵੀ ਪਿਆਰ ਵਿਹੂਣੇ ਰਿਸ਼ਤਿਆਂ ਦੀ ਮਨੋਦਸ਼ਾ ਨੂੰ ਕੁਰੇਦਦੀ ਮਨੁੱਖੀ ਸੰਵੇਦਨਾ ਦਾ ਭਾਵੁਕ ਚਿੱਤਰਨ ਹੈ। ਅਤੀਤ ਵਿਚ ਬੈਠਾ ਆਪਣਿਆਂ ਨੂੰ ਖੋਹਣ ਦਾ ਦਰਦ ਦੂਜਿਆਂ ਤੋਂ ਮਿਲੇ ਪਿਆਰ ਨਾਲ ਉਛਲ ਪੈਂਦਾ ਹੈ। 'ਦਰਦ ਵਿਛੋੜੇ ਦਾ' ਕਹਾਣੀ ਲੇਖਕ ਦੀ ਆਪਣੀ ਪਤਨੀ ਦੇ ਸੁਰਗਵਾਸ ਹੋਣ ਤੋਂ ਬਾਅਦ ਇਕਲਾਪੇ ਜੀਵਨ ਵਿਚ ਅਤੀਤ ਦੀਆਂ ਯਾਦਾਂ, ਜੋ ਸਿਮਰਤੀ ਦਾ ਅਮੁੱਲ ਖਜਾਨਾ ਹਨ, ਨੂੰ ਬੜੇ ਸੂਹਜ-ਭਾਵੀ ਸ਼ਬਦਾਂ ਰਾਹੀਂ ਚਿਤਰਿਆ ਹੈ। ਇਹ ਇੱਕ ਔਰਤ ਦੇ ਪੇਂਡੂ ਜੀਵਨ ਦੇ ਬੁਰਜੁਆ ਧਰਾਤਲ 'ਤੇ ਉਸਰੇ ਸਾਂਝੇ ਪਰਿਵਾਰਾਂ ਵਿਚ ਆਪਣੇ ਚਾਅਵਾਂ ਤੇ ਜਜ਼ਬਾਤ ਦੀ ਕੁਰਬਾਨੀ ਦੀ ਤਸਵੀਰ ਹੈ। ਅਮਰੀਕਾ ਪਰਵਾਸ ਸਮੇਂ ਇੱਕ ਦਿਨ ਲੇਖਕ ਦਾ ਹੱਥ ਫੜ ਕੇ ਬਰਾਬਰ ਤੁਰਨਾ ਇਹ ਦਰਸਾਉਂਦਾ ਹੈ ਕਿ ਕਿੰਨਾ ਜਵਾਰਭਾਟਾ ਸੀ ਉਸ ਦੇ ਅੰਦਰ, ਜੋ ਪਰਿਵਾਰਕ ਲੋਕ-ਲੱਜ ਲਈ ਸਾਰੀ ਉਮਰ ਦਬਾਈ ਰੱਖਿਆ।

'ਭਾਰੀ ਗੰਨ' ਕਹਾਣੀ ਪੰਜਾਬ ਦੇ ਹਰੇ ਇਨਕਲਾਬ ਦੀ ਚੜ੍ਹਤ ਤੇ ਨਿਘਾਰ ਦੀ ਕਿਸਾਨੀ ਜੀਵਨ ਦੀ ਦਸ਼ਾ 'ਤੇ ਪਏ ਪ੍ਰਭਾਵ ਸਦਕਾ ਇੱਕ ਨਵੇਂ ਅਰਥਚਾਰੇ ਦੇ ਪੈਦਾ ਹੋਣ ਨਾਲ ਨਵੀਂ ਜਮਾਤੀ-ਵੰਡ ਦਾ ਦਵੰਦਾਤਮਿਕ ਕਰੁਣਾਮਈ ਬਿਰਤਾਂਤ ਹੈ। ਦਰਮਿਆਨੇ ਕਿਸਾਨ ਮਿਹਰ ਤੇ ਉਸ ਦੀ ਪਤਨੀ ਚੰਦ ਕੁਰ ਦੇ ਪਰਿਵਾਰ ਦੀ ਇੱਕ ਮਜ਼ਦੂਰ ਜਮਾਤ ਵਿਚ ਤਬਦੀਲ ਹੋਣ ਅਤੇ ਉਸ ਦਾ ਜਾਤੀਗਤ ਜੱਟ ਹੋਣ ਤੇ ਉਚ ਸ਼੍ਰੇਣੀ ਦਾ ਭਰਮ ਉਸ ਨੂੰ ਪਲ ਪਲ ਕੁਰੇਦਦਾ ਹੈ। ਠੇਕੇਦਾਰ ਦੀ ਬਣਦੀ ਕੋਠੀ ਤੇ ਹੋਰ ਮਜ਼ਦੂਰਾਂ ਵਾਂਗ ਦਿਹਾੜੀ ਕਰਦਿਆਂ ਆਪਣੇ ਆਪ ਨੂੰ ਮਜ਼ਦੂਰ ਸਮਝਣਾ ਉਸ ਨੂੰ ਔਖਾ ਲੱਗਦਾ ਹੈ। ਪੂੰਜੀਵਾਦੀ ਵਿਵਸਥਾ ਵਿਚ ਕਿਸਾਨੀ ਜੀਵਨ ਤੇ ਪੈਂਦੇ ਬਹੁਪੱਖੀ ਪ੍ਰਭਾਵਾਂ ਸਦਕਾ ਉਸ ਦੇ ਵਿਹਾਰ ਵਿਚ ਬਹੁਤ ਤਬਦੀਲੀਆਂ ਆਈਆਂ ਹਨ। ਇਸ ਨਵੇਂ ਬਦਲਾਓ ਨਾਲ ਕਿਵੇਂ ਇੱਕ ਮਨੁੱਖ ਨੂੰ ਬਦਲੇ ਹੋਏ ਸਮਕਾਲੀ ਯਥਾਰਥ ਨਾਲ ਜੂਝਣਾ ਪੈ ਰਿਹਾ ਹੈ, ਇਸ ਕਹਾਣੀ ਵਿਚ ਲੇਖਕ ਨੇ ਇੱਕ ਕਿਸਾਨ ਤੋਂ ਮਜ਼ਦੂਰ ਬਣੀ ਮਾਨਸਿਕਤਾ ਦੀਆਂ ਡੂੰਘੀਆਂ ਤਹਿਆਂ ਨੂੰ ਫਰੋਲਣ ਦਾ ਸਫਲ ਯਤਨ ਕੀਤਾ ਹੈ।

ਕਰਮ ਸਿੰਘ ਮਾਨ ਦੇ ਸਮੁੱਚੇ ਕਥਾ-ਸੰਸਾਰ ਨੂੰ ਜਦੋਂ ਵਾਚਦੇ ਹਾਂ, ਇੱਕ ਗੱਲ ਨਿੱਖਰ ਕੇ ਸਾਂਝੇ ਰੂਪ ਵਿਚ ਸਾਹਮਣੇ ਆਉਂਦੀ ਹੈ ਕਿ ਉਸ ਦੇ ਪਾਤਰ ਹਰ ਘਟਨਾਕ੍ਰਮ ਨਾਲ ਦਸਤਪੰਜਾ ਲੈਂਦੇ ਨਜ਼ਰ ਆਉਂਦੇ ਹਨ। ਇਹ ਭਾਵੇਂ ਦੂਹਰੇ ਸਭਿਆਚਾਰਾਂ ਦੇ ਵਰਤਾਰੇ ਜਾਂ ਸਮਕਾਲੀ ਸਮਸਿਆਵਾਂ ਦੀਆਂ ਪ੍ਰਸਥਿਤੀਆਂ ਦੀ ਦੇਣ ਹੋਵੇ ਜਾਂ ਆਪ ਸਹੇੜਿਆ ਸੁਪਨਮਈ ਚਾਹਤ ਦਾ ਭਰਮ-ਜਾਲ ਹੋਵੇ, ਦੇਸ਼-ਪਰਦੇਸ ਦੀ ਹਰ ਚੁਣੌਤੀ ਤੇ ਗਲ ਪਏ ਹਰ ਦੁਖਾਂਤ ਦਾ ਟਾਕਰਾ ਬੜੀ ਦ੍ਰਿੜਤਾ ਨਾਲ ਕਰਦੇ ਹਨ। ਉਹ ਟੁੱਟ ਭਾਵੇਂ ਜਾਣ, ਪਰ ਹਾਰਦੇ ਨਹੀਂ। ਇਹ ਲੇਖਕ ਦੀ ਆਪਣੇ ਪਾਤਰਾਂ ਪ੍ਰਤੀ ਉਸਾਰੂ ਸੋਚ ਸੰਕਟ-ਮੋਚਨ ਦੀ ਲਖਾਇਕ ਹੈ। ਉਹ ਭਾਵੇਂ 'ਰਾਹ' ਕਹਾਣੀ ਦੀ ਪੁਨੀਤ ਹੋਵੇ, 'ਕ੍ਰਿਸ਼ਮਾ' ਕਹਾਣੀ ਦਾ ਡੇਵਿਡ ਹੋਵੇ, 'ਪੱਕਾ ਪੈਂਚਰ' ਦੀ ਜਗੀਰ ਕੌਰ ਹੋਵੇ, 'ਭਾਰੀ ਗਨ' ਦਾ ਪਾਤਰ ਮਿਹਰ ਹੋਵੇ। ਇਸੇ ਤਰ੍ਹਾਂ ਹੀ 'ਫੈਸ', 'ਨੂਰਾਂ ਅਜੇ ਮਰੀ ਨਹੀਂ' ਅਤੇ ਹੋਰ ਕਹਾਣੀਆਂ ਦੇ ਪਾਤਰ ਵੀ ਦੁਖਾਂਤਕ ਪ੍ਰਸਥਿਤੀਆਂ ਤੋਂ ਨਿਜਾਤ ਪਾਉਣ ਲਈ ਨਿਰੰਤਰ ਸੰਘਰਸ਼ ਵਿਚੋਂ ਦੀ ਗੁਜਰਦੇ ਹਨ।

ਕਰਮ ਸਿੰਘ ਮਾਨ ਦਾ ਕਹਾਣੀ ਸੰਸਾਰ ਆਪਣੇ ਕਥਾ-ਵਸਤੂ ਅਤੇ ਰਚਨਾ ਦ੍ਰਿਸ਼ਟੀ ਪੱਖੋਂ ਵਿਲੱਖਣ ਮੁਹਾਦਰਾਂ ਸਿਰਜਣ ਵਿਚ ਸਫਲ ਰਿਹਾ ਹੈ। ਲੇਖਕ ਆਵਾਸ-ਪਰਵਾਸ ਜੀਵਨ ਦੇ ਯਥਾਰਥ ਦਾ ਇੱਕ ਸਮਰੱਥ ਕਥਾਕਾਰ ਹੈ। ਉਸ ਕੋਲ ਮਨੁੱਖੀ ਜੀਵਨ ਦੇ ਵੰਨ-ਸੁਵੰਨੇ ਪਾਸਾਰਾਂ ਨੂੰ ਚਿਤਰਣ ਦੀ ਦਿੱਬ-ਦ੍ਰਿਸ਼ਟੀ ਹੈ।

# ਬੈਚ ਫੁੱਲ ਮਿਮੂਲਸ-ਜਾਣਿਆ ਡਰ

*(ਪਿਛਲੇ ਸਫੇ ਦੀ ਬਾਕੀ)*

10. ਆਪਰੇਸ਼ਨ, ਦੰਦ ਕਢਾਉਣ, ਸੂਈ, ਇੰਜੈਕਸ਼ਨ ਤੇ ਪੀੜ ਦਾ ਡਰ।

11. ਚੋਰਾਂ, ਡਾਕੂਆਂ, ਲੁਟੇਰਿਆਂ, ਅਤਿਵਾਦੀਆਂ ਤੇ ਅਗਵਾਹਕਾਰਾਂ ਦਾ ਡਰ।

12. ਭੀੜਾਂ, ਮੇਲਿਆਂ, ਮੁਜ਼ਾਹਰਿਆਂ ਵਿਚ ਜਾਣ ਤੇ ਸੜਕ ਪਾਰ ਕਰਨ ਦਾ ਡਰ।

13. ਕੰਗਾਲੀ, ਕੁਰਕੀ, ਵਪਾਰ ਵਿਚ ਘਾਟੇ, ਕਰਜ਼ੇ, ਤਬਾਹੀ ਤੇ ਫੇਲ੍ਹ ਹੋਣ ਦਾ ਡਰ।

14. ਘੁੜਸਵਾਰੀ, ਬੈਲਗੱਡੀ, ਰੇਲ ਗੱਡੀ, ਲਿਫਟਾਂ, ਕਾਰਾਂ ਤੇ ਲਿਫਟਾਂ ਵਿਚ ਚੜ੍ਹਨ ਤੋਂ ਡਰ।

15. ਕਿਸ਼ਤੀ, ਜਹਾਜ਼ ਤੇ ਕਰੂਜ਼ ਤੇ ਹਵਾਈ ਜਹਾਜ਼ ਵਿਚ ਸਫਰ ਕਰਨ ਤੋਂ ਡਰ।

16. ਡੂੰਘੇ ਪਾਣੀਆਂ, ਖਾਈਆਂ ਤੇ ਸੁਰੰਗਾਂ ਵਿਚ ਵੜਨ ਅਤੇ ਉੱਚੀਆਂ ਇਮਾਰਤਾਂ, ਪਹਾੜਾਂ, ਖੰਭਿਆਂ ਤੇ ਦਰਖਤਾਂ 'ਤੇ ਚੜ੍ਹਨ ਤੋਂ ਡਰ।

17. ਉੱਚੇ ਰੁੱਖਾਂ, ਕੰਧਾਂ, ਛੱਤਾਂ, ਪੱਥਰਾਂ, ਬਿਲਡਿੰਗਾਂ ਤੇ ਆਸਮਾਨੀ ਬਿਜਲੀ ਡਿੱਗਣ ਦਾ ਡਰ।

18. ਜੂੰਆਂ, ਜੋਕਾਂ, ਜਰਮਾਂ, ਕਿਰਮਾਂ ਤੇ ਕੀੜੇ ਪੈ ਕੇ ਮਰਨ ਦਾ ਡਰ।

19. ਓਪਰਿਆਂ, ਪ੍ਰਾਹੁਣਿਆਂ, ਨਵੇਂ ਵਿਅਕਤੀਆਂ ਤੋਂ ਸੰਗ ਤੇ ਇਕੱਲੇ ਚਲਣ ਤੋਂ ਝਾਕਾ।

20. ਨਵੇਂ ਕੰਮ, ਨਵੀਂ ਵੇਸ-ਭੂਸ਼ਾ, ਨਵੇਂ ਸਕੂਲ, ਨਵੀਂ ਵਰਦੀ ਤੇ ਨਵੀਂ ਜ਼ਿੰਮੇਵਾਰੀ ਤੋਂ ਸੰਗ ਜਾਂ ਝਾਕਾ।

ਯਾਦ ਰਹੇ, ਮਿਮੂਲਸ ਨਾ ਸਿਰਫ ਬਿਮਾਰ ਦਾ ਡਰ ਦੂਰ ਕਰੇਗੀ, ਇਹ ਉਸ ਨੂੰ ਨਰੋਈ ਤੇ ਸਿਹਤਮੰਦ ਸੋਚ ਦੇ ਕੇ ਨਿਡਰ ਜੀਵਨ ਬਤੀਤ ਕਰਨ ਦੀ ਸੂਝ ਤੇ ਤਾਕਤ ਵੀ ਦੇਵੇਗੀ। ਇਸ ਡਰ ਦੇ ਨਾਲ ਜੇ ਉਸ ਨੂੰ ਕਿਸੇ ਸਰੀਰਕ ਬੀਮਾਰੀ ਨੇ ਵੀ ਦਬੋਚਿਆ ਹੋਇਆ ਹੈ ਜਾਂ ਦਬੋਚਣ ਦੀ ਸੰਭਾਵਨਾ ਹੈ ਤਾਂ ਇਹ ਉਸ ਬੀਮਾਰੀ ਨੂੰ ਵੀ ਦੂਰ ਕਰੇਗੀ।

# ਮਾਂ ਦੀਆਂ ਦੁਆਵਾਂ ਜਿਹੀ 'ਮਾਂ ਵਰਗੀ ਕਵਿਤਾ'

**ਪੁਸਤਕ ਚਰਚਾ**

'ਮਾਂ ਵਰਗੀ ਕਵਿਤਾ' ਕਾਵਿ-ਪੁਸਤਕ ਲੈ ਕੇ ਹਾਜ਼ਰ ਹੈ, ਬਾ-ਕਮਾਲ ਸ਼ਾਇਰ ਅਤੇ ਪਿਆਰਾ ਗਰਾਈਂ ਪ੍ਰੋ. ਕੁਲਵੰਤ ਸਿੰਘ ਔਜਲਾ। ਉਸ ਦੀ ਕਵਿਤਾ ਵਿਚ ਹੈ ਮਾਪਿਆਂ, ਮਾਂਵਾਂ ਅਤੇ ਮੁਹੱਬਤੀਆਂ ਦੀਆਂ ਦੁਆਵਾਂ। ਕਵਿਤਾ ਵਿਚ ਹਨ ਹਲ, ਕਹੀ, ਸੁਹਾਗਾ, ਰੰਬਾ ਅਤੇ ਦਾਤਰੀ ਨਾਲ ਬਾਤਾਂ ਪਾਉਂਦੇ ਬਾਪ ਦੀਆਂ ਗੱਲਾਂ। ਉਸ ਦੀ ਕਵਿਤਾ ਵਿਚ ਖਰਾਸਾਂ, ਖੂਹਾਂ, ਖਲਵਾਣਾਂ ਅਤੇ ਖਰਬੂਜਿਆਂ ਦੀ ਮਹਿਕ ਹੈ। ਇਹ ਕਵਿਤਾ ਸਾਦਗੀ, ਸਭਿਆਚਾਰ, ਸਹਿਚਾਰ, ਸਮਰਪਣ ਅਤੇ ਸੁਪਨਿਆਂ ਦੀ ਸ਼ਬਦ-ਗਾਥਾ ਹੈ। ਕਵਿਤਾ ਵਿਚ

**ਡਾ. ਗੁਰਬਖਸ਼ ਸਿੰਘ ਭੰਡਾਲ**

ਲਰਜ਼ਦਾ ਹੈ ਸੰਗੀਤ ਅਤੇ ਹਰਫਾਂ ਵਿਚ ਗੀਤਾਂ ਨੂੰ ਮਿਲਦੀ ਹੈ ਪਰਵਾਜ਼। ਇਸ ਕਵਿਤਾ ਨੂੰ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ ਅਤੇ ਕਦਰਾਂ-ਕੀਮਤਾਂ ਦੀ ਪਹਿਰਦੇਦਾਰੀ ਕਰਨ ਦਾ ਵੱਲ ਆਉਂਦਾ ਹੈ। ਪ੍ਰੋ. ਔਜਲਾ ਕਵਿਤਾ ਲਿਖਦਾ ਨਹੀਂ, ਸਗੋਂ ਜਿਉਂਦਾ ਹੈ। ਆਵੇਸ਼ ਅਤੇ ਅਲਹਾਮ ਵਾਂਗ ਕਵਿਤਾ ਉਸ ਦੇ ਮਨ 'ਤੇ ਦਸਤਕ ਦਿੰਦੀ ਹੈ। ਪ੍ਰੋ. ਔਜਲਾ ਦੀ ਕਵਿਤਾ, ਬੱਚਿਆਂ ਤੇ ਧੀਆਂ ਦੀ ਕਵਿਤਾ ਹੈ, ਮਾਂ/ਬਾਪ ਅਤੇ ਦਾਦੀਆਂ/ਨਾਨੀਆਂ ਦੀਆਂ ਯਾਦਾਂ ਨੇ। ਇਹ ਕਵਿਤਾ ਬੱਚਿਆਂ ਦੀਆਂ ਮਾਸੂਮ ਗੱਲਾਂ ਵਰਗੀ। ਧੀਆਂ ਦੇ ਸਿਰ 'ਤੇ ਸੋਂਹਦੀ ਫੁੱਲਕਾਰੀ ਜਿਹੀ। ਘਰ, ਪਰਿਵਾਰ ਤੇ ਸਮਾਜ ਦੇ ਸਰੋਕਾਰਾਂ ਨੂੰ ਸਮਝਣ ਅਤੇ ਇਸ ਦੇ ਵਿਚ ਪੈਦਾ ਹੋ ਰਹੇ ਬਿਖਰਾਅ ਨੂੰ ਮੁਖਾਤਬ ਹੈ ਇਹ ਕਵਿਤਾ। ਇਹ ਵਰਤਮਾਨ ਅਤੇ ਅਤੀਤ ਦੀ ਕਸ਼ੀਦਗੀ ਵਿਚੋਂ ਭਵਿੱਖ ਦੇ ਵਿਹੜੇ ਵਿਚ ਸਰਘੀ ਉਗਾਉਣ ਦਾ ਸੁੱਚਾ ਕਰਮ ਹੈ। ਤਾਅ-ਉਮਰ ਕਾਵਿਤਾ ਨਾਲ ਪੀਢੀ ਸਾਂਝ ਪੁਗਾਉਣ ਅਤੇ ਕਵਿਤਾ ਨੂੰ ਅਰਪਿੱਤ ਰਹਿਣ ਵਾਲੇ ਮਿੱਤਰ ਤੇ ਸਹਿਪਾਠੀ ਨੇ ਆਖਰ ਆਪਣੀਆਂ ਜੀਵਨ ਭਰ ਦੀਆਂ ਕਵਿਤਾਵਾਂ ਨੂੰ ਇਕ ਲੜੀ ਵਿਚ ਪਰੋ ਕੇ, ਕਾਵਿ-ਰੂਪ ਵਿਚ ਪਾਠਕਾਂ ਦੇ ਹਵਾਲੇ ਕਰ ਕੇ ਇਕ ਤਰ੍ਹਾਂ ਪੰਜਾਬੀ ਬੋਲੀ ਦਾ ਕਰਜ਼ ਲਾਹਿਆ ਹੈ। ਆਪਣੀਆਂ ਕਵਿਤਾਵਾਂ ਬਾਰੇ ਉਹ ਲਿਖਦਾ ਹੈ,

'ਚਾਚੀਆਂ, ਤਾਈਆਂ ਤੇ ਮਾਸੀਆਂ ਵਰਗੀਆਂ
ਲਿਖੀਆਂ ਨੇ ਬਹੁਤ ਨਜ਼ਮਾਂ,
ਲਿਖ ਨਹੀਂ ਹੋਈ ਮੈਥੋਂ
ਮਾਂ ਵਰਗੀ ਇਕ ਵੀ ਕਵਿਤਾ।

ਤਾਂ ਹੀ ਉਹੀ 'ਮਾਂ ਵਰਗੀ ਕਵਿਤਾ' ਨੇ ਹੁਣ ਦਸਤਕ ਦਿੱਤੀ ਹੈ, ਪੰਜਾਬੀ ਅਦਬ ਦੇ ਵਿਹੜੇ।

ਆਪਣੀ ਕਾਵਿ-ਪੁਸਤਕ ਨੂੰ ਛਾਪਣ ਦੇ ਮਕਸਦ ਬਾਰੇ ਪ੍ਰੋ. ਔਜਲਾ ਦਾ ਕਾਵਿ-ਕਥਨ ਹੈ,

ਖੌਰੇ ਕਦ ਆ ਜਾਣੀ ਇਥੋਂ
ਕੂਚ ਕਰਨ ਦੀ ਵਾਰੀ।
ਚੱਲ ਕੁਲਵੰਤ ਸਮੇਟੀਏ
ਆਪਣੀ ਅੱਖਰਾਂ ਦੀ ਬਾਜ਼ਾਰੀ।

ਇਹ ਕਾਵਿ-ਰਚਨਾ ਅੱਠ ਭਾਗਾਂ ਵਿਚ ਫੈਲੀ ਹੋਈ ਅਤੇ ਹਰ ਹਿੱਸਾ ਇਕ ਖਾਸ ਰਿਸ਼ਤੇ ਨੂੰ ਮੁਖਾਤਿਬ ਹੈ। ਰਿਸ਼ਤੇ ਵਿਚਲੀ ਪਾਕੀਜ਼ਗੀ, ਪਾਹੁਲਤਾ ਅਤੇ ਪਕਿਆਈ ਨੂੰ ਹਰਫਾਂ ਥੀਂ ਪਰੋਂਦੀ ਹੈ ਕਵਿਤਾ। ਮਾਂ, ਬਾਪ, ਬੱਚਿਆਂ, ਧੀਆਂ, ਪਰਿਵਾਰ, ਰਿਸ਼ਤਿਆਂ, ਔਰਤ/ਪਤਨੀ, ਘਰ ਤੇ ਮੈਂ ਅਤੇ ਅਤੀਤ ਬਾਰੇ 142 ਕਵਿਤਾਵਾਂ ਹਨ।


ਮਾਂ, ਮਾਂ ਹੀ ਹੁੰਦੀ, ਜੋ ਘਰ ਦਾ ਸੁੱਚਮ ਤੇ ਉਚਮ। ਉਹ ਮਰ ਕੇ ਕਿਧਰੇ ਨਹੀਂ ਜਾਂਦੀ, ਸਗੋਂ ਬੱਚਿਆਂ ਦੇ ਵਿਅਕਤੀਤਵ ਤੇ ਗੁਫਤਗੂ ਵਿਚ ਵੀ ਰਮਾਈ ਹੁੰਦੀ ਹੈ। ਪ੍ਰੋ. ਕੁਲਵੰਤ ਆਪਣੀ ਮਾਂ ਨੂੰ ਚੇਤਿਆਂ ਵਿਚ ਜੀਵੰਤ ਕਰਦਿਆਂ ਲਿਖਦਾ ਹੈ,

ਤੜਕੇ ਉਠ ਕੇ ਮਾਂ ਬਾਲਦੀ
ਚੁੱਲ੍ਹਾ ਚਾਨਣ ਆਸ ਜਿਹਾ।
ਚੁੱਲ੍ਹਾ ਬਲੇ ਤਾਂ ਘਰ ਲੱਗਦਾ ਸੀ
ਰੱਬ ਦੇ ਰਿਜਕ ਨਿਵਾਸ ਜਿਹਾ।
ਜਾਂ
ਮਰ ਕੇ ਮਾਂ ਰਹੇ ਧੜਕਦੀ
ਧੀਆਂ ਪੁੱਤਰਾਂ ਦੇ ਸਾਹਵਾਂ ਵਿਚ।
ਮਰ ਕੇ ਮਾਂ ਰਹੇ ਜਿਉਂਦੀ
ਗੀਤ, ਗਜ਼ਲ ਕਵਿਤਾਵਾਂ ਵਿਚ।

ਕੱਚੇ ਘਰਾਂ, ਕੱਚੇ ਵਿਹੜਿਆਂ ਤੇ ਕੱਚੇ ਚੁੱਲ੍ਹਿਆਂ ਵਿਚ ਮਾਂ ਤੋਂ ਵੱਡਾ ਪੱਕਾ ਕੌਣ ਹੋ ਸਕਦਾ ਹੈ? ਤਾਂ ਹੀ ਪ੍ਰੋ. ਕੁਲਵੰਤ ਕਹਿੰਦਾ ਹੈ, 'ਕੱਚੇ ਘਰ ਵਿਚ ਸਭ ਤੋਂ ਪੱਕੀ ਸਾਡੀ ਮਾਂ ਹੁੰਦੀ ਸੀ।'

ਮਾਂ ਆਪਣੇ ਪਰਦੇਸੀ ਪੁੱਤ ਨੂੰ ਉਲਾਂਭਾ ਦਿੰਦੀ ਹੈ,

ਮੈਨੂੰ ਨਹੀਂ ਸੀ ਪਤਾ ਕਿ
ਡਾਲਰਾਂ ਦੀ ਰਣਭੂਮੀ ਵਿਚ
ਜਲਾਵਤਨੀ ਦੇ ਤੀਰਾਂ ਨਾਲ
ਇੰਨੀ ਬੁਰੀ ਤਰ੍ਹਾਂ ਵਿੰਨਿਆ ਜਾਵੇਂਗਾ
ਅਤੇ ਸਰਦ ਹੋ ਜਾਵੇਗੀ
ਤੇਰੇ ਖੂਨ ਦੀ ਤਪਸ਼।
ਜਾਂ
ਨਿਗਲ ਲੈਣਾ ਹੈ ਪੌਂਡਾਂ ਡਾਲਰਾਂ
ਤੇਰਾ ਅੰਬਾਂ ਵਾਲਾ ਦੇਸ਼ ਨੀ ਮਾਏ।




ਵਿਚ ਸੰਦੂਕਾਂ ਰਹਿ ਜਾਣੇ
ਸਭ ਤੇਰੇ ਦਰੀਆਂ ਖੇਸ ਨੀ ਮਾਏ।

ਬਾਪ ਬਾਰੇ ਪ੍ਰੋ. ਕੁਲਵੰਤ ਔਜਲਾ ਦੀਆਂ ਕਵਿਤਾਵਾਂ ਕਮਾਲ ਦੀਆਂ ਹਨ, ਜਿਨ੍ਹਾਂ ਵਿਚ ਬਾਪ ਦੀ ਬੰਦਗੀ ਤੇ ਬੰਦਿਆਈ ਦਾ ਨੂਰ ਹੈ। ਗ੍ਰੰਥਾਂ ਵਰਗੇ ਬਾਪ ਲਈ ਹਰਫ-ਬੰਧਨਾ ਕਰਦਾ ਹੈ,

ਹਲ ਵਾਹਕ ਬਾਪ ਮੇਰਾ
ਬੰਦਾ ਬਾ-ਕਮਾਲ ਸੀ।
ਕਿਰਤੀ ਸੁਭਾਅ ਤੇ
ਸਾਧੂਆਂ ਜਿਹੀ ਚਾਲ ਸੀ।
ਜਾਂ
ਬਾਪ ਦੀ ਕਿਰਤ ਵਿਚੋਂ ਬੋਲਦੇ
ਨਾਨਕ ਬੁੱਧ ਕਬੀਰ,
ਮਾਰਕਸ ਅਰਸਤੂ ਤੇ ਫਰਦ ਫਕੀਰ।
ਜਾਂ
ਘਰ ਜ਼ਮੀਨ ਟਰੈਕਟਰ ਗੱਡੀਆਂ
ਸਭ ਕੁਝ ਵੰਡ ਲਿਆ,
ਸਮਝ ਨਹੀਂ ਆਉਂਦਾ ਵੰਡੀਏ ਕਿੱਦਾਂ
ਬਾਪੂ ਦੀ ਗੰਡਾਸੀ ਨੂੰ।

ਗੰਡਾਸੀ ਵੰਡਣ ਲਈ ਸਿਰਫ ਬਚਦਾ ਹੈ, ਸ਼ਾਇਰ ਮਨ ਤੇ ਸੰਤੋਖੀ ਆਤਮਾ, ਜਿਸ ਨੂੰ ਆਪਣੀ ਵਿਰਾਸਤ ਅਤੇ ਮਿੱਟੀ ਨਾਲ ਮੋਹ ਹੋਵੇ; ਜਿਸ ਨੇ ਬਾਪ ਦੇ ਮੁੜ੍ਹਕੇ ਦੀ ਮਹਿਕ ਨੂੰ ਮਾਣਿਆ ਹੋਵੇ; ਜਿਸ ਨੇ ਬਾਪ ਦੇ ਪਰਨੇ ਦੀ ਛਾਂ ਹੇਠ ਦੁਪਹਿਰਾਂ ਹੰਢਾਈਆਂ ਹੋਣ।

ਪ੍ਰੋ. ਕੁਲਵੰਤ ਦੀ ਆਪਣੀ ਬੇਟੀ ਨਹੀਂ ਹੈ, ਪਰ ਉਸ ਦੀ ਭੈਣ, ਭਤੀਜੀਆਂ ਤੇ ਨੂੰਹ, ਧੀਆਂ ਬਣ ਕੇ ਕਵਿਤਾ ਵਿਚ ਆਉਂਦੀਆਂ ਨੇ ਅਤੇ ਵਰਕਿਆਂ 'ਤੇ ਫੈਲਦੀਆਂ ਨੇ। ਉਹ ਧੀਆਂ ਦੇ ਦਰਦ ਨੂੰ ਸਮਝਦਾ ਹੈ, ਉਨ੍ਹਾਂ ਦੀ ਵੇਦਨਾ ਵਿਚ ਪਸੀਜਦਾ ਵੀ ਅਤੇ ਉਨ੍ਹਾਂ ਨੂੰ ਆਪਣੇ ਰਾਹ ਖੁਦ ਨਿਸ਼ਚਿਤ ਕਰਨ ਲਈ ਨਸੀਹਤ ਵੀ ਦਿੰਦਾ ਹੈ। ਉਹ ਲਿਖਦਾ ਹੈ,

ਧੀ ਹੁੰਦੀ ਹੈ ਕਵਿਤਾ 'ਚ
ਜਿਉਂਦੀ ਲੈਅ ਵਰਗੀ
ਕੋਈ ਅਤਿ ਕੀਮਤੀ ਸ਼ੈਅ ਵਰਗੀ
ਹਰਫਾਂ ਵਿਚਲੀ ਲੋਅ ਵਰਗੀ
ਤੇ ਸਾਹਾਂ ਦੀ ਖੁਸ਼ਬੋ ਵਰਗੀ।

ਪੁੱਤ ਪਰ ਹੁੰਦੇ ਨੇ ਜਾਇਦਾਦ ਦੇ ਵਾਰਸ
ਪੁਰਖਿਆਂ ਦਾ ਖੂਨ
ਤੇ ਭਵਿੱਖ ਦੀ ਫੋਕੀ ਜਿਹੀ ਢਾਰਸ
ਬਸ ਇਹੋ ਫਰਕ ਹੁੰਦਾ ਹੈ ਪੁੱਤ ਤੇ ਧੀ ਵਿਚ।

ਧੀਆਂ ਅਤੇ ਪੁੱਤਾਂ ਦੇ ਫਰਕ ਦੀ ਪਾਰਖੂ ਸਮਝ ਰੱਖਣ ਵਾਲੇ ਪ੍ਰੋ. ਕੁਲਵੰਤ ਨੇ ਕੇਹਾ ਨਿੱਗਰ ਕਾਵਿ-ਵਿਸ਼ਲੇਸ਼ਣ ਕੀਤਾ ਹੈ।

ਬੱਚੇ ਘਰ ਦਾ ਸ਼ਿੰਗਾਰ ਅਤੇ ਭਵਿੱਖ ਦੇ ਵਾਰਸ ਹੁੰਦੇ। ਉਨ੍ਹਾਂ ਦੀ ਹਾਜ਼ਰੀ ਵਿਚ ਜਜ਼ਬਾਤ ਤੇ ਜਜ਼ਬਿਆਂ ਨੂੰ ਨਵੀਂ ਤਸ਼ਬੀਹ ਤੇ ਤਕਦੀਰ ਮਿਲਦੀ,

ਜਜ਼ਬੇ ਜਗਾਉਣ ਤੇ ਉਡਾਉਣ ਅਸਮਾਨ ਵਿਚ।
ਖਾਬ ਤੇ ਰਬਾਬ ਹੁੰਦੇ ਤੋਤਲੀ ਜ਼ੁਬਾਨ ਵਿਚ।
ਜਾਂ
ਮਾਂ ਤੇ ਪੁੱਤ ਦੋਵੇਂ ਸੁਰ ਤੇ ਰਬਾਬ ਹੁੰਦੇ।
ਮਾਂ ਤੇ ਪੁੱਤ ਦੋਵੇਂ ਧਰਤੀ ਤੇ ਆਬ ਹੁੰਦੇ।

ਪ੍ਰੋ. ਕੁਲਵੰਤ ਔਜਲਾ ਦੇ ਚੇਤਿਆਂ ਵਿਚ ਵੱਸਦਾ ਹੈ, ਪੰਜਾਬੀ ਯੂਨੀਵਰਸਿਟੀ ਦਾ ਉਹ ਸੰਸਾਰ ਅਤੇ ਮਿੱਤਰ ਪਿਆਰੇ (ਡਾ. ਜਸਵਿੰਦਰ ਸਿੰਘ, ਡਾ. ਮੱਖਣ ਸਿੰਘ, ਡਾ. ਸਤੀਸ਼ ਵਰਮਾ ਅਤੇ ਡਾ. ਪਵਨ), ਜਿਸ ਵਿਚ ਉਹਦੇ ਸੁਪਨਿਆਂ ਨੇ ਪਰਵਾਜ਼ ਭਰੀ ਤੇ ਜਿਥੇ ਜੀਵਨ-ਭਰ ਦੀਆਂ ਦੋਸਤੀਆਂ ਦਾ ਮੁੱਢ ਬੱਝਾ। ਉਹ ਹੁਣ ਵੀ ਆਪਣੇ ਬੀਤੇ ਦਿਨਾਂ ਦੀ ਸੁਖਨਤਾ ਨੂੰ ਮਾਣਦਾ ਹੈ; ਤਾਂ ਹੀ ਉਹ ਪਿੱਛਲਝਾਤ ਮਾਰਦਾ ਹੈ,

ਤੇ ਲੱਭੀਏ ਉਹ ਜ਼ਮੀਨ
ਕਿ ਜਿਥੇ ਅਸੀਂ
ਜਸਵਿੰਦਰ ਮੱਖਣ ਸਤੀਸ਼
ਪਵਨ ਤੇ ਕੁਲਵੰਤ
ਉਗਾਉਂਦੇ ਰਹੇ ਖਾਬਾਂ ਵਰਗੀ ਜ਼ਿੰਦਗੀ
ਤੇ ਕਲਪਦੇ ਰਹੇ ਕਵਿਤਾ ਵਰਗਾ ਅੰਤ।

ਤੇ ਅਖੀਰ ਵਿਚ ਪ੍ਰੋ. ਕੁਲਵੰਤ ਔਜਲਾ ਜੀਵਨ ਦੇ ਸਦੀਵੀ ਸੱਚ ਨੂੰ ਕਬੂਲਦਾ ਹੈ। ਆਪਣੀ ਅੱਖਰੀ ਅਮਾਨਤ ਨੂੰ ਆਪਣੇ ਪਿਆਰਿਆਂ ਦੇ ਸਪੁਰਦ ਕਰ, ਖੁਦ ਸੁਰਖਰੂ ਹੋਣਾ ਲੋਚਦਾ ਹੈ ਤਾਂ ਕਿ ਉਸ ਦੇ ਅੱਖਰਾਂ ਦੀ ਲੋਅ ਸਦਾ ਬਰਕਰਾਰ ਰਹੇ। ਉਹ ਲਿਖਦਾ ਹੈ,

ਕਰਨਗੇ ਲੋਕੀਂ ਗੱਲਾਂ ਪਿਛੋਂ
ਹੁੰਦਾ ਸੀ ਲਿਖਾਰੀ।
ਰਹੂ ਅਬਾਦ ਹਮੇਸ਼ਾ
ਉਹਦੇ ਲਫਜ਼ਾਂ ਦੀ ਲੈਅਕਾਰੀ।

ਪਰ ਪ੍ਰੋ. ਕੁਲਵੰਤ ਦੇ ਕਾਵਿ-ਸਫਰ ਨੇ ਹੋਰ ਬਹੁਤ ਵੱਡੀਆਂ ਮੱਲਾਂ ਮਾਰਨੀਆਂ ਹਨ ਅਤੇ ਉਚਤਮ ਕਾਵਿ-ਕਿਰਤਾਂ, ਪੰਜਾਬੀ ਪਿਆਰਿਆਂ ਦੀ ਝੋਲੀ ਵਿਚ ਪਾ ਕੇ ਪੰਜਾਬੀ ਅਦਬ ਨੂੰ ਹੋਰ ਅਮੀਰ ਕਰਨਾ ਹੈ। ਇਹ ਆਸ ਹੀ ਨਹੀਂ ਸਗੋਂ ਮੈਨੂੰ ਪੂਰਨ ਵਿਸ਼ਵਾਸ ਹੈ ਪ੍ਰੋ. ਕੁਲਵੰਤ ਔਜਲਾ ਦੀ ਕਲਮ-ਕੀਰਤੀ 'ਤੇ।

'ਮਾਂ ਵਰਗੀ ਕਵਿਤਾ' ਲਈ ਢੇਰ ਸਾਰੀਆਂ ਮੁਬਾਰਕਾਂ!

# ਕਲਾਸਿਕ ਭਾਰਤੀ ਸਾਹਿਤ 'ਚ ਵੱਖਰੀ ਪਛਾਣ ਰੱਖਦਾ ਨਾਵਲ 'ਕਿਸ਼ਤੀ ਹਾਦਸਾ'

ਗੁਰਦੇਵ ਰਾਬਿੰਦਰ ਨਾਥ ਟੈਗੋਰ ਦਾ ਨਾਵਲ 'ਕਿਸ਼ਤੀ ਹਾਦਸਾ' ਸੰਸਾਰ ਪੱਧਰ 'ਤੇ ਕਲਾਸਿਕ ਸਾਹਿਤ ਵਿਚ ਆਪਣੀ ਵੱਖਰੀ ਪਛਾਣ ਰੱਖਦਾ ਹੈ। ਭਾਵੇਂ ਇਹ ਮੂਲ ਰੂਪ ਵਿਚ ਬੰਗਾਲੀ ਭਾਸ਼ਾ ਵਿਚ ਲਿਖਿਆ ਗਿਆ ਸੀ, ਪਰ ਗੁਰਦੇਵ ਵੱਲੋਂ ਖੁਦ ਇਸ ਦਾ ਅਨੁਵਾਦ ਅੰਗਰੇਜ਼ੀ ਭਾਸ਼ਾ ਵਿਚ ਕਰ ਦਿੱਤੇ ਜਾਣ ਤੋਂ ਬਾਅਦ ਇਸ ਸੰਸਾਰ ਦੀਆਂ ਕਈ ਭਾਸ਼ਾਵਾਂ ਵਿਚ ਅਨੁਵਾਦਿਤ ਹੋਣ ਦਾ ਮਾਣ ਪ੍ਰਾਪਤ ਕੀਤਾ ਹੈ। ਇਸ ਨਾਵਲ 'ਤੇ ਦੋ ਕਲਾਸੀਕਲ ਹਿੰਦੀ ਫਿਲਮਾਂ ਵੀ ਬਣ ਚੁਕੀਆਂ ਹਨ।


ਇਸ ਨਾਵਲ ਨੂੰ ਪੰਜਾਬੀ ਭਾਸ਼ਾ ਵਿਚ

**ਨਿਰੰਜਣ ਬੋਹਾ**

ਉਲਥਾਉਣ ਦਾ ਦਸਤਾਵੇਜ਼ੀ ਮਹੱਤਤਾ ਵਾਲਾ ਕਾਰਜ਼ ਸ਼੍ਰੋਮਣੀ ਲੇਖਕ ਤੇ ਕਲਾਸਿਕ ਸਾਹਿਤ ਦੇ ਉੱਘੇ ਅਨੁਵਾਦਕ ਪ੍ਰੋ. ਅੱਛਰੂ ਸਿੰਘ ਵੱਲੋਂ ਕੀਤਾ ਗਿਆ ਹੈ। ਨਾਵਲ ਦਾ ਰਚਨਾ ਕਾਲ ਇਕ ਸਦੀ ਤੋਂ ਵੀ ਵੱਧ ਪੁਰਾਣਾ ਹੈ, ਇਸ ਲਈ ਇਸ ਵਿਚੋਂ ਉਸ ਸਮੇਂ ਦੇ ਭਾਰਤੀ ਸਮਾਜ ਬਾਰੇ ਭਰੋਸੇਯੋਗ ਜਾਣਕਾਰੀ ਹਾਸਿਲ ਕੀਤੀ ਜਾ ਸਕਦੀ ਹੈ। ਨਾਵਲ ਦੀ ਕਹਾਣੀ ਅਜਿਹੀਆਂ ਬਹੁਤ ਸਾਰੀਆਂ ਮਿਸਾਲਾਂ ਨੂੰ ਪੇਸ਼ ਕਰਦੀ ਹੈ, ਜੋ ਇਸ ਗੱਲ ਦੀ ਪੁਖਤਾ ਗਵਾਹੀ ਦਿੰਦੀਆਂ ਹਨ ਕਿ ਉਸ ਵੇਲੇ ਦੀ ਸਮਾਜਿਕਤਾ ਮੋਹ ਮੁਹੱਬਤ, ਕੁਰਬਾਨੀ, ਸਮਰਪਣ ਤੇ ਨੈਤਿਕਤਾ ਦੇ ਭਾਵ ਬੋਧ ਨਾਲ ਪੂਰੀ ਤਰ੍ਹਾਂ ਜੁੜੀ ਹੋਈ ਸੀ।

ਇਕ ਸਦੀ ਤੋਂ ਪਹਿਲਾਂ ਦਾ ਕਿਸੇ ਵੀ ਭਾਸ਼ਾ ਵਿਚ ਲਿਖਿਆ ਗਿਆ ਸਾਹਿਤ ਆਦਰਸ਼ਵਾਦੀ ਸੋਚ ਰਾਹੀਂ ਮਨੁੱਖੀ ਸਮਾਜ ਨੂੰ ਬਿਹਤਰ ਬਣਾਉਣ ਦੀਆਂ ਸੰਰਚਨਾਤਮਕ ਜੁਗਤਾਂ ਨਾਲ ਜੁੜਿਆ ਰਿਹਾ ਹੈ। ਅਸੀਂ ਇਸ ਤਰ੍ਹਾਂ ਵੀ ਕਹਿ ਸਕਦੇ ਹਾਂ, ਉਸ ਵਾਲੇ ਦਾ ਆਦਰਸ਼ਵਾਦ ਹੀ ਉਸ ਸਮੇਂ ਦਾ ਸਮਾਜਿਕ ਯਥਾਰਥ ਸੀ। ਇਸ ਨਾਵਲ ਵਿਚ ਵੀ ਦੂਜੇ ਦੇ ਸੁੱਖ ਲਈ ਆਪਣਾ ਸੁੱਖ ਤਿਆਗਣ ਦੀ ਭਾਵਨਾ ਪ੍ਰਬਲ ਰੂਪ ਵਿਚ ਮੌਜੂਦ ਹੈ। ਨਾਵਲ ਦੇ ਪਾਤਰ ਦੂਜੇ 'ਤੇ ਅਹਿਸਾਨ ਜਤਾਏ ਬਿਨਾ ਉਸ ਦਾ ਭਵਿੱਖ ਸੁਆਰਨ ਲਈ ਆਪਣਾ ਆਪਾ ਕੁਰਬਾਨ ਕਰਦੇ ਵਿਖਾਈ ਦਿੰਦੇ ਹਨ। ਉਹ ਆਪ ਮਾਨਸਿਕ ਤਣਾਓ ਭੋਗਦਿਆਂ ਵੀ ਆਪਣੇ ਪਿਆਰੇ ਨੂੰ ਤਣਾਓ ਮੁਕਤ ਕਰਨ ਦੀ ਸੋਚ ਰੱਖਦੇ ਹਨ। ਦੋ ਪਾਸੜ ਕੁਰਬਾਨੀਆਂ ਦਾ ਇਹ ਨੈਤਿਕ ਵਰਤਾਰਾ ਕਈ ਵਾਰ ਨਵੀਆਂ ਮਨੋ-ਸਮਾਜਿਕ ਸਮੱਸਿਆਵਾਂ ਨੂੰ ਵੀ ਜਨਮ ਦਿੰਦਾ ਹੈ, ਪਰ ਇਨ੍ਹਾਂ ਸਮੱਸਿਆਵਾਂ ਦਾ ਹੱਲ ਵੀ ਇਨ੍ਹਾਂ ਦੇ ਅੰਦਰ ਹੀ ਛੁਪਿਆ ਹੁੰਦਾ ਹੈ।

ਨਾਵਲ ਦੀ ਕਹਾਣੀ ਅਨੁਸਾਰ ਰਮੇਸ਼ ਆਪਣੇ ਦੋਸਤ ਜੋਗਿੰਦਰ ਦੀ ਭੈਣ ਹੇਮਾਨਲਿਨੀ ਨੂੰ ਪਸੰਦ ਕਰਦਾ ਹੈ ਤੇ ਦੋਹਾਂ ਦੇ ਇਕ ਹੋਣ ਦੇ ਰਾਹ ਵਿਚ ਕੋਈ ਜਾਤ-ਪਾਤ ਦੀ ਦੀਵਾਰ ਵੀ ਨਹੀਂ ਹੈ। ਨਾਵਲ ਦੀ ਕਹਾਣੀ ਵਿਚ ਪਹਿਲਾ ਨਿਰਣਾਇਕ ਮੋੜ ਉਸ ਵੇਲੇ ਆਉਂਦਾ ਹੈ, ਜਦੋਂ ਉਸ ਨੂੰ ਆਪਣੇ ਪਿਤਾ ਦੀ ਇੱਛਾ ਪੁਗਾਉਣ ਲਈ ਆਪਣੀਆਂ ਇੱਛਾਵਾਂ ਦੀ ਕੁਰਬਾਨੀ ਦੇਣੀ ਪੈਂਦੀ ਹੈ। ਨਾਵਲ ਦੀ ਕਹਾਣੀ ਅੱਗੇ ਤੁਰਦੀ ਹੈ ਤਾਂ ਆਪਣੇ ਪਿਤਾ ਦੇ ਸਵਰਗੀ ਦੋਸਤ ਦੀ ਬੇਟੀ ਨਾਲ ਆਪਣਾ ਵਿਆਹ ਕਰਵਾਉਣ ਤੋਂ ਬਾਅਦ ਸਮੁੰਦਰੀ ਰਸਤੇ ਰਾਹੀਂ ਵਾਪਸੀ ਕਰਦਿਆਂ ਬਰਾਤੀਆਂ ਦੀਆਂ ਕਿਸ਼ਤੀਆਂ ਸਮੁੰਦਰੀ ਤੂਫਾਨ ਵਿਚ ਘਿਰ ਜਾਂਦੀਆਂ ਹਨ। ਉਸ ਦੇ ਪਿਤਾ ਦੀ ਕਿਸ਼ਤੀ ਹਾਦਸੇ ਵਿਚ ਮੌਤ ਹੋ ਜਾਂਦੀ ਹੈ ਤੇ ਉਸ ਦੀ ਪਤਨੀ ਦਾ ਵੀ ਕੋਈ ਥਹੁ ਪਤਾ ਨਹੀਂ ਲੱਗਦਾ।




ਉਨ੍ਹਾਂ ਦੋਹਾਂ ਪਤੀ-ਪਤਨੀ ਨੇ ਵਿਆਹ ਤੋਂ ਲੈ ਕੇ ਬਰਾਤ ਦੀ ਵਾਪਸੀ ਤੱਕ ਇਕ ਦੂਜੇ ਦਾ ਮੂੰਹ ਨਹੀਂ ਵੇਖਿਆ ਹੁੰਦਾ, ਇਸ ਲਈ ਰਮੇਸ਼ ਸਮੁੰਦਰ ਕਿਨਾਰੇ ਬੇਹੋਸ਼ ਪਈ ਕਮਲਾ ਨਾਂ ਦੀ ਕਿਸੇ ਹੋਰ ਨਵੀਂ ਵਿਆਹੀ ਔਰਤ ਨੂੰ ਆਪਣੀ ਪਤਨੀ ਸਮਝਣ ਦਾ ਭੁਲੇਖਾ ਖਾ ਜਾਂਦਾ ਹੈ। ਕੁਝ ਸਮਾਂ ਉਹ ਦੋਵੇਂ ਇਕ ਦੂਜੇ ਨੂੰ ਆਪਣਾ ਗੁਆਚਿਆ ਪਤੀ-ਪਤਨੀ ਸਮਝਦੇ ਰਹਿੰਦੇ ਹਨ, ਪਰ ਛੇਤੀ ਹੀ ਰਮੇਸ਼ ਨੂੰ ਪਤਾ ਚੱਲ ਜਾਂਦਾ ਹੈ ਕਿ ਕਮਲਾ ਕਿਸੇ ਹੋਰ ਦੀ ਨਵ ਵਿਆਹੀ ਪਤਨੀ ਹੈ। ਇਸ ਮੌਕੇ ਉਸ ਅੰਦਰ ਫਿਰ ਆਪਣੀ ਪਹਿਲੀ ਚਾਹਤ ਹੇਮਾ ਲਈ ਪਿਆਰ ਜਾਗ ਪੈਂਦਾ ਹੈ। ਗੁਰਦੇਵ ਟੈਗੋਰ ਨੇ ਉਸ ਅੰਦਰ ਪੈਦਾ ਹੋਏ ਦਵੰਦ ਨੂੰ ਬਹੁਤ ਹੀ ਖੂਬਸੂਰਤੀ ਨਾਲ ਚਿਤਰਿਆ ਹੈ ਕਿ ਉਹ ਆਪਣੀ ਪ੍ਰੇਮਿਕਾ ਹੇਮਾ ਅਤੇ ਉਸ ਨੂੰ ਆਪਣਾ ਪਤੀ ਸਮਝਣ ਵਾਲੀ ਕਮਲਾ ਵਿਚੋਂ ਕਿਸ ਨੂੰ ਅਪਨਾਵੇ ਤੇ ਕਿਸ ਨੂੰ ਛੱਡੇ?

ਦੂਸਰੇ ਪਾਸੇ ਜਦੋਂ ਕਮਲਾ ਨੂੰ ਸੱਚਾਈ ਦਾ ਪਤਾ ਚੱਲਦਾ ਹੈ ਕਿ ਕਿਸ਼ਤੀ ਹਾਦਸੇ ਵਿਚ ਗੁਆਚਿਆ ਉਸ ਦਾ ਪਤੀ ਰਮੇਸ਼ ਨਹੀਂ, ਸਗੋਂ ਕੋਈ ਹੋਰ ਹੈ ਤਾਂ ਉਹ ਰਮੇਸ਼ ਤੇ ਉਸ ਦੀ ਪ੍ਰੇਮਿਕਾ ਹੇਮਾਨਲਿਨੀ ਦਾ ਰਾਹ ਸਾਫ ਕਰਨ ਲਈ ਆਤਮ ਹੱਤਿਆ ਦਾ ਭੁਲੇਖਾ ਸਿਰਜ ਕੇ ਉਸ ਦਾ ਘਰ ਛੱਡ ਜਾਂਦੀ ਹੈ। ਉਸ ਦੇ ਬਨਾਰਸ ਪਹੁੰਚਣ 'ਤੇ ਉਸ ਨੂੰ ਪਤਾ ਚਲਦਾ ਹੈ ਕਿ ਉਸ ਦਾ ਅਸਲ ਪਤੀ ਡਾਕਟਰ ਨਲਿਨਅਕਸ਼ ਵੀ ਇਸੇ ਸ਼ਹਿਰ ਵਿਚ ਰਹਿ ਰਿਹਾ ਹੈ ਤੇ ਉਸ ਦੇ ਪਤੀ ਦੀ ਮੰਗਣੀ ਰਮੇਸ਼ ਦੀ ਪ੍ਰੇਮਿਕਾ ਰਹੀ ਹੇਮਾ ਨਾਲ ਤੈਹ ਹੋ ਚੁਕੀ ਹੈ। ਇਸ ਸਮੇਂ ਨਾਵਲਕਾਰ ਬਹੁਤ ਹੀ ਰੋਮਾਂਚਕ ਸਥਿਤੀਆਂ ਸਿਰਜ ਕੇ ਕਮਲਾ ਤੇ ਨਲਿਨਅਕਸ਼ ਨੂੰ ਇੱਕਠੇ ਕਰਨ ਦਾ ਰਾਹ ਲੱਭ ਲੈਂਦਾ ਹੈ। ਇਸ ਤਰ੍ਹਾਂ ਰਮੇਸ਼ ਤੇ ਹੇਮਾ ਦਾ ਪੁਨਰ ਮਿਲਾਪ ਹੋਣ ਦਾ ਮੌਕਾ ਵੀ ਬਣ ਜਾਂਦਾ ਹੈ।

ਜੇ ਅਸੀਂ ਸਮਕਾਲੀਨ ਆਲੋਚਨਾ ਦ੍ਰਿਸ਼ਟੀ ਤੋਂ ਇਸ ਨਾਵਲ ਨੂੰ ਨਿਰਖੀਏ ਪਰਖੀਏ ਤਾਂ ਇਸ ਵਿਚ ਬਹੁਤ ਸਾਰੀਆਂ ਮੌਕਾ ਮੇਲ ਦੀਆਂ ਸਥਿਤੀਆਂ ਹਨ, ਪਰ ਸਾਨੂੰ ਇਹ ਯਾਦ ਰੱਖਣਾ ਪਵੇਗਾ ਕਿ ਅਜਿਹੀਆਂ ਸਥਿਤੀਆਂ ਉਸ ਸਮੇਂ ਦੇ ਗਲਪੀ ਸਾਹਿਤ ਦੀਆਂ ਪ੍ਰਮੁੱਖ ਜੁਗਤਾਂ ਸਨ। ਜੇ ਇਸ ਨਾਵਲ ਨੂੰ ਕਥਾ ਰਸ ਦੀ ਦ੍ਰਿਸ਼ਟੀ ਤੋਂ ਪਰਖੀਏ ਤਾਂ ਅਜੋਕੇ ਗਲਪੀ ਸਾਹਿਤ ਨਾਲੋਂ ਇਸ ਵਿਚ ਕਈ ਗੁਣਾਂ ਵੱਧ ਕਹਾਣੀ ਰਸ ਹੈ।

ਬੰਗਾਲੀ ਰਹਿਤਲ ਦੇ ਇਕ ਸਦੀ ਤੋਂ ਵੱਧ ਪੁਰਾਣੇ ਸਭਿਆਚਾਰ ਨੂੰ ਪੰਜਾਬੀ ਪਾਠਕਾਂ ਦੀ ਸਮਝ ਤੇ ਦਿਲਚਸਪੀ ਦਾ ਹਿੱਸਾ ਬਣਾਉਣਾ ਕਿਸੇ ਅਨੁਵਾਦਕ ਲਈ ਸਹਿਜ ਤੇ ਸੁਖਾਲਾ ਕਾਰਜ਼ ਨਹੀਂ ਹੈ, ਪਰ ਅਨੁਵਾਦ ਕਲਾ ਵਿਚ ਵਿਸ਼ੇਸ਼ ਮੁਹਾਰਤ ਰੱਖਣ ਵਾਲੇ ਪ੍ਰੋ. ਅਛਰੂ ਸਿੰਘ ਨੇ ਇਹ ਕਾਰਜ਼ ਬਹੁਤ ਸਫਲਤਾ ਪੂਰਬਕ ਨੇਪਰੇ ਚਾੜ੍ਹਿਆ ਹੈ। ਨਾਵਲ ਦੇ ਪਾਤਰ ਸਹਿਜੇ ਹੀ ਆਪਣੇ ਪਾਠਕਾਂ ਨਾਲ ਨੇੜਲਾ ਰਿਸ਼ਤਾ ਜੋੜ ਲੈਂਦੇ ਹਨ। ਬੰਗਾਲ ਦੇ ਸਮਾਜਿਕ ਸਭਿਆਚਾਰ ਬਾਰੇ ਨਵੀਆਂ ਜਾਣਕਾਰੀਆਂ ਗ੍ਰਹਿਣ ਕਰਨ ਦਾ ਕਾਰਜ ਵੀ ਨਾਵਲ ਪਾਠ ਵਿਚ ਪਾਠਕੀ ਦਿਲਚਸਪੀ ਨੂੰ ਵਧਾਉਣ ਵਾਲਾ ਹੈ।

ਉਮੀਦ ਹੈ, ਪ੍ਰੋ. ਅਛਰੂ ਸਿੰਘ ਸੰਸਾਰ ਦੇ ਕਲਾਸਿਕ ਸਾਹਿਤ ਨੂੰ ਪੰਜਾਬੀ ਵਿਚ ਉਲਥਾਉਣ ਦੇ ਕਾਰਜ ਦੀ ਨਿਰੰਤਰਤਾ ਨੂੰ ਇਸ ਤਰ੍ਹਾਂ ਬਣਾਈ ਰੱਖਣਗੇ। ਜ਼ੋਹਰਾ ਪਬਲੀਕੇਸ਼ਨ, ਪਟਿਆਲਾ ਵਲੋਂ ਪ੍ਰਕਾਸ਼ਿਤ ਇਸ ਨਾਵਲ ਦੇ ਪੰਨੇ 148 ਹਨ ਤੇ ਮੁੱਲ 200 ਰੁਪਏ ਹੈ।

# ਸੰਤਾਲੀ ਦੀ ਵੰਡ ਦੇ ਦੁਖੜੇ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

1947 ਦੀ ਦੇਸ਼ ਵੰਡ ਦਾ ਸਾਕਾ ਕਾਫੀ ਹੱਦ ਤੱਕ ਹਿਟਲਰ ਦੀਆਂ ਕਰਤੂਤਾਂ ਨਾਲ ਮਿਲਦਾ-ਜੁਲਦਾ ਸੀ। ਸੱਤ ਦਹਾਕੇ ਲੰਘ ਜਾਣ ਉੱਤੇ ਵੀ ਇਸ ਦੀਆਂ ਦਿਲ ਕੰਬਾਊ ਵਾਰਦਾਤਾਂ ਲੋਕਾਂ ਦੀ ਜ਼ੁਬਾਨ ਉੱਤੇ ਹਨ। ਹੁਸ਼ਿਆਰਪੁਰ ਜਿਲੇ ਦਾ ਸਾਂਵਲ ਧਾਮੀ ਪੰਜਾਬ ਦੇ ਪਿੰਡਾਂ ਤੇ ਕਸਬਿਆਂ ਦੇ ਬਜ਼ੁਰਗਾਂ ਨਾਲ ਮੁਲਾਕਾਤਾਂ ਕਰਕੇ ਉਸ ਵੇਲੇ ਦੀ ਦੁੱਖ ਭਰੀ ਕਹਾਣੀ ਪੰਜਾਬੀ ਮੀਡੀਆਂ ਰਾਹੀਂ ਪਾਠਕਾਂ ਨਾਲ ਸਾਂਝੀ ਕਰ ਰਿਹਾ ਹੈ। ਉਸ ਦੀਆਂ ਮੁਲਾਕਾਤਾਂ ਦੀ ਇੱਕ ਪੁਸਤਕ 'ਤੂੰ ਨਿਹਾਲਾ ਨਾ ਬਣੀਂ' (ਚੇਤਨਾ ਪ੍ਰਕਾਸ਼ਨ, ਪੰਨੇ 176, ਮੁੱਲ 180 ਰੁਪਏ) ਛਪ ਚੁਕੀ ਹੈ ਤੇ ਦੂਜੀ ਤਿਆਰੀ ਅਧੀਨ ਹੈ। ਹਾਲ ਹੀ ਵਿਚ ਛਪੀਆਂ ਸ਼ਾਮ ਚੁਰਾਸੀ ਨਾਂ ਦੇ ਪਿੰਡ ਦੀਆਂ ਘਟਨਾਵਾਂ ਨੂੰ ਵਿਸਤਾਰਿਆ ਜਾਵੇ ਤਾਂ ਇੱਕ ਨਾਵਲ ਦੀ ਸਮੱਗਰੀ ਬਣ ਜਾਂਦੀ ਹੈ। ਮੈਂ ਇਥੇ ਇੱਕ ਨਿੱਕੀ ਜਿਹੀ ਗੱਲ ਦਾ ਜ਼ਿਕਰ ਕਰਨਾ ਚਾਹਾਂਗਾ।

ਇਸ ਪਿੰਡ ਹਰ ਸਾਲ ਇੱਕ ਗਾਮੀ ਸ਼ਾਹ ਦਾ ਮੇਲਾ ਲਗਦਾ ਹੈ। ਸੰਨ ਸੰਤਾਲੀ ਤੋਂ ਕਈ ਸਾਲ ਪਿੱਛੋਂ ਤੱਕ ਏਧਰੋਂ ਉਜੜ ਕੇ ਪਾਕਿਸਤਾਨ ਗਏ ਮੁਸਲਮਾਨ ਸ਼ੇਖ ਦੋ ਬੱਸਾਂ ਵਿਚ ਸਵਾਰ ਹੋ ਕੇ ਇਸ ਮੇਲੇ ਉੱਤੇ ਆਉਂਦੇ ਰਹੇ ਹਨ। ਉਹ ਤਿੰਨ ਦਿਨ ਆਪਣੇ ਏਸ ਪਿੰਡ ਰਹਿੰਦੇ। ਇੱਕ ਵਾਰੀ ਸ਼ਾਮ ਚੁਰਾਸੀ ਦਾ ਪੁਰਾਣਾ ਵਸਨੀਕ ਨਿਸਾਰ ਅਹਿਮਦ ਵੀ ਆਇਆ। ਉਹ ਏਥੋਂ ਦੇ ਪੰਡਤਾਂ ਦੇ ਮੁੰਡੇ ਕਿਸ਼ਨ ਦਾ ਆੜੀ ਹੁੰਦਾ ਸੀ। ਉਹ ਸਿੱਧਾ ਕਿਸ਼ਨ ਦੇ ਘਰ ਗਿਆ ਤਾਂ ਦੋਵੇਂ ਇੱਕ ਦੂਜੇ ਨੂੰ ਜੱਫੀ ਪਾ ਕੇ ਕਾਫੀ ਦੇਰ ਰੋਂਦੇ ਰਹੇ। ਏਥੋਂ ਤੱਕ ਕਿ ਉਹ ਪਾਕਿਸਤਾਨੋਂ ਆਏ ਸ਼ੇਖਾਂ ਨਾਲ ਨਹੀਂ ਰਿਹਾ। ਕਿਸ਼ਨ ਦੇ ਘਰ ਹੀ ਰਿਹਾ। ਰੋਟੀ ਪਾਣੀ ਉਸ ਦੇ ਘਰ ਹੀ ਖਾਂਦਾ। ਉਹ ਦੋਵੇਂ ਪੁਰਾਣੀਆਂ ਗੱਲਾਂ ਯਾਦ ਕਰਕੇ ਵਾਰ ਵਾਰ ਹੱਸੇ ਤੇ ਰੋਏ। ਉਨ੍ਹਾਂ ਦੋਹਾਂ ਨੂੰ ਆਪਣੇ ਜਮਾਤੀ ਅਬਦੁਲ ਕਿਯੂਮ ਵੀ ਚੇਤੇ ਆ ਗਿਆ, ਜਿਸ ਨੇ ਸਕੂਲ ਵਿਚ ਉਰਦੂ ਫਾਰਸੀ ਦੀ ਥਾਂ ਹਿੰਦੀ ਸੰਸਕ੍ਰਿਤ ਪੜ੍ਹੀ ਸੀ। ਨਿਸਾਰ ਅਹਿਮਦ ਨੇ ਵਾਪਸ ਜਾ ਕੇ ਕਿਯੂਮ ਨੂੰ ਕਿਸ਼ਨ ਬਾਰੇ ਦੱਸਿਆ। ਉਸ ਨੇ ਕਿਸ਼ਨ ਨੂੰ ਹਿੰਦੀ ਵਿਚ ਚਿੱਠੀ ਲਿਖੀ। ਏਧਰੋਂ ਕਿਸ਼ਨ ਨੇ ਉਸ ਦੀ ਚਿੱਠੀ ਦਾ ਉਤਰ ਉਰਦੂ ਵਿਚ ਦਿੱਤਾ।

ਕਯੂਮ ਨੇ ਉੱਤਰ ਵਿਚ ਪੁਰਾਣੀਆਂ ਗੱਲਾਂ ਦਾ ਜ਼ਿਕਰ ਕਰਨ ਪਿੱਛੋਂ ਇਹ ਵੀ ਲਿਖਿਆ ਕਿ ਉਹ ਪਾਕਿਸਤਾਨ ਜਾ ਕੇ ਹਿੰਦੀ (ਦੇਵਨਾਗਰੀ)




ਅੱਖਰਾਂ ਲਈ ਤਰਸ ਗਿਆ ਹੈ। ਉਸ ਨੇ ਬੇਨਤੀ ਕੀਤੀ ਕਿ ਉਸ ਨੂੰ ਸਦਾ ਹਿੰਦੀ ਵਿਚ ਹੀ ਖਤ ਲਿਖਿਆ ਕਰੇ। ਕਿਸ਼ਨ ਨੇ ਉਸ ਦੀ ਬੇਨਤੀ ਪ੍ਰਵਾਨ ਕੀਤੀ ਤੇ ਮੁੜ ਉਰਦੂ ਵਿਚ ਉੱਤਰ ਨਹੀਂ ਦਿੱਤਾ।

ਮੈਨੂੰ ਇਹ ਗੱਲ ਪੜ੍ਹ ਕੇ ਆਪਣੀ ਪਾਕਿਸਤਾਨ ਫੇਰੀ ਚੇਤੇ ਆ ਗਈ। ਮੇਰੀ ਮੁਢਲੀ ਪੜ੍ਹਾਈ ਉਰਦੂ ਵਿਚ ਸੀ। ਜਦੋਂ ਮੈਂ ਪਾਕਿਸਤਾਨ ਗਿਆ ਤਾਂ ਸਰਹੱਦ ਪਾਰ ਕਰਦੇ ਸਾਰ ਸਾਰੀਆਂ ਦੁਕਾਨਾਂ ਤੇ ਮਕਾਨਾਂ ਉੱਤੇ ਉਰਦੂ (ਫਾਰਸੀ ਲਿਪੀ) ਦੇਖ ਕੇ ਮਨ ਪ੍ਰਸੰਨ ਹੋ ਗਿਆ ਸੀ। ਹੁਣ ਭਾਰਤ ਵਿਚ ਉਹ ਅੱਖਰ ਵਿਖਾਈ ਨਹੀਂ ਦਿੰਦੇ। ਦਿੱਲੀ ਦੱਖਣ ਤੇ ਹੈਦਰਾਬਾਦ ਵਿਚ ਵੀ ਨਹੀਂ।

ਸਾਂਵਲ ਧਾਮੀ ਦੀਆਂ ਲਿਖਤਾਂ ਅਜੋਕੀ ਸਦੀ ਲਈ ਮਾਰਗ ਦਰਸ਼ਕ ਹਨ। ਇਹ ਦੁਖੜੇ ਪੜ੍ਹ ਕੇ ਹਰ ਕਿਸੇ ਦਾ ਮਨ ਭਰ ਆਉਂਦਾ ਹੈ ਤੇ ਚਾਹੁੰਦਾ ਹੈ ਕਿ ਅਜਿਹਾ ਕਾਰਾ ਮੁੜ ਨਾ ਹੋਵੇ। ਸਾਂਵਲ ਦਾ ਪਿੰਡ ਸਿੰਗੜੀਵਾਲ ਹੁਸ਼ਿਆਰਪੁਰ ਤਹਿਸੀਲ ਵਿਚ ਪੈਂਦਾ ਹੈ, ਹੁਸ਼ਿਆਰਪੁਰ-ਜਲੰਧਰ ਮਾਰਗ ਉੱਤੇ ਤਿੰਨ ਕਿਲੋਮੀਟਰ। ਚੇਤੇ ਰਹੇ ਕਿ ਸਾਂਵਲ ਧਾਮੀ ਤੋਂ ਬਹੁਤ ਪਹਿਲਾਂ ਇਸ ਪਿੰਡ ਦੇ ਰਹਿਣ ਵਾਲਾ ਬੱਬਰ ਅਕਾਲੀ ਭਾਈ ਰਤਨ ਸਿੰਘ ਸਿੰਗੜੀਵਾਲ ਅਪਣੇ ਪਿੰਡ ਦਾ ਨਾਂ ਪੰਜਾਬ ਦੇ ਨਕਸ਼ੇ ਉੱਤੇ ਲਿਆ ਚੁਕਾ ਹੈ। ਸਾਂਵਲ ਧਾਮੀ (ਚਰਨ ਪੁਸ਼ਪਿੰਦਰ ਸਿੰਘ) ਭਾਈ ਸਾਹਿਬ ਦੇ ਭਰਾ ਦਾ ਪੋਤਾ ਹੈ।

**ਕਿਸਾਨੀ ਮਸਲਿਆਂ ਦੀ ਪੁਣ-ਛਾਣ:** ਪੰਜਾਬੀ ਟ੍ਰਿਬਿਊਨ ਤੋਂ ਸੇਵਾ ਮੁਕਤ ਹੋਏ ਮੇਘਾ ਸਿੰਘ ਨੇ 'ਦਰਦ ਕਿਸਾਨੀ ਦਾ' (ਸਪਤਰਿਸ਼ੀ ਪਬਲੀਕੇਸ਼ਨਜ਼, ਪੰਨੇ 124, ਮੁੱਲ 150 ਰੁਪਏ) ਵਿਚ ਖੇਤੀ ਅਤੇ ਕਿਸਾਨਾਂ ਦੀਆਂ ਸਮੱਸਿਆਵਾਂ ਦੇ ਵੱਖ ਵੱਖ ਪੱਖਾਂ ਉੱਤੇ ਚਾਨਣਾ ਪਾਇਆ ਹੈ। ਪੁਸਤਕ ਦੇ ਸੰਪਾਦਕ ਬਲਵੰਤ ਸਿੰਘ ਸਿੱਧੂ ਨੇ ਲੇਖਕ ਵਲੋਂ ਲਿਖੇ 1700 ਤੋਂ ਵੱਧ ਸੰਪਾਦਕੀਆਂ ਵਿਚੋਂ 40 ਅਜਿਹੇ ਸੰਪਾਦਕੀ ਚੁਣੇ, ਜਿਹੜੇ ਕਿਸਾਨੀ ਦੇ ਦੁੱਖਾਂ ਦੀ ਬਾਤ ਪਾਉਂਦੇ ਹਨ। ਇਨ੍ਹਾਂ ਦਾ ਸਿੱਧਾ ਸਬੰਧ ਅਜੋਕੇ ਕਿਸਾਨ ਅੰਦੋਲਨ ਨਾਲ ਜੁੜਦਾ ਹੈ। ਇਨ੍ਹਾਂ ਵਿਚ ਫਸਲਾਂ ਦੇ ਘੱਟੋ ਘੱਟ ਸਮਰਥਨ ਮੁੱਲ ਦੇ ਹੱਕ ਤੇ ਕੇਂਦਰ ਦੀ ਵਰਤਮਾਨ ਸਰਕਾਰ ਵਲੋਂ ਫਸਲਾਂ ਦੀ ਉਪਜ ਨੂੰ ਕਾਰਪੋਰੇਟ ਘਰਾਣਿਆਂ ਦੀ ਝੋਲੀ ਸੁੱਟਣ ਵਿਰੁੱਧ ਦਲੀਲਾਂ ਦਰਜ ਹਨ। ਕਿਸਾਨੀ ਸਮੱਸਿਆਵਾਂ ਨੂੰ ਕਿਸਾਨੀ ਕਰਜ਼ੇ ਤੇ ਖੁਦਕੁਸ਼ੀਆਂ ਦੇ ਸੰਦਰਭ ਵਿਚ ਵੀ ਵੇਖਿਆ ਗਿਆ ਹੈ। 2016 ਦੇ ਦੋ ਸੰਪਾਦਕੀ ਦਸਦੇ ਹਨ ਕਿ ਨਰਿੰਦਰ ਮੋਦੀ ਉਦੋਂ ਤੋਂ ਹੀ ਕਾਰਪੋਰੇਟਾਂ ਨੂੰ ਲਾਭ ਦੇਣ ਦਾ ਚਾਹਵਾਨ ਸੀ। ਪੁਸਤਕ ਦੇ ਅੰਤ ਵਿਚ ਦਿੱਤੀਆਂ ਅੰਤਿਕਾਵਾਂ ਵਿਚ ਵਰਤਮਾਨ ਕਿਸਾਨ ਅੰਦੋਲਨ ਸਬੰਧੀ ਲੇਖ ਤੇ ਕਵਿਤਾਵਾਂ ਦਰਜ ਹਨ, ਕਿਸਾਨੀ ਨਾਲ ਜੁੜੀਆਂ ਕਿਸਾਨ ਜਥੇਬੰਦੀਆਂ ਤੇ ਹੁਣ ਤੱਕ ਛਪੀਆਂ ਪੁਸਤਕਾਂ ਦੀ ਸੂਚੀ ਸਮੇਤ। ਇਸ ਰਚਨਾ ਦਾ ਸਵਾਗਤ ਕਰਨਾ ਬਣਦਾ ਹੈ।

**ਕਰੋਨਾ ਮਹਾਮਾਰੀ ਪ੍ਰਤੀ ਸੁਚੇਤ ਰਹਿਣ ਦੀ ਲੋੜ:** ਬੀਤੇ ਹਫਤੇ ਮੈਨੂੰ ਫੋਰਟਿਸ ਹਸਪਤਾਲ ਜਾਣਾ ਪਿਆ ਤਾਂ ਮੇਰੀ ਮੁਲਾਕਾਤ ਲੁਧਿਆਣਾ ਤੋਂ ਚੈੱਕ-ਅਪ ਲਈ ਆਏ ਮਰੀਜ਼ ਅਸ਼ਵਨੀ ਕੁਮਾਰ ਮਲਹੋਤਰਾ ਨਾਲ ਹੋਈ। ਉਹ ਖੁਦ ਮੈਡੀਕਲ ਡਾਕਟਰ ਹੈ। ਉਸ ਨੂੰ ਅਪਣੇ ਰੋਗ ਦੀ ਏਨੀ ਚਿੰਤਾ ਨਹੀਂ ਸੀ, ਜਿੰਨੀ ਕਰੋਨਾ ਪ੍ਰਤੀ ਵਰਤੀਆਂ ਜਾ ਰਹੀਆਂ ਲਾਪ੍ਰਵਾਹੀਆਂ ਦੀ। ਉਸ ਦਾ ਮੱਤ ਹੈ ਕਿ ਲੋਕਾਂ ਨੇ ਪਹਿਲੀ ਲਹਿਰ ਤੋਂ ਸਬਕ ਨਹੀਂ ਸਿੱਖਿਆ ਤਾਂ ਦੂਜੀ ਦਾ ਸ਼ਿਕਾਰ ਹੋ ਗਈ।

ਡਾ. ਅਸ਼ਵਨੀ ਕਹਿੰਦਾ ਹੈ ਕਿ ਤੀਜੀ ਲਹਿਰ ਦਾ ਭਰੋਸਾ ਨਹੀਂ। ਸਾਨੂੰ ਹਾਲੀ ਵੀ ਲਾਪ੍ਰਵਾਹੀ ਨਹੀਂ ਵਰਤਣੀ ਚਾਹੀਦੀ। ਹਰ ਰੋਜ਼ ਵੀਹ ਸਕਿੰਟ ਲਈ ਵਾਰ ਵਾਰ ਹੱਥ ਧੋਣਾ, ਘਰ ਤੋਂ ਬਾਹਰ ਨਿਕਲਦੇ ਸਮੇਂ ਮੂੰਹ ਤੇ ਨੱਕ ਨੂੰ ਢਕ ਕੇ ਰੱਖਣ ਲਈ ਮਾਸਕ ਦੀ ਠੀਕ ਵਰਤੋਂ ਕਰਨਾ, ਇੱਕ ਦੂਜੇ ਤੋਂ ਦੋ ਗਜ ਦੀ ਸਰੀਰਕ ਦੂਰੀ ਬਣਾਈ ਰੱਖਣਾ, ਭੀੜ ਭੜੱਕੇ ਵਾਲੀਆਂ ਥਾਂਵਾਂ ਉੱਤੇ ਜਾਣ ਤੋਂ ਸਖਤ ਪਰਹੇਜ਼ ਕਰਨਾ ਅਤੇ ਵੈਕਸੀਨੇਸ਼ਨ ਪ੍ਰਤੀ ਉੱਕਾ ਹੀ ਘੌਲ ਨਾ ਕਰਨਾ ਜ਼ਰੂਰੀ ਹੈ। ਇਨ੍ਹਾਂ ਪੰਜ ਅਸੂਲਾਂ ਦਾ ਪਾਲਣ ਕੀਤਿਆਂ ਕਰੋਨਾ ਵਿਰੁੱਧ ਸਫਲਤਾ ਮਿਲਣੀ ਲਾਜ਼ਮੀ ਹੈ।

**ਅੰਤਿਕਾ: ਮਿਰਜ਼ਾ ਗਾਲਿਬ**

ਹੂਏ ਮਰ ਕੇ ਹਮ ਜੋ ਰੁਸਵਾ
ਹੂਏ ਕਿਉ ਨਾ ਗਰਕ-ਏ-ਦਰਿਆ,
ਨਾ ਕਭੀ ਜਨਾਜ਼ਾ ਉਠਤਾ
ਨਾ ਕਹੀਂ ਮਜ਼ਾਰ ਹੋਤਾ।

# ਭਾਰਤੀ ਹਾਕੀ ਟੀਮ ਦਾ ਸਾਬਕਾ ਗੋਲਕੀਪਰ ਤੇ ਕੋਚ-ਮੀਰ ਰੰਜਨ ਨੇਗੀ

ਮੰਗਤ ਗਰਗ
mangatgargwriter@gmail.com

ਮੀਰ ਰੰਜਨ ਨੇਗੀ ਨੂੰ ਮੈਂ ਕਾਫੀ ਅਰਸੇ ਤੋਂ ਜਾਣਦਾਂ ਹਾਂ। ਇਨ੍ਹਾਂ ਨਾਲ ਮੇਰੀ ਜਾਣ-ਪਛਾਣ ਮੇਰੇ ਪਰਮ ਮਿੱਤਰ ਫਿਲਮ ਅਭਿਨੇਤਾ ਗੁਰਮੀਤ ਮਿੱਤਵਾ ਕਰਕੇ ਹੋਈ। ਉਹ ਇੱਕ ਫੀਲਡ ਹਾਕੀ ਖਿਡਾਰੀ ਅਤੇ ਭਾਰਤ ਰਾਸ਼ਟਰੀ ਫੀਲਡ ਹਾਕੀ ਟੀਮ ਦਾ ਸਾਬਕਾ ਗੋਲਕੀਪਰ ਹੈ। ਇੱਕ ਵਾਰੀ ਮੀਰ ਰੰਜਨ ਨੇਗੀ ਨਾਲ ਸਾਲ 1982 'ਚ ਪਾਕਿਸਤਾਨ ਖਿਲਾਫ ਏਸ਼ੀਅਨ ਕੱਪ ਬਾਰੇ ਵਿਸਥਾਰ ਨਾਲ ਗੱਲ ਹੋਈ, ਜਿਸ ਵਿਚ ਪਾਕਿਸਤਾਨ ਖਿਲਾਫ ਏਸ਼ੀਅਨ ਖੇਡਾਂ ਦੇ ਫਾਈਨਲ 'ਚ 7 ਗੋਲ ਹੋਣ ਕਾਰਨ ਉਨ੍ਹਾਂ (ਨੇਗੀ) ਦੀ ਜ਼ਿੰਦਗੀ ਦਾ ਸਭ ਤੋਂ ਵੱਡਾ ਕਾਲਾ ਦਿਨ ਸੀ।

ਉਨ੍ਹਾਂ ਨੇ ਦੱਸਿਆ ਕਿ ਇਸ ਵਿਚ ਮੇਰਾ ਰੱਤੀ ਭਰ ਵੀ ਕੋਈ ਕਸੂਰ ਨਹੀਂ ਸੀ। ਮੈਨੂੰ ਗੱਦਾਰ ਘੋਸ਼ਿਤ ਕੀਤਾ ਗਿਆ। ਉਸ ਦੇ ਜੱਦੀ ਸ਼ਹਿਰ ਇੰਦੌਰ ਵਿਚ ਉਸ ਦੇ ਘਰ ਦੀਆਂ ਬਾਰੀਆਂ ਦੇ ਸ਼ੀਸ਼ੇ ਤੋੜ ਦਿੱਤੇ। ਘਰ ਦੀਆਂ ਕੰਧਾਂ 'ਤੇ ਗੱਦਾਰ ਲਿਖਿਆ ਗਿਆ। ਆਪਣੀ ਪਤਨੀ ਨਾਲ ਮੁੰਬਈ ਦੇ ਇਕ ਰੈਸਟੋਰੈਂਟ ਵਿਚ ਖਾਣਾ ਖਾਣ ਗਿਆ ਤਾਂ ਉਥੋਂ ਦੇ ਮਾਲਕਾਂ ਨੂੰ ਪਤਾ ਲੱਗਿਆ ਕਿ ਇਹ ਓਹੀ ਮੀਰ ਰੰਜਨ ਨੇਗੀ ਹੈ, ਜਿਸ ਦੇ ਕਾਰਨ ਇੰਡੀਆ ਹਾਰ ਗਿਆ, ਤਾਂ ਰੈਸਟੋਰੈਂਟ ਅੰਦਰ ਦਾਖਲ ਹੋਣ ਤੋਂ ਸਾਫ ਮਨ੍ਹਾਂ ਕਰ ਦਿੱਤਾ। ਨੇਗੀ ਅਨੁਸਾਰ ਉਸ ਨੇ ਬਹੁਤ ਨਾਮੋਸ਼ੀ ਭਰੇ ਦਿਨ ਗੁਜ਼ਾਰੇ ਅਤੇ ਲੋਕਾਂ ਦੇ ਫਿਕਰੇ ਸਹੇ, ਪਰ ਹਿੰਮਤ ਨਹੀਂ ਹਾਰੀ ਆਪਣੇ ਮੱਥੇ ਉਤੇ ਲੱਗੇ ਕਲੰਕ ਨੂੰ 16 ਸਾਲ ਬਾਅਦ ਧੋਤਾ ਤੇ ਸਾਬਤ ਕੀਤਾ ਕਿ ਮੈਂ ਗੱਦਾਰ ਨਹੀਂ ਹਾਂ।

ਦੁਨੀਆਂ ਦੇ ਬਿਹਤਰੀਨ ਗੋਲਕੀਪਰਾਂ 'ਚੋਂ ਮੀਰ ਰੰਜਨ ਨੇਗੀ ਇਕ ਸੀ। ਸਾਲ 1982 'ਚ ਪਾਕਿਸਤਾਨ ਖਿਲਾਫ ਏਸ਼ੀਅਨ ਖੇਡਾਂ ਦੇ ਫਾਈਨਲ 'ਚ 7 ਗੋਲ ਹੋਣ ਕਾਰਨ ਉਸ ਦੀ ਕਾਫੀ ਆਲੋਚਨਾ ਹੋਈ ਸੀ। 16 ਸਾਲ ਬਾਅਦ ਉਸ ਨੂੰ ਮਹਿਲਾ ਹਾਕੀ ਟੀਮ ਦੇ ਕੋਚ ਦੇ ਰੂਪ 'ਚ ਮੈਦਾਨ 'ਚ ਵਾਪਸੀ ਕੀਤੀ ਸੀ, ਉਸ ਦੀ ਅਗਵਾਈ 'ਚ ਮਹਿਲਾ ਟੀਮ ਨੇ ਸਾਲ 1998 ਦੇ ਏਸ਼ੀਅਨ ਖੇਡ 'ਚ ਗੋਲਡ ਮੈਡਲ ਜਿੱਤਿਆ ਸੀ। ਨੇਗੀ ਦੇ ਜੀਵਨ ਦੀ ਇਸ ਘਟਨਾ ਨਾਲ ਪ੍ਰਭਾਵਿਤ ਕਿਰਦਾਰ ਫਿਲਮ 'ਚੱਕ ਦੇ ਇੰਡੀਆ' 'ਚ ਦਿਖਾਇਆ ਗਿਆ ਸੀ। ਸ਼ਾਹਰੁਖ ਖਾਨ ਨੇ ਨੇਗੀ ਦੇ ਕਿਰਦਾਰ ਨੂੰ ਬਾਖੂਬੀ ਨਿਭਾਇਆ ਸੀ।


ਬਲਬੀਰ ਸਿੰਘ ਸੀਨੀਅਰ ਭਾਰਤੀ ਹਾਕੀ ਟੀਮ ਦਾ ਮੈਨੇਜਰ ਤੇ ਮੁੱਖ ਕੋਚ ਸੀ ਤੇ ਬਲਬੀਰ ਸਿੰਘ ਜੂਨੀਅਰ ਉਸ ਦਾ ਸਹਾਇਕ ਸੀ। ਬਲਬੀਰ ਸਿੰਘ ਹੋਰੀਂ ਮੀਡੀਏ ਨੂੰ ਕਹਿ ਚੁਕੇ ਸਨ ਕਿ ਐਤਕੀਂ ਗੋਲਡ ਮੈਡਲ ਸਾਡਾ ਹੈ।

ਉੱਦਣ ਨੈਸ਼ਨਲ ਸਟੇਡੀਅਮ ਦੇ ਦਰਾਂ ਮੂਹਰੇ ਧੱਕਾ ਪੈ ਰਿਹਾ ਸੀ। ਟਿਕਟਾਂ ਦੀ ਬਲੈਕ ਜ਼ੋਰਾਂ ਉਤੇ ਸੀ। ਜਿਹੜੇ ਅੰਦਰ ਨਹੀਂ ਸਨ ਜਾ ਸਕੇ, ਉਹ ਟੀ. ਵੀ. ਮੂਹਰੇ ਜਾ ਬੈਠੇ ਸਨ। ਭਾਰਤ ਵਾਸੀਆਂ ਨੂੰ ਆਪਣੇ ਦੇਸ਼ ਵਿਚ ਹੋ ਰਿਹਾ ਹਾਕੀ ਦਾ ਫਾਈਨਲ ਮੈਚ ਜਿੱਤ ਲੈਣ ਦੀ ਪੂਰੀ ਆਸ ਸੀ। ਲੱਖਾਂ ਰੁਪਿਆਂ ਦੀਆਂ ਸ਼ਰਤਾਂ ਲੱਗੀਆਂ ਹੋਈਆਂ ਸਨ। ਭਾਰਤੀ ਟੀਮ ਨੇ ਪੰਜ ਮੈਚਾਂ ਵਿਚ ਚੁਤਾਲੀ ਗੋਲ ਕੀਤੇ ਸਨ ਤੇ ਉਹਦੇ ਉਲਟ ਸਿਰਫ ਤਿੰਨ ਗੋਲ ਹੋਏ ਸਨ। ਪਾਕਿਸਤਾਨੀ ਵੀ ਉਡਣੇ ਸੱਪ ਸਨ। ਉਨ੍ਹਾਂ ਨੇ ਚਾਰ ਮੈਚਾਂ ਵਿਚ ਤੀਹ ਗੋਲ ਕਰ ਕੇ ਆਪਣੇ ਸਿਰ ਇਕੋ ਗੋਲ ਹੋਣ ਦਿੱਤਾ ਸੀ।

ਮੈਚ ਸ਼ੁਰੂ ਹੋਣ ਤੋਂ ਇੱਕ ਘੰਟਾ ਪਹਿਲਾਂ ਹੀ ਸਾਰਾ ਸਟੇਡੀਅਮ ਕੰਢਿਆਂ ਤਕ ਭਰ ਗਿਆ ਸੀ। ਉੱਦਣ ਸੁਰੱਖਿਆ ਪ੍ਰਬੰਧ ਏਨੇ ਕਰੜੇ ਸਨ ਕਿ ਗਾਰਡਾਂ ਨੇ ਪੱਤਰ ਪ੍ਰੇਰਕਾਂ ਦੀਆਂ ਫਾਈਲਾਂ ਵੀ ਤਿੰਨ ਤਿੰਨ ਥਾਂਈਂ ਫੋਲੀਆਂ। ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ, ਉਪ ਰਾਸ਼ਟਰਪਤੀ ਮੁਹੰਮਦ ਹਦਾਇਤੁੱਲਾ, ਪ੍ਰਧਾਨ ਮੰਤਰੀ ਇੰਦਰਾ ਗਾਂਧੀ ਤੇ ਸਪੀਕਰ ਬਲਰਾਮ ਜਾਖੜ ਸਮੇਤ ਅਨੇਕਾਂ ਮੰਤਰੀ ਤੇ ਮੋਹਤਬਰ ਸੱਜਣ ਵਿਸ਼ੇਸ਼ ਵਿਅਕਤੀਆਂ ਵਾਲੀਆਂ ਸੀਟਾਂ 'ਤੇ ਬਿਰਾਜਮਾਨ ਸਨ। ਅਦਾਕਾਰ ਅਮਿਤਾਭ ਬੱਚਨ ਦਰਸ਼ਕਾਂ ਦਾ ਧਿਆਨ ਬਦੋਬਦੀ ਖਿੱਚ ਰਿਹਾ ਸੀ। ਹਰਿਆਣੇ ਦਾ ਮੁੱਖ ਮੰਤਰੀ ਭਜਨ ਲਾਲ ਵੀ ਬੈਠਾ ਹੋਇਆ ਸੀ।

ਮੈਚ ਸ਼ੁਰੂ ਹੋਇਆ ਤਾਂ ਪੌੜੀਆਂ ਤਿਰੰਗੇ ਝੰਡੇ ਤੇ ਝੰਡੀਆਂ ਨਾਲ ਰੰਗੀਆਂ ਪਈਆਂ ਸਨ। ਸਟੈਂਡਾਂ ਉਤੇ ਦਰਸ਼ਕਾਂ ਦੀ ਹੱਲਾਸ਼ੇਰੀ ਤੇ ਬੱਲੇ ਬੱਲੇ ਦਾ ਏਨਾ ਸ਼ੋਰ ਸੀ, ਜਿਵੇਂ ਸਟੇਡੀਅਮ 'ਚ ਭੁਚਾਲ ਆ ਗਿਆ ਹੋਵੇ। ਜਦੋਂ ਭਾਰਤੀ ਖਿਡਾਰੀ ਗੇਂਦ ਲੈ ਕੇ ਪਾਕਿਸਤਾਨ ਦੀ ਡੀ ਵੱਲ ਵੱਧਦੇ ਤਾਂ ਝੰਡੀਆਂ ਉੱਚੀਆਂ ਹੋ ਜਾਂਦੀਆਂ ਤੇ ਸ਼ੋਰ ਦੀਆਂ ਲਹਿਰਾਂ ਅੰਬਰੀਂ ਜਾ ਚੜ੍ਹਦੀਆਂ। ਸ਼ੁਰੂ ਵਿਚ ਭਾਰਤੀ ਟੀਮ ਖੇਡੀ ਵੀ ਬਹੁਤ ਚੜ੍ਹ ਕੇ। ਜਦੋਂ ਚੌਥੇ ਹੀ ਮਿੰਟ 'ਚ ਭਾਰਤੀ ਟੀਮ ਦੇ ਕਪਤਾਨ ਜ਼ਫਰ ਇਕਬਾਲ ਨੇ ਗੋਲ ਕੀਤਾ ਤਾਂ ਹਜ਼ਾਰਾਂ ਕਿਲਕਾਰੀਆਂ ਗੂੰਜੀਆਂ। ਇਥੋਂ ਤਕ ਕਿ ਕਈ ਦਰਸ਼ਕ ਖੁਸ਼ੀ ਵਿਚ ਇੱਕ-ਦੂਜੇ ਉਤੇ ਡਿੱਗੇ। ਭਾਰਤੀ ਟੀਮ ਦੀ ਚੜ੍ਹਤ ਸੋਲਾਂ ਮਿੰਟ ਤਕ ਬਰਕਰਾਰ ਰਹੀ। ਜਿੰਨੀ ਹੱਲਾਸ਼ੇਰੀ ਉਹਨੂੰ ਦਰਸ਼ਕਾਂ ਵੱਲੋਂ ਮਿਲੀ, ਘੱਟ ਹੀ ਕਿਸੇ ਟੀਮ ਨੂੰ ਮਿਲੀ ਹੋਵੇਗੀ।

ਸਤਾਰਵੇਂ ਮਿੰਟ 'ਚ ਕਲੀਮਉੱਲਾ ਨੇ



ਅਚਾਨਕ ਹੀ ਗੋਲ ਲਾਹਿਆ ਤਾਂ ਪੌੜੀਆਂ ਉਤਲਾ ਸ਼ੋਰ-ਓ-ਗੁਲ ਇੱਕ ਦਮ ਸੌਂ ਗਿਆ ਤੇ ਭਾਰਤੀ ਟੀਮ ਦੀ ਜਿਵੇਂ ਫੂਕ ਈ ਨਿਕਲ ਗਈ। ਉਨੀਵੇਂ ਮਿੰਟ 'ਚ ਪਾਕਿਸਤਾਨ ਦੀ ਟੀਮ ਨੇ ਇੱਕ ਹੋਰ ਗੋਲ ਕੀਤਾ ਤਾਂ ਜਾਣੋ ਦਰਸ਼ਕ ਉਕਾ ਹੀ ਮਸੋਸੇ ਗਏ।

ਜਿਵੇਂ ਜਿਵੇਂ ਮੈਚ ਅੱਗੇ ਵਧਿਆ, ਪਾਕਿਸਤਾਨੀ ਖਿਡਾਰੀ ਹੋਰ ਚੜ੍ਹਦੇ ਗਏ। ਭਾਰਤ ਦਾ ਗੋਲਕੀਪਰ ਮੀਰ ਰੰਜਨ ਨੇਗੀ ਅੱਗੇ ਵਧ ਕੇ ਗੇਂਦ ਰੋਕਣ ਦੀ ਕੋਸ਼ਿਸ਼ ਕਰਦਾ, ਪਰ ਡਾਜ ਖਾ ਜਾਂਦਾ ਤੇ ਗੋਲ ਕਰਾ ਬਹਿੰਦਾ। ਪਾਕਿਸਤਾਨੀ ਟੀਮ ਨੇ ਉਤੋੜਿਤੀ ਸੱਤ ਗੋਲ ਕੀਤੇ ਤੇ ਭਾਰਤੀ ਟੀਮ ਨੂੰ ਉਹਦੇ ਹੀ ਘਰ ਉਹਦੇ ਹਮਾਇਤੀਆਂ ਦੇ ਸਾਹਮਣੇ ਏਨੀ ਨਮੋਸ਼ੀ ਭਰੀ ਹਾਰ ਦਿੱਤੀ ਕਿ ਭਾਰਤੀ ਖਿਡਾਰੀਆਂ ਦੇ ਆਉਸਾਨ ਹੀ ਮਾਰੇ ਗਏ। ਗੋਲਕੀਪਰ ਨੇਗੀ ਨੂੰ ਦਰਸ਼ਕਾਂ ਦੇ ਤਾਅਨੇ-ਮਿਹਣੇ ਸੁਣਨੇ ਪਏ ਤੇ ਭਾਰਤੀ ਖਿਡਾਰੀ ਚੋਰਾਂ ਵਾਂਗ ਸਟੇਡੀਅਮ 'ਚੋਂ ਅਲੋਪ ਹੋਏ। ਮੁੱਖ ਕੋਚ ਬਲਬੀਰ ਸਿੰਘ ਕਿੰਨੀ ਹੀ ਦੇਰ ਡੌਰ ਭੌਰਾ ਬੈਂਚ ਉਤੇ ਬੈਠਾ ਰਿਹਾ ਜਿਵੇਂ ਖੌਫਨਾਕ ਸੁਫਨਾ ਵੇਖਿਆ ਹੋਵੇ। ਦੂਜੇ ਪਾਸੇ ਪਾਕਿਸਤਾਨੀ ਖਿਡਾਰੀ ਜਿੱਤ ਦੇ ਜਸ਼ਨ ਮਨਾਉਂਦੇ ਮੈਦਾਨ ਵਿਚ ਮੇਲ੍ਹਦੇ ਤੇ ਮੁਸਕਣੀਆਂ ਵੰਡਦੇ ਫਿਰੇ।

ਇਸ ਤੱਥ ਦਾ ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਪਾਕਿਸਤਾਨ ਦੀ ਜਿਹੜੀ ਟੀਮ ਦਿੱਲੀ ਦੇ ਨੈਸ਼ਨਲ ਸਟੇਡੀਅਮ ਵਿਚ ਭਾਰਤੀ ਟੀਮ ਨੂੰ 7-1 ਗੋਲਾਂ ਦੇ ਵੱਡੇ ਫਰਕ ਨਾਲ ਹਰਾ ਗਈ ਸੀ, ਉਹ ਕੁਝ ਹੀ ਦਿਨਾਂ ਮਗਰੋਂ ਆਸਟ੍ਰੇਲੀਆ ਦੇ ਇੱਕ ਕੌਮਾਂਤਰੀ ਟੂਰਨਾਮੈਂਟ ਵਿਚ ਭਾਰਤ ਦੀ ਟੀਮ ਹੱਥੋਂ ਹਾਰ ਗਈ ਸੀ; ਪਰ ਜੋ ਕਲੰਕ ਭਾਰਤੀ ਟੀਮ ਨੇ ਏਸ਼ਿਆਈ ਖੇਡਾਂ ਵਿਚ ਖੱਟਿਆ ਸੀ, ਉਹ ਧੋਤਾ ਨਾ ਜਾ ਸਕਿਆ। ਗੋਲਕੀਪਰ ਮੀਰ ਰੰਜਨ ਨੇਗੀ ਦੇ ਸ਼ਹਿਰ ਇੰਦੌਰ ਤੇ ਮੁੰਬਈ ਵਿਚ ਵੀ ਉਸ ਦੀ ਬੇਇੱਜ਼ਤੀ ਕੀਤੀ ਗਈ। ਕਈਆਂ ਨੇ ਤਾਂ ਇਥੋਂ ਤਕ ਦੋਸ਼ ਲਾ ਦਿੱਤੇ ਕਿ ਉਸ ਨੇ ਗੋਲ ਕਰਾਉਣ ਦੇ ਪਾਕਿਸਤਾਨੀਆਂ ਤੋਂ ਪੈਸੇ ਲਏ ਸਨ। ਨੇਗੀ ਆਪਣੀ ਖੇਡ ਹੱਥੋਂ ਪਹਿਲਾਂ ਹੀ ਪ੍ਰੇਸ਼ਾਨ ਸੀ। ਅਜਿਹੇ ਦੋਸ਼ ਸੁਣ ਕੇ ਉਹਦੀ ਜੋ ਹਾਲਤ ਹੋਈ ਹੋਵੇਗੀ, ਉਹਦਾ ਦੁੱਖ ਉਹੀ ਜਾਣਦਾ ਸੀ।

ਨੇਗੀ ਚਾਹੁੰਦਾ ਸੀ ਕਿ ਉਹ ਆਪਣੇ ਉਤੇ ਲੱਗਾ ਕਲੰਕ ਕਿਸੇ ਤਰ੍ਹਾਂ ਧੋ ਸਕੇ। ਆਖਰ ਇਹ ਬਿਧ 1998 ਦੀਆਂ ਏਸ਼ਿਆਈ ਖੇਡਾਂ ਸਮੇਂ ਬਣੀ। ਉਹ ਭਾਰਤੀ ਹਾਕੀ ਟੀਮ ਦਾ ਕੋਚ ਬਣਿਆ ਤੇ ਭਾਰਤੀ ਟੀਮ ਨੇ ਪਾਕਿਸਤਾਨ ਦੀ ਟੀਮ ਨੂੰ ਹਰਾ ਕੇ ਹਾਕੀ ਦਾ ਗੋਲਡ ਮੈਡਲ ਜਿੱਤ ਲਿਆ। ਨੇਗੀ ਉਤੇ ਦੇਸ਼ ਦੀ ਹਾਕੀ ਟੀਮ ਨਾਲ ਗੱਦਾਰੀ ਕਰਨ ਦੀਆਂ ਜੋ ਤੋਹਮਤਾਂ ਲਾਈਆਂ ਗਈਆਂ ਸਨ, ਉਸ ਦਾ ਜਵਾਬ ਉਸ ਨੇ ਦੇਸ਼ ਦੀ ਹਾਕੀ ਟੀਮ ਨੂੰ ਜਿਤਾ ਕੇ ਦਿੱਤਾ। ਫਿਲਮ 'ਚੱਕ ਦੇ ਇੰਡੀਆ' ਦੀ ਕਹਾਣੀ ਵੀ ਇਹੋ ਹੈ। ਫਿਲਮ ਦਾ ਹੀਰੋ ਸ਼ਾਹਰੁਖ ਖਾਨ ਵੀ ਭਾਰਤੀ ਟੀਮ ਦਾ ਗੋਲਚੀ ਬਣ ਕੇ ਗੋਲ ਕਰਵਾ ਬੈਠਦਾ ਹੈ। ਉਹਦੇ ਉਤੇ ਊਜਾਂ ਲੱਗਦੀਆਂ ਹਨ। ਫਿਰ ਉਹ ਭਾਰਤੀ ਕੁੜੀਆਂ ਦੀ ਹਾਕੀ ਟੀਮ ਦਾ ਕੋਚ ਬਣ ਕੇ ਟੀਮ ਨੂੰ ਵਰਲਡ ਕੱਪ ਜਿਤਾਉਂਦਾ ਹੋਇਆ ਉਨ੍ਹਾਂ ਊਜਾਂ ਦਾ ਜਵਾਬ ਦਿੰਦਾ ਹੈ। ਉਸ ਨੂੰ ਗੱਦਾਰ ਕਹਿਣ ਵਾਲੇ ਸਮਝ ਜਾਂਦੇ ਹਨ ਕਿ ਉਹ ਦੇਸ਼ ਦਾ ਗੱਦਾਰ ਨਹੀਂ, ਸਗੋਂ ਅਸਲੀ ਦੇਸ਼ ਭਗਤ ਹੈ।

ਫਿਲਮ 'ਚੱਕ ਦੇ ਇੰਡੀਆ' ਨੇ ਭਾਰਤੀ ਲੋਕਾਂ ਦੇ ਕੌਮੀ ਜਜ਼ਬੇ ਨੂੰ ਜਿੰਨਾ ਉਭਾਰਿਆ, ਉਹਦਾ ਹਾਂ ਪੱਖੀ ਨਤੀਜਾ ਨਿਕਲਿਆ।

ਮੀਰ ਰੰਜਨ ਨੇਗੀ ਇੱਕ ਫੀਲਡ ਹਾਕੀ ਖਿਡਾਰੀ ਅਤੇ ਭਾਰਤ ਰਾਸ਼ਟਰੀ ਫੀਲਡ ਹਾਕੀ ਟੀਮ ਦਾ ਸਾਬਕਾ ਗੋਲਕੀਪਰ ਹੈ। ਉਹ 2007 ਦੀ ਹਿੱਟ ਫਿਲਮ 'ਚੱਕ ਦੇ ਇੰਡੀਆ' ਦੇ ਵਿਕਾਸ ਵਿਚ ਸ਼ਾਮਲ ਸੀ। ਉਸ ਦੇ ਪੁਰਖਿਆਂ ਦਾ ਸਬੰਧ ਜਿਲਾ ਅਲਮੋੜਾ, ਉਤਰਾਖੰਡ ਨਾਲ ਸੀ। ਜਨਮ 1958 ਵਿਚ ਪਿਤਾ ਪੂਰਨ ਸਿੰਘ ਨੇਗੀ ਤੇ ਮਾਤਾ ਸਰਸਵਤੀ ਨੇਗੀ ਦੇ ਘਰ ਜੱਬਲਪੁਰ (ਮੱਧ ਪ੍ਰਦੇਸ਼) ਵਿਚ ਹੋਇਆ ਸੀ। ਮੀਰ ਰੰਜਨ ਨੇਗੀ ਅਨੁਸਾਰ ਉਸ ਦੇ ਪਰਿਵਾਰ ਵਿਚ ਕੋਈ ਵੀ ਮੈਂਬਰ ਹਾਕੀ ਨਹੀਂ ਖੇਡਦਾ ਸੀ। ਉਸ ਨੇ 13 ਸਾਲ ਦੀ ਉਮਰ ਵਿਚ ਹਾਕੀ ਖੇਡਣੀ ਸ਼ੁਰੂ ਕੀਤੀ। ਪਿਤਾ ਇੱਕ ਸਕੂਲ ਅਧਿਆਪਕ ਸਨ। ਮੈਟ੍ਰਿਕ ਉਥੋਂ ਹੀ ਕੀਤੀ।

ਮੀਰ ਰੰਜਨ ਨੇਗੀ ਨੇ ਵਿਗਿਆਨ ਦੀ ਪੜ੍ਹਾਈ ਵਿਚ (ਬੀ. ਐੱਸਸੀ) ਕੀਤੀ। ਫਿਰ (ਐਮ. ਏ.) ਅੰਗਰੇਜ਼ੀ ਸਾਹਿਤ ਵਿਚ ਕੀਤੀ। ਭੋਪਾਲ ਕਾਫੀ ਸਮਾਂ ਹਾਕੀ ਖੇਡੀ। ਜਿੱਥੋਂ ਭਾਰਤੀ ਹਾਕੀ ਟੀਮ ਲਈ ਚੋਣ ਹੋ ਗਈ ਤੇ ਮੁੰਬਈ ਚਲੇ ਗਏ। ਵਿਆਹ ਵਨੀਤਾ ਨਾਲ ਹੋਇਆ ਤੇ ਦੋ ਪੁੱਤਰਾਂ ਦਾ ਜਨਮ ਹੋਇਆ। ਛੋਟੇ ਬੇਟੇ ਅਭੀ ਦਾ ਐਕਸੀਡੈਂਟ ਹੋ ਗਿਆ ਤੇ ਉਹ ਸਦੀਵੀ ਵਿਛੋੜਾ ਦੇ ਗਿਆ। ਉਸ ਦੀ ਯਾਦ ਵਿਚ ਨੇਗੀ ਨੇ ਮੁੰਬਈ ਅਭੀਰੰਜਨ ਫਾਉਂਡੇਸ਼ਨ ਖੋਲ੍ਹੀ ਹੋਈ ਹੈ। ਜਿਥੇ ਲੜਕੇ-ਲੜਕੀਆਂ ਨੂੰ ਵਧੀਆ ਖਿਡਾਰੀ ਬਣਾ ਕੇ ਉਨ੍ਹਾਂ ਦੀ ਪ੍ਰਤਿਭਾ ਨੂੰ ਹੋਰ ਵੀ ਤਰਾਸ਼ਿਆ ਜਾਂਦਾ ਹੈ।

ਦੂਜਾ ਬੇਟਾ ਨੀਲੇਸ ਨੇਗੀ ਵੀ ਵਧੀਆ ਹਾਕੀ ਦਾ ਖਿਡਾਰੀ ਰਿਹਾ ਹੈ। ਇੰਦੌਰ ਦੇ ਇੱਕ ਵੱਡੇ ਸਕੂਲ ਵਿਚ ਪ੍ਰਸ਼ਾਸਕੀ ਅਹੁਦੇ 'ਤੇ ਕੰਮ ਕਰ ਰਿਹਾ ਹੈ। ਇਹ ਵੀ ਆਪਣੇ ਜੱਦੀ ਸ਼ਹਿਰ ਇੰਦੌਰ ਵਿਚ ਆਪਣੀ ਪਤਨੀ ਨਾਲ ਅਰਾਮਦਾਇਕ ਜ਼ਿੰਦਗੀ ਗੁਜ਼ਾਰ ਰਹੇ ਹਨ। ਇਹ ਕਈ ਬਾਲੀਵੁੱਡ ਹਿੰਦੀ ਫਿਲਮਾਂ 'ਸੁਬੇਰਾਉ ਘਾਮ', 'ਚੱਕ ਦੇ ਇੰਡੀਆ' 'ਚ ਕੰਮ ਕਰਨ ਦੇ ਨਾਲ-ਨਾਲ ਟੈਲੀਵਿਜ਼ਨ ਸ਼ੋਅ 'ਝਲਕ ਦਿਖਲਾ ਜਾ' ਵਿਚ ਭਾਗ ਲੈ ਚੁਕੇ ਹਨ।

ਰੰਜਨ ਨੇਗੀ ਦੀ ਜ਼ਿੰਦਗੀ 'ਤੇ ਯਸ਼ ਰਾਜ ਬੈਨਰ ਵੱਲੋਂ 'ਚੱਕ ਦੇ ਇੰਡੀਆ' ਫਿਲਮ ਦਾ ਨਿਰਮਾਣ ਕੀਤਾ ਗਿਆ, ਜਿਸ ਵਿਚ ਰੰਜਨ ਨੇਗੀ ਨੇ ਸ਼ਾਹਰੁਖ ਖਾਨ ਸਮੇਤ ਸਾਰੀ ਫਿਲਮ ਵਿਚ ਕੰਮ ਕਰ ਰਹੀਆਂ ਅਦਾਕਾਰਾਂ ਨੂੰ ਹਾਕੀ ਦੀ ਸਿਖਲਾਈ ਦਿੱਤੀ। ਉਹ ਪੂਰਾ ਡੇਢ ਸਾਲ ਇਸ ਫਿਲਮ ਦੇ ਪ੍ਰਾਜੈਕਟ ਨਾਲ ਜੁੜੇ ਰਹੇ। ਦੋ ਮਹੀਨੇ ਫਿਲਮ ਦੀ ਸ਼ੂਟਿੰਗ ਦੌਰਾਨ ਪੂਰੀ ਯੂਨਿਟ ਨਾਲ ਆਸਟ੍ਰੇਲੀਆ ਵਿਚ ਰਹੇ। ਉਸ ਨੇ ਫਿਲਮ ਵਿਚ ਸ਼ਾਹਰੁਖ ਖਾਨ ਦੇ ਕੋਚ ਦਾ ਵੀ ਛੋਟੇ ਜਿਹਾ ਕਿਰਦਾਰ ਨਿਭਾਇਆ ਹੈ। ਰੰਜਨ ਨੇਗੀ ਹਾਕੀ ਦੇ ਕੋਚ ਦਾ ਕਿਰਦਾਰ ਸ਼ਾਹਰੁਖ ਖਾਨ ਨੇ ਬਾਖੂਬੀ ਨਿਭਾਇਆ ਹੈ। ਨੇਗੀ ਅਨੁਸਾਰ ਐਨੀ ਸ਼ਿੱਦਤ ਨਾਲ ਸਿਰਫ ਸ਼ਾਹਰੁਖ ਖਾਨ ਹੀ ਉਹ ਕਿਰਦਾਰ ਕਰ ਸਕਦਾ ਸੀ।

ਵਿਅੰਗ

# 'ਅੱਗੇ ਥੋੜਾ ਕੰਮ ਆਂ...!'



ਸ਼ਿਵਚਰਨ ਜੱਗੀ ਕੁੱਸਾ
jaggikussa@yahoo.de

ਜੁੱਤੀਆਂ ਚੱਲਣ ਦੇ ਕਈ ਅੰਦਾਜ਼ ਰਹੇ ਹਨ। ਹਰ ਚੀਜ਼ ਨੂੰ ਚਲਾਉਣ ਦਾ ਢੰਗ ਹੁੰਦਾ ਹੈ! ਇੱਕ ਵਾਰ ਸਾਡੇ ਪਿੰਡ ਵਿੱਚ ਕਾਮਰੇਡਾਂ ਵੱਲੋਂ ਕੋਈ ਡਰਾਮਾ ਖੇਡਿਆ ਜਾ ਰਿਹਾ ਸੀ। ਪਿੰਡ ਦੇ ਕੁਝ ਲੋਕਾਂ ਦੀ ਦਾਰੂ ਪੀਤੀ ਹੋਈ ਸੀ। ਮੈਨੂੰ ਉਮੀਦ ਹੈ ਕਿ ਮੇਰੇ ਮਾਲਵੇ ਦੇ ਲੋਕ ਸ਼ਾਇਦ ਸਿਰਫ਼ ਮਕਾਣ ਹੀ 'ਸੋਫ਼ੀ' ਜਾਂਦੇ ਹਨ। ਨਹੀਂ ਕੋਈ ਕਿੱਤਾ ਐਹੋ ਜਿਹਾ ਨਹੀਂ ਹੋਣਾਂ, ਜਿੱਥੇ ਮਲਵਈ ਦਾਰੂ ਨਹੀਂ ਪੀਂਦੇ! ਕਿਸੇ ਗੱਲ ਤੋਂ ਸ਼ਰਾਬੀ ਬੰਦੇ ਡਰਾਮਾ ਦੇਖਦੇ-ਦੇਖਦੇ ਆਪਸ ਵਿੱਚ ਖਹਿਬੜ ਪਏ। ਦੁਨੀਆਂ ਖਿੰਡ ਗਈ। ਧੂਤਕੜਾ ਪੈਣ ਸਾਰ ਡਰਾਮਾਕਾਰੀ ਵੀ ਸਟੇਜ਼ ਵਿਹਲੀ ਕਰ ਗਏ। ਸਟੇਜ਼ 'ਤੇ ਮਿੱਟੀ ਦੇ ਤੇਲ ਦਾ ਇੱਕ ਗੈਸ ਜਗੀ ਜਾ ਰਿਹਾ ਸੀ। ਉਦੋਂ ਪਿੰਡਾਂ ਵਿਚ ਬਿਜਲੀ ਨਹੀਂ ਆਈ ਸੀ। ਸਟੇਜ਼ਾਂ 'ਤੇ ਚਾਨਣ ਕਰਨ ਲਈ ਗੈਸ ਨਾਲ਼ ਹੀ ਕੰਮ ਚਲਾਇਆ ਜਾਂਦਾ ਸੀ। ਇੱਕ ਅਮਲੀ ਨੇ ਆਪਣੀ ਜੁੱਤੀ 'ਚ ਰੋੜਾ ਪਾ ਕੇ ਗੈਸ ਵੱਲ ਨੂੰ ਚਲਾਇਆ ਤੇ ਬਣਾ ਸੁਆਰ ਕੇ ਕਹਿੰਦਾ, 'ਜਲਸੇ ਆਲ਼ੇ ਤਾਂ ਤਿੱਤਰ ਹੋ'ਗੇ, ਤੇ ਆਹ ਫੇਰੇ ਦੇਣਾ 'ਕੱਲਾ ਈ ਜਗੀ ਜਾਂਦੈ..?' ਜੁੱਤੀ 'ਚ ਪਾਏ ਰੋੜੇ ਨਾਲ਼ ਗੈਸ ਖੱਖੜੀਆਂ ਹੋ ਗਿਆ ਸੀ।

ਇਸੇ ਤਰ੍ਹਾਂ ਹੀ ਮੈਂ ਰੋਡਵੇਜ਼ ਦੀ ਲਾਰੀ ਵਿੱਚ ਛਿੱਤਰ-ਪਰੇਡ ਹੁੰਦੀ ਦੇਖੀ। ਉਦੋਂ ਮੈਂ ਡੀ. ਐੱਮ. ਕਾਲਜ ਮੋਗੇ ਪੜ੍ਹਦਾ ਸੀ। ਅਸੀਂ ਬੌਡਿਆਂ ਤੋਂ ਬੱਸ ਫ਼ੜ ਕੇ ਮੋਗੇ ਆਉਂਦੇ ਹੁੰਦੇ ਸੀ। ਸਾਡੇ ਪਿੰਡ ਅਜੇ ਬੱਸ ਨਹੀਂ ਆਉਣ ਲੱਗੀ ਸੀ। ਜੇ ਕਦੇ ਕਦਾਈਂ ਕੋਈ ਆਉਂਦੀ ਵੀ ਸੀ ਤਾਂ ਲੋਕ ਉਸ ਦੀ ਇਉਂ ਉਡੀਕ ਕਰਦੇ, ਜਿਵੇਂ ਕਰਵਾ ਚੌਥ ਦਾ ਵਰਤ ਰੱਖੀ ਬੀਬੀਆਂ ਰਾਤ ਨੂੰ 'ਅਰਘ' ਦੇਣ ਲਈ ਚੰਦਰਮਾਂ ਦੀ ਉਡੀਕ ਕਰਦੀਐਂ! ਮੋਗੇ ਦੇ ਬੱਸ ਸਟੈਂਡ 'ਤੇ ਖੜ੍ਹੀਆਂ ਬੱਸਾਂ ਵਿੱਚ ਇੱਕ ਬੰਦਾ ਇੱਕ-ਇੱਕ ਰੁਪਈਏ ਦੀ ਜਲਧਾਰੇ ਦੀ ਸ਼ੀਸ਼ੀ ਵੇਚਦਾ ਹੁੰਦਾ ਸੀ। ਇੱਕ ਰੁਪਈਏ ਦੀ ਇਸ ਸ਼ੀਸ਼ੀ ਦੇ ਗੁਣ ਜਦ ਉਹ ਦੱਸਣ ਲੱਗਦਾ, ਤਾਂ ਲੋਕ ਉਸ ਦੇ ਇੰਜ ਕਾਇਲ ਹੋ ਜਾਂਦੇ, ਜਿਵੇਂ ਉਹ ਲੰਡਨ ਦਾ ਕਿੰਗ ਜੌਰਜ ਹਸਪਤਾਲ਼ ਨਾਲ਼ ਹੀ ਚੁੱਕੀ ਫ਼ਿਰਦਾ ਹੋਵੇ। ਸ਼ੀਸ਼ੀ ਦੇ ਗੁਣਾਂ ਵਿੱਚ ਇਹ ਵੀ ਸ਼ਾਮਲ ਸੀ ਕਿ ਜੇ ਕਿਤੇ ਰਾਤ ਬਰਾਤੇ ਕਿਸੇ ਦੇ ਕੱਟਰੂ-ਵੱਛਰੂ ਨੂੰ ਅਫ਼ਰੇਵਾਂ ਹੋ ਜਾਵੇ, ਤਾਂ ਪਸ਼ੂ ਦੀ ਅੱਖ ਵਿੱਚ ਇੱਕ ਤੁਪਕਾ 'ਜਲਧਾਰੇ' ਦਾ ਪਾਓ! ਅਫ਼ਰੇਵਾਂ ਖ਼ਤਮ ਹੋ ਜਾਵੇਗਾ। ਖ਼ੈਰ, ਸਾਡੇ ਪਿੰਡ ਦੇ ਧਿਆਨੇ ਨੇ ਉਸ ਸ਼ੀਸ਼ੀ ਦੇ ਵੀਹ-ਪੱਚੀ ਗੁਣ ਸੁਣ ਕੇ ਇੱਕ ਰੁਪਈਆ ਖ਼ਰਚ ਦਿੱਤਾ ਅਤੇ ਜਲਧਾਰੇ ਦੀ ਸ਼ੀਸ਼ੀ ਖ਼ਰੀਦ ਲਈ। ਕੁਦਰਤ ਰੱਬ ਦੀ ਇੱਕ ਦਿਨ ਗੁਆਂਢੀਆਂ ਦੀ ਮੱਝ ਨੂੰ ਸਪਰੇਅ ਵਾਲ਼ਾ ਗੁਆਰਾ ਖਾ ਕੇ ਅਫ਼ਰੇਵਾਂ ਹੋ ਗਿਆ। ਧਿਆਨੇ ਨੇ ਜਦ ਰੌਲ਼ਾ ਜਿਹਾ ਸੁਣਿਆਂ ਤਾਂ ਉਹ ਆਪਣੀ ਸ਼ੀਸ਼ੀ ਗੀਝੇ ਵਿੱਚ ਪਾ ਕੇ ਗੁਆਂਢੀਆਂ ਦੇ ਘਰੇ ਚਲਾ ਗਿਆ।

-'ਕੀ ਗੱਲ ਐ ਭਤੀਜ...?'

-'ਕਾਹਦੀ ਗੱਲ ਐ ਤਾਇਆ..! ਮੱਝ ਨੂੰ 'ਫ਼ਰੇਮਾਂ ਹੋ ਗਿਆ..!' ਗੁਆਂਢੀ ਮੁੰਡੇ ਨੇ ਦੁਖੀ ਜਿਹੇ ਮਨ ਨਾਲ਼ ਦੱਸਿਆ।

-'ਦੁਆਈ ਮੇਰੇ ਕੋਲ਼ੇ ਐ, ਤੁਸੀਂ ਇਹਨੂੰ ਕੇਰਾਂ ਮੂਧੀ ਪਾਓ...!' ਉਸ ਨੇ ਹਕੀਮ ਵਾਂਗ ਕਿਹਾ।

-'ਮੂਧੀ ਪਾਉਣ ਨੂੰ ਕੋਈ ਟੀਕਾ ਟੂਕਾ ਲਾਉਣੈਂ, ਭਾਈ ਜੀ..?' ਮੁੰਡੇ ਦੀ ਮਾਂ ਨੇ ਪੁੱਛਿਆ।

-'ਕਾਹਨੂੰ ਲਾਣੇਦਾਰਨੀਏਂ..! ਤੂੰ ਆਬਦੀਆਂ ਦੁੱਧ ਰਿੜਕਣ ਆਲ਼ੀਆਂ ਗੱਲਾਂ ਨਾ ਕਰ..! ਦੁਆਈ ਇਹਦੀ ਅੱਖ 'ਚ ਪਾਉਣੀਂ ਐਂ..! ਦੇਖੀ ਜਾਈਂ..! ਚੱਕਦੂ ਅੱਖਾਂ ਦੀ ਲਾਲੀ..!' ਉਸ ਨੇ ਗੀਝੇ 'ਚੋਂ ਸ਼ੀਸ਼ੀ ਪਸਤੌਲ ਵਾਂਗ ਬਾਹਰ ਕੱਢੀ।

-'ਫ਼ੇਰ ਮੂਧੀ ਪਾਉਣ ਦੀ ਕੀ ਲੋੜ ਐ ਤਾਇਆ..? ਮੂਧਾ ਤਾਂ ਪਸ਼ੂ ਪਹਿਲਾਂ ਈ ਹੁੰਦੈ..!'

-'ਹਾਂ..! ਇਹ ਗੱਲ ਵੀ ਸਹੀ ਐ..! ਚਲੋ ਫ਼ੇਰ ਇਹਨੂੰ ਟੇਢੀ ਕਰੋ..!'

ਮੁੰਡਿਆਂ ਨੇ ਬਿਮਾਰ ਮੱਝ ਔਖੇ ਸੌਖੇ ਹੋ ਕੇ ਟੇਢੀ ਕਰ ਲਈ।

ਲਾਲਟੈਣ ਦਾ ਚਾਨਣ ਕਰ ਕੇ ਮੱਝ ਦੀ ਅੱਖ ਵਿੱਚ ਜਲਧਾਰਾ ਪਾ ਦਿੱਤਾ ਗਿਆ।

ਪਰ ਕੋਈ ਫ਼ਰਕ ਨਾ ਪਿਆ।

ਮੱਝ ਹੋਰ ਵੀ ਔਖੇ-ਔਖੇ ਸਾਹ ਲੈਣ ਲੱਗ ਪਈ।

-'ਦੇਬੂ..! ਮੱਝ ਤੰਗ ਐ ਭਾਈ..! ਕਿਸੇ ਸਲੋਤਰੀ ਨੂੰ ਬੁਲਾਓ..!' ਦੇਬੂ ਦੀ ਮਾਂ ਚਿੰਤਾ ਵਿਚ ਬੋਲੀ।

-'ਲਾਣੇਦਾਰਨੀਏਂ, ਤੂੰ ਫ਼ਿਕਰ ਕਿਉਂ ਕਰਦੀ ਐਂ...? ਸਲੋਤਰੀ ਨੇ ਆ ਕੇ ਕਿਹੜਾ ਟੂਣਾਂ ਕਰ ਜਾਣੈਂ..? ਦੁਆਈ ਆਪਣੇ ਕੋਲ਼ੇ ਐ..! ਇੱਕ ਵਾਰੀ ਹੋਰ ਚਾੜ੍ਹ ਦਿਆਂਗੇ..!'

-'ਵੇ ਭਾਈ ਉਨ੍ਹਾਂ ਦੀਆਂ ਪੜ੍ਹਾਈਆਂ ਕੀਤੀਆਂ ਹੁੰਦੀਐਂ, ਅਗਲੇ ਮਿੰਟ 'ਚ ਰੋਗ ਬੁੱਝ ਲੈਂਦੇ ਐ..!'

-'ਲੈ ਭੜ੍ਹਾਈਆਂ ਕਰਕੇ ਉਨ੍ਹਾਂ ਕੋਲ਼ੇ ਕਿਹੜਾ ਗਿੱਦੜਸਿੰਗੀ ਆ ਜਾਂਦੀ ਐ..? ਆਹ ਸੈਦੋ ਆਲ਼ਿਆਂ ਦਾ ਲੱਛਾ ਸਾਰੇ ਪਿੰਡ ਜਿੰਨਾਂ 'ਕੱਲਾ ਈ ਪੜ੍ਹ ਗਿਆ..! ਉਹਦਾ ਡਮਾਕ ਹਿੱਲ ਗਿਆ..! ਆਬਦੇ ਬਾਪੂ ਨੂੰ 'ਭਾਅਪਾ' ਈ ਦੱਸਦੈ..! ਗੱਲ ਹੀਰ ਰਾਂਝੇ ਦੀ ਤੁਰੀ ਹੁੰਦੀ ਐ, ਉਹ ਆਬਦਾ ਦਹੂਦ ਸੁਣਾਉਣ ਲੱਗਪੂ..! ਉਏ ਮੁੰਡਿਓ..! ਹੁਣ ਮੈਨੂੰ ਇਹਦੀ ਦੂਜੀ ਅੱਖ 'ਚ ਪਾਉਣ ਦਿਓ ਇੱਕ ਤੁਪਕੀ..! ਦੇਖਿਓ ਕਿਮੇ ਫ਼ੁੱਲ ਮਾਂਗੂੰ ਹੌਲ਼ੀ ਹੁੰਦੀ ਐ..! ਇਹ ਤਾਂ ਦਸਾਂ ਮਿੰਟਾਂ 'ਚ ਸੀਟੀਆਂ ਮਾਰੂ, ਸੀਟੀਆਂ..! ਸੀਸੀ 'ਤੇ ਮੇਰਾ ਕੱਟੇ ਦੇ ਕੰਨ ਅਰਗਾ ਪੂਰਾ ਰੁਪਈਆ ਲਾਇਆ ਵਿਐ..! ਜਿਹੜੇ ਬੱਸਾਂ 'ਚ 'ਪਰਾਟੀਸ' ਕਰਦੇ ਫ਼ਿਰਦੇ ਐ, ਕਿਤੇ ਝੂਠ ਤੁਫ਼ਾਨ ਤਾਂ ਨ੍ਹੀ ਤੋਲਦੇ..! ਕਰੋ ਇਹਨੂੰ ਮਾੜਾ ਜਿਆ ਬੱਤ ਕੇਰਾਂ..! ਫੜ ਬਈ ਇਹਦਾ ਕੰਨ..! ਡਰਦਾ ਕਾਹਤੋਂ ਐਂ..? ਇਹ ਸ਼ਾਟ ਤਾਂ ਨ੍ਹੀ ਮਾਰਦੀ..!' ਮੁੰਡਿਆਂ ਨੇ ਉਸ ਦੇ ਆਖੇ ਲੱਗ ਕੇ ਦੁਆਈ ਮੱਝ ਦੀ ਦੂਜੀ ਅੱਖ ਵਿੱਚ ਵੀ ਪੁਆ ਦਿੱਤੀ। ਪਰ ਰਾਜ਼ੀ ਹੋਣ ਦੀ ਜਗਾਹ ਮੱਝ ਅੱਧੇ ਕੁ ਘੰਟੇ ਬਾਅਦ ਇਸ 'ਫ਼ਾਨੀ ਸੰਸਾਰ' ਨੂੰ 'ਅਲਵਿਦਾ' ਆਖ ਗਈ। ਦਸ ਕਿਲੋ ਦੁੱਧ ਦੇਣ ਵਾਲ਼ੀ ਮੱਝ ਦੇ ਵਿਯੋਗ ਵਿੱਚ ਬੁੜ੍ਹੀ ਦੇ ਪਿੱਟ-ਸਿਆਪਾ ਜਿਹਾ ਕਰਨ 'ਤੇ ਮੁੰਡਿਆਂ ਨੇ ਧਿਆਨਾ ਮੱਝ ਵਾਂਗ ਹੀ ਮੂਧਾ ਪਾ ਲਿਆ ਅਤੇ ਤਕੜੀ ਦੁਰਬੜੀ ਲਾ ਦਿੱਤੀ। ਕੁੱਟ ਖਾ ਕੇ ਸਤਿਆ ਧਿਆਨਾਂ ਅਗਲੇ ਦਿਨ ਮੋਗੇ ਨੂੰ ਬੱਸ ਚੜ੍ਹ ਗਿਆ। ਜਾਣ ਸਾਰ ਉਸ ਨੇ ਉਹ ਸ਼ੀਸ਼ੀਆਂ ਵੇਚਣ ਵਾਲ਼ਾ ਬਾਈ ਲੱਭ ਲਿਆ ਅਤੇ ਉਸ 'ਤੇ ਧੌੜੀ ਦੀ ਜੁੱਤੀ 'ਫ਼ੇਰਨੀ' ਸ਼ੁਰੂ ਕਰ ਦਿੱਤੀ।

ਬੱਸ ਵਿੱਚ ਹੀ ਇੱਕ ਕਬਜੀ ਦੀ ਦੁਆਈ ਵੇਚਣ ਵਾਲ਼ੇ ਦੇ ਛਿਤਰੌਲਾ ਹੁੰਦਾ ਦੇਖਿਆ। ਉਹ ਵੀ ਬੱਸ ਵਿੱਚ ਨਿੱਤ ਇੱਕੋ ਰਾਗ ਅਲਾਪਦਾ ਫ਼ਿਰਦਾ ਹੁੰਦਾ, 'ਇਹ ਮੇਰੀ ਦੁਆਈ ਕਬਜੀ ਦਾ ਕਾਲ਼, ਇੱਕ ਵਾਰ ਅਜ਼ਮਾ ਕੇ ਦੇਖੋ, ਜੰਗਲ-ਪਾਣੀ ਇਉਂ ਆਊ, ਜਿਵੇਂ ਬੋਹੜ ਤੋਂ ਬਿੱਲਾ ਡਿੱਗਦਾ ਹੁੰਦੈ, ਜ਼ਿੰਦਗੀ ਵਿੱਚ ਭੁੱਲ ਜਾਓਗੇ ਕਿ ਕਬਜੀ ਵੀ ਕੋਈ ਚੀਜ਼ ਹੁੰਦੀ ਐ...!' ਉਸ ਦੀਆਂ ਦਲੀਲਾਂ ਤੋਂ 'ਕਾਇਲ' ਹੋ ਕੇ ਤਰੀਕ 'ਤੇ ਗਏ ਸੱਘੇ ਅਮਲੀ ਨੇ ਉਸ ਦੀ ਦੁਆਈ ਖਰੀਦ ਲਈ ਅਤੇ ਰਾਤ ਨੂੰ ਪੈਣ ਵੇਲ਼ੇ ਰੋਟੀ ਖਾਣ ਤੋਂ ਬਾਅਦ ਲੈ ਲਈ, ਪਰ ਕੋਈ ਫ਼ਰਕ ਨਾ ਪਿਆ। ਬੰਦਾ ਆਸ ਆਸਰੇ ਹੀ ਤਾਂ ਜਿਉਂਦਾ ਹੈ। ਅਮਲੀ ਨੇ ਵੀ ਆਸ ਦਾ ਪੱਲਾ ਨਾ ਛੱਡਿਆ ਅਤੇ ਦੋ-ਤਿੰਨ ਦਿਨ ਕਬਜੀ ਦੀ ਦੁਆਈ ਲੈਂਦਾ ਰਿਹਾ, ਪਰ ਅਮਲੀ ਦੇ ਅੰਦਰਲਾ ਪਲੱਸਤਰ ਨਾ ਟੁੱਟਿਆ। ਚੌਥੇ ਦਿਨ ਅੱਕਿਆ ਅਮਲੀ ਸ਼ਹਿਰ ਨੂੰ ਬੱਸ ਚੜ੍ਹ ਗਿਆ ਅਤੇ ਕਬਜੀ ਦੀ ਦੁਆਈ ਵੇਚਣ ਵਾਲ਼ੇ ਦੇ ਕਬਜੇ ਢਿੱਲੇ ਕਰ ਮਾਰੇ, 'ਮੈਂ ਤਿੰਨ ਦਿਨ ਹੋਗੇ ਤਿੰਘੀ ਜਾਨੈਂ, ਸਾਲ਼ਾ ਬੋਹੜ ਤੋਂ ਬਿੱਲਾ ਡਿੱਗਣ ਦਾ, ਇਹਦੇ ਨਾਲ ਤਾਂ ਸਾਲਿਆ ਬਲੂੰਗੜੀ ਵੀ ਨੀ ਡਿੱਗੀ..!' ਦੁਆਈਆਂ ਵਾਲੇ ਦੇ ਹੂਰੇ ਜੜਦਾ ਅਮਲੀ ਕੋਰੜੇ ਛੰਦ ਸੁਣਾਈ ਜਾ ਰਿਹਾ ਸੀ।

ਇੱਕ ਸੱਭਿਆਚਾਰਕ ਮੇਲੇ ਵਿੱਚ ਇੱਕ ਗਾਇਕ ਲੋਕਾਂ ਨੂੰ ਅਤੇ ਗਾਇਕਾਂ ਨੂੰ 'ਉਪਦੇਸ਼' ਜਿਹਾ ਦੇਈ ਜਾ ਰਿਹਾ ਸੀ, 'ਮੇਰੀ ਗਾਇਕ ਵੀਰਾਂ ਨੂੰ ਬੇਨਤੀ ਹੈ ਕਿ ਪ੍ਰਸਿੱਧੀ ਲਈ ਲੱਚਰ ਗੀਤਾਂ ਦਾ ਸਹਾਰਾ ਨਾ ਲੈਣ..! ਜਿੱਥੋਂ ਤੱਕ ਹੋ ਸਕੇ, ਗੀਤ ਧੀਆਂ ਭੈਣਾਂ ਵਿੱਚ ਸੁਣਨ ਵਾਲੇ ਹੀ ਗਾਏ ਜਾਣ..! ਮੇਰੀ ਗੀਤਕਾਰ ਭਰਾਵਾਂ ਨੂੰ ਵੀ ਗੁਜ਼ਾਰਿਸ਼ ਹੈ ਕਿ ਉਹ ਅਸ਼ਲੀਲ ਗੀਤ ਨਾ ਸਿਰਜਿਆ ਕਰਨ..! ਸੱਭਿਆਚਾਰਕ ਗੀਤ ਹੀ ਲਿਖਿਆ ਕਰਨ ਤਾਂ ਕਿ ਅਸੀਂ ਆਪਣਾ ਵਿਰਸਾ ਬਚਾ ਸਕੀਏ..!' ਤੇ ਜਦ ਉਸੇ ਗਾਇਕ ਨੇ, 'ਨਾਲੋਂ ਜਾ ਕੇ ਨਾਇਣ ਚੱਕ ਲਈ-ਮੈਂ ਤਾਂ ਸੋਚਿਆ ਪਟੋਲ੍ਹਾ ਹੱਥ ਆ ਗਿਆ..!' ਸ਼ੁਰੂ ਕੀਤਾ ਤਾਂ ਉਥੇ ਉਸ ਦੇ ਸਿਰ ਵਿੱਚ ਕਿੰਨੇ ਅਤੇ ਕਿੰਨੀ ਤਰ੍ਹਾਂ ਦੇ ਛਿੱਤਰ ਵਰ੍ਹੇ..? ਦੱਸਣਾ ਮੁਸ਼ਕਿਲ ਹੈ..! ਇਹ ਤਾਂ ਸ਼ਾਇਦ ਕੋਈ ਡਾਕਟਰੀ ਰਿਪੋਰਟ ਹੀ ਦੱਸ ਸਕੇਗੀ!

ਸਾਡੇ ਪਿੰਡ ਵਿੱਚ ਇੱਕ ਤਾਈ ਹਰਨਾਮੀ ਹੁੰਦੀ ਸੀ। ਉਮਰ ਉਸ ਦੀ ਅੱਸੀਆਂ ਦੇ ਨੇੜ ਅਤੇ ਸੋਟੀ ਆਸਰੇ ਹੀ ਤੁਰਦੀ ਸੀ! ਆਦਤ ਉਸ ਦੀ ਵੀ ਬਹੁਤ ਭੈੜ੍ਹੀ ਸੀ। ਜਦ ਕਿਸੇ ਪਿੰਡ ਦੀ ਨੂੰਹ ਨੇ ਖੇਤ ਰੋਟੀ ਲਈ ਜਾਂਦੀ ਨੇ ਉਸ ਨੂੰ, 'ਬੇਬੇ ਜੀ ਮੱਥਾ ਟੇਕਦੀ ਆਂ' ਆਖ ਜਾਣਾ ਤਾਂ ਤਾਈ ਹਰਨਾਮੀ ਨੇ ਸੋਟੀ ਆਸਰੇ ਉਥੇ ਹੀ ਖੜ੍ਹ ਕੇ ਅਸੀਸਾਂ ਦੇਣ ਲੱਗ ਜਾਣਾ, 'ਵੀਰ ਜਿਉਣ, ਮਹਾਰਾਜ ਬੱਚਾ ਦੇਵੇ, ਰੱਬ ਭਾਗ ਲਾਵੇ, ਬੁੱਢ ਸੁਹਾਗਣ ਰਹੇਂ..!' ਮੱਥਾ ਟੇਕਣ ਵਾਲੀ ਨੇ ਰੋਟੀ ਲੈ ਕੇ ਖੇਤ ਪਹੁੰਚ ਜਾਣਾ, ਪਰ ਤਾਈ ਨੇ ਉਥੇ ਖੜ੍ਹੀ ਨੇ ਹੀ ਅਸੀਸਾਂ ਦੇਈ ਜਾਣੀਆਂ! ਤੇ ਜੇ ਕਿਸੇ ਨੇ ਬੇਧਿਆਨੀ ਜਾਂ ਤੇਜੀ ਵਿੱਚ ਤਾਈ ਹਰਨਾਮੀ ਨੂੰ ਮੱਥਾ ਟੇਕਣੋਂ ਭੁੱਲ ਜਾਣਾ ਤਾਂ ਉਦੋਂ ਤਾਂ ਤਾਈ ਨੇ ਕੁਝ ਨਾ ਬੋਲਣਾ। ਪਰ ਜਦ ਅਗਲੀ ਨੇ ਕਿੱਲਾ ਦੋ ਕਿੱਲੇ ਵਾਟ ਅੱਗੇ ਲੰਘ ਜਾਣਾ ਤਾਂ ਤਾਈ ਨੇ ਆਪਣਾ 'ਸੋਲ੍ਹਾ ਛਿੱਤਰ' ਲਾਹ ਕੇ ਅਗਲੀ ਦੇ ਪੈਰ ਦੀ ਪੈੜ ਕੁੱਟਣ ਲੱਗ ਜਾਣੀ, 'ਇਹ ਤਾਂ ਕਿਸੇ ਗਏ ਘਰ ਦੀ ਐ..! ਇਹਨੂੰ ਅਕਲ ਨ੍ਹੀ ਭਾਈ..!' ਤੇ ਜੇ ਕਿਸੇ ਨੇ ਉਸ ਨੂੰ ਜੁੱਤੀ ਨਾਲ਼ ਪੈੜ ਕੁੱਟਣ ਦਾ ਕਾਰਨ ਪੁੱਛਣਾ ਤਾਂ ਉਸ ਨੇ ਛਿੱਤਰ ਦੀ ਸੱਟ ਹੋਰ ਕਰੜੀ ਕਰ ਦੇਣੀਂ ਅਤੇ ਨਾਲ਼ੇ ਪੈੜ 'ਤੇ ਥੁੱਕਣਾ, 'ਕਿਸੇ ਮਾੜੇ ਪੈੜੇ ਆਲੀ ਦੀ ਪੈੜ ਕੁੱਟਦੀ ਆਂ, ਭਾਈ..! ਐਹੋ ਜੀ ਦਾ ਤਾਂ ਪਿੰਡ 'ਤੇ ਪਰਛਾਂਵਾਂ ਪਿਆ ਵੀ ਮਾੜੈ..!' ਉਸ ਨੇ ਮੱਥਾ ਨਾ ਟੇਕਣ ਦਾ ਗੁੱਸਾ ਅਗਲੀ ਦੀ ਪੈੜ ਕੁੱਟ ਕੇ ਕੱਢਣਾ! ਕਦੇ-ਕਦੇ ਉਸ ਨੇ ਬਿਨਾ ਗੱਲੋਂ ਵੀਹੀ ਵਿੱਚ ਖੜ੍ਹ ਕੇ ਆਪਣਾ ਗੁੱਸਾ ਕੱਢਣ ਲੱਗ ਪੈਣਾਂ, 'ਪੰਜ ਦਿਨ ਹੋ ਗਏ, ਆਹ ਟੁੱਟੜਾ ਮਿਸਤਰੀ ਮੇਰੀ ਪੀੜ੍ਹੀ ਨ੍ਹੀ ਠੋਕ ਕੇ ਦਿੰਦਾ..! ਮੈਂ ਇੱਕ ਅੱਧਾ ਦਿਨ ਹੋਰ ਦੇਖਣੈਂ, ਰੁੜ੍ਹ ਜਾਣੇ ਦੇ ਘਰੇ ਸਿਆਪਾ ਕਰ ਕੇ ਆਊਂ..!' ਤੇ ਨਾਲ਼ ਦੀ ਨਾਲ਼ ਉਸ ਨੇ ਅੰਦਰੋਂ ਛੱਜ ਲਿਆ ਕੇ ਉਸ 'ਤੇ ਆਪਣਾ ਛਿੱਤਰ ਖੜਕਾਉਣਾ ਸ਼ੁਰੂ ਕਰ ਦੇਣਾ!

ਇੱਕ ਗੱਲ ਹੋਰ ਦੱਸਦਾ ਜਾਂਵਾਂ ਕਿ ਛਿੱਤਰ ਸਿਰਫ਼ ਕੁੱਟਣ ਵਾਸਤੇ ਹੀ ਨਹੀਂ ਹੁੰਦਾ! ਛਿੱਤਰ ਕਦੇ-ਕਦੇ ਦੁਆਈ ਵਾਂਗ ਲਾਹੇਵੰਦ ਵੀ ਸਾਬਤ ਹੁੰਦਾ ਹੈ! ਆਮ ਲੋਕਾਂ ਦਾ ਕਥਨ ਹੈ ਕਿ ਜੇ ਕਿਸੇ ਨੂੰ ਮਿਰਗੀ ਪੈ ਜਾਵੇ, ਤਾਂ ਉਸ ਰੋਗੀ ਨੂੰ ਛਿੱਤਰ ਸੁੰਘਾਓ! ਠੀਕ ਹੋ ਜਾਵੇਗਾ! ਜੁੱਤੀ ਉਤਨੀ ਬਦਨਾਮ ਨਹੀਂ, ਜਿੰਨੀ ਲੋਕਾਂ ਨੇ ਬਦਨਾਮ ਕਰ ਮਾਰੀ ਹੈ! ਜਦ ਅਸੀਂ ਗੁਰੂ ਘਰ ਜਾਂਦੇ ਹਾਂ ਤਾਂ ਜੋੜਿਆਂ ਦੀ ਸੇਵਾ ਨੂੰ ਉੱਤਮ ਸਮਝ ਕੇ ਕਰਦੇ ਹਾਂ! ਜੋੜਿਆਂ ਦੀ ਸੇਵਾ ਕਰਨ ਨਾਲ਼ ਮਨ ਦੀ ਮੈਲ਼ ਅਤੇ ਪਾਪ ਧੋਤੇ ਜਾਂਦੇ ਹਨ। ਇਕ ਵਾਰੀ ਧੰਨੇ ਅਮਲੀ ਨੂੰ ਕੋਈ ਜੋਗੀ 'ਮਣਕਾ' ਦੇ ਗਿਆ। ਅਖੇ ਜੇ ਕਿਸੇ ਦੇ ਸੱਪ ਲੜ ਜਾਵੇ ਤਾਂ ਇਹ ਮਣਕਾ ਉਪਰ ਲਾ ਦੇਵੀਂ। ਇਹ ਮਣਕਾ ਸਾਰੀ ਜ਼ਹਿਰ ਚੂਸ ਲਊਗਾ। ਅਮਲੀ ਸੀ ਕਮਲ਼ਾ! ਉਸ ਨੇ ਖੇਤਾਂ ਦੀਆਂ ਉੱਜੜੀਆਂ ਖੱਡਾਂ ਵਿੱਚ ਹੱਥ ਮਾਰਨੇ ਸ਼ੁਰੂ ਕਰ ਦਿੱਤੇ ਕਿ ਕਦੋਂ ਮੇਰੇ ਸੱਪ ਲੜੇ, ਤੇ ਕਦੋਂ ਮੈਂ ਮਣਕਾ ਅਜ਼ਮਾਵਾਂ..! ਸਾਡੇ ਗੁਆਂਢੀ ਤਾਏ ਨੇ ਹੱਸਦਿਆਂ ਕਿਹਾ, 'ਦੇਖੋ ਉਏ ਮੁੰਡਿਓ..! ਇਹਦੀਆਂ ਲੱਕੜਾਂ ਦਾ ਪ੍ਰਬੰਧ ਕਰੋ ਉਏ..! ਔਹ ਧੰਨੇ ਨੂੰ ਮਣਕੇ ਦਾ ਕੀ ਕਮਲ ਚੜ੍ਹਿਐ..! ਦਿਨ ਰਾਤ ਸੱਪਾਂ ਦੀਆਂ ਖੱਡਾਂ 'ਚ ਹੱਥ ਪਾ-ਪਾ ਕੇ ਸੱਪ ਟੋਂਹਦੈ ਫ਼ਿਰਦੈ..! ਇਹ ਕਿਸੇ ਦਿਨ ਸੱਪ ਫੜਦਾ-ਫੜਦਾ ਕਿਤੇ ਬੰਦੇ ਨਾ ਫੜਨ ਲੱਗ ਪਵੇ? ਕਿਸੇ ਦਿਨ ਸੱਪ ਆਉਣੈਂ ਨਿਕਲ, ਤੇ ਉਹਨੇ ਮਾਰਨੈਂ ਇਹਦੇ ਡੰਗ, ਮਣਕੇ ਨੇ ਕੁਛ ਕਰਨਾ ਨ੍ਹੀ, ਤੇ ਇਹਨੇ ਮਰ ਜਾਣੈਂ..! ਲੱਕੜਾਂ ਆਪਾਂ ਨੂੰ ਈ ਲਾਉਣੀਆਂ ਪੈਣੀਐਂ..!' ਇੱਕ ਦਿਨ ਕਿਸੇ ਖੱਡ 'ਚੋਂ ਕੋਈ ਚੂਹੇ ਖਾਣਾ ਸੱਪ ਨਿਕਲ਼ ਆਇਆ ਤੇ ਧੰਨੇ ਦੇ ਦੰਦੀ ਜਿਹੀ ਵੱਢ ਗਿਆ। ਸੱਪ ਦੀਆਂ ਕਈ ਨਸਲਾਂ ਐਹੋ ਜਿਹੀਆਂ ਹੁੰਦੀਆਂ ਨੇ, ਜਿੰਨ੍ਹਾਂ ਦੇ ਡੰਗ ਵਿਚ ਜ਼ਹਿਰ ਹੀ ਨਹੀਂ ਹੁੰਦਾ। ਸੱਪ ਦੇ ਡੰਗਣ ਨਾਲ ਧੰਨੇ ਨੂੰ ਬਹੁਤਾ ਕੁਛ ਤਾਂ ਨਾ ਹੋਇਆ ਅਤੇ ਨਾ ਹੀ ਉਸ ਦੇ ਮਣਕੇ ਨੇ ਕੋਈ ਕੰਮ ਕੀਤਾ! ਪਿੰਡ ਵਾਲ਼ੇ ਕਿਤੋਂ ਕਿਸੇ ਜੋਗੀ ਨੂੰ ਲੱਭ ਲਿਆਏ। ਉਸ ਨੇ ਸਲਾਹ ਦਿੱਤੀ ਕਿ ਚੂਹੇ ਖਾਣੇ ਸੱਪ ਦੇ ਡੰਗਣ ਨਾਲ਼ ਬੰਦਾ ਮਰਦਾ ਨਹੀਂ। ਬੱਸ 'ਘਾਊਂ-ਮਾਊਂ" ਜਿਹਾ ਹੋ ਜਾਂਦੈ ਤੇ ਡੰਗ ਵਾਲ਼ੀ ਜਗਾਹ 'ਤੇ ਸੋਜ਼ ਜਿਹੀ ਹੋ ਜਾਂਦੀ ਐ!

-'ਇਹਦਾ 'ਲਾਜ ਵੀ ਦੱਸ ਦਿਓ ਜੋਗੀ ਜੀ..! ਇਹਦੀ ਸੋਜ ਦਾ ਕੀ ਕਰੀਏ..?' ਕਿਸੇ ਰਹਿਮ ਦਿਲ ਨੇ ਪੁੱਛਿਆ।

-'ਇਹਦੇ ਸੋਜ਼ ਵਾਲ਼ੀ ਥਾਂ 'ਤੇ ਨਿੰਮ੍ਹ ਦਾ ਪਾਣੀ ਲਾ ਕੇ ਸੁੱਕਿਆ ਛਿੱਤਰ ਰਗੜੋ, ਲੋਟ ਹੋਜੂ..!' ਆਖ ਕੇ ਜੋਗੀ ਚਲਾ ਗਿਆ।

ਸੋ ਮਿੱਤਰੋ! ਛਿੱਤਰ ਇਕੱਲਾ ਦੁੱਖ ਦੇਣ ਵਾਲ਼ਾ ਹੀ ਨਹੀਂ, ਦੁਆਈ ਦਾ ਕੰਮ ਵੀ ਕਰਦਾ ਹੈ! ਇਹ ਤਾਂ ਵਰਤਣ ਦਾ ਢੰਗ ਆਉਣਾ ਚਾਹੀਦਾ ਹੈ! ਬਹੁਤੀਆਂ ਗੱਲਾਂ ਦੱਸਣ ਵਾਲੀਆਂ ਨਹੀਂ ਹੁੰਦੀਆਂ! ਇਸੇ ਲਈ ਹੀ ਤਾਂ ਮੈਂ ਆਖਦਾ ਹਾਂ ਕਿ ਬੋਲ ਛਿੱਤਰ ਭਲਵਾਨ ਕੀ..! ਅੱਗੇ ਬੋਲਣਾ ਥੋੜਾ ਕੰਮ ਹੈ..!

# "...ਜਨ ਨਾਨਕ ਵਿਰਲੇ ਕੋਈ"

ਜੈਤੇਗ ਸਿੰਘ ਅਨੰਤ

ਮੈਂ ਜੋ ਕੁਝ ਵੀ ਹਾਂ, ਉਸ ਦੀ ਸਫਲਤਾ ਦੇ ਪਿੱਛੇ ਮੇਰੇ ਪਿਤਾ ਸ. ਹਰਿਚਰਨ ਸਿੰਘ ਦੀ ਦਾ ਬੜਾ ਵੱਡਾ ਹੱਥ ਹੈ। ਲੋਕ ਉਨ੍ਹਾਂ ਨੂੰ 'ਭਾਈ ਸਾਹਿਬ' ਆਖ ਕੇ ਸੰਬੋਧਨ ਕਰਦੇ ਸਨ। ਉਹ ਇਕ ਅਦੁੱਤੀ ਪ੍ਰਤਿਭਾ ਦੇ ਮਾਲਕ, ਸਿਦਕ ਸਿਰੜ ਦੀ ਮੂਰਤ, ਨਿਰਮਲ, ਨਿਰਛਲ, ਪੰਥ ਦਰਦੀ, ਪਰਉਪਕਾਰੀ, ਨਿਮਰਤਾ ਦੇ ਪੁੰਜ, ਨਾਮ ਅਭਿਆਸੀ ਤੇ ਗੁਣਾਂ ਦੀ ਤ੍ਰਿਵੈਣੀ ਸਨ। ਉਨ੍ਹਾਂ ਦਾ ਸਮੁੱਚਾ ਜੀਵਨ ਗੁਰੂ ਗ੍ਰੰਥ ਤੇ ਗੁਰੂ ਪੰਥ ਨੂੰ ਸਮਰਪਿਤ ਸੀ। ਉਹ ਗੁਰਮਤਿ ਦੀ ਚਲਦੀ-ਫਿਰਦੀ ਟਕਸਾਲ ਸਨ। ਕੀਰਤਨ ਦੇ ਬੜੇ ਵੱਡੇ ਰਸੀਏ ਸਨ। ਚੰਗੇ ਕੀਰਤਨੀਆਂ, ਢਾਡੀਆਂ ਦੀ ਮਧੁਰ ਆਵਾਜ਼ ਨੂੰ ਰਿਕਾਰਡ ਕਰਨ ਦਾ ਸ਼ੌਕ ਰੱਖਦੇ ਸਨ। ਉਹ ਸਮੁੱਚੀ ਜ਼ਿੰਦਗੀ ਵਿਚ ਸੱਚ ਤੇ ਹੱਕ ਦਾ ਪੱਲਾ ਫੜ ਕੇ ਗਿਆਨ ਦੀਆਂ ਕਣੀਆਂ ਵੰਡਦੇ ਰਹੇ।

ਉਨ੍ਹਾਂ ਵੱਲੋਂ ਸੰਨ 1953 ਵਿਚ ਤਿਆਰ ਅਤੇ ਸੰਪਾਦਿਤ ਕੀਤੀ ਗੁਰਬਾਣੀ ਸੰਗ੍ਰਹਿ ਦੀ ਅਨੁਪਮ ਪੋਥੀ 'ਅੰਮ੍ਰਿਤ ਕੀਰਤਨ' ਅਜਿਹੀ ਪਹਿਲੀ ਪੋਥੀ ਸੀ, ਜਿਸ ਨੂੰ ਜਗਤ ਪ੍ਰਸਿੱਧੀ ਪ੍ਰਾਪਤ ਹੋਈ। ਕੋਈ ਘਰ ਅਜਿਹਾ ਨਹੀਂ, ਜਿਹੜਾ ਇਸ ਪੋਥੀ ਤੋਂ ਵਾਂਝਾ ਰਿਹਾ ਹੋਵੇ। ਇਸ ਪੋਥੀ ਵਿਚ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ੍ਰੀ ਦਸਮ ਗ੍ਰੰਥ, ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਜੀ ਦੀਆਂ ਬਾਣੀਆਂ ਵਿਚੋਂ ਚੋਣਵੀਂ ਬਾਣੀ ਦਾ ਸੰਗ੍ਰਹਿ ਕਰਕੇ ਕੀਰਤਨ ਕਰਨ-ਹਾਰਿਆਂ ਤੇ ਸੁਣਨ-ਹਾਰਿਆਂ ਦੀ ਵੱਡਮੁੱਲੀ ਸੇਵਾ ਕੀਤੀ। 'ਅੰਮ੍ਰਿਤ ਕੀਰਤਨ' ਵਿਚ ਉਨ੍ਹਾਂ ਆਪਣੇ ਨਾਂ ਦੀ ਥਾਂ 'ਕੂਕਰ ਰਾਮ ਕਉ' ਲਿਖਿਆ ਹੈ ਅਤੇ ਹੁਣ ਤੱਕ ਇਸ ਦੇ 20 ਤੋਂ ਵੱਧ ਐਡੀਸ਼ਨ ਪ੍ਰਕਾਸ਼ਿਤ ਹੋ ਚੁਕੇ ਹਨ, ਜਿਸ ਦੀ ਉਨ੍ਹਾਂ ਕਦੇ ਰਾਇਲਟੀ ਵੀ ਨਹੀਂ ਲਈ।

ਮੇਰੇ ਪਿਤਾ ਦਾ ਜਨਮ ਪਹਿਲੀ ਨਵੰਬਰ 1913 ਨੂੰ ਪਿੰਡ ਬੁਟਾਹਰੀ, ਨੇੜੇ ਅਹਿਮਦਗੜ੍ਹ ਮੰਡੀ (ਲੁਧਿਆਣਾ) ਵਿਚ ਹੋਇਆ। ਪ੍ਰਾਇਮਰੀ



ਹਰਿਚਰਨ ਸਿੰਘ

ਸਰਕਾਰੀ ਸਕੂਲ ਫਰੀਦਕੋਟ ਰਿਆਸਤ, ਮਿਡਲ ਖਾਲਸਾ ਹਾਈ ਸਕੂਲ ਮੁਕਤਸਰ, ਮੈਟ੍ਰਿਕ ਬੀ. ਐਨ. ਖਾਲਸਾ ਹਾਈ ਸਕੂਲ ਪਟਿਆਲਾ ਰਿਆਸਤ ਅਤੇ ਬੀ. ਏ. ਸੰਨ 1936 ਵਿਚ ਮਹਿੰਦਰਾ ਕਾਲਜ ਪਟਿਆਲਾ ਰਿਆਸਤ ਤੋਂ ਕੀਤੀ, ਜੋ ਉਸ ਸਮੇਂ ਕਲਕੱਤਾ ਯੂਨੀਵਰਸਿਟੀ ਦੇ ਅਧੀਨ ਸੀ। ਉਹ ਆਪਣੇ ਪਿੰਡ ਦੇ ਪਹਿਲੇ ਬੀ. ਏ. ਪਾਸ ਵਿਦਿਆਰਥੀ ਸਨ। ਸੰਨ 1936 ਵਿਚ ਕੁਝ ਸਮਾਂ ਉਹ ਖਾਲਸਾ ਸਕੂਲ ਮਲੇਰਕੋਟਲਾ ਰਿਆਸਤ ਵਿਚ ਹੈੱਡ ਮਾਸਟਰ ਰਹੇ। ਨਹਿਰ ਮਹਿਕਮਾ ਲਾਹੌਰ (ਪੰਜਾਬ) ਵਿਚ ਸੰਨ 1937 ਤੋਂ ਦੇਸ਼ ਦੀ ਵੰਡ ਤੱਕ ਕੰਮ ਕੀਤਾ। 19 ਅਪਰੈਲ 1943 ਨੂੰ ਉਨ੍ਹਾਂ ਦਾ ਅਨੰਦ ਕਾਰਜ ਕਿਸ਼ਨ ਨਗਰ, ਲਾਹੌਰ ਵਿਖੇ ਹੋਇਆ।

ਦੇਸ਼ ਦੀ ਵੰਡ ਉਪਰੰਤ 1947 ਵਿਚ ਪੰਜਾਬ ਦੀ ਨਵੀਂ ਰਾਜਧਾਨੀ ਸ਼ਿਮਲਾ ਆ ਗਏ। ਸੰਨ 1957 ਉਨ੍ਹਾਂ ਦੇ ਦਫਤਰ ਚੰਡੀਗੜ੍ਹ ਪੁੱਜ ਗਏ। ਫਰਵਰੀ 1957 ਨੂੰ ਆਪ ਦੀ ਨਿਯੁਕਤੀ ਸਿਵਲ ਸਕੱਤਰੇਤ ਵਿਚ ਹੋ ਗਈ। 31 ਅਕਤੂਬਰ 1971 ਨੂੰ ਪਹਿਲੇ ਦਰਜੇ ਦੇ ਗਜ਼ਟਿਡ ਅਫਸਰ ਦੇ ਪਦ ਤੋਂ ਉਹ ਸੇਵਾ ਮੁਕਤ ਹੋਏ। ਉਨ੍ਹਾਂ ਨੂੰ ਸਰਕਾਰੀ ਕਾਰਜ ਵਿਚ ਪੰਜਾਬ ਦੇ ਅਨੇਕਾਂ ਅਫਸਰਾਂ ਨਾਲ ਕੰਮ ਕਰਨ ਦਾ ਸੁਭਾਗ ਪ੍ਰਾਪਤ ਹੋਇਆ, ਜਿਨ੍ਹਾਂ ਵਿਚ ਨਿਰਮਲ ਕੁਮਾਰ ਮੁਕਰਜੀ ਵੀ ਸਨ, ਜੋ ਬਾਅਦ ਵਿਚ ਜੰਮੂ ਕਸ਼ਮੀਰ ਦੇ ਰਾਜਪਾਲ ਨਿਯੁਕਤ ਹੋਏ। ਸੇਵਾ ਮੁਕਤੀ ਪਿਛੋਂ ਬਹੁਤ ਸਮਾਂ ਧਾਰਮਿਕ ਕਾਰਜਾਂ ਵਿਚ ਬਿਤਾਇਆ। ਹੇਮਕੁੰਟ ਮਿਸ਼ਨ ਚੰਡੀਗੜ੍ਹ ਦੇ ਉਹ ਫਾਊਂਡਰ ਜਨਰਲ ਸਕੱਤਰ ਸਨ, ਜਿਨ੍ਹਾਂ ਦਾ ਕਾਰਜ ਨੌਜਵਾਨਾਂ ਨੂੰ ਨਸ਼ਿਆਂ ਤੋਂ ਮੁਕਤ ਕਰਨ, ਗੁਰੂ ਗ੍ਰੰਥ ਤੇ ਗੁਰੂ ਪੰਥ ਨਾਲ ਜੋੜਨਾ ਸੀ। ਕੀਰਤਨ ਉਨ੍ਹਾਂ ਦੇ ਜੀਵਨ ਦਾ ਆਧਾਰ ਸੀ। ਸਾਦਗੀ ਅਤੇ ਇਮਾਨਦਾਰੀ ਉਨ੍ਹਾਂ ਦੇ ਦੈਵੀ ਗੁਣ ਸਨ। ਲੰਮੀ ਉਮਰ ਜਿਉਣ ਦਾ ਰਾਜ ਹਰ ਰੋਜ਼ ਲੰਮੀ ਸੈਰ, ਸਮੇਂ ਸਿਰ ਖਾਣ ਪੀਣ ਦਾ ਨੇਮ ਸੀ।

ਸੰਨ 2004 ਵਿਚ ਉਨ੍ਹਾਂ ਨੇ 91 ਸਾਲ ਦੀ ਬਿਰਧ ਅਵਸਥਾ ਤੇ ਵਿਗੜ ਰਹੀ ਸਿਹਤ ਕਾਰਨ 'ਅੰਮ੍ਰਿਤ ਕੀਰਤਨ' ਪੋਥੀ (ਜਿਸ ਦੇ 25-26 ਐਡੀਸ਼ਨ ਸਿੰਘ ਬ੍ਰਦਰਜ਼ ਅਤੇ ਖਾਲਸਾ ਬ੍ਰਦਰਜ਼ ਅੰਮ੍ਰਿਤਸਰ ਨੇ ਛਾਪੇ ਸਨ) ਛਾਪਣ ਆਦਿ ਦੇ ਸਮੁੱਚੇ ਹੱਕ ਤੇ ਅਧਿਕਾਰ ਭਾਈ ਸਾਹਿਬ ਰਣਧੀਰ ਸਿੰਘ ਟਰੱਸਟ ਲੁਧਿਆਣਾ ਨੂੰ ਸੌਂਪ ਦਿੱਤੇ। 3 ਜੁਲਾਈ 2005 ਨੂੰ ਅਕਾਲ ਪੁਰਖ ਦੇ ਹੁਕਮ ਅਨੁਸਾਰ 92 ਸਾਲ ਦੀ ਉਮਰ ਵਿਚ ਉਹ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਨੂੰ ਕੋਟਿ ਕੋਟਿ ਪ੍ਰਣਾਮ!

## .ਗ਼ਜ਼ਲ

ਕਿਸੇ ਅੱਗੇ ਤੂੰ ਰੱਖੀਂ ਫਿਰ ਮੁਹੱਬਤ ਕਰਨ ਦੀ ਇੱਛਾ।
ਅਗਰ ਹੈ ਦਿਲ 'ਚ ਤੇਰੇ ਸਿਰ ਤਲੀ 'ਤੇ ਧਰਨ ਦੀ ਇੱਛਾ।
ਕਲੰਡਰ ਕੰਧ ਤੇ ਟੰਗੇ ਹਮੇਸ਼ਾ ਪੁੱਛਦੇ ਮੈਨੂੰ,
ਅਜੇ ਕਿੰਨੀ ਕੁ ਬਾਕੀ ਹੈ ਉਡੀਕਾਂ ਕਰਨ ਦੀ ਇੱਛਾ।
ਪਰਿੰਦਾ ਪਿੰਜਰੇ ਵਿਚ ਵੀ ਪਰਾਂ ਨੂੰ ਤੋਲਦਾ ਜਿਹੜਾ,
ਨਹੀਂ ਮੁੱਕੀ ਅਜੇ ਉਸਦੀ ਉਡਾਰੀ ਭਰਨ ਦੀ ਇੱਛਾ।
ਤਖੱਲਸ ਰੱਖ ਕੇ ਬਾਗ਼ੀ ਦੁਚਿੱਤੀ ਵਿਚ ਪਿਆ ਕਾਹਤੋਂ,
ਡਰੀਂ ਨਾ ਕਤਲਗਾਹਾਂ 'ਤੋਂ, ਹੈ ਜੇਕਰ ਮਰਨ ਦੀ ਇੱਛਾ।
ਖੜ੍ਹਾ ਦਰਬਾਰ ਵਿਚ ਬੇਖੌਫ 'ਸਰਮਦ' ਆਖਦਾ ਹਾਕਮ,
ਰਗਾਂ ਵਿਚ ਖੌਲਦੀ ਮੇਰੇ ਸਿਤਮ ਨੂੰ ਜਰਨ ਦੀ ਇੱਛਾ।
ਮੈਂ ਸਾਰੀ ਜ਼ਿੰਦਗੀ ਇਹ ਜ਼ਖਮ ਰੱਖੇ ਸੀ ਲਕੋ ਕੇ, ਪਰ,
ਤੇਰੇ ਮਨ ਵਿਚ ਕਿਉਂ ਜਾਗੀ ਇਨ੍ਹਾਂ ਨੂੰ ਭਰਨ ਦੀ ਇੱਛਾ।
ਗੁਰੂ ਜਦ ਦਕਸ਼ਣਾ ਮੰਗੀ ਕਿਹਾ, ਬੇਬਾਕ ਫਿਰ ਉਸ ਨੇ,
'ਅਜੈ ਤਨਵੀਰ' ਦੀ ਕੋਈ ਨਹੀਂ ਹੈ ਹਰਨ ਦੀ ਇੱਛਾ।

-ਅਜੈ ਤਨਵੀਰ

# ਲਾਹੌਰ ਵਾਲਾ ਅਦਾਕਾਰ ਸ਼ੇਖ ਇਕਬਾਲ

ਸ਼ੇਖ ਇਕਬਾਲ ਉਰਫ ਇਕਬਾਲ ਸ਼ੇਖ ਦੀ ਪੈਦਾਇਸ਼ ਸਿਆਲਕੋਟ ਦੇ ਪੰਜਾਬੀ ਮੁਸਲਿਮ ਪਰਿਵਾਰ ਵਿਚ ਹੋਈ। ਸ਼ੇਖ ਇਕਬਾਲ ਭਾਰਤੀ ਪੰਜਾਬੀ ਫਿਲਮਾਂ ਦੇ ਨਾ ਕੇਵਲ ਸਹਾਇਕ ਅਦਾਕਾਰ ਸਨ ਬਲਕਿ ਵੰਡ ਤੋਂ ਬਾਅਦ ਲਾਹੌਰ, ਪੰਜਾਬ ਵਿਚ ਬਣਨ ਵਾਲੀਆਂ ਫਿਲਮਾਂ ਦੇ ਬਾਕਮਾਲ ਅਦਾਕਾਰ, ਕਹਾਣੀਨਵੀਸ, ਫਿਲਮਸਾਜ਼, ਹਿਦਾਇਤਕਾਰ, ਮੁਕਾਲਮਾਨਿਗਾਰ, ਮੰਜ਼ਰਨਿਗਾਰ ਤੇ ਖਲਨਾਇਕ ਵੀ ਸਨ।

ਸ਼ੇਖ ਇਕਬਾਲ ਬੁਨਿਆਦੀ ਤੌਰ ਉਤੇ ਰੇਡੀਓ ਆਰਟਿਸਟ ਸਨ। ਉਨ੍ਹਾਂ ਨੇ 40ਵਿਆਂ ਦੇ ਦਹਾਕੇ ਵਿਚ ਆਪਣੇ ਫਨੀ ਸਫਰ ਦਾ ਆਗਾਜ਼ ਆਲ ਇੰਡੀਆ ਰੇਡੀਓ, ਲਾਹੌਰ ਤੋਂ ਸ਼ੁਰੂ ਕੀਤਾ। ਉਹ ਰੇਡੀਓ ਦੇ ਦਿਹਾਤੀ ਪ੍ਰੋਗਰਾਮ 'ਜਮਹੂਰ ਦੀ ਆਵਾਜ਼' ਦਾ ਅਹਿਮ ਹਿੱਸਾ ਸਨ ਜਿਸ ਵਿਚ ਉਨ੍ਹਾਂ ਦੇ ਨਾਲ ਨਿਜ਼ਾਮਦੀਨ (ਮਿਰਜ਼ਾ ਸੁਲਤਾਨ ਬੇਗ) ਵੀ ਸਨ। ਉਨ੍ਹਾਂ ਨੇ ਇਸ਼ਫਾਕ ਅਹਿਮਦ ਦੇ ਮਸ਼ਹੂਰ ਰੇਡੀਓ ਡਰਾਮੇ 'ਤਲਕੀਨ ਸ਼ਾਹ' ਵਿਚ ਹਿਦਾਇਤ ਉੱਲਾ ਦਾ ਮਸ਼ਹੂਰ ਕਿਰਦਾਰ ਵੀ ਅਦਾ ਕੀਤਾ ਸੀ। ਇਸ ਪ੍ਰੋਗਰਾਮ ਵਿਚ ਉਨ੍ਹਾਂ ਦੀ ਅਦਾਕਾਰਾ ਪਤਨੀ ਰੇਖਾ ਵੀ ਕੰਮ ਕਰਦੀ ਸੀ। ਇਸ ਦੇ ਨਾਲ-ਨਾਲ ਉਨ੍ਹਾਂ ਨੂੰ ਫਿਲਮਾਂ 'ਚ ਕੰਮ ਕਰਨ ਦਾ ਸ਼ੌਕ ਵੀ ਜਨੂੰਨ ਦੀ ਹੱਦ ਤਕ ਸੀ। ਇਹੀ ਦਿਲਚਸਪੀ ਉਨ੍ਹਾਂ ਨੂੰ ਫਿਲਮੀ ਅਦਾਕਾਰੀ ਵੱਲ ਵੀ ਖਿੱਚ ਲਿਆਈ।

ਜਦੋਂ ਲਾਹੌਰ ਵਿਚ ਫਿਲਮਸਾਜ਼ ਕਿਸ਼ੋਰੀ ਲਾਲ ਸ਼ਾਹ ਨੇ ਫਿਲਮਸਾਜ਼ ਅਦਾਰੇ ਸਿਨੇ ਸਟੂਡੀਓਜ਼ ਦੇ ਬੈਨਰ ਹੇਠ ਜੀ. ਆਰ. ਸੇਠੀ ਦੀ ਹਿਦਾਇਤਕਾਰੀ ਵਿਚ ਪੰਜਾਬੀ ਫਿਲਮ 'ਗਵਾਂਢੀ' (1942) ਸ਼ੁਰੂ ਕੀਤੀ, ਤਾਂ ਜਿੱਥੇ ਉਨ੍ਹਾਂ ਨੇ ਸ਼ਿਆਮ ਤੇ ਵੀਨਾ ਨੂੰ ਨਵੇਂ ਚਿਹਰਿਆਂ ਵਜੋਂ ਤਆਰਿਫ ਕਰਵਾਇਆ, ਉੱਥੇ ਹੋਰਨਾਂ ਨਵੇਂ ਸਹਾਇਕ ਅਦਾਕਾਰਾਂ ਵਿਚ ਸ਼ੇਖ ਇਕਬਾਲ ਨੂੰ ਵੀ ਪੇਸ਼ ਕੀਤਾ। ਕਹਾਣੀ ਨਿਰੰਜਨਪਾਲ, ਮੁਕਾਲਮੇ ਵਲੀ ਸਾਹਿਬ, ਗੀਤ ਸੋਹਨ ਲਾਲ ਸਾਹਿਰ (ਬੀ. ਏ.), ਵਲੀ ਸਾਹਿਬ, ਬੀ. ਸੀ. ਬੇਕਲ 'ਅੰਮ੍ਰਿਤਸਰੀ' ਅਤੇ ਮੌਸੀਕੀ ਪੰਡਤ ਅਮਰਨਾਥ ਨੇ ਮੁਰੱਤਿਬ ਕੀਤੀ। ਇਹ ਫਿਲਮ 8 ਅਪਰੈਲ 1942 ਨੂੰ ਮੁਲਤਾਨ 'ਚ ਨੁਮਾਇਸ਼ ਹੋਈ। ਜਦੋਂ ਆਰ. ਐਲ. ਸ਼ੋਰੀ (ਸੀਨੀਅਰ) ਨੇ ਆਪਣੇ ਫਿਲਮਸਾਜ਼ ਅਦਾਰੇ ਸ਼ੋਰੀ ਪਿਕਚਰਜ਼, ਲਾਹੌਰ ਦੇ ਬੈਨਰ ਹੇਠ ਆਪਣੇ ਫਰਜ਼ੰਦ ਰੂਪ ਕੇ. ਸ਼ੋਰੀ ਦੀ ਹਿਦਾਇਤਕਾਰੀ ਵਿਚ ਪੰਜਾਬੀ ਫਿਲਮ 'ਕੋਇਲ' (1944) ਬਣਾਈ, ਤਾਂ ਇਸ ਵਿਚ ਸ਼ੇਖ ਇਕਬਾਲ ਨੇ ਸਹਾਇਕ ਅਦਾਕਾਰ ਵਜੋਂ 'ਤੋਤਾ ਰਾਮ' ਦਾ ਪਾਰਟ ਅਦਾ ਕੀਤਾ। ਫਿਲਮ ਦੇ ਮਰਕਜ਼ੀ ਰੁਮਾਨੀ ਕਿਰਦਾਰ ਵਿਚ ਮਨੋਰਮਾ ਤੇ ਸਤੀਸ਼ ਛਾਬੜਾ ਮੌਜੂਦ ਸਨ। ਕਹਾਣੀ ਮੁਕਾਲਮੇ ਤੇ ਗੀਤ ਹਜ਼ਰਤ ਅਜ਼ੀਜ਼ ਕਸ਼ਮੀਰੀ ਅਤੇ ਸੰਗੀਤ ਪੰਡਤ ਅਮਰਨਾਥ ਨੇ ਮੁਰੱਤਿਬ ਕੀਤਾ ਸੀ। ਇਹ ਫਿਲਮ 24 ਨਵੰਬਰ 1944 ਨੂੰ ਵਲਿੰਗਟਨ ਟਾਕੀਜ਼, ਲਾਹੌਰ ਵਿਖੇ ਰਿਲੀਜ਼ ਹੋਈ ਤੇ ਸਿਲਵਰ ਜੁਬਲੀ ਫਿਲਮ ਕਰਾਰ ਪਾਈ। ਜਦੋਂ ਗੁਲ ਜ਼ਮਾਨ ਨੇ ਆਪਣੇ ਫਿਲਮਸਾਜ਼ ਅਦਾਰੇ ਜ਼ਮਾਨ ਪ੍ਰੋਡਕਸ਼ਨਜ਼, ਲਾਹੌਰ ਦੇ ਬੈਨਰ ਹੇਠ ਆਪਣੀ ਹਿਦਾਇਤਕਾਰੀ ਵਿਚ ਪੰਜਾਬੀ ਫਿਲਮ 'ਗੁਲ ਬਲੋਚ' (1945) ਸ਼ੁਰੂ ਕੀਤੀ ਤਾਂ ਸ਼ੇਖ ਇਕਬਾਲ ਨੇ ਵੀ ਸਹਾਇਕ ਭੂਮਿਕਾ ਨਿਭਾਈ। ਫਿਲਮਸਾਜ਼ ਮੀਆਂ ਮੁਸ਼ਤਾਕ, ਕਹਾਣੀ ਗੁਲ ਜ਼ਮਾਨ, ਮੁਕਾਲਮੇ ਕੇ. ਸੀ. ਵਰਮਾ, ਗੀਤ ਮੁਹੰਮਦ ਸ਼ਫੀ ਆਸ਼ਿਕ 'ਲਾਹੌਰੀ' ਅਤੇ ਸੰਗੀਤਕਾਰ ਸ਼ਿਆਮ ਸੁੰਦਰ, ਪੰਡਤ ਅਮਰਨਾਥ ਤੇ ਲੱਛੀ ਰਾਮ ਸਨ। ਇਹ ਫਿਲਮ 23 ਅਗਸਤ 1946 ਨੂੰ ਕਰਾਊਨ ਟਾਕੀਜ਼, ਲਾਹੌਰ, 24 ਅਗਸਤ ਨੂੰ ਸੁਦਰਸ਼ਨ ਟਾਕੀਜ਼, ਸਰਗੋਧਾ ਵਿਖੇ ਨੁਮਾਇਸ਼ ਹੋਈ। ਠਾਕੁਰ ਹਿੰਮਤ ਸਿੰਘ ਦੇ ਫਿਲਮਸਾਜ਼ ਅਦਾਰੇ ਲੀਲਾ ਮੰਦਰ ਪ੍ਰੋਡਕਸ਼ਨਜ਼, ਲਾਹੌਰ ਦੇ ਬੈਨਰ ਹੇਠ ਸ਼ਾਂਤੀ ਪ੍ਰਕਾਸ਼ ਬਖਸ਼ੀ ਦੀ ਹਿਦਾਇਤਕਾਰੀ ਵਿਚ ਬਣੀ ਪੰਜਾਬੀ ਫਿਲਮ 'ਕਮਲੀ' (1946) 'ਚ ਸ਼ੇਖ ਇਕਬਾਲ ਦੇ ਮੁਕਾਬਲੇ ਹੀਰੋਇਨ ਦਾ ਪਾਰਟ ਰਾਣੀ ਕਿਰਨ (ਪਹਿਲੀ ਫਿਲਮ) ਨੇ ਅਦਾ ਕੀਤਾ। ਇਹ ਫਿਲਮ 4 ਅਕਤੂਬਰ 1946 ਨੂੰ ਰਿਟਜ਼ ਸਿਨਮਾ, ਲਾਹੌਰ ਤੇ ਚਿੱਤਰਾ ਟਾਕੀਜ਼, ਅੰਮ੍ਰਿਤਸਰ ਵਿਖੇ ਪਰਦਾਪੇਸ਼ ਹੋਈ ਤੇ ਲਾਹੌਰ 'ਚ ਬਣਨ ਵਾਲੀ ਆਖਰੀ ਪੰਜਾਬੀ ਫਿਲਮ ਕਰਾਰ ਪਾਈ।

ਸ਼ਤੀਸ਼ ਬੱਤਰਾ ਦੇ ਫਿਲਮਸਾਜ਼ ਅਦਾਰੇ ਬੱਤਰਾ ਪ੍ਰੋਡਕਸ਼ਨਜ਼, ਲਾਹੌਰ ਦੀ ਮਜਨੂੰ (ਹੈਰੋਲਡ ਲੂਈਸ) ਨਿਰਦੇਸ਼ਿਤ ਹਿੰਦੀ ਫਿਲਮ 'ਪਾਪੀ' (1943) 'ਚ ਵੀ ਸ਼ੇਖ ਇਕਬਾਲ ਨੇ ਸ਼ਹਾਇਕ ਭੂਮਿਕਾ ਨਿਭਾਈ। ਕਹਾਣੀ ਤੇ ਮੰਜ਼ਰਨਾਮਾ ਹੈਰੋਲਡ ਲੂਈਸ, ਮੁਕਾਲਮੇ ਇਹਸਾਨ ਬੀ. ਏ., ਅਖਤਰ ਚੁਗਤਾਈ, ਗੀਤ ਹਜ਼ਰਤ ਅਜ਼ੀਜ਼ ਕਸ਼ਮੀਰੀ ਅਤੇ ਸੰਗੀਤ ਪੰਡਤ ਅਮਰਨਾਥ ਨੇ ਤਿਆਰ ਕੀਤਾ। ਸ਼ੋਰੀ ਪਿਕਚਰਜ਼, ਲਾਹੌਰ ਦੀ ਬਰਕਤ ਮਿਹਰਾ ਨਿਰਦੇਸ਼ਿਤ ਹਿੰਦੀ ਫਿਲਮ 'ਚੰਪਾ' (1945) 'ਚ ਵੀ ਸ਼ੇਖ ਇਕਬਾਲ ਸਹਾਇਕ ਅਦਾਕਾਰ ਸਨ। ਸ਼ੋਰੀ ਪਿਕਚਰਜ਼, ਲਾਹੌਰ ਦੀ ਹੈਰੋਲਡ ਲੂਈਸ (ਮਜਨੂੰ) ਨਿਰਦੇਸ਼ਿਤ ਫਿਲਮ 'ਬਦਨਾਮੀ' (1946) 'ਚ ਵੀ ਸ਼ੇਖ ਇਕਬਾਲ ਸਹਾਇਕ ਫਨਕਾਰ ਦੇ ਤੌਰ 'ਤੇ ਮੌਜੂਦ ਸਨ। ਸ਼ੋਰੀ ਪਿਕਚਰਜ਼, ਲਾਹੌਰ ਦੀ ਹੀ ਮੋਤੀ ਬੀ. ਗਿਡਵਾਨੀ ਨਿਰਦੇਸ਼ਿਤ ਹਿੰਦੀ ਫਿਲਮ 'ਖਾਮੋਸ਼ ਨਿਗਾਹੇਂ' (1946) 'ਚ ਇਕਬਾਲ ਸ਼ੇਖ ਆਪਣੇ ਫਨ ਨਾਲ ਛਾਏ ਹੋਏ ਸਨ। ਜੀਵਨ ਪਿਕਚਰਜ਼, ਲਾਹੌਰ ਦੀ ਦਾਊਦ ਚਾਂਦ ਨਿਰਦੇਸ਼ਿਤ ਫਿਲਮ 'ਆਰਸੀ' (1947) 'ਚ ਇਕਬਾਲ ਸ਼ੇਖ ਸਹਾਇਕ ਕਿਰਦਾਰ ਅਦਾ ਕਰ ਰਹੇ ਸਨ। ਡਾਨ ਫਿਲਮਜ਼, ਲਾਹੌਰ ਦੀ ਐਸ. ਸ਼ਫਕਤ (ਐਮ.ਏ.) ਨਿਰਦੇਸ਼ਿਤ ਹਿੰਦੀ ਫਿਲਮ 'ਡਾਇਰੈਕਟਰ' (1947) 'ਚ ਸ਼ੇਖ ਇਕਬਾਲ ਨੇ ਅਹਿਮ ਭੂਮਿਕਾ ਨਿਭਾਈ। ਗੁਪਤਾ ਆਰਟ ਪ੍ਰੋਡਕਸ਼ਨਜ਼, ਲਾਹੌਰ ਦੀ ਦਾਊਦ ਚਾਂਦ ਨਿਰਦੇਸ਼ਿਤ ਫਿਲਮ 'ਏਕ ਰੋਜ਼' (1947) 'ਚ ਵੀ ਸ਼ੇਖ ਇਕਬਾਲ ਦੀ ਸਹਾਇਕ ਕਿਰਦਾਰਨਿਗਾਰੀ ਨੂੰ ਪਸੰਦ ਕੀਤਾ ਗਿਆ। ਕੁਲਦੀਪ ਪਿਕਚਰਜ਼, ਲਾਹੌਰ ਦੀ ਦਾਊਦ ਚਾਂਦ ਨਿਰਦੇਸ਼ਿਤ ਫਿਲਮ 'ਪਪੀਹਾ ਰੇ' (1948) 'ਚ ਵੀ ਸ਼ੇਖ ਇਕਬਾਲ ਦੀ ਸਹਾਇਕ ਭੂਮਿਕਾ ਪਸੰਦ ਕੀਤੀ ਗਈ। 1947 ਵਿਚ ਮਦਨ ਮੋਹਨ ਮਿਹਰਾ ਉਰਫ ਬਿੱਲੂ ਮਿਹਰਾ ਨੇ ਆਪਣੀ ਹਿਦਾਇਤਕਾਰੀ 'ਚ ਸ਼ੋਰੀ ਸਟੂਡੀਓਜ਼ ਵਿਚ ਮੂਵੀ ਮੇਕਰਜ਼, ਲਾਹੌਰ ਦੇ ਬੈਨਰ ਹੇਠ ਹਿੰਦੀ ਫਿਲਮ 'ਖਾਨਾਬਦੋਸ਼' (1948) ਸ਼ੁਰੂ ਕੀਤੀ। ਫਿਲਮ ਵਿਚ ਸ਼ੇਖ ਇਕਬਾਲ ਨੇ ਖਾਸ ਰੋਲ ਅਦਾ ਕੀਤਾ ਜਦੋਂਕਿ ਮਰਕਜ਼ੀ ਕਿਰਦਾਰ ਵਿਚ ਕਲਾਵਤੀ ਤੇ ਪ੍ਰਾਣ ਮੌਜੂਦ ਸਨ। 1947 ਵਿਚ ਪੰਜਾਬ ਵੰਡ ਦੌਰਾਨ ਫਿਲਮਸਾਜ਼ ਏ. ਐਮ. ਗੁਪਤਾ ਇਸ ਫਿਲਮ ਦੇ ਨੈਗੇਟਿਵ ਲੈ ਕੇ ਬੰਬੇ ਚਲੇ ਗਏ। ਬੰਬੇ 'ਚ ਇਹ ਫਿਲਮ 'ਦੋ ਸੌਦਾਗਰ' ਦੇ ਨਾਮ ਨਾਲ ਮੁਕੰਮਲ ਹੋਈ ਅਤੇ ਦਸੰਬਰ 1948 ਵਿਚ ਬੰਬੇ 'ਚ ਅਤੇ 15 ਅਪਰੈਲ 1952 ਨੂੰ ਭਾਟੀ ਗੇਟ, ਲਾਹੌਰ ਵਿਖੇ ਰਿਲੀਜ਼ ਹੋਈ।



1947 ਵਿਚ ਪੰਜਾਬ ਵੰਡ ਤੋਂ ਬਾਅਦ ਸ਼ੇਖ ਇਕਬਾਲ ਨੇ ਭਾਰਤ ਆਉਣ ਦੀ ਬਜਾਏ ਲਾਹੌਰ (ਪਾਕਿਸਤਾਨ) ਰਹਿਣਾ ਹੀ ਪਸੰਦ ਕੀਤਾ। ਪਾਕਿਸਤਾਨ ਫਿਲਮ ਸਨਅਤ ਵਿਚ ਸ਼ੇਖ ਇਕਬਾਲ ਨੇ 168 ਫਿਲਮਾਂ ਵਿਚ ਆਪਣੀਆਂ ਸਲਾਹੀਅਤਾਂ ਦਾ ਲੋਹਾ ਮਨਵਾਇਆ, ਜਿਨ੍ਹਾਂ ਵਿਚ 114 ਪੰਜਾਬੀ ਅਤੇ ਅਤੇ 53 ਉਰਦੂ ਫਿਲਮਾਂ ਸ਼ਾਮਲ ਹਨ। ਸਟਾਰ ਪਿਕਚਰਜ਼, ਲਾਹੌਰ ਦੀ ਪਹਿਲੀ ਉਰਦੂ ਫਿਲਮ 'ਹਮਾਰੀ ਬਸਤੀ' (1950) ਦੀ ਕਹਾਣੀ ਵੀ ਸ਼ੇਖ ਇਕਬਾਲ ਨੇ ਹੀ ਲਿਖੀ ਸੀ। ਬਤੌਰ ਅਦਾਕਾਰ ਸ਼ੇਖ ਇਕਬਾਲ ਦੀਆਂ ਮਸ਼ਹੂਰ ਫਿਲਮਾਂ ਵਿਚ 'ਦੁੱਲਾ ਭੱਟੀ', 'ਮੋਰਨੀ' (1956), 'ਅੰਜਾਮ' (1957/ ਉਰਦੂ), 'ਗੁਲ ਬਦਨ' (1960/ਉਰਦੂ), 'ਮਲੰਗੀ' (1965), 'ਚੰਨ ਮੱਖਣਾ' (1968), 'ਵਰਿਆਮ', (1969), 'ਦੁਨੀਆ ਮਤਲਬ ਦੀ' (1970), 'ਜ਼ੁਲਮ ਦਾ ਬਦਲਾ', 'ਖਾਨ ਚਾਚਾ' (1972), 'ਅੱਜ ਦਾ ਮਹੀਵਾਲ' (1973), 'ਸਿੱਧਾ ਰਸਤਾ' (1974) ਅਤੇ ਕਈ ਹੋਰ ਫਿਲਮਾਂ ਸ਼ਾਮਲ ਹਨ, ਜਿਨ੍ਹਾਂ ਵਿਚ ਉਨ੍ਹਾਂ ਦੀ ਅਦਾਕਾਰੀ ਨੂੰ ਬਹੁਤ ਪਸੰਦ ਕੀਤਾ ਗਿਆ।

ਸ਼ੇਖ ਇਕਬਾਲ ਨੇ 5 ਫਿਲਮਾਂ ਦੀ ਹਿਦਾਇਤਕਾਰੀ ਕੀਤੀ। ਉਨ੍ਹਾਂ ਦੀ ਹਿਦਾਇਤਕਾਰੀ ਵਿਚ ਰਿਲੀਜ਼ਸ਼ੁਦਾ ਪਹਿਲੀ ਪੰਜਾਬੀ ਫਿਲਮ ਨਿਊ ਇਰਾ ਫਿਲਮਜ਼, ਲਾਹੌਰ ਦੀ 'ਸੁੱਚੇ ਮੋਤੀ' (1959) ਸੀ, ਜਿਸ ਵਿਚ ਉਨ੍ਹਾਂ ਜਲਾਲਪੁਰ ਜੱਟਾਂ ਦੇ ਗੱਭਰੂ ਇਜਾਜ਼ ਦੁਰਾਨੀ (ਸ਼ੌਹਰ ਅਦਾਕਾਰਾ ਨੂਰਜਹਾਂ) ਨੂੰ ਨਵੇਂ ਹੀਰੋ ਵਜੋਂ ਤੁਆਰਿਫ ਕਰਵਾਇਆ। ਇਸ ਤੋਂ ਬਾਅਦ ਉਨ੍ਹਾਂ ਨੇ ਆਪਣੀ ਹਿਦਾਇਤਕਾਰੀ ਵਿਚ ਅਨਵਰ ਫਿਲਮਜ਼, ਲਾਹੌਰ ਦੀ ਉਰਦੂ ਫਿਲਮ 'ਸ਼ਹਿਬਾਜ਼' (1960) ਅਤੇ ਉਸ ਦਾ ਮੰਜ਼ਰਨਾਮਾ ਵੀ ਲਿਖਿਆ, ਪਰ ਇਨ੍ਹਾਂ ਦੀਆਂ ਹਿਦਾਇਤ ਕੀਤੀਆਂ ਇਨ੍ਹਾਂ 5 ਫਿਲਮਾਂ ਵਿਚੋਂ ਕੋਈ ਵੀ ਨੁਮਾਇਆਂ ਕਾਮਯਾਬੀ ਹਾਸਲ ਨਾ ਕਰ ਸਕੀ। ਸ਼ੇਖ ਇਕਬਾਲ ਨੇ ਬਤੌਰ ਕਹਾਣੀਨਵੀਸ ਪੰਜਾਬੀ ਫਿਲਮਾਂ 'ਮਾਹੀ ਮੁੰਡਾ', 'ਚੰਨ ਮਾਹੀ' (1956), 'ਯੱਕੇ ਵਾਲੀ' (1957), 'ਜੀਦਾਰ' (1965), 'ਪੰਜ ਦਰਿਆ' (1968), 'ਨੌਕਰ ਵਹੁਟੀ ਦਾ' (1974) ਅਤੇ 'ਅਨੋਖਾ ਦਾਜ' (1981) ਆਦਿ ਦੀਆਂ ਕਹਾਣੀਆਂ ਲਿਖੀਆਂ। ਇਨ੍ਹਾਂ ਫਿਲਮਾਂ ਨੇ ਰਿਕਾਰਡ ਤੋੜ ਬਿਜ਼ਨਸ ਕੀਤਾ। ਉਹ ਚਰਿੱਤਰ ਅਦਾਕਾਰੀ ਵਿਚ ਆਪਣੀ ਪੁਖਤਾ ਪਛਾਣ ਬਣਾਉਣ ਤੋਂ ਬਾਅਦ ਕੁਝ ਫਿਲਮਾਂ ਵਿਚ ਖਲਨਾਇਕ ਦੇ ਤੌਰ 'ਤੇ ਵੀ ਆਏ। ਬਤੌਰ ਫਿਲਮਸਾਜ਼ ਸ਼ੇਖ ਇਕਬਾਲ ਦੀ ਆਖਰੀ ਪੰਜਾਬੀ ਫਿਲਮ 'ਇਸ਼ਕ ਪੇਚਾ' (1984) ਸੀ ਜੋ ਇਨ੍ਹਾਂ ਦੇ ਪੁੱਤਰ ਅਨਵਰ ਇਕਬਾਲ ਨੇ ਹਿਦਾਇਤ ਕੀਤੀ ਸੀ। ਬਤੌਰ ਚਰਿੱਤਰ ਅਦਾਕਾਰ ਉਨ੍ਹਾਂ ਦੀ ਆਖਰੀ ਪੰਜਾਬੀ ਫਿਲਮ 'ਕੁਦਰਤ ਦਾ ਇੰਤਕਾਮ' (1990) ਸੀ। ਸ਼ੇਖ ਇਕਬਾਲ ਨੇ ਵੰਡ ਤੋਂ ਪਹਿਲਾਂ ਬਣੀਆਂ ਫਿਲਮਾਂ ਭਾਰਤੀ ਹਿੰਦੀ ਫਿਲਮਾਂ ਦੀ ਅਦਾਕਾਰਾ ਰੇਖਾ ਨਾਲ ਮੁਹੱਬਤੀ ਵਿਆਹ ਕੀਤਾ। ਲਾਹੌਰ ਜਾ ਕੇ ਉਸ ਨੇ ਇਸਲਾਮ ਕਬੂਲ ਕਰ ਲਿਆ ਸੀ। ਇਨ੍ਹਾਂ ਦੇ ਪੁੱਤ ਦਾ ਨਾਮ ਅਨਵਰ ਇਕਬਾਲ ਫਿਲਮਸਾਜ਼ ਹੈ।

ਪਾਕਿਸਤਾਨੀ ਫਿਲਮ ਸਨਅਤ ਨੇ ਇਸ ਕਾਬਿਲ ਫਨਕਾਰ ਨੂੰ ਇਸ ਦੇ ਜਿਊਂਦੇ ਜੀ ਹੀ ਭੁਲਾ ਦਿੱਤਾ। 13 ਜੂਨ 1990 ਨੂੰ ਲਾਹੌਰ ਵਿਚ ਸ਼ੇਖ ਇਕਬਾਲ ਫੌਤ ਹੋ ਗਏ। ਦੁੱਖ ਦੀ ਗੱਲ ਇਹ ਹੈ ਕਿ ਉਨ੍ਹਾਂ ਦੀ ਮੌਤ ਦੇ ਬਾਅਦ ਵੀ ਉਨ੍ਹਾਂ ਦੀ ਫਿਲਮੀ ਦੇਣ ਨੂੰ ਯਾਦ ਨਹੀਂ ਰੱਖਿਆ ਗਿਆ, ਪਰ ਸ਼ੇਖ ਇਕਬਾਲ ਦੇ ਫਨ ਦਾ ਚਿਰਾਗ ਹਮੇਸ਼ਾਂ ਜਲਦਾ ਰਹੇਗਾ। ***-ਮਨਦੀਪ ਸਿੰਘ ਸਿੱਧੂ***

# ਆਲੀਆ 'ਡਾਰਲਿੰਗ'

ਅਦਾਕਾਰਾ ਆਲੀਆ ਭੱਟ ਨੇ ਸ਼ਾਹਰੁਖ ਖਾਨ ਦੀ ਹੋਮ ਪ੍ਰੋਡਕਸ਼ਨ ਫਿਲਮ 'ਡਾਰਲਿੰਗ' ਲਈ ਤਿਆਰੀਆਂ ਆਰੰਭ ਦਿੱਤੀਆਂ ਹਨ। ਇਸ ਫਿਲਮ ਵਿਚ ਆਲੀਆ ਭੱਟ ਨਾਲ ਸ਼ੈਫਾਲੀ ਸ਼ਾਹ ਵੀ ਨਜ਼ਰ ਆਵੇਗੀ। ਫਿਲਮ 'ਡਾਰਲਿੰਗ' ਦੀ ਪਿੱਠਭੂਮੀ ਮੁੰਬਈ ਦੀ ਹੈ। ਇਸ ਫਿਲਮ ਵਿੱਚ ਪਿਛਾਂਹਖਿੱਚੂ ਸੋਚ ਵਾਲੇ ਨਿਮਨ ਮੱਧ ਵਰਗ ਵਿੱਚ ਰਹਿੰਦੀਆਂ ਦੋ ਅਜਿਹੀਆਂ ਮਹਿਲਾਵਾਂ ਦੀ ਕਹਾਣੀ ਦੱਸੀ ਗਈ ਹੈ ਜਿਨ੍ਹਾਂ ਨੂੰ ਉਲਟ ਹਾਲਾਤ ਵਿਚ ਪਿਆਰ ਅਤੇ ਹਿੰਮਤ ਮਿਲਦੀ ਹੈ।

28 ਸਾਲਾ ਅਦਾਕਾਰਾ ਆਲੀਆ ਭੱਟ ਨੇ ਟਵਿੱਟਰ ਰਾਹੀਂ ਆਪਣੇ ਪ੍ਰਸ਼ੰਸਕਾਂ ਨਾਲ ਫਿਲਮ ਦੀ ਕਹਾਣੀ ਦੀ ਤਸਵੀਰ ਸਾਂਝੀ ਕੀਤੀ ਹੈ। ਫਿਲਮ ਨਿਰਮਾਣ ਵਿਚ ਭੱਟ ਦੀ ਧਾਕ ਜਮਾਉਣ ਵਾਲੀ ਇਸ ਬਲੈਕ ਕਾਮੇਡੀ ਰਾਹੀਂ ਜਸਮੀਤ. ਕੇ. ਰੀਨ ਵੀ ਨਿਰਦੇਸ਼ਕ ਵਜੋਂ ਆਪਣੇ ਕਰੀਅਰ ਦੀ ਸ਼ੁਰੂਆਤ ਕਰ ਰਹੀ ਹੈ। ਇਸ ਫਿਲਮ ਵਿਚ ਵਿਜੈ ਵਰਮਾ ਤੇ ਰੌਸ਼ਨ ਮੈਥਿਊ ਵੀ ਨਜ਼ਰ ਆਉਣਗੇ। ਜ਼ਿਕਰਯੋਗ ਹੈ ਕਿ ਫਿਲਮ 'ਡਾਰਲਿੰਗ' ਤੋਂ ਇਲਾਵਾ ਆਲੀਆ ਭੱਟ ਅਯਾਨ ਮੁਖਰਜੀ ਦੀ 'ਬ੍ਰਹਮਾਸਤਰਾ', ਸੰਜੈ ਲੀਲਾ ਭੰਸਾਲੀ ਦੀ ਨਿਰਦੇਸ਼ਿਤ 'ਗੰਗੂਬਾਈ ਕਾਠੀਆਵਾੜੀ' ਅਤੇ ਐਸ.ਐਸ. ਰਾਜਾਮੌਲੀ ਦੀ 'ਆਰ.ਆਰ.ਆਰ' ਵਿਚ ਵੀ ਨਜ਼ਰ ਆਵੇਗੀ।



ਆਲੀਆ ਭੱਟ ਜਿਸ ਦੇ ਕਰੀਅਰ ਦਾ ਹੁਣ ਸਿਖਰ ਚੱਲ ਰਿਹਾ ਹੈ, ਦਾ ਕਹਿਣਾ ਹੈ ਕਿ ਕਰੋਨਾ ਵਾਇਰਸ ਨਾਲ ਹੋਏ ਲੌਕਡਾਊਨ ਕਾਰਨ ਫਿਲਮ ਸਨਅਤ ਨੂੰ ਬਹੁਤ ਧੱਕਾ ਲੱਗਿਆ ਹੈ ਪਰ ਹੁਣ ਤਕਰੀਬਨ ਇਕ ਸਾਲ ਬਾਅਦ ਦੁਬਾਰਾ ਕੰਮ ਸ਼ੁਰੂ ਹੋਇਆ ਹੈ। ਆਸ ਹੈ ਕਿ ਆਉਣ ਵਾਲੇ ਦਿਨਾਂ ਦੌਰਾਨ ਲੋਕਾਂ ਦਾ ਹੋਰ ਹੁੰਗਾਰਾ ਮਿਲੇਗਾ। ਉਨ੍ਹਾਂ ਦਰਸ਼ਕਾਂ ਨੂੰ ਸੱਦਾ ਦਿੱਤਾ ਕਿ ਉਹ ਫਿਲਮਾਂ ਨੂੰ ਪਹਿਲਾਂ ਨਾਲੋਂ ਵੀ ਵਧੇਰੇ ਹੁੰਗਾਰਾ ਭਰਨ।

# ਸਮਾਜਿਕ ਮਸਲੇ ਅਤੇ ਆਯੂਸ਼ਮਾਨ

ਅਦਾਕਾਰ ਆਯੂਸ਼ਮਾਨ ਖੁਰਾਨਾ ਦੀ ਚੜ੍ਹਤ ਪਿਛਲੇ ਸਾਲਾਂ ਦੌਰਾਨ ਵਧੀ ਹੈ। ਉਸ ਨੇ ਇੱਕ ਤੋਂ ਪਿੱਛੋਂ ਇੱਕ ਲਗਾਤਾਰ ਹਿੱਟ ਫਿਲਮਾਂ ਦਿੱਤੀਆਂ ਹਨ ਤੇ ਇਸ ਦੌਰਾਨ ਕੌਮੀ ਐਵਾਰਡ ਵੀ ਹਾਸਲ ਕੀਤਾ ਹੈ। ਆਯੂਸ਼ਮਾਨ ਨੇ ਪਰੰਪਰਕ ਤੌਰ 'ਤੇ ਬਾਲੀਵੁੱਡ ਅਦਾਕਾਰਾਂ ਵੱਲੋਂ ਨਿਭਾਏ ਜਾਂਦੇ ਕਿਰਦਾਰਾਂ ਤੋਂ ਵੱਖਰੇ ਰੋਲ ਨਿਭਾਉਂਦੇ ਹੋਏ ਵੀ ਪੂਰਾ ਸੰਤੁਲਨ ਕਾਇਮ ਰੱਖਿਆ ਹੈ।

ਆਯੂਸ਼ਮਾਨ ਨੇ ਆਪਣੀ ਇਸ ਸਫਲਤਾ ਦਾ ਸਿਹਰਾ ਸਮਾਜਿਕ ਮੁੱਦਿਆਂ 'ਤੇ ਬਣੀਆਂ ਆਪਣੀਆਂ ਫਿਲਮਾਂ ਦੇ ਸਿਰ ਬੰਨ੍ਹਿਆ ਹੈ। ਆਯੂਸ਼ਮਾਨ ਦਾ ਕਹਿਣਾ ਹੈ, "ਅੱਜ ਮੇਰਾ ਜੋ ਵੀ ਮੁਕਾਮ ਹੈ, ਉਹ ਇਨ੍ਹਾਂ ਸਮਾਜਿਕ ਮੁੱਦਿਆਂ ਨੂੰ ਚੁੱਕਣ ਵਾਲੀਆਂ ਫਿਲਮਾਂ ਦੀ ਬਦੌਲਤ ਹੀ ਹੈ, ਜਿਨ੍ਹਾਂ ਮੈਨੂੰ ਲੋਕਾਂ ਦੇ ਰੂ-ਬ-ਰੂ ਕਰਵਾਇਆ। ਇਨ੍ਹਾਂ ਫਿਲਮਾਂ ਨੇ ਲੋਕਾਂ ਨੂੰ ਦੱਸਿਆ ਕਿ ਮੈਂ ਕੌਣ ਹਾਂ, ਕੀ ਸੋਚਦਾ ਹਾਂ ਤੇ ਇੱਕ ਕਲਾਕਾਰ ਵਜੋਂ ਮੈਂ ਕੀ ਕਰਨਾ ਚਾਹੁੰਦਾ ਹਾਂ। ਮੈਂ ਖੁਸ਼ਕਿਸਮਤ ਹਾਂ ਕਿ ਮੈਨੂੰ ਉਹ ਫਿਲਮਾਂ ਕਰਨ ਦਾ ਮੌਕਾ ਮਿਲਿਆ ਜੋ ਸਫਲ ਹੋਈਆਂ। ਸਫਲ ਫਿਲਮਾਂ ਹੀ ਤੁਹਾਡਾ ਮੁੱਲ ਵਧਾਉਂਦੀਆਂ ਹਨ। ਮੈਂ ਹਮੇਸ਼ਾ ਇਸ ਗੱਲ ਵਿੱਚ ਵਿਸ਼ਵਾਸ ਰੱਖਿਆ ਹੈ ਕਿ ਮੇਰਾ ਕੰਮ ਮੇਰੀ ਥਾਂ ਬੋਲੇ। ਮੈਂ ਖੁਸ਼ਕਿਸਮਤ ਹਾਂ ਕਿ ਅਜਿਹੇ ਪ੍ਰਾਜੈਕਟਾਂ ਨਾਲ ਜੁੜਿਆ, ਜਿਨ੍ਹਾਂ ਭਾਰਤੀ



ਸਿਨੇਮਾ ਵਿੱਚ ਕਹਾਣੀਆਂ ਦੱਸਣ ਦੇ ਰਵਾਇਤੀ ਢੰਗ ਦੀ ਵਰਤੋਂ ਨਾ ਕਰਦੇ ਹੋਏ ਇੱਕ ਨਿਵੇਕਲੇ, ਜੜ੍ਹਤਾ ਨੂੰ ਤੋੜਨ ਵਾਲੇ ਤੇ ਸੰਵਾਦ ਰਚਾਉਣ ਵਾਲੇ ਕਲਾਕਾਰਾਂ ਦੀ ਪਿਰਤ ਪਾਈ ਹੈ।"

Tel.: 317-426-5410
Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

Pay Single 48 Cent + Team 58 Cent

100% OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com